ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ

# ਗੁਰਮਤਿ ਅਤੇ ਸਾਇੰਸ ਇਸ ਅਜੋਕੇ ਯੁਗ ਵਿਚ



ੴ ੴ ਸਤਿਗੁਰ ਪ੍ਰਸਾਦਿ ੴ

ਅਰਬਦ ਨਰਬਦ ਧੁੰਧੂਕਾਰਾ ॥ ਧਰਣਿ ਨ ਗਗਨਾ ਹੁਕਮੁ ਅਪਾਰਾ ॥ ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ ॥

ਅਕਾਲ ਪੁਰਖੁ ਦੀ ਪਰਿਭਾਸ਼ਾ
ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥ ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥

ਸਿੱਖ ਧਰਮ ਦਾ ਮੁਢਲਾ ਸਿਧਾਂਤ
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥

ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ ॥

ਸੁੰਨ ਕਲਾ ਅਪਰੰਪਰਿ ਧਾਰੀ ॥ ਆਪਿ ਨਿਰਾਲਮੁ ਅਪਰ ਅਪਾਰੀ ॥ ਆਪੇ ਕੁਦਰਤਿ ਕਰਿ ਕਰਿ ਦੇਖੈ ਸੁੰਨਹੁ ਸੁੰਨੁ ਉਪਾਇਦਾ ॥

ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥
ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥

ਸ੍ਰਿਸਟਿ ਉਪਾਇ ਕਾਇਆ ਗੜ ਰਾਜੇ ॥ ਅਗਨਿ ਪਾਣੀ ਜੀਉ ਜੋਤਿ ਤੁਮਾਰੀ ਸੁੰਨੇ ਕਲਾ ਰਹਾਇਦਾ ॥

ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥ ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥

ਆਪਨ ਖੇਲੁ ਆਪਿ ਕਰਿ ਦੇਖੈ ॥ ਖੇਲੁ ਸੰਕੋਚੈ ਤਉ ਨਾਨਕ ਏਕੈ ॥

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ ॥ ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ ॥ ਨਿਰਮਲੁ ਮੈਲਾ ਨਾ ਥੀਐ ਸਬਦਿ ਰਤੇ ਪਤਿ ਹੋਇ ॥

ਕਈ ਕੋਟਿ ਖਾਣੀ ਅਰੁ ਖੰਡ ॥ ਕਈ ਕੋਟਿ ਅਕਾਸ ਬ੍ਰਹਮੰਡ ॥

ਬਿਬੇਕ ਬੁਧਿ ਬੀਚਾਰਿ ਗੁਰਮੁਖਿ ਗੁਰ ਸਬਦਿ ਖਿਨੁ ਖਿਨੁ ਹਰਿ ਨਿਤ ਚਵੇ ॥

ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ॥

ਮੇਰੇ ਰਾਮ ਹਰਿ ਜਨ ਕੈ ਹਉ ਬਲਿ ਜਾਈ ॥ ਕੇਸ ਕਾ ਕਰਿ ਚਵਰੁ ਢੁਲਾਵਾ ਚਰਣ ਧੂੜਿ ਮੁਖਿ ਲਾਈ ॥

ਚੰਦੁ ਸੂਰਜੁ ਦੁਇ ਦੀਪਕ ਰਾਖੇ ਸਸਿ ਘਰਿ ਸੂਰੁ ਸਮਾਇਦਾ

ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ ॥ ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ ॥

ੴ ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥ ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥ ੴ

## ਡਾ: ਸਰਬਜੀਤ ਸਿੰਘ

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ

ਤਤਕਰਾ

ੴ ਸਤਿਗੁਰ ਪ੍ਰਸਾਦਿ

# ਗੁਰਮਤਿ ਅਤੇ ਸਾਇੰਸ ਇਸ ਅਜੋਕੇ ਯੁਗ ਵਿਚ

ਲੇਖਕ

**ਡਾ: ਸਰਬਜੀਤ ਸਿੰਘ**

**ਵਾਸ਼ੀ, ਨਵੀਂ ਮੁੰਬਈ**

# Gurmat and Science in Present Scenario

**Dr. Sarbjit Singh**

**Vashi, Navi Mumbai**

**ਪਹਿਲੀ ਵਾਰ ੨੦ ਅਕਤੂਬਰ ੨੦੧੭**

**First Electronic Edition: 20th October 2017**

ਆਰੰਭ

# ਤਤਕਰਾ

ਲੋੜੀਦਾ ਭਾਗ ਪੜ੍ਹਨ ਲਈ ਉਸ ਉੱਪਰ ਕਲਿਕ ਕਰੋ ਜੀ

Please click on the link to access the required page


| ਭਾਗ | ਵਿਸ਼ਾ | ਪੰਨਾਂ |
|---|---|---|
| | ਧੰਨਵਾਦ | ੪ |
| | ਆਰੰਭਕ ਜਾਣਕਾਰੀ | ੬ |
| | Int01 Int05 Int10 Int15 Int20 Int24 Int26 Int27 | |
| ੧ | ਗੁਰਸਿੱਖ ਲਈ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਦੀ ਖੋਜ਼ ਕਰਨੀ ਜਰੂਰੀ ਹੈ | ੨੬ |
| ੨ | ਅਕਾਲ ਪੁਰਖੁ ਦੀ ਪਰਿਭਾਸ਼ਾ ਤੇ ਉਸ ਦਾ ਹੁਕਮੁ | ੩੧ |
| ੩ | ਗੁਰਬਾਣੀ ਅਨੁਸਾਰ ਕੁਦਰਤ ਦਾ ਕੋਈ ਅੰਤ ਨਹੀਂ | ੩੫ |
| ੪ | ਸ੍ਰਿਸ਼ਟੀ ਕਿਸ ਤਰ੍ਹਾਂ ਪੈਦਾ ਹੋਈ? | ੩੯ |
| ੫ | ਸਰੀਰਕ ਜੀਵਨ ਦਾ ਆਧਾਰ ਪਾਣੀ ਅਤੇ ਹਵਾ ਹਨ ਤੇ ਆਤਮਿਕ ਜੀਵਨ ਦਾ ਆਧਾਰ ਗੁਰੂ ਹੈ | ੪੪ |
| 6 | ਅਕਾਲ ਪੁਰਖੁ ਆਪ ਹੀ ਆਪਣੇ ਆਪ ਨੂੰ ਪੈਦਾ ਕਰਨ ਵਾਲਾ ਹੈ | ੪੯ |
| ੭ | ਅਕਾਲ ਪੁਰਖੁ ਆਪ ਹੀ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਤੇ ਆਪ ਹੀ ਸੰਭਾਲਣ ਵਾਲਾ ਹੈ | ੫੨ |
| ੮ | ਅਕਾਲ ਪੁਰਖੁ ਨੇ ਇਹ ਕੁਦਰਤ ਸੁੰਨ ਤੋਂ ਪੈਦਾ ਕੀਤੀ | ੫੬ |
| ੯ | ਅਕਾਲ ਪੁਰਖੁ ਨੂੰ ਅੱਖਾਂ ਨਾਲ ਨਹੀਂ ਵੇਖਿਆ ਜਾ ਸਕਦਾ ਪਰੰਤੂ ਉਸ ਦੀ ਰਚਨਾ ਵਿਚੋਂ ਅਨੁਭਵ ਕੀਤਾ ਜਾ ਸਕਦਾ ਹੈ | ੬੧ |
| ੧੦ | ਅਕਾਲ ਪੁਰਖੁ ਆਪ ਹੀ ਇਸ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਹੈ ਤੇ ਸਮੇਟਣ ਵਾਲਾ ਹੈ | ੬੫ |
| ੧੧ | ਨਹ ਕਿਛੁ ਜਨਮੈ ਨਹ ਕਿਛੁ ਮਰੈ ॥ ਆਪਨ ਚਲਿਤੁ ਆਪ ਹੀ ਕਰੈ | ੬੮ |
| ੧੨ | ਜੀਵਾਂ ਦੀ ਉਤਪਤੀ ਕਿਸ ਤਰ੍ਹਾਂ ਹੁੰਦੀ ਹੈ ਤੇ ਪਦਾਰਥ ਕਿਵੇ ਬਣਦੇ ਹਨ | ੭੪ |
| ੧੩ | ਮਨੁੱਖ ਕੋਲ ਬੁਧੀ ਹੈ ਪਰ ਆਮ ਜੀਵਾਂ ਕੋਲ ਨਹੀਂ | ੭੮ |
| ੧੪ | ਗੁਰੂ ਗਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਅਨੁਸਾਰ ਬੇਅੰਤ ਖਾਣੀਆਂ ਹਨ | ੮੪ |
| ੧੫ | ਆਮ ਤੌਰ ਤੇ ੮੪ ਲੱਖ ਜੂਨਾਂ ਮੰਨੀਆਂ ਜਾਂਦੀਆਂ ਹਨ, ਪਰੰਤੂ ਗੁਰਬਾਣੀ ਅਨੁਸਾਰ ਬੇਅੰਤ ਜੂਨਾਂ ਹੋ ਸਕਦੀਆਂ ਹਨ | ੮੭ |
| ੧੬ | ਅਕਾਲ ਪੁਰਖੁ ਜੀਵ ਨੂੰ ਬਿਨਾ ਸੁਆਸ ਦੇ ਵੀ ਰੱਖ ਸਕਦਾ ਹੈ | ੯੪ |
| ੧੭ | ਪੌਦੇ ਵੀ ਜੀਵ ਹਨ ਤੇ ਸਭ ਦੇ ਜੀਵਨ ਦਾ ਆਧਾਰ ਪਾਣੀ ਹੈ | ੯੮ |
| ੧੮ | ਅਕਾਲ ਪੁਰਖ ਅਤੇ ਉਸ ਦੀ ਰਚਨਾ ਦਾ ਅੰਤ ਨਹੀਂ ਪਾਇਆ ਜਾ ਸਕਦਾ | ੧੦੩ |
| ੧੯ | ਜੋ ਵੀ ਪੈਦਾ ਹੋਇਆ ਹੈ ਉਸ ਨੇ ਇਕ ਦਿਨ ਮਰਨਾ ਹੈ | ੧੦੬ |
| ੨੦ | ਗੁਰਬਾਣੀ ਸੱਚ ਅਤੇ ਸੱਚੇ ਜੀਵਨ ਦੀ ਜਾਚ ਸਿਖਾਉਂਦੀ ਹੈ, ਪਰੰਤੂ ਸਾਇੰਸ ਸਿਰਫ ਵੇਖ ਸਕਣ ਵਾਲੇ ਸੱਚ ਦੀ ਗੱਲ ਕਰਦੀ ਹੈ | ੧੧੨ |
| ੨੧ | ਸ੍ਰਿਸ਼ਟੀ ਦੀ ਸਾਜਨਾ ਕਿਸ ਨੇ ਕੀਤੀ | ੧੧੮ |

੨੨ ਗੁਰੂ ਸਾਹਿਬਾਂ ਨੇ ਅਕਾਲ ਪੁਰਖ ਨੂੰ ਅੰਦਰ ਖੋਜ਼ਣ ਲਈ ਕਿਹਾ ਹੈ, ਜੋ ਬਾਹਰ ਹੈ, ਉਹੀ ਅੰਦਰ ਹੈ ੧੨੩

੨੩ ਅਕਾਲ ਪੁਰਖ ਦੇ ਨਿਰਗੁਨ ਸਰਗੁਨ ਸਰੂਪ ੧੨੮

੨੪ ਸਿੱਖ ਧਰਮ ਵਿਚ ਕੇਸਾਂ ਦੀ ਮਹੱਤਤਾ ੧੩੩

੨੫ ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ ੧੪੧

੨੬ ਚੰਦਰਮਾ ਸੂਰਜ ਕੋਲੋ ਚਾਨਣ ਲੈਂਦਾ ਹੈ ੧੪੭

ਗੁਰਮਤਿ ਅਤੇ ਸਾਇੰਸ ਦੀ ਤੁਲਨਾ ੧੫੨

ਗੁਰੂ ਗਰੰਥ ਸਾਹਿਬ ਅਨੁਸਾਰ ਹੋਰ ਵਿਸ਼ਿਆਂ ਸਬੰਧੀ ਲੇਖਾਂ ਦੀ ਸੂਚੀ ੧੭੧

# ਧੰਨਵਾਦ

ਆਮ ਲੋਕਾਂ ਦਾ ਇਹ ਵਿਚਾਰ ਹੈ ਕਿ ਧਰਮ ਤੇ ਸਾਇੰਸ ਇਕੱਠੇ ਨਹੀਂ ਚਲਦੇ ਹਨ। ਅਜੇਹੀ ਵਿਚਾਰਧਾਰਾ ਤੋਂ ਪ੍ਰਭਾਵਤ ਹੋ ਕੇ ਕਈਆਂ ਨੇ ਸਿੱਖ ਧਰਮ ਸਬੰਧੀ ਵੀ ਅਜੇਹਾ ਹੀ ਕਹਿਣਾਂ ਸ਼ੁਰੂ ਕਰ ਦਿਤਾ ਹੈ। ਹੋ ਸਕਦਾ ਹੈ ਕਿ ਹੋਰਨਾਂ ਧਰਮਾਂ ਦੇ ਸਾਇੰਸ ਨਾਲ ਮਤਭੇਦ ਹੋਣ, ਪਰੰਤੂ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਦੇ ਆਧਾਰ ਤੇ ਧਿਆਨ ਨਾਲ ਖੋਜਿਆ ਜਾਵੇ ਤਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਸਿੱਖ ਧਰਮ ਤੇ ਸਾਇੰਸ ਦਾ ਪੂਰਨ ਤੌਰ ਤੇ ਤਾਲਮੇਲ ਹੈ। ਬਲਕਿ ਇਥੋਂ ਤਕ ਕਹਿ ਸਕਦੇ ਹਾਂ ਕਿ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ, ਧਰਮ ਦੀ ਸਾਇੰਸ ਦਾ ਇਕ ਪਹਿਲਾ ਆਰੰਭ ਹੈ। ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਅਤੇ ਸਾਇੰਸ ਸਬੰਧੀ ਵੱਧ ਤੋਂ ਵੱਧ ਜਾਣਕਾਰੀ ਨੂੰ ਇਕ ਕਿਤਾਬ ਦੇ ਰੂਪ ਵਿਚ ਇਕੱਠਾ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਇਸ ਕਿਤਾਬ ਵਿਚ ਗੁਰਮਤਿ ਅਤੇ ਸਾਇੰਸ ਸਬੰਧੀ ਇਕੱਤਰ ਕੀਤੀ ਗਈ ਜਾਣਕਾਰੀ ਨੂੰ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਦੇ ਆਧਾਰ ਤੇ ੨੯ ਭਾਗਾਂ ਵਿਚ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਆਰੰਭਕ ਜਾਣਕਾਰੀ ਵਿਚ ਇਨ੍ਹਾਂ ਸਾਰੇ ਭਾਗਾਂ ਦਾ ਸੰਖੇਪ ਵਿਚ ਵਰਨਣ ਕੀਤਾ ਗਿਆ ਹੈ ਤਾਂ ਜੋ ਪਾਠਕਾਂ ਨੂੰ ਸਮਝਣ ਵਿਚ ਆਸਾਨੀ ਹੋ ਸਕੇ।

ਇਸ ਕਿਤਾਬ ਵਿਚ ਅੰਕਿਤ ੨੯ ਭਾਗਾਂ ਦੇ ਸਿਰਲੇਖ ਹਨ:- ਗੁਰਸਿੱਖ ਲਈ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਦੀ ਖੋਜ਼ ਕਰਨੀ ਜਰੂਰੀ ਹੈ; ਅਕਾਲ ਪੁਰਖੁ ਦੀ ਪਰਿਭਾਸ਼ਾ ਤੇ ਉਸ ਦਾ ਹੁਕਮੁ; ਗੁਰਬਾਣੀ ਅਨੁਸਾਰ ਕੁਦਰਤ ਦਾ ਕੋਈ ਅੰਤ ਨਹੀਂ; ਸ੍ਰਿਸ਼ਟੀ ਕਿਸ ਤਰ੍ਹਾਂ ਪੈਦਾ ਹੋਈ?; ਸਰੀਰਕ ਜੀਵਨ ਦਾ ਆਧਾਰ ਪਾਣੀ ਅਤੇ ਹਵਾ ਹਨ ਤੇ ਆਤਮਿਕ ਜੀਵਨ ਦਾ ਆਧਾਰ ਗੁਰੂ ਹੈ; ਅਕਾਲ ਪੁਰਖੁ ਆਪ ਹੀ ਆਪਣੇ ਆਪ ਨੂੰ ਪੈਦਾ ਕਰਨ ਵਾਲਾ ਹੈ; ਅਕਾਲ ਪੁਰਖੁ ਆਪ ਹੀ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਤੇ ਆਪ ਹੀ ਸੰਭਾਲਣ ਵਾਲਾ ਹੈ; ਅਕਾਲ ਪੁਰਖੁ ਨੇ ਇਹ ਕੁਦਰਤ ਸੁੰਨ ਤੋਂ ਪੈਦਾ ਕੀਤੀ; ਅਕਾਲ ਪੁਰਖੁ ਨੂੰ ਅੱਖਾਂ ਨਾਲ ਨਹੀਂ ਵੇਖਿਆ ਜਾ ਸਕਦਾ ਪਰੰਤੂ ਉਸ ਦੀ ਰਚਨਾ ਵਿਚੋਂ ਅਨੁਭਵ ਕੀਤਾ ਜਾ ਸਕਦਾ ਹੈ; ਅਕਾਲ ਪੁਰਖੁ ਆਪ ਹੀ ਇਸ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਹੈ ਤੇ ਸਮੇਟਣ ਵਾਲਾ ਹੈ; ਨਹ ਕਿਛੁ ਜਨਮੈ ਨਹ ਕਿਛੁ ਮਰੈ ॥ ਆਪਨ ਚਲਿਤੁ ਆਪ ਹੀ ਕਰੈ; ਜੀਵਾਂ ਦੀ ਉਤਪਤੀ ਕਿਸ ਤਰ੍ਹਾਂ ਹੁੰਦੀ ਹੈ ਤੇ ਪਦਾਰਥ ਕਿਵੇ ਬਣਦੇ ਹਨ; ਮਨੁੱਖ ਕੋਲ ਬੁਧੀ ਹੈ ਪਰ ਆਮ ਜੀਵਾਂ ਕੋਲ ਨਹੀਂ; ਗੁਰੂ ਗਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਅਨੁਸਾਰ ਬੇਅੰਤ ਖਾਣੀਆਂ ਹਨ; ਆਮ ਤੌਰ ਤੇ ੮੪ ਲੱਖ ਜੂਨਾਂ ਮੰਨੀਆਂ ਜਾਂਦੀਆਂ ਹਨ, ਪਰੰਤੂ ਗੁਰਬਾਣੀ ਅਨੁਸਾਰ ਬੇਅੰਤ ਜੂਨਾਂ ਹੋ ਸਕਦੀਆਂ ਹਨ; ਅਕਾਲ ਪੁਰਖੁ ਜੀਵ ਨੂੰ ਬਿਨਾ ਸੁਆਸ ਦੇ ਵੀ ਰੱਖ ਸਕਦਾ ਹੈ; ਪੌਦੇ ਵੀ ਜੀਵ ਹਨ ਤੇ ਸਭ ਦੇ ਜੀਵਨ ਦਾ ਆਧਾਰ ਪਾਣੀ ਹੈ; ਅਕਾਲ ਪੁਰਖ ਅਤੇ ਉਸ ਦੀ ਰਚਨਾ ਦਾ ਅੰਤ ਨਹੀਂ ਪਾਇਆ ਜਾ ਸਕਦਾ; ਜੋ ਵੀ ਪੈਦਾ ਹੋਇਆ ਹੈ ਉਸ ਨੇ ਇਕ ਦਿਨ ਮਰਨਾ ਹੈ; ਗੁਰਬਾਣੀ ਸੱਚ ਅਤੇ ਸੱਚੇ ਜੀਵਨ ਦੀ ਜਾਚ ਸਿਖਾਉਂਦੀ ਹੈ, ਪਰੰਤੂ ਸਾਇੰਸ ਸਿਰਫ ਵੇਖ ਸਕਣ ਵਾਲੇ ਸੱਚ ਦੀ ਗੱਲ ਕਰਦੀ ਹੈ; ਸ੍ਰਿਸ਼ਟੀ ਦੀ ਸਾਜਨਾ ਕਿਸ ਨੇ ਕੀਤੀ; ਗੁਰੂ ਸਾਹਿਬਾਂ ਨੇ ਅਕਾਲ ਪੁਰਖ ਨੂੰ ਅੰਦਰ ਖੋਜ਼ਣ ਲਈ ਕਿਹਾ ਹੈ, ਜੋ ਬਾਹਰ ਹੈ, ਉਹੀ ਅੰਦਰ ਹੈ; ਅਕਾਲ ਪੁਰਖ ਦੇ ਨਿਰਗੁਨ ਸਰਗੁਨ ਸਰੂਪ; ਸਿੱਖ ਧਰਮ ਵਿਚ ਕੇਸਾਂ ਦੀ ਮਹੱਤਤਾ; ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ; ਚੰਦਰਮਾ ਸੂਰਜ ਕੋਲੋ ਚਾਨਣ ਲੈਂਦਾ ਹੈ।

ਕੋਸ਼ਿਸ਼ ਕੀਤੀ ਗਈ ਹੈ ਕਿ ਹਰੇਕ ਵਿਸ਼ੇ ਸਬੰਧੀ ਪ੍ਰਮਾਣ ਦੇ ਤੌਰ ਤੇ ਵੱਧ ਤੋਂ ਵੱਧ ਸ਼ਬਦ ਸਾਂਝੇ ਕੀਤੇ ਜਾਣ ਤਾਂ ਜੋ ਗੁਰੂ ਗਰੰਥ ਸਾਹਿਬ ਅਨੁਸਾਰ ਉਸ ਵਿਸ਼ੇ ਸਬੰਧੀ ਸਹੀ ਤੇ ਪੂਰਣ ਜਾਣਕਾਰੀ ਹਾਸਲ ਹੋ ਸਕੇ। ਕਈ ਸ਼ਬਦਾਂ ਵਿਚ ਇਕ ਤੋਂ ਵੱਧ ਵਿਸ਼ੇ ਵੀ ਆ ਜਾਂਦੇ ਹਨ। ਉਨ੍ਹਾਂ ਸਬੰਧੀ ਵੀ ਸੰਖੇਪ ਵਿਚ ਜਾਣਕਾਰੀ ਦੇਣ ਦਾ ਉਪਰਾਲਾ ਕੀਤਾ ਗਿਆ ਹੈ। ਅਜੇਹਾ ਕਰਨ ਨਾਲ ਹਰੇਕ ਭਾਗ ਕਾਫੀ ਵੱਡਾ ਵੀ ਹੋ ਗਿਆ ਹੈ। ਜਿਸ ਕਰਕੇ

ਪਾਠਕਾਂ ਨੂੰ ਸਮਝਣ ਵਿਚ ਕੁਝ ਮੁਸ਼ਕਲ ਆ ਸਕਦੀ ਹੈ। ਇਸ ਨੂੰ ਧਿਆਨ ਵਿਚ ਰੱਖਦੇ ਹੋਏ ਹਰੇਕ ਭਾਗ ਦੇ ਅੰਤ ਵਿਚ ਸੰਖੇਪ ਵਿਚ ਉਸ ਵਿਸ਼ੇ ਸਬੰਧੀ ਜਾਣਕਾਰੀ ਦਿਤੀ ਗਈ ਹੈ, ਤਾਂ ਜੋ ਪਾਠਕ ਆਸਾਨੀ ਨਾਲ ਸਮਝ ਸਕਣ।

ਸਭ ਤੋਂ ਪਹਿਲਾਂ ਤਾਂ ਦਾਸ ਉਸ ਅਕਾਲ ਪੁਰਖੁ ਦਾ ਬਹੁਤ ਧੰਨਵਾਦੀ ਹੈ, ਜਿਸ ਨੇ ਗੁਰੂ ਨਾਨਕ ਸਾਹਿਬ ਦੇ ਆਰੰਭ ਕੀਤੇ ਸਿੱਖ ਧਰਮ ਵਿਚ ਮਨੁੱਖਾ ਜਨਮ ਦਿਤਾ ਤੇ ਗੁਰੂ ਗਰੰਥ ਸਾਹਿਬ ਬਾਰੇ ਜਾਣਨ ਤੇ ਸਮਝਣ ਦਾ ਉਦਮ ਤੇ ਬਲ ਬਖਸ਼ਿਆ। ਗੁਰਮਤਿ ਅਤੇ ਸਾਇੰਸ ਦੇ ਵਿਸ਼ੇ ਬਾਰੇ ਗਿਆਨ ਦਾ ਅਸਲੀ ਸੋਮਾਂ ਤਾਂ ਗੁਰੂ ਗਰੰਥ ਸਾਹਿਬ ਹੀ ਹਨ, ਜਿਨ੍ਹਾਂ ਦੁਆਰਾ ਗੁਰਬਾਣੀ ਤੇ ਸਾਇੰਸ ਸਬੰਧੀ ਗਿਆਨ ਹਾਸਲ ਕਰਕੇ ਦਾਸ ਲੇਖਾਂ ਦੇ ਰੂਪ ਵਿਚ ਢਾਲ ਕੇ ਆਪ ਸਭ ਦੇ ਸਾਹਮਣੇ ਪੇਸ਼ ਕਰਨ ਦੇ ਯੋਗ ਹੋ ਸਕਿਆ ਹਾਂ।

ਦਾਸ ਆਪਣੇ ਮਾਤਾ (ਸਰਦਾਰਨੀ ਸਵਰਨ ਕੌਰ ਜੀ) ਤੇ ਪਿਤਾ (ਸਰਦਾਰ ਹਰਜਿੰਦਰ ਸਿੰਘ ਜੀ) ਦਾ ਅਤੀ ਰਿਣੀ ਹੈ, ਜਿਨ੍ਹਾਂ ਨੇ ਪਾਲਿਆਂ ਪੋਸਿਆ ਤੇ ਦੁਨਿਆਵੀ ਅਤੇ ਗੁਰਮਤਿ ਦਾ ਗਿਆਨ ਹਾਸਲ ਕਰਨ ਦੇ ਯੋਗ ਬਣਾਇਆ। ਆਪਣੇ ਪਰਿਵਾਰ ਦੇ ਮੈਂਬਰਾਂ ਧਰਮ ਪਤਨੀ (ਹਰਵਿੰਦਰ ਕੌਰ), ਸਪੁਤਰ (ਪ੍ਰਭਦੀਪ ਸਿੰਘ) ਸਪੁਤਰੀ (ਪਰਨੀਤ ਕੌਰ) ਦਾ ਬਹੁਤ ਧੰਨਵਾਦੀ ਹਾਂ, ਜਿਨ੍ਹਾਂ ਨੇ ਆਪਣਾ ਉਹ ਕੀਮਤੀ ਸਮਾਂ ਭੇਟ ਕੀਤਾ, ਜਿਹੜਾ ਸਮਾਂ ਦਾਸ ਨੇ ਪਰਿਵਾਰ ਦੇ ਮੈਂਬਰਾਂ ਪ੍ਰਤੀ ਜੁਮੇਵਾਰੀ ਲਈ ਵਰਤਣਾ ਸੀ। ਉਹ ਸਮਾਂ ਦਾਸ ਨੂੰ ਗੁਰਬਾਣੀ ਨੂੰ ਪੜ੍ਹਨ ਸਮਝਣ ਤੇ ਵੀਚਾਰਨ ਲਈ ਦਿਤਾ, ਜਿਸ ਸਦਕਾ ਗੁਰਬਾਣੀ ਦੇ ਲੇਖ ਲਿਖਣ ਵਿਚ ਤੇ ਇਹ ਕਿਤਾਬ ਲਿਖਣ ਦੇ ਯੋਗ ਹੋ ਸਕਿਆ।

ਦਾਸ ਸਰਦਾਰ ਹਰਮੋਹਿੰਦਰ ਸਿੰਘ ਜੀ (ਵਾਸ਼ੀ, ਨਵੀਂ ਮੁੰਬਈ) ਦਾ ਵੀ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਮੇਰੇ ਬਹੁਤ ਸਾਰੇ ਲੇਖਾਂ ਨੂੰ ਪੜ੍ਹ ਕੇ ਆਪਣੇ ਕੀਮਤੀ ਸੁਝਾਅ ਦਿਤੇ ਤਾਂ ਜੋ ਉਨ੍ਹਾਂ ਨੂੰ ਸੋਧਿਆ ਜਾ ਸਕੇ।

ਅਕਾਲ ਪੁਰਖੁ ਆਪ ਬੇਅੰਤ ਹੈ ਤੇ ਉਸ ਦੀ ਰਚਨਾ ਵੀ ਬੇਅੰਤ ਹੈ। ***"ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ"***। ਮੇਰੇ ਵਰਗੇ ਆਮ ਮਨੁੱਖ ਦੇ ਲਈ ਉਸ ਅਕਾਲ ਪੁਰਖੁ ਨੂੰ ਸਮਝਣਾ ਬਹੁਤ ਕਠਿਨ ਹੈ। ਗੁਰੂ ਗਰੰਥ ਸਾਹਿਬ ਦੀ ਸਹਾਇਤਾ ਨਾਲ ਗੁਰਮਤਿ ਅਤੇ ਸਾਇੰਸ ਸਬੰਧੀ ਜਾਣਕਾਰੀ ਨੂੰ ਸਮਝਣ ਤੇ ਬਿਆਨ ਕਰਨ ਵਿਚ ਕਾਫੀ ਖਾਮੀਆਂ ਰਹਿ ਗਈਆਂ ਹੋਣਗੀਆਂ। ***"ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥"*** ਆਪ ਸਭ ਅੱਗੇ ਬੇਨਤੀ ਹੈ ਕਿ ਇਸ ਕਿਤਾਬ ਨੂੰ ਪੜ੍ਹ ਕੇ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਦੇ ਆਧਾਰ ਤੇ ਵੀਚਾਰੋ ਤੇ ਆਪਣੇ ਸੁਝਾਵ ਭੇਜੋ ਤਾਂ ਜੋ ਇਸ ਵਿਚ ਲੋੜੀਦੇ ਸੁਧਾਰ ਕੀਤੇ ਜਾ ਸਕਣ।

**"ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ"**

Dr. Sarbjit Singh
RH1 / E-8, Sector-8,
Vashi, Navi Mumbai - 400703.

ਡਾ: ਸਰਬਜੀਤ ਸਿੰਘ
ਆਰ ਐਚ ੧ / ਈ - ੮, ਸੈਕਟਰ - ੮,
ਵਾਸ਼ੀ, ਨਵੀਂ ਮੁੰਬਈ - ੪੦੦੭੦੩.

Email = sarbjitsingh@yahoo.com
Web= http://www.geocities.ws/sarbjitsingh/,
http://www.sikhmarg.com/article-dr-sarbjit.html

# ਆਰੰਭਕ ਜਾਣਕਾਰੀ

ਤਰਤੀਬ ਅਨੁਸਾਰ ਕੁਦਰਤ, ਉਸ ਦੇ ਨਿਯਮ ਅਤੇ ਵਿਧੀਆਂ ਦੇ ਬਾਰੇ ਇਕੱਠੇ ਕੀਤੇ ਗਏ ਗਿਆਨ ਨੂੰ ਸਾਇੰਸ ਕਿਹਾ ਜਾਂਦਾ ਹੈ। ਸਾਇੰਸ ਪਦਾਰਥ ਤੇ ਉਸ ਨਾਲ ਹੋ ਰਹੀਆਂ ਕਿਰਿਆਵਾਂ ਨੂੰ ਸਮਝ ਕੇ ਦੁਨੀਆ ਦੀ ਅਸਲੀਅਤ, ਭਾਵ ਅਕਾਲ ਪੁਰਖ ਨੂੰ ਖੋਜਣ ਦਾ ਯਤਨ ਕਰਦੀ ਹੈ। ਸਾਇੰਸ ਪੰਜ ਇੰਦਰੀਆਂ, ਜਾਨਵਰਾਂ ਤੇ ਜੰਤਰਾਂ ਦੀ ਸਹਾਇਤਾ ਨਾਲ ਪਦਾਰਥ ਦੀ ਖੋਜ ਕਰਦੀ ਹੈ। ਸੀਮਿਤ ਸਾਧਨ ਅਤੇ ਪੰਜ ਇੰਦਰੀਆਂ (ਅੱਖ, ਕੰਨ, ਨੱਕ, ਜਬਾਨ ਅਤੇ ਚਮੜੀ) ਸਦਕਾ, ਸਾਇੰਸ ਸਚਾਈ ਦੀ ਕੁਝ ਹੱਦ ਤਕ ਹੀ ਪਹੁੰਚ ਸਕੀ ਹੈ।

ਸਾਇੰਸ ਦੇ ਸਾਰੇ ਨਿਯਮ ਪਦਾਰਥ ਨਾਲ ਹੋ ਰਹੀਆਂ ਕਿਰਿਆਵਾਂ ਦੇ ਆਧਾਰ ਤੇ ਹੁੰਦੇ ਹਨ। ਮਨ ਦੀਆਂ ਕਿਰਿਆਵਾਂ ਨੂੰ ਪਦਾਰਥੀ ਯੰਤਰਾਂ ਨਾਲ ਮਾਪਿਆ ਨਹੀਂ ਜਾ ਸਕਦਾ। ਇਹੀ ਕਾਰਣ ਹੈ ਕਿ ਸਾਇੰਸ ਦੀਆਂ ਖੋਜਾਂ ਨਾਲ ਤਕਨੀਕੀ ਤਰੱਕੀ ਤਾਂ ਬਹੁਤ ਹੋਈ ਪਰ ਮਾਨਸਿਕ ਵਿਕਾਸ ਨਹੀਂ। ਐਟਮ ਬੰਬ ਦੀ ਕਾਢ ਜਪਾਨ ਦੀ ਬਰਬਾਦੀ ਦਾ ਕਾਰਣ ਬਣੀ, ਅਧੁਨਿਕ ਹਥਿਆਰਾ ਨਾਲ ਤਬਾਹੀ ਮਚਾਈ ਜਾ ਰਹੀ ਹੈ। ਕੰਮਪਿਊਟਰ, ਮੋਬਾਈਅਲ, ਇੰਨਟਰਨੇਟ, ਟੀ.ਵੀ., ਆਦਿ ਦੇ ਫਾਇਦੇ ਵੀ ਬਹੁਤ ਹਨ ਤੇ ਦੁਰਵਰਤੋਂ ਵੀ ਬਹੁਤ ਹੋ ਰਹੀ ਹੈ। ਇਨ੍ਹਾਂ ਦੀ ਵਰਤੋਂ ਮਨੁੱਖਤਾ ਦੇ ਭਲੇ ਲਈ ਵਰਤਣੀ ਹੈ ਕਿ ਬਰਬਾਦੀ ਲਈ, ਇਸ ਦੀ ਸੇਧ ਸਾਇੰਸ ਨਹੀਂ ਦੇ ਸਕਦੀ, ਪਰੰਤੂ ਧਰਮ ਇਸ ਕਾਰਜ ਲਈ ਬਹੁਤ ਸਹਾਈ ਹੋ ਸਕਦਾ ਹੈ।

ਧਰਮ ਅਕਾਲ ਪੁਰਖ ਬਾਰੇ ਨਿਯਮ ਅਤੇ ਅਸੂਲਾਂ ਨੂੰ ਬਿਆਨ ਕਰਕੇ ਜੀਵਨ ਦੀ ਰੌ, ਮਨੁੱਖਤਾ ਅਤੇ ਦੁਨਿਆਵੀ ਜੀਵਨ ਤਕ ਪਹੁੰਚਦਾ ਹੈ। ਧਰਮ ਉਹੀ ਸਫਲ ਹੈ ਜਿਹੜਾ ਅਕਾਲ ਪੁਰਖ ਤੋਂ ਇਕ ਸਫਲ ਮਨੁੱਖਾ ਜੀਵਨ ਤਕ ਪੂਰਨ ਤੌਰ ਤੇ ਲਿਜਾ ਸਕਦਾ ਹੈ। ਸਿੱਖ ਧਰਮ ਸੱਚ ਅਤੇ ਸੱਚਾ ਜੀਵਨ{ਹ੦੨} ਜਿਉਣ ਦੀ ਜਾਚ ਸਿਖਾਂਉਂਦਾ ਹੈ। ਸਾਇੰਸ ਸਿਰਫ ਦਿਸਣ ਵਾਲੇ ਜਾਂ ਵੇਖ ਸਕਣ ਵਾਲੇ ਸੱਚ ਦੀ ਗੱਲ ਕਰਦੀ ਹੈ। ਅਸਲੀ ਸੱਚ ਜਾਨਣ ਲਈ ਸੱਚਾ ਜੀਵਨ ਜਿਉਣਾਂ ਬਹੁਤ ਜਰੂਰੀ ਹੈ।

ਅਕਾਲ ਪੁਰਖ ਦੇ ਨਾਮੁ{ਕ੦੧} ਨੂੰ ਜੀਵਨ ਦਾ ਆਸਰਾ ਬਣਾਣ ਲਈ, ਉਸ ਦੇ ਹੁਕਮੁ{ਹ੨੫}{E05} ਨੂੰ ਸਮਝਣਾ ਤੇ ਉਸ ਅਨੁਸਾਰ ਚਲਣਾਂ ਬਹੁਤ ਜਰੂਰੀ ਹੈ। ਹਰੇਕ ਕਰਮ ਸਦਾ ਥਿਰ ਰਹਿੰਣ ਵਾਲੇ ਅਕਾਲ ਪੁਰਖ ਦੇ ਨਾਮੁ ਤੋਂ ਘਟੀਆ ਹੈ, ਤੇ ਸਭ ਕਰਮਾਂ ਨਾਲੋਂ ਸ੍ਰੇਸ਼ਟ ਕਰਮ, ਗੁਰਬਾਣੀ ਦੁਆਰਾ ਸਮਝਾਇਆ ਗਿਆ ਅਕਾਲ ਪੁਰਖ ਦਾ ਨਾਮੁ ਰੂਪੀ ਕਰਮ ਹੀ ਹੈ। *"ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥"*, ਗੁਰੂ ਦੇ ਸ਼ਬਦ ਦੁਆਰਾ ਅਕਾਲ ਪੁਰਖ ਵਰਗਾ ਸੁਭਾਉ ਬਣਾਉਂਣ ਨਾਲ ਇਹ ਯਕੀਨ ਬਣ ਜਾਂਦਾ ਹੈ, ਕਿ ਅਕਾਲ ਪੁਰਖ ਹਰੇਕ ਸਰੀਰ ਵਿਚ ਵਸ ਰਿਹਾ ਹੈ। ਪਰੰਤੂ ਇਹ ਸਮਝ ਕਿਸੇ ਵਿਰਲੇ ਨੂੰ ਹੀ ਪੈਂਦੀ ਹੈ।

ਜਪੁਜੀ ਸਾਹਿਬ ਦੇ ਆਰੰਭ ਵਿਚ ਹੀ ਸਪੱਸ਼ਟ ਕਰ ਦਿੱਤਾ ਗਿਆ ਹੈ ਕਿ ਅਕਾਲ ਪੁਰਖ ਕੋਈ ਪਦਾਰਥ ਜਾਂ ਜੀਵ ਨਹੀਂ ਹੈ, ਜਿਸ ਨੂੰ ਅਸੀਂ ਆਮ ਅੱਖਾਂ ਨਾਲ ਵੇਖ ਸਕਦੇ ਹਾਂ। ਅਕਾਲ ਪੁਰਖ ਨੂੰ ਆਪਣੇ ਹਿਰਦੇ ਵਿਚ ਵੇਖਣ ਲਈ ਆਪਣੇ ਅੰਦਰ ਉਸ ਵਰਗੇ ਗੁਣ ਪੈਦਾ ਕਰਨੇ ਹਨ, ਉਸ ਵਰਗੇ ਉਚੇ ਬਣਨ ਦਾ ਲਗਾਤਾਰ ਉਪਰਾਲਾ ਕਰਨਾ ਹੈ।

ਅੱਜਕਲ ਸਾਇੰਸ ਵੀ ਬਹੁਤ ਕੋਸ਼ਿਸ਼ ਕਰ ਰਹੀ ਹੈ ਕਿ ਸ੍ਰਿਸ਼ਟੀ ਦੇ ਆਰੰਭ ਬਾਰੇ ਪਤਾ ਲੱਗ ਸਕੇ, ਪਰ ਉਹ ਸਾਰੀ ਖੋਜ਼ ਕੁਝ ਹੱਦ ਤਕ ਹੀ ਸੀਮਿਤ ਹੈ। ਸ੍ਰਿਸ਼ਟੀ ਦਾ ਹੱਦ ਬੰਨਾ ਲੱਭਣਾਂ ਵੀ ਆਸਾਨ ਨਹੀਂ, ਕਿਉਂਕਿ ਉਸ ਨੂੰ ਮਿਣਨ ਲਈ ਅਜੇ ਤਕ ਸਿਰਫ ਰੌਸ਼ਨੀ ਦੀ ਰਫਤਾਰ ਹੀ ਹੈ ਤੇ ਇਹ ਸ੍ਰਿਸ਼ਟੀ ਵੀ ਲਗਾਤਾਰ ਫੈਲ ਰਹੀ ਹੈ। ਅੱਜਕਲ ਹੁਣ ਸਇੰਸ ਦੀਆਂ ਖੋਜਾਂ ਨਾਲ ਵੀ ਸਮਝ ਆ ਰਹੀ ਹੈ, ਕਿ ਕੁਦਰਤ ਦਾ ਅੰਤ ਨਹੀਂ ਪਾਇਆ ਜਾ ਸਕਦਾ। ਜਿਉਂ ਜਿਉਂ ਇਹ ਗੱਲ ਆਖੀ ਜਾਈਏ ਕਿ ਉਹ ਵੱਡਾ ਹੈ, ਤਿਉਂ ਤਿਉਂ ਉਹ ਹੋਰ ਵੱਡਾ, ਹੋਰ ਵੱਡਾ ਪਰਤੀਤ ਹੋਣ ਲੱਗਦਾ ਹੈ। ਅਕਾਲ ਪੁਰਖ ਆਪ ਵੱਡਾ ਹੈ, ਤੇ ਉਸ ਦਾ ਟਿਕਾਣਾ ਵੀ ਉੱਚਾ ਹੈ। ਉਸ ਦਾ ਨਾਮੁ ਵੀ ਬਹੁਤ ਉੱਚਾ ਹੈ। ਜਿਸ ਤਰ੍ਹਾਂ ਕਿਸੇ ਚੀਜ ਨੂੰ ਮਾਪਣ ਲਈ ਉਸ ਤੋਂ ਵੱਡੀ ਸਕੇਲ ਲੈਣੀ ਪੈਦੀ ਹੈ, ਠੀਕ ਉਸੇ ਤਰ੍ਹਾਂ ਉਸ ਉੱਚੇ ਅਕਾਲ ਪੁਰਖ ਨੂੰ ਉਹੀ ਸਮਝ ਸਕਦਾ ਹੈ, ਜਿਹੜਾ ਉਸ ਜਿਨ੍ਹਾਂ ਵੱਡਾ ਹੋਵੇ। ਇਸ ਲਈ ਇਹ ਪਤਾ ਨਹੀਂ ਲਗ ਸਕਦਾ ਹੈ ਕਿ ਉਹ ਕਿਡਾ ਵੱਡਾ ਹੈ। ਅਕਾਲ ਪੁਰਖ ਆਪ ਹੀ ਜਾਣਦਾ ਹੈ, ਕਿ ਉਹ ਆਪ ਕਿਡਾ ਵੱਡਾ ਹੈ। ਜੀਵਨ ਵਿਚ ਮਿਲਣ ਵਾਲੀ ਹਰੇਕ ਦਾਤ, ਅਕਾਲ ਪੁਰਖ ਦੀ ਮਿਹਰ ਦੀ ਨਜ਼ਰ ਤੇ ਉਸ ਦੀ ਬਖ਼ਸ਼ਸ਼ ਨਾਲ ਹੀ ਮਿਲਦੀ ਹੈ, ਇਸ ਲਈ ਉਸ ਅਕਾਲ ਪੁਰਖ ਦਾ ਹਮੇਸ਼ਾਂ ਧੰਨਵਾਦ ਕਰਦੇ ਰਹਿੰਣਾਂ ਚਾਹੀਦਾ ਹੈ।

***ਵਡਾ ਸਾਹਿਬੁ ਊਚਾ ਥਾਉ ॥ ਊਚੇ ਉਪਰਿ ਊਚਾ ਨਾਉ ॥ ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ ॥ ਜੇਵਡੁ ਆਪਿ ਜਾਣੈ ਆਪਿ ਆਪਿ ॥ ਨਾਨਕ ਨਦਰੀ ਕਰਮੀ ਦਾਤਿ ॥੨੪॥ (੫)***

ਅਕਾਲ ਪੁਰਖ ਦੇ ਅੰਦਰ ਸਿਆਣਪ, ਬੁਧੀ, ਤਾਕਤ, ਸਭ ਤੋਂ ਉਤਮ ਹੈ, ਜੋ ਕਿ ਆਮ ਜੀਵਾਂ ਵਿਚ ਨਹੀਂ ਹੈ। ਜਿਤਨੇ ਵੀ ਜੀਵ ਜੰਤੂ ਹਨ, ਇਨ੍ਹਾਂ ਸਭਨਾਂ ਦੇ ਅੰਦਰ ਇਕ ਅਕਾਲ ਪੁਰਖ ਦੀ ਬਖ਼ਸ਼ੀ ਹੋਈ ਸੋਝੀ ਕੰਮ ਕਰ ਰਹੀ ਹੈ, ਅਕਾਲ ਪੁਰਖ ਨੇ ਕੋਈ ਵੀ ਐਸਾ ਜੀਵ ਪੈਦਾ ਨਹੀਂ ਕੀਤਾ, ਜਿਸ ਨੂੰ ਸੋਝੀ ਨਾ ਬਖਸ਼ੀ ਹੋਵੇ। ਜਿਸ ਤਰ੍ਹਾਂ ਦੀ ਸੋਝੀ ਅਕਾਲ ਪੁਰਖ ਜੀਵਾਂ ਨੂੰ ਦੇਂਦਾ ਹੈ, ਉਹੋ ਜਿਹੇ ਜੀਵਨ ਦਾ ਉਹ ਰਸਤਾ ਅਪਨਾ ਲੈਂਦੇ ਹਨ। ਉਸੇ ਮਿਲੀ ਸੋਝੀ ਅਨੁਸਾਰ ਜੀਵ ਜਗਤ ਵਿਚ ਆਉਂਦੇ ਹਨ ਤੇ ਇੱਥੋਂ ਚਲੇ ਜਾਂਦੇ

ਹਨ। ਇਹ ਸਾਰੀ ਸ੍ਰਿਸ਼ਟੀ ਦੀ ਮਰਯਾਦਾ ਚਲਾਉਂਣ ਵਾਲਾ ਅਕਾਲ ਪੁਰਖ ਆਪ ਹੀ ਹੈ। ਪਤਾ ਨਹੀਂ ਮਨੁੱਖ ਆਪਣੀ ਚੰਗੀ ਸੋਝੀ ਜਾਂ ਅਕਲ ਵਿਖਾਣ ਲਈ ਕਿਉਂ ਚਲਾਕੀਆਂ ਕਰਦਾ ਰਹਿੰਦਾ ਹੈਂ? ਜਦੋਂ ਕਿ ਅਕਾਲ ਪੁਰਖ ਆਪ ਹੀ ਜੀਵਾਂ ਨੂੰ ਸੋਝੀ ਦੇਂਦਾ ਹੈ ਤੇ ਆਪ ਹੀ ਵਾਪਿਸ ਵੀ ਲੈ ਲੈਂਦਾ ਹੈ, ਅਤੇ ਇਸ ਦੇਣ ਜਾਂ ਵਾਪਿਸ ਲੈਣ ਵਾਸਤੇ ਰਤਾ ਭਰ ਵੀ ਢਿਲ ਨਹੀਂ ਕਰਦਾ। ਗੁਰੂ ਦੇ ਦੱਸੇ ਰਾਹ ਉੱਤੇ ਤੁਰ ਕੇ ਮਨੁੱਖ ਦੇ ਅੰਦਰ ਉੱਚਾ ਆਚਰਨ ਬਣ ਜਾਂਦਾ ਹੈ। ਅਸਲੀ ਗਿਆਨਵਾਨ ਮਨੁੱਖ ਉਹੀ ਹੈ, ਜੋ ਆਪਣੇ ਅੰਦਰ ਦੀ ਅਸਲੀਅਤ ਨੂੰ ਪਛਾਣਦਾ ਹੈ।

*ਏਕਾ ਸੁਰਤਿ ਜੇਤੇ ਹੈ ਜੀਅ ॥ ਸੁਰਤਿ ਵਿਹੂਣਾ ਕੋਇ ਨ ਕੀਅ ॥ ਜੇਹੀ ਸੁਰਤਿ ਤੇਹਾ ਤਿਨ ਰਾਹੁ ॥ ਲੇਖਾ ਇਕੋ ਆਵਹੁ ਜਾਹੁ ॥੧॥ ਕਾਹੇ ਜੀਅ ਕਰਹਿ ਚਤੁਰਾਈ ॥ ਲੇਵੈ ਦੇਵੈ ਢਿਲ ਨ ਪਾਈ ॥੧॥ ਰਹਾਉ ॥ (੨੪, ੨੫)*

ਮਨੁੱਖ ਦਾ ਸਰੀਰ ਉਸ ਦੇ ਮਨ ਦੇ ਕਹਿੰਣ ਅਨੁਸਾਰ ਚਲਦਾ ਹੈ, ਜੋ ਕੁਝ ਵੀ ਉਸ ਦਾ ਮਨ ਚਾਹੁੰਦਾ ਹੈ, ਮਨੁੱਖ ਦਾ ਸਰੀਰ ਉਸੇ ਰਸਤੇ ਤੇ ਚਲਦਾ ਹੈ। ਇਸੇ ਲਈ ਗੁਰੂ ਸਾਹਿਬ ਮਨ ਨੂੰ ਖਾਸ ਤੌਰ ਤੇ ਸਮਝਾਂਉਂਦੇ ਹਨ, ਕਿ ਹੇ ਮੇਰੇ ਮਨ ! ਤੂੰ ਉਸ ਅਕਾਲ ਪੁਰਖ ਦਾ ਅੰਸ਼ ਹੈਂ, ਜੋ ਨਿਰਾ ਨੂਰ ਹੀ ਨੂਰ ਹੈ, ਇਸ ਲਈ ਆਪਣੇ ਉਸ ਅਸਲੇ ਨੂੰ ਸਮਝ ਤੇ ਉਸ ਨਾਲ ਆਪਣੀ ਸਾਂਝ ਕਾਇਮ ਕਰ। ਉਹ ਅਕਾਲ ਪੁਰਖ ਸਦਾ ਤੇਰੇ ਨਾਲ ਰਹਿੰਦਾ ਹੈ, ਇਸ ਲਈ ਗੁਰੂ ਦੀ ਮਤਿ ਲੈ ਕੇ ਉਸ ਦਾ ਮਿਲਾਪ ਕਰ ਤੇ ਆਪਣੇ ਜੀਵਨ ਦਾ ਆਨੰਦ ਮਾਣ। ਜੇਕਰ ਤੂੰ ਆਪਣੇ ਅਸਲੀ ਮੁੱਢ ਨੂੰ ਸਮਝ ਲਏਂਗਾ ਤਾਂ ਉਸ ਅਕਾਲ ਪੁਰਖ ਨਾਲ ਤੇਰੀ ਡੂੰਘੀ ਜਾਣ ਪਛਾਣ ਹੋ ਜਾਏਗੀ।

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥ ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥ (੪੪੧)*

{੧} ਗੁਰਬਾਣੀ ਵਿਚ ਅਣਗਿਣਤ ਖਜ਼ਾਨੇ ਛਿਪੇ ਹੋਏ ਹਨ, ਜੀਵਨ ਦੇ ਹਰ ਪਹਿਲੂ ਬਾਬਤ ਰਹਿਨੁਮਾਈ ਮਿਲਦੀ ਹੈ, ਵਿਦਿਆ ਦੇ ਹਰ ਖੇਤਰ ਬਾਰੇ ਸੇਧ ਮਿਲਦੀ ਹੈ। ਗੁਰੂ ਗਰੰਥ ਸਾਹਿਬ ਵਿਚ ਸਮਾਜਿਕ, ਰਾਜਨੀਤਕ, ਪਰਿਵਾਰਿਕ, ਇਤਿਹਾਸ, ਭੂਗੋਲ, ਅਰਥ ਸ਼ਾਸਤਰ, ਕਮਿਸਟਰੀ, ਫਿਜ਼ਿਕਸ, ਭੂਮੰਡਲ, ਅਕਾਸ਼ ਮੰਡਲ, ਮਨੋਵਿਗਿਆਨਕ, ਆਦਿ ਸਭ ਤਰ੍ਹਾਂ ਦੇ ਵਿਸ਼ਿਆ ਸਬੰਧੀ ਉਸ ਸਮੇਂ ਅਨੁਸਾਰ ਬਹੁਤ ਡੂੰਘੀ ਜਾਣਕਾਰੀ ਦਿੱਤੀ ਗਈ ਹੈ ਤਾਂ ਜੋ ਸਮੁੱਚੀ ਮਨੁੱਖਤਾ ਨੂੰ ਜੀਵਨ ਦੀ ਸਹੀ ਦਿਸ਼ਾ ਵੱਲ ਮੋੜਿਆ ਜਾ ਸਕੇ।

ਸਾਇੰਸ ਦੀ ਖੋਜ ਪਦਾਰਥ ਤਕ ਸੀਮਿਤ ਹੈ। ਇਸ ਲਈ ਸਾਇੰਸ ਪਦਾਰਥ ਦੀ ਗੱਲ ਕਰਦੀ ਹੈ। ਸਾਇੰਸ ਪਦਾਰਥ ਤੋਂ ਜੀਵ ਨਹੀਂ ਪੈਦਾ ਕਰ ਸਕਦੀ ਹੈ। ਧਰਮ ਪਦਾਰਥ ਅਤੇ ਜੀਵਨ ਦੋਹਾਂ ਦੀ ਗੱਲ ਕਰਦਾ ਹੈ। ਜੀਵ ਵਿਗਿਆਨ (Biology) ਤੇ ਬਨਸਪਤੀ ਵਿਗਿਆਨ (Botony) ਭਾਵੇਂ ਜੀਵਾਂ ਅਤੇ ਬਨਸਪਤੀ ਬਾਰੇ ਖੋਜਾਂ ਕਰਦੀਆਂ ਹਨ, ਪਰ ਇਹ ਸਾਰੀਆਂ ਖੋਜਾਂ ਜੀਵ ਜੰਤੂਆਂ ਦੇ ਵਿਵਹਾਰ ਤੇ ਉਨ੍ਹਾਂ ਨਾਲ ਵਾਪਰ ਰਹੀਆਂ ਘਟਨਾਵਾਂ ਦੇ ਆਧਾਰ ਤੇ ਹੁੰਦੀਆਂ ਹਨ।

ਸਾਇੰਸ ਮਨੁੱਖਾ ਸੁਭਾ, ਇਮਾਨਦਾਰੀ, ਮਨ ਦੀ ਸ਼ਾਂਤੀ, ਦੋਸਤੀ, ਸਹਿਣ ਸ਼ਕਤੀ, ਸਬਰ, ਦੂਸਰਿਆਂ ਦਾ ਦੁਖ ਦਰਦ ਸਮਝਣਾ, ਸੋਚਣ ਸ਼ਕਤੀ, ਮਾਣ, ਲਾਲਚ, ਗੁਸਾ, ਅਸਹਿਣਤਾ, ਕੱਟੜਪੁਣਾਂ, ਲੁਟਮਾਰ ਆਦਿ ਬਾਰੇ ਕੁਝ ਨਹੀਂ ਦੱਸ ਸਕਦੀ ਹੈ। ਸਾਇੰਸ ਮਨੁੱਖ ਦਾ ਸੁਭਾਅ ਨਹੀਂ ਬਦਲ ਸਕਦੀ, ਕਾਮ ਕ੍ਰੋਧ ਲੋਭ ਮੋਹ ਤੇ ਹੰਕਾਰ ਤੇ ਕਾਬੂ ਪਾਉਂਣਾਂ ਨਹੀਂ ਸਿਖਾ ਸਕਦੀ। ਦੁਨੀਆ ਦੀ ਕਿਹੜੀ ਤਾਕਤ ਜਾਂ ਨਿਯਮ ਅਨੁਸਾਰ ਜੀਵ ਪੈਦਾ ਹੁੰਦੇ ਹਨ, ਇਹ ਸਾਇੰਸ ਦੀ ਪਹੁੰਚ ਤੋਂ ਬਾਹਰ ਹੈ। ਸਾਇੰਸ ਦੀ ਖੋਜ਼ ਪਦਾਰਥ ਤਕ ਸੀਮਿਤ ਹੈ। ਜਿਸ ਤਰ੍ਹਾਂ ਖੋਜ਼ ਹੁੰਦੀ ਰਹਿੰਦੀ ਹੈ, ਸਾਇੰਸ ਦੀਆਂ ਥਿਊਰੀਆਂ ਬਦਲਦੀਆਂ ਰਹਿੰਦੀਆਂ ਹਨ।

ਗੁਰੂ ਸਾਹਿਬਾਂ ਦਾ ਮੰਤਵ ਪਦਾਰਥ ਸਬੰਧੀ ਸਾਇੰਸ ਸਮਝਾਉਣ ਦਾ ਨਹੀਂ ਸੀ। ਉਨ੍ਹਾਂ ਦਾ ਮੰਤਵ ਤਾਂ ਜੀਵਨ ਜਾਚ ਸਿਖਾਉਣਾਂ ਸੀ। ਜੇ ਕਰ ਕਿਤੇ ਕੋਈ ਵਿਸ਼ਾ ਆਇਆ ਤਾਂ ਉਸ ਸਬੰਧੀ ਗਿਆਨ ਦੇਣ ਲਈ ਪਦਾਰਥਾਂ ਦੀ ਸਾਇੰਸ ਰਾਹੀਂ ਉਦਾਹਰਣ ਦੇ ਕੇ ਸਮਝਾਇਆ। ਗੁਰੂ ਸਾਹਿਬਾਂ ਨੇ ਚਲ ਰਹੇ ਅੰਧ ਵਿਸ਼ਵਾਸ ਨੂੰ ਖਤਮ ਕਰਨ ਲਈ ਸਾਇੰਸ ਦੀਆਂ ਬਹੁਤ ਸਾਰੀਆਂ ਅਸਲੀਅਤਾਂ ਵੀ ਦੱਸ ਦਿਤੀਆਂ ਸਨ। ਗੁਰਬਾਣੀ ਵਿਚ ੫੦੦ ਸਾਲ ਪਹਿਲਾਂ ਕਹੀਆਂ ਹੋਈਆਂ ਸਚਾਈਆਂ ਸਾਇੰਸ ਦੀ ਸਹਾਇਤਾ ਨਾਲ ਹੁਣ ਸਮਝ ਵਿਚ ਆ ਰਹੀਆਂ ਹਨ। ਇਹ ਵੀ ਹੋ ਸਕਦਾ ਹੈ, ਕਿ ਗੁਰਬਾਣੀ ਵਿਚ ਅੰਕਿਤ ਹੋਰ ਅਨੇਕਾਂ ਸਚਾਈਆਂ ਨੂੰ ਸਾਇੰਸ ਦੇ ਆਧਾਰ ਤੇ ਸਮਝਣ ਲਈ ਕਈ ਸਦੀਆਂ ਲੱਗ ਜਾਣ।

ਸਾਇੰਸ ਵੀ ਖੋਜ ਦੀ ਹੀ ਗੱਲ ਕਰਦੀ ਹੈ ਤੇ ਗੁਰੂ ਮਹਾਰਾਜ ਨੇ ਵੀ ਅਕਾਲ ਪੁਰਖੁ ਨੂੰ ਸ਼ਬਦ ਗੁਰੂ, ਗੁਰੂ ਗਰੰਥ ਸਾਹਿਬ ਵਿਚੋਂ ਖੋਜਣ ਲਈ ਹੁਕਮ ਕੀਤਾ ਹੈ। ਗੁਰਮਤਿ ਦਾ ਆਧਾਰ, ਫੋਕਟ ਵਹਿਮ ਅਤੇ ਝੂਠੀਆਂ ਜਾਂ ਕਲਪਿਤ ਕਹਾਣੀਆਂ ਅਨੁਸਾਰ ਨਹੀਂ ਹੈ, ਬਲਕਿ ਗੁਰਮਤਿ ਦਾ ਆਧਾਰ ਸੱਚ ਤੇ ਅਸਲੀਅਤ ਅਨੁਸਾਰ ਹੈ। ਇਹੀ ਕਾਰਨ ਹੈ, ਕਿ ਗੁਰਸਿੱਖ ਨੂੰ ਵਾਰ ਵਾਰ ਖੋਜ਼ਣ ਲਈ ਕਿਹਾ ਗਿਆ ਹੈ। ਗੁਰੂ ਨਾਨਕ ਸਾਹਿਬ ਨੇ ਭਾਈ ਲਹਿਣਾ ਵਰਗੇ ਗੁਰਮੁੱਖ ਦੀ ਖੋਜ ਕੀਤੀ ਤੇ ਆਪਣੀ ਥਾਂ ਗੁਰਗੱਦੀ ਦਾ ਵਾਰਸ

ਬਣਾ ਦਿਤਾ। ਜੇ ਕਰ ਅਸੀਂ ਆਪਣਾ ਮਨੁੱਖਾ ਜੀਵਨ ਸਫਲ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਗੁਰੂ ਸਾਹਿਬਾਂ ਦੇ ਦੱਸੇ ਰਾਹ ਤੇ ਤੁਰਨਾ ਪਵੇਗਾ ਤੇ ਉਸ ਮਾਰਗ ਨੂੰ ਪਹਿਚਾਨਣ ਲਈ ਗੁਰਬਾਣੀ ਦੁਆਰਾ ਜੀਵਨ ਦੀ ਸਚਾਈ ਨੂੰ ਖੋਜਣਾਂ ਪਵੇਗਾ।

*ਗੁਰਮੁਖਿ ਖੋਜਤ ਭਏ ਉਦਾਸੀ ॥ ਦਰਸਨ ਕੈ ਤਾਈ ਭੇਖ ਨਿਵਾਸੀ ॥ ਸਾਚ ਵਖਰ ਕੇ ਹਮ ਵਣਜਾਰੇ ॥ ਨਾਨਕ ਗੁਰਮੁਖਿ ਉਤਰਸਿ ਪਾਰੇ ॥੧੮॥ (੯੩੯)*

ਗੁਰੂ ਨਾਨਕ ਸਾਹਿਬ ਨੇ ਸੱਚ ਤੇ ਵਿਗਿਆਨ ਦੇ ਆਧਾਰ ਤੇ ਇਕ ਅਧੁਨਿਕ ਧਰਮ ਤੇ ਸਮਾਜ ਦਾ ਆਰੰਭ ਕੀਤਾ। ਦੁਨੀਆ ਦੇ ਬਹੁਤ ਸਾਰੇ ਲੋਕਾਂ ਜਾਂ ਧਰਮਾਂ ਨੇ ਅਕਾਲ ਪੁਰਖੁ ਦੀ ਪਰਿਭਾਸ਼ਾ ਆਪਣੀ ਆਪਣੀ ਕਲਪਨਾਂ ਦੇ ਆਧਾਰ ਤੇ ਦਿਤੀ ਹੈ। ਕਿਸੇ ਨੇ ਮਨੁੱਖ ਨੂੰ ਅਕਾਲ ਪੁਰਖੁ ਦਾ ਦਰਜਾ ਦੇ ਦਿਤਾ ਤੇ ਕਿਸੇ ਨੇ ਜੀਵ ਜੰਤੂ, ਵਸਤੂ ਜਾਂ ਸਥਾਨ ਨੂੰ ਅਕਾਲ ਪੁਰਖ ਦਾ ਦਰਜਾ ਦੇ ਦਿਤਾ। ਪਰੰਤੂ ਇਹ ਸਭ ਕੁਝ ਤਾਂ ਖੁਦ ਅਕਾਲ ਪੁਰਖੁ ਦੇ ਆਪਣੇ ਬਣਾਏ ਹੋਏ ਹਨ, ਜੋ ਕਿ ਨਾਸ਼ਵੰਤ ਹਨ। ਜੇ ਅਕਾਲ ਪੁਰਖ ਹੀ ਨਾਸ ਹੋ ਗਿਆ ਤਾਂ ਬਾਕੀ ਕੀ ਰਹਿ ਜਾਵੇਗਾ। ਗੁਰੂ ਗਰੰਥ ਸਾਹਿਬ ਵਿਚ ਅੰਕਿਤ ਸਿਰਲੇਖ ਅਕਾਲ ਪੁਰਖੁ ਨੂੰ ਵਿਗਿਆਨਕ ਤਰੀਕੇ ਨਾਲ ਦਰਸਾਉਂਣ ਦਾ ਆਰੰਭ ਹੈ। ਇਸ ਨੂੰ ਅਕਾਲ ਪੁਰਖੁ ਸਬੰਧੀ ਸਾਇੰਸ ਦਾ ਮੁੱਢ ਵੀ ਕਹਿ ਸਕਦੇ ਹਾਂ। ਗੁਰੂ ਨਾਨਕ ਸਾਹਿਬ ਨੇ ਅਕਾਲ ਪੁਰਖੁ ਦੀ ਪਰਿਭਾਸ਼ਾ ਕਲਪਨਾਂ ਦੇ ਆਧਾਰ ਤੇ ਨਹੀਂ ਦਿਤੀ, ਬਲਕਿ ਪੂਰਨ, ਉਚੇ ਪੱਧਰ ਦੀ ਸਇੰਸ ਦੇ ਆਧਾਰ ਤੇ ਦਿੱਤੀ ਹੈ।

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥(੧)*

ਗੁਰੂ ਨਾਨਕ ਸਾਹਿਬ ਨੇ ਜਪੁਜੀ ਸਾਹਿਬ ਦੀ ਪਹਿਲੀ ਪਉੜੀ ਵਿਚ ਹੀ ਹੋਰਨਾਂ ਮਤਾਂ ਦਾ ਜਿਕਰ ਕਰਦੇ ਹੋਏ ਸਿੱਖ ਧਰਮ ਦੇ ਮੁਢਲੇ ਸਿਧਾਂਤ, *'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ'* ਬਾਰੇ ਵੀ ਸਪੱਸ਼ਟ ਜਾਣਕਾਰੀ ਦੇ ਦਿਤੀ ਹੈ।

ਸਬਦ ਦਾ ਭਾਵ ਸਾਡੇ ਆਮ ਭਾਸ਼ਾ ਵਿਚ ਵਰਤੇ ਜਾਣ ਵਾਲੇ ਅੱਖਰ ਨਹੀਂ ਹਨ। ਇਹ ਅਕਾਲ ਪੁਰਖੁ ਦਾ ਹੁਕਮੁ, ਨਿਯਮ, ਅਸੂਲ, ਸਿਸਟਮ ਜਾਂ ਧਰਮ ਹੈ, ਜਿਸ ਅਨੁਸਾਰ ਸਭ ਕੁਝ ਹੋ ਰਿਹਾ ਹੈ। ਸਬਦ ਰੌਸ਼ਨੀ ਦੇਣ ਵਾਲਾ ਹੈ, ਜਿਸ ਦੁਆਰਾ ਜੀਵਨ ਵਿਚ ਚਲਣ ਲਈ ਸੋਝੀ ਪ੍ਰਾਪਤ ਹੁੰਦੀ ਹੈ। ਸਬਦ ਸੁਣ ਸਕਦੇ ਹਾਂ, ਪਰ ਵੇਖ ਨਹੀਂ ਸਕਦੇ, ਇਸੇ ਲਈ ਸਿੱਖ ਧਰਮ ਵਿਚ ਮੂਰਤੀ ਪੂਜਾ ਦਾ ਕੋਈ ਮਹੱਤਵ ਨਹੀਂ ਹੈ। ਗੁਰੂ ਸਾਹਿਬਾਂ ਨੇ ਸਮੁੱਚੀ ਮਨੁੱਖਤਾ ਲਈ ਇਕੋ ਧਰਮ ਹੀ ਮੰਨਿਆ ਹੈ, ਉਹ ਹੈ 'ਸਬਦ''। ਪੂਰੇ ਗੁਰੂ ਗਰੰਥ ਸਾਹਿਬ ਵਿਚ ਸਬਦ ਦਾ ਭੇਦ ਹੀ ਸਾਂਝਾ ਕੀਤਾ ਗਿਆ ਹੈ, ਤਾਂ ਜੋ ਅਸੀਂ ਗੁਰਬਾਣੀ ਦੁਆਰਾ ਅਕਾਲ ਪੁਰਖੁ ਦਾ ਹੁਕਮੁ ਤੇ ਉਸ ਦੀ ਅਸਲੀਅਤ ਨੂੰ ਸਮਝ ਸਕੀਏ।

*ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ ॥ ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥ (੪੬੯)*

ਗੁਰੂ ਨਾਨਕ ਸਾਹਿਬ ਨੇ ਬਿਨਾ ਦੂਰਬੀਨ ਦੇ ਕਈ ਸਾਲ ਪਹਿਲਾਂ ਲਿੱਖ ਦਿਤਾ ਸੀ ਕਿ ਧਰਤੀਆਂ ਅਣਗਿਣਤ ਹਨ। ਅੱਜ ਦੀ ਸਾਇੰਸ ਕੁਝ ਦਹਾਕੇ ਪਹਿਲਾਂ ਤੋਂ ਹੀ ਅਨੇਕਾਂ ਗੈਲੈਕਸੀਆਂ ਬਾਰੇ ਗੱਲ ਕਰ ਰਹੀ ਹੈ। ਧਰਤੀ ਨੂੰ ਆਸਰਾ ਦੇਣ ਵਾਲਾ ਕੋਈ ਬਲਦ ਨਹੀਂ, ਬਲਕਿ ਇਹ ਧਰਮ ਹੈ, ਨਿਯਮ ਹੈ, ਅਸੂਲ ਹੈ। ਜਿਸ ਨੇ ਸਾਰੇ ਬ੍ਰਹਿਮੰਡ ਵਿਚ ਸਥਿਰਤਾ (ਸੰਤੋਖੁ) ਕਾਇਮ ਰੱਖਿਆ ਹੈ। ਅੱਜ ਅਸੀਂ ਇਸ ਅਸੂਲ ਨੂੰ ਗੁਰੂਤਾ ਸ਼ਕਤੀ (Gravitational force) ਕਰਕੇ ਜਾਣਦੇ ਹਾਂ, (Newton's law of Gravitation)। ਗੁਰੂ ਸਾਹਿਬ ਨੇ ਕੁਦਰਤ ਦੀ ਸਚਾਈ ਨੂੰ ਬਿਲਕੁਲ ਸਰਲ ਤੇ ਸਪੱਸ਼ਟ (Logical) ਤਰੀਕੇ ਨਾਲ ਸਮਝਾਇਆ ਹੈ।

*ਧੌਲੁ ਧਰਮੁ ਦਇਆ ਕਾ ਪੂਤੁ ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥ ਜੇ ਕੋ ਬੁਝੈ ਹੋਵੈ ਸਚਿਆਰੁ ॥ ਧਵਲੈ ਉਪਰਿ ਕੇਤਾ ਭਾਰੁ ॥ ਧਰਤੀ ਹੋਰੁ ਪਰੈ ਹੋਰੁ ਹੋਰੁ ॥ ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥ (੩)*

ਗੁਰੂ ਨਾਨਕ ਸਾਹਿਬ ਅਨੁਸਾਰ ਤਾਂ ਪੂਰੀ ਸ੍ਰਿਸ਼ਟੀ ਦਾ ਹਰ ਕਾਰਜ਼ ਅਕਾਲ ਪੁਰਖੁ ਦੇ ਬਣਾਏ ਗਏ ਨਿਯਮਾਂ ਅਨੁਸਾਰ ਹੀ ਚਲ ਰਿਹਾ ਹੈ। ਅੱਜ ਦੀ ਸਾਇੰਸ ਤਾਂ ਗਰੈਵੀਟੇਸ਼ਨ, ਇਲੈਕਟਰੋਮੈਗਨੈਟਿਕ ਜਾਂ ਨਿਉਕਲੀਅਰ ਫੋਰਸ (Gravitational, Electromagnetic, Nuclear force) ਤਕ ਹੀ ਸੀਮਿਤ ਹੈ। ਇਸ ਤੋਂ ਅੱਗੇ ਸਾਇੰਸ ਅਜੇ ਤਕ ਨਹੀਂ ਜਾ ਸਕੀ ਹੈ। ਕੁਦਰਤ ਇਸ ਤੋਂ ਵੀ ਬਹੁਤ ਅੱਗੇ ਹੋ ਸਕਦੀ ਹੈ।

{੨} ਹਰੇਕ ਚੀਜ਼ ਜਾਂ ਕਿਰਿਆ ਅਕਾਲ ਪੁਰਖੁ ਦੇ ਹੁਕਮੁ[{ਹ੨੫}{E05}] ਭਾਵ ਅਕਾਲ ਪੁਰਖੁ ਦੇ ਬਣਾਏ ਗਏ ਨਿਯਮਾਂ, ਅਸੂਲਾਂ, ਧਰਮ ਅਨੁਸਾਰ ਹੁੰਦੀ ਹੈ। ਅਕਾਲ ਪੁਰਖੁ ਦੇ ਹੁਕਮੁ ਦੇ ਬਾਹਰ ਕੁਝ ਵੀ ਨਹੀਂ ਹੈ।

*ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥ ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥ ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥ ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥ ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥ ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥* (੧, ੨)

ਕਬੀਰ ਸਾਹਿਬ ਆਪਣੀ ਰਚਨਾ ਵਿੱਚ ਸਮਝਾਉਂਦੇ ਹਨ ਕਿ ਅਸਲੀ ਮਨੁੱਖ ਉਹੀ ਹੈ, ਜੋ ਕਿ ਅਕਾਲ ਪੁਰਖੁ ਦੇ ਹੁਕਮੁ ਨੂੰ ਸਮਝਣ ਦੀ ਦਿਸ਼ਾ ਵਲ ਜਾਂਦਾ ਹੈ। "*ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥*" ਗੁਰੂ ਨਾਨਕ ਸਾਹਿਬ ਨੇ ਤਾਂ ਜਪੁਜੀ ਸਾਹਿਬ ਦੀ ਪਹਿਲੀ ਪੌੜੀ ਵਿੱਚ ਹੀ ਸਮਝਾ ਦਿੱਤਾ ਹੈ ਕਿ ਜੇ ਕਰ ਅਕਾਲ ਪੁਰਖੁ ਨੂੰ ਪਾਉਣਾਂ ਹੈ ਤਾਂ ਅਕਾਲ ਪੁਰਖੁ ਦੇ ਹੁਕਮੁ ਤੇ ਉਸ ਦੀ ਰਜ਼ਾ ਅਨੁਸਾਰ ਚਲਣਾ ਪਵੇਗਾ, ਜੋ ਕਿ ਧੁਰ ਤੋਂ ਹੀ ਜੀਵ ਦੇ ਨਾਲ ਲਿਖਿਆ ਹੋਇਆ ਹੈ।

*ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥ ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥ (੧)*

ਇਸ ਲਈ ਜੇ ਕਰ ਅਸੀਂ ਨਾਮੁ, ਹੁਕਮੁ ਅਤੇ ਸਚੁ[ਨ੦੧] ਨੂੰ ਸਮਝਣਾ ਚਾਹੁੰਦੇ ਹਾਂ ਤਾਂ ਸਾਨੂੰ ਸੱਚੀ ਬਾਣੀ ਉਪਰ ਵਿਸ਼ਵਾਸ ਕਰਨਾ ਪਵੇਗਾ ਅਤੇ ਗੁਰਬਾਣੀ ਪੜ੍ਹਨੀ, ਸੁਣਨੀ, ਸਮਝਣੀ ਤੇ ਰੋਜ਼ਾਨਾ ਜੀਵਨ ਵਿਚ ਅਪਨਾਉਂਣੀ ਪਵੇਗੀ।

*ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥ ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥ ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ ॥ ਪੀਵਹੁ ਅੰਮ੍ਰਿਤੁ, ਸਦਾ ਰਹਹੁ ਹਰਿ ਰੰਗਿ, ਜਪਿਹੁ ਸਾਰਿਗਪਾਣੀ ॥ ਕਹੈ ਨਾਨਕੁ ਸਦਾ ਗਾਵਹੁ, ਏਹ ਸਚੀ ਬਾਣੀ ॥੨੩॥ (੯੨੦)*

{੩} ਕੁਦਰਤ ਨੇ ਮਨੁੱਖ ਨੂੰ ਸੋਚਣ ਸ਼ਕਤੀ ਦਿੱਤੀ ਹੈ, ਇਸ ਸੂਝ ਸਦਕਾ ਮਨੁੱਖ ਆਪਣੇ ਸੀਮਿਤ ਸਾਧਨਾ ਦਾ ਵਿਸਥਾਰ ਕਰਨ ਲਈ ਹਮੇਸ਼ਾਂ ਉਪਰਾਲਾ ਕਰਦਾ ਰਿਹਾ ਹੈ। ਗਿਆਨ ਤੇ ਸਹੂਲਤਾਂ ਨੂੰ ਵਧਾਉਣ ਲਈ, ਨਵੀਆਂ ਖੋਜਾਂ ਕਰਨ ਦੀ ਕੋਸ਼ਿਸ਼ ਸਦਾ ਜਾਰੀ ਰਹੀ ਹੈ। ਕੁਦਰਤ ਦੇ ਖੇਲ ਨੂੰ ਜਾਨਣ ਲਈ ਮਨੁੱਖ ਦੀ ਸਦੀਵੀ ਕਾਲ ਤੋਂ ਖਾਹਸ਼ ਰਹੀ, ਜਿਸ ਕਰਕੇ ਗਿਆਨ ਵਿਚ ਹਮੇਸ਼ਾਂ ਵਾਧਾ ਹੁੰਦਾ ਰਿਹਾ। ਗੁਰਬਾਣੀ ਅਨੁਸਾਰ ਅਕਾਲ ਪੁਰਖੁ ਦੀ ਪੈਦਾ ਕੀਤੀ ਹੋਈ ਕੁਦਰਤ ਦਾ ਕੋਈ ਅੰਤ ਨਹੀਂ। ਜਿਸ ਤਰ੍ਹਾਂ ਅਕਾਲ ਪੁਰਖੁ ਹੁਕਮੁ ਕਰਦਾ ਹੈ, ਉਸੇ ਤਰ੍ਹਾਂ ਜੀਵ ਆਪਣੇ ਸੰਜੋਗ ਭੋਗਦੇ ਹਨ। ਇਹ ਸਾਰਾ ਸੰਸਾਰ, ਜੋ ਅਕਾਲ ਪੁਰਖੁ ਨੇ ਬਣਾਇਆ ਹੈ, ਇਹ ਉਸ ਦਾ ਸਰੂਪ ਹੈ। *"ਇਹੁ ਵਿਸੁ ਸੰਸਾਰੁ ਤੁਮ ਦੇਖਦੇ, ਇਹੁ ਹਰਿ ਕਾ ਰੂਪੁ ਹੈ, ਹਰਿ ਰੂਪੁ ਨਦਰੀ ਆਇਆ"*। ਬੇਅੰਤ ਹੈ ਉਸ ਦੀ ਕੁਦਰਤ ਤੇ ਇਸ ਵਿਚ ਜਿਧਰ ਤੱਕੋ, ਉਹ ਆਪ ਹੀ ਆਪ ਮੋਜੂਦ ਹੈ। ਅੱਜਕਲ ਦੀਆਂ ਵੱਡੀਆਂ ਵੱਡੀਆਂ ਦੂਰਬੀਨਾਂ ਸਾਬਤ ਕਰ ਰਹੀਆਂ ਹਨ, ਕਿ ਅਨੇਕਾਂ ਹੀ ਤਾਰੇ ਤੇ ਗਲੈਕਸੀਆਂ ਹਨ। ਗੁਰੂ ਸਾਹਿਬ ਨੇ ਬਿਨਾ ਦੂਰਬੀਨ ਦੇ ੫੦੦ ਸਾਲ ਪਹਿਲਾਂ ਇਹ ਸਭ ਕੁਝ ਸਮਝਾ ਦਿੱਤਾ ਸੀ, "*ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥ ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥*"

ਸਾਇੰਸ ਬਹੁਤ ਸਾਰੇ ਜੰਤਰਾਂ ਤੇ ਤਜਰਬਿਆਂ ਨਾਲ ਹੁਣ ਸਮਝ ਰਹੀ ਹੈ, ਕਿ ਕੁਦਰਤ ਦਾ ਕੋਈ ਅੰਤ ਨਹੀਂ ਹੈ, ਪਰੰਤੂ ਗੁਰੂ ਨਾਨਕ ਸਾਹਿਬ ਨੇ ਇਸ ਬਾਰੇ ਜਪੁਜੀ ਸਾਹਿਬ ਵਿਚ ੫੦੦ ਸਾਲ ਪਹਿਲਾਂ ਹੀ ਸਮਝਾ ਦਿਤਾ ਸੀ, ਕਿ ਅਕਾਲ ਪੁਰਖੁ ਦੀ ਰਚਨਾ ਬੇਅੰਤ ਹੈ। ਗੁਰੂ ਸਾਹਿਬ ਨੇ ਬਿਨਾ ਦੂਰਬੀਨ ਦੇ ਕਈ ਸਾਲ ਪਹਿਲਾਂ ਲਿੱਖ ਦਿਤਾ ਸੀ ਕਿ ਚੰਦ, ਸੂਰਜ, ਤਾਰੇ, ਧਰਤੀਆਂ ਅਣਗਿਣਤ ਹਨ। ਅੱਜ ਦੀ ਸਾਇੰਸ ਕੁਝ ਦਹਾਕੇ ਪਹਿਲਾਂ ਤੋਂ ਹੀ ਅਨੇਕਾਂ ਗੈਲੈਕਸੀਆਂ ਬਾਰੇ ਗੱਲ ਕਰ ਰਹੀ ਹੈ। ਗੁਰਬਾਣੀ ਵਿਚ ਅਨੇਕਾਂ ਹੀ ਹੋਰ ਸ਼ਬਦ ਪ੍ਰਮਾਣ ਦੇ ਤੌਰ ਤੇ ਮਿਲਦੇ ਹਨ, ਜਿਨ੍ਹਾਂ ਵਿਚ ਸਮਝਾਇਆ ਗਿਆ ਹੈ ਕਿ ਕੁਦਰਤ ਦਾ ਕੋਈ ਅੰਤ ਨਹੀਂ।

*ਕਈ ਕੋਟਿ ਖਾਣੀ ਅਰੁ ਖੰਡ ॥ ਕਈ ਕੋਟਿ ਅਕਾਸ ਬ੍ਰਹਮੰਡ ॥ ਕਈ ਕੋਟਿ ਹੋਏ ਅਵਤਾਰ ॥ ਕਈ ਜੁਗਤਿ ਕੀਨੋ ਬਿਸਥਾਰ ॥ ਕਈ ਬਾਰ ਪਸਰਿਓ ਪਾਸਾਰ ॥ ਸਦਾ ਸਦਾ ਇਕੁ ਏਕੰਕਾਰ ॥ ਕਈ ਕੋਟਿ ਕੀਨੇ ਬਹੁ ਭਾਤਿ ॥ ਪ੍ਰਭ ਤੇ ਹੋਏ ਪ੍ਰਭ ਮਾਹਿ ਸਮਾਤਿ ॥ ਤਾ ਕਾ ਅੰਤੁ ਨ ਜਾਨੈ ਕੋਇ ॥ ਆਪੇ ਆਪਿ ਨਾਨਕ ਪ੍ਰਭੁ ਸੋਇ ॥੭॥ (੨੭੫,੨੭੬)*

{੪} ਇਹ ਇਕ ਬਹੁਤ ਮੁਸ਼ਕਲ ਸਵਾਲ ਹੈ, ਕਿ ਇਹ ਸਾਰੀ ਸ੍ਰਿਸ਼ਟੀ ਕਿਸ ਤਰ੍ਹਾਂ ਪੈਦਾ ਹੋਈ? ਕੀ ਅਸੀਂ ਇਸ ਦਾ ਕਾਰਨ ਜਾਣ ਸਕਦੇ ਹਾਂ? ਸਾਇੰਸ ਕਈ ਤਰ੍ਹਾਂ ਦੇ ਅੰਦਾਜ਼ੇ ਆਦਿ ਦੀਆਂ ਗੱਲਾਂ ਕਰ ਰਹੀ ਹੈ। ਜਿਸ ਤਰ੍ਹਾਂ ਕਿ ਬਿਗ ਬੈਂਗ ਥਿਉਰੀ (Big Bang Theory), ਬਲੈਕ ਹੋਲ ਤੋਂ ਬਣਨਾਂ ਆਦਿ। ਪਰੰਤੂ ਇਸ ਦੇ ਪਿਛੇ ਜੇ ਕਰ ਕੋਈ ਕਾਰਨ ਪੁਛਿਆ ਜਾਵੇ ਤਾਂ ਸਾਇੰਸ ਵੀ ਇਸ ਦਾ ਠੋਸ ਉੱਤਰ ਨਹੀਂ ਦੇ ਸਕਦੀ। ਇਹ ਬਲੈਕ ਹੋਲ ਕਿਸ ਤਰ੍ਹਾਂ ਤੇ ਕਿਉਂ ਬਣਿਆ, ਉਸ ਤੋਂ ਸਾਰੀ ਸ੍ਰਿਸ਼ਟੀ ਕਿਸ ਤਰ੍ਹਾਂ ਬਣ ਗਈ? ਨਿਸਚਤ ਤੌਰ ਤੇ ਅਕਾਲ ਪੁਰਖੁ ਦਾ ਕੋਈ ਨਿਯਮ ਸੀ, ਜਿਸ ਨੇ ਅਨੇਕਾਂ ਖੰਡ ਬ੍ਰਹਿਮੰਡ ਪੈਦਾ ਕਰ ਦਿਤੇ। ਗੁਰੂ ਨਾਨਕ ਸਾਹਿਬ ਨੇ ਜਪੁਜੀ ਸਾਹਿਬ ਵਿਚ ਇਸ ਸ੍ਰਿਸ਼ਟੀ ਦੇ ਪੈਦਾ ਹੋਣ ਬਾਰੇ ਇਹੀ ਕਿਹਾ ਹੈ ਕਿ ਅਕਾਲ ਪੁਰਖ ਨੇ ਆਪਣੇ ਇਕੋ ਹੁਕਮੁ ਨਾਲ ਸਾਰਾ ਸੰਸਾਰ ਬਣਾ ਦਿੱਤਾ, ਉਸ ਦੇ ਹੁਕਮੁ ਨਾਲ ਹੀ ਜ਼ਿੰਦਗੀ ਦੇ ਲੱਖਾਂ ਦਰਿਆ ਬਣ ਗਏ। "**ਕੀਤਾ ਪਸਾਉ ਏਕੋ ਕਵਾਉ ॥ ਤਿਸ ਤੇ ਹੋਏ ਲਖ ਦਰੀਆਉ** ॥" ਗੁਰਬਾਣੀ ਦੀ ਇਹ ਪੰਗਤੀ ਸਮਝਾਉਂਦੀ ਹੈ, ਕਿ "*ਏਕੋ ਕਵਾਉ*', ਕੋਈ ਆਮ ਬਚਨ ਜਾਂ ਬੋਲ ਨਹੀਂ ਹੈ, ਬਲਕਿ ਕੋਈ ਸਿਸਟਮ, ਨਿਯਮ, ਜਾਂ ਕੋਈ ਅਸੂਲ ਹੈ।

ਗੁਰੂ ਸਾਹਿਬ ਨੇ ਲੋਕਾਂ ਨੂੰ ਕਰਮ ਕਾਂਡਾਂ, ਭਰਮਾਂ ਤੇ ਵਹਿਮਾਂ ਵਿਚੋਂ ਕੱਢਣ ਲਈ, ਗੁਰਬਾਣੀ ਵਿਚ ਇਹ ਵੀ ਸਮਝਾ ਦਿੱਤਾ, ਕਿ ਇਸ ਜਗਤ ਦੀ ਰਚਨਾ ਕਿਸ ਤਰ੍ਹਾਂ ਹੋਈ? ਜਗਤ ਦੀ ਰਚਨਾ ਤੋਂ ਪਹਿਲਾਂ ਬੇਅੰਤ ਸਮਾਂ, ਜਿਸ ਦੀ ਗਿਣਤੀ ਦੇ ਵਾਸਤੇ

ਅਰਬਦ ਨਰਬਦ ਲਫ਼ਜ਼ ਵੀ ਨਹੀਂ ਵਰਤੇ ਜਾ ਸਕਦੇ, ਐਸੀ ਘੁੱਪ ਹਨੇਰੇ ਦੀ ਹਾਲਤ ਸੀ, ਭਾਵ, ਅਜੇਹੀ ਹਾਲਤ ਸੀ, ਕਿ ਉਸ ਬਾਬਤ ਕੁਝ ਵੀ ਦੱਸਿਆ ਨਹੀਂ ਜਾ ਸਕਦਾ। ਇਹ ਸਭ ਕੁਝ ਜੋ ਅਸੀਂ ਅੱਜਕਲ ਆਸੇ ਪਾਸੇ ਵੇਖ ਰਹੇ ਹਾਂ, ਉਸ ਸਮੇਂ ਕੁਝ ਵੀ ਨਹੀਂ ਸੀ। ਨਾ ਧਰਤੀ ਸੀ, ਨਾ ਆਕਾਸ਼ ਸੀ ਤੇ ਨਾ ਹੀ ਕਿਤੇ ਬੇਅੰਤ ਅਕਾਲ ਪੁਰਖੁ ਦਾ ਹੁਕਮੁ ਚੱਲ ਰਿਹਾ ਸੀ। ਦਿਨ, ਰਾਤ, ਚੰਦ, ਸੂਰਜ ਆਦਿ ਕੁਝ ਵੀ ਨਹੀਂ ਸਨ। ਸਿਰਫ ਅਕਾਲ ਪੁਰਖੁ ਆਪਣੇ ਆਪ ਵਿਚ ਹੀ ਮਾਨੋ ਐਸੀ ਸਮਾਧੀ ਲਾਈ ਬੈਠਾ ਸੀ, ਜਿਸ ਵਿਚ ਕੋਈ ਕਿਸੇ ਕਿਸਮ ਦਾ ਫੁਰਨਾ ਨਹੀਂ ਸੀ।

*ਮਾਰੂ ਮਹਲਾ ੧ ॥ ਅਰਬਦ ਨਰਬਦ ਧੁੰਧੂਕਾਰਾ ॥ ਧਰਣਿ ਨ ਗਗਨਾ ਹੁਕਮੁ ਅਪਾਰਾ ॥ ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ ॥੧॥*

ਗੁਰਬਾਣੀ ਦੁਆਰਾ ਦਰਸਾਇਆ ਗਿਆ, ਇਹ ਕੁਦਰਤ ਦਾ ਖੇਲ, ਅੱਜ ਸਾਇੰਸ ਅਨੁਸਾਰ ਪੇਸ਼ ਕੀਤੀ ਜਾ ਰਹੀ ਬਿੱਗ ਬੈਂਗ ਥਿਊਰੀ ਨਾਲ ਮੇਲ ਖਾਂਦਾ ਹੈ। ਅਰਬਦ ਨਰਬਦ ਧੁੰਦੂਕਾਰਾ ਨੂੰ ਸਇੰਸ ਦੁਆਰਾ ਸੁਪਰਨੋਵਾ (Supernova) ਕਿਹਾ ਜਾਂਦਾ ਹੈ, ਜਿਸ ਤੋਂ ਹਵਾ ਤੇ ਪਾਣੀ ਦੀ ਉਤਪਤੀ ਹੋਈ। ਸਾਇੰਸ ਵੀ ਸ੍ਰਿਸ਼ਟੀ ਦੀ ਰਚਨਾ ਸਬੰਧੀ ਘੱਟਾ, ਧਮਾਕਾ, ਸੁਕੜਨਾ, ਫੈਲਣਾ (Dust, Explosion, Contaction, Expansion) ਆਦਿ ਬਾਰੇ ਸੋਚਦੀ ਤੇ ਵਿਚਾਰਦੀ ਹੈ। ਸਾਇੰਸ ਆਪਣੇ ਤਰੀਕੇ ਨਾਲ ਜਗਤ ਦੀ ਰਚਨਾ ਬਾਰੇ ਅੰਦਾਜ਼ੇ ਲਗਾ ਕੇ ਬਿਆਨ ਕਰਦੀ ਹੈ, ਪਰ ਕੁਦਰਤ ਦਾ ਅੰਤ ਪਾਉਂਣ ਤੋਂ ਅਸਮਰਥ ਹੈ। ਗੁਰਬਾਣੀ ਅਨੁਸਾਰ ਜਗਤ ਦੀ ਰਚਨਾ ਤੋਂ ਪਹਿਲਾਂ ਸਿਰਜਣਹਾਰ ਨੇ ਅਨੇਕਾਂ ਹੀ ਜੁਗ ਉਸ ਅਵਸਥਾ ਵਿਚ ਸਮਾਧੀ ਲਾਈ, ਜਿਸ ਦੀ ਬਾਬਤ ਕੁਝ ਪਤਾ ਨਹੀਂ ਲੱਗ ਸਕਦਾ। ਸਿਰਫ ਧੁੰਦ ਹੀ ਧੁੰਦ (Science talks about dust or fog) ਸੀ। ਇਹ ਅਜੇਹੀ ਧੁੰਦ ਨਹੀਂ ਸੀ, ਜੋ ਕਿ ਅਸੀਂ ਸਰਦੀਆਂ ਵਿਚ ਵੇਖਦੇ ਹਾਂ। ਉਸ ਅਵਸਥਾ ਵਾਲੀ ਧੁੰਦ ਬਿਆਨ ਨਹੀਂ ਕੀਤੀ ਜਾ ਸਕਦੀ, ਮਨੁੱਖ ਦੀ ਪਹੁੰਚ ਤੋਂ ਬਾਹਰ ਹੈ, ਸਾਇੰਸ ਸਿਰਫ ਅੰਦਾਜੇ ਲਗਾ ਸਕਦੀ ਹੈ, ਕਿ ਕਿਸ ਤਰ੍ਹਾਂ ਦੀ ਸਥਿਤੀ ਹੋਵੇਗੀ।

*ਕੇਤੜਿਆ ਜੁਗ ਧੁੰਧੂਕਾਰੈ ॥ ਤਾੜੀ ਲਾਈ ਸਿਰਜਣਹਾਰੈ ॥ ਸਚੁ ਨਾਮੁ ਸਚੀ ਵਡਿਆਈ ਸਾਚੈ ਤਖਤਿ ਵਡਾਈ ਹੇ ॥੨॥ (੧੦੨੩-੧੦੨੪)*

ਉਸ ਅਕਾਲ ਪੁਰਖੁ ਦੇ ਹੁਕਮੁ ਵਿਚ ਹੀ ਪਿਤਾ ਦੇ ਵੀਰਜ ਦੀ ਬੂੰਦ ਤੇ ਮਾਂ ਦੇ ਪੇਟ ਦੇ ਲਹੂ ਨੇ ਮਿਲ ਕੇ ਮਨੁੱਖਾ ਸਰੀਰ ਬਣਾ ਦਿੱਤਾ। ਹਵਾ ਪਾਣੀ ਅੱਗ ਆਦਿਕ ਤੱਤਾਂ ਨੇ ਮਿਲ ਕੇ ਜੀਵ ਰਚ ਦਿੱਤੇ। ਹਰੇਕ ਸਰੀਰ ਵਿਚ ਬੈਠਾ ਅਕਾਲ ਪੁਰਖੁ ਆਪ ਹੀ ਸਭ ਚੋਜ ਤਮਾਸ਼ੇ ਕਰ ਰਿਹਾ ਹੈ, ਉਸ ਨੇ ਆਪ ਹੀ ਮਾਇਆ ਦੇ ਮੋਹ ਦਾ ਖਿਲਾਰਾ ਖਿਲਾਰਿਆ ਹੈ।

*ਬਿੰਦੁ ਰਕਤੁ ਮਿਲਿ ਪਿੰਡੁ ਸਰੀਆ ॥ ਪਉਣੁ ਪਾਣੀ ਅਗਨੀ ਮਿਲਿ ਜੀਆ ॥ ਆਪੇ ਚੋਜ ਕਰੇ ਰੰਗ ਮਹਲੀ ਹੋਰ ਮਾਇਆ ਮੋਹ ਪਸਾਰਾ ਹੇ ॥੪॥ (੧੦੨੬, ੧੦੨੭)*

{੫} ਇਸ ਧਰਤੀ ਤੇ ਪੈਦਾ ਹੋਣ ਵਾਲੇ ਅਨੇਕਾਂ ਜੀਵਾਂ ਬਾਰੇ ਅੱਜਕਲ ਸਾਇੰਸ ਦੇ ਆਧਾਰ ਤੇ ਕਈ ਤਰ੍ਹਾਂ ਦੀਆਂ ਥਿਊਰੀਆਂ ਦਿਤੀਆਂ ਜਾ ਰਹੀਆਂ ਹਨ। ਪਰੰਤੂ ਪੂਰਨ ਕੋਈ ਵੀ ਨਹੀਂ। ਬਿਗ ਬੈਂਗ ਥਿਊਰੀ (Big Bang Theory) ਦੇ ਮੁਤਾਬਕ ਬਹੁਤ ਸਾਰੀ ਹਾਈਡਰੋਜ਼ਨ ਨਿਕਲੀ ਜਿਸ ਤੋਂ ਹੋਰ ਪਦਾਰਥ ਬਣੇ। ਗੁਰੂ ਨਾਨਕ ਸਾਹਿਬ ਦੀ ੫੦੦ ਸਾਲ ਪਹਿਲਾਂ ਦਿਤੀ ਗਈ ਸੇਧ ਨੂੰ ਕਿਸੇ ਵਿਰਲੇ ਨੇ ਹੀ ਵਿਚਾਰਿਆ ਹੈ। ਉਨ੍ਹਾਂ ਸਪੱਸ਼ਟ ਕਿਹਾ ਹੈ ਕਿ ਇਸ ਪਵਨ ਨੂੰ ਪੈਦਾ ਕਰਨ ਵਾਲਾ, ਉਹ ਅਕਾਲ ਪੁਰਖੁ ਤੇ ਉਸ ਦਾ ਧਰਮ ਜਾਂ ਅਸੂਲ ਹੀ ਹੈ। ਇਸ ਪਵਨ (ਹਾਈਡਰੋਜ਼ਨ + ਔਕਸੀਜ਼ਨ) ਤੋਂ ਹੀ ਪਾਣੀ ਬਣਿਆ ਹੈ। ਇਸ ਜਲ ਤੋਂ ਸਾਰੇ ਜੀਵ ਜੰਤੂ ਪੈਦਾ ਹੋਏ ਹਨ। ਅੱਜ ਦੀ ਸਾਇੰਸ ਵੀ ਇਹੀ ਕਹਿੰਦੀ ਹੈ ਕਿ ਜੀਵਨ ਪਾਣੀ ਤੋਂ ਆਰੰਭ ਹੋਇਆ। ਇਸੇ ਕਰਕੇ ਮੰਗਲ ਅਤੇ ਚੰਦਰਮਾਂ ਉੱਪਰ ਪਾਣੀ ਦੀ ਸੰਭਾਵਨਾਂ ਬਾਰੇ ਖੋਜ਼ਾਂ ਹੋ ਰਹੀਆਂ ਹਨ। ਪਰੰਤੂ ਅਕਾਲ ਪੁਰਖੁ ਅਤੇ ਉਸ ਦੇ ਹੁਕਮੁ ਬਾਰੇ ਸੋਝੀ ਸਬਦ ਗੁਰੂ ਤੋਂ ਹੀ ਮਿਲ ਸਕਦੀ ਹੈ, ਗੁਰੂ ਦੇ ਸ਼ਬਦ ਵਿਚ ਰੰਗੇ ਹੋਏ ਨੂੰ ਲੋਕ ਪਰਲੋਕ ਵਿਚ ਆਦਰ ਮਿਲਦਾ ਹੈ, ਉਹ ਹਿਰਦਾ ਸਦਾ ਪਵਿਤ੍ਰ ਰਹਿੰਦਾ ਹੈ, ਉਸ ਨੂੰ ਵਿਕਾਰਾਂ ਦੀ ਮੈਲ ਨਹੀਂ ਲੱਗਦੀ।

*ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ ॥ ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ ॥ ਨਿਰਮਲੁ ਮੈਲਾ ਨਾ ਥੀਐ ਸਬਦਿ ਰਤੇ ਪਤਿ ਹੋਇ ॥੩॥ (੧੯,੨੦)*

ਅਕਾਲ ਪੁਰਖੁ ਨੇ ਹਵਾ ਬਣਾਈ, ਸਾਰੀ ਧਰਤੀ ਸਾਜੀ, ਪਾਣੀ ਅੱਗ ਦਾ ਮੇਲ ਕੀਤਾ, ਭਾਵ, ਇਹ ਸਾਰੇ ਵਿਰੋਧੀ ਤੱਤ ਇਕੱਠੇ ਕਰ ਕੇ ਜਗਤ ਦੀ ਰਚਨਾ ਕੀਤੀ। "*ਪਉਣੁ ਉਪਾਇ ਧਰੀ ਸਭ ਧਰਤੀ ਜਲ ਅਗਨੀ ਕਾ ਬੰਧੁ ਕੀਆ ॥ (੩੫੦)*"। ਹਾਈਡਰੋਜਨ ਧਮਾਕੇ ਨਾਲ ਬਲਦੀ ਹੈ, ਔਕਸੀਜ਼ਨ ਬਲਣ ਵਿਚ ਸਹਾਇਤਾ ਕਰਦੀ ਹੈ, ਪਰ ਦੋਹਾਂ ਦੇ ਮੇਲ ਨਾਲ ਬਣਿਆ ਪਾਣੀ ਅੱਗ ਨੂੰ ਬੁਝਾਉਂਦਾ ਹੈ। ਗੁਰੂ ਸਾਹਿਬ ਨੇ ਕਈ ਸਾਲ ਪਹਿਲਾਂ ਦੱਸ ਦਿਤਾ ਸੀ, ਕਿ ਸਰੀਰਕ ਜੀਵਨ ਦਾ ਆਧਾਰ ਹਵਾ ਹੈ ਅਤੇ ਆਤਮਿਕ ਜੀਵਨ ਦਾ ਆਧਾਰ ਗੁਰੂ ਹੈ।

ਗੁਰੂ ਸਾਹਿਬ ਨੇ ਜਿਥੇ ਸੂਤਕੁ ਦਾ ਭਰਮ ਦੂਰ ਕੀਤਾ, ਉਥੇ ਇਹ ਵੀ ਸਮਝਾ ਦਿਤਾ ਹੈ ਕਿ ਜਿਤਨੇ ਵੀ ਅੰਨ ਦੇ ਦਾਣੇ ਹਨ, ਉਨ੍ਹਾਂ ਅੰਦਰ ਜੀਵ ਜੰਤੂ ਰਹਿੰਦੇ ਹਨ। ਜੀਵਨ ਦਾ ਆਧਾਰ ਪਾਣੀ ਹੈ, ਜਿਸ ਸਦਕਾ ਸਾਰੇ ਜੀਵ ਜੰਤੂ ਤੇ ਹਰਿਆਵਲ ਕਾਇਮ ਹੈ। ਇਸ ਸਬਦ ਵਿਚ ਗੁਰੂ ਸਾਹਿਬ ਨੇ ਸਾਇੰਸ ਦੀ ਇਹ ਅਸਲੀਅਤ ਵੀ ਸਮਝਾ ਦਿਤੀ ਕਿ ਪਾਣੀ, ਲੱਕੜੀ ਤੇ ਅੰਨ ਦੇ ਹਰੇਕ ਦਾਣੇ ਵਿਚ ਅੰਦਰ ਜੀਵ ਜੰਤੂ ਰਹਿੰਦੇ ਹਨ।

*ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥ ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥ (੪੭੨-੪੭੩)*

{੬} ਸਾਇੰਸ ਇਹ ਨਹੀਂ ਦੱਸ ਸਕਦੀ ਕਿ ਅੰਡਾ ਕਿਦਾਂ ਬਣਿਆ ਤੇ ਮੁਰਗੀ ਕਿੰਦਾਂ। ਕੌਣ ਸਾਹ ਲੈਂਣ ਦੀ ਸ਼ਕਤੀ ਦਿੰਦਾਂ ਹੈ, ਜੀਵ ਕਿਸ ਤਰ੍ਹਾਂ ਪੈਦਾ ਹੁੰਦਾ ਹੈ, ਕਿਸ ਤਰ੍ਹਾਂ ਤੇ ਕਿਉਂ ਖਾਂਦਾ ਹੈ ਤੇ ਵੱਡਾ ਹੁੰਦਾ ਹੈ। ਗੁਰਮਤਿ ਅਨੁਸਾਰ ਸਭ ਕੁਝ ਅਕਾਲ ਪੁਰਖੁ ਤੋਂ ਆਰੰਭ ਹੁੰਦਾ ਹੈ, ਤੇ ਉਸ ਦੇ ਬਣਾਏ ਹੋਏ ਹੁਕਮੁ ਅਨੁਸਾਰ ਹੁੰਦਾ ਹੈ। ਅਕਾਲ ਪੁਰਖੁ ਨੇ ਆਪ ਹੀ ਆਪਣੇ ਆਪ ਨੂੰ ਸਾਜਿਆ, ਤੇ ਆਪ ਹੀ ਆਪਣਾ ਨਾਮਣਾ ਬਣਾਇਆ। ਫਿਰ, ਉਸ ਨੇ ਕੁਦਰਤ ਰਚੀ ਤੇ ਉਸ ਵਿਚ ਆਸਣ ਜਮਾ ਕੇ, ਭਾਵ, ਕੁਦਰਤ ਵਿਚ ਵਿਆਪਕ ਹੋ ਕੇ, ਇਸ ਜਗਤ ਦਾ ਆਪ ਤਮਾਸ਼ਾ ਵੇਖਣ ਲੱਗ ਪਿਆ। ਅਕਾਲ ਪੁਰਖ ਆਪ ਹੀ ਜੀਵਾਂ ਨੂੰ ਦਾਤਾਂ ਦੇਣ ਵਾਲਾ ਹੈ ਤੇ ਆਪ ਹੀ ਇਨ੍ਹਾਂ ਨੂੰ ਸਾਜਣ ਵਾਲਾ ਹੈ। ਆਪ ਹੀ ਤ੍ਰੁੱਠ ਕੇ ਜੀਵਾਂ ਨੂੰ ਦਿੰਦਾ ਹੈ ਤੇ ਬਖ਼ਸ਼ਸ਼ ਕਰਦਾ ਹੈ। ਉਹ ਸਭਨਾਂ ਜੀਆਂ ਦਾ ਜਾਣਨਹਾਰ ਹੈ। ਜਿੰਦ ਅਤੇ ਸਰੀਰ ਦੇ ਕੇ ਆਪ ਹੀ ਲੈ ਲੈਂਦਾ ਹੈ, ਭਾਵ, ਆਪ ਹੀ ਜਿੰਦ ਤੇ ਸਰੀਰ ਦਿੰਦਾ ਹੈਂ, ਆਪ ਹੀ ਮੁੜ ਵਾਪਸ ਲੈ ਲੈਂਦਾ ਹੈ। ਅਕਾਲ ਪੁਰਖ ਆਪਣੀ ਬਣਾਈ ਹੋਈ ਕੁਦਰਤ ਵਿਚ ਆਪਣਾ ਆਸਣ ਜਮਾ ਕੇ ਇਹ ਸਾਰਾ ਜਗਤ ਤਮਾਸ਼ਾ ਵੇਖ ਰਿਹਾ ਹੈ।

*ਪਉੜੀ ॥ ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥ ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥ ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥ ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥ ਕਰਿ ਆਸਣੁ ਡਿਠੋ ਚਾਉ ॥੧॥ (੪੬੩)*

ਅਕਾਲ ਪੁਰਖ ਸਭ ਥਾਈਂ ਵਿਆਪਕ ਹੈ, ਤੇ ਉਸ ਦਾ ਹੁਕਮੁ ਕਥਨ ਨਹੀਂ ਕੀਤਾ ਜਾ ਸਕਦਾ। ਕੋਈ ਦੂਸਰਾ ਅਕਾਲ ਪੁਰਖੁ ਨੂੰ ਪੈਦਾ ਨਹੀਂ ਕਰ ਸਕਦਾ ਹੈ, ਤੇ ਨਾ ਹੀ ਉਹ ਕਿਤੇ ਟਿਕਾਇਆ ਜਾ ਸਕਦਾ ਹੈ। ਸਬਦ ਰੋਸ਼ਨੀ ਦੇਣ ਵਾਲਾ ਹੈ, ਜਿਸ ਦੁਆਰਾ ਜੀਵਨ ਵਿਚ ਚਲਣ ਲਈ ਸੋਝੀ ਪ੍ਰਾਪਤ ਹੁੰਦੀ ਹੈ। ਸਬਦ ਸੁਣ ਸਕਦੇ ਹਾਂ, ਪਰ ਵੇਖ ਨਹੀਂ ਸਕਦੇ, ਇਸੇ ਲਈ ਸਿੱਖ ਧਰਮ ਵਿਚ ਮੂਰਤੀ ਪੂਜਾ ਦਾ ਕੋਈ ਮਹੱਤਵ ਨਹੀਂ ਹੈ। ਗੁਰੂ ਸਾਹਿਬ ਨੇ ਸਾਰਿਆਂ ਦਾ ਮੁੱਖ ਧਰਮ, ਉਸ ਅਕਾਲ ਪੁਰਖੁ ਨੂੰ ਹਰੇਕ ਜੀਵ ਵਿਚ ਵਸਦਾ ਵੇਖਣਾ, ਉਸ ਨੂੰ ਆਪਣੇ ਹਿਰਦੇ ਵਿਚ ਵਸਾਉਂਣਾਂ ਤੇ ਗੁਰਬਾਣੀ ਦੁਆਰਾ ਉਸ ਦੇ ਗੁਣ ਗਾਇਨ ਕਰਨਾ ਦੱਸਿਆ ਹੈ।

*ਥਾਪਿਆ ਨ ਜਾਇ ਕੀਤਾ ਨ ਹੋਇ ॥ ਆਪੇ ਆਪਿ ਨਿਰੰਜਨੁ ਸੋਇ ॥ (੨)*

{੭} ਇਹ ਸਾਰੀ ਸ੍ਰਿਸ਼ਟੀ ਕਿਸ ਨੇ ਪੈਦਾ ਕੀਤੀ ਤੇ ਇਸ ਦੀ ਸੰਭਾਲ ਕੌਣ ਕਰ ਰਿਹਾ ਹੈ, ਇਸ ਦਾ ਉੱਤਰ ਅੱਜ ਦੀ ਸਾਇੰਸ ਨਹੀਂ ਦੇ ਸਕਦੀ। ਸਾਇੰਸ ਸਿਰਫ ਬਿਗ ਬੈਂਗ ਥਿਉਰੀ (Big Bang Theory), ਬਲੈਕ ਹੋਲ (Black hole) ਤੋਂ ਬਣਨਾਂ ਆਦਿ ਦੇ ਅੰਦਾਜੇ ਲਗਾ ਰਹੀ ਹੈ, ਪਰ ਨਿਸਚਿਤ ਤੌਰ ਤੇ ਉੱਤਰ ਕੋਈ ਨਹੀਂ। ਇਹ ਬਲੈਕ ਹੋਲ ਕਿਸ ਤਰ੍ਹਾਂ ਤੇ ਕਿਉਂ ਬਣਿਆ, ਉਸ ਤੋਂ ਸਾਰੀ ਸ੍ਰਿਸ਼ਟੀ ਕਿਸ ਤਰ੍ਹਾਂ ਬਣ ਗਈ? ਕੀ ਅਸੀਂ ਇਸ ਦਾ ਕਾਰਨ ਜਾਣ ਸਕਦੇ ਹਾਂ? ਇਹ ਇਕ ਬਹੁਤ ਮੁਸ਼ਕਲ ਸਵਾਲ ਹੈ, ਅਸੀਂ ਇਸ ਵਾਸਤੇ ਸਿਰਫ ਅੰਦਾਜ਼ੇ ਲਗਾ ਸਕਦੇ ਹਾਂ, ਤੇ ਸਾਇੰਸ ਵੀ ਕਈ ਤਰ੍ਹਾਂ ਦੇ ਅੰਦਾਜ਼ੇ ਆਦਿ ਦੀਆਂ ਗੱਲਾਂ ਕਰ ਰਹੀ ਹੈ। ਨਿਸ਼ਚਤ ਤੌਰ ਤੇ ਅਕਾਲ ਪੁਰਖੁ ਦਾ ਕੋਈ ਨਿਯਮ ਸੀ, ਜਿਸ ਨੇ ਅਨੇਕਾਂ ਖੰਡ ਬ੍ਰਹਿਮੰਡ ਪੈਦਾ ਕਰ ਦਿਤੇ। ਗੁਰੂ ਨਾਨਕ ਸਾਹਿਬ ਨੇ ਜਪੁਜੀ ਸਾਹਿਬ ਵਿਚ ਇਸ ਸ੍ਰਿਸ਼ਟੀ ਦੇ ਪੈਦਾ ਹੋਣ ਬਾਰੇ ਇਹੀ ਕਿਹਾ ਹੈ ਕਿ ਅਕਾਲ ਪੁਰਖ ਨੇ ਆਪਣੇ ਇਕੋ ਹੁਕਮੁ ਨਾਲ ਸਾਰਾ ਸੰਸਾਰ ਬਣਾ ਦਿੱਤਾ, ਉਸ ਦੇ ਹੁਕਮੁ ਨਾਲ ਹੀ ਜ਼ਿੰਦਗੀ ਦੇ ਲੱਖਾਂ ਦਰਿਆ ਬਣ ਗਏ।

ਸਿੱਖ ਧਰਮ ਅਨੁਸਾਰ ਪੂਰੀ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਵੀ ਅਕਾਲ ਪੁਰਖੁ ਆਪ ਹੀ ਹੈ। ਇਸ ਜਗਤ ਦੀ ਰਚਨਾ ਤੋਂ ਪਹਿਲਾਂ ਬੇਅੰਤ ਸਮਾਂ ਅਕਾਲ ਪੁਰਖੁ ਨੇ ਸ੍ਰਿਸ਼ਟੀ ਦੀ ਅਜਿਹੀ ਹਾਲਤ ਬਣਾਈ ਰੱਖੀ ਸੀ, ਜੋ ਕਿ ਮਨੁੱਖ ਦੀ ਸਮਝ ਤੋਂ ਬਹੁਤ ਪਰੇ ਹੈ। ਉਹ ਹਾਲਤ ਕਿਸ ਤਰ੍ਹਾਂ ਦੀ ਸੀ, ਉਸ ਗੁਬਾਰ ਬਾਰੇ ਕੋਈ ਜੀਵ ਕੁਝ ਵੀ ਨਹੀਂ ਕਹਿ ਸਕਦਾ, ਤੇ ਨਾ ਹੀ ਕੋਈ ਜੀਵ ਬਿਆਨ ਕਰ ਸਕਦਾ ਹੈ। ਸਿਰਫ ਅਕਾਲ ਪੁਰਖੁ ਆਪ ਹੀ ਜਾਣਦਾ ਕਿ ਅਸਲੀਅਤ ਕੀ ਸੀ। ਅਕਾਲ ਪੁਰਖੁ ਨੇ ਆਪ ਸਾਰੀ ਸ੍ਰਿਸ਼ਟੀ ਪੈਦਾ ਕੀਤੀ, ਤੇ ਇਹ ਜਗਤ ਦਾ ਸਾਰਾ ਖੇਲ ਤਮਾਸ਼ਾ ਆਪ ਹੀ ਰਚਿਆ ਹੈ, ਇਹ ਸਭ ਉਸ ਦੀ ਹੀ ਵਡਿਆਈ ਹੈ। ਵੱਖ ਵੱਖ ਕਿਸਮ ਦੇ ਇਹ ਸਾਰੇ ਜੀਵਾਂ ਨੂੰ ਅਕਾਲ ਪੁਰਖੁ ਆਪ ਹੀ ਬਣਾਉਂਦਾ ਹੈ, ਤੇ ਆਪ ਹੀ ਨਾਸ ਕਰ ਕੇ, ਫਿਰ ਹੋਰ ਆਪ ਹੀ ਪੈਦਾ ਕਰਦਾ ਹੈ। ਹਰੇਕ ਸਰੀਰ ਵਿਚ ਅਕਾਲ ਪੁਰਖੁ ਦਾ ਬਣਾਇਆ ਹੋਇਆ ਸੁਆਸ, ਪਉਣ (ਹਵਾ, ਆਕਸੀਜਨ) ਦੀ ਸਹਾਇਤਾ ਨਾਲ ਚੱਲ ਰਿਹਾ

ਹੈ। ਜਿਸ ਮਨੁੱਖ ਨੂੰ ਪੂਰੇ ਗੁਰੂ ਪਾਸੋਂ ਇਹ ਸਮਝ ਆ ਗਈ, ਉਹ ਮਨੁੱਖ ਗੁਰੂ ਦੇ ਸ਼ਬਦ ਵਿਚ ਜੁੜ ਕੇ ਇਸ ਜਗਤ ਦੇ ਤਮਾਸ਼ੇ ਵਿਚ ਨਿਰਲੇਪ ਰਹਿੰਦਾ ਹੈ, ਤੇ ਸਦਾ ਥਿਰ ਅਕਾਲ ਪੁਰਖੁ ਨਾਲ ਆਪਣਾ ਮਨ ਜੋੜੀ ਰੱਖਦਾ ਹੈ।

*ਮਾਰੂ ਮਹਲਾ ੩ ॥ ਜੁਗ ਛਤੀਹ ਕੀਓ ਗੁਬਾਰਾ ॥ ਤੂ ਆਪੇ ਜਾਣਹਿ ਸਿਰਜਣਹਾਰਾ ॥ ਹੋਰ ਕਿਆ ਕੋ ਕਹੈ ਕਿ ਆਖਿ ਵਖਾਣੈ ਤੂ ਆਪੇ ਕੀਮਤਿ ਪਾਇਦਾ ॥੧॥ ਓਅੰਕਾਰਿ ਸਭ ਸ੍ਰਿਸਟਿ ਉਪਾਈ ॥ ਸਭੁ ਖੇਲੁ ਤਮਾਸਾ ਤੇਰੀ ਵਡਿਆਈ ॥ ਆਪੇ ਵੇਕ ਕਰੇ ਸਭਿ ਸਾਚਾ ਆਪੇ ਭੰਨਿ ਘੜਾਇਦਾ ॥੨॥ (੧੦੬੧)*

ਗੁਰਬਾਣੀ ਅਨੁਸਾਰ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਅਕਾਲ ਪੁਰਖ ਆਪ ਹੀ ਹੈ, ਤੇ ਉਸ ਨੇ ਬਿਨਾ ਕਿਸੇ ਉਚੇਚੇ ਜਤਨ ਦੇ, ਆਪਣੇ ਹੁਕਮੁ ਰਾਹੀਂ ਇਹ ਸਾਰੀ ਸ੍ਰਿਸ਼ਟੀ ਪੈਦਾ ਕਰ ਦਿੱਤੀ ਹੈ। ਇਸ ਜਗਤ ਨੂੰ ਪੈਦਾ ਕਰਕੇ, ਉਹ ਆਪਣੀ ਵਡਿਆਈ ਆਪ ਹੀ ਵੇਖ ਰਿਹਾ ਹੈ। ਅਕਾਲ ਪੁਰਖੁ ਆਪ ਹੀ ਸਭ ਕੁਝ ਕਰ ਰਿਹਾ ਹੈ, ਤੇ ਜੀਵਾਂ ਪਾਸੋਂ ਆਪ ਹੀ ਆਪਣੇ ਹੁਕਮੁ ਅਨੁਸਾਰ ਕਰਵਾ ਰਿਹਾ ਹੈ, ਤੇ ਉਹ ਆਪਣੀ ਰਜ਼ਾ ਅਨੁਸਾਰ ਸਾਰੀ ਸ੍ਰਿਸ਼ਟੀ ਵਿਚ ਆਪ ਹੀ ਵਿਆਪਕ ਹੈ।

*ਹੁਕਮੀ ਸਹਜੇ ਸ੍ਰਿਸਟਿ ਉਪਾਈ ॥ ਕਰਿ ਕਰਿ ਵੇਖੈ ਅਪਣੀ ਵਡਿਆਈ ॥ ਆਪੇ ਕਰੇ ਕਰਾਏ ਆਪੇ ਹੁਕਮੇ ਰਹਿਆ ਸਮਾਈ ਹੇ ॥੧॥ (੧੦੪੩, ੧੦੪੪)*

{੮} ਬਿਗ ਬੈਂਗ ਸਿਧਾਂਤ ਅਨੁਸਾਰ ਅੱਜਕਲ ਦੀ ਸਾਇੰਸ ਦੀਆਂ ਖੋਜਾਂ ਇਹੀ ਦਰਸਾਉਂਦੀਆਂ ਹਨ ਕਿ ਸ੍ਰਿਸ਼ਟੀ ਦਾ ਕੋਈ ਆਰੰਭ ਜਰੂਰ ਸੀ। ਸਟੈਂਡਰਡ ਥਿਊਰੀ (Standard theory) ਅਨੁਸਾਰ ਕੁਦਰਤ ਇਕ ਇਕਾਈ (Singularity ) ਤੋਂ ਲਗਭਗ ੧੩.੭ ਅਰਬ (13.7 billion) ਸਾਲ ਪਹਿਲਾਂ ਆਰੰਭ ਹੋਈ। ਇਹ ਇਕਾਈ (Singularity ) ਕੀ ਹੈ, ਕਿਸ ਤਰ੍ਹਾਂ ਪੈਦਾ ਹੋਈ, ਇਹ ਕੋਈ ਨਹੀਂ ਦੱਸ ਸਕਦਾ, ਇਥੇ ਭੌਤਿਕ ਵਿਗਿਆਨ (Physics) ਦੇ ਆਮ ਨਿਯਮ ਲਾਗੂ ਨਹੀਂ ਹੁੰਦੇ ਹਨ। ਇਹ ਬਲੈਕ ਹੋਲ ਦੇ ਕੇਂਦਰ ਵਿਚ ਸਥਿਤ ਕਹੀ ਜਾਂਦੀ ਹੈ। ਜਿਸ ਦੀ ਘਨਤਾ (Density) ਅਮਿਤ ਹੈ, ਬਹੁਤ ਜਿਆਦਾ ਹੈ ਜਿਸ ਦਾ ਅਨੁਮਾਨ ਨਹੀਂ ਲਗਾਇਆ ਜਾ ਸਕਦਾ ਹੈ। ਇਹ ਬਿਗ ਬੈਂਗ ਨਾਲ ਆਰੰਭ ਹੋਈ ਤੇ ਫੈਲਦੀ ਗਈ ਤੇ ਨਾਲੋ ਨਾਲ ਠੰਡੀ ਹੁੰਦੀ ਗਈ। ਇਹ ਅੱਜ ਵੀ ਹੋਰ ਫੈਲ ਰਹੀ ਹੈ ਤੇ ਨਾਲੋ ਨਾਲ ਠੰਡੀ ਹੋ ਰਹੀ ਹੈ। ਇਸ ਇਕਾਈ ਤੋਂ ਪਹਿਲਾਂ ਕੋਈ ਪੁਲਾੜ, ਸਮਾਂ, ਪਦਾਰਥ ਜਾਂ ਊਰਜਾ ਕੁਝ ਵੀ ਨਹੀਂ ਸੀ (Prior to the singularity, nothing existed, not space, time, matter, or energy)। ਹੁਬਲ ਨਿਯਮ (Hubble's Law) ਅਨੁਸਾਰ ਗਲੈਕਸੀਆਂ ਸਾਡੇ ਤੋਂ ਦੂਰ ਜਾ ਰਹੀਆਂ ਹਨ। ਗਲੈਕਸੀਆਂ ਦੇ ਫੈਲਣ ਦੀ ਇਹ ਖੋਜ਼ ਇਹੀ ਦੱਸਦੀ ਹੈ, ਕਿ ਕੁਦਰਤ ਪਹਿਲਾ ਇਕ ਇਕਾਈ ਦੀ ਤਰ੍ਹਾਂ ਸੀ।

ਸਟੈਂਡਰਡ ਮਾਡਲ ਅਨੁਸਾਰ ਹਿਗਜ਼ ਬੋਸੋਨ (Higgs Boson) ਇਕ ਮੁਢਲਾ ਪਾਰਟੀਕਲ ਹੈ। ਹੋਰ ਸਭ ਮੁਢਲੇ ਪਾਰਟੀਕਲ ਤਜਰਬਿਆਂ ਤੇ ਖੋਜਾਂ ਨਾਲ ਲੱਭੇ ਜਾ ਚੁਕੇ ਹਨ, ਹਿਗਜ਼ ਬੋਸੋਨ ਨੂੰ ਪੈਦਾ ਕਰਨਾ ਤੇ ਵੇਖਣਾਂ (detect) ਬਹੁਤ ਮੁਸ਼ਕਲ ਹੈ। ਜੇ ਕਰ ਇਸ ਮੁਢਲੇ ਪਾਰਟੀਕਲ ਦਾ ਠੋਸ ਸਬੂਤ ਮਿਲ ਗਿਆ ਤਾਂ ਕੁਦਰਤ ਦੇ ਰਹਸਿਅ ਨੂੰ ਸਮਝਣਾ ਆਸਾਨ ਹੋ ਜਾਵੇਗਾ। ਸਰਨ (CERN) ਵਿਚ ਇਕ ਬਹੁਤ ਵੱਡੇ ਹੈਡਰੌਨ ਕੋਲਾਇਡਰ (Large Hadron Collider) ਨਾਲ ਤਜੱਰਬੇ ਕੀਤੇ ਜਾ ਰਹੇ ਹਨ।

ਅੱਜ ਕੱਲ ਦੀ ਸਾਇੰਸ ਤਾਂ ਵੈਕੀਊਮ, ਬਲੈਕ ਹੋਲ ਜਾਂ ਇਕਾਈ (Vacuum, Black hole, Singularity) ਦੀਆਂ ਗੱਲਾਂ ਕਰਦੀ ਹੈ। ਪਰੰਤੂ ਗੁਰਬਾਣੀ ਅਨੁਸਾਰ ਅਕਾਲ ਪੁਰਖੁ ਨੇ ਇਹ ਕੁਦਰਤ ਸੁੰਨ ਤੋਂ ਪੈਦਾ ਕੀਤੀ। ਅਕਾਲ ਪੁਰਖੁ ਤੋਂ ਪਰੇ ਹੋਰ ਕੁਝ ਵੀ ਨਹੀਂ ਤੇ ਉਹ ਨਿਰੋਲ ਆਪ ਹੀ ਆਪ ਹੈ, ਤੇ ਆਪਣੀ ਤਾਕਤ ਆਪ ਹੀ ਬਣਾਈ ਹੋਈ ਹੈ। ਉਸ ਅਕਾਲ ਪੁਰਖੁ ਨੂੰ ਕਿਸੇ ਹੋਰ ਆਸਰੇ ਦੀ ਲੋੜ ਨਹੀਂ, ਉਹ ਅਪਰ ਅਪਾਰ ਅਕਾਲ ਪੁਰਖੁ ਆਪਣੇ ਸਹਾਰੇ ਆਪ ਹੀ ਹੈ, ਅਕਾਲ ਪੁਰਖੁ ਦੇ ਆਪਣੇ ਆਪ ਤੋਂ ਬਿਨਾ ਹੋਰ ਕੁਝ ਵੀ ਨਹੀਂ। ਅਕਾਲ ਪੁਰਖੁ ਸੁੰਨ ਅਵਸਥਾ ਵੀ ਆਪ ਹੀ ਪੈਦਾ ਕਰਦਾ ਹੈ, ਤੇ ਆਪ ਹੀ ਆਪਣੀ ਕੁਦਰਤ ਰਚ ਕੇ ਵੇਖਦਾ ਹੈ। ਅਕਾਲ ਪੁਰਖੁ ਆਪ ਹੀ ਸੁੰਨ ਅਵਸਥਾ ਤੋਂ ਹਵਾ, ਪਾਣੀ ਆਦਿਕ ਤੱਤ ਪੈਦਾ ਕਰਦਾ ਹੈ। ਆਪ ਹੀ ਸੁੰਨ ਅਵਸਥਾ ਤੋਂ ਸ੍ਰਿਸ਼ਟੀ ਪੈਦਾ ਕਰ ਕੇ, ਆਪਣੇ ਆਪ ਤੋਂ ਆਪ ਹੀ ਅਨੇਕਾਂ ਸਰੀਰ ਤੇ ਸਰੀਰਕ ਕਿਲ੍ਹਿਆਂ ਦੇ ਰਾਜੇ, ਭਾਵ ਜੀਵ ਪੈਦਾ ਕਰਦਾ ਹੈ। ਅੱਗ, ਪਾਣੀ ਆਦਿਕ ਤੱਤਾਂ ਨਾਲ ਬਣੇ ਹੋਏ ਅਨੇਕਾਂ ਸਰੀਰ ਤੇ ਉਨ੍ਹਾਂ ਸਰੀਰਾਂ ਵਿਚਲੀ ਜੀਵ ਆਤਮਾ ਵੀ ਅਕਾਲ ਪੁਰਖੁ ਦੀ ਹੀ ਜੋਤਿ ਹੈ। ਅਕਾਲ ਪੁਰਖੁ ਆਪਣੇ ਆਪ ਵਿਚ ਆਪਣੀ ਸ਼ਕਤੀ ਟਿਕਾਈ ਰੱਖਦਾ ਹੈ। ਜੀਵਾਂ ਦੇ ਪੰਜ ਗਿਆਨ ਇੰਦ੍ਰੇ, ਮਨ ਤੇ ਬੁਧੀ, ਇਹ ਸੱਤੇ (੫+੨) ਸਰੋਵਰ ਵੀ ਅਕਾਲ ਪੁਰਖੁ ਨੇ ਆਪਣੇ ਆਪੇ ਤੋਂ ਹੀ ਬਣਾਏ ਹਨ। ਜਿਸ ਅਕਾਲ ਪੁਰਖੁ ਨੇ ਜੀਵ ਪੈਦਾ ਕੀਤੇ ਹਨ, ਉਹ ਆਪ ਹੀ ਉਨ੍ਹਾਂ ਨੂੰ ਸੰਭਾਲਦਾ ਹੈ ਤੇ ਆਪਣੇ ਵੀਚਾਰ ਮੰਡਲ ਵਿਚ ਰੱਖਦਾ ਹੈ।

*ਮਾਰੂ ਮਹਲਾ ੧ ॥ ਸੁੰਨ ਕਲਾ ਅਪਰੰਪਰਿ ਧਾਰੀ ॥ ਆਪਿ ਨਿਰਾਲਮੁ ਅਪਰ ਅਪਾਰੀ ॥ ਆਪੇ ਕੁਦਰਤਿ ਕਰਿ ਕਰਿ ਦੇਖੈ ਸੁੰਨਹੁ ਸੁੰਨੁ ਉਪਾਇਦਾ ॥੧॥ ਪਉਣੁ ਪਾਣੀ ਸੁੰਨੈ ਤੇ ਸਾਜੇ ॥ ਸ੍ਰਿਸਟਿ ਉਪਾਇ ਕਾਇਆ ਗੜ ਰਾਜੇ ॥ ਅਗਨਿ ਪਾਣੀ ਜੀਉ ਜੋਤਿ ਤੁਮਾਰੀ ਸੁੰਨੇ ਕਲਾ ਰਹਾਇਦਾ ॥੨॥ (੧੦੩੭, ੧੦੩੮)*

ਅਕਾਲ ਪੁਰਖੁ ਨੇ ਜਦੋਂ ਆਪਣੇ ਆਪ ਨੂੰ ਆਪ ਪਰਗਟ ਕੀਤਾ ਸੀ, ਉਸ ਸਮੇਂ ਤਾਂ ਨਾ ਪਾਣੀ ਸੀ, ਨਾ ਸੋਕਾ ਸੀ ਨਾ ਧਰਤੀ ਸੀ, ਨਾ ਆਕਾਸ਼ ਸੀ, ਨਾ ਬ੍ਰਹਿਮੰਡ ਵਿਚ ਅਨੇਕਾਂ ਤਾਰੇ ਸਨ, ਉਸ ਵੇਲੇ ਅਕਾਲ ਪੁਰਖੁ ਆਪ ਹੀ ਸੁੰਨ ਅਵਸਥਾ ਵਿਚ ਆਪਣੇ ਅੰਦਰ ਸੁਰਤਿ ਜੋੜ ਕੇ ਸਮਾਧੀ ਲਾਈ ਬੈਠਾ ਸੀ, ਇਕੱਲਾ ਆਪ ਹੀ ਆਪਣੇ ਹੁਕਮੁ (ਸਬਦ) ਨੂੰ ਸਮਝਦਾ ਸੀ। ਉਸ ਵੇਲੇ ਨਾ ਇਹ ਮਾਇਆ ਸੀ, ਨਾ ਇਸ ਮਾਇਆ ਦੇ ਪ੍ਰਭਾਵ ਵਿਚ ਮਸਤ ਹੋਏ ਕੋਈ ਜੀਵ ਸਨ, ਨਾ ਕੋਈ ਸੂਰਜ ਸੀ, ਨਾ ਚੰਦ੍ਰਮਾ ਸੀ, ਨਾ ਹੀ ਕੋਈ ਹੋਰ ਜੋਤਿ ਸੀ। ਅਕਾਲ ਪੁਰਖੁ ਦੀ ਸਾਰੇ ਜੀਵਾਂ ਨੂੰ ਵੇਖ ਸਕਣ ਵਾਲੀ ਅੱਖ, ਤਿੰਨਾਂ ਭਵਨਾਂ ਦੀ ਸਾਰ ਲੈ ਸਕਣ ਵਾਲੀ ਨਜ਼ਰ, ਉਸ ਦੇ ਆਪਣੇ ਅੰਦਰ ਟਿਕੀ ਹੋਈ ਸੀ। ਜਦੋਂ ਉਸ ਅਕਾਲ ਪੁਰਖੁ ਨੇ ਹਵਾ ਪਾਣੀ ਅੱਗ ਆਦਿਕ ਤੱਤ ਰਚੇ, ਤਾਂ ਬ੍ਰਹਮਾ ਵਿਸ਼ਨੂੰ ਸ਼ਿਵ ਆਦਿਕ ਦੇ ਵਜੂਦ ਰਚੇ। ਇਹ ਬ੍ਰਹਮਾ ਵਿਸ਼ਨੂੰ ਸ਼ਿਵ ਆਦਿਕ ਸਾਰੇ ਅਕਾਲ ਪੁਰਖੁ ਦੇ ਪੈਦਾ ਕੀਤੇ ਹੋਏ ਜੀਵ ਹਨ, ਜੋ ਉਸ ਦੇ ਦਰ ਦੇ ਮੰਗਤੇ ਹਨ, ਤੇ ਉਹ ਆਪ ਸਭ ਨੂੰ ਦਾਤਾਂ ਦੇਣ ਵਾਲਾ ਹੈ। ਸਰਬ ਕਲਾ ਸਮਰੱਥ ਤੇ ਜਾਨਣਹਾਰ ਅਕਾਲ ਪੁਰਖੁ ਆਪਣੀ ਵੀਚਾਰ ਤੇ ਰਜ਼ਾ ਅਨੁਸਾਰ ਸਭ ਨੂੰ ਦਾਤਾਂ ਦਿੰਦਾ ਹੈ।

*ਸੁੰਨ ਸਮਾਧਿ ਰਹਹਿ ਲਿਵ ਲਾਗੇ ਏਕਾ ਏਕੀ ਸਬਦੁ ਬੀਚਾਰ ॥ ਜਲੁ ਥਲੁ ਧਰਣਿ ਗਗਨੁ ਤਹ ਨਾਹੀ ਆਪੇ ਆਪੁ ਕੀਆ ਕਰਤਾਰ ॥੨॥ ਨਾ ਤਦਿ ਮਾਇਆ ਮਗਨੁ ਨ ਛਾਇਆ ਨਾ ਸੂਰਜ ਚੰਦ ਨ ਜੋਤਿ ਅਪਾਰ ॥ ਸਰਬ ਦ੍ਰਿਸਟਿ ਲੋਚਨ ਅਭ ਅੰਤਰਿ ਏਕਾ ਨਦਰਿ ਸੁ ਤ੍ਰਿਭਵਣ ਸਾਰ ॥੩॥ ਪਵਣੁ ਪਾਣੀ ਅਗਨਿ ਤਿਨਿ ਕੀਆ ਬ੍ਰਹਮਾ ਬਿਸਨੁ ਮਹੇਸ ਅਕਾਰ ॥ ਸਰਬੇ ਜਾਚਿਕ ਤੂੰ ਪ੍ਰਭੁ ਦਾਤਾ ਦਾਤਿ ਕਰੇ ਅਪੁਨੈ ਬੀਚਾਰ ॥੪॥ (੫੦੩, ੫੦੪)*

ਅਕਾਲ ਪੁਰਖੁ ਬੇਅੰਤ ਸਮਾਂ ਗੁਪਤ ਅਵਸਥਾ ਵਿਚ ਹੀ ਰਿਹਾ, ਬੇਅੰਤ ਸਮਾਂ ਉਹ ਸੁੰਨ ਅਵਸਥਾ ਵਿਚ ਟਿਕਿਆ ਰਿਹਾ। ਬੇਅੰਤ ਸਮਾਂ ਇਕ ਐਸੀ ਅਵਸਥਾ ਬਣੀ ਰਹੀ ਜੋ ਜੀਵਾਂ ਦੀ ਸਮਝ ਤੋਂ ਪਰੇ ਹੈ। ਜਿਸ ਤਰ੍ਹਾਂ ਧੁੰਦ ਵਿਚ ਕੁਝ ਦਿਖਾਈ ਨਹੀਂ ਦਿੰਦਾ ਹੈ, ਇਸੇ ਤਰ੍ਹਾਂ ਉਹ ਅਜੇਹੀ ਅਵਸਥਾ ਸੀ ਜੋ ਕਿ ਨਾ ਤਾਂ ਮਨੁੱਖ ਬਿਆਨ ਕਰ ਸਕਦਾ ਹੈ ਤੇ ਨਾ ਹੀ ਸਮਝ ਸਕਦਾ ਹੈ। ਫਿਰ ਅਕਾਲ ਪੁਰਖੁ ਨੇ ਆਪ ਹੀ ਆਪਣੇ ਆਪ ਨੂੰ ਜਗਤ-ਰੂਪ ਵਿਚ ਪਰਗਟ ਕਰ ਲਿਆ।

*ਕੇਤੜਿਆ ਦਿਨ ਗੁਪਤੁ ਕਹਾਇਆ ॥ ਕੇਤੜਿਆ ਦਿਨ ਸੁੰਨਿ ਸਮਾਇਆ ॥ ਕੇਤੜਿਆ ਦਿਨ ਧੁੰਧੂਕਾਰਾ ਆਪੇ ਕਰਤਾ ਪਰਗਟੜਾ ॥੧੨॥ (੧੦੮੧, ੧੦੮੨)*

{੯} ਅਕਾਲ ਪੁਰਖੁ ਦੀ ਬਣਾਈ ਗਈ ਕੁਦਰਤ ਦੀ ਰਚਨਾ ਬਹੁਤ ਹੈਰਾਨ ਕਰਨ ਵਾਲੀ ਹੈ। ਉਹ ਸਭ ਥਾਈਂ ਵਿਆਪਕ ਹੋ ਕੇ ਜੀਵਾਂ ਦੀ ਸੰਭਾਲ ਕਰ ਰਿਹਾ ਹੈ। ਜਿਵੇਂ ਸਭ ਬੂਟਿਆਂ ਵਿਚ ਬਾਹਰ ਤਾਂ ਅੱਗ ਦਿਖਾਈ ਨਹੀਂ ਦਿੰਦੀ ਹੈ, ਪਰ ਸਭ ਬੂਟਿਆਂ ਦੇ ਅੰਦਰ ਅੱਗ ਗੁਪਤ ਰੂਪ ਵਿਚ ਮੌਜੂਦ ਹੈ, ਜਿਵੇਂ ਦੁੱਧ ਨੂੰ ਬਾਹਰੋਂ ਵੇਖਿਆ ਜਾਵੇ ਤਾਂ ਕੋਈ ਘਿਉ ਜਾਂ ਮੱਖਣ ਦਿਖਾਈ ਨਹੀਂ ਦਿੰਦਾ ਹੈ, ਪਰ ਹਰੇਕ ਕਿਸਮ ਦੇ ਦੁੱਧ ਵਿਚ ਘਿਉ ਮੱਖਣ ਗੁਪਤ ਰੂਪ ਵਿਚ ਮੌਜੂਦ ਹੈ, ਇਸੇ ਤਰ੍ਹਾਂ ਅਕਾਲ ਪੁਰਖੁ ਹਰੇਕ ਸਰੀਰ ਵਿਚ ਮੌਜੂਦ ਹੈ ਤੇ ਸਾਰੇ ਜੀਵਾਂ ਵਿਚ ਵਿਆਪਕ ਹੈ, ਤੇ ਸਭ ਥਾਂਈ ਰਮਿਆ ਹੋਇਆ ਹੈ। ਸਬਦ ਗੁਰੂ ਦੀ ਸਹਾਇਤਾ ਦੁਆਰਾ ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਕਰਨ ਨਾਲ ਭਰਮ ਤੇ ਭੁਲੇਖੇ ਦੂਰ ਕੀਤੇ ਜਾ ਸਕਦੇ ਹਨ।

ਅਕਾਲ ਪੁਰਖ ਨੇ ਸਾਰੀ ਰਚਨਾ ਆਪਣੇ ਹੁਕਮੁ ਰੂਪੀ ਧਾਗੇ ਵਿਚ ਪਰੋ ਰੱਖੀ ਹੈ। ਜਿਸ ਤਰ੍ਹਾ ਪੁੱਤਰ ਇਹ ਨਹੀਂ ਜਾਣ ਸਕਦਾ ਹੈ ਕਿ ਪਿਉ ਕਿਸ ਤਰ੍ਹਾਂ ਪੈਦਾ ਹੋਇਆ ਸੀ। ਇਸੇ ਤਰ੍ਹਾਂ ਅਕਾਲ ਪੁਰਖੁ ਦੇ ਰਚੇ ਹੋਏ ਜੀਵ ਇਹ ਨਹੀਂ ਜਾਣ ਸਕਦੇ ਹਨ ਕਿ ਅਕਾਲ ਪੁਰਖੁ ਕਿਸ ਤਰ੍ਹਾਂ ਪੈਦਾ ਹੋਇਆ ਸੀ। ਅਕਾਲ ਪੁਰਖੁ ਨੂੰ ਅੱਖਾਂ ਨਾਲ ਨਹੀਂ ਵੇਖਿਆ ਜਾ ਸਕਦਾ ਪਰੰਤੂ ਉਸ ਦੀ ਰਚਨਾ ਵਿਚੋਂ ਅਨੁਭਵ ਕੀਤਾ ਜਾ ਸਕਦਾ ਹੈ। ਅਕਾਲ ਪੁਰਖੁ ਸਾਰਿਆਂ ਵਿਚ ਨਿਵਾਸ ਰੱਖਣ ਵਾਲਾ ਹੈ, ਪਰ ਉਹ ਮਾਇਆ ਤੋਂ ਨਿਰਲੇਪ ਹੈ।

{੧੦} ਅਕਾਲ ਪੁਰਖੁ ਆਪ ਹੀ ਇਸ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਹੈ ਤੇ ਆਪ ਹੀ ਸਮੇਟਣ ਵਾਲਾ ਹੈ। ਅਕਾਲ ਪੁਰਖੁ ਦੇ ਸਰਗੁਣੁ ਰੂਪ ਵਿਚ ਅਨੇਕਾਂ ਹੀ ਰੂਪ ਦਿੱਸਦੇ ਰਹਿੰਦੇ ਹਨ, ਅਨੇਕਾਂ ਹੀ ਰੂਪ ਨਾਸ ਹੁੰਦੇ ਰਹਿੰਦੇ ਹਨ। ਇਹ ਕੋਈ ਨਹੀਂ ਦੱਸ ਸਕਦਾ, ਕਿ ਜੀਵ ਕਿੱਥੋਂ ਆਇਆ ਸੀ, ਤੇ, ਕਿੱਥੇ ਚਲਾ ਜਾਂਦਾ ਹੈ। ਅਕਾਲ ਪੁਰਖੁ ਆਪਣੇ ਨਿਰਗੁਣੁ ਸਰੂਪ ਵਿਚ ਕਿਸੇ ਨੂੰ ਦਿਖਾਈ ਨਹੀਂ ਦਿੰਦਾਂ ਹੈ, ਉਹ ਨਾਸ ਰਹਿਤ ਹੈ, ਤੇ ਉਸ ਦਾ ਕਦੇ ਅੰਤ ਨਹੀਂ ਹੁੰਦਾ ਹੈ।

ਸ੍ਰਿਸ਼ਟੀ ਦੀ ਰਚਨਾ ਹੋਣ ਤੋਂ ਪਹਿਲਾਂ, ਅਕਾਲ ਪੁਰਖੁ ਸਿਰਫ ਇਕੱਲਾ ਆਪ ਹੀ ਸੀ, ਤੇ ਉਸ ਨੇ ਹੀ ਇਹ ਸਾਰੀ ਸ੍ਰਿਸ਼ਟੀ ਪੈਦਾ ਕੀਤੀ ਹੈ ਅਤੇ ਆਪਣੀ ਪੈਦਾ ਕੀਤੀ ਹੋਈ ਸ੍ਰਿਸ਼ਟੀ ਵਿਚ ਆਪ ਹੀ ਵਿਆਪਕ ਹੈ। ਜੇ ਉਸ ਦੀ ਰਜ਼ਾ ਹੋਵੇ ਤਾਂ ਜਗਤ ਦਾ ਪਸਾਰਾ ਕਰ ਦਿੰਦਾ ਹੈ, ਜੇ ਭਾਵੇ ਤਾਂ ਫਿਰ ਸਾਰੀ ਸ੍ਰਿਸ਼ਟੀ ਨੂੰ ਸਮੇਟ ਕੇ ਇਕ ਆਪ ਹੀ ਆਪ ਹੋ ਜਾਂਦਾ ਹੈ। ਅਕਾਲ ਪੁਰਖੁ ਨੇ ਕਈ ਤਰੀਕਿਆਂ ਨਾਲ ਜਗਤ ਦੀ ਰਚਨਾ ਕੀਤੀ ਹੈ ਤੇ ਕਈ ਵਾਰੀ ਜਗਤ ਦੀ ਰਚਨਾ ਕੀਤੀ ਹੈ। ਫਿਰ ਇਸ ਨੂੰ ਸਮੇਟ ਕੇ ਇਕ ਆਪ

ਹੀ ਆਪ ਹੋ ਜਾਂਦਾ ਹੈ। ਅਕਾਲ ਪੁਰਖੁ ਦਾ ਅੰਤ ਕੋਈ ਮਨੁੱਖ ਨਹੀਂ ਜਾਣਦਾ ਹੈ, ਕਿਉਂਕਿ ਉਸ ਅਕਾਲ ਪੁਰਖੁ ਵਰਗਾ ਉਹ ਆਪ ਹੀ ਆਪ ਹੈ।

{੧੧} ਕੁਦਰਤ ਅਨੁਸਾਰ ਇਹ ਧਰਤੀ ਅਜੇਹਾ ਗ੍ਰਹਿ ਹੈ ਜਿਥੇ ਪਾਣੀ ਮਿਲਦਾ ਹੈ, ਜਿਸ ਕਰਕੇ ਜੀਵਨ ਸੰਭਵ ਹੈ। ਧਰਤੀ ਉਪਰ ਅਨੇਕਾ ਜੀਵ ਪੈਦਾ ਹੁੰਦੇ ਹਨ ਤੇ ਧਰਤੀ ਵਿਚ ਹੀ ਸਮਾ ਜਾਂਦੇ ਹਨ। ਪਰ ਅਸਲੀਅਤ ਇਹ ਹੈ ਕਿ ਨਾ ਕੁਝ ਜੰਮਦਾ ਹੈ ਤੇ ਨਾ ਕੁਝ ਮਰਦਾ ਹੈ, ***"ਨਹ ਕਿਛੁ ਜਨਮੈ ਨਹ ਕਿਛੁ ਮਰੈ ॥ ਆਪਨ ਚਲਿਤੁ ਆਪ ਹੀ ਕਰੈ ॥ ੨)"***। ਇਹ ਜਨਮ ਮਰਣ ਦਾ ਚਕਰ ਤਾਂ ਅਕਾਲ ਪੁਰਖੁ ਆਪ ਹੀ ਕਰ ਰਿਹਾ ਹੈ। ਮਨੁੱਖਾ ਸਰੀਰ ਜੋ ਕਿ ਪਾਣੀ, ਹਵਾ, ਤੇ ਧਰਤੀ ਦੀ ਮਿੱਟੀ ਵਿਚ ਪੈਦਾ ਹੋਇਆ, ਤੇ ਪਦਾਰਥਾਂ ਨਾਲ ਵਧਿਆ ਫੁਲਿਆ ਸੀ, ਇਕ ਦਿਨ ਇਸ ਧਰਤੀ ਦੀ ਮਿੱਟੀ ਵਿਚ ਮਿਲ ਜਾਂਦਾ ਹੈ। ਜੀਵਾਤਮਾ ਅਕਾਲ ਪੁਰਖੁ ਦੀ ਸਰਬ ਵਿਆਪਕ ਜੋਤਿ ਨਾਲ ਜਾ ਰਲਦਾ ਹੈ। ਜੀਵਾਤਮਾ ਅਤੇ ਸਰੀਰ ਦਾ ਮਿਲਾਪ ਤਾਂ ਇਕ ਸੁਪਨੇ ਵਾਂਗ ਹੈ, ਇਹ ਅਖ਼ੀਰ ਵਿਚ ਸੁਪਨੇ ਦੀ ਤਰ੍ਹਾਂ ਬੀਤ ਜਾਂਦਾ ਹੈ। ਉਸ ਅਕਾਲ ਪੁਰਖੁ ਦੇ ਕਦੇ ਖ਼ਤਮ ਨਾ ਹੋਣ ਵਾਲੇ ਹੁਕਮੁ ਵਿਚ ਹੀ ਜੀਵ ਇਥੇ ਆਉਂਦੇ ਰਹਿੰਦੇ ਹਨ ਤੇ ਇਥੋਂ ਚਲੇ ਜਾਂਦੇ ਹਨ। ਜਿਵੇਂ ਪਾਣੀ ਤੋਂ ਬੁਲਬੁਲਾ ਸਦਾ ਪੈਦਾ ਹੁੰਦਾ ਅਤੇ ਨਾਸ ਹੁੰਦਾ ਰਹਿੰਦਾ ਹੈ, ਤਿਵੇਂ ਹੀ ਅਕਾਲ ਪੁਰਖੁ ਨੇ ਜਗਤ ਦੀ ਇਹ ਖੇਡ ਬਣਾਈ ਹੋਈ ਹੈ। ਅਕਾਲ ਪੁਰਖੁ ਗੁਰੂ ਰਾਹੀਂ ਜੀਵ ਦੇ ਹਿਰਦੇ ਵਿਚ ਪਰਗਟ ਹੁੰਦਾ ਹੈ, ਤੇ ਜਿਸ ਦੇ ਅੰਦਰ ਪਰਗਟ ਹੁੰਦਾ ਹੈ, ਉਸ ਨੂੰ ਇਹ ਸਮਝ ਆ ਜਾਂਦੀ ਹੈ ਕਿ ਅਕਾਲ ਪੁਰਖੁ ਆਪ ਹੀ ਜੀਵ ਰੂਪ ਹੋ ਕੇ ਜਗਤ ਵਿਚ ਆਉਂਦਾ ਹੈ ਤੇ ਫਿਰ ਚਲਾ ਜਾਂਦਾ ਹੈ। ਜਿਹੜਾ ਮਨੁੱਖ ਪੂਰੇ ਗੁਰੂ ਦੀ, ਪੂਰੀ ਬਾਣੀ ਰਾਹੀਂ ਪੂਰਨ ਅਕਾਲ ਪੁਰਖੁ ਦੀ ਯਾਦ ਵਿਚ ਜੁੜਦਾ ਹੈ, ਉਹ ਉਸ ਵਿਚ ਸਮਾਇਆ ਰਹਿੰਦਾ ਹੈ ਤੇ ਆਪਣਾ ਮਨੁੱਖਾ ਜੀਵਨ ਸਫਲ ਕਰ ਲੈਂਦਾ ਹੈ।

{੧੨} ਅੱਜ ਦੇ ਯੁਗ ਵਿਚ ਸਾਇੰਸ ਨੇ ਬਹੁਤ ਤਰੱਕੀ ਕੀਤੀ ਹੈ, ੧੧੮ ਦੇ ਕਰੀਬ ਤੱਤਾਂ (Elements) ਦੀ ਖੋਜ ਕੀਤੀ ਹੈ, ਤੇ ਇਨ੍ਹਾਂ ਦੇ ਮੇਲ ਨਾਲ ਬਣੇ ਹੋਏ ਅਨੇਕਾਂ ਜੋੜ (Compound) ਬਣਾਏ ਹਨ। ਸਾਇੰਸ ਜੀਵਾਂ ਅਤੇ ਪਦਾਰਥਾਂ ਦੀ ਜਾਣਕਾਰੀ ਤਾਂ ਦੱਸਦੀ ਹੈ। ਪਰੰਤੂ ਇਹ ਨਹੀਂ ਦੱਸ ਸਕਦੀ ਕਿ ਪਦਾਰਥ ਕਿਸ ਤਰ੍ਹਾਂ ਪੈਦਾ ਹੋਇਆ, ਜੀਵ ਕਿਸ ਤਰ੍ਹਾਂ ਬਣੇ, ਚੇਤਨਾਂ ਕਿਸ ਤਰ੍ਹਾਂ ਪੈਦਾ ਹੋਈ, ਜੀਵਾਂ ਦੀ ਉਤਪਤੀ ਕਿਸ ਤਰ੍ਹਾਂ ਹੁੰਦੀ ਹੈ? ਜਿਹੜੇ ਜੀਵ ਅਕਾਲ ਪੁਰਖੁ ਨੇ ਚਟਾਨਾਂ ਤੇ ਪੱਥਰਾਂ ਵਿਚ ਪੈਦਾ ਕੀਤੇ ਹਨ, ਉਨ੍ਹਾਂ ਦਾ ਰਿਜ਼ਕ ਵੀ ਉਸ ਨੇ ਉਨ੍ਹਾਂ ਨੂੰ ਪੈਦਾ ਕਰਨ ਤੋਂ ਪਹਿਲਾਂ ਹੀ ਬਣਾ ਕੇ ਰਖਿਆ ਹੈ। ਅਸਲ ਵਿਚ ਅਕਾਲ ਪੁਰਖੁ ਆਪ ਹੀ ਸਭ ਦਾ ਪਿਤਾ, ਮਾਤਾ, ਭਰਾ ਤੇ ਰਿਸ਼ਤੇਦਾਰ ਹੈ, ਸਭ ਦਾ ਆਧਾਰ ਤੇ ਸਹਾਰਾ ਵੀ ਉਹ ਅਕਾਲ ਪੁਰਖੁ ਆਪ ਹੀ ਹੈ। ਜਗਤ ਵਿਚ ਜੋ ਕੁਝ ਵੀ ਹੋ ਰਿਹਾ ਹੈ, ਉਹ ਸਭ ਅਕਾਲ ਪੁਰਖੁ ਦਾ ਕੀਤਾ ਹੀ ਹੋ ਰਿਹਾ ਹੈ, ਜੀਵ ਦਾ ਇਸ ਵਿਚ ਆਪਣਾ ਕੋਈ ਜੋਰ ਨਹੀਂ ਚੱਲ ਸਕਦਾ।

***ਜੀਅ ਜੰਤ ਸਭਿ ਤੁਧੁ ਉਪਾਏ ॥ ਜਿਤੁ ਜਿਤੁ ਭਾਣਾ ਤਿਤੁ ਤਿਤੁ ਲਾਏ ॥ ਸਭ ਕਿਛੁ ਕੀਤਾ ਤੇਰਾ ਹੋਵੈ ਨਾਹੀ ਕਿਛੁ ਅਸਾੜਾ ਜੀਉ ॥੩॥ (੧੦੩)***

ਇਸ ਜਗਤ ਵਿਚ ਜੋ ਕੁਝ ਹੈ ਤੇ ਜੋ ਕੁਝ ਹੋ ਰਿਹਾ ਹੈ, ਉਹ ਸਭ ਅਕਾਲ ਪੁਰਖ ਦੇ ਹੁਕਮੁ ਤੇ ਰਜ਼ਾ ਅਨੁਸਾਰ ਹੋ ਰਿਹਾ ਹੈ। ਜਗਤ ਦੇ ਸਾਰੇ ਭਾਗ ਜਿਨ੍ਹਾਂ ਵਿਚ ਅਨੇਕਾਂ ਚੰਦਰਮੇਂ, ਧਰਤੀਆਂ, ਸੂਰਜ, ਤਾਰੇ ਤੇ ਗਲੈਕਸੀਆਂ ਸ਼ਾਮਲ ਹਨ, ਉਹ ਸਭ ਅਕਾਲ ਪੁਰਖੁ ਦੇ ਟਿਕਾਏ ਹੋਏ ਹਨ। ਅਕਾਲ ਪੁਰਖੁ ਦੇ ਨਾਮੁ[{ਕ੦੧}] ਤੋਂ ਸਭ ਕੁਝ ਹੁੰਦਾ ਹੈ, ਪਰੰਤੂ ਗੁਰੂ ਦੀ ਸਰਨ ਵਿਚ ਆਉਂਣ ਤੋਂ ਬਿਨਾ ਨਾਮੁ ਦੀ ਸਮਝ ਨਹੀਂ ਆਉਂਦੀ ਤੇ ਨਾ ਹੀ ਕਦਰ ਕਰਨੀ ਆਉਂਦੀ ਹੈ। ਗੁਰੂ ਦਾ ਸ਼ਬਦ ਵੱਡੇ ਰਸ ਵਾਲਾ ਹੈ, ਮਿੱਠਾ ਹੈ, ਪਰੰਤੂ ਜਿਨ੍ਹਾਂ ਚਿਰ ਇਸ ਨੂੰ ਚੱਖਿਆ ਨਾ ਜਾਏ, ਇਸ ਦੇ ਸੁਆਦ ਦਾ ਪਤਾ ਨਹੀਂ ਲੱਗ ਸਕਦਾ। ਗੁਰੂ ਸਾਹਿਬ ਦਾ ਮੰਤਵ ਸਿਰਫ ਸਾਇੰਸ ਪੜ੍ਹਾਉਣ ਦਾ ਨਹੀਂ ਸੀ, ਬਲਕਿ ਸੁਲਝੇ ਹੋਏ ਢੰਗ ਨਾਲ ਜੀਵਨ ਜਾਚ ਸਿਖਾਉਂਣ ਦਾ ਸੀ ਤਾਂ ਜੋ ਅਸੀਂ ਭਰਮਾਂ ਤੇ ਭੁਲੇਖਿਆਂ ਵਿਚੋਂ ਨਿਕਲ ਕੇ ਜੀਵਨ ਦਾ ਸਹੀ ਮਾਰਗ ਪਹਿਚਾਨਣ ਦੀ ਜਾਚ ਸਿੱਖ ਸਕੀਏ।

***ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥ ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥ ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥ ਨਾਮ ਕੇ ਧਾਰੇ ਆਗਾਸ ਪਾਤਾਲ ॥ ਨਾਮ ਕੇ ਧਾਰੇ ਸਗਲ ਆਕਾਰ ॥ ਨਾਮ ਕੇ ਧਾਰੇ ਪੁਰੀਆ ਸਭ ਭਵਨ ॥ ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥ ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥ ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥੫॥ (੨੮੪)***

ਅਕਾਲ ਪੁਰਖੁ ਨੇ ਇਸ ਜਗਤ ਵਿਚ ਕੋਈ ਜੀਵ ਕਿਸੇ ਦੂਜੇ ਵਰਗਾ ਨਹੀਂ ਬਣਾਇਆ। ਸਾਇੰਸ ਨੂੰ ਹੁਣ ਤਕ ਸਿਰਫ ਡੀ.ਐਂਨ.ਏ. (D.N.A.) ਤਕ ਹੀ ਪਤਾ ਲੱਗਾ ਹੈ, ਕਿ ਹਰੇਕ ਜੀਵ ਦੇ ਡੀ.ਐਂਨ.ਏ. ਇਕ ਦੂਸਰੇ ਤੋਂ ਵੱਖਰੇ ਹਨ। ਇਸ ਤੋਂ ਕੁਝ ਹੋਰ ਵੀ ਡੂੰਘਾ ਹੋ ਸਕਦਾ ਹੈ, ਜਿਨ੍ਹਾਂ ਕਰਕੇ ਹਰੇਕ ਜੀਵ ਦੂਸਰੇ ਤੋਂ ਭਿੰਨ ਹੈ। ਜਿਸ ਅਕਾਲ ਪੁਰਖ ਨੇ ਕਈ ਰੰਗਾਂ, ਕਿਸਮਾਂ ਦੇ

ਜੀਵਾਂ ਤੇ ਪਦਾਰਥਾਂ ਦੀ ਰਚਨਾ ਕੀਤੀ ਹੈ, ਉਹ ਇਸ ਬੇਅੰਤ ਸ੍ਰਿਸ਼ਟੀ ਦੀ ਸੰਭਾਲ ਵੀ ਆਪਣੀ ਰਜ਼ਾ ਅਨੁਸਾਰ ਆਪ ਹੀ ਕਰ ਰਿਹਾ ਹੈ।

{੧੩} ਆਮ ਜੀਵਾਂ ਅਤੇ ਮਨੁੱਖ ਵਿਚ ਇਹੀ ਫਰਕ ਹੈ ਕਿ ਮਨੁੱਖ ਕੋਲ ਬੁਧੀ ਹੈ ਜੋ ਕਿ ਹੋਰ ਜੀਵਾਂ ਕੋਲ ਨਹੀਂ ਹੈ। ਮਨੁੱਖ ਸੋਚ ਸਕਦਾ ਹੈ, ਹੋਰ ਗਿਆਨ ਹਾਸਲ ਕਰ ਸਕਦਾ ਹੈ, ਨਵੀਆਂ ਕਾਢਾਂ ਕੱਢ ਸਕਦਾ ਹੈ, ਦੂਸਰਿਆਂ ਜੀਵਾਂ ਨੂੰ ਆਪਣੇ ਕਾਬੂ ਵਿਚ ਰੱਖ ਸਕਦਾ ਹੈ ਤੇ ਆਪਣੇ ਮਤਲਬ ਲਈ ਵਰਤ ਸਕਦਾ ਹੈ। ਮਨੁੱਖ ਨਵੀਆਂ ਚੀਜ਼ਾਂ ਬਣਾ ਸਕਦਾ ਹੈ, ਉਨ੍ਹਾਂ ਤੇ ਆਪਣਾ ਕਬਜਾ ਕਰ ਸਕਦਾ ਹੈ, ਅਦਲਾ ਬਦਲੀ ਤੇ ਹੇਰਾਫੇਰੀ ਕਰ ਸਕਦਾ ਹੈ। ਸੱਚ ਜਾਂ ਝੂਠ ਜਾਣ ਸਕਦਾ ਹੈ ਤੇ ਬੋਲ ਸਕਦਾ ਹੈ।

ਗੁਰੂ ਸਾਹਿਬ ਸਮਝਾਂਉਂਦੇ ਹਨ ਕਿ ਜਿਸ ਅਕਾਲ ਪੁਰਖੁ ਨੇ ਤੈਨੂੰ ਇਤਨਾਂ ਕੁਝ ਦਿਤਾ ਹੈ, ਉਸ ਮਾਲਕ ਨੂੰ ਸਦਾ ਆਪਣੇ ਚਿੱਤ ਵਿਚ ਟਿਕਾਈ ਰੱਖ ਤੇ ਆਪਣੇ ਅੰਦਰ ਅਕਾਲ ਪੁਰਖੁ ਵਰਗੇ ਗੁਣ ਪੈਦਾ ਕਰ। ਜਿਹੜਾ ਮਨੁੱਖ ਇਸ ਮਨੁੱਖਾ ਜਨਮ ਦਾ ਮੰਤਵ ਤੇ ਫਰਜ਼ ਨਹੀਂ ਸਮਝਦਾ, ਉਹ ਆਪਣਾ ਜੀਵਨ ਵਿਅਰਥ ਗਵਾ ਲੈਂਦਾ ਹੈ ਤੇ ਦੁਖ ਭੋਗਦਾ ਹੈ। ਪੰਛੀਆਂ ਤੇ ਜਾਨਵਰਾਂ ਨੂੰ ਤਾਂ ਅਕਾਲ ਪੁਰਖੁ ਤੇ ਭਰੋਸਾ ਹੈ ਕਿ ਰਿਜਕ ਮਿਲ ਜਾਵੇਗਾ, ਪਰੰਤੂ ਮਨੁੱਖ ਨੂੰ ਨਹੀਂ। ਇਸੇ ਲਈ ਜਿਆਦਾ ਤਰ ਲੋਕ ਧਨ ਇਕੱਠਾ ਕਰਨ ਵਿਚ ਆਪਣਾ ਸਾਰਾ ਜੀਵਨ ਵਿਅਰਥ ਗਵਾ ਦਿੰਦੇ ਹਨ।

ਕਾਮ ਕ੍ਰੋਧ ਲੋਭ ਮੋਹ ਤੇ ਹੰਕਾਰ ਮਨੁੱਖ ਦੇ ਦੁਖਾਂ ਦਾ ਕਾਰਨ ਬਣਦੇ ਹਨ। ਇਸ ਲਈ ਬਿਬੇਕ ਬੁਧੀ ਦੀ ਲੋੜ ਹੈ, ਜਿਸ ਨਾਲ ਮਨੁੱਖ ਇਨ੍ਹਾਂ ਪੰਜ ਵਿਕਾਰਾਂ ਦਾ ਗੁਲਾਮ ਬਣਨ ਦੀ ਬਜਾਏ, ਇਨ੍ਹਾਂ ਨੂੰ ਆਪਣੇ ਆਤਮਿਕ ਤੇ ਮਾਨਸਿਕ ਵਿਕਾਸ ਲਈ ਵਰਤੇ। ਗੁਰੂ ਦੇ ਸ਼ਬਦ ਦੁਆਰਾ ਇਹ ਮਨ ਸ੍ਰੇਸ਼ਟ ਮੋਤੀ ਬਣ ਸਕਦਾ ਹੈ, ਕਿਉਂਕਿ ਸ਼ਬਦ ਦੀ ਬਰਕਤ ਨਾਲ ਨਾਮੁ ਹੀਰੇ ਦੀ ਕਦਰ ਤੇ ਕੀਮਤ ਦੀ ਸਮਝ ਪੈ ਜਾਂਦੀ ਹੈ।

*ਬਿਬੇਕ ਬੁਧਿ ਸਤਿਗੁਰ ਤੇ ਪਾਈ ਗੁਰ ਗਿਆਨੁ ਗੁਰੂ ਪ੍ਰਭ ਕੇਰਾ ॥ ਜਨ ਨਾਨਕ ਨਾਮੁ ਗੁਰੂ ਤੇ ਪਾਇਆ ਧੁਰਿ ਮਸਤਕਿ ਭਾਗੁ ਲਿਖੇਰਾ ॥੪॥੧॥ (੭੧੧)*

ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ ਚੰਗੇ ਮੰਦੇ ਕਰਮ ਦੀ ਪਰਖ ਕਰ ਸਕਣ ਵਾਲੀ ਅਕਲ ਹਾਸਲ ਕਰ ਲੈਂਦੇ ਹਨ, ਅਕਾਲ ਪੁਰਖੁ ਦੇ ਗੁਣਾਂ ਨੂੰ ਆਪਣੇ ਮਨ ਵਿਚ ਵਸਾ ਲੈਂਦੇ ਹਨ, ਤੇ ਗੁਰੂ ਦੇ ਸ਼ਬਦ ਦੀ ਬਰਕਤਿ ਨਾਲ ਅਕਾਲ ਪੁਰਖੁ ਦੇ ਗੁਣਾਂ ਨੂੰ ਸਦਾ ਹਰ ਸਮੇਂ ਯਾਦ ਕਰਦੇ ਰਹਿੰਦੇ ਹਨ। ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ ਉਠਦੇ, ਬੈਠਦੇ ਹਮੇਸ਼ਾਂ ਅਕਾਲ ਪੁਰਖੁ ਦਾ ਨਾਮੁ ਆਪਣੇ ਚਿਤ ਵਿਚ ਰੱਖਦੇ ਹਨ।

*ਬਿਬੇਕ ਬੁਧਿ ਬੀਚਾਰਿ ਗੁਰਮੁਖਿ ਗੁਰ ਸਬਦਿ ਖਿਨੁ ਖਿਨੁ ਹਰਿ ਨਿਤ ਚਵੇ ॥ (੧੧੧੪)*

{੧੪} ਪੁਰਾਤਨ ਲਿਖਤਾ ਵਿਚ ਸ੍ਰਿਸ਼ਟੀ ਦੀ ਉਤਪੱਤੀ ਦੇ ਚਾਰ ਤਰੀਕੇ (੪ ਖਾਣੀਆਂ) ਮੰਨੀਆਂ ਗਈਆਂ ਹਨ, ਅੰਡਜ ਜੇਰਜ ਸੇਤਜ ਉਤਭੁਜ। ਪਰੰਤੂ ਗੁਰੂ ਸਾਹਿਬਾਂ ਨੇ ਆਪਣੇ ਆਪ ਨੂੰ ੪ ਖਾਣੀਆਂ ਤਕ ਸੀਮਿਤ ਨਹੀਂ ਰੱਖਿਆ, ਬਲਕਿ ਕਈ ਪ੍ਰਕਾਰ ਦੀਆਂ ਖਾਣੀਆਂ ਬਾਰੇ ਕਿਹਾ ਹੈ। "*ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ॥ ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥ (੭)*"। ਅੱਜ ਦੀ ਸਾਇੰਸ ਇਨ੍ਹਾਂ ਚਾਰ ਖਾਣੀਆਂ ਵਾਂਗੂ ਜੀਵਾਂ ਦੀ ਉਤਪਤੀ ਦਾ ਵਰਗੀਕਰਨ ਨਹੀਂ ਕਰਦੀ ਹੈ। ਸਾਇੰਸ ਅਨੁਸਾਰ ਮੁਢਲੇ ਤੌਰ ਤੇ ੨ ਤਰੀਕਿਆਂ ਨਾਲ ਉਤਪਤੀ ਹੁੰਦੀ ਹੈ, ਸੈਕਸੂਅਲ (Sexual) ਤੇ ਏਸੈਕਸੂਅਲ (Asexual)। ਸੈਕਸੂਅਲ ਉਤਪਤੀ ਲਈ ਨਰ ਤੇ ਮਾਦਾ ਦੋਵਾਂ ਦੀ ਜਰੂਰਤ ਹੈ। ਏਸੈਕਸੂਅਲ ਉਤਪਤੀ ਲਈ ਦੋ ਜਾਣਿਆਂ ਦੀ ਜਰੂਰਤ ਨਹੀਂ ਹੈ। ਉਤਪਤੀ ਦੇ ਇਨ੍ਹਾਂ ਦੋਵੇ ਤਰੀਕਿਆਂ ਦੀਆਂ ਕਈ ਹੋਰ ਕਿਸਮਾਂ ਹਨ। ਇਸ ਲਈ ਸਾਇੰਸ ਅਨੁਸਾਰ ਵੀ ਉਤਪਤੀ ਦੀਆਂ ਅਨੇਕ ਪ੍ਰਕਾਰ ਦੀਆਂ ਕਿਸਮਾਂ ਹਨ।

ਧਰਤੀ ਦੇ ਨੌ ਖੰਡ ਤੇ ਚਾਰ ਖਾਣੀਆਂ ਕਹੀਆਂ ਜਾਂਦੀਆਂ ਹਨ, ਪਰ ਕੁਦਰਤ ਵਿਚ ਕਰੋੜਾਂ ਹੀ ਖੰਡ ਤੇ ਖਾਣੀਆਂ ਹਨ, ਜਿਨ੍ਹਾਂ ਰਾਹੀਂ ਕਰੋੜਾਂ ਹੀ ਜੀਵ ਪੈਦਾ ਹੁੰਦੇ ਹਨ। ਕਰੋੜਾਂ ਹੀ ਆਕਾਸ਼ ਤੇ ਬ੍ਰਹਮੰਡ ਹਨ, ਜਿਨ੍ਹਾਂ ਵਿਚ ਕਰੋੜਾਂ ਹੀ ਜੀਵ ਹਨ ਤੇ ਕਰੋੜਾਂ ਹੀ ਪ੍ਰਾਣੀ ਪੈਦਾ ਹੋ ਰਹੇ ਹਨ। ਅਕਾਲ ਪੁਰਖੁ ਨੇ ਕਈ ਤਰੀਕਿਆਂ ਨਾਲ ਜਗਤ ਦੀ ਰਚਨਾ ਕੀਤੀ ਹੈ ਤੇ ਕਈ ਵਾਰੀ ਜਗਤ ਦੀ ਰਚਨਾ ਕੀਤੀ ਹੈ। ਫਿਰ ਇਸ ਨੂੰ ਸਮੇਟ ਕੇ ਇਕ ਆਪ ਹੀ ਆਪ ਹੋ ਜਾਂਦਾ ਹੈ। ਅਕਾਲ ਪੁਰਖੁ ਨੇ ਕਈ ਕਿਸਮਾਂ ਦੇ ਕਰੋੜਾਂ ਹੀ ਜੀਵ ਪੈਦਾ ਕੀਤੇ ਹੋਏ ਹਨ, ਜੋ ਅਕਾਲ ਪੁਰਖੁ ਤੋਂ ਪੈਦਾ ਹੋ ਕੇ ਫਿਰ ਉਸ ਵਿਚ ਲੀਨ ਹੋ ਜਾਂਦੇ ਹਨ। ਉਸ ਅਕਾਲ ਪੁਰਖੁ ਦਾ ਅੰਤ ਕੋਈ ਮਨੁੱਖ ਨਹੀਂ ਜਾਣਦਾ ਹੈ, ਕਿਉਂਕਿ ਉਸ ਅਕਾਲ ਪੁਰਖੁ ਵਰਗਾ ਉਹ ਆਪ ਹੀ ਆਪ ਹੈ।

*ਕਈ ਕੋਟਿ ਖਾਣੀ ਅਰੁ ਖੰਡ ॥ ਕਈ ਕੋਟਿ ਅਕਾਸ ਬ੍ਰਹਮੰਡ ॥ ਕਈ ਕੋਟਿ ਹੋਏ ਅਵਤਾਰ ॥ ਕਈ ਜੁਗਤਿ ਕੀਨੋ ਬਿਸਥਾਰ ॥ ਕਈ ਬਾਰ ਪਸਰਿਓ ਪਾਸਾਰ ॥ ਸਦਾ ਸਦਾ ਇਕੁ ਏਕੰਕਾਰ ॥ ਕਈ ਕੋਟਿ ਕੀਨੇ ਬਹੁ ਭਾਤਿ ॥ ਪ੍ਰਭ ਤੇ ਹੋਏ ਪ੍ਰਭ ਮਾਹਿ ਸਮਾਤਿ ॥ ਤਾ ਕਾ ਅੰਤੁ ਨ ਜਾਨੈ ਕੋਇ ॥ ਆਪੇ ਆਪਿ ਨਾਨਕ ਪ੍ਰਭੁ ਸੋਇ ॥੭॥ (੨੭੫,੨੭੬)*

ਜਿਸ ਤਰ੍ਹਾਂ ਗੁਰਬਾਣੀ ਅਨੁਸਾਰ ਕੁਦਰਤ ਵਿਚ ਕਰੋੜਾਂ ਹੀ ਖਾਣੀਆਂ ਹਨ, ਇਸੇ ਤਰ੍ਹਾਂ ਸਾਇੰਸ ਅਨੁਸਾਰ ਵੀ ਕਈ ਪ੍ਰਕਾਰ ਦੀਆਂ ਖਾਣੀਆਂ ਮੰਨੀਆਂ ਜਾਂਦੀਆਂ ਹਨ। ਇਸ ਲਈ ਗੁਰਬਾਣੀ ਦਾ ਇਹ ਗਿਆਨ, ਅੱਜ ਦੀ ਸਾਇੰਸ ਨਾਲ ਬਿਲਕੁਲ ਪੂਰੀ ਤਰ੍ਹਾਂ ਮੇਲ ਖਾਂਦਾ ਹੈ, ਕਿ ਅਕਾਲ ਪੁਰਖੁ ਦੀ ਬਣਾਈ ਹੋਈ ਕੁਦਰਤ ਵਿਚ ਅਨੇਕਾਂ ਪ੍ਰਕਾਰ ਦੀਆਂ ਖਾਣੀਆਂ ਹਨ।

{੧੫} ਪੁਰਾਤਨ ਲਿਖਤਾ ਵਿਚ ਆਮ ਤੌਰ ਤੇ ੮੪ ਲੱਖ ਜੂਨਾਂ ਮੰਨੀਆਂ ਜਾਂਦੀਆਂ ਹਨ। ਪਰੰਤੂ ਗੁਰੂ ਸਾਹਿਬਾਂ ਨੇ ਆਪਣੇ ਆਪ ਨੂੰ ੮੪ ਲੱਖ ਜੂਨਾਂ ਤਕ ਸੀਮਿਤ ਨਹੀਂ ਰੱਖਿਆ, ਬਲਕਿ ਕਈ ਕ੍ਰੋੜ ਜੂਨਾਂ ਬਾਰੇ ਕਿਹਾ ਹੈ, ਜਿਨ੍ਹਾਂ ਦੀ ਗਿਣਤੀ ਨਹੀਂ ਹੋ ਸਕਦੀ ਹੈ।

*ਕਈ ਕੋਟਿ ਕੀਏ ਰਤਨ ਸਮੁਦ ॥ ਕਈ ਕੋਟਿ ਨਾਨਾ ਪ੍ਰਕਾਰ ਜੰਤ ॥ (੨੭੬)*

ਕਰੋੜਾਂ ਜੀਵ ਪਾਤਾਲ ਵਿਚ ਵੱਸਣ ਵਾਲੇ ਹਨ ਅਤੇ ਕਰੋੜਾਂ ਹੀ ਨਰਕਾਂ ਤੇ ਸੁਰਗਾਂ ਵਿਚ ਵੱਸਦੇ ਹਨ, ਭਾਵ, ਦੁਖੀ ਜਾਂ ਸੁਖੀ ਹਨ, ਕਰੋੜਾਂ ਜੀਵ ਜੰਮਦੇ ਹਨ ਤੇ ਕਰੋੜਾਂ ਜੀਵ ਕਈ ਜੂਨਾਂ ਵਿਚ ਭਟਕ ਰਹੇ ਹਨ, ਕਰੋੜਾਂ ਜੀਵ ਬੈਠੇ ਹੀ ਖਾਂਦੇ ਹਨ ਅਤੇ ਕਰੋੜਾਂ ਐਸੇ ਹਨ ਜੋ ਰੋਟੀ ਦੀ ਖ਼ਾਤਰ ਮੇਹਨਤ ਕਰਦੇ ਹਨ ਤੇ ਥੱਕ ਟੁੱਟ ਜਾਂਦੇ ਹਨ, ਕਰੋੜਾਂ ਜੀਵ ਅਕਾਲ ਪੁਰਖੁ ਨੇ ਧਨ ਵਾਲੇ ਬਣਾਏ ਹਨ ਅਤੇ ਕਰੋੜਾਂ ਐਸੇ ਹਨ ਜਿਨ੍ਹਾਂ ਨੂੰ ਮਾਇਆ ਦਾ ਫ਼ਿਕਰ ਲੱਗਾ ਹੋਇਆ ਹੈ। ਅਕਾਲ ਪੁਰਖੁ ਜਿਥੇ ਜਿਥੇ ਚਾਹੁੰਦਾ ਹੈ, ਜੀਵਾਂ ਨੂੰ ਓਥੇ ਓਥੇ ਹੀ ਰੱਖਦਾ ਹੈ। ਹਰੇਕ ਜੀਵ ਜਾਂ ਪਦਾਰਥ ਨਾਲ ਵਾਪਰਨ ਵਾਲੀ ਕਿਰਿਆ ਅਕਾਲ ਪੁਰਖੁ ਦੇ ਆਪਣੇ ਹੁਕਮੁ ਅਨੁਸਾਰ ਹੈ ਤੇ ਸਭ ਕੁਝ ਉਸ ਦੇ ਹੱਥ ਵਿਚ ਹੈ।

*ਕਈ ਕੋਟਿ ਪਾਤਾਲ ਕੇ ਵਾਸੀ ॥ ਕਈ ਕੋਟਿ ਨਰਕ ਸੁਰਗ ਨਿਵਾਸੀ ॥ ਕਈ ਕੋਟਿ ਜਨਮਹਿ ਜੀਵਹਿ ਮਰਹਿ ॥ ਕਈ ਕੋਟਿ ਬਹੁ ਜੋਨੀ ਫਿਰਹਿ ॥ ਕਈ ਕੋਟਿ ਬੈਠਤ ਹੀ ਖਾਹਿ ॥ ਕਈ ਕੋਟਿ ਘਾਲਹਿ ਥਕਿ ਪਾਹਿ ॥ ਕਈ ਕੋਟਿ ਕੀਏ ਧਨਵੰਤ ॥ ਕਈ ਕੋਟਿ ਮਾਇਆ ਮਹਿ ਚਿੰਤ ॥ ਜਹ ਜਹ ਭਾਣਾ ਤਹ ਤਹ ਰਾਖੇ ॥ ਨਾਨਕ ਸਭੁ ਕਿਛੁ ਪ੍ਰਭ ਕੈ ਹਾਥੈ ॥੫॥ (੨੭੬)*

{੧੬} ਅੱਜਕਲ ਆਮ ਵੇਖਣ ਵਿਚ ਆਉਂਦਾ ਹੈ ਕਿ ਕਈ ਮਨੁੱਖ ਕਿਸੇ ਦੁਰਘਟਨਾ ਜਾਂ ਬੀਮਾਰੀ ਕਰਕੇ ਕੋਮਾਂ ਵਿਚ ਚਲੇ ਜਾਂਦੇ ਹਨ। ਕਈ ਕਈ ਘੰਟੇ ਜਾਂ ਦਿਨ ਉਸ ਨੂੰ ਕੋਈ ਹੋਸ਼ ਨਹੀਂ ਹੁੰਦੀ ਹੈ। ਉਸ ਨੂੰ ਨਾ ਤਾਂ ਜਗਾਇਆ ਜਾ ਸਕਦਾ ਹੈ ਤੇ ਨਾ ਹੀ ਉਹ ਦਰਦ, ਰੌਸ਼ਨੀ ਜਾਂ ਆਵਾਜ਼ ਦਾ ਪ੍ਰਭਾਵ ਦੱਸ ਸਕਦਾ ਹੈ, ਅਤੇ ਨਾ ਹੀ ਇਨ੍ਹਾਂ ਦਾ ਉਸ ਤੇ ਕੋਈ ਅਸਰ ਹੁੰਦਾ ਹੈ। ਅਕਸਰ ਅਸੀਂ ਵੇਖਦੇ ਹਾਂ ਕਿ ਕੋਮਾਂ ਵਿਚ ਗਿਆ ਹੋਇਆ ਮਰੀਜ਼ ਕਈ ਵਾਰੀ ਫਿਰ ਠੀਕ ਵੀ ਹੋ ਜਾਂਦਾ ਹੈ। ਇਹ ਅਕਾਲ ਪੁਰਖੁ ਦੀ ਰਜ਼ਾ ਹੈ ਕਿ ਉਹ ਚਾਹੇ ਤਾਂ ਦੁਬਾਰਾ ਠੀਕ ਕਰ ਸਕਦਾ ਹੈ, ਜੇ ਚਾਹੇ ਤਾਂ ਉਸ ਦੇ ਸੁਆਸ ਖਤਮ ਕਰ ਸਕਦਾ ਹੈ।

ਵਾਇਰਸ ਵੀ ਜੀਵਨ ਦੀ ਇਕ ਇਸੇ ਤਰ੍ਹਾਂ ਦੀ ਹੀ ਇਕ ਹੋਰ ਉਦਾਹਰਣ ਹੈ। ਵਾਇਰਸ ਇਕ ਛੋਟਾ ਜਿਹਾ ਏਜੈਂਟ ਹੈ, ਜਿਹੜਾ ਕਿ ਦੂਸਰੇ ਜਿਉਂਦੇ ਸੈਲਾਂ ਵਿਚ ਵਧਦਾ ਹੈ। ਇਹ ਨੁਕਸਾਨ ਕਰਨ ਵਾਲੇ ਤੇਜ਼ਾਬ ਬਣਾਉਂਦਾ ਹੈ, ਜਿਸ ਨਾਲ ਸਿਹਤਮੰਦ ਸੈਲ ਬਰਬਾਦ ਹੁੰਦੇ ਹਨ। ਵਾਇਰਸ ਆਮ ਸੈਲਾਂ ਦੀ ਤਰ੍ਹਾਂ ਵਧਦੇ ਹਨ, ਪਰ ਇਨ੍ਹਾਂ ਦੀ ਬਣਤਰ ਸੈਲਾਂ ਵਰਗੀ ਨਹੀਂ ਹੁੰਦੀ। ਇਸ ਲਈ ਕੁਝ ਲੋਕ ਇਸ ਨੂੰ ਜੀਵ ਸਮਝਦੇ ਹਨ ਤੇ ਕੁਝ ਨਹੀਂ। ਵਾਇਰਸ ਜਾਨਵਰਾਂ, ਪੌਦਿਆਂ, ਜਾਂ ਹੋਰ ਕਈ ਤਰ੍ਹਾਂ ਦੇ ਜੀਵਾਂ ਦਾ ਨੁਕਸਾਨ ਕਰ ਸਕਦਾ ਹੈ। ਕਈ ਵਾਇਰਸ ਤਾਂ ਇਤਨੇ ਛੋਟੇ ਹੁੰਦੇ ਹਨ ਕਿ ਆਮ ਖੁਰਦਬੀਨ ਨਾਲ ਨਹੀਂ ਵੇਖੇ ਜਾ ਸਕਦੇ, ਉਨ੍ਹਾਂ ਲਈ ਇਲੈਕਟਰੌਨ ਖੁਰਦਬੀਨ ਵਰਤਣੀ ਪੈਂਦੀ ਹੈ, ਤੇ ਕਈ ਉਸ ਤੋਂ ਵੀ ਛੋਟੇ ਹੁੰਦੇ ਹਨ। ਜਿਥੇ ਵੀ ਕੋਈ ਜੀਵ ਹੈ, ਉਥੇ ਵਾਇਰਸ ਮਿਲਦੇ ਹਨ, ਤੇ ਹੋ ਸਕਦਾ ਹੈ ਜਦੋਂ ਜੀਵਾਂ ਦੇ ਸੈਲ ਬਣੇ ਹੋਣਗੇ, ਇਹ ਵੀ ਉਦੋਂ ਦੇ ਬਣੇ ਹੋਣਗੇ। ਇਨ੍ਹਾਂ ਦੇ ਆਰੰਭ ਬਾਰੇ ਪੂਰੀ ਤਰ੍ਹਾਂ ਪਤਾ ਨਹੀਂ ਕਿਉਂਕਿ ਵਾਇਰਸ ਦੇ ਕੋਈ ਅਵਸ਼ੇਸ਼ (fossils) ਨਹੀਂ ਹੁੰਦੇ।

ਦੁਨੀਆ ਦਾ ਹਰੇਕ ਕਾਰਜ ਅਕਾਲ ਪੁਰਖੁ ਦੇ ਹੁਕਮੁ ਅਨੁਸਾਰ ਹੋ ਰਿਹਾ ਹੈ। ਜੇ ਅਕਾਲ ਪੁਰਖੁ ਨੂੰ ਚੰਗਾ ਲੱਗੇ ਤਾਂ ਮਨੁੱਖ ਨੂੰ ਉੱਚੀ ਆਤਮਕ ਅਵਸਥਾ ਦਿੰਦਾ ਹੈ ਅਤੇ ਪੱਥਰ ਦਿਲ ਵਰਗੇ ਮਨੁੱਖਾਂ ਨੂੰ ਵੀ ਤਾਰ ਦਿੰਦਾ ਹੈ। ਜੇ ਅਕਾਲ ਪੁਰਖੁ ਚਾਹੇ ਤਾਂ ਸੁਆਸਾਂ ਤੋਂ ਬਿਨਾ ਵੀ ਪ੍ਰਾਣੀ ਨੂੰ ਜਿਉਂਦਾ ਰੱਖ ਸਕਦਾ ਹੈ। ਉਸ ਦੀ ਮੇਹਰ ਹੋਵੇ ਤਾਂ ਜੀਵ ਅਕਾਲ ਪੁਰਖੁ ਦੇ ਗੁਣ ਗਾਉਂਦਾ ਹੈ। ਜੇ ਅਕਾਲ ਪੁਰਖ ਦੀ ਰਜ਼ਾ ਹੋਵੇ ਤਾਂ ਗਿਰੇ ਹੋਏ ਚਾਲ ਚਲਨ ਵਾਲਿਆਂ ਨੂੰ ਵਿਕਾਰਾਂ ਤੋਂ ਬਚਾ ਲੈਂਦਾ ਹੈ। ਅਕਾਲ ਪੁਰਖੁ ਜੋ ਕੁਝ ਵੀ ਕਰਦਾ ਹੈ, ਆਪਣੇ ਹੁਕਮੁ ਤੇ ਰਜ਼ਾ ਅਨੁਸਾਰ ਕਰਦਾ ਹੈ। ਅਕਾਲ ਪੁਰਖੁ ਆਪ ਹੀ ਲੋਕ ਤੇ ਪਰਲੋਕ ਦਾ ਮਾਲਕ ਹੈ, ਉਹ ਸਭ ਦੇ ਦਿਲਾਂ ਦੀ ਜਾਣਨ ਵਾਲਾ ਹੈ, ਉਹ ਆਪ ਜਗਤ ਦੀ ਖੇਡ ਖੇਡਦਾ ਹੈ ਤੇ ਆਪ ਹੀ ਇਸ ਨੂੰ ਵੇਖ ਕੇ ਖ਼ੁਸ਼ ਹੁੰਦਾ ਹੈ। ਅਕਾਲ ਪੁਰਖੁ ਨੂੰ

ਜੋ ਚੰਗਾ ਲੱਗਦਾ ਹੈ, ਉਹ ਉਹੀ ਕੰਮ ਕਰਦਾ ਹੈ। ਅਕਾਲ ਪੁਰਖੁ ਤੋਂ ਇਲਾਵਾ ਉਸ ਵਰਗਾ ਹੋਰ ਕੋਈ ਨਹੀਂ ਦਿਸਦਾ ਜੋ ਇਹ ਸਭ ਕੁਝ ਕਰਨ ਦੇ ਸਮਰੱਥ ਹੈ।

*ਪ੍ਰਭ ਭਾਵੈ ਮਾਨੁਖ ਗਤਿ ਪਾਵੈ ॥ ਪ੍ਰਭ ਭਾਵੈ ਤਾ ਪਾਥਰ ਤਰਾਵੈ ॥ ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ ॥ ਪ੍ਰਭ ਭਾਵੈ ਤਾ ਹਰਿ ਗੁਣ ਭਾਖੈ ॥ ਪ੍ਰਭ ਭਾਵੈ ਤਾ ਪਤਿਤ ਉਧਾਰੈ ॥ ਆਪਿ ਕਰੈ ਆਪਨ ਬੀਚਾਰੈ ॥ ਦੁਹਾ ਸਿਰਿਆ ਕਾ ਆਪਿ ਸੁਆਮੀ ॥ ਖੇਲੈ ਬਿਗਸੈ ਅੰਤਰਜਾਮੀ ॥ ਜੋ ਭਾਵੈ ਸੋ ਕਾਰ ਕਰਾਵੈ ॥ ਨਾਨਕ ਦ੍ਰਿਸਟੀ ਅਵਰੁ ਨ ਆਵੈ ॥੭॥ (੨੭੭)*

ਆਮ ਲੋਕਾਂ ਨੂੰ ਇਹ ਬੜੀ ਅਨਹੋਣੀ ਗੱਲ ਲਗਦੀ ਹੈ, ਕਿ ਜੀਵ ਸੁਆਸਾਂ ਤੋਂ ਬਿਨਾ ਕਿਸ ਤਰ੍ਹਾਂ ਜਿਉਂਦਾ ਰਹਿ ਸਕਦਾ ਹੈ। ਪਰੰਤੂ ਗੁਰੂ ਅਰਜਨ ਸਾਹਿਬ ਨੇ ਇਹ ਗੁਰਬਾਣੀ ਵਿਚ ਕਈ ਸਾਲ ਪਹਿਲਾਂ ਅੰਕਿਤ ਕੀਤਾ ਹੈ। ਅੱਜ ਦੀ ਸਇੰਸ ਅਨੁਸਾਰ ਇਹ ਲਿਖਤ ਹੁਣ ਅਨਹੋਣੀ ਨਹੀਂ ਲਗਦੀ। ਹੋ ਸਕਦਾ ਹੈ ਕਿ ਗੁਰੂ ਸਾਹਿਬ ਨੇ ਵਾਇਰਸ ਜਾਂ ਕਿਸੇ ਹੋਰ ਤਰ੍ਹਾਂ ਦੇ ਜੀਵਾਂ ਬਾਰੇ ਕਿਹਾ ਹੋਵੇ ਜੋ ਕਿ ਬਿਨਾਂ ਸਵਾਸ ਦੇ ਜੀਵਤ ਰਹਿ ਸਕਦੇ ਹਨ। ਪੱਥਰ ਕੀ ਹੈ ਤੇ ਜੀਵ ਕੀ ਹੈ। ਜੀਵਨ ਕਿਉਂ ਹੈ ਤੇ ਮੌਤ ਕਿਉਂ ਹੈ। ਇਹ ਸਾਇੰਸ ਨਹੀਂ ਦੱਸ ਸਕਦੀ ਹੈ। ਹੋ ਸਕਦਾ ਹੈ ਕਿ ਇਹ ਭੇਦ ਕਈ ਸਦੀਆਂ ਬਾਅਦ ਪਤਾ ਲੱਗੇ ਕਿ ਸਭ ਵਿਚ ਅਕਾਲ ਪੁਰਖੁ ਹੀ ਹੈ। ਗੁਰੂ ਸਾਹਿਬਾਂ ਨੇ ਸਪੱਸ਼ਟ ਕਰਕੇ ਸਮਝਾ ਦਿੱਤਾ ਹੈ ਕਿ ਜੀਵਨ ਅਕਾਲ ਪੁਰਖੁ ਦੇ ਹੱਥ ਵਿਚ ਉਹ ਚਾਹੇ ਤਾ ਜੀਵ ਨੂੰ ਬਿਨਾ ਸੁਆਸ ਦੇ ਵੀ ਰੱਖ ਸਕਦਾ ਹੈ, ਤੇ ਜਦੋਂ ਚਾਹੇ ਤਾਂ ਆਪਣੇ ਹੁਕਮੁ ਤੇ ਰਜ਼ਾ ਅਨੁਸਾਰ ਜੀਵਨ ਵਿਚ ਵੀ ਬਦਲ ਸਕਦਾ ਹੈ।

{੧੭} ਆਮ ਲੋਕ ਇਹੀ ਸਮਝਦੇ ਹਨ ਕਿ ਪੌਦੇ ਨਿਰਜੀਵ ਹਨ ਤੇ ਉਨ੍ਹਾਂ ਦੀ ਸੋਚ ਜਾਂ ਵਤੀਰਾ ਵੀ ਜੀਵਾਂ ਤੇ ਪੌਦਿਆਂ ਸਬੰਧੀ ਅਕਸਰ ਵੱਖਰਾ ਹੁੰਦਾ ਹੈ। ਸਾਇੰਸ ਦੇ ਅਨੁਸਾਰ ਜਿਹੜੀ ਚੀਜ਼ ਵਧਦੀ ਹੈ ਉਸ ਨੂੰ ਜਿਉਂਦਾ ਗਿਣਿਆ ਜਾਂਦਾ ਹੈ। ਜਿਊਦੀਆਂ ਚੀਜਾਂ ਚਲ ਜਾਂ ਵਧ ਸਕਦੀਆਂ ਹਨ, ਤੇ ਨਿਰਜੀਵ ਚੀਜਾਂ ਉਥੇ ਹੀ ਟਿਕੀਆਂ ਰਹਿੰਦੀਆਂ ਹਨ। ਜਿਊਦੀਆਂ ਚੀਜਾਂ ਨੂੰ ਵਧਣ ਲਈ ਊਰਜਾ ਦੀ ਲੋੜ ਹੈ, ਜਦੋਂ ਕਿ ਨਿਰਜੀਵਾਂ ਨੂੰ ਨਹੀਂ। ਜਿਊਦੀਆਂ ਚੀਜਾਂ ਅਕਸਰ ਸਾਹ ਲੈਂਦੀਆਂ ਹਨ, ਜਦ ਕਿ ਨਿਰਜੀਵ ਨਹੀਂ।

ਪਰੌਸਪੈਰੋ ਅਲਪੀਨੀ (Prospero Alpini) ਨੇ 1580 ਵਿਚ ਦੱਸਿਆ ਕਿ ਪੌਦਿਆਂ ਦੇ ਵੀ ਨਰ ਤੇ ਮਾਦਾ ਹੁੰਦੇ ਹਨ, ਜਿਸ ਤਰ੍ਹਾਂ ਕਿ ਖਜ਼ੂਰ (Date Palm), ਇਨ੍ਹਾਂ ਨੂੰ ਨਰ ਅਤੇ ਮਾਦਾ ਦੇ ਮੇਲ ਨਾਲ ਹੀ ਫਲ ਲਗਦੇ ਹਨ। ਸਰ ਜਗਦੀਸ਼ ਚੰਦਰ ਬੋਸ (1858 - 1937) ਨੇ ਆਪਣੇ ਬਣਾਏ ਹੋਏ ਜੰਤਰ (Crescograph) ਨਾਲ ਵਿਖਾਇਆ ਕਿ ਪੌਦਿਆਂ ਦੇ ਵਾਧੇ ਉਪਰ ਤਾਪਮਾਨ, ਰਸਾਇਣ, ਬਿਜਲੀ ਤੇ ਗੈਸਾਂ ਦਾ ਅਸਰ ਪੈਂਦਾ ਹੈ। ਆਮ ਜਾਨਵਰਾਂ ਦੀ ਤਰ੍ਹਾਂ ਪੌਦਿਆਂ ਦੇ ਵੀ ਟਿਸ਼ੂ ਹੁੰਦੇ ਹਨ ਤੇ ਉਹ ਮਹਿਸੂਸ ਕਰ ਸਕਦੇ ਹਨ। ਵਿਗਿਆਨ ਨੂੰ ਤਾਂ 100 ਸਾਲ ਪਹਿਲਾਂ ਹੀ ਪਤਾ ਲੱਗਾ ਕਿ ਪੌਦੇ ਵੀ ਜੀਵ ਹਨ, ਪਰੰਤੂ ਗੁਰੂ ਨਾਨਕ ਸਾਹਿਬ ਨੇ ਸੂਤਕ ਦਾ ਭਰਮ ਤੋੜਨ ਦੇ ਨਾਲ ਨਾਲ ਗੁਰਬਾਣੀ ਵਿਚ ਕਈ ਸਾਲ ਪਹਿਲਾਂ ਅੰਕਿਤ ਕਰ ਦਿਤਾ ਸੀ, ਕਿ ਸਾਰੇ ਦਾਣਿਆਂ ਵਿਚ ਜੀਵ ਹਨ, ਤੇ ਸਭ ਦੇ ਜੀਵਨ ਦਾ ਆਧਾਰ ਪਾਣੀ ਹੈ।

*ਸਲੋਕੁ ਮਃ ੧ ॥ ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ ॥ ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ ॥ ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥ ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥ ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ ॥ ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ ॥੧॥ (੪੭੨-੪੭੩)*

ਮਾਸ[ਹ੧੯] ਦੇ ਵਿਸ਼ੇ ਸਬੰਧੀ ਗੁਰੂ ਨਾਨਕ ਸਾਹਿਬ ਨੇ ਪੂਰੀ ਤਰਾਂ ਸਪੱਸ਼ਟ ਕਰ ਦਿਤਾ ਸੀ, ਕਿ ਮਾਸ ਤੋਂ ਬਿਨਾ ਮਨੁੱਖ ਦਾ ਕਿਸੇ ਤਰਾਂ ਵੀ ਛੁਟਕਾਰਾ ਨਹੀਂ ਹੋ ਸਕਦਾ। ਮਾਸ ਖਾਣ ਜਾਂ ਨਾ ਖਾਣ ਦਾ ਨਿਰਣਾ ਸਮਝਣ ਦੀ ਬਜਾਏ, ਜੇਕਰ ਸਤਿਗੁਰੂ ਨੂੰ ਮਿਲ ਕੇ ਉਸ ਅਕਾਲ ਪੁਰਖ ਦੇ ਹੁਕਮੁ ਤੇ ਉਸ ਦੀ ਰਜ਼ਾ ਸਮਝੀਏ ਤਾਂ ਜੀਵ ਦਾ ਜਗਤ ਵਿਚ ਆਉਣਾ ਸਫਲ ਹੋ ਸਕਦਾ ਹੈ। ਗੁਰੂ ਸਾਹਿਬ ਨੇ 500 ਸਾਲ ਪਹਿਲਾਂ ਇਹ ਸਚਾਈ ਸਮਝਾਈ ਸੀ, ਕਿ ਮਾਸ ਤੇ ਸਾਗ ਵਿਚ ਕੋਈ ਅੰਤਰ ਨਹੀਂ। ਗੁਰੂ ਗਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਸਪੱਸ਼ਟ ਕਰਦੀ ਹੈ ਕਿ ਜੀਵਨ ਜਾਨਵਰਾਂ ਵਿਚ ਵੀ ਹੈ ਤੇ ਪੌਦਿਆਂ ਵਿਚ ਵੀ ਅਤੇ ਇਨ੍ਹਾਂ ਦੋਵਾਂ ਦਾ ਆਧਾਰ ਪਾਣੀ ਹੈ।

*ਮਃ ੧ ॥ ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ ॥ ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ ॥ (੧੨੮੯)*

{੧੮} ਕੁਦਰਤ (Universe) ਦੀ ਰਚਨਾ ਵਿਚ ਗ੍ਰਹਿ, ਤਾਰੇ, ਗਲੈਕਸੀਆਂ, ਵਿਚਲੀ ਖਾਲੀ ਥਾਂ, ਜੀਵ ਜੰਤੂ, ਪਦਾਰਥ ਤੇ ਉਨ੍ਹਾਂ ਦੇ ਛੋਟੇ ਤੋਂ ਛੋਟੇ ਅੰਸ਼, ਆਦਿ ਸਭ ਕੁਝ ਆ ਜਾਂਦੇ ਹਨ। ਅੱਜ ਦੀ ਸਾਇੰਸ ਅਜੇ ਗਲੈਕਸੀਆਂ ਤਕ ਹੀ ਸਮਝ ਸਕੀ ਹੈ, ਜਿਥੋ ਕਿ ਰੌਸ਼ਨੀ ਹੁਣ ਤਕ ਪਹੁੰਚ ਸਕੀ ਹੈ। ਜਿਸ ਤਰ੍ਹਾਂ ਸਾਇੰਸ ਤਰੱਕੀ ਕਰਦੀ ਗਈ ਨਵੀਆਂ ਥਿਊਰੀਆਂ ਬਣਦੀਆਂ ਗਈਆਂ। ਅੱਜ ਦੀ ਸਾਇੰਸ ਦੇ ਮੁਤਾਬਕ ਕੁਦਰਤ ਦਾ ਰੇਡੀਅਸ ੪੬ ਬਿਲਿਅਨ ਪ੍ਰਕਾਸ਼ ਸਾਲ ਹੈ। ਬਿਗ ਬੈਂਗ ਸਿਧਾਤ ਮੁਤਾਬਕ ਕੁਦਰਤ ੧੩.੮

ਬਿਲਿਅਨ ਸਾਲ ਪਹਿਲਾਂ ਬਣੀ ਸੀ ਤੇ ਇਹ ਫੈਲਦੀ ਜਾ ਰਹੀ ਹੈ। ਹੁਣ ਸਵਾਲ ਪੈਦਾ ਹੁੰਦਾਂ ਹੈ ਕਿ ਇਸ ਬਿਗ ਬੈਂਗ ਤੋਂ ਪਹਿਲਾਂ ਕੀ ਸੀ ਤੇ ਕਿਉਂ ਸੀ। ਇਹ ਅੱਜ ਦੀ ਸਾਇੰਸ ਦੀ ਪਹੁੰਚ ਤੋਂ ਬਾਹਰ ਹੈ।

ਅੱਜ ਦੀ ਸਾਇੰਸ ਅਨੁਸਾਰ ਕੁਦਰਤ, ਆਮ ਪਦਾਰਥ (Ordinary matter = 5%), ਨਾ ਦਿਖਾਈ ਦੇਣ ਵਾਲਾ ਪਦਾਰਥ (Dark matter = 25%) ), ਨਾ ਦਿਖਾਈ ਦੇਣ ਵਾਲੀ ਊਰਜਾ (Dark energy = 70%) ਜਿਹੜੀ ਕਿ ਸੁਨ (Vaccum) ਵਿਚ ਵੀ ਹੋ ਸਕਦੀ ਹੈ, ਦੀ ਬਣੀ ਹੈ। ਅੱਜ ਦੀ ਸਾਇੰਸ ਨੂੰ 95% ਕੁਦਰਤ ਬਾਰੇ ਕੁਝ ਪਤਾ ਨਹੀਂ। ਜਨਰਲ ਰੈਲੇਟਿਵਟੀ (General Relativity) ਦੇ ਅਨੁਸਾਰ, ਕੁਦਰਤ ਪ੍ਰਕਾਸ਼ ਦੀ ਗਤੀ ਤੋਂ ਵੀ ਤੇਜੀ ਨਾਲ ਫੈਲ ਸਕਦੀ ਹੈ, ਇਸ ਲਈ ਕੁਦਰਤ ਦਾ ਅੰਤ ਪਾਣਾਂ ਆਸਾਨ ਨਹੀਂ, ਕਿਉਂਕਿ ਸਾਇੰਸ ਕੋਲ ਅਜੇ ਤਕ ਪ੍ਰਕਾਸ਼ ਦੀ ਗਤੀ ਤੋਂ ਤੇਜ ਮਾਪਣ ਦਾ ਹੋਰ ਕੋਈ ਸਾਧਨ ਨਹੀਂ ਹੈ।

ਅਕਾਲ ਪੁਰਖ ਦੀ ਪੈਦਾ ਕੀਤੀ ਹੋਈ ਸ੍ਰਿਸ਼ਟੀ ਬੇਅੰਤ ਹੈ, ਉਸ ਦੇ ਭੰਡਾਰੇ ਵੀ ਬੇਅੰਤ ਹਨ, ਤੇ ਕਦੀ ਮੁੱਕ ਨਹੀਂ ਸਕਦੇ। ਅਕਾਲ ਪੁਰਖ ਦੇ ਭੰਡਾਰਿਆਂ ਦਾ ਟਿਕਾਣਾ ਹਰੇਕ ਭਵਨ ਵਿਚ ਹੈ, ਭਾਵ, ਸਾਰੀ ਸ੍ਰਿਸ਼ਟੀ ਵਿਚ ਅਕਾਲ ਪੁਰਖ ਦੇ ਭੰਡਾਰੇ ਚਲ ਰਹੇ ਹਨ। ਜੋ ਕੁਝ ਅਕਾਲ ਪੁਰਖ ਨੇ ਉਨ੍ਹਾਂ ਭੰਡਾਰਿਆਂ ਵਿਚ ਪਾਇਆ ਹੈ, ਉਹ ਇਕੋ ਵਾਰੀ ਪਾ ਦਿੱਤਾ ਹੈ, ਭਾਵ, ਉਸ ਦੇ ਭੰਡਾਰੇ ਸਦਾ ਵਾਸਤੇ ਕਾਇਮ ਹਨ ਤੇ ਕਦੀ ਖਤਮ ਹੋਣ ਵਾਲੇ ਨਹੀਂ ਹਨ। ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਅਕਾਲ ਪੁਰਖ, ਜੀਵਾਂ ਨੂੰ ਪੈਦਾ ਕਰ ਕੇ ਉਨ੍ਹਾਂ ਦੀ ਸੰਭਾਲ ਵੀ ਆਪ ਹੀ ਕਰ ਰਿਹਾ ਹੈ। ਸਦਾ ਥਿਰ ਰਹਿਣ ਵਾਲੇ ਅਕਾਲ ਪੁਰਖ ਦੀ ਸ੍ਰਿਸ਼ਟੀ ਦੀ ਸੰਭਾਲ ਵਾਲੀ ਇਹ ਕਾਰ ਸਦਾ ਅਟੱਲ ਹੈ, ਤੇ ਉਸ ਵਿਚ ਕੋਈ ਉਕਾਈ ਨਹੀਂ ਹੁੰਦੀ। ਇਸ ਲਈ ਕੇਵਲ ਉਸ ਅਕਾਲ ਪੁਰਖ ਨੂੰ ਧਿਆਉਣਾਂ ਚਾਹੀਦਾ ਹੈ, ਜੋ ਸਭ ਦਾ ਮੁੱਢ ਹੈ, ਜਿਸ ਦਾ ਸਰੂਪ ਪੂਰਨ ਤੌਰ ਤੇ ਸ਼ੁੱਧ ਹੈ, ਉਸ ਦਾ ਕੋਈ ਮੁੱਢ ਨਹੀਂ ਲੱਭ ਸਕਦਾ, ਉਹ ਨਾਸ ਰਹਿਤ ਹੈ, ਤੇ ਸਦਾ ਇਕੋ ਜਿਹਾ ਰਹਿੰਦਾ ਹੈ। ਆਪਣੇ ਅੰਦਰ ਅਜੇਹੀ ਸੋਚ ਕਾਇਮ ਕਰਨ ਨਾਲ ਉਸ ਅਕਾਲ ਪੁਰਖ ਨਾਲੋਂ ਦੂਰੀ ਮਿਟ ਸਕਦੀ ਹੈ।

***ਆਸਣੁ ਲੋਇ ਲੋਇ ਭੰਡਾਰ ॥ ਜੋ ਕਿਛੁ ਪਾਇਆ ਸੁ ਏਕਾ ਵਾਰ ॥ ਕਰਿ ਕਰਿ ਵੇਖੈ ਸਿਰਜਣਹਾਰੁ*** *॥ ਨਾਨਕ ਸਚੇ ਕੀ ਸਾਚੀ ਕਾਰ ॥ ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੩੧॥ (੭)*

{੧੯} ਜਦੋਂ ਵੀ ਕਿਸੇ ਜੀਵ ਦਾ ਸਾਹ ਲੈਣਾਂ, ਸਰੀਰ ਦੀ ਹਰਕਤ ਜਾਂ ਹੋਰ ਕਿਰਿਆਵਾਂ ਬੰਦ ਹੋ ਜਾਂਦੀਆਂ ਹਨ ਤਾਂ ਉਸ ਨੂੰ ਮਰਿਆ ਕਿਹਾ ਜਾਂਦਾ ਹੈ। ਜੀਵ ਦੇ ਸੈਲ, ਟਿਸ਼ੂ, ਅੰਗ ਕੰਮ ਕਰਨਾ ਬੰਦ ਕਰ ਦਿੰਦੇ ਹਨ, ਤੇ ਜੀਵ ਦਾ ਸਰੀਰਕ ਵਾਧਾ ਜਾਂ ਤਬਦੀਲੀਆਂ ਹੋਣੀਆਂ ਵੀ ਬੰਦ ਹੋ ਜਾਂਦੀਆਂ ਹਨ। ਜਿਆਦਾ ਤਰ ਮੌਤਾਂ ਬੁਢਾਪੇ (biological aging) ਕਰਕੇ ਹੁੰਦੀਆਂ ਹਨ, ਜਾਂ ਕਿਸੇ ਬੀਮਾਰੀ, ਕਤਲ, ਘਟਨਾ, ਆਤਮ ਹੱਤਿਆ, ਆਦਿ ਨਾਲ ਵੀ ਹੋ ਸਕਦੀਆਂ ਹਨ। ਜਦੋਂ ਮਨੁੱਖ ਦੇ ਦਿਲ ਦੀ ਧੜਕਣ ਜਾਂ ਦਿਮਾਗ ਕੰਮ ਕਰਨਾ ਬੰਦ ਕਰ ਦਿੰਦੇ ਹਨ ਤਾਂ ਉਸ ਨੂੰ ਮਰਿਆ ਕਿਹਾ ਜਾਂਦਾ ਹੈ। ਮਰਨ ਤੋਂ ਬਾਅਦ ਸਰੀਰ ਗਲ ਸੜ ਕੇ ਤੇ ਅਖੀਰ ਮਿੱਟੀ ਵਿਚ ਮਿਲ ਜਾਂਦਾ ਹੈ।

ਮਰਨ ਤੋਂ ਬਾਅਦ ਜੀਵ ਆਤਮਾ ਕਿਥੇ ਜਾਂਦੀ ਹੈ, ਇਸ ਬਾਰੇ ਸਾਇੰਸ ਕੁਝ ਨਹੀਂ ਕਹਿ ਸਕਦੀ। ਵੱਖ ਵੱਖ ਧਰਮਾਂ ਦੀ ਆਪਣੀ ਆਪਣੀ ਰਾਏ ਹੈ। ਮਨ ਦੀ ਸੋਚ, ਚੇਤਨਾਂ, ਸਖਸ਼ੀਅਤ, ਸਹਿਣਸ਼ੀਲਤਾ, ਮਹਿਸੂਸ ਕਰਨਾ, ਆਦਿ ਸਭ ਦਿਮਾਗ ਕਰਕੇ ਹੁੰਦੇ ਹਨ। ਦਿਮਾਗ ਦੀ ਮੌਤ ਤੋਂ ਬਾਅਦ ਇਹ ਸਭ ਤੇ ਬਾਕੀ ਅੰਗ ਹੌਲੀ ਹੌਲੀ ਕੰਮ ਕਰਨਾ ਬੰਦ ਕਰ ਦਿੰਦੇ ਹਨ। ਜੇ ਕਰ ਦਿਲ ਦੀ ਧੜਕਣ ਬੰਦ ਹੋ ਜਾਵੇ ਤਾਂ ਉਸ ਤੋਂ ਕੁਝ ਸਮੇਂ ਬਾਅਦ, ਔਕਸੀਜਨ ਨਾ ਮਿਲਣ ਕਰਕੇ ਦਿਮਾਗ ਦੀ ਮੌਤ ਵੀ ਹੋ ਜਾਂਦੀ ਹੈ।

ਅਕਾਲ ਪੁਰਖ ਦੀ ਬਣਾਈ ਹੋਈ ਇਹ ਕੁਦਰਤ ਬਹੁਤ ਅਸਚਰਜ ਹੈ, ਜੋ ਕਿ ਉਸ ਦੇ ਹੁਕਮੁ ਤੇ ਰਜ਼ਾ ਅਨੁਸਾਰ ਚਲ ਰਹੀ ਹੈ। ਜੋ ਵੀ ਜੀਵ ਇਸ ਦੁਨੀਆ ਵਿਚ ਆਇਆ ਹੈ, ਉਸ ਨੇ ਇਕ ਦਿਨ ਮਰਨਾ ਹੈ। ਪਰ ਫਿਰ ਵੀ ਲੋਕ ਸਮਝਦੇ ਹਨ, ਕਿ ਉਹ ਇਥੇ ਸਦਾ ਲਈ ਰਹਿ ਸਕਣਗੇ, ਲੋਕ ਅਕਾਲ ਪੁਰਖ ਦੇ ਨਾਮੁ ਨੂੰ ਵਿਸਾਰ ਕੇ ਵਿਕਾਰਾਂ ਵਿਚ ਫਸ ਜਾਂਦੇ ਹਨ।

***ਮਰਣੁ ਲਿਖਾਇ ਮੰਡਲ ਮਹਿ ਆਏ ਜੀਵਣੁ ਸਾਜਹਿ ਮਾਈ ॥ ਏਕਿ ਚਲੇ ਹਮ ਦੇਖਹ ਸੁਆਮੀ ਭਾਹਿ ਬਲੰਤੀ ਆਈ ॥੩॥*** *(੮੭੬)*

ਅਕਾਲ ਪੁਰਖ ਨੇ ਆਪ ਹੀ ਇਹ ਸ੍ਰਿਸ਼ਟੀ ਰਚੀ ਹੈ, ਤੇ ਇਸ ਵਿਚ ਜਿੰਦ ਰੂਪੀ ਸੱਤਿਆ ਵੀ ਆਪ ਹੀ ਪਾਈ ਹੈ। ਚੰਗੇ ਮੰਦੇ ਜੀਵਾਂ ਨੂੰ ਪੈਦਾ ਕਰ ਕੇ, ਉਨ੍ਹਾਂ ਦੀ ਸੰਭਾਲ ਵੀ ਉਹ ਆਪ ਹੀ ਕਰ ਰਿਹਾ ਹੈ। ਹਰੇਕ ਜੀਵ ਜੋ ਵੀ ਇਸ ਦੁਨੀਆ ਵਿਚ ਪੈਦਾ ਹੁੰਦਾ ਹੈ, ਉਸ ਨੇ ਇਕ ਦਿਨ ਮਰ ਜਾਣਾ ਹੈ, ਤੇ ਇਸ ਦੁਨੀਆ ਤੋਂ ਕੂਚ ਕਰਨ ਦੀ ਵਾਰੀ ਹਰੇਕ ਜੀਵ ਦੀ ਆਪਣੇ ਆਪਣੇ ਮਿਥੇ ਸਮੇਂ ਅਨੁਸਾਰ ਆਉਂਣੀ ਹੈ। ਜਿਸ ਅਕਾਲ ਪੁਰਖ ਦੇ ਦਿੱਤੇ ਹੋਏ, ਇਹ ਜਿੰਦ ਤੇ ਪ੍ਰਾਣ ਹਨ, ਉਸ ਮਾਲਕ ਨੂੰ ਆਪਣੇ ਮਨ ਤੋਂ ਕਦੇ ਭੁਲਾਣਾ ਨਹੀਂ ਚਾਹੀਦਾ। ਜਿਤਨਾ ਚਿਰ ਇਹ ਜਿੰਦ ਤੇ ਪ੍ਰਾਣ ਮਿਲੇ ਹੋਏ ਹਨ, ਉੱਦਮ ਕਰ ਕੇ ਆਪਣੇ ਹੱਥਾਂ ਨਾਲ ਆਪਣਾ ਕਾਰਜ ਆਪ ਸੁਆਰਨਾ ਚਾਹੀਦਾ ਹੈ, ਕਿਉਂਕਿ, ਇਹ ਮਨੁੱਖਾ ਜਨਮ ਅਕਾਲ ਪੁਰਖ ਦੇ ਹੁਕਮੁ ਅਨੁਸਾਰ ਚਲ ਕੇ ਸਫਲ ਕਰਨ ਲਈ ਮਿਲਿਆ ਹੈ।

*ਪਉੜੀ ॥ ਆਪੇ ਹੀ ਕਰਣਾ ਕੀਓ ਕਲ ਆਪੇ ਹੀ ਤੈ ਧਾਰੀਐ ॥ ਦੇਖਹਿ ਕੀਤਾ ਆਪਣਾ ਧਰਿ ਕਚੀ ਪਕੀ ਸਾਰੀਐ ॥ ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ ॥ ਜਿਸ ਕੇ ਜੀਅ ਪਰਾਣ ਹਹਿ ਕਿਉ ਸਾਹਿਬੁ ਮਨਹੁ ਵਿਸਾਰੀਐ ॥ ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥੨੦॥ (੪੭੪)*

{੨੦} ਜੀਵਨ ਵਿਚ ਤਕਨੀਕੀ ਤਰੱਕੀ ਵੀ ਚਾਹੀਦੀ ਹੈ ਤੇ ਸੱਚਾ ਅਤੇ ਸੁਚਾ ਜੀਵਨ ਵੀ ਚਾਹੀਦਾ ਹੈ। ਸਾਇੰਸ ਨਾਲ ਸਹੂਲਤਾਂ ਤਾਂ ਪਾਈਆਂ ਜਾ ਸਕਦੀਆਂ ਹਨ, ਪਰੰਤੂ ਆਤਮਿਕ ਸੁਖ ਲਈ ਗੁਰੂ ਗਰੰਥ ਸਾਹਿਬ ਅੰਦਰ ਅੰਕਿਤ ਬਾਣੀ ਦਾ ਓਟ ਆਸਰਾ ਲੈਣਾਂ ਪਵੇਗਾ। ਸਾਇੰਸ ਦੀਆਂ ਖੋਜਾਂ ਨਾਲ ਤਕਨੀਕੀ ਤਰੱਕੀ ਤਾਂ ਬਹੁਤ ਹੋਈ ਪਰ ਮਾਨਸਿਕ ਵਿਕਾਸ ਨਹੀਂ। ਧਰਮ ਉਹੀ ਸਫਲ ਹੈ ਜਿਹੜਾ ਅਕਾਲ ਪੁਰਖ ਤੋਂ ਇਕ ਸਫਲ ਮਨੁੱਖਾ ਜੀਵਨ ਤਕ ਲਿਜਾ ਸਕਦਾ ਹੈ। ਸਿੱਖ ਧਰਮ ਸੱਚ ਅਤੇ ਸੱਚਾ ਜੀਵਨ ਜਿਉਣ ਦੀ ਜਾਚ ਸਿਖਾਂਉਂਦਾ ਹੈ, ਸਾਇੰਸ ਸਿਰਫ ਦਿਸਣ ਵਾਲੇ ਸੱਚ ਦੀ ਗੱਲ ਕਰਦੀ ਹੈ।

ਅਕਾਲ ਪੁਰਖ ਦੇ ਨਾਮੁ ਨੂੰ ਜੀਵਨ ਦਾ ਆਸਰਾ ਬਣਾਣ ਲਈ, ਉਸ ਦੇ ਹੁਕਮੁ ਨੂੰ ਸਮਝਣਾ ਤੇ ਉਸ ਅਨੁਸਾਰ ਚਲਣਾਂ ਜਰੂਰੀ ਹੈ। ਆਪਣੇ ਸਰੀਰ ਨੂੰ ਕਸ਼ਟ ਦੇ ਕੇ, ਜਾਂ ਹੋਰ ਲੱਖਾਂ ਕ੍ਰੋੜਾਂ ਕਰਮ ਕਾਂਡ ਕਰਕੇ, ਕੋਈ ਵੀ ਕਰਮ ਅਕਾਲ ਪੁਰਖ ਦੇ ਨਾਮੁ ਦੀ ਬਰਾਬਰੀ ਨਹੀਂ ਕਰ ਸਕਦਾ। ਸਭ ਕਰਮਾਂ ਨਾਲੋਂ ਸ੍ਰੇਸ਼ਟ ਕਰਮ, ਗੁਰਬਾਣੀ ਦੁਆਰਾ ਸਮਝਾਇਆ ਗਿਆ ਅਕਾਲ ਪੁਰਖ ਦਾ ਨਾਮੁ{ਕ੦੧} ਰੂਪੀ ਕਰਮ ਹੀ ਹੈ। ਅਕਾਲ ਪੁਰਖੁ ਨੂੰ ਆਪਣੇ ਹਿਰਦੇ ਵਿਚ ਵੇਖਣ ਲਈ ਆਪਣੇ ਅੰਦਰ ਉਸ ਵਰਗੇ ਗੁਣ ਪੈਦਾ ਕਰਨੇ ਹਨ, ਉਸ ਵਰਗੇ ਉਚੇ ਬਣਨ ਦਾ ਲਗਾਤਾਰ ਉਪਰਾਲਾ ਕਰਨਾ ਹੈ। ਉਹੀ ਮਨੁੱਖ ਅਕਾਲ ਪੁਰਖ ਦੇ ਦਰ ਤੇ ਸੋਭਾ ਪਾਂਦਾ ਹੈ, ਜਿਹੜਾ ਅਕਾਲ ਪੁਰਖ ਦੇ ਹੁਕਮੁ ਨੂੰ ਮੰਨਦਾ ਹੈ, ਤੇ ਅਕਾਲ ਪੁਰਖ ਦੀ ਰਜ਼ਾ ਵਿਚ ਰਹਿੰਦਾ ਹੈ। ਆਪਣੀ ਮਨ ਮਰਜ਼ੀ ਕਰਨ ਵਾਲੇ ਹੰਕਾਰੀ ਮਨੁੱਖ ਆਤਮਕ ਮੌਤੇ ਮਰਦੇ ਰਹਿੰਦੇ ਹਨ। ਗੁਰੂ ਦੇ ਦੱਸੇ ਰਾਹ ਉੱਤੇ ਤੁਰ ਕੇ ਮਨੁੱਖ ਦੇ ਅੰਦਰ ਉੱਚਾ ਆਚਰਨ ਬਣ ਜਾਂਦਾ ਹੈ। ਜਿਸ ਮਨੁੱਖ ਨੇ ਸਬਦ ਗੁਰੂ ਨਾਲ ਸਾਂਝ ਪਾ ਲਈ, ਉਹ ਇਕ ਅਕਾਲ ਪੁਰਖ ਨੂੰ ਸਮਝ ਤੇ ਪਹਿਚਾਣ ਲੈਂਦਾ ਹੈ। ਅਜੇਹੇ ਮਨੁੱਖ ਦੀ ਸੁਰਤਿ ਹਮੇਸ਼ਾਂ "*ਗੁਰ ਕੀ ਸੇਵਾ ਸਬਦੁ ਵੀਚਾਰੁ*"{ਹ੦੩} ਅਨੁਸਾਰ ਅਕਾਲ ਪੁਰਖ ਦੇ ਨਾਮੁ ਵਿਚ ਟਿਕੀ ਰਹਿੰਦੀ ਹੈ।

{੨੧} ਇਹ ਇਕ ਬਹੁਤ ਮੁਸ਼ਕਲ ਸਵਾਲ ਹੈ, ਕਿ ਇਹ ਸਾਰੀ ਸ੍ਰਿਸ਼ਟੀ ਕਿਸ ਨੇ ਪੈਦਾ ਕੀਤੀ ਤੇ ਕਿਸ ਤਰ੍ਹਾਂ ਪੈਦਾ ਕੀਤੀ? ਕੀ ਅਸੀਂ ਇਸ ਦਾ ਕਾਰਨ ਜਾਣ ਸਕਦੇ ਹਾਂ? ਅਸੀਂ ਇਸ ਵਾਸਤੇ ਸਿਰਫ ਅੰਦਾਜ਼ੇ ਲਗਾ ਸਕਦੇ ਹਾਂ। ਸਾਇੰਸ ਬਿਗ ਬੈਂਗ ਥਿਉਰੀ (Big Bang Theory), ਬਲੈਕ ਹੋਲ (Black hole) ਤੋਂ ਬਣਨਾਂ ਆਦਿ ਦੇ ਅੰਦਾਜੇ ਲਗਾ ਰਹੀ ਹੈ। ਪਰੰਤੂ ਇਸ ਦੇ ਪਿਛੇ ਜੇ ਕਰ ਕੋਈ ਕਾਰਣ ਪੁਛਿਆ ਜਾਵੇ ਤਾਂ ਸਾਇੰਸ ਵੀ ਇਸ ਦਾ ਠੋਸ ਉੱਤਰ ਨਹੀਂ ਦੇ ਸਕਦੀ। ਇਹ ਬਲੈਕ ਹੋਲ ਕਿਸ ਨੇ ਬਣਾਇਆ, ਕਿਸ ਤਰ੍ਹਾਂ ਬਣਿਆ, ਕਿਉਂ ਬਣਿਆ, ਉਸ ਤੋਂ ਸਾਰੀ ਸ੍ਰਿਸ਼ਟੀ ਕਿਸ ਤਰ੍ਹਾਂ ਬਣ ਗਈ? ਸਾਇੰਸ ਵੀ ਕਈ ਤਰ੍ਹਾਂ ਦੇ ਅੰਦਾਜ਼ੇ ਆਦਿ ਦੀਆਂ ਗੱਲਾਂ ਕਰ ਰਹੀ ਹੈ। ਜਿਸ ਤਰ੍ਹਾਂ ਸਾਇੰਸ ਦੀਆਂ ਨਵੀਆਂ ਨਵੀਆਂ ਥਿਉਰੀਆਂ ਲੱਭੀਆਂ ਜਾ ਰਹੀਆਂ ਹਨ, ਉਹ ਇਸ ਵਿਸ਼ੇ ਸਬੰਧੀ ਗਿਆਨ ਵਿਚ ਹੋਰ ਵਾਧਾ ਤਾਂ ਕਰ ਰਹੀਆਂ ਹਨ, ਪਰੰਤੂ ਕੁਦਰਤ ਦਾ ਅੰਤ ਪਾਉਣਾਂ ਅਜੇ ਬਹੁਤ ਹੀ ਦੂਰ ਹੈ।

ਗੁਰੂ ਨਾਨਕ ਸਾਹਿਬਾਂ ਨੇ ਕਈ ਸਾਲ ਪਹਿਲਾਂ ਅਕਾਲ ਪੁਰਖ ਦੀ ਸੁੰਨ ਅਵਸਥਾ ਬਾਰੇ ਜਿਕਰ ਕੀਤਾ ਸੀ, ਤੇ ਅੱਜ ਦੀ ਸਾਇੰਸ ਵੀ ਹੁਣ ਸ੍ਰਿਸ਼ਟੀ ਦੇ ਪੈਦਾ ਹੋਣ ਬਾਰੇ ਇਹੀ ਕਹਿ ਰਹੀ ਹੈ, ਕਿ ਇਹ ਇਕ ਇਕਾਈ (Singularity) ਤੋਂ ਬਣੀ ਹੈ। ਅਕਾਲ ਪੁਰਖ ਨੇ ਆਪ ਹੀ ਆਪਣੇ ਆਪ ਨੂੰ ਪਰਗਟ ਕਰ ਕੇ, ਆਪ ਹੀ ਆਪਣੇ ਆਪ ਨੂੰ ਸਮਝਿਆ ਹੈ। ਆਕਾਸ਼ ਤੇ ਧਰਤੀ ਨੂੰ ਵਖੋ ਵਖ ਕਰ ਕੇ ਬਣਾਇਆ, ਤੇ ਇਹ ਆਕਾਸ਼ ਉਸ ਨੇ ਮਾਨੋ, ਆਪਣੇ ਤਖ਼ਤ ਉਤੇ ਚੰਦੋਆ ਤਾਣਿਆ ਹੋਇਆ ਹੈ। ਸਾਰੇ ਜਗਤ ਰੂਪੀ ਦਰਬਾਰ ਉੱਤੇ ਆਕਾਸ਼ ਨੂੰ ਥੰਮ੍ਹਾਂ ਤੋਂ ਬਿਨਾ ਟਿਕਾ ਕੇ (Gravitation), ਆਪਣੇ ਸਬਦ ਰੂਪੀ ਹੁਕਮੁ ਅਨੁਸਾਰ ਬਣਾਇਆ ਹੈ। ਸੂਰਜ ਤੇ ਚੰਦਰਮਾਂ ਨੂੰ ਪੈਦਾ ਕਰਕੇ ਉਨ੍ਹਾਂ ਵਿਚ ਆਪਣੀ ਜੋਤਿ ਟਿਕਾਈ ਹੋਈ ਹੈ, ਤੇ ਜੀਵਾਂ ਦੇ ਕਾਰ ਵਿਹਾਰ ਲਈ ਰਾਤ ਤੇ ਦਿਨ ਰੂਪੀ ਅਚਰਜ ਤਮਾਸ਼ੇ ਬਣਾ ਦਿੱਤੇ ਹਨ।

*ਪਉੜੀ ॥ ਆਪੀਨੈ ਆਪੁ ਸਾਜਿ ਆਪੁ ਪਛਾਣਿਆ ॥ ਅੰਬਰੁ ਧਰਤਿ ਵਿਛੋੜਿ ਚੰਦੋਆ ਤਾਣਿਆ ॥ ਵਿਣੁ ਥੰਮ੍ਹਾ ਗਗਨੁ ਰਹਾਇ ਸਬਦੁ ਨੀਸਾਣਿਆ ॥ ਸੂਰਜੁ ਚੰਦੁ ਉਪਾਇ ਜੋਤਿ ਸਮਾਣਿਆ ॥ ਕੀਏ ਰਾਤਿ ਦਿਨੰਤੁ ਚੋਜ ਵਿਡਾਣਿਆ ॥ (੧੨੭੯)*

ਅਕਾਲ ਪੁਰਖ ਆਪ ਹੀ ਸਭ ਕੁਝ ਪੈਦਾ ਕਰਨ ਵਾਲਾ ਹੈ, ਤੇ ਆਪ ਹੀ ਜਗਤ ਦਾ ਮੂਲ ਹੈ। ਅਕਾਲ ਪੁਰਖ ਨੇ ਆਪ ਹੀ ਸਾਰੀ ਸ੍ਰਿਸ਼ਟੀ ਨੂੰ ਪੈਦਾ ਕਰ ਕੇ ਆਪਣੇ ਆਪਣੇ ਥਾਂ ਤੇ ਟਿਕਾਇਆ ਹੋਇਆ ਹੈ, ਤੇ ਸਾਰੀਆਂ ਧਰਤੀਆਂ ਨੂੰ ਸਹਾਰਾ ਦਿੱਤਾ ਹੋਇਆ ਹੈ। ਗੁਰੂ ਸਾਹਿਬ ਅਕਾਲ ਪੁਰਖ ਅੱਗੇ ਬੇਨਤੀ ਕਰਕੇ ਸਮਝਾਂਉਂਦੇ ਹਨ, ਕਿ ਦਾਸ ਨਾਨਕ ਉਸ ਅਕਾਲ ਪੁਰਖ ਦੇ ਦਰ ਤੇ ਡਿੱਗਾ ਹੋਇਆ ਹੈ, ਹੁਣ ਅਕਾਲ ਪੁਰਖ ਦੀ ਆਪਣੀ ਰਜ਼ਾ ਹੈ, ਜੇ ਕਰ ਉਹ ਚਾਹੇ ਤਾਂ ਆਪਣੇ ਸੇਵਕ ਦੀ ਲੋਕ ਪਰਲੋਕ ਵਿਚ ਇੱਜ਼ਤ ਰੱਖ ਸਕਦਾ ਹੈ।

*ਤੂ ਆਪੇ ਕਰਤਾ ਕਾਰਣ ਕਰਣਾ ॥ ਸ੍ਰਿਸਟਿ ਉਪਾਇ ਧਰੀ ਸਭ ਧਰਣਾ ॥ ਜਨ ਨਾਨਕੁ ਸਰਣਿ ਪਇਆ ਹਰਿ ਦੁਆਰੈ ਹਰਿ ਭਾਵੈ ਲਾਜ ਰਖਾਇਦਾ ॥੧੬॥੧॥੫॥ (੧੦੭੬)*

{੨੨} ਕੁਦਰਤ ਨੇ ਮਨੁੱਖ ਨੂੰ ਬੁਧੀ ਦਿੱਤੀ ਹੈ, ਜੋ ਕਿ ਹੋਰ ਜਾਨਵਰਾਂ ਵਿਚ ਨਹੀਂ ਹੈ। ਇਹੀ ਕਾਰਣ ਹੈ ਕਿ ਆਦਿ ਕਾਲ ਤੋਂ ਮਨੁੱਖ ਹਮੇਸ਼ਾਂ ਤਰੱਕੀ ਲਈ ਉਪਰਾਲੇ ਕਰਦਾ ਰਿਹਾ। ਰੋਜ਼ੀ ਰੋਟੀ ਲਈ ਨਵੀਂ ਨਵੀਂ ਤਰ੍ਹਾਂ ਦੇ ਖੇਤੀ ਦੇ ਢੰਗ ਅਪਨਾਉਂਦਾ ਰਿਹਾ, ਸ਼ਿਕਾਰ ਕਰਨ ਲਈ ਵਧੀਆ ਔਜ਼ਾਰ ਤਿਆਰ ਕਰਨ ਲਗ ਪਿਆ। ਰਹਿੰਣ ਲਈ ਚੰਗੇ ਘਰ ਉਸਾਰਨ ਲਗ ਪਿਆ, ਆਪਣੀਆਂ ਸਹੂਲਤਾਂ ਵਿਚ ਲਗਾਤਾਰ ਵਾਧਾ ਕਰਦਾ ਗਿਆ। ਵਰਤਮਾਨ ਯੁਗ ਸਾਇੰਸ ਦਾ ਯੁਗ ਹੈ, ਤੇ ਮਨੁੱਖ ਨਵੀਆਂ ਤੋਂ ਨਵੀਆਂ ਤਕਨੀਕਾਂ ਈਜ਼ਾਦ ਕਰ ਰਿਹਾ ਹੈ। ਸਾਇੰਸ ਦਾ ਆਧਾਰ ਤੇ ਮੰਤਵ ਖੋਜ ਹੀ ਹੈ। ਜੇ ਕਰ ਮਨੁੱਖ ਨੇ ਨਵੀਂ ਤੋਂ ਨਵੀਂ ਖੋਜ ਨਾ ਕੀਤੀ ਹੁੰਦੀ ਤਾਂ ਵਰਤਮਾਨ ਸਥਿੱਤੀ ਤਕ ਕਦੇ ਨਾ ਪਹੁੰਚ ਸਕਦਾ। ਸਾਇੰਸ ਦੀ ਖੋਜ ਪਦਾਰਥ ਤਕ ਸੀਮਿਤ ਹੈ, ਇਸੇ ਲਈ ਮਨੁੱਖ ਨੇ ਤਕਨੀਕੀ ਤਰੱਕੀ ਤਾਂ ਬਹੁਤ ਕਰ ਲਈ, ਸਰੀਰ ਦੀ ਬਣਤਰ ਬਾਰੇ ਬਹੁਤ ਖੋਜ ਕਰ ਲਈ ਤੇ ਬਹੁਤ ਸਾਰੀਆਂ ਬੀਮਾਰੀਆਂ ਤੇ ਇਲਾਜ ਵੀ ਲੱਭ ਲਏ। ਪਰੰਤੂ ਇਤਨੀ ਤਰੱਕੀ ਹੋਣ ਦੇ ਬਾਵਜੂਦ ਮਨ ਦੀਆਂ ਬੀਮਾਰੀਆਂ ਦੇ ਕਾਰਣ ਤੇ ਇਲਾਜ ਨਹੀਂ ਲੱਭ ਸਕਿਆ। ਇਸ ਨੂੰ ਦੂਸਰੇ ਲੱਫਜ਼ਾਂ ਵਿਚ ਕਹਿ ਲਉ ਕਿ ਮਨੁੱਖ ਨੇ ਅਕਾਲ ਪੁਰਖ ਨੂੰ ਬਾਹਰੋਂ ਖੋਜ਼ਣ ਲਈ ਤਾਂ ਬਹੁਤ ਉਪਰਾਲੇ ਕੀਤੇ ਪਰੰਤੂ ਅੰਦਰੋਂ ਖੋਜ਼ਣ ਲਈ ਕੁਝ ਨਹੀਂ ਕੀਤਾ। ਮਨੁੱਖ ਜਿਆਦਾ ਤਰ ਮਨ ਕਰਕੇ ਦੁਖੀ ਹੁੰਦਾ ਹੈ। ਜੀਵਨ ਤਾਂ ਹੀ ਸੁਖੀ ਤੇ ਸਫਲ ਹੈ, ਜੇ ਕਰ ਮਨ ਦੀਆਂ ਬੀਮਾਰੀਆਂ ਦੇ ਕਾਰਣ ਤੇ ਇਲਾਜ ਵੀ ਲੱਭੇ ਜਾ ਸਕਣ। ਇਹੀ ਕਾਰਣ ਹੈ ਕਿ ਗੁਰੂ ਸਾਹਿਬਾਂ ਨੇ ਅਕਾਲ ਪੁਰਖ ਨੂੰ ਅੰਦਰੋਂ ਖੋਜ਼ਣ ਲਈ ਵੀ ਕਿਹਾ ਹੈ, ਕਿਉਂਕਿ ਜਿਸ ਤਰ੍ਹਾਂ ਅਕਾਲ ਪੁਰਖ ਬਾਹਰ ਦਿਖਾਈ ਦਿੰਦਾ ਹੈ, ਉਸੇ ਤਰ੍ਹਾਂ ਉਹ ਸਭ ਦੇ ਅੰਦਰ ਵੀ ਹੈ। ਜਿਉਂ ਜਿਉਂ ਇਹ ਭੇਦ ਹੋਰ ਹੋਰ ਖੁਲ੍ਹਦਾ ਜਾਂਦਾ ਹੈ, ਉਸ ਮਨੁੱਖ ਨੂੰ ਹੋਰ ਸਮਝ ਆਉਂਣੀ ਸ਼ੁਰੂ ਹੋ ਜਾਂਦੀ ਹੈ, ਕਿ ਅਕਾਲ ਪੁਰਖ ਅੰਦਰ ਬਾਹਰ ਹਰ ਥਾਂ ਵੱਸ ਰਿਹਾ ਹੈ। ਗੁਰਬਾਣੀ ਦੁਆਰਾ ਅਕਾਲ ਪੁਰਖ ਦੇ ਗੁਣ ਗਾਉਂਣ ਸਦਕਾ ਮਨੁੱਖ ਸ੍ਰਿਸ਼ਟੀ ਦੇ ਮਾਲਕ ਅਕਾਲ ਪੁਰਖ ਨਾਲ ਸਦੀਵੀ ਸਬੰਧ ਕਾਇਮ ਕਰ ਲੈਂਦਾ ਹੈ।

*ਜੋ ਬਾਹਰਿ ਸੋ ਭੀਤਰਿ ਜਾਨਿਆ ॥ ਭਇਆ ਭੇਦੁ ਭੂਪਤਿ ਪਹਿਚਾਨਿਆ ॥੩੦॥ (੩੪੨)*

ਗੁਰੂ ਸਾਹਿਬਾਂ ਨੇ ਬੜੇ ਸਰਲ ਤਰੀਕੇ ਨਾਲ ਸਮਝਾਂਇਆ ਹੈ ਕਿ ਜੇਕਰ ਧਰਮ ਦੀ ਸਿਖਿਆ ਲੈਂਣਾਂ ਚਾਹੁੰਦੇ ਹਾਂ ਤਾਂ ਸਾਨੂੰ ਕਿਤੇ ਜਾਣ ਦੀ ਲੋੜ ਨਹੀਂ, ਅਸੀਂ ਆਪਣੇ ਸਰੀਰ ਕੋਲੋ ਹੀ ਲੈ ਸਕਦੇ ਹਾਂ। ਇਹ ਮਨੁੱਖਾ ਸਰੀਰ ਧਰਮ ਕਮਾਉਣ ਦੀ ਥਾਂ ਹੈ, ਇਸ ਵਿਚ ਸੱਚੇ ਪ੍ਰਭੂ ਦੀ ਜੋਤਿ ਲੁਕੀ ਹੋਈ ਹੈ। ਇਸ ਸਰੀਰ ਵਿਚ ਦੈਵੀ ਗੁਣ, ਰੂਪ, ਤੇ ਗੁੱਝੇ ਲਾਲ ਰਤਨ ਲੁਕੇ ਹੋਏ ਹਨ। ਸਰੀਰ ਦਾ ਹਰੇਕ ਅੰਗ ਬਾਕੀ ਸਭ ਦੂਸਰੇ ਅੰਗਾਂ ਲਈ ਕੰਮ ਕਰਦਾ ਹੈ ਜਾਂ ਉਨ੍ਹਾਂ ਦੀ ਸਹਾਇਤਾ ਕਰਦਾ ਹੈ, ਪਰੰਤੂ ਬਦਲੇ ਵਿਚ ਕੁਝ ਨਹੀਂ ਮੰਗਦਾ ਹੈ। ਸਰੀਰ ਦਾ ਕੋਈ ਅੰਗ ਵੀ ਦੂਸਰੇ ਅੰਗ ਦੀ ਨਿੰਦਾ, ਚੁਗਲੀ ਜਾਂ ਵਿਰੋਧਤਾ ਨਹੀਂ ਕਰਦਾ ਹੈ, ਬਲਕਿ ਦੂਸਰੇ ਅੰਗਾਂ ਦੀ ਸਹਾਇਤਾ ਕਰਦਾ ਹੈ ਜਾਂ ਠੀਕ ਮਾਰਗ ਦਰਸ਼ਨ ਕਰਦਾ ਹੈ। ਸਰੀਰ ਦਾ ਹਰੇਕ ਅੰਗ ਦੂਸਰੇ ਅੰਗ ਲਈ ਬਿਨਾਂ ਕਾਮਨਾਂ ਦੇ ਸੇਵਾ ਕਰਦਾ ਹੈ। ਸਤਿਗੁਰੂ ਦੇ ਸਨਮੁਖ ਹੋ ਕੇ ਕੋਈ ਵਿਰਲਾ ਸੇਵਕ ਹੀ ਇਨ੍ਹਾਂ ਗੁਣਾਂ ਨੂੰ ਗੁਰਬਾਣੀ ਦੀ ਡੂੰਘੀ ਵਿਚਾਰ ਨਾਲ ਸਮਝ ਕੇ ਆਪਣੇ ਜੀਵਨ ਵਿਚ ਅਪਨਾਂਦਾ ਹੈ। ਜਦੋਂ ਉਹ ਸੇਵਕ ਇਹ ਲਾਲ ਰਤਨ ਲੱਭ ਲੈਂਦਾ ਹੈ, ਤਾਂ ਉਹ ਇਕ ਅਕਾਲ ਪੁਰਖ ਨੂੰ ਸਾਰੀ ਸ੍ਰਿਸ਼ਟੀ ਵਿਚ ਰਵਿਆ ਹੋਇਆ ਪਛਾਣ ਲੈਂਦਾ ਹੈ।

***ਪਉੜੀ*** *॥ ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥ ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥ (੩੦੯, ੩੧੦)*

{੨੩} ਗੁਰਮਤਿ ਵਿਚਾਰਧਾਰਾ ਦਾ ਮੂਲ ਮਿਸ਼ਨ ਜਾਂ ਨਿਸ਼ਾਨਾਂ ਸਪੱਸ਼ਟ ਤੌਰ ਤੇ ਜਪੁ ਜੀ ਸਾਹਿਬ ਦੀ ਬਾਣੀ ਵਿਚ ਸੰਖੇਪ ਨਾਲ ਅੰਕਿਤ ਕੀਤਾ ਗਿਆ ਹੈ। ਬਾਕੀ ਦੀ ਸਾਰੀ ਵਿਸਥਾਰ ਗੁਰੂ ਗਰੰਥ ਸਾਹਿਬ ਵਿਚ ਸਮਝਾ ਦਿਤੀ ਗਈ ਹੈ। ਅਕਾਲ ਪੁਰਖ ਕਿਸ ਤਰ੍ਹਾਂ ਦਾ ਹੈ, ਤੇ ਉਸ ਨੂੰ ਕਿਸ ਤਰ੍ਹਾਂ ਪਾਉਣਾਂ ਹੈ, ਉਹ ਗੁਰੂ ਗਰੰਥ ਸਾਹਿਬ ਦੇ ਆਰੰਭ ਦੇ ਸਿਰਲੇਖ ਵਿਚ ਹੀ ਸਪੱਸ਼ਟ ਕਰ ਦਿਤਾ ਗਿਆ ਹੈ।

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ (੧)*

ੴ ਅਨੁਸਾਰ ਅਕਾਲ ਪੁਰਖ ਇਕ ਹੈ, ਜੋ ਹਰ ਥਾਂ ਇਕ ਰਸ ਵਿਆਪਕ ਹੈ। ਉਹ ਸਭ ਥਾਂ ਇਕੋ ਜਿਹਾ ਹੈ, ਕਿਤੇ ਵੱਧ ਜਾਂ ਘੱਟ ਨਹੀਂ ਹੈ। ਬਾਕੀ ਧਰਮਾਂ ਅਨੁਸਾਰ ਅਨੇਕਾਂ ਅਕਾਲ ਪੁਰਖ ਹੋ ਸਕਦੇ ਹਨ ਜਾਂ ਉਹ ਖਾਸ ਫਿਰਕੇ ਲਈ ਵਿਸ਼ੇਸ਼ ਤੌਰ ਤੇ ਉਨ੍ਹਾਂ ਲਈ ਹੋ ਸਕਦੇ ਹਨ। ਪਰੰਤੂ ਸਿੱਖ ਧਰਮ ਅਨੁਸਾਰ ਅਕਾਲ ਪੁਰਖ ਇਕ ਹੈ, ਤੇ ਉਹ ਸਭ ਦਾ ਸਾਂਝਾ ਹੈ। ਕਾਰ੍ਹ ਦੀ ਲਾਈਨ ਅਕਾਲ ਪੁਰਖੁ ਦੀ ਇਕ ਰਸ ਵਿਆਪਕਤਾ ਦੀ ਪ੍ਰਤੀਕ ਹੈ। ਇਹ ਸਿੱਖੀ ਦੀ ਬਾਕੀ ਧਰਮਾਂ ਨਾਲੋਂ ਵਿਲੱਖਣਤਾ ਦੀ ਪਹਿਲੀ ਨਿਸ਼ਾਨੀ ਹੈ।

ਅਕਾਲ ਪੁਰਖ ਨੇ ਭਾਵੇਂ ਕਈ ਰੰਗਾਂ ਤੇ ਕਿਸਮਾਂ ਦੀ ਦੁਨੀਆ ਰਚ ਦਿੱਤੀ ਹੈ, ਪਰ ਉਹ ਆਪ ਨਿਰਗੁਣ ਸਰੂਪ ਵਿਚ ਇਕੋ ਇਕ ਹਸਤੀ ਹੈ, ਤੇ, ਸਰਗੁਣ ਸਰੂਪ ਵਿਚ ਉਹ ਅਨੇਕਾਂ ਰੂਪਾਂ ਵਾਲਾ ਹੈ। ਜੇਹੜੀ ਗੱਲ ਉਸ ਨੂੰ ਚੰਗੀ ਲੱਗਦੀ ਹੈ, ਉਹੀ ਗੱਲ ਜੀਵਾਂ ਦੇ ਭਲੇ ਵਾਸਤੇ ਹੁੰਦੀ ਹੈ। ਹੋ ਸਕਦਾ ਹੈ ਆਮ ਲੋਕਾਂ ਨੂੰ ਅਕਾਲ ਪੁਰਖ ਦੇ ਨਿਰਗੁਣ ਸਰੂਪ ਤੇ ਸਰਗੁਣ ਸਰੂਪ ਬਾਰੇ ਕੁਝ ਕਿੰਤੂ ਹੋਵੇ ਜਾਂ ਸ਼ੰਕਾ ਹੋਵੇ। ਪਰੰਤੂ ਸਾਇੰਸ ਅਨੁਸਾਰ ਰੌਸ਼ਨੀ (Light) ਦੇ ਦੋ ਰੂਪ ਹਨ, ਇਕ ਤਰੰਗ (Wave) ਤੇ ਦੂਸਰਾ ਪਦਾਰਥ (ਫੋਟੋਨ) (Photon)। ਜੇ ਅਸੀਂ ਰੌਸ਼ਨੀ ਦੇ ਦੋ ਰੂਪ ਮੰਨ ਸਕਦੇ ਹਾਂ, ਤਾਂ ਅਕਾਲ ਪੁਰਖ ਦੇ ਨਿਰਗੁਣ ਸਰੂਪ ਤੇ ਸਰਗੁਣ ਸਰੂਪ ਬਾਰੇ ਸ਼ੰਕਾ ਕਿਉਂ?

*ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ ॥ ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ ॥੨੨॥੨॥ (੭੨੬)*

ਆਈਨ ਸਟਾਈਨ ਦੀ ਥਿਊਰੀ ਅਨੁਸਾਰ ਊਰਜਾ ਪਦਾਰਥ ਵਿਚ ਬਦਲ ਸਕਦੀ ਹੈ, ਤੇ ਪਦਾਰਥ ਊਰਜਾ ਵਿਚ ਬਦਲ ਸਕਦਾ ਹੈ। ($E=mC^2$) ਨਿਊਕਲੀਅਰ ਰਿਐਕਸ਼ਨ (Nuclear Reaction) ਨਾਲ ਪਦਾਰਥ ਊਰਜਾ ਵਿਚ ਬਦਲ ਸਕਦਾ ਹੈ, ਜਿਸ ਨਾਲ ਬਹੁਤ ਸਾਰੀ ਊਰਜਾ ਪੈਦਾ ਹੁੰਦੀ ਹੈ। ਇਸ ਲਈ ਕਹਿ ਸਕਦੇ ਹਾਂ ਕਿ ਅਕਾਲ ਪੁਰਖ ਵੀ ਊਰਜਾ ਦੀ ਤਰ੍ਹਾਂ ਜਾਂ ਕੋਈ ਹੋਰ ਅਜੇਹੀ ਕਿਸਮ ਦਾ ਹੋ ਸਕਦਾ ਹੈ, ਜਿਸ ਬਾਰੇ ਅਜੇ ਕੋਈ ਪਤਾ ਨਹੀਂ ਹੈ। ਉਸ ਦੇ ਨਾ ਦਿਖਾਈ ਦੇਣ ਵਾਲੇ ਰੂਪ ਨੂੰ ਗੁਰੂ ਸਾਹਿਬਾਂ ਨੇ ਨਿਰਗੁਣ ਸਰੂਪ ਕਿਹਾ ਹੈ ਤੇ ਦਿਖਾਈ ਦੇਣ ਵਾਲੇ ਰੂਪ ਨੂੰ ਗੁਰੂ ਸਾਹਿਬਾਂ ਨੇ ਸਰਗੁਣ ਸਰੂਪ ਕਿਹਾ ਹੈ। ਇਹ ਅਕਾਲ ਪੁਰਖ ਦੀ ਰਜ਼ਾ ਹੈ ਕਿ ਉਹ ਜਿਸ ਤਰ੍ਹਾਂ ਚਾਹੇ ਨਿਰਗੁਣ ਸਰੂਪ ਵਿਚ ਜਾਂ ਸਰਗੁਣ ਸਰੂਪ ਬਦਲ ਸਕਦਾ ਹੈ। ਇਸ ਲਈ ਅਕਾਲ ਪੁਰਖ ਦਾ ਸਰੂਪ ਬਿਆਨ ਕਰਨਾ ਬਹੁਤ ਮੁਸ਼ਕਲ ਹੈ ਤੇ ਮਨੁੱਖ ਦੀ ਪਹੁੰਚ ਤੋਂ ਬਾਹਰ ਹੈ।

*ਸਲੋਕੁ ॥ ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥ ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥੧॥ (੨੯੦)*

ਅਕਾਲ ਪੁਰਖ ਦਾ ਨਿਰਗੁਨ ਰੂਪ ਸਾਨੂੰ ਵਿਖਾਈ ਨਹੀਂ ਦਿੰਦਾ ਹੈ, ਤੇ ਸਰਗੁਨ ਰੂਪ ਨੂੰ ਅਸੀਂ ਵੇਖ ਸਕਦੇ ਹਾਂ। ਅਕਾਲ ਪੁਰਖ ਹਰੇਕ ਚੀਜ਼ ਪੈਦਾ ਕਰਨ ਵਾਲਾ ਹੈ, ਸਭ ਵਿਚ ਵਿਆਪਕ ਹੈ, ਤੇ ਵਿਆਪਕ ਹੁੰਦਿਆਂ ਹੋਇਆ ਨਿਰਲੇਪ ਵੀ ਆਪ ਹੀ ਹੈ। ਅਕਾਲ ਪੁਰਖ ਆਪਣੇ ਇਕ ਸਰੂਪ ਤੋਂ ਅਨੇਕਾਂ ਰੂਪ ਬਣਾ ਲੈਂਦਾ ਹੈ, ਪਰ ਇਹ ਅਨੇਕ ਰੂਪ ਉਸ ਤੋਂ ਵੱਖਰੇ ਨਹੀਂ ਹਨ, ਇਹ ਕਿਹਾ ਜਾ ਸਕਦਾ ਹੈ ਕਿ ਅਕਾਲ ਪੁਰਖ ਇਕ ਆਪ ਹੀ ਆਪ ਹੈ।

*ਸਲੋਕੁ ॥ ਨਿਰੰਕਾਰ ਆਕਾਰ ਆਪਿ ਨਿਰਗੁਨ ਸਰਗੁਨ ਏਕ ॥ ਏਕਹਿ ਏਕ ਬਖਾਨਨੋ ਨਾਨਕ ਏਕ ਅਨੇਕ ॥੧॥ (੨੫੦)*

{੨੪} ਮੋਰ ਦੇ ਖੰਭ ਉਤਾਰ ਦਿਉ, ਸ਼ੇਰ ਦੇ ਵਾਲ ਉਤਾਰ ਦਿਉ, ਭੇਡ ਦੀ ਉੱਨ ਉਤਾਰ ਦਿਉ, ਤਾਂ ਇਹ ਕਿਸ ਤਰ੍ਹਾਂ ਦੇ ਲਗਦੇ ਹਨ, ਇਹ ਆਪ ਹੀ ਸਮਝ ਸਕਦੇ ਹੋ। ਇਸੇ ਤਰ੍ਹਾਂ ਜੇ ਕਰ ਮਨੁੱਖ ਦੇ ਵਾਲ ਉਤਾਰ ਦਿਤੇ ਜਾਣ ਤਾਂ ਉਹ ਮਨੁੱਖ ਵੀ ਅਕਾਲ ਪੁਰਖੁ ਦੀ ਨਜ਼ਰ ਵਿਚ ਕਿਸ ਤਰ੍ਹਾ ਦਾ ਲੱਗੇਗਾ ਇਸ ਨਿਯਮ ਅਨੁਸਾਰ ਅਸੀਂ ਆਸਾਨੀ ਨਾਲ ਸਮਝ ਸਕਦੇ ਹਾਂ। ਅਕਾਲ ਪੁਰਖੁ ਦੀ ਬਣਾਈ ਹੋਈ ਕੁਦਰਤ ਤੇ ਇਹ ਸਾਰੀ ਰਚਨਾ ਬਹੁਤ ਸੁੰਦਰ ਹੈ, ਜਿਸ ਦਾ ਕੋਈ ਵੀ ਜੀਵ ਮੁਕਾਬਲਾ ਨਹੀਂ ਕਰ ਸਕਦਾ। ਜਿਹੜੀ ਚੀਜ ਅਕਾਲ ਪੁਰਖੁ ਦੀ ਬਣਾਈ ਹੋਈ ਬਣਤਰ ਅਨੁਸਾਰ ਨਹੀਂ ਹੈ, ਉਸ ਵਿਚ ਕੋਈ ਨਾ ਕੋਈ ਖਾਮੀ ਜਰੂਰ ਰਹਿ ਜਾਂਦੀ ਹੈ। ਅੱਜਕਲ ਬਹੁਤ ਤਰ੍ਹਾਂ ਦੇ ਨਕਲੀ ਦਿਲ, ਗੁਰਦੇ (Kidney), ਲੱਤਾਂ, ਤੇ ਹੋਰ ਕਈ ਤਰ੍ਹਾਂ ਦੇ ਅੰਗ ਬਣ ਰਹੇ ਹਨ, ਪਰੰਤੂ ਉਹ ਅਕਾਲ ਪੁਰਖੁ ਦੇ ਬਣਾਇਆ ਹੋਇਆਂ ਅੰਗਾਂ ਦੇ ਮੁਕਾਬਲੇ ਕੁਝ ਵੀ ਨਹੀਂ। ਕਈ ਮੁਸ਼ਕਲਾਂ ਤੇ ਖਾਮੀਆਂ ਨਾਲ ਉਸ ਅਨੁਸਾਰ ਮਨੁੱਖ ਨੂੰ ਢਾਲਣਾ ਪੈਂਦਾ ਹੈ, ਪਰੰਤੂ ਅਕਾਲ ਪੁਰਖੁ ਦੇ ਬਣਾਏ ਗਏ ਅੰਗਾਂ ਵਰਗੀ ਪੂਰਨਤਾ ਕਦੇ ਵੀ ਨਹੀਂ ਮਿਲਦੀ। ਦੰਦ ਮਨੁੱਖ ਦੇ ਚੇਹਰੇ ਦਾ ਸ਼ਿੰਗਾਰ ਹਨ, ਜੇ ਕਰ ਦੰਦ ਨਿਕਲ ਜਾਣ ਤਾਂ ਚਿਹਰਾ ਹੋਰ ਤਰ੍ਹਾਂ ਦਾ ਲਗਦਾ ਹੈ, ਮਨੁੱਖ ਨੂੰ ਆਪਣੇ ਆਪ ਨਾਲ ਘਿਰਣਾਂ ਮਹਿਸੂਸ ਹੁੰਦੀ ਹੋਵੇਗੀ। ਦੰਦ ਆਪਣੀ ਜਗਾਹ ਤੇ ਹੀ ਸ਼ੋਭਾ ਦੇ ਯੋਗ ਹੁੰਦੇ ਹਨ। ਇਸੇ ਤਰ੍ਹਾਂ ਕੇਸ ਵੀ ਮਨੁੱਖ ਦੀ ਸੁੰਦਰਤਾ ਦੇ ਨਿਸ਼ਾਨ ਹਨ। ਕੇਸਾਂ ਦੀ ਸ਼ੋਭਾ ਵੀ ਉਤਨੀ ਦੇਰ ਤਕ ਹੈ, ਜਿਤਨੀ ਦੇਰ ਤਕ ਆਪਣੀ ਜਗਾਹ ਤੇ ਹਨ। ਜਿਸ ਤਰ੍ਹਾਂ ਇਕ ਕੱਟੇ ਵਾਲਾਂ ਵਾਲੇ ਸ਼ੇਰ, ਕੁੱਤਾ, ਭੇਡ, ਆਦਿ ਭੱਦੇ ਲਗਦੇ ਹਨ, ਠੀਕ ਉਸੇ ਤਰ੍ਹਾਂ ਇਕ ਕੱਟੇ ਵਾਲਾਂ ਵਾਲੇ ਮਨੁੱਖ ਵੀ ਅਕਾਲ ਪੁਰਖੁ ਦੇ ਬਣਾਏ ਗਏ ਅਸੂਲ ਅਨੁਸਾਰ ਅਜੀਬ ਲਗਦੇ ਹਨ। ਅਸੀਂ ਹੁਣ ਦੇ ਫੈਸ਼ਨ ਮੁਤਾਬਿਕ ਆਪਣੇ ਆਪ ਨੂੰ ਕਿਸੇ ਤਰ੍ਹਾਂ ਵੀ ਠੀਕ ਕਹਿਣ ਦੀ ਕੋਸ਼ਿਸ਼ ਕਰੀਏ। ਪਰੰਤੂ ਹਕੀਕਤ ਤਾਂ ਇਹ ਹੈ ਕਿ ਹਰ ਧਰਮ ਜਾਂ ਮਜਹਬ ਦੇ ਪੈਗੰਬਰ ਕੇਸਾਧਾਰੀ ਸਨ। ਪੁਰਾਤਨ ਸਮਿਆਂ ਵਿਚ ਜੇਕਰ ਕਿਸੇ ਨੂੰ ਸਜ਼ਾ ਦੇਣੀ ਹੁੰਦੀ ਸੀ ਤਾਂ ਉਸ ਦੇ ਕੇਸ ਕਤਲ ਕਰ ਦਿਤੇ ਜਾਂਦੇ ਸਨ। ਅੱਜ ਕੱਲ ਤਾਂ ਲੋਕ ਫੈਸ਼ਨ ਦੀ ਆੜ ਵਿਚ ਆ ਕੇ ਆਪਣੇ ਆਪ ਨੂੰ ਖੁਦ ਹੀ ਸਜ਼ਾ ਦੇ ਰਹੇ ਹਨ। ਨਾਈ ਦੀ ਬਣਾਈ ਹੋਈ ਸੂਰਤ, ਅਕਾਲ ਪੁਰਖੁ ਦੀ ਬਣਾਈ ਹੋਈ ਸੂਰਤ ਨਾਲੋਂ ਕਦੇ ਵੀ ਬੇਹਤਰ ਨਹੀਂ ਹੋ ਸਕਦੀ।

ਕੇਸ ਮਨੁੱਖ ਨੂੰ ਕੁਦਰਤ ਦੀ ਦਿਤੀ ਹੋਈ ਦਾਤ ਹਨ, ਸੁੰਦਰਤਾ ਦੀ ਨਿਸ਼ਾਨੀ ਹਨ। ਕੇਸ ਗੁਰੂ ਦੀ ਮੋਹਰ ਹਨ, ਅਕਾਲ ਪੁਰਖੁ ਦੇ ਹੁਕਮੁ ਤੇ ਰਜਾ ਅਨੁਸਾਰ ਚਲਣਾ ਸਿਖਣ ਲਈ ਗੁਰੂ ਸਾਹਿਬਾਂ ਦੀ ਦਿਤੀ ਹੋਈ ਬਖਸ਼ਸ਼ ਹਨ। ਜੇ ਕਾਗਜ਼ ਤੇ ਮੋਹਰ ਲੱਗੀ

ਹੈ ਤਾਂ ਉਹ ਪਰਵਾਨ ਹੈ, ਨਹੀਂ ਤਾਂ ਉਸ ਦੀ ਕੋਈ ਕੀਮਤ ਨਹੀਂ। ਇਸੇ ਤਰ੍ਹਾਂ ਜੇ ਕਰ ਸਿੱਖ ਤੇ ਗੁਰੂ ਦੀ ਮੋਹਰ (ਕੇਸ) ਹਨ, ਤਾਂ ਹੀ ਉਹ ਗੁਰੂ ਦੇ ਦਰ ਤੇ ਸੁੰਦਰ ਲਗਦਾ ਹੈ। ਕੇਸ ਸਾਨੂੰ ਸਰੀਰਕ ਤਲ ਤੇ ਅਕਾਲ ਪੁਰਖੁ ਦੀ ਰਜ਼ਾ ਵਿਚ ਰਹਿਣਾ ਸਿਖਾਉਂਦੇ ਹਨ। ਜਿਹੜਾ ਮਨੁੱਖ ਸਰੀਰਕ ਤਲ ਤੇ ਹੁਕਮੁ ਅਤੇ ਰਜਾ ਅਨੁਸਾਰ ਨਹੀਂ ਚਲ ਸਕਦਾ, ਉਹ ਆਤਮਿਕ ਤਲ ਤੇ ਹੁਕਮੁ ਅਤੇ ਰਜਾ ਅਨੁਸਾਰ ਕਿਸ ਤਰ੍ਹਾਂ ਚਲ ਸਕੇਗਾ। ਗੁਰੂ ਨਾਨਕ ਸਾਹਿਬ ਨੇ ਤਾਂ ਜਪੁਜੀ ਸਾਹਿਬ ਦੀ ਪਹਿਲੀ ਪੌੜੀ ਵਿੱਚ ਹੀ ਸਮਝਾ ਦਿੱਤਾ ਹੈ ਕਿ ਜੇ ਕਰ ਅਕਾਲ ਪੁਰਖੁ ਨੂੰ ਪਾਉਣਾਂ ਹੈ ਤਾਂ ਅਕਾਲ ਪੁਰਖੁ ਦੇ ਹੁਕਮੁ ਤੇ ਉਸ ਦੀ ਰਜ਼ਾ ਅਨੁਸਾਰ ਚਲਣਾ ਪਵੇਗਾ, ਜੋ ਕਿ ਧੁਰ ਤੋਂ ਹੀ ਜੀਵ ਦੇ ਨਾਲ ਲਿਖਿਆ ਹੋਇਆ ਹੈ।

*ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥ ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥ (੧)*

ਹੁਕਮੁ ਕੀ ਹੈ, ਇਸ ਦਾ ਵਿਸਥਾਰ ਜਪੁਜੀ ਸਾਹਿਬ ਦੀ ਦੂਸਰੀ ਪੌੜੀ ਵਿੱਚ ਮਿਲ ਜਾਂਦਾ ਹੈ। ਇਸ ਸੰਸਾਰ ਵਿਚ ਅਨੇਕਾਂ ਤਰ੍ਹਾਂ ਦੇ ਜਾਨਵਰ ਜਾਂ ਜੀਵ ਜੰਤੂ ਹਨ, ਪਰੰਤੂ ਮਨੁੱਖ ਇਨ੍ਹਾਂ ਸਾਰਿਆਂ ਤੋਂ ਭਿੰਨ ਹੈ। ਸਿਰਫ ਮਨੁੱਖ ਦੇ ਹੀ ਸਿਰ ਦੇ ਕੇਸ ਲੰਮੇ ਹੁੰਦੇ ਹਨ, ਹੋਰ ਕਿਸੇ ਜਾਨਵਰ ਦੇ ਨਹੀਂ, ਸਿਰਫ ਮਨੁੱਖ ਦੇ ਕੋਲ ਹੀ ਬੁਧੀ ਹੈ, ਹੋਰ ਕਿਸੇ ਜਾਨਵਰ ਦੇ ਕੋਲ ਨਹੀਂ, ਸਿਰਫ ਮਨੁੱਖ ਦੇ ਕੋਲ ਹੀ ਪੰਜ ਵਿਕਾਰ ਹਨ, ਹੋਰ ਕਿਸੇ ਜਾਨਵਰ ਦੇ ਕੋਲ ਨਹੀਂ, ਬਾਕੀ ਸਭ ਦੇ ਇਕ ਇਕ ਹਨ। ਇਸ ਲਈ ਬੁਧੀ ਦੀ ਸੰਭਾਲ ਬਹੁਤ ਜਰੂਰੀ ਹੈ, ਨਹੀਂ ਤਾਂ ਉਹ ਮਨੁੱਖ ਨੂੰ ਵਿਕਾਰਾਂ ਵਲ ਲੈ ਜਾਵੇਗੀ। ਇਸੇ ਤਰ੍ਹਾਂ ਕੇਸਾਂ ਦੀ ਸੰਭਾਲ ਬਹੁਤ ਜਰੂਰੀ ਹੈ ਨਹੀਂ ਤਾਂ ਮਨੁੱਖ ਹੁਕਮੁ ਤੇ ਰਜਾ ਅਨੁਸਾਰ ਚਲਣਾ ਨਹੀਂ ਸਿਖ ਸਕੇਗਾ। ਸਿੱਖ ਧਰਮ ਦੇ ਮੁਢਲੇ ਸਿਧਾਤ, "**ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ**" ਅਨੁਸਾਰ ਚਲਣ ਲਈ ਕੇਸਾਂ ਦਾ ਰੱਖਣਾ ਤੇ ਕੇਸਾਂ ਦੀ ਸੰਭਾਲ ਬਹੁਤ ਜਰੂਰੀ ਹੈ। ਇਸ ਲਈ ਆਓ ਸਾਰੇ ਜਾਣੇ ਜੁਗੋ ਜੁਗ ਅਟੱਲ ਗੁਰੂ ਗਰੰਥ ਸਾਹਿਬ ਵਿਚ ਅੰਕਤ ਗੁਰਬਾਣੀ ਦੀ ਸਹਾਇਤਾ ਨਾਲ ਅਕਾਲ ਪੁਰਖੁ ਦੇ ਹੁਕਮੁ ਤੇ ਰਜਾ ਅਨੁਸਾਰ ਆਪਣੇ ਸਰੀਰ ਤੇ ਮਨ ਨੂੰ ਚਲਾ ਕੇ ਗੁਰੂ ਦੇ ਸੱਚੇ ਸਿੱਖ ਬਣੀਏ ਤੇ ਆਪਣਾ ਮਨੁੱਖਾ ਜਨਮ ਸਫਲ ਕਰੀਏ।

{੨੫} ਅਸੀਂ ਜਿਆਦਾਤਰ ਆਪਣੇ ਰੋਜ਼ਾਨਾ ਜੀਵਨ ਵਿਚ ਸੰਜੋਗੁ ਆਪਸ ਵਿਚ ਸਬੰਧ ਜਾਂ ਮਿਲਣ ਲਈ ਵਰਤਦੇ ਹਾਂ ਤੇ ਵਿਜੋਗੁ ਆਪਸ ਵਿਚ ਵਿਛੜਨ ਲਈ ਵਰਤਦੇ ਹਾਂ। ਪਰੰਤੂ ਗੁਰਬਾਣੀ ਵਿਚ ਸੰਜੋਗੁ ਤਾਂ ਜਿੰਦ ਤੇ ਸਰੀਰ ਦੇ ਮਿਲਾਪ ਲਈ ਹੈ ਤੇ ਵਿਜੋਗੁ ਜਿੰਦ ਦਾ ਸਰੀਰ ਤੋਂ ਵੱਖਰੇ ਹੋਣ ਲਈ ਹੈ। ਇਸ ਤੋਂ ਇਲਾਵਾ ਸੰਜੋਗੁ ਯਤਨ ਜਾਂ ਮਿਲਾਪ ਲਈ ਵੀ ਗੁਰਬਾਣੀ ਵਿਚ ਵਰਤਿਆ ਗਿਆ ਹੈ ਤੇ ਵਿਜੋਗੁ ਵਿਛੋੜੇ ਲਈ ਵੀ ਵਰਤਿਆ ਗਿਆ ਹੈ।

ਇਹ ਕੁਦਰਤ ਦੀ ਇਕ ਹੈਰਾਨੀ ਕਰਨ ਵਾਲੀ ਰਚਨਾ ਹੈ, ਕਿ ਕਿਸ ਤਰ੍ਹਾਂ ਇਕ ਛੋਟੇ ਜਿਹੇ ਬੀਜ ਤੋਂ ਬਹੁਤ ਵੱਡਾ ਦਰਖਤ ਬਣ ਜਾਂਦਾ ਹੈ ਤੇ ਉਸ ਦਰਖਤ ਨੂੰ ਫੁਲ ਤੇ ਫਲ ਲੱਗਦੇ ਹਨ, ਜਿਨ੍ਹਾਂ ਤੋਂ ਹੋਰ ਅਨੇਕਾਂ ਬੀਜ ਪੈਦਾ ਹੁੰਦੇ ਹਨ। ਇਕ ਦਿਨ ਉਹੀ ਦਰਖਤ ਮਰ ਸੜ ਕੇ ਡਿੱਗ ਜਾਂਦਾ ਹੈ ਤੇ ਜਮੀਨ ਵਿਚ ਅਲੋਪ ਹੋ ਜਾਂਦਾ ਹੈ। ਇਸੇ ਤਰ੍ਹਾਂ ਹੋਰ ਅਨੇਕਾਂ ਜੀਵ ਜੰਤੂ ਹਨ, ਜੋ ਕਿ ਅੰਡੇ ਜਾਂ ਜੇਰਜ ਨਾਲ ਪੈਦਾ ਹੁੰਦੇ ਹਨ, ਸਮਾਂ ਪੈਣ ਤੇ ਇਕ ਦਿਨ ਮਰ ਜਾਂਦੇ ਹਨ। ਅਸੀਂ ਕਹਿ ਸਕਦੇ ਹਾਂ ਕਿ ਹਵਾ ਨਾਲ ਬੀਜ ਦੂਰ ਦੂਰ ਤਕ ਫੈਲ ਜਾਂਦੇ ਹਨ ਤੇ ਹੋਰ ਨਵੀਆਂ ਥਾਂਵਾਂ ਤੇ ਪੇੜ ਪੌਦੇ ਉਗ ਜਾਂਦੇ ਹਨ। ਸਵਾਲ ਇਹ ਵੀ ਪੈਦਾ ਹੁੰਦਾ ਹੈ ਕਿ ਜਦੋਂ ਧਰਤੀ ਬਣੀ ਸੀ, ਉਹ ਇਕ ਅੱਗ ਦੇ ਗੋਲੇ ਦੀ ਤਰ੍ਹਾਂ ਸੀ, ਜੋ ਕਿ ਸਮੇਂ ਨਾਲ ਹੌਲੀ ਹੌਲੀ ਬਾਹਰੋ ਠੰਡੀ ਹੁੰਦੀ ਗਈ, ਪਾਣੀ ਇਕੱਠਾ ਹੋਇਆ, ਸਮੁੰਦਰ ਬਣਿਆ। ਸਮਾਂ ਬੀਤਦਾ ਗਿਆ ਤੇ ਪੇੜ, ਪੌਦੇ ਤੇ ਜੀਵ ਜੰਤੂ ਬਣਨੇ ਤੇ ਮਰਨੇ ਸ਼ੁਰੂ ਹੋ ਗਏ। ਅਸੀਂ ਅਕਸਰ ਵੇਖਦੇ ਹਾਂ ਕਿ ਬਾਰਸ਼ਾਂ ਦੇ ਦਿਨਾਂ ਵਿਚ ਜਮੀਨ ਵਿਚੋਂ ਨਵੇਂ ਨਵੇਂ ਜੀਵ ਨਿਕਲਣੇ ਸ਼ੁਰੂ ਹੋ ਜਾਂਦੇ ਹਨ। ਜਦੋਂ ਜਮੀਨ ਸੁਕ ਜਾਂਦੀ ਹੈ ਤਾਂ ਇਹ ਖਤਮ ਹੋ ਜਾਂਦੇ ਹਨ। ਸਵਾਲ ਪੈਦਾ ਹੁੰਦਾ ਹੈ ਕਿ ਇਹ ਕਿਸ ਤਰ੍ਹਾਂ ਪੈਦਾ ਹੁੰਦੇ ਹਨ ਤੇ ਕਿਸ ਤਰ੍ਹਾਂ ਮਰ ਜਾਂਦੇ ਹਨ। ਅੱਜ ਦੀ ਸਾਇੰਸ ਨਾਲ ਕੁਝ ਹੱਦ ਤਕ ਅਸੀਂ ਸਮਝ ਸਕਦੇ ਹਾਂ, ਕਿਉਂਕਿ ਅਸੀਂ ਅਕਸਰ ਇਹ ਹਰ ਸਾਲ ਵਾਪਰਦਾ ਵੇਖਦੇ ਹਾਂ। ਪਰੰਤੂ ਸਵਾਲ ਪੈਦਾ ਹੁੰਦਾ ਹੈ ਕਿ ਪਹਿਲੀ ਵਾਰ ਮਨੁੱਖ ਕਿਸ ਤਰ੍ਹਾਂ ਪੈਦਾ ਹੋਇਆ, ਹੋਰ ਜਾਨਵਰ ਕਿਸ ਤਰ੍ਹਾਂ ਪੈਦਾ ਹੋਏ ਸਨ। ਕਈ ਵੱਡੇ ਵੱਡੇ ਡਾਇਨਾਸੌਰ ਵਰਗਿਆ ਦੇ ਧਰਤੀ ਤੇ ਪੈਦਾ ਹੋਣ ਬਾਰੇ ਤੇ ਅੱਜ ਦੇ ਸਮੇਂ ਵਿਚ ਅਲੋਪ ਹੋਣ ਬਾਰੇ ਸੁਣਦੇ ਹਾਂ। ਸਾਇੰਸ ਅੰਦਾਜੇ ਲਗਾ ਸਕਦੀ ਹੈ, ਪਰੰਤੂ ਕੋਈ ਠੋਸ ਉੱਤਰ ਨਹੀਂ ਦੇ ਸਕਦੀ ਹੈ, ਕਿ ਇਹ ਸਭ ਕੁਝ ਕਿਸ ਤਰ੍ਹਾਂ ਆਰੰਭ ਹੋਇਆ ਤੇ ਹੁਣ ਕਿਸ ਤਰ੍ਹਾਂ ਸਦੀਆਂ ਤੋਂ ਚਲਿਆ ਆ ਰਿਹਾ ਹੈ।

ਅਕਾਲ ਪੁਰਖ ਦੇ ਹੁਕਮੁ ਵਿਚ ਹੀ ਪਿਤਾ ਦੇ ਵੀਰਜ ਦੀ ਬੂੰਦ ਤੇ ਮਾਂ ਦੇ ਪੇਟ ਦੇ ਲਹੂ ਨੇ ਮਿਲ ਕੇ ਮਨੁੱਖਾ ਸਰੀਰ ਬਣਾ ਦਿੱਤਾ। ਹਵਾ ਪਾਣੀ ਅੱਗ ਆਦਿਕ ਤੱਤਾਂ ਨੇ ਮਿਲ ਕੇ ਜੀਵ ਰਚ ਦਿੱਤੇ। ਹਰੇਕ ਸਰੀਰ ਵਿਚ ਬੈਠਾ ਅਕਾਲ ਪੁਰਖ ਆਪ ਹੀ ਸਭ ਚੋਜ ਤਮਾਸ਼ੇ ਕਰ ਰਿਹਾ ਹੈ, ਉਸ ਨੇ ਆਪ ਹੀ ਮਾਇਆ ਦੇ ਮੋਹ ਦਾ ਖਿਲਾਰਾ ਖਿਲਾਰਿਆ ਹੈ।

*ਬਿੰਦੁ ਰਕਤੁ ਮਿਲਿ ਪਿੰਡੁ ਸਰੀਆ ॥ ਪਉਣੁ ਪਾਣੀ ਅਗਨੀ ਮਿਲਿ ਜੀਆ ॥ ਆਪੇ ਚੋਜ ਕਰੇ ਰੰਗ ਮਹਲੀ ਹੋਰ ਮਾਇਆ ਮੋਹ ਪਸਾਰਾ ਹੇ ॥੪॥ (੧੦੨੬)*

ਅਕਾਲ ਪੁਰਖ ਦਾ "ਸੰਜੋਗ" ਦਾ ਹੁਕਮੁ ਤੇ "ਵਿਜੋਗ" ਦਾ ਹੁਕਮੁ, ਇਹ ਦੋਵੇਂ ਮਿਲ ਕੇ ਇਸ ਸੰਸਾਰ ਦੀ ਕਾਰ ਨੂੰ ਚਲਾ ਰਹੇ ਹਨ। ਪਿਛਲੇ ਸੰਜੋਗਾਂ ਕਰ ਕੇ ਪਰਿਵਾਰ ਦੇ ਜੀਵ ਇੱਥੇ ਆ ਕੇ ਇਕੱਠੇ ਹੁੰਦੇ ਹਨ ਤੇ ਉਸ ਦੀ ਰਜ਼ਾ ਵਿਚ ਫਿਰ ਵਿਛੜ ਕੇ ਆਪੋ ਆਪਣੀ ਵਾਰੀ ਅਨੁਸਾਰ ਇੱਥੋਂ ਚਲੇ ਜਾਂਦੇ ਹਨ। ਸਭ ਜੀਵਾਂ ਦੇ ਕੀਤੇ ਹੋਏ ਕਰਮਾਂ ਅਨੁਸਾਰ ਲੇਖੇ ਲਿਖੇ ਜਾਂਦੇ ਹਨ, ਤੇ ਉਸ ਅਨੁਸਾਰ ਉਨ੍ਹਾਂ ਨੂੰ ਸੁਖ ਦੁਖ ਮਿਲਦੇ ਰਹਿੰਦੇ ਹਨ। ਜੇਕਰ ਮਨੁੱਖ ਦਾ ਅਕਾਲ ਪੁਰਖ ਤੇ ਯਕੀਨ ਬਣ ਜਾਏ ਤਾਂ ਉਸ ਦੇ ਅੰਦਰੋਂ ਕੂੜ ਦੀ ਪਾਲ ਟੁੱਟ ਸਕਦੀ ਹੈ।

*ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ ॥ (੬, ੭)*

ਗੁਰਬਾਣੀ ਅਨੁਸਾਰ ਸੰਜੋਗੁ ਤੇ ਵਿਜੋਗੁ, ਇਹ ਸਭ ਅਕਾਲ ਪੁਰਖ ਦੇ ਹੁਕਮੁ ਤੇ ਉਸ ਦੀ ਰਜ਼ਾ ਅਨੁਸਾਰ ਹੀ ਹੁੰਦੇ ਹਨ। ਇਹ ਮਨੁੱਖਾ ਜਨਮ ਜੋ ਸਾਨੂੰ ਮਿਲਿਆ ਹੈ, ਪਤਾ ਨਹੀਂ ਦੁਬਾਰਾ ਮਿਲਣਾ ਹੈ ਕਿ ਨਹੀਂ, ਫਿਰ ਕਿਉਂ ਨਾ ਅਸੀਂ ਗੁਰੂ ਦੇ ਸਬਦ ਦੁਆਰਾ ਇਹ ਮਨੁੱਖਾ ਜਨਮ ਸਫਲ ਕਰੀਏ ਤਾਂ ਜੋ ਜਨਮ ਮਰਨ ਦੇ ਗੇੜ ਤੋਂ ਬਚ ਸਕੀਏ।

{੨੬} ਆਪਣੇ ਇਸ ਜਗਤ ਵਿਚ ਅਕਾਲ ਪੁਰਖ ਨੇ ਆਪ ਹੀ ਚੰਦ ਤੇ ਸੂਰਜ ਮਾਨੋ ਦੋ ਦੀਵੇ ਜਗਾ ਰੱਖੇ ਹਨ, ਚੰਦ੍ਰਮਾ ਦੇ ਘਰ ਵਿਚ ਸੂਰਜ ਸਮਾਇਆ ਹੋਇਆ ਹੈ, ਭਾਵ, ਸੂਰਜ ਦੀਆਂ ਕਿਰਨਾਂ ਚੰਦ੍ਰਮਾ ਵਿਚ ਪੈ ਕੇ ਚੰਦ੍ਰਮਾ ਨੂੰ ਰੌਸ਼ਨੀ ਦੇ ਰਹੀਆਂ ਹਨ। ਇਹ ਇਸ਼ਾਰਾ ਇਹੀ ਸਮਝਾ ਰਿਹਾ ਹੈ ਕਿ ਚੰਦ੍ਰਮੇ ਦੀ ਆਪਣੀ ਕੋਈ ਰੌਸ਼ਨੀ ਨਹੀਂ ਹੈ ਤੇ ਚੰਦ੍ਰਮੇ ਤੋਂ ਆ ਰਹੀ ਰੌਸ਼ਨੀ ਸੂਰਜ ਕਰਕੇ ਹੀ ਹੈ। ਚੰਦ੍ਰਮਾ ਸੂਰਜ ਦੀਆਂ ਕੁਝ ਕਿਰਨਾਂ ਆਪਣੇ ਵਿਚ ਸਮੇਟ ਲੈਂਦਾ ਹੈ ਤੇ ਬਾਕੀ ਦੀਆਂ ਰਿਫਲੈਕਟ (Reflect) ਕਰਕੇ ਧਰਤੀ ਵੱਲ ਭੇਜ ਦਿੰਦਾ ਹੈ।

*ਚੰਦੁ ਸੂਰਜੁ ਦੁਇ ਦੀਪਕ ਰਾਖੇ ਸਸਿ ਘਰਿ ਸੂਰੁ ਸਮਾਇਦਾ ॥੬॥ (੧੦੩੩, ੧੦੩੪)*

ਗੁਰੂ ਨਾਨਕ ਸਾਹਿਬ (1469-1539) ਕੋਲ ਕੋਈ ਦੂਰਬੀਨ (Telescope) ਨਹੀਂ ਸੀ, ਪਰੰਤੂ ਉਨ੍ਹਾਂ ਨੇ ਆਪਣੀ ਬਾਣੀ ਵਿਚ ਸਪੱਸ਼ਟ ਕਹਿ ਦਿਤਾ ਸੀ, ਕਿ ਜੋ ਅਸੀਂ ਚੰਦਰਮੇ ਦੀ ਰੌਸ਼ਨੀ ਨਾਲ ਰਾਤ ਵੇਲੇ ਵੇਖਦੇ ਹਾਂ, ਉਹ ਰੌਸ਼ਨੀ ਚੰਦਰਮੇ ਦੀ ਆਪਣੀ ਨਹੀਂ ਹੁੰਦੀ ਹੈ, ਬਲਕਿ ਚੰਦਰਮੇ ਦੇ ਅੰਦਰ ਸੂਰਜ ਦੀ ਰੌਸ਼ਨੀ ਸਮਾਈ ਹੁੰਦੀ ਹੈ। ਸਾਨੂੰ ਰਾਤ ਵੇਲੇ ਚਾਨਣ ਲਈ ਚੰਦਰਮੇ ਦੀ ਰੌਸ਼ਨੀ ਸਹਾਈ ਹੁੰਦੀ ਹੈ, ਇਸੇ ਤਰ੍ਹਾਂ ਮਨੁੱਖਾ ਜੀਵਨ ਵਿਚ ਅਗਿਆਨਤਾ ਦੂਰ ਕਰਨ ਲਈ ਸਬਦ ਗੁਰੂ ਦਾ ਗਿਆਨ ਸਹਾਈ ਹੁੰਦਾ ਹੈ, ਜਿਸ ਦਾ ਸੰਬੰਧ ਗਿਆਨ ਦੇ ਸੋਮੇ ਅਕਾਲ ਪੁਰਖ ਨਾਲ ਹੈ। ਜੇਹੜਾ ਮਨੁੱਖ ਸ਼ਬਦ ਗੁਰੂ ਅਨੁਸਾਰ ਜੀਵਨ ਵਿਚ ਵਿਚਰਦਾ ਹੈ, ਉਹ ਸਬਦ ਗੁਰੂ ਦੁਆਰਾ ਆਤਮਕ ਜੀਵਨ ਦੇਣ ਵਾਲਾ ਨਾਮੁ ਪ੍ਰਾਪਤ ਕਰਦਾ ਹੈ, ਤੇ ਉਸ ਦਾ ਹਉਮੈ ਘਟਨਾ ਸ਼ੁਰੂ ਹੋ ਜਾਂਦਾ ਹੈ, ਅੰਦਰ ਦੀ ਤ੍ਰਿਸ਼ਨਾ ਮੁੱਕ ਜਾਂਦੀ ਹੈ, ਤੇ ਦੁਨਿਆਵੀ ਡਰ ਦੂਰ ਹੋ ਜਾਂਦਾ ਹੈ। ਅਜੇਹੇ ਮਨੁੱਖ ਨੂੰ ਉਹ ਆਤਮਕ ਅਵਸਥਾ ਮਿਲ ਜਾਂਦੀ ਹੈ, ਜਿਥੇ ਗਿਆਨ ਦਾ ਪ੍ਰਕਾਸ਼ ਹੁੰਦਾ ਹੈ, ਤੇ ਉਹ ਉੱਚੇ ਤੋਂ ਉੱਚਾ ਆਤਮਕ ਦਰਜਾ ਹਾਸਲ ਕਰ ਲੈਂਦਾ ਹੈ।

*ਸਤਿਗੁਰ ਮਿਲਹੁ ਆਪੇ ਪ੍ਰਭੁ ਤਾਰੇ ॥ ਸਸਿ ਘਰਿ ਸੂਰੁ ਦੀਪਕੁ ਗੈਣਾਰੇ ॥ ਦੇਖਿ ਅਦਿਸਟੁ ਰਹਹੁ ਲਿਵ ਲਾਗੀ ਸਭੁ ਤ੍ਰਿਭਵਣਿ ਬ੍ਰਹਮੁ ਸਬਾਇਆ ॥੩॥ (੧੦੪੧)*

ਸਬਦ, "*ਸਸੀਅਰ ਕੈ ਘਰਿ ਸੂਰੁ ਸਮਾਵੈ ॥*", ਇਹੀ ਸਮਝਾਂਉਂਦਾ ਹੈ ਕਿ ਚੰਦਰਮੇ ਦੇ ਅੰਦਰ ਸੂਰਜ ਦੀ ਗਰਮੀ ਸਮਾ ਜਾਂਦੀ ਹੈ। ਭਾਵ ਸ਼ਾਂਤੀ ਦੇ ਘਰ (ਅਕਾਲ ਪੁਰਖ) ਵਿਚ ਮਨੁੱਖ ਦੇ ਮਨ ਦੀ ਤਪਸ਼ ਸਮਾ ਜਾਂਦੀ ਹੈ। ਉਸ ਵੇਲੇ ਮਨੁੱਖ ਅਕਾਲ ਪੁਰਖ ਨਾਲ ਮਿਲਾਪ ਕਰਵਾਉਂਣ ਵਾਲੀ ਜੁਗਤੀ ਦੀ ਕਦਰ ਸਮਝਦਾ ਹੈ। ਫਿਰ ਮਨੁੱਖ ਉਸ ਅਕਾਲ ਪੁਰਖ ਵਿਚ ਆਪਣੀ ਸੁਰਤਿ ਜੋੜੀ ਰੱਖਦਾ ਹੈ, ਜਿਹੜਾ ਸਾਰੀ ਸ੍ਰਿਸ਼ਟੀ ਵਿਚ ਅਤੇ ਹਰੇਕ ਥਾਂ ਸਮਾਇਆ ਹੋਇਆ ਹੈ।

ਸਤਿਗੁਰੂ ਦਾ ਸ਼ਬਦ ਉੱਚਾਰਨ ਨਾਲ ਮਨੁੱਖ ਦੇ ਹਿਰਦੇ ਵਿਚ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ, ਤਾਂ ਫਿਰ ਅਗਿਆਨਤਾ ਦਾ ਹਨੇਰਾ ਮਿਟ ਜਾਂਦਾ ਹੈ। ਚੰਦਰਮਾ ਦੇ ਘਰ ਵਿਚ ਸੂਰਜ ਆ ਵੱਸਦਾ ਹੈ ਭਾਵ, ਸ਼ਾਂਤ ਹਿਰਦੇ ਵਿਚ ਗਿਆਨ ਦਾ ਸੂਰਜ ਚੜ੍ਹ ਪੈਂਦਾ ਹੈ। ਸ਼ਬਦ ਗੁਰੂ ਦੀ ਬਰਕਤਿ ਨਾਲ ਜਦੋਂ ਗੁਰਮੁਖ ਸੁਖ ਤੇ ਦੁਖ ਨੂੰ ਇਕੋ ਜਿਹਾ ਜਾਣ ਕੇ ਅਕਾਲ ਪੁਰਖ ਦੇ ਨਾਮੁ ਨੂੰ ਆਪਣੇ ਜੀਵਨ ਦਾ ਆਧਾਰ ਬਣਾਂਦਾ ਹੈ, ਫਿਰ ਭਾਂਵੇ ਸੁਖ ਹੋਵੇ ਜਾਂ ਦੁਖ ਉਹ ਹਰ ਵੇਲੇ ਅਕਾਲ ਪੁਰਖ ਨੂੰ ਯਾਦ ਰੱਖਦਾ ਹੈ, ਤੇ ਅਕਾਲ ਪੁਰਖ ਆਪ ਹੀ ਮਨੁੱਖ ਨੂੰ ਇਸ ਸੰਸਾਰ ਰੂਪੀ ਸਮੁੰਦਰ ਤੋਂ ਪਾਰ ਲੰਘਾ ਲੈਂਦਾ ਹੈ।

*ਸਬਦੁ ਭਾਖਤ ਸਸਿ ਜੋਤਿ ਅਪਾਰਾ ॥ ਸਸਿ ਘਰਿ ਸੂਰੁ ਵਸੈ ਮਿਟੈ ਅੰਧਿਆਰਾ ॥ (੯੪੩)*

{੨੭} ਗੁਰੂ ਗਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਤੇ ਸਾਇੰਸ ਸਬੰਧੀ ਵੱਖ ਵੱਖ ਵਿਸ਼ਿਆਂ ਅਨੁਸਾਰ ਬਿਆਨ ਕੀਤੇ ਸਬਦ ਇਹ ਸਾਬਤ ਕਰਦੇ ਹਨ ਕਿ ਸਿੱਖ ਧਰਮ ਕੋਈ ਰਵਾਇਤਾ ਪੂਰੀਆਂ ਕਰਨ ਵਾਲਾ ਧਰਮ ਨਹੀਂ ਹੈ। ਗੁਰਬਾਣੀ ਹੁਣ ਦੇ ਸਮੇਂ ਦੀ ਸਾਇੰਸ ਤੇ ਭਵਿੱਖ ਵਿਚ ਹੋਣ ਵਾਲੀਆਂ ਖੋਜਾਂ ਲਈ ਡੂੰਗੀ ਜਾਣਕਾਰੀ ਦਾ ਸੋਮਾ ਹੈ। ਇਸ ਲਈ ਸਾਨੂੰ ਪਰਚੱਲਤ ਰਵਾਇਤਾ ਤੋਂ

ਉਪਰ ਉਠ ਕੇ ਗੁਰੂ ਗਰੰਥ ਸਾਹਿਬ ਅਨੁਸਾਰ ਦਿਤੀ ਗਈ ਸਿਖਿਆ ਤੇ ਉਸ ਸਬੰਧੀ ਖੋਜ ਇਕ ਵਿਗਿਆਨਕ ਤਰੀਕੇ ਨਾਲ ਕਰਨੀ ਚਾਹੀਦੀ ਹੈ।

ਗੁਰੂ ਨਾਨਕ ਸਾਹਿਬ ਨੂੰ ਜਿਥੇ ੧੦੦ ਤੋਂ ਵੱਧ ਭਾਸ਼ਾਵਾ{ਗ੦੧, E02} ਦਾ ਗਿਆਨ ਸੀ, ਉਥੇ ਰੋਜਾਨਾ ਜੀਵਨ ਦੀ ਸਿਖਿਆ ਤੋ ਇਲਾਵਾ, ਹੋਰ ਬਹੁਤ ਸਾਰੇ ਵਿਸ਼ਿਆਂ ਸਬੰਧੀ ਡੂੰਘੀ ਜਾਣਕਾਰੀ ਸੀ, ਜਿਸ ਤਰ੍ਹਾਂ ਕਿ ਭੌਤਿਕ ਵਿਗਿਆਨ (Physics), ਰਸਾਨਿਕ ਵਿਗਿਆਨ (Chemistry), ਭੂਗੋਲ ਵਿਗਿਆਨ (Geography), ਆਕਾਸ਼ ਮੰਡਲ (Astronomy), ਜੀਵ ਵਿਗਿਆਨ (Biology), ਬਨਸਪਤੀ ਵਿਗਿਆਨ (Botony), ਮਨੋਵਿਗਿਆਨ (Psychology), ਆਦਿ। ਜੇਕਰ ਅਸੀਂ ਆਪਣੇ ਆਪ ਨੂੰ ਗੁਰੂ ਨਾਨਕ ਸਾਹਿਬ ਦੇ ਸਿੱਖ ਕਹਾਉਂਦੇ ਹਾਂ, ਤਾਂ ਸਾਨੂੰ ਆਪਣੇ ਆਪ ਨੂੰ ਪੁੱਛਣਾ ਪਵੇਗਾ ਕਿ ਸਾਨੂੰ ਕਿਨੀਆਂ ਕੁ ਭਾਸ਼ਾਵਾਂ ਦਾ ਗਿਆਨ ਹੈ। ਅਸੀਂ ਕਿਨਿਆਂ ਕੁ ਹੋਰ ਵਿਸ਼ਿਆਂ ਸਬੰਧੀ ਡੂੰਘੀ ਸਿਖਿਆ ਤੇ ਜਾਣਕਾਰੀ ਹਾਸਲ ਕੀਤੀ ਹੈ। ਜਾਂ ਦੂਸਰੇ ਲਫਜ਼ਾਂ ਵਿਚ ਕਹਿ ਲਉ ਕਿ ਕਿਨਿਆਂ ਕੁ ਵਿਸ਼ਿਆਂ ਵਿਚ ਪੀ.ਐਚ.ਡੀ. (Ph.D.) ਹਾਸਲ ਕਰ ਲਈ ਹੈ। ਸਾਡੇ ਗੁਮਰਾਹ ਹੋਣ ਦਾ ਕਾਰਨ ਇਹੀ ਹੈ, ਕਿ ਗੁਰੂ ਗਰੰਥ ਸਾਹਿਬ ਸਾਨੂੰ ਕੁਝ ਹੋਰ ਸਿਖਿਆ ਦੇਂਦੇ ਹਨ ਤੇ ਅਸੀਂ ਬਾਕੀ ਲੋਕਾਂ ਦੇ ਮਗਰ ਲਗ ਕੇ ਕੁਝ ਹੋਰ ਹੀ ਕਰੀ ਜਾਂਦੇ ਹਾਂ, ਜਾਂ ਫਿਰ ਆਪਸ ਵਿਚ ਬਹਿਸ ਕਰਦੇ ਰਹਿੰਦੇ ਹਾਂ ਤੇ ਲੜਦੇ ਰਹਿੰਦੇ ਹਾਂ। ਜੇਕਰ ਅਸੀਂ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਨੂੰ ਸਾਹਮਣੇ ਰੱਖ ਕੇ ਵੀਚਾਰੀਏ ਤਾਂ ਆਸਾਨੀ ਨਾਲ ਬਹੁਤ ਸਾਰੇ ਸ਼ੰਕੇ ਦੂਰ ਕਰ ਸਕਦੇ ਹਨ।

ਗੁਰੂ ਗਰੰਥ ਸਾਹਿਬ ਵਿਚ ਕਿਤੇ ਨਹੀਂ ਕਿਹਾ ਗਿਆਂ ਕਿ "***ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥***", ਮੂਲ ਮੰਤਰ{ਗ੦੧} ਹੈ। ਲੋਕ ਆਪਣੇ ਕੋਲੋ ਬਣਾ ਕੇ ਆਪਸ ਵਿਚ ਹੀ ਲੜੀ ਜਾਂਦੇ ਹਨ। ਜਦੋਂ ਕਿ ਧਿਆਨ ਨਾਲ ਵਿਚਾਰੋ ਤਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਅਸਲ ਵਿਚ ਇਹ ਅਕਾਲ ਪੁਰਖੁ ਦੀ ਪਰਿਭਾਸ਼ਾ ਹੈ। ਗੁਰੂ ਨਾਨਕ ਸਾਹਿਬ ਨੇ ਅਕਾਲ ਪੁਰਖੁ ਦੀ ਪਰਿਭਾਸ਼ਾ ਕਲਪਨਾਂ ਦੇ ਆਧਾਰ ਤੇ ਨਹੀਂ ਦਿਤੀ, ਬਲਕਿ ਪੂਰਨ, ਉਚੇ ਪੱਧਰ ਦੀ ਸਇੰਸ ਦੇ ਆਧਾਰ ਤੇ ਦਿੱਤੀ ਹੈ।

ਗੁਰੂ ਗਰੰਥ ਸਾਹਿਬ ਵਿਚ ਅੰਕਿਤ ਕੋਈ ਸਬਦ ਨਹੀਂ, ਜਿਹੜਾਂ ਇਹ ਹਦਾਇਤ ਦਿੰਦਾ ਹੈ, ਕਿ "**ਨਾਮ ਜਪਣਾ, ਵੰਡ ਛਕਣਾ, ਕਿਰਤ ਕਰਨੀ**", ਸਿੱਖ ਧਰਮ ਦਾ ਮੁਢਲਾ ਸਿਧਾਂਤ ਹੈ। ਜਿਆਦਾ ਤਰ ਲੋਕ ਬਿਨਾ ਖੋਜੇ ਹੀ ਇਸ ਦਾ ਪਰਚਾਰ ਕਰੀ ਜਾਂਦੇ ਹਨ। ਗੁਰੂ ਨਾਨਕ ਸਾਹਿਬ ਨੇ ਜਪੁਜੀ ਸਾਹਿਬ ਦੀ ਪਹਿਲੀ ਪਉੜੀ ਵਿਚ ਹੀ ਹੋਰਨਾਂ ਮਤਾਂ ਦਾ ਜਿਕਰ ਕਰਦੇ ਹੋਏ ਸਿੱਖ ਧਰਮ ਦੇ ਮੁਢਲੇ ਸਿਧਾਂਤ, '***ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ***' ਬਾਰੇ ਵੀ ਸਪੱਸ਼ਟ ਜਾਣਕਾਰੀ ਦੇ ਦਿਤੀ ਹੈ। ਪਰੰਤੂ ਇਸ ਬਾਰੇ ਕੋਈ ਵਿਰਲਾ ਹੀ ਸਹਿਮਤ ਹੋਣ ਲਈ ਤਿਆਰ ਹੁੰਦਾ ਹੈ। ਗੁਰੂ ਨਾਨਕ ਸਾਹਿਬ ਨੇ ਤਾਂ ਸਾਨੂੰ ਇਕ ਨਿਵੇਕਲਾ ਅਧੁਨਿਕ ਵਿਗਿਆਨਕ ਧਰਮ ਦਿਤਾ ਸੀ, ਪਰੰਤੂ ਅਸੀਂ ਦੂਸਰਿਆਂ ਦੇ ਮਗਰ ਲਗ ਕੇ ਇਸ ਨੂੰ ਇਕ ਰਵਾਇਤੀ ਧਰਮ ਬਣਾ ਦਿਤਾ ਹੈ, "***ਗੁਰੂ ਦੁਆਰੈ ਹੋਇ ਸੋਝੀ ਪਾਇਸੀ***"

ਅੱਜਕਲ ਦੀਆਂ ਬਹੁਤ ਸਾਰੀਆਂ ਮੁਸ਼ਕਲਾਂ ਤੇ ਬਰਬਾਦੀ ਦਾ ਕਾਰਨ ਇਹੀ ਹੈ ਕਿ ਲੋਕਾਂ ਨੇ ਅਕਾਲ ਪੁਰਖੁ ਦੇ ਹੁਕਮੁ ਤੇ ਰਜਾ ਨੂੰ ਸਮਝਣਾ ਤੇ ਉਸ ਅਨੁਸਾਰ ਚਲਣਾ ਬੰਦ ਕਰ ਦਿਤਾ ਹੈ। ਗੁਰੂ ਨਾਨਕ ਸਾਹਿਬ ਨੇ ਤਾਂ ਸਮਝਾਇਆ ਸੀ, ਕਿ ਅਕਾਲ ਪੁਰਖੁ ਕੁਦਰਤ ਵਿਚ ਵਸਦਾ ਹੈ, "***ਕੁਦਰਤਿ ਕਰਿ ਕੈ ਵਸਿਆ ਸੋਇ ॥ ਵਖਤੁ ਵੀਚਾਰੇ ਸੁ ਬੰਦਾ ਹੋਇ ॥*** (੮੩,੮੪)"। ਪਰੰਤੂ ਅੱਜ ਅਸੀਂ ਕੁਦਰਤ ਦਾ ਸਤਿਕਾਰ ਨਾ ਕਦਰੇ ਹੋਏ ਪਰਦੂਸ਼ਨ (Pollution) ਫੈਲਾ ਰਹੇ ਹਾਂ, ਜੰਗਲ ਕਟ ਰਹੇ ਹਾਂ, ਪਹਾੜ ਕੱਟ ਰਹੇ ਹਾਂ। ਇਸ ਦੇ ਨਤੀਜੇ ਵੀ ਭੁਗਤ ਰਹੇ ਹਾਂ, ਜਿਸ ਕਰਕੇ ਕਿਤੇ ਸੋਕਾ ਤੇ ਕਿਤੇ ਹੜ, ਕਿਤੇ ਤੂਫਾਨ ਆ ਰਹੇ ਹਨ ਤੇ ਕਿਤੇ ਪਹਾੜਾਂ ਦੀ ਮਿੱਟੀ ਡਿਗ ਰਹੀ ਹੈ। ਸਿੱਖ ਨੇ ਕੁਦਰਤ ਵਿਚੋਂ ਕਾਦਰ ਨੂੰ ਵਸਦਾ ਵੇਖਣਾ ਹੈ।

ਇਸ ਲਈ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਦੁਆਰਾ ਜੀਵਨ ਦੀ ਅਸਲੀਅਤ ਨੂੰ ਸਮਝਣਾ ਹੈ, ਖੋਜਣਾ ਹੈ, ਅਕਾਲ ਪੁਰਖੁ ਦੇ ਹੁਕਮੁ ਨੂੰ ਪਹਿਚਾਨਣਾ ਹੈ ਤੇ ਅਮਲੀ ਜੀਵਨ ਵਿਚ ਅਪਨਾ ਕੇ ਇਹ ਮਨੁੱਖਾ ਜੀਵਨ ਸਫਲ ਕਰਨਾ ਹੈ। ਇਸ ਲਈ ਆਓ ਸਾਰੇ ਜਾਣੇ ਸਬਦ ਗੁਰੂ, ਗੁਰੂ ਗਰੰਥ ਸਾਹਿਬ ਵਿਚ ਅੰਕਿਤ ਸੱਚੀ ਬਾਣੀ ਨੂੰ ਪੜ੍ਹੀਏ, ਸੁਣੀਏ, ਸਮਝੀਏ, ਖੋਜੀਏ ਤੇ ਜੀਵਨ ਦੀ ਅਸਲੀਅਤ ਨੂੰ ਸਮਝੀਏ। ਗੁਰਬਾਣੀ ਨੂੰ ਆਪਣੇ ਜੀਵਨ ਦਾ ਆਧਾਰ ਬਣਾ ਕੇ ਸਬਦ ਗੁਰੂ ਦੁਆਰਾ ਆਪਣੇ ਅੰਦਰ ਚਾਨਣ ਪੈਦਾ ਕਰੀਏ ਅਤੇ ਪੂਰੀ ਦੁਨੀਆ ਵਿਚੋਂ ਅਗਿਆਨਤਾ ਦਾ ਅੰਧੇਰਾ ਦੂਰ ਕਰਨ ਲਈ ਉਪਰਾਲਾ ਕਰੀਏ।

***ਗੁਰਸਿਖ ਮੀਤ ਚਲਹੁ ਗੁਰ ਚਾਲੀ ॥ ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ ॥੧॥ ਰਹਾਉ ॥*** *(੬੬੭, ੬੬੮)*

ਜੇ ਕਰ ਅਸੀਂ ਅਕਾਲ ਪੁਰਖੁ ਨਾਲ ਸਾਂਝ ਕਾਇਮ ਕਰਨੀ ਚਾਹੁੰਦੇ ਹਾਂ, ਤਾਂ ਸਾਨੂੰ ਵੀ ਅਕਾਲ ਪੁਰਖੁ ਬਾਰੇ ਪੂਰੀ ਜਾਣਕਾਰੀ ਹਾਸਲ ਕਰਨੀ ਪਵੇਗੀ, ਕਿ ਉਸ ਨੂੰ ਕਿਹੜੇ ਕਰਮ ਠੀਕ ਲਗਦੇ ਹਨ, ਉਸ ਦੀ ਰਚੀ ਹੋਈ ਕੁਦਰਤ ਦਾ ਸਤਿਕਾਰ ਕਰਨਾ ਪਵੇਗਾ, ਉਸ ਦੇ ਹੁਕਮੁ ਨੂੰ ਪਛਾਨਣਾਂ ਪਵੇਗਾ, ਤੇ ਉਸ ਦੀ ਰਜ਼ਾ ਅਨੁਸਾਰ ਚਲਣਾ ਪਵੇਗਾ। ਸਾਨੂੰ ਆਪਣੇ ਅੰਦਰ ਅਕਾਲ ਪੁਰਖੁ ਵਰਗੇ ਗੁਣ ਪੈਦਾ ਕਰਨੇ ਪੈਣਗੇ, ਆਪਣੀ ਸੋਚ ਅਕਾਲ ਪੁਰਖੁ ਵਰਗੀ ਬਣਾਉਣੀ ਪਵੇਗੀ।

ਗੁਰਬਾਣੀ ਵਿਚ ਵਾਰ ਵਾਰ ਇਹੀ ਸਮਝਾਇਆ ਗਿਆ ਹੈ, ਕਿ ਗੁਰ ਸਬਦ ਦੁਆਰਾ, ਸੱਚੀ ਬਾਣੀ ਦੁਆਰਾ, ਆਪਣੇ ਹਿਰਦੇ ਨਾਲ ਉਸ ਸੱਚੇ ਅਕਾਲ ਪੁਰਖੁ ਦੀ ਵਾਹੁ ਵਾਹੁ ਕਰਨੀ ਹੈ, ਉਸ ਦੀ ਉਸਤਤ ਕਰਨੀ ਹੈ, ਉਸ ਦੇ ਗੁਣ ਗਾਇਨ ਕਰਨੇ ਹਨ, ਤਾਂ ਜੋ ਉਸ ਅਕਾਲ ਪੁਰਖੁ ਦਾ ਮਿਲਾਪ ਹੋ ਸਕੇ, ਉਸ ਦੀ ਬਖਸ਼ਸ ਮਿਲ ਸਕੇ, ਜਮਾਂ ਤੋਂ ਛੁਟਕਾਰਾ ਮਿਲ ਸਕੇ, ਉਸ ਦੇ ਦਰ ਤੇ ਸ਼ੋਭਾ ਮਿਲ ਸਕੇ, ਤੇ ਸਾਡਾ ਮਨੁੱਖਾ ਜੀਵਨ ਸਫਲ ਹੋ ਸਕੇ। ਜੇ ਕਰ ਅਸੀਂ ਨਾਮੁ{ਕ੦੧} ਤੇ ਹੁਕਮੁ{ਹ੨੫}{**E05**} ਨੂੰ ਸਮਝਣਾ ਚਾਹੁੰਦੇ ਹਾਂ ਤਾਂ ਸਾਨੂੰ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਵਿਚੋਂ ਹੀ ਖੋਜਣਾ ਪਵੇਗਾ। ਇਸ ਲਈ ਆਓ ਸਾਰੇ ਜਾਣੇ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਨੂੰ ਪੜ੍ਹ ਕੇ, ਸਮਝ ਕੇ, ਤੇ ਆਪਣੇ ਅਮਲੀ ਜੀਵਨ ਵਿਚ ਅਪਨਾ ਕੇ ਆਪਣਾ ਮਨੁੱਖਾ ਜੀਵਨ ਸਫਲ ਕਰੀਏ।

***ਗਾਵੀਐ ਸੁਣੀਐ ਮਨਿ ਰਖੀਐ ਭਾਉ ॥ ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥ (੨)***

**"ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ"**

ਡਾ: ਸਰਬਜੀਤ ਸਿੰਘ

ਤਤਕਰਾ

## ਗੁਰਸਿੱਖ ਲਈ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਦੀ ਖੋਜ਼ ਕਰਨੀ ਜਰੂਰੀ ਹੈ (ਭਾਗ-੧)

## Research on Guru Granth Sahib is important for a Gursikh (Part-1)

ਗੁਰਬਾਣੀ ਵਿਚ ਅਣਗਿਣਤ ਖਜ਼ਾਨੇ ਛਿਪੇ ਹੋਏ ਹਨ, ਜੀਵਨ ਦੇ ਹਰ ਪਹਿਲੂ ਬਾਬਤ ਰਹਿਨੁਮਾਈ ਮਿਲਦੀ ਹੈ, ਵਿਦਿਆ ਦੇ ਹਰ ਖੇਤਰ ਬਾਰੇ ਸੇਧ ਮਿਲਦੀ ਹੈ। ਗੁਰੂ ਗਰੰਥ ਸਾਹਿਬ ਵਿਚ ਸਮਾਜਿਕ, ਰਾਜਨੀਤਕ, ਪਰਿਵਾਰਿਕ, ਇਤਿਹਾਸ, ਭੂਗੋਲ, ਅਰਥ ਸ਼ਾਸਤਰ, ਕਮਿਸਟਰੀ, ਫਿਜ਼ਿਕਸ, ਭੂਮੰਡਲ, ਅਕਾਸ਼ ਮੰਡਲ, ਮਨੋਵਿਗਿਆਨਕ, ਆਦਿ ਸਭ ਤਰ੍ਹਾਂ ਦੇ ਵਿਸ਼ਿਆ ਸਬੰਧੀ ਡੂੰਘੀ ਜਾਣਕਾਰੀ ਦਿੱਤੀ ਗਈ ਹੈ ਤਾਂ ਜੋ ਸਮੁੱਚੀ ਮਨੁੱਖਤਾ ਨੂੰ ਜੀਵਨ ਦੀ ਸਹੀ ਦਿਸ਼ਾ ਵੱਲ ਮੋੜਿਆ ਜਾ ਸਕੇ। ਆਉ ਅਸੀਂ ਗੁਰੂ ਨਾਨਕ ਸਾਹਿਬ ਦੀ ਆਰੰਭ ਕੀਤੀ ਹੋਈ ਗੁਰਬਾਣੀ ਅਤੇ ਅੱਜ ਦੀ ਸਾਇੰਸ ਦੀ ਖੋਜ ਸਬੰਧੀ ਕੁਝ ਸਾਂਝ ਕਰੀਏ।

ਤਰਤੀਬ ਅਨੁਸਾਰ ਕੁਦਰਤ, ਉਸ ਦੇ ਨਿਯਮ ਅਤੇ ਵਿਧੀਆਂ ਦੇ ਬਾਰੇ ਇਕੱਠੇ ਕੀਤੇ ਗਏ ਗਿਆਨ ਨੂੰ ਸਾਇੰਸ ਕਿਹਾ ਜਾਂਦਾ ਹੈ। ਸਾਇੰਸ ਪਦਾਰਥ ਤੇ ਉਸ ਨਾਲ ਹੋ ਰਹੀਆਂ ਕਿਰਿਆਵਾਂ ਨੂੰ ਸਮਝ ਕੇ ਦੁਨੀਆ ਦੀ ਅਸਲੀਅਤ, ਭਾਵ ਅਕਾਲ ਪੁਰਖੁ ਨੂੰ ਖੋਜਣ ਦਾ ਯਤਨ ਕਰਦੀ ਹੈ। ਸਾਇੰਸ ਪੰਜ ਇੰਦਰੀਆਂ, ਜਾਨਵਰਾਂ ਅਤੇ ਜੰਤਰਾਂ ਦੀ ਸਹਾਇਤਾ ਨਾਲ ਪਦਾਰਥ ਦੀ ਖੋਜ ਕਰਦੀ ਹੈ। ਸੀਮਿਤ ਸਾਧਨ ਅਤੇ ਪੰਜ ਇੰਦਰੀਆਂ (ਅੱਖ, ਕੰਨ, ਨੱਕ, ਜਬਾਨ ਅਤੇ ਚਮੜੀ) ਕਰਕੇ, ਸਾਇੰਸ ਸਚਾਈ ਦੀ ਕੁਝ ਹੱਦ ਤਕ ਹੀ ਪਹੁੰਚ ਸਕੀ ਹੈ।

ਧਰਮ ਅਕਾਲ ਪੁਰਖੁ ਬਾਰੇ ਨਿਯਮ ਅਤੇ ਅਸੂਲਾਂ ਨੂੰ ਬਿਆਨ ਕਰਕੇ ਜੀਵਨ ਦੀ ਰੌਂ, ਮਨੁੱਖਤਾ ਅਤੇ ਦੁਨਿਆਵੀ ਜੀਵਨ ਤਕ ਪਹੁੰਚਦਾ ਹੈ। ਧਰਮ ਉਹੀ ਸਫਲ ਹੈ ਜਿਹੜਾ ਅਕਾਲ ਪੁਰਖੁ ਤੋਂ ਇਕ ਸਫਲ ਮਨੁੱਖਾ ਜੀਵਨ ਤਕ ਪੂਰਨ ਤੌਰ ਤੇ ਲਿਜਾ ਸਕਦਾ ਹੈ।

ਸਾਇੰਸ ਦੀ ਖੋਜ ਪਦਾਰਥ ਤਕ ਸੀਮਿਤ ਹੈ। ਇਸ ਲਈ ਸਾਇੰਸ ਪਦਾਰਥ ਦੀ ਗੱਲ ਕਰਦੀ ਹੈ। ਸਾਇੰਸ ਪਦਾਰਥ ਤੋਂ ਜੀਵ ਨਹੀਂ ਪੈਦਾ ਕਰ ਸਕਦੀ ਹੈ। ਧਰਮ ਪਦਾਰਥ ਅਤੇ ਜੀਵਨ ਦੋਹਾਂ ਦੀ ਗੱਲ ਕਰਦਾ ਹੈ। ਜੀਵ ਵਿਗਿਆਨ (Biology) ਤੇ ਬਨਸਪਤੀ ਵਿਗਿਆਨ (Botony) ਭਾਵੇਂ ਜੀਵਾਂ ਅਤੇ ਬਨਸਪਤੀ ਬਾਰੇ ਖੋਜ ਕਰਦੀਆਂ ਹਨ, ਪਰ ਇਹ ਸਾਰੀ ਖੋਜ ਜੀਵ ਜੰਤੂਆਂ ਦੇ ਵਿਵਹਾਰ ਤੇ ਉਨ੍ਹਾਂ ਨਾਲ ਵਾਪਰ ਰਹੀਆਂ ਘਟਨਾਵਾਂ ਦੇ ਆਧਾਰ ਤੇ ਹੁੰਦੀ ਹੈ।

ਸਾਇੰਸ ਮਨੁੱਖਾ ਸੁਭਾ, ਇਮਾਨਦਾਰੀ, ਮਨ ਦੀ ਸ਼ਾਂਤੀ, ਦੋਸਤੀ, ਸਹਿਣ ਸ਼ਕਤੀ, ਸਬਰ, ਦੂਸਰਿਆਂ ਦਾ ਦੁਖ ਦਰਦ ਸਮਝਣਾ, ਸੋਚਣ ਸ਼ਕਤੀ, ਮਾਣ, ਲਾਲਚ, ਗੁਸਾ, ਅਸਹਿਣਤਾ, ਕੱਟੜਪੁਣਾਂ, ਲੁਟਮਾਰ ਆਦਿ ਬਾਰੇ ਕੁਝ ਨਹੀਂ ਦੱਸ ਸਕਦੀ ਹੈ। ਵਿਗਿਆਨ ਮਨੁੱਖ ਦਾ ਸੁਭਾਅ ਨਹੀਂ ਬਦਲ ਸਕਦੀ, ਕਾਮ ਕ੍ਰੋਧ ਲੋਭ ਮੋਹ ਤੇ ਹੰਕਾਰ ਤੇ ਕਾਬੂ ਪਾਉਂਣਾਂ ਨਹੀਂ ਸਿਖਾ ਸਕਦੀ।

ਦੁਨੀਆ ਦੀ ਕਿਹੜੀ ਤਾਕਤ ਜਾਂ ਨਿਯਮ ਅਨੁਸਾਰ ਜੀਵ ਪੈਦਾ ਹੁੰਦੇ ਹਨ, ਇਹ ਸਾਇੰਸ ਦੀ ਪਹੁੰਚ ਤੋਂ ਬਾਹਰ ਹੈ। ਸਾਇੰਸ ਦੀ ਖੋਜ਼ ਪਦਾਰਥ ਤਕ ਸੀਮਿਤ ਹੈ। ਸਾਇੰਸ ਇਕ ਕੀੜੀ ਵੀ ਆਪ ਪੈਦਾ ਨਹੀਂ ਕਰ ਸਕਦੀ। ਪਹਿਲਾਂ ਪਹਿਲ ਪੰਜ ਤੱਤ (ਅੱਗ, ਹਵਾ, ਪਾਣੀ, ਧਰਤੀ, ਆਕਾਸ਼) ਸਮਝੇ ਜਾਂਦੇ ਸਨ। ਕਿਉਂਕਿ ਇਹ ਜੀਵਨ ਦਾ ਆਧਾਰ ਸਨ। ਸਾਇੰਸ ਦੀ ਖੋਜ ਨਾਲ ਹੁਣ ਤਕ ੯੨ ਤੱਤ (Element) ਧਰਤੀ ਵਿਚ ਮਿਲਦੇ ਹਨ। ਮਨੁੱਖੀ ਕਾਢਾਂ ਨਾਲ ਇਹ ਗਿਣਤੀ ੧੧੮ ਤਕ ਪਹੁੰਚ ਗਈ ਹੈ। ਲੇਕਿਨ ਅੱਜ ਦੇ ਤੱਤ ਦੀ ਪ੍ਰੀਭਾਸ਼ਾਂ ਕੁਝ ਹੋਰ ਹੈ, ਉਸ ਦਾ ਭਾਵ ਹੈ, ਉਹ ਚੀਜ਼ ਜਿਹੜੀ ਹੋਰ ਹਿਸਿਆਂ ਵਿਚ ਨਾ ਵੰਡੀ ਜਾ ਸਕੇ। ਪੁਰਾਤਨ ਸਮੇਂ ਅਨੁਸਾਰ ਪੰਜ ਤੱਤਾਂ ਦੀ ਪ੍ਰੀਭਾਸ਼ਾਂ ਕੁਝ ਹੋਰ ਸੀ, ਉਹ ਜੀਵਨ ਦੇ ਆਧਾਰ ਅਨੁਸਾਰ ਸਨ। ਕਈ ਸਦੀਆਂ ਤੋਂ ਚਲ ਰਹੀਆਂ ਖੋਜਾਂ ਅਨੁਸਾਰ ਸਾਇੰਸ ਦੀ ਪਹੁੰਚ ਹੁਣ ਤਕ ਇਸ ਤਰ੍ਹਾਂ ਹੈ।

*Element → Atom, Nucleus → Electron, Proton, Neutron → Elementary Particles → Rest unknown*

*Gravitational force → Electromagnetic force → Nuclear force → Rest not known*

ਜਿਸ ਤਰ੍ਹਾਂ ਖੋਜ਼ ਹੁੰਦੀ ਰਹਿੰਦੀ ਹੈ, ਸਾਇੰਸ ਦੀਆਂ ਥਿਊਰੀਆਂ ਬਦਲਦੀਆਂ ਰਹਿੰਦੀਆਂ ਹਨ।

*Light = Corpuscular theory (Newton) → Wave theory (Diffraction) (Huygens) → Quantum Theory (Photoelectric Effect) → Duality of Wave & Particle Theory (Debroglie)*

ਧਰਮ ਦੇ ਅਸੂਲ ਤੇ ਨਿਯਮ ਬਦਲਦੇ ਨਹੀਂ, ਲੋਕ ਆਪਣੇ ਸਵਾਰਥ ਹੱਲ ਕਰਨ ਲਈ ਉਸ ਵਿਚ ਮਿਲਾਵਟ ਕਰਨ ਦੀ ਕੋਸ਼ਿਸ਼ ਜਰੂਰ ਕਰਦੇ ਰਹਿੰਦੇ ਹਨ। ਇਸ ਚਲਾਕੀ ਤੋਂ ਗੁਰੂ ਸਾਹਿਬ ਬਹੁਤ ਚੰਗੀ ਤਰ੍ਹਾਂ ਵਾਕਿਫ ਸਨ। ਇਸ ਤਰ੍ਹਾਂ ਦੀ ਮਿਲਾਵਟ

ਰੋਕਣ ਲਈ ਗੁਰੂ ਅਰਜਨ ਸਾਹਿਬ ਨੇ ਸਾਰੀ ਬਾਣੀ ਇਕੱਠੀ ਕਰਕੇ ਤਰਤੀਬ ਅਨੁਸਾਰ ਕੀਤੀ ਅਤੇ ਭਾਈ ਗੁਰਦਾਸ ਜੀ ਕੋਲੋ ਆਪ ਗੁਰੂ ਗਰੰਥ ਸਾਹਿਬ ਤਿਆਰ ਕਰਵਾਇਆ ਤੇ ਦਰਬਾਰ ਸਾਹਿਬ ਵਿਚ ਪਹਿਲਾ ਪ੍ਰਕਾਸ਼ (੧੬੦੪) ਕੀਤਾ। ਤਰਤੀਬ ਵੀ ਇਸ ਤਰ੍ਹਾਂ ਦੀ ਕੀਤੀ ਕਿ ਭਵਿੱਖ ਵਿਚ ਕੋਈ ਮਿਲਾਵਟ ਨਾ ਕਰ ਸਕੇ। ਇਸੇ ਲਈ ਗੁਰੂ ਗਰੰਥ ਸਾਹਿਬ ਵਿਚ ਕਿਸੇ ਤਰ੍ਹਾਂ ਦੀ ਕੋਈ ਵੀ ਤਰਮੀਮ ਕਰਨ ਦਾ ਕਿਸੇ ਨੂੰ ਕੋਈ ਅਧਿਕਾਰ ਨਹੀਂ ਹੈ।

ਗੁਰੂ ਸਾਹਿਬਾਂ ਦਾ ਮੰਤਵ ਪਦਾਰਥ ਸਬੰਧੀ ਸਾਇੰਸ ਸਮਝਾਉਣ ਦਾ ਨਹੀਂ ਸੀ। ਉਨ੍ਹਾਂ ਦਾ ਮੰਤਵ ਤਾਂ ਜੀਵਨ ਜਾਚ ਸਿਖਾਉਣਾਂ ਸੀ। ਜੇ ਕਰ ਕਿਤੇ ਕੋਈ ਵਿਸ਼ਾ ਆਇਆ ਤਾਂ ਉਸ ਸਬੰਧੀ ਗਿਆਨ ਦੇਣ ਲਈ ਪਦਾਰਥਾਂ ਦੀ ਸਾਇੰਸ ਰਾਹੀਂ ਉਦਾਹਰਣ ਦੇ ਕੇ ਸਮਝਾਇਆ। ਗੁਰੂ ਸਾਹਿਬਾਂ ਨੇ ਚਲ ਰਹੇ ਅੰਧ ਵਿਸ਼ਵਾਸ ਨੂੰ ਖਤਮ ਕਰਨ ਲਈ ਸਾਇੰਸ ਦੀਆਂ ਬਹੁਤ ਸਾਰੀਆਂ ਅਸਲੀਅਤਾਂ ਵੀ ਦੱਸ ਦਿਤੀਆਂ ਸਨ।

ਸਾਇੰਸ ਨਵੀਆਂ ਨਵੀਆਂ ਖੋਜਾਂ ਕਰਨ ਵਿਚ ਸਹਾਇਤਾ ਕਰ ਸਕਦੀ ਹੈ, ਪਰ ਮੱਤ ਦੇਣ ਲਈ ਨਹੀਂ। ਸਾਇੰਸ ਦੁਆਰਾ ਐਟਮ ਬੰਬ ਦੀ ਕਾਢ ਜਪਾਨ ਵਿਚ ਤਬਾਹੀ ਦਾ ਕਾਰਨ ਬਣੀ। ਜੇ ਕਰ ਸਾਇੰਸ ਦੇ ਨਾਲ ਨਾਲ ਧਰਮ ਦੀ ਮਤ ਵੀ ਹੁੰਦੀ ਤਾਂ ਉਹ ਤਬਾਹੀ ਮਚਾਉਂਣ ਦੀ ਬਜਾਏ ਪ੍ਰਮਾਣੂ ਰਿਐਕਟਰ (Nuclear Reactor) ਵਿਚ ਪਾ ਕੇ ਦੁਨੀਆ ਨੂੰ ਬਿਜਲੀ ਦੇਣ ਲਈ ਵਰਤਦੇ। ਇਹੀ ਕਾਰਨ ਹੈ ਕਿ ਸਿੱਖ ਧਰਮ ਵਿਚ, ਧਰਮ ਪਹਿਲਾਂ ਹੈ ਤੇ ਰਾਜਨੀਤੀ ਬਾਅਦ ਵਿਚ। ਦਰਬਾਰ ਸਾਹਿਬ ਦਾ ਨਿਸ਼ਾਨ ਸਾਹਿਬ, ਅਕਾਲ ਤੱਖਤ ਸਾਹਿਬ ਦੇ ਨਿਸ਼ਾਨ ਸਾਹਿਬ ਤੋਂ ਇਕ ਫੁੱਟ ਜਿਆਦਾ ਉੱਚਾ ਹੈ। ਦਰਬਾਰ ਸਾਹਿਬ ਧਰਮ ਦਾ ਪਰਤੀਕ ਹੈ ਤੇ ਅਕਾਲ ਤੱਖਤ ਸਾਹਿਬ ਰਾਜਨੀਤੀ ਦਾ ਪਰਤੀਕ ਹੈ। ਜੀਵਨ ਵਿਚ ਦੋਵੇਂ ਜਰੂਰੀ ਹਨ, ਇਸੇ ਲਈ ਦੋਵੇਂ ਦਰਬਾਰ ਸਾਹਿਬ ਤੇ ਅਕਾਲ ਤੱਖਤ ਸਾਹਿਬ ਇਕ ਦੂਜੇ ਦੇ ਸਾਹਮਣੇ ਬਣਾਏ ਗਏ ਸਨ।

ਪਤਾ ਨਹੀਂ ਕੀ ਕਾਰਣ ਹੈ ਕਿ ਅੱਜਕਲ ਦੇ ਲੋਕ ਆਪਣੇ ਆਪ ਨੂੰ ਕਿਸ ਆਧਾਰ ਤੇ ਐਡਵਾਨਸਡ (advanced) ਸਮਝਦੇ ਹਨ। ਪੱਛਮੀ ਸੱਭਿਅਤਾ, ਕੁਟਲਨੀਤੀ ਜਾਂ ਹੋਰ ਕਲਪਿਤ ਆਧਾਰਾਂ ਤੇ ਕਹੀ ਹੋਈ ਗੱਲ ਨੂੰ ਹੀ ਠੀਕ ਸਮਝਦੇ ਹਨ। ਭਾਵ ਕੂੜ ਅਤੇ ਝੂਠ ਮਿੱਠਾ ਲਗਦਾ ਹੈ। ਅਸਲੀਅਤ ਤਾਂ ਇਹ ਹੈ, ਕਿ ਗੁਰਬਾਣੀ ਵਿਚ ੫੦੦ ਸਾਲ ਪਹਿਲਾਂ ਕਹੀਆਂ ਹੋਈਆਂ ਸਚਾਈਆਂ ਸਾਇੰਸ ਦੀ ਸਹਾਇਤਾ ਨਾਲ ਹੁਣ ਸਮਝ ਵਿਚ ਆ ਰਹੀਆਂ ਹਨ। ਇਹ ਵੀ ਹੋ ਸਕਦਾ ਹੈ, ਕਿ ਗੁਰਬਾਣੀ ਵਿਚ ਅੰਕਿਤ ਹੋਰ ਅਨੇਕਾਂ ਸਚਾਈਆਂ ਨੂੰ ਸਾਇੰਸ ਦੇ ਆਧਾਰ ਤੇ ਸਮਝਣ ਲਈ ਕਈ ਸਦੀਆਂ ਲੱਗ ਜਾਣ। ਸੱਚ ਦੀ ਪਛਾਣ ਉਹੀ ਕਰ ਸਕਦਾ ਹੈ, ਜਿਸ ਦੇ ਹਿਰਦੇ ਵਿਚ ਸੱਚਾ ਅਕਾਲ ਪੁਰਖੁ ਵਸਦਾ ਹੋਵੇ, ਜਿਸ ਨੂੰ ਸੱਚ ਨਾਲ ਪਿਆਰ ਹੋਵੇ, ਜਿਸ ਨੂੰ ਜੀਵਨ ਦੀ ਜਾਚ ਹੋਵੇ, ਜਿਸ ਅੰਦਰ ਸੱਚ ਦਾ ਨਿਵਾਸ ਹੋਵੇ।

*ਮਃ ੧ ॥ ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥ ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥ ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ ॥ ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ ॥ ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ॥ ਧਰਤਿ ਕਾਇਆ ਸਾਧ ਕੈ ਵਿਚਿ ਦੇਇ ਕਰਤਾ ਬੀਉ ॥ ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥ ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥ ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥ ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥ ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥ ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥ ੨ ॥ (੪੬੮)*

ਜੇ ਕਰ ਜੀਵਨ ਦੀ ਸਚਾਈ ਜਾਨਣਾਂ ਚਾਹੁੰਦੇ ਹਾਂ ਤਾਂ ਗੁਰਬਾਣੀ ਨੂੰ ਪੜ੍ਹਨਾਂ, ਸੁਣਨਾਂ, ਸਮਝਣਾ, ਤੇ ਆਪਣੇ ਨਿਜੀ ਜੀਵਨ ਵਿਚ ਅਪਨਾਉਂਣਾ ਪਵੇਗਾ। ਆਪਣੇ ਹਿਰਦੇ ਅੰਦਰ ਵਸਦੇ ਅਕਾਲ ਪੁਰਖੁ ਬਾਰੇ ਖੋਜਣਾਂ ਪਵੇਗਾ। ਗੁਰੂ ਦਾ ਸਿੱਖ ਹਰ ਰੋਜ਼ ਅਰਦਾਸ ਦੇ ਅੰਤ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਆਖਰੀ ਹੁਕਮ ਨੂੰ ਦੁਹਰਾਉਂਦਾ ਹੈ। ਜਿਸ ਵਿਚ ਅਕਾਲ ਪੁਰਖੁ ਨੂੰ ਸ਼ਬਦ ਗੁਰੂ, ਗੁਰੂ ਗਰੰਥ ਸਾਹਿਬ ਵਿਚੋਂ ਖੋਜਣ ਲਈ ਹਦਾਇਤ ਕੀਤੀ ਗਈ ਹੈ।

***ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ॥ ਸਬ ਸਿੱਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ॥ ਗੁਰੂ ਗ੍ਰੰਥ ਕੋ ਮਾਨੀਓ ਪ੍ਰਗਟ ਗੁਰਾਂ ਕੀ ਦੇਹ॥ ਜੋ ਪ੍ਰਭ ਕੋ ਮਿਲਬੋ ਚਹੇ ਖੋਜ ਸ਼ਬਦ ਮੈਂ ਲੇਹ॥***

ਸਾਇੰਸ ਵੀ ਖੋਜ ਦੀ ਹੀ ਗੱਲ ਕਰਦੀ ਹੈ। ਗੁਰੂ ਮਹਾਰਾਜ ਨੇ ਵੀ ਅਕਾਲ ਪੁਰਖੁ ਨੂੰ ਸ਼ਬਦ ਗੁਰੂ, ਗੁਰੂ ਗਰੰਥ ਸਾਹਿਬ ਵਿਚੋਂ ਖੋਜਣ ਲਈ ਹੁਕਮ ਕੀਤਾ ਹੈ। ਗੁਰਮਤਿ ਦਾ ਆਧਾਰ, ਫੋਕਟ ਵਹਿਮ ਅਤੇ ਝੂਠੀਆਂ ਜਾਂ ਕਲਪਿਤ ਕਹਾਣੀਆਂ ਅਨੁਸਾਰ ਨਹੀਂ ਹੈ, ਬਲਕਿ ਗੁਰਮਤਿ ਦਾ ਆਧਾਰ ਸੱਚ ਤੇ ਅਸਲੀਅਤ ਅਨੁਸਾਰ ਹੈ। ਇਹੀ ਕਾਰਨ ਹੈ, ਕਿ ਗੁਰਸਿੱਖ ਨੂੰ ਵਾਰ ਵਾਰ ਖੋਜ਼ਣ ਲਈ ਕਿਹਾ ਗਿਆ ਹੈ।

**ਖੋਜਣ ਸਬੰਧੀ ਗੁਰਬਾਣੀ ਵਿਚ ਬਹੁਤ ਸ਼ਬਦ ਹਨ। ਕੁਝ ਸ਼ਬਦਾਂ ਦੀ ਵਿਚਾਰ ਸਾਂਝੀ ਕੀਤੀ ਜਾ ਰਹੀ ਹੈ, ਤਾਂ ਜੋ ਸਿੱਖਾਂ ਦੇ ਅੰਦਰ ਬਾਹਰਲੇ ਪ੍ਰਚਾਰ ਨਾਲ ਜੋ ਸ਼ੰਕੇ ਪਾਏ ਜਾ ਰਹੇ ਹਨ, ਉਹ ਦੂਰ ਹੋ ਸਕਣ। ਸਾਡੀ ਗਿਰਾਵਟ ਦਾ ਕਾਰਨ ਇਹੀ ਹੈ ਕਿ ਅਸੀਂ**

**ਗੁਰੂ ਗਰੰਥ ਸਾਹਿਬ ਦੀ ਖੋਜ ਤਿਆਗ ਕੇ ਮਨਮਤਿ ਵਾਲੀਆਂ ਕਹਾਣੀਆਂ ਮਗਰ ਚਲ ਪਏ ਹਾਂ। ਜੇ ਕਰ ਅਸੀਂ ਅਨਪੜ੍ਹ ਹਾਂ ਤੇ ਖੋਜ ਨਹੀਂ ਕਰਦੇ ਤਾਂ ਅਸੀਂ ਗੁਰੂ ਤੋਂ ਬੇਮੁਖ ਹੋ ਕੇ ਚਲ ਰਹੇ ਹਾਂ, ਫਿਰ ਸਾਨੂੰ ਸਿੱਖ ਕਹਿਲਾਉਂਣ ਦਾ ਵੀ ਕੋਈ ਹੱਕ ਨਹੀਂ।**

ਗੁਰੂ ਸਾਹਿਬ ਇਹੀ ਸਮਝਾਂਉਂਦੇ ਹਨ ਕਿ ਮੈਂ ਮਨ ਤੇ ਸਰੀਰ ਨੂੰ ਖੋਜਦਿਆਂ ਖੋਜਦਿਆਂ ਅੰਤ ਵਿਚ ਅਕਾਲ ਪੁਰਖੁ ਨੂੰ ਲੱਭ ਲਿਆ ਹੈ। ਇਸ ਕਾਰਜ ਨੂੰ ਪੂਰਾ ਕਰਨ ਲਈ ਮੈਨੂੰ ਮੇਰਾ ਸਤਿਗੁਰੂ ਮਿਲ ਪਿਆ, ਜਿਸ ਨੇ ਮੇਰੇ ਤੇ ਅਕਾਲ ਪੁਰਖੁ ਵਿਚ ਵਿਚੋਲੇ (ਵਿਸਟੁ) ਦਾ ਕੰਮ ਕੀਤਾ ਤੇ ਮੈਨੂੰ ਅਕਾਲ ਪੁਰਖੁ ਨਾਲ ਮਿਲਾ ਦਿੱਤਾ। ਜੇ ਕਰ ਅਸੀਂ ਅਕਾਲ ਪੁਰਖੁ ਨਾਲ ਮਿਲਣਾਂ ਚਾਹੁੰਦੇ ਹਾਂ ਤਾਂ ਸਾਨੂੰ ਵੀ ਗੁਰੂ ਗਰੰਥ ਸਾਹਿਬ ਦੀ ਸਹਾਇਤਾ ਨਾਲ ਆਪਣੇ ਮਨ ਤੇ ਤਨ ਬਾਰੇ ਖੋਜਣਾਂ ਪਵੇਗਾ ਤਾਂ ਜੋ ਇਨ੍ਹਾਂ ਨੂੰ ਠੀਕ ਦਿਸ਼ਾ ਵੱਲ ਲਿਜਾ ਸਕੀਏ।

*ਮੈ ਮਨੁ ਤਨੁ ਖੋਜਿ ਖੋਜੇਦਿਆ ਸੋ ਪ੍ਰਭੁ ਲਧਾ ਲੋੜਿ ॥ ਵਿਸਟੁ ਗੁਰੂ ਮੈ ਪਾਇਆ ਜਿਨਿ ਹਰਿ ਪ੍ਰਭੁ ਦਿਤਾ ਜੋੜਿ ॥੧॥ (੩੧੩)*

ਅਜੇ ਵੀ ਸਾਡੀ ਸੁਰਤਿ ਮਾਇਆ ਵਿਚ ਹੀ ਲੱਗੀ ਹੋਈ ਹੈ ਤੇ ਇਸ ਮਾਇਆ ਤੋਂ ਹੀ ਸੁਖਾਂ ਦੀ ਆਸ ਲਾਈ ਬੈਠੇ ਹਾਂ, ਫਿਰ ਇਸ ਸੁਰਤਿ ਵਿਚ ਅਕਾਲ ਪੁਰਖੁ ਦਾ ਨਿਵਾਸ ਕਿਸ ਤਰ੍ਹਾਂ ਹੋ ਸਕਦਾ ਹੈ? ਇਸ ਲਈ ਮਨ ਬਾਰੇ ਖੋਜ ਕਰੋ ਕਿ ਸਰੀਰ ਨਾਲੋਂ ਵਿਛੋੜਾ ਹੋਣ ਤੇ ਇਹ ਮਨ ਕਿੱਥੇ ਜਾ ਟਿਕਦਾ ਹੈ। ਜਿਸ ਦਿਨ ਮਨ ਦੇ ਟਿਕਾਣੇ ਦੀ ਸਮਝ ਆ ਗਈ, ਉਸ ਦਿਨ ਸਾਨੂੰ ਜੀਵਨ ਜਿਉਂਣ ਦੀ ਜਾਚ ਵੀ ਆ ਜਾਵੇਗੀ।

*ਇਸੁ ਮਨ ਕਉ ਕੋਈ ਖੋਜਹੁ ਭਾਈ ॥ ਤਨ ਛੂਟੇ ਮਨੁ ਕਹਾ ਸਮਾਈ ॥੪॥ (੩੩੦)*

ਗੁਰੂ ਸਾਹਿਬ ਸਮਝਾਂਉਂਦੇ ਹਨ ਕਿ ਬੜੀ ਲੰਮੀ ਖੋਜ ਕਰ ਕੇ ਅਸੀਂ ਇਸ ਵਿਚਾਰ ਤੇ ਪਹੁੰਚੇ ਹਾਂ ਕਿ ਅਕਾਲ ਪੁਰਖੁ ਦਾ ਨਾਮੁ ਹੀ ਮਨੁੱਖਾ ਜੀਵਨ ਦੀ ਸਭ ਤੋਂ ਉੱਚੀ ਅਸਲੀਅਤ ਹੈ। ਗੁਰੂ ਦੀ ਸਰਨ ਪੈ ਕੇ ਅਕਾਲ ਪੁਰਖੁ ਨੂੰ ਚਿਤ ਵਿਚ ਚਸਾਉਂਣ ਨਾਲ, ਗੁਰਮੁਖ ਬਣ ਕੇ ਹੁਕਮੁ ਵਿਚ ਚਲਣ ਨਾਲ, ਇਹ ਨਾਮੁ ਅੱਖ ਦੇ ਫੋਰ ਵਿਚ ਸਾਰੇ ਪਾਪ ਕੱਟ ਦੇਂਦਾ ਹੈ, ਤੇ, ਸੰਸਾਰ ਸਮੁੰਦਰ ਤੋਂ ਪਾਰ ਲੰਘਾ ਦੇਂਦਾ ਹੈ। ਅਕਾਲ ਪੁਰਖੁ ਦੇ ਦਰ ਤੋਂ ਕੋਈ ਜੀਵ ਖ਼ਾਲੀ ਹੱਥ ਨਹੀਂ ਜਾਂਦਾ। ਗੁਰਬਾਣੀ ਵਿਚ ਦਰਸਾਏ ਗਏ ਨਾਮੁ ਨੂੰ ਕੰਨਾਂ ਨਾਲ ਸੁਣਨਾ ਚਾਹੀਦਾ ਹੈ, ਜੀਭ ਨਾਲ ਗਾਇਨ ਕਰਨਾ ਚਾਹੀਦਾ ਹੈ, ਹਿਰਦੇ ਵਿਚ ਅੰਮ੍ਰਿਤ ਬਾਣੀ ਨੂੰ ਵਸਾਉਂਣਾ ਚਾਹੀਦਾ ਹੈ। ਤਾਂ ਜੋ ਸਾਡੇ ਮਨ ਦੀ ਮਾਇਆ ਵੱਲੋਂ ਤ੍ਰਿਪਤੀ ਹੋ ਜਾਵੇ ਤੇ ਸਾਡਾ ਜੀਵਨ ਸਬਰ ਸੰਤੋਖ ਵਾਲਾ ਹੋ ਜਾਵੇ।

*ਖੋਜਤ ਖੋਜਤ ਖੋਜਿ ਬੀਚਾਰਿਓ ਰਾਮ ਨਾਮੁ ਤਤੁ ਸਾਰਾ ॥ ਕਿਲਬਿਖ ਕਾਟੇ ਨਿਮਖ ਅਰਾਧਿਆ ਗੁਰਮੁਖਿ ਪਾਰਿ ਉਤਾਰਾ ॥੧॥ (੬੧੧)*

ਉਹੀ ਮਨੁੱਖ ਪੜ੍ਹਿਆ ਹੋਇਆ ਤੇ ਸਿਆਣਾ ਪੰਡਿਤ ਕਿਹਾ ਜਾ ਸਕਦਾ ਹੈ, ਜਿਹੜਾ ਸਤਿਗੁਰੂ ਦੇ ਸ਼ਬਦ ਅਨੁਸਾਰ ਆਪਣੀ ਵਿਚਾਰਧਾਰਾ ਬਣਾਉਂਦਾ ਹੈ, ਗੁਰਬਾਣੀ ਦੀ ਸਹਾਇਤਾ ਨਾਲ ਆਪਣੇ ਮਨ ਨੂੰ ਖੋਜਦਾ ਹੈ ਤੇ ਆਪਣੇ ਅੰਦਰੋਂ ਹਰੀ ਨੂੰ ਲੱਭ ਲੈਂਦਾ ਹੈ। ਆਪਣੇ ਵਿਕਾਰਾ ਤੇ ਕਾਬੂ ਪਾ ਲੈਂਦਾ ਹੈ, ਗੁਰਬਾਣੀ ਦੁਆਰਾ ਤ੍ਰਿਸ਼ਨਾ ਤੋਂ ਬਚਣ ਲਈ ਜੀਵਨ ਦਾ ਸਹੀ ਰਸਤਾ ਲਭ ਲੈਂਦਾ ਹੈ।

*ਸੋ ਪੜਿਆ ਸੋ ਪੰਡਿਤੁ ਬੀਨਾ ਗੁਰ ਸਬਦਿ ਕਰੇ ਵੀਚਾਰੁ ॥ ਅੰਦਰੁ ਖੋਜੈ ਤਤੁ ਲਹੈ ਪਾਏ ਮੋਖ ਦੁਆਰੁ ॥ (੬੫੦)*

ਗੁਰੂ ਤੇਗ ਬਹਾਦਰ ਸਾਹਿਬ ਨੇ ਤਾਂ ਖੋਜਣ ਦਾ ਤਰੀਕਾ ਵੀ ਸਮਝਾਂ ਦਿੱਤਾ ਹੈ, ਜੇ ਕਰ ਅਕਾਲ ਪੁਰਖੁ ਦਾ ਨਿਵਾਸ ਸਾਡੇ ਹਿਰਦੇ ਅੰਦਰ ਹੈ ਤਾਂ ਉਸ ਨੂੰ ਅਸੀਂ ਜੰਗਲ ਵਿਚ ਕਿਸ ਤਰ੍ਹਾਂ ਲੱਭ ਸਕਦੇ ਹਾਂ? ਗੁਰੂ ਸਾਹਿਬ ਨੇ ਲੋਕਾਂ ਨੂੰ ਸਵਾਲ ਕੀਤਾ ਕਿ ਅਕਾਲ ਪੁਰਖੁ ਨੂੰ ਲੱਭਣ ਲਈ ਤੁਸੀਂ ਜੰਗਲਾਂ ਵਿਚ ਕਿਉਂ ਜਾਂਦੇ ਹੋ? ਅਕਾਲ ਪੁਰਖੁ ਸਭ ਵਿਚ ਵੱਸਦਾ ਹੈ, ਪਰ ਉਹ ਆਪ ਸਦਾ ਮਾਇਆ ਦੇ ਪ੍ਰਭਾਵ ਤੋਂ ਨਿਰਲੇਪ ਰਹਿੰਦਾ ਹੈ। ਉਹ ਅਕਾਲ ਪੁਰਖੁ ਤੇਰੇ ਨਾਲ ਵੀ ਵੱਸਦਾ ਹੈ। ਇਸ ਲਈ ਆਪਣੇ ਅੰਦਰੋਂ ਉਸ ਅਕਾਲ ਪੁਰਖੁ ਨੂੰ ਖੋਜ ਤਾਂ ਜੋ ਤੇਰੇ ਅੰਦਰ ਉਸ ਵਰਗੇ ਗੁਣ ਪੈਦਾ ਹੋ ਜਾਣ ਤੇ ਜੀਵਨ ਦੀ ਅਸਲੀਅਤ ਸਮਝ ਆ ਸਕੇ।

*ਕਾਹੇ ਰੇ ਬਨ ਖੋਜਨ ਜਾਈ ॥ ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥੧॥ ਰਹਾਉ ॥ (੬੮੪)*

ਭਗਤ ਪੀਪਾ ਜੀ ਨੇ ਵੀ ਆਪਣੇ ਅੰਦਰੋਂ ਖੋਜਣ ਦੀ ਸਿਖਿਆ ਦਿੱਤੀ ਹੈ। ਸ੍ਰਿਸ਼ਟੀ ਦਾ ਰਚਣਹਾਰ ਅਕਾਲ ਪੁਰਖੁ ਸਾਰੇ ਬ੍ਰਹਮੰਡ ਵਿਚ ਵਿਆਪਕ ਹੈ, ਉਹ ਮਨੁੱਖਾ ਸਰੀਰ ਵਿਚ ਵੀ ਹੈ। ਜੋ ਮਨੁੱਖ ਖੋਜ ਕਰਦਾ ਹੈ, ਉਹ ਉਸ ਨੂੰ ਲੱਭ ਲੈਂਦਾ ਹੈ, ਜੇ ਸਤਿਗੁਰੂ ਮਿਲ ਪਏ ਤਾਂ ਅੰਦਰ ਹੀ ਦਰਸ਼ਨ ਕਰਾ ਦੇਂਦਾ ਹੈ। ਜਿਸ ਮਨੁੱਖ ਦੇ ਸਰੀਰ ਵਿਚ ਅਕਾਲ ਪੁਰਖੁ ਦੀ ਯਾਦ ਵਸ ਜਾਂਦੀ ਹੈ, ਉਹ ਦੇਸ ਦੇਸਾਂਤਰਾਂ ਦੇ ਤੀਰਥਾਂ ਤੇ ਮੰਦਰਾਂ ਵਲ ਭਟਕਣ ਦੀ ਥਾਂ ਅਕਾਲ ਪੁਰਖੁ ਨੂੰ ਆਪਣੇ ਸਰੀਰ ਵਿਚੋਂ ਹੀ ਲੱਭ ਲੈਂਦਾ ਹੈ। ਇਸ ਲਈ ਉਸ ਅਕਾਲ ਪੁਰਖੁ ਨੂੰ ਆਪਣੇ ਸਰੀਰ ਦੇ ਅੰਦਰ ਲੱਭੋ, ਇਹੀ ਅਸਲ ਦੇਵਤੇ ਦੀ ਭਾਲ ਹੈ, ਇਹੀ ਅਸਲ ਮੰਦਰ ਹੈ, ਇਹੀ ਅਸਲ ਪੂਜਾ ਹੈ। ਪਰ ਉਸ ਪਰਮ-ਤੱਤ ਅਕਾਲ ਪੁਰਖੁ ਨੂੰ ਨਿਰਾ ਆਪਣੇ ਸਰੀਰ ਵਿਚ ਹੀ ਨਾ ਸਮਝ ਰੱਖਣਾ, ਸਾਰੇ ਬ੍ਰਹਮੰਡ ਵਿਚ, ਹਰੇਕ ਹਿਰਦੇ ਵਿਚ, ਉਹੀ ਵੱਸਦਾ ਵੇਖੋ। ਇਹ ਸੂਝ ਸਾਨੂੰ ਸਰਬ ਸਾਂਝੀ ਗੁਰਬਾਣੀ ਤੋਂ ਹੀ ਮਿਲ ਸਕਦੀ ਹੈ।

*ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥ ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥੨॥੩॥ (੬੯੫)*

ਸਾਰੇ ਸੁਖਾਂ ਦੇ ਖ਼ਜ਼ਾਨੇ ਅਕਾਲ ਪੁਰਖੁ ਦੇ ਗੁਣ ਗਾਉਂਣ ਨਾਲ ਮਿਲ ਜਾਂਦੇ ਹਨ, ਮਨ ਵਿਚ ਸ਼ਾਂਤੀ ਪੈਦਾ ਹੋ ਜਾਂਦੀ ਹੈ, ਆਤਮਕ ਅਡੋਲਤਾ ਪੈਦਾ ਹੁੰਦੀ ਹੈ, ਸੁਖ ਪੈਦਾ ਹੁੰਦਾ ਹੈ ਤੇ ਸਾਰੇ ਦੁਖ ਦੂਰ ਹੋ ਜਾਂਦੇ ਹਨ। ਖੋਜ ਕਰਦਿਆਂ ਕਰਦਿਆਂ ਅਕਾਲ ਪੁਰਖੁ

ਦੇ ਦਾਸ ਗੁਰਬਾਣੀ ਦੁਆਰਾ ਜੀਵਨ ਦੀ ਅਸਲੀਅਤ ਵਿਚਾਰ ਲੈਂਦੇ ਹਨ, ਅਤੇ ਉਹ ਸਦਾ ਅਕਾਲ ਪੁਰਖੁ ਦਾ ਓਟ ਆਸਰਾ ਲੈ ਕੇ ਰਹਿੰਦੇ ਹਨ। ਜੇਕਰ ਅਸੀਂ ਕਦੇ ਨਾ ਮੁੱਕਣ ਵਾਲਾ ਸੁਖ ਚਾਹੁੰਦੇ ਹਾਂ ਤਾਂ ਸਾਨੂੰ ਅਕਾਲ ਪੁਰਖੁ ਨੂੰ ਗੁਰਬਾਣੀ ਦੁਆਰਾ ਖੋਜਣਾ ਪਵੇਗਾ ਤੇ ਉਸ ਨੂੰ ਸਦਾ ਹਿਰਦੇ ਵਿਚ ਚੇਤੇ ਰੱਖਣਾਂ ਪਵੇਗਾ।

***ਖੋਜਤ ਖੋਜਤ ਤਤੁ ਬੀਚਾਰਿਓ ਦਾਸ ਗੋਵਿੰਦ ਪਰਾਇਣ ॥ ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ ॥੨॥੫॥੧੦॥ (੭੧੩-੭੧੪)***

ਗੁਰੂ ਸਾਹਿਬ ਤਾਂ ਲਗਾਤਾਰ ਇਹੀ ਪ੍ਰੇਰਤ ਕਰਦੇ ਹਨ ਕਿ ਅਕਾਲ ਪੁਰਖੁ ਨਾਲ ਡੂੰਘੀ ਸਾਂਝ ਰੱਖਣ ਵਾਲੇ ਸੰਤ ਜਨੋ, ਸਦਾ ਅਕਾਲ ਪੁਰਖੁ ਦੀ ਖੋਜ ਕਰਦੇ ਰਹੋ। ਅਕਾਲ ਪੁਰਖੁ ਨੂੰ ਸਦਾ ਯਾਦ ਕਰਦੇ ਰਹੋ, ਉਸ ਦੀ ਯਾਦ ਹਿਰਦੇ ਵਿਚ ਵਸਾਉਂਣ ਨਾਲ ਬੜੀ ਹੀ ਹੈਰਾਨ ਕਰਨ ਵਾਲੀ ਅਸਚਰਜ ਆਤਮਕ ਅਵਸਥਾ ਬਣ ਜਾਵੇਗੀ, ਤੇ ਸਭ ਤੋਂ ਉੱਚੀ ਆਤਮਕ ਅਵਸਥਾ ਪ੍ਰਾਪਤ ਕਰ ਸਕੋਗੇ।

***ਖੋਜਹੁ ਸੰਤਹੁ ਹਰਿ ਬ੍ਰਹਮ ਗਿਆਨੀ ॥ ਬਿਸਮਨ ਬਿਸਮ ਭਏ ਬਿਸਮਾਦਾ ਪਰਮ ਗਤਿ ਪਾਵਹਿ ਹਰਿ ਸਿਮਰਿ ਪਰਾਨੀ ॥੧॥ ਰਹਾਉ ॥ (੮੯੩)***

ਆਤਮਕ ਆਨੰਦ ਇਕ ਐਸਾ ਅੰਮ੍ਰਿਤ ਹੈ, ਜਿਸ ਨੂੰ ਦੇਵਤੇ, ਮਨੁੱਖ, ਮੁਨੀ ਲੋਕ, ਸਭ ਲੱਭਦੇ ਫਿਰਦੇ ਹਨ। ਪਰ ਇਹ ਅੰਮ੍ਰਿਤ ਗੁਰੂ ਤੋਂ ਹੀ ਮਿਲਦਾ ਹੈ। ਜਿਸ ਮਨੁੱਖ ਉੱਤੇ ਗੁਰੂ ਨੇ ਮੇਹਰ ਕੀਤੀ, ਉਸ ਨੇ ਇਹ ਅੰਮ੍ਰਿਤ ਪ੍ਰਾਪਤ ਕਰ ਲਿਆ, ਕਿਉਂਕਿ ਉਸ ਨੇ ਸਦਾ ਕਾਇਮ ਰਹਿਣ ਵਾਲਾ ਅਕਾਲ ਪੁਰਖੁ ਆਪਣੇ ਮਨ ਵਿਚ ਟਿਕਾ ਲਿਆ। ਜੇ ਕਰ ਅਸੀਂ ਇਸ ਅੰਮ੍ਰਿਤ ਨੂੰ ਪ੍ਰਾਪਤ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਗੁਰਬਾਣੀ ਦੁਆਰਾ ਉਸ ਅਕਾਲ ਪੁਰਖੁ ਨੂੰ ਆਪਣੇ ਮਨ ਵਿਚ ਟਿਕਾਉਂਣਾ ਪਵੇਗਾ।

***ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ ॥ ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ ਸਚਾ ਮਨਿ ਵਸਾਇਆ ॥ (੯੧੮)***

ਗੁਰੂ ਨਾਨਕ ਸਾਹਿਬ ਨੇ ਸਿਧਾ ਦੇ ਸਵਾਲ ਦੇ ਉੱਤਰ ਵਿਚ ਇਹੀ ਕਿਹਾ ਸੀ, ਕਿ ਅਸੀਂ ਗੁਰਮੁਖਾਂ ਨੂੰ ਲੱਭਣ ਵਾਸਤੇ ਉਦਾਸੀ ਬਣੇ ਸਾਂ, ਅਸਾਂ ਗੁਰਮੁਖਾਂ ਦੇ ਦਰਸ਼ਨਾਂ ਲਈ ਉਦਾਸੀ ਭੇਖ ਧਾਰਿਆ ਸੀ। ਅਸੀਂ ਸੱਚੇ ਅਕਾਲ ਪੁਰਖੁ ਦੇ ਨਾਮੁ ਦੇ ਸੌਦੇ ਦੇ ਵਪਾਰੀ ਹਾਂ। ਜੋ ਮਨੁੱਖ ਗੁਰੂ ਦੇ ਦੱਸੇ ਰਾਹ ਤੇ ਤੁਰਦਾ ਹੈ, ਉਹ ਇਸ ਸੰਸਾਰ ਸਾਗਰ ਤੋਂ ਪਾਰ ਲੰਘ ਜਾਂਦਾ ਹੈ। ਗੁਰੂ ਨਾਨਕ ਸਾਹਿਬ ਨੇ ਭਾਈ ਲਹਿਣਾ ਵਰਗੇ ਗੁਰਮੁੱਖ ਦੀ ਖੋਜ ਕੀਤੀ ਤੇ ਆਪਣੀ ਥਾਂ ਗੁਰਗੱਦੀ ਦਾ ਵਾਰਸ ਬਣਾ ਦਿਤਾ। ਜੇ ਕਰ ਅਸੀਂ ਆਪਣਾ ਮਨੁੱਖਾ ਜੀਵਨ ਸਫਲ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਗੁਰੂ ਸਾਹਿਬਾਂ ਦੇ ਦੱਸੇ ਰਾਹ ਤੇ ਤੁਰਨਾ ਪਵੇਗਾ ਤੇ ਉਸ ਮਾਰਗ ਨੂੰ ਪਹਿਚਾਨਣ ਲਈ ਗੁਰਬਾਣੀ ਦੁਆਰਾ ਜੀਵਨ ਦੀ ਸਚਾਈ ਨੂੰ ਖੋਜਣਾਂ ਪਵੇਗਾ।

***ਗੁਰਮੁਖਿ ਖੋਜਤ ਭਏ ਉਦਾਸੀ ॥ ਦਰਸਨ ਕੈ ਤਾਈ ਭੇਖ ਨਿਵਾਸੀ ॥ ਸਾਚ ਵਖਰ ਕੇ ਹਮ ਵਣਜਾਰੇ ॥ ਨਾਨਕ ਗੁਰਮੁਖਿ ਉਤਰਸਿ ਪਾਰੇ ॥੧੮॥ (੯੩੯)***

ਭਾਈ ਲਹਿਣਾ ਜੀ ਨੇ ਆਪਣੇ ਮਨ ਨੂੰ ਗੁਰਬਾਣੀ ਦੁਆਰਾ ਖੋਜਿਆ ਤੇ ਗੁਰੂ ਅੰਗਦ ਸਾਹਿਬ ਬਣ ਗਏ। ਇਸ ਲਈ ਆਪਣੇ ਮਨ ਨੂੰ ਖੋਜਦੇ ਰਹੋ। ਮਨ ਦੀ ਦੌੜ ਭੱਜ ਦੀ ਪੜਤਾਲ ਕਰਦਿਆਂ ਜੀਵਨ ਦਾ ਸਹੀ ਰਸਤਾ ਮਿਲ ਜਾਂਦਾ ਹੈ, ਉਸ ਅਕਾਲ ਪੁਰਖੁ ਦਾ ਨਾਮੁ ਮਿਲ ਜਾਂਦਾ ਹੈ, ਤੇ ਇਹ ਨਾਮੁ ਹੀ ਮਾਨੋ ਧਰਤੀ ਦੇ ਸਾਰੇ ਨੌਂ ਖ਼ਜ਼ਾਨੇ ਹਨ।

***ਇਸੁ ਮਨ ਕਉ ਕੋਈ ਖੋਜਹੁ ਭਾਈ ॥ ਮਨੁ ਖੋਜਤ ਨਾਮੁ ਨਉ ਨਿਧਿ ਪਾਈ ॥੧॥ ਰਹਾਉ ॥ (੧੧੨੮,੧੨੨੯)***

ਭਾਈ ਗੁਰਦਾਸ ਜੀ ਨੇ ਵੀ ਗੁਰਬਾਣੀ ਵਿਚੋਂ ਸਾਰੇ ਖ਼ਜ਼ਾਨੇ ਖੋਜਣ ਲਈ ਕਿਹਾ ਹੈ। ਕੀਮਤੀ ਮੋਤੀ ਲੱਭਣ ਲਈ ਸਮੁੰਦਰ ਨੂੰ ਖੋਜ਼ਣਾਂ ਪੈਂਦਾ ਹੈ, ਹੀਰੇ ਤੇ ਕੀਮਤੀ ਪੱਥਰ ਲੱਭਣ ਲਈ ਪਹਾੜ ਨੂੰ ਖੋਦਣਾਂ ਪੈਂਦਾ ਹੈ, ਸੁਗੰਧੀ ਵਾਲੇ ਬੂਟੇ ਲੱਭਣ ਲਈ ਸਾਰਾ ਜੰਗਲ ਗਾਹੁਣਾ ਪੈਂਦਾ ਹੈ, ਇਸੇ ਤਰ੍ਹਾਂ ਆਤਮਿਕ ਅਨੰਦ ਹਾਸਲ ਲਈ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਨੂੰ ਖੋਜਣਾਂ ਪੈਂਦਾ ਹੈ।

***ਜੈਸੇ ਤਉ ਸਕਲ ਨਿਧਿ ਪੂਰਨ ਸਮੁੰਦ੍ਰ ਬਿਖੈ ਹੰਸ ਮਰਜੀਵਾ ਨਿਹਚੈ ਪ੍ਰਸਾਦੁ ਪਾਵਹੀ। ਜੈਸੇ ਪਰਬਤ ਹੀਰਾ ਮਾਨਕ ਪਾਰਸ ਸਿਧ ਖਨਵਾਰਾ ਖਨਿ ਜਗਿ ਪ੍ਰਗਟਾਵਹੀ। ਜੈਸੇ ਬਨ ਬਿਖੈ ਮਲਿਆਗਰ ਸੌਧਾ ਕਪੂਰ ਸੋਧ ਕੈ ਸੁਬਾਸੀ ਸੁਬਾਸ ਬਿਹਸਾਵਹੀ। ਤੈਸੇ ਗੁਰਬਾਨੀ ਬਿਖੈ ਸਕਲ ਪਦਾਰਥ ਹੈ ਜੋਈ ਜੋਈ ਖੋਜੈ ਸੋਈ ਸੋਈ ਨਿਪਜਾਵਹੀ ॥੫੪੬॥ (ਕਬਿਤ)***

ਕਿਹਾ ਜਾਂਦਾ ਹੈ ਕਿ ਪਾਰਸ ਨਾਲ ਕੋਈ ਵੀ ਧਾਤ ਰਗੜੀ ਜਾਵੇ ਤਾਂ ਉਹ ਸੋਨਾ ਬਣ ਜਾਂਦੀ ਹੈ। ਇਹ ਉਦਾਹਰਣ ਤਾਂ ਕਹਾਵਤ ਦੇ ਤੌਰ ਤੇ ਬਹੁਤ ਪ੍ਰਸਿਧ ਹੈ, ਪਰ ਅਸਲੀਅਤ ਵਿਚ ਐਸੀ ਕੋਈ ਚੀਜ ਨਹੀਂ ਜੋ ਕਿ ਰਗੜਨ ਨਾਲ ਸੋਨਾ ਬਣਾ ਸਕੇ। ਪਰੰਤੂ ਆਪਣੇ ਮਨ ਨੂੰ ਗੁਰਬਾਣੀ ਨਾਲ ਰਗੜਨ ਨਾਲ ਭਾਵ ਗੁਰੂ ਸਾਹਿਬ ਦੇ ਦਰਸਾਏ ਗਏ ਮਾਰਗ ਤੇ ਚਲ ਕੇ ਨੇ ਸੋਨੇ ਵਰਗਾ ਸ਼ੁਧ ਬਣਾਇਆ ਜਾ ਸਕਦਾ ਹੈ।

ਗੁਰੂ ਮਾਨੋ ਇਕ ਸਮੁੰਦਰ ਹੈ ਜੋ ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਦੇ ਰਤਨਾਂ ਨਾਲ ਨਕਾ ਨਕ ਭਰਿਆ ਹੋਇਆ ਹੈ। ਜਿਵੇਂ ਹੰਸ ਸਰੋਵਰ ਵਿਚੋਂ ਮੋਤੀ ਚੁਗਦੇ ਹਨ, ਤਿਵੇਂ ਗੁਰਸਿੱਖ ਗੁਰਬਾਣੀ ਵਿਚੋਂ ਆਤਮਕ ਜੀਵਨ ਦੇਣ ਵਾਲੀ ਖ਼ੁਰਾਕ ਪ੍ਰਾਪਤ ਕਰਦੇ ਹਨ। ਜਿਸ ਤਰ੍ਹਾਂ ਹੰਸ ਸਰੋਵਰ ਦੇ ਲਾਗੇ ਰਹਿੰਦੇ ਹਨ ਇਸੇ ਤਰ੍ਹਾਂ ਗੁਰਸਿੱਖ ਗੁਰੂ ਤੋਂ ਦੂਰ ਨਹੀਂ ਰਹਿੰਦੇ, ਉਹ ਗੁਰਬਾਣੀ ਨੂੰ ਹਮੇਸ਼ਾਂ

ਆਪਣੇ ਅੰਗ ਸੰਗ ਰੱਖਦੇ ਹਨ। ਅਕਾਲ ਪੁਰਖੁ ਦੀ ਮੇਹਰ ਅਨੁਸਾਰ ਸੰਤ ਹਰਿ ਨਾਮੁ ਰਸ ਦੀ ਚੋਗ ਚੁਗਦੇ ਹਨ। ਗੁਰਸਿੱਖ ਗੁਰੂ ਸਰੋਵਰ ਵਿਚ ਟਿਕਿਆ ਰਹਿੰਦਾ ਹੈ, ਤੇ ਜਿੰਦ ਦੇ ਮਾਲਕ ਅਕਾਲ ਪੁਰਖੁ ਨੂੰ ਸਬਦ ਗੁਰੂ ਵਿਚੋਂ ਲੱਭ ਲੈਂਦਾ ਹੈ। ਵਿਚਾਰਾ ਬਗਲਾ ਛਪੜੀ ਵਿਚ ਕਾਹਦੇ ਲਈ ਨ੍ਹਾਉਂਦਾ ਹੈ? ਕੁੱਝ ਨਹੀਂ ਖੱਟਦਾ, ਸਗੋਂ ਛਪੜੀ ਵਿਚ ਨਹਾ ਕੇ ਚਿੱਕੜ ਵਿਚ ਡੁੱਬਦਾ ਹੈ, ਉਸ ਦੀ ਇਹ ਮੈਲ ਦੂਰ ਨਹੀਂ ਹੁੰਦੀ। ਜਿਹੜਾ ਮਨੁੱਖ ਗੁਰੂ ਸਮੁੰਦਰ ਨੂੰ ਛੱਡ ਕੇ ਦੇਵੀ ਦੇਵਤਿਆਂ ਆਦਿਕ ਹੋਰ ਮਨੁੱਖਾਂ ਦੇ ਆਸਰੇ ਭਾਲਦਾ ਹੈ, ਉਹ, ਮਾਨੋ, ਛਪੜੀ ਵਿਚ ਹੀ ਨਹਾ ਰਿਹਾ ਹੈ। ਉਸ ਦੇ ਮਨ ਦੀ ਮੈਲ ਤਾਂ ਕੀ ਦੂਰ ਹੋਣੀ ਉਹ ਸਗੋਂ ਹੋਰ ਮਾਇਆ ਤੇ ਮੋਹ ਦੀ ਮੈਲ ਸਹੇੜ ਲੈਂਦਾ ਹੈ।

***ਗੁਰੁ ਸਾਗਰੁ ਰਤਨੀ ਭਰਪੂਰੇ ॥ ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ ॥ ਹਰਿ ਰਸੁ ਚੋਗ ਚੁਗਹਿ ਪ੍ਰਭ ਭਾਵੈ ॥ ਸਰਵਰ ਮਹਿ ਹੰਸੁ ਪ੍ਰਾਨਪਤਿ ਪਾਵੈ ॥੧॥ ਕਿਆ ਬਗੁ ਬਪੁੜਾ ਛਪੜੀ ਨਾਇ ॥ ਕੀਚੜਿ ਡੂਬੈ ਮੈਲੁ ਨ ਜਾਇ ॥੧॥ ਰਹਾਉ ॥*** *(੬੮੫, ੬੮੬)*

ਸਾਨੂੰ ਆਪਣੇ ਵਿਚਾਰ ਮੰਡਲ ਵਿਚ ਗੁਰਬਾਣੀ ਨੂੰ ਵਿਚਾਰਦੇ ਰਹਿੰਣਾਂ ਚਾਹੀਦਾ ਹੈ, ਹਮੇਸ਼ਾਂ ਖੋਜ਼ ਚਲਦੀ ਰਹਿੰਣੀ ਚਾਹੀਦੀ ਹੈ। ਆਪਣੇ ਔਗੁਣ ਗੁਰਬਾਣੀ ਦੁਆਰਾ ਪਹਿਚਾਣ ਕੇ ਦੂਰ ਕਰਨੇ ਚਾਹੀਦੇ ਹਨ ਤੇ ਗੁਣ ਹਾਸਲ ਕਰਨੇ ਚਾਹੀਦੇ ਹਨ। ਜਿਨੀ ਟੁੱਬੀ ਲਾਵਾਗੇ ਉਤਨਾਂ ਹੀ ਗੁਰਬਾਣੀ ਸਮੁੰਦਰ ਬਾਰੇ ਪਤਾ ਲਗ ਸਕੇਗਾ। ਗੁਰੂ ਸਾਹਿਬ ਤਾਂ ਸਪੱਸ਼ਟ ਤੌਰ ਤੇ ਸਮਝਾਂਉਂਦੇ ਹਨ ਕਿ ਗੁਰੂ ਦੀ ਸਰਨ ਪੈ ਕੇ ਗੁਰਮੁਖਾਂ ਨੂੰ ਢੂੰਡਦਿਆਂ ਉਨ੍ਹਾਂ ਨੇ ਉਸ ਅਕਾਲ ਪੁਰਖੁ ਨੂੰ ਆਪਣੇ ਅੰਦਰ ਹੀ ਲੱਭ ਲਿਆ।

***ਗੁਰਮੁਖਿ ਢੂੰਢਿ ਢੂਢੇਦਿਆ ਹਰਿ ਸਜਣੁ ਲਧਾ ਰਾਮ ਰਾਜੇ ॥*** *(੪੪੯)*

ਜੇ ਕਰ ਉਪਰ ਲਿਖੀਆਂ, ਗੁਰਬਾਣੀ ਦੀਆਂ ਸਿਖਿਆਵਾਂ, ਨੂੰ ਇਕੱਠਾ ਕਰੀਏ ਤਾਂ ਅਸੀਂ ਨਿਸਚੇ ਨਾਲ ਸਮਝ ਸਕਦੇ ਹਾਂ ਕਿ ਗੁਰਬਾਣੀ ਰਵਾਇਤਾ ਪੂਰੀਆਂ ਕਰਨ ਲਈ ਨਹੀਂ ਹੈ। ਗੁਰਬਾਣੀ ਦੁਆਰਾ ਜੀਵਨ ਦੀ ਅਸਲੀਅਤ ਨੂੰ ਸਮਝਣਾ ਹੈ, ਖੋਜਣਾ ਹੈ, ਹੁਕਮੁ ਨੂੰ ਪਹਿਚਾਨਣਾ ਹੈ ਤੇ ਅਮਲੀ ਜੀਵਨ ਵਿਚ ਅਪਨਾ ਕੇ ਇਹ ਮਨੁੱਖਾ ਜੀਵਨ ਸਫਲ ਕਰਨਾ ਹੈ। ਇਸ ਲਈ ਆਓ ਸਾਰੇ ਜਾਣੇ ਸਬਦ ਗੁਰੂ, ਗੁਰੂ ਗਰੰਥ ਸਾਹਿਬ ਵਿਚ ਅੰਕਿਤ ਸੱਚੀ ਬਾਣੀ ਨੂੰ ਪੜ੍ਹੀਏ, ਸੁਣੀਏ, ਸਮਝੀਏ, ਖੋਜੀਏ ਤੇ ਜੀਵਨ ਦੀ ਅਸਲੀਅਤ ਨੂੰ ਸਮਝੀਏ। ਗੁਰਬਾਣੀ ਨੂੰ ਆਪਣੇ ਜੀਵਨ ਦਾ ਆਧਾਰ ਬਣਾ ਕੇ ਸਬਦ ਗੁਰੂ ਦੁਆਰਾ ਆਪਣੇ ਅੰਦਰ ਚਾਨਣ ਪੈਦਾ ਕਰੀਏ ਅਤੇ ਪੂਰੀ ਦੁਨੀਆ ਵਿਚੋਂ ਅਗਿਆਨਤਾ ਦਾ ਅੰਧੇਰਾ ਦੂਰ ਕਰਨ ਲਈ ਉਪਰਾਲਾ ਕਰੀਏ।

***ਗੁਰਸਿਖ ਮੀਤ ਚਲਹੁ ਗੁਰ ਚਾਲੀ ॥ ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ ॥੧॥ ਰਹਾਉ ॥*** *(੬੬੭, ੬੬੮)*

**"ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ"**

ਤਤਕਰਾ

# ਅਕਾਲ ਪੁਰਖੁ ਦੀ ਪਰਿਭਾਸ਼ਾ ਤੇ ਉਸ ਦਾ ਹੁਕਮੁ (ਭਾਗ-੨)

# Definition of Akal Purkh and His Hukam (System) (Part-2)

ਦੁਨੀਆ ਦੇ ਬਹੁਤ ਸਾਰੇ ਧਰਮਾਂ ਨੇ ਅਕਾਲ ਪੁਰਖੁ ਦੀ ਪਰਿਭਾਸ਼ਾ ਆਪਣੀ ਆਪਣੀ ਕਲਪਨਾਂ ਦੇ ਆਧਾਰ ਤੇ ਦਿਤੀ ਹੈ। ਕਿਸੇ ਨੇ ਮਨੁੱਖ ਨੂੰ ਅਕਾਲ ਪੁਰਖੁ ਦਾ ਦਰਜਾ ਦੇ ਦਿਤਾ ਤੇ ਕਿਸੇ ਨੇ ਹੋਰ ਜੀਵ ਜੰਤੂ ਜਾ ਸਥਾਨ ਨੂੰ ਦੇ ਦਿਤਾ। ਪਰੰਤੂ ਇਹ ਸਭ ਕੁਝ ਤਾਂ ਖੁਦ ਅਕਾਲ ਪੁਰਖੁ ਦੇ ਆਪਣੇ ਬਣਾਏ ਹੋਏ ਹਨ, ਜੋ ਕਿ ਨਾਸ਼ਵੰਤ ਹਨ। ਜੇ ਅਕਾਲ ਪੁਰਖੁ ਹੀ ਨਾਸ ਹੋ ਗਿਆ ਤਾਂ ਬਾਕੀ ਕੀ ਰਹਿ ਜਾਵੇਗਾ। ਗੁਰੂ ਗਰੰਥ ਸਾਹਿਬ ਵਿਚ ਅੰਕਿਤ ਸਿਰਲੇਖ ਅਕਾਲ ਪੁਰਖੁ ਨੂੰ ਵਿਗਿਆਨਕ ਤਰੀਕੇ ਨਾਲ ਦਰਸਾਉਂਣ ਦਾ ਆਰੰਭ ਹੈ। ਇਸ ਨੂੰ ਅਕਾਲ ਪੁਰਖੁ ਸਬੰਧੀ ਸਾਇੰਸ ਦਾ ਮੁੱਢ ਕਹਿ ਸਕਦੇ ਹਾਂ। ਗੁਰੂ ਨਾਨਕ ਸਾਹਿਬ ਨੇ ਅਕਾਲ ਪੁਰਖੁ ਦੀ ਪਰਿਭਾਸ਼ਾ ਕਲਪਨਾਂ ਦੇ ਆਧਾਰ ਤੇ ਨਹੀਂ, ਬਲਕਿ ਪੂਰਨ, ਉਚੇ ਪੱਧਰ ਦੀ ਸਇੰਸ ਦੇ ਆਧਾਰ ਤੇ ਦਿੱਤੀ ਹੈ।

*੧ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥(੧)*

ਇਸ ਸੰਸਾਰ ਨੂੰ ਚਲਾਉਂਣ ਵਾਲਾ ਨਾ ਤਾਂ ਕੋਈ ਮਨੁੱਖ ਹੋ ਸਕਦਾ ਹੈ ਅਤੇ ਨਾ ਹੀ ਕੋਈ ਜੀਵ ਜੰਤੂ ਜਾਂ ਵਸਤੂ, ਕਿਉਂਕਿ ਇਹ ਸਾਰੇ ਨਾਸ਼ਵੰਤ ਹਨ, ਸਦੀਵੀ ਕਾਲ ਲਈ ਨਹੀਂ ਰਹਿ ਸਕਦੇ। ਅਕਾਲ ਪੁਰਖੁ ਕੋਈ ਨਿਯਮ, ਅਸੂਲ ਜਾਂ ਸਿਸਟਮ ਹੀ ਹੋ ਸਕਦਾ ਹੈ, ਜਿਸ ਦੀ ਸੀਮਾਂ ਬੇਅੰਤ ਹੈ, ਇਸ ਲਈ ਦੁਨਿਆਵੀ ਲਫਜ਼ਾਂ ਵਿਚ ਕਿਸੇ ਖਾਸ ਨਾਂ ਨਾਲ ਬਿਆਨ ਨਹੀਂ ਕੀਤਾ ਜਾ ਸਕਦਾ। ਅਜੇਹਾ ਧਰਮ ਜਿਸ ਨਾਲ ਸੱਚੀ ਜਾਣਕਾਰੀ ਹਾਸਲ ਹੋਵੇ ਅਤੇ ਜੀਵਨ ਸਬੰਧੀ ਸਹੀ ਸੇਧ ਮਿਲ ਸਕੇ ਉਸ ਨੂੰ ਗੁਰੂ ਨਾਨਕ ਸਾਹਿਬ ਨੇ ਸਬਦ ਦਾ ਨਾਮੁ ਦਿੱਤਾ। ਅਕਾਲ ਪੁਰਖੁ ਦੇ ਹੁਕਮੁ ਵਿਚ ਹੀ ਜਗਤ ਦੀ ਉਤਪੱਤੀ ਹੁੰਦੀ ਹੈ, ਤੇ ਜਗਤ ਦਾ ਨਾਸ ਹੁੰਦਾ ਹੈ। ਨਾਸ ਤੋਂ ਬਾਅਦ ਫਿਰ ਅਕਾਲ ਪੁਰਖੁ ਦੇ ਹੁਕਮੁ ਵਿਚ ਫਿਰ ਜਗਤ ਦੀ ਉਤਪੱਤੀ ਹੁੰਦੀ ਰਹਿੰਦੀ ਹੈ। ਸਬਦ ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ ਨੂੰ ਸੋਝੀ ਮਿਲਣ ਨਾਲ ਇਹ ਨਿਸਚਾ ਹੋ ਜਾਂਦਾ ਹੈ, ਕਿ ਅਕਾਲ ਪੁਰਖੁ ਸਦਾ-ਥਿਰ ਰਹਿੰਣ ਵਾਲਾ ਹੈ, ਤੇ ਹਰੇਕ ਥਾਂ ਆਪ ਹੀ ਮੌਜੂਦ ਹੈ, ਉਹ ਜਗਤ ਨੂੰ ਪੈਦਾ ਕਰ ਕੇ ਉਸ ਵਿਚ ਲੀਨ ਹੋ ਰਿਹਾ ਹੈ।

*ਉਤਪਤਿ ਪਰਲਉ ਸਬਦੇ ਹੋਵੈ ॥ ਸਬਦੇ ਹੀ ਫਿਰਿ ਓਪਤਿ ਹੋਵੈ ॥ (੧੧੭)*

ਸਬਦ ਦਾ ਭਾਵ ਸਾਡੇ ਆਮ ਭਾਸ਼ਾ ਵਿਚ ਵਰਤੇ ਜਾਣ ਵਾਲੇ ਅੱਖਰ ਨਹੀਂ ਹਨ। ਇਹ ਅਕਾਲ ਪੁਰਖੁ ਦਾ ਹੁਕਮੁ, ਨਿਯਮ, ਅਸੂਲ, ਸਿਸਟਮ ਜਾਂ ਧਰਮ ਹੈ, ਜਿਸ ਅਨੁਸਾਰ ਸਭ ਕੁਝ ਹੋ ਰਿਹਾ ਹੈ। ਸਬਦ ਰੌਸ਼ਨੀ ਦੇਣ ਵਾਲਾ ਹੈ, ਜਿਸ ਦੁਆਰਾ ਜੀਵਨ ਵਿਚ ਚਲਣ ਲਈ ਸੋਝੀ ਪ੍ਰਾਪਤ ਹੁੰਦੀ ਹੈ। ਸਬਦ ਸੁਣ ਸਕਦੇ ਹਾਂ, ਪਰ ਵੇਖ ਨਹੀਂ ਸਕਦੇ, ਇਸੇ ਲਈ ਸਿੱਖ ਧਰਮ ਵਿਚ ਮੂਰਤੀ ਪੂਜਾ ਦਾ ਕੋਈ ਮਹੱਤਵ ਨਹੀਂ ਹੈ। ਜੋਗੀਆਂ ਦੇ ਧਰਮ ਦਾ ਮੰਤਵ ਗਿਆਨ ਪ੍ਰਾਪਤ ਕਰਨਾ ਹੈ। ਬ੍ਰਾਹਮਣਾਂ ਦੇ ਧਰਮ ਦਾ ਮੰਤਵ ਵੇਦਾਂ ਦੀ ਵਿਚਾਰ ਹੈ। ਖੜ੍ਹੀਆਂ ਦਾ ਧਰਮ ਸੂਰਮਿਆਂ ਵਾਲੇ ਕੰਮ ਕਰਨਾ ਹੈ, ਅਤੇ ਸ਼ੂਦਰਾਂ ਦਾ ਧਰਮ ਦੂਜਿਆਂ ਦੀ ਸੇਵਾ ਕਰਨੀ। ਗੁਰੂ ਸਾਹਿਬ ਨੇ ਸਾਰਿਆਂ ਦਾ ਮੁੱਖ-ਧਰਮ, ਉਸ ਅਕਾਲ ਪੁਰਖੁ ਨੂੰ ਹਰੇਕ ਜੀਵ ਵਿਚ ਵਸਦਾ ਵੇਖਣਾ, ਉਸ ਨੂੰ ਆਪਣੇ ਹਿਰਦੇ ਵਿਚ ਵਸਾਉਂਣਾਂ ਤੇ ਗੁਰਬਾਣੀ ਦੁਆਰਾ ਉਸ ਦੇ ਗੁਣ ਗਾਇਨ ਕਰਨਾ ਦੱਸਿਆ ਹੈ। ਜੋ ਮਨੁੱਖ ਇਸ ਭੇਦ ਨੂੰ ਜਾਣਦਾ ਹੈ, ਨਾਨਕ ਉਸ ਦਾ ਦਾਸ ਹੈ, ਉਹ ਮਨੁੱਖ ਅਕਾਲ ਪੁਰਖੁ ਦਾ ਰੂਪ ਹੈ। ਗੁਰੂ ਸਾਹਿਬਾਂ ਨੇ ਸਮੁੱਚੀ ਮਨੁੱਖਤਾ ਲਈ ਇਕੋ ਧਰਮ ਹੀ ਮੰਨਿਆ ਹੈ, ਉਹ ਹੈ 'ਸਬਦ''[ਹ੧੦]। ਪੂਰੇ ਗੁਰੂ ਗਰੰਥ ਸਾਹਿਬ ਵਿਚ ਸਬਦ ਦਾ ਭੇਦ ਹੀ ਸਾਂਝਾ ਕੀਤਾ ਗਿਆ ਹੈ, ਤਾਂ ਜੋ ਅਸੀਂ ਗੁਰਬਾਣੀ ਦੁਆਰਾ ਅਕਾਲ ਪੁਰਖੁ ਦਾ ਹੁਕਮੁ ਤੇ ਉਸ ਦੀ ਅਸਲੀਅਤ ਨੂੰ ਸਮਝ ਸਕੀਏ।

*ਮਃ ੨ ॥ ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ ॥ ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾਕ੍ਰਿਤਹ ॥ ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ ॥ ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥ (੪੬੯)*

ਸਕੂਲਾਂ ਦੀ ਪੜ੍ਹਾਈ ਸਿਰਫ ਦੁਨਿਆਵੀ ਸਿਖਿਆ ਤਕ ਸੀਮਿਤ ਰਹਿ ਗਈ ਹੈ। ਲੋਕ ਪੱਛਮੀ ਸਭਿਅਤਾ ਦੀ ਹਰੇਕ ਗੱਲ ਜਾਂ ਰੀਤੀ ਰਿਵਾਜ਼ ਨੂੰ ਉੱਤਮ ਦਰਜੇ ਦਾ ਤਗਮਾਂ ਦੇ ਦਿੰਦੇ ਹਨ, ਅਤੇ ਸਿੱਖ ਧਰਮ ਦੇ ੨੩੮ ਸਾਲ ਪਰਖੇ ਹੋਏ ਅਸੂਲਾਂ ਨੂੰ ਬਿਨਾਂ ਵਿਚਾਰੇ, ਸੋਚੇ, ਸਮਝੇ ਅਤੇ ਪਰਖੇ ਘਟੀਆ ਜਾ ਪੁਰਾਤਨ ਕਹਿ ਕੇ ਠੁਕਰਾ ਦਿੰਦੇ ਹਨ। ਪਰੰਤੂ ਅਸਲੀਅਤ ਇਸ ਦੇ ਉਲਟ ਹੈ। **ਨਿਊਟਨ** ਨੇ ਗੁਰਤਾ ਖਿੱਚ (Gravitational force) ਦੀ ਕਾਢ **੧੬੮੬** ਦੇ ਕਰੀਬ ਕੀਤੀ ਸੀ। ਪਰੰਤੂ ਗੁਰੂ ਨਾਨਕ ਸਾਹਿਬ ਨੇ ਇਸ ਬਾਰੇ ਜਪੁਜੀ ਸਾਹਿਬ ਵਿਚ **੫੦੦** ਸਾਲ ਪਹਿਲਾਂ ਕਹਿ ਦਿਤਾ ਸੀ। **ਗੈਲੀਲੀਓ** ਨੇ ਪਹਿਲੀ ਦੂਰਬੀਨ ੧੬੦੯ ਵਿਚ ਬਣਾਈ। ਗੁਰੂ ਸਾਹਿਬ ਨੇ ਬਿਨਾ ਦੂਰਬੀਨ ਦੇ ਕਈ ਸਾਲ ਪਹਿਲਾਂ ਲਿੱਖ ਦਿਤਾ ਸੀ ਕਿ ਧਰਤੀਆਂ ਅਣਗਿਣਤ ਹਨ। ਅੱਜ ਦੀ ਸਾਇੰਸ ਕੁਝ ਦਹਾਕੇ ਪਹਿਲਾਂ ਤੋਂ ਹੀ ਅਨੇਕਾਂ ਗੈਲੈਕਸੀਆਂ ਬਾਰੇ ਗੱਲ ਕਰ ਰਹੀ ਹੈ।

*ਧੌਲੁ ਧਰਮੁ ਦਇਆ ਕਾ ਪੂਤੁ ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥ ਜੇ ਕੋ ਬੁਝੈ ਹੋਵੈ ਸਚਿਆਰੁ ॥ ਧਵਲੈ ਉਪਰਿ ਕੇਤਾ ਭਾਰੁ ॥ ਧਰਤੀ ਹੋਰੁ ਪਰੈ ਹੋਰੁ ਹੋਰੁ ॥ ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥ (੩) (ਜਪੁਜੀ)*

ਇਸ ਪਉੜੀ ਵਿਚ ਗੁਰੂ ਨਾਨਕ ਸਾਹਿਬ ਜੀ ਨੇ ਬਹੁਤ ਸੁੰਦਰ ਉਦਾਹਰਣ ਦੇ ਕੇ ਪੁਰਾਤਨ ਵਹਿਮ ਦਾ ਨਿਪਟਾਰਾ ਕੀਤਾ ਹੈ। ਫਰਜ਼ ਕਰ ਲਉ ਜੇ ਕਰ ਧਰਤੀ ਇਕ ਬਲਦ ਦੇ ਆਸਰੇ ਤੇ ਖੜੀ ਹੈ ਤਾਂ ਉਸ ਬਲਦ ਨੂੰ ਖੜਾ ਹੋਣ ਲਈ ਇਕ ਹੋਰ ਧਰਤੀ ਦੀ ਜ਼ਰੂਰਤ ਪਵੇਗੀ। ਫਿਰ ਉਸ ਧਰਤੀ ਨੂੰ ਖੜਾ ਹੋਣ ਲਈ ਇਕ ਹੋਰ ਬਲਦ ਦੀ ਜ਼ਰੂਰਤ ਪਵੇਗੀ। ਫਿਰ ਇਸ ਬਲਦ ਨੂੰ ਖੜਾ ਹੋਣ ਲਈ ਇਕ ਹੋਰ ਧਰਤੀ ਦੀ ਜ਼ਰੂਰਤ ਪਵੇਗੀ। ਇਸ ਦਾ ਕੋਈ ਅੰਤ ਨਹੀਂ ਹੋ ਸਕਦਾ ਹੈ। ਕਿਉਕਿ ਧਰਤੀਆਂ ਤਾਂ ਅਨੇਕ ਹਨ। ਅਸਲ ਵਿਚ ਧਰਤੀ ਨੂੰ ਆਸਰਾ ਦੇਣ ਵਾਲਾ ਕੋਈ ਬਲਦ ਨਹੀਂ ਬਲਕਿ ਇਹ ਧਰਮ ਹੈ, ਨਿਯਮ ਹੈ, ਅਸੂਲ ਹੈ। ਜਿਸ ਨੇ ਸਾਰੇ ਬ੍ਰਹਿਮੰਡ ਵਿਚ ਸੰਤੋਖੁ (ਸਥਿਰਤਾ) ਕਾਇਮ ਰੱਖਿਆ ਹੈ। ਅੱਜ ਅਸੀਂ ਇਸ ਅਸੂਲ ਨੂੰ ਗੁਰੂਤਾ ਸ਼ਕਤੀ (Gravitational force) ਕਰਕੇ ਜਾਣਦੇ ਹਾਂ, ਨਿਊਟਨ ਲਾ ਆਫ ਗਰੈਵੀਟੇਸ਼ਨ (Newton's law of Gravitation)। ਗੁਰੂ ਸਾਹਿਬ ਨੇ ਕੁਦਰਤ ਦੀ ਸਚਾਈ ਨੂੰ ਬਿਲਕੁਲ ਸਰਲ ਤੇ ਸਪੱਸ਼ਟ (Logical) ਤਰੀਕੇ ਨਾਲ ਸਮਝਾਇਆ ਹੈ।

ਗੁਰੂ ਨਾਨਕ ਸਾਹਿਬ ਅਨੁਸਾਰ ਤਾਂ ਪੂਰੀ ਸ੍ਰਿਸ਼ਟੀ ਦਾ ਹਰ ਕਾਰਜ਼ ਅਕਾਲ ਪੁਰਖੁ ਦੇ ਬਣਾਏ ਗਏ ਨਿਯਮਾਂ ਅਨੁਸਾਰ ਹੀ ਚਲ ਰਿਹਾ ਹੈ। ਅੱਜ ਦੀ ਸਾਇੰਸ ਤਾਂ ਗਰੈਵੀਟੇਸ਼ਨ, ਇਲੈਕਟਰੋਮੈਗਨੈਟਿਕ ਜਾਂ ਨਿਉਕਲੀਅਰ ਫੋਰਸ (Gravitational, Electromagnetic, Nuclear force) ਤਕ ਹੀ ਸੀਮਿਤ ਹੈ। ਇਸ ਤੋਂ ਅੱਗੇ ਸਾਇੰਸ ਅਜੇ ਤਕ ਨਹੀਂ ਜਾ ਸਕੀ ਹੈ। ਕੁਦਰਤ ਇਸ ਤੋਂ ਵੀ ਬਹੁਤ ਅੱਗੇ ਹੋ ਸਕਦੀ ਹੈ। ਸਾਇੰਸ ਦੀ ਪਹੁੰਚ ਪਦਾਰਥ ਤਕ ਹੈ, ਆਤਮਿਕ ਆਧਾਰ ਤੇ ਕਿਹੜੇ ਨਿਯਮ ਲਾਗੂ ਹੁੰਦੇ ਹਨ, ਅੱਜ ਦੀ ਸਾਇੰਸ ਦੀ ਪਹੁੰਚ ਤੋਂ ਦੂਰ ਹਨ।

**ਹਰੇਕ ਚੀਜ਼ ਜਾਂ ਕਿਰਿਆ ਅਕਾਲ ਪੁਰਖੁ ਦੇ ਹੁਕਮੁ**{ਹ੨੫}{E05} **ਭਾਵ ਅਕਾਲ ਪੁਰਖੁ ਦੇ ਬਣਾਏ ਗਏ ਨਿਯਮਾਂ, ਅਸੂਲਾਂ, ਧਰਮ ਅਨੁਸਾਰ ਹੁੰਦੀ ਹੈ। ਅਕਾਲ ਪੁਰਖੁ ਦੇ ਹੁਕਮੁ ਦੇ ਬਾਹਰ ਕੁਝ ਵੀ ਨਹੀਂ ਹੈ।**

***ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥ ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥ ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥ ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥ ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥ ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥*** (੧, ੨)

ਗੁਰੂ ਨਾਨਕ ਸਾਹਿਬ ਨੇ ਕੁਦਰਤ ਦੇ ਨਿਯਮਾ ਨੂੰ ਬਿਆਨ ਕਰਨ ਲਈ ਹੁਕਮੁ ਸਬਦ ਦੀ ਵਰਤੋਂ ਕੀਤੀ ਹੈ। ਹੁਕਮੁ ਸਬੰਧੀ ਗੁਰਬਾਣੀ ਵਿਚ ਬਹੁਤ ਸਾਰੇ ਸਬਦ ਅੰਕਿਤ ਕੀਤੇ ਗਏ ਹਨ। ਕੁਝ ਕੁ ਸਬਦ ਹੇਠਾਂ ਅੰਕਿਤ ਕੀਤੇ ਗਏ ਹਨ।

***ਹੁਕਮੀ ਹੁਕਮੁ ਚਲਾਏ ਰਾਹੁ ॥ ਨਾਨਕ ਵਿਗਸੈ ਵੇਪਰਵਾਹੁ ॥੩॥ (੧, ੨)***

*ਸਿਰੀਰਾਗੁ ਮਹਲਾ ੧ ॥* ***ਹੁਕਮੀ ਸਭੇ ਊਪਜਹਿ ਹੁਕਮੀ ਕਾਰ ਕਮਾਹਿ ॥ ਹੁਕਮੀ ਕਾਲੈ ਵਸਿ ਹੈ ਹੁਕਮੀ ਸਾਚਿ ਸਮਾਹਿ ॥ ਨਾਨਕ ਜੋ ਤਿਸੁ ਭਾਵੈ ਸੋ ਥੀਐ ਇਨਾ ਜੰਤਾ ਵਸਿ ਕਿਛੁ ਨਾਹਿ ॥੮॥੪॥ (੫੫)***

***ਹੁਕਮੀ ਸਿਰਿ ਜੰਦਾਰੁ ਮਾਰੇ ਦਾਈਐ ॥ (੧੪੭)***

***ਹੁਕਮੀ ਸਗਲ ਕਰੇ ਆਕਾਰ ॥ ਆਪੇ ਜਾਣੈ ਸਰਬ ਵੀਚਾਰ ॥ (੧੫੦)***

***ਆਪੇ ਕਰੇ ਕਰਾਏ ਕਰਤਾ ਕਿਸ ਨੋ ਆਖਿ ਸੁਣਾਈਐ ॥ ਦੁਖੁ ਸੁਖੁ ਤੇਰੈ ਭਾਣੈ ਹੋਵੈ ਕਿਸ ਥੈ ਜਾਇ ਰੂਆਈਐ ॥ ਹੁਕਮੀ ਹੁਕਮਿ ਚਲਾਏ ਵਿਗਸੈ ਨਾਨਕ ਲਿਖਿਆ ਪਾਈਐ*** *॥੭॥੧੨॥ (੪੧੭, ੪੧੮)*

ਹੁਕਮੁ ਬਾਰੇ ਵਿਸਥਾਰ ਅਤੇ ਹੋਰ ਸਬਦਾਂ ਸਬੰਧੀ ਜਾਣਕਾਰੀ ਲਈ ਦਾਸ ਦਾ ਲੇਖ{ਹ੨੫}{E05} (***ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ***) ਪੜ੍ਹ ਸਕਦੇ ਹੋ ਜੀ।

ਹੁਕਮੁ ਨੂੰ ਬਿਆਨ ਕਰਨ ਲਈ ਗੁਰੂ ਸਾਹਿਬ ਨੇ ਭੈ ਸਬਦ ਦੀ ਵਰਤੋਂ ਵੀ ਕੀਤੀ ਹੈ। ਸ੍ਰਿਸ਼ਟੀ ਦੀ ਹਰੇਕ ਕਿਰਿਆ, ਉਸ ਦੇ ਨਿਯਮ ਅਨੁਸਾਰ ਹੋ ਰਹੀ ਹੈ। ਗੈਲੀਲਿਉ ਨੇ ਤਾਂ ਕਈ ਸਾਲ ਬਾਅਦ ਧਰਤੀ ਤੇ ਹੋਰ ਗ੍ਰਹਿਆਂ ਬਾਰੇ ਘੁੰਮਣ ਦੀ ਗੱਲ ਕੀਤੀ ਸੀ। ਪਰ ਗੁਰੂ ਸਾਹਿਬ ਨੇ ਤਾਂ ਕਈ ਸਾਲ ਪਹਿਲਾਂ ਦੱਸ ਦਿੱਤਾ ਕਿ ਇਹ ਹਵਾ, ਦਰੀਆ, ਅੱਗ, ਧਰਤੀ, ਬੱਦਲ, ਸੂਰਜ, ਚੰਦ੍ਰਮਾਂ, ਕੁਦਰਤ ਦੇ ਮਿਥੇ ਹੋਏ ਨਿਯਮ ਅਨੁਸਾਰ ਚਲ ਰਹੇ ਹਨ। ਇਥੇ ਤਕ ਹੀ ਨਹੀਂ, ਇਹ ਸਾਰੇ ਰਾਜੇ, ਉਨ੍ਹਾਂ ਦੇ ਦਰਬਾਰ, ਆਕਾਸ਼, ਸਾਰੇ ਮਨੁੱਖ, ਅਕਾਲ ਪੁਰਖੁ ਦੇ ਹੁਕਮੁ ਅਨੁਸਾਰ ਚਲ ਰਹੇ ਹਨ।

***ਸਲੋਕ ਮਃ ੧ ॥ ਭੈ ਵਿਚਿ ਪਵਣੁ ਵਹੈ ਸਦਵਾਉ ॥ ਭੈ ਵਿਚਿ ਚਲਹਿ ਲਖ ਦਰੀਆਉ ॥ ਭੈ ਵਿਚਿ ਅਗਨਿ ਕਢੈ ਵੇਗਾਰਿ ॥ ਭੈ ਵਿਚਿ ਧਰਤੀ ਦਬੀ ਭਾਰਿ ॥ ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥ ਭੈ ਵਿਚਿ ਰਾਜਾ ਧਰਮੁ ਦੁਆਰੁ ॥ ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥ ਕੋਹ ਕਰੋੜੀ ਚਲਤ ਨ ਅੰਤੁ ॥ ਭੈ ਵਿਚਿ ਸਿਧ ਬੁਧ ਸੁਰ ਨਾਥ ॥ ਭੈ ਵਿਚਿ ਆਡਾਣੇ ਆਕਾਸ ॥ ਭੈ ਵਿਚਿ ਜੋਧ ਮਹਾਬਲ ਸੂਰ ॥ ਭੈ ਵਿਚਿ ਆਵਹਿ ਜਾਵਹਿ ਪੂਰ ॥ ਸਗਲਿਆ ਭਉ ਲਿਖਿਆ ਸਿਰਿ ਲੇਖੁ ॥ ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥੧॥ (੪੬੪)***

ਗੁਰਬਾਣੀ ਦੇ ਅੰਕਿਤ ਸਬਦ ਸਮਝਾਂਉਂਦੇ ਹਨ ਕਿ ਸਾਰੇ ਗ੍ਰਹ, ਚੰਨ, ਸੂਰਜ, ਤਾਰੇ, ਖੰਡ ਬ੍ਰਹਮੰਡ, ਜੀਵ ਜੰਤੂ, ਸਭ ਅਕਾਲ ਪੁਰਖੁ ਦੇ ਹੁਕਮੁ ਅਨੁਸਾਰ ਚਲ ਰਹੇ ਹਨ, ਹੁਕਮੁ ਅਨੁਸਾਰ ਪੈਦਾ ਹੁੰਦੇ ਹਨ, ਤੇ ਹੁਕਮੁ ਅਨੁਸਾਰ ਖਤਮ ਹੋ ਜਾਂਦੇ ਹਨ। ਅਕਾਲ ਪੁਰਖੁ ਦੀ ਮਿਹਰ ਸਦਕਾ ਸਾਰੀ ਸ੍ਰਿਸ਼ਟੀ ਤੇ ਉਸ ਵਿਚ ਰਹਿ ਰਹੇ ਸਾਰੇ ਜੀਵ ਜੰਤੂ ਅਕਾਲ ਪੁਰਖੁ ਦੇ ਹੁਕਮੁ ਅਨੁਸਾਰ ਚਲ ਰਹੇ ਹਨ, ਉਹ ਵੱਖਰੀ ਗੱਲ ਹੈ ਕਿ ਅਸੀਂ ਹੁਕਮੁ ਨੂੰ ਸਮਝ ਸਕੀਏ ਜਾਂ ਨਾ ਸਮਝ ਸਕੀਏ।

ਗੁਰੂ ਸਾਹਿਬ ਨੇ ਕੁਦਰਤ ਵਿਚ ਹੋ ਰਹੀਆਂ ਕਿਰਿਆਵਾਂ ਨੂੰ ਸਮਝਾਂ ਕੇ, ਮਨੁੱਖਤਾ ਨੂੰ ਸਹੀ ਦਿਸ਼ਾ ਵੱਲ ਤੋਰਨ ਲਈ ਪ੍ਰੇਰਤ ਕੀਤਾ ਹੈ, ਤਾਂ ਜੋ ਅਸੀਂ ਅਸਾਨੀ ਨਾਲ ਸਮਝ ਸਕੀਏ। ਰਾਸਾਂ ਪਾ ਪਾ ਕੇ ਨੱਚਣ ਵਾਲੇ ਭਗਤ ਨਹੀਂ ਅਖਵਾ ਸਕਦੇ ਹਨ, ਭਗਤ ਉਹ ਹੈ, ਜੋ ਸਰੀਰ ਨੂੰ ਨਚਾਣ ਦੀ ਥਾਂ ਆਪਣੇ ਮਨ ਨੂੰ ਨਚਾਂਦਾ ਹੈ, ਭਾਵ, ਗੁਰੂ ਦੀ ਕਿਰਪਾ ਨਾਲ ਆਪਣੇ ਅੰਦਰੋਂ ਆਪਾ-ਭਾਵ ਦੂਰ ਕਰਦਾ ਹੈ, ਤਾਂ ਜੋ ਹੁਕਮੁ ਨੂੰ ਸਮਝ ਸਕੇ। ਸਾਰੇ ਜੀਵ ਜੰਤੂ ਮਾਇਆ ਦੇ ਹੱਥਾਂ ਤੇ ਨੱਚ ਰਹੇ ਹਨ, ਚੌਹਾਂ ਖਾਣੀਆਂ ਦੇ ਜੀਵ ਨੱਚ ਰਹੇ ਹਨ, ਖੰਡਾਂ ਬ੍ਰਹਮੰਡਾਂ ਦੇ ਸਾਰੇ ਜੀਵ ਤ੍ਰਿਗੁਣੀ ਮਾਇਆ ਦੇ ਪ੍ਰਭਾਵ ਵਿਚ ਨੱਚ ਰਹੇ ਹਨ। ਪਰੰਤੂ ਜਿਨ੍ਹਾਂ ਨੂੰ ਅਕਾਲ ਪੁਰਖੁ ਦੇ ਚਰਨਾਂ ਦੀ ਲਗਨ ਲੱਗ ਜਾਂਦੀ ਹੈ, ਉਹ ਉਸ ਦੀ ਰਜ਼ਾ ਵਿਚ ਤੁਰਨ ਦਾ ਨਾਚ ਨੱਚਦੇ ਹਨ। ਇਸ ਲਈ ਐ ਮਨੁੱਖ ਤੂੰ ਵੀ ਗੁਰੂ ਦੀ ਹਜ਼ੂਰੀ ਵਿਚ ਨੱਚ, ਗੁਰੂ ਦੇ ਹੁਕਮੁ ਅਨੁਸਾਰ ਚਲ। ਜੇ ਤੂੰ ਉਵੇਂ ਨੱਚੇਂਗਾ ਜਿਵੇਂ ਗੁਰੂ ਨਚਾਏਗਾ, ਭਾਵ ਜੇ ਤੂੰ ਗੁਰੂ ਦੇ ਹੁਕਮੁ ਵਿਚ ਚੱਲੇਗਾ, ਤਾਂ ਜੀਵਨ ਵਿਚ ਆਨੰਦ ਮਾਣੇਂਗਾ, ਅਖ਼ੀਰ ਵੇਲੇ ਮੌਤ ਦਾ ਡਰ ਵੀ ਤੈਥੋਂ ਦੂਰ ਭੱਜ ਜਾਇਗਾ।

*ਖੰਡ ਬ੍ਰਹਮੰਡ ਤ੍ਰੈ ਗੁਣ ਨਾਚੇ ਜਿਨ ਲਾਗੀ ਹਰਿ ਲਿਵ ਤੁਮਾਰੀ ॥ ਜੀਅ ਜੰਤ ਸਭੇ ਹੀ ਨਾਚੇ ਨਾਚਹਿ ਖਾਣੀ ਚਾਰੀ ॥੫॥ (੫੦੬)*

ਅਕਾਲ ਪੁਰਖੁ ਨੇ ਆਪਣੇ ਹੁਕਮੁ ਅਨੁਸਾਰ ਇਹ ਸ੍ਰਿਸ਼ਟੀ ਸਾਜੀ ਤੇ ਜੀਵਾਂ ਦੀ ਆਤਮਾ ਵਿਚ ਆਪਣੀ ਜੋਤਿ ਰਲਾਈ। ਇਹ ਸਾਰਾ ਪ੍ਰਕਾਸ਼ ਅਕਾਲ ਪੁਰਖੁ ਦੀ ਜੋਤਿ ਤੋਂ ਹੀ ਹੋਇਆ ਹੈ, ਜਿਸ ਕਰਕੇ ਇਹ ਸਾਰੇ ਜੀਵ ਜੰਤੂ ਵਿਚਰ ਰਹੇ ਹਨ। ਬੇਅੰਤ ਅਕਾਲ ਪੁਰਖੁ ਦੇ ਇਸ ਭੇਦ ਨੂੰ ਸਤਿਗੁਰੂ ਨੇ ਆਪਣੇ ਸਬਦ ਦੁਆਰਾ ਸੁਣਾਇਆ, ਤੇ ਇਹ ਸਬਦ ਹੀ ਹੈ, ਜਿਸ ਦੁਆਰਾ ਇਹ ਕੁਦਰਤ ਦਾ ਖੇਲ ਸਮਝਿਆ ਜਾ ਸਕਦਾ ਹੈ।

*ਹੁਕਮੀ ਸ੍ਰਿਸਟਿ ਸਾਜੀਅਨੁ ਜੋਤੀ ਜੋਤਿ ਮਿਲਾਇਆ ॥ ਜੋਤੀ ਹੂੰ ਸਭੁ ਚਾਨਣਾ ਸਤਿਗੁਰਿ ਸਬਦੁ ਸੁਣਾਇਆ ॥ (੫੦੯)*

*ਹੁਕਮੀ ਸ੍ਰਿਸਟਿ ਸਾਜੀਅਨੁ ਬਹੁ ਭਿਤਿ ਸੰਸਾਰਾ ॥ ਤੇਰਾ ਹੁਕਮੁ ਨ ਜਾਪੀ ਕੇਤੜਾ ਸਚੇ ਅਲਖ ਅਪਾਰਾ ॥ (੭੮੬)*

*ਹੁਕਮੀ ਸਹਜੇ ਸ੍ਰਿਸਟਿ ਉਪਾਈ ॥ ਕਰਿ ਕਰਿ ਵੇਖੈ ਅਪਣੀ ਵਡਿਆਈ ॥ ਆਪੇ ਕਰੇ ਕਰਾਏ ਆਪੇ ਹੁਕਮੇ ਰਹਿਆ ਸਮਾਈ ਹੇ ॥੧॥ (੧੦੪੩, ੧੦੪੪)*

ਕੁਦਰਤ ਦੇ ਹੁਕਮੁ ਨਾਲ ਬਣੀਆਂ ਚੀਜ਼ਾਂ ਤੇ ਸਾਇੰਸ ਦੇ ਤਜਰਬੇ ਨਾਲ ਬਣੀਆਂ ਚੀਜ਼ਾਂ ਵਿਚ ਅੰਤਰ ਹੈ। ਪ੍ਰਯੋਗਸ਼ਾਲਾ ਵਿਚ ੨, ੩ ਜਾਂ ਉਸ ਤੋਂ ਵੱਧ ਤੱਤਾਂ ਨੂੰ ਮਿਲਾ ਕੇ ਬਣਾਈ ਗਈ ਚੀਜ਼ ਹਰ ਵਾਰੀ ਇਕੋ ਜਿਹੀ ਹੁੰਦੀ ਹੈ। ਪਰ ਉਸ ਦੇ ਅੰਦਰ ਕੋਈ ਆਤਮਾਂ ਨਹੀਂ ਹੁੰਦੀ ਹੈ, ਕੋਈ ਚੇਤਨਾਂ ਨਹੀਂ, ਕੋਈ ਦੁਖ ਸੁਖ ਨਹੀਂ। ਜਿਸ ਤਰ੍ਹਾਂ ਮਨੁੱਖ ਦੇ ਸਾਧਨ ਸੀਮਿਤ ਹਨ, ਉਸੇ ਤਰ੍ਹਾਂ ਅਕਾਲ ਪੁਰਖੁ ਦੇ ਮੁਕਾਬਲੇ ਸਾਇੰਸ ਦੀ ਪਹੁੰਚ ਵੀ ਸੀਮਿਤ ਹੈ। ਹਵਾ ਪਾਣੀ ਤੇ ਅੱਗ ਆਦਿਕ ਤੱਤਾਂ ਦਾ ਮੇਲ ਮਿਲਾ ਕੇ ਤੇ ਜੀਵਾਤਮਾ ਪਾ ਕੇ ਅਕਾਲ ਪੁਰਖੁ ਨੇ ਜੀਵ ਬਣਾਇਆ, ਤੱਤ ਸਭ ਜੀਵਾਂ ਦੇ ਇਕੋ ਜਿਹੇ ਹਨ, ਪਰ ਅਚਰਜ ਖੇਡ ਹੈ ਕਿ ਇਹਨਾਂ ਨੂੰ ਕਈਆਂ ਨੂੰ ਦੁਖ ਤੇ ਕਈਆਂ ਨੂੰ ਸੁਖ ਮਿਲ ਰਹੇ ਹਨ। ਕਈ ਧਰਤੀ ਤੇ ਹਨ, ਭਾਵ, ਸਾਧਾਰਨ ਜਿਹੀ ਹਾਲਤ ਵਿਚ ਹਨ, ਕਈ ਮਾਨੋ ਪਤਾਲ ਵਿਚ ਪਏ ਹਨ, ਭਾਵ ਕਈ ਨਿੱਘਰੇ ਹੋਏ ਹਨ, ਕਈ ਮਾਨੋ ਅਕਾਸ਼ ਵਿਚ ਹਨ, ਭਾਵ ਕਈ ਹੁਕਮ ਕਰ ਰਹੇ ਹਨ, ਤੇ ਕਈ ਰਾਜਿਆਂ ਦੇ ਦਰਬਾਰ ਵਿਚ ਵਜ਼ੀਰ ਬਣੇ ਹੋਏ ਹਨ। ਕਈ ਬੰਦਿਆਂ ਦੀ ਵੱਡੀ ਉਮਰ ਹੈ, ਕਈ ਘਟ ਉਮਰੇ ਮਰ ਕੇ ਦੁਖੀ ਹੁੰਦੇ ਹਨ। ਕਈ ਬੰਦੇ ਹੋਰਨਾਂ ਨੂੰ ਦੇ ਕੇ ਆਪ ਵਰਤਦੇ ਹਨ, ਪਰ ਉਹਨਾਂ ਦਾ ਧਨ ਮੁੱਕਦਾ ਨਹੀਂ, ਕਈ ਸਦਾ ਕੰਗਾਲ ਫਿਰਦੇ ਹਨ। ਅਕਾਲ ਪੁਰਖੁ ਆਪਣੇ ਹੁਕਮੁ ਅਨੁਸਾਰ ਇਕ ਪਲਕ ਵਿਚ ਲੱਖਾਂ ਜੀਵ ਪੈਦਾ ਕਰਦਾ ਹੈ, ਲੱਖਾਂ ਨਾਸ ਕਰਦਾ ਹੈ, ਹਰੇਕ ਜੀਵ ਆਪਣੇ ਕੀਤੇ ਕਰਮਾਂ ਅਨੁਸਾਰ ਹੁਕਮੁ ਵਿਚ ਜਕੜਿਆ ਪਿਆ ਹੈ। ਜਿਸ ਉਤੇ ਬਖ਼ਸ਼ਸ਼ ਕਰਦਾ ਹੈ, ਉਸ ਦੇ ਬੰਧਨ ਤੋੜ ਦਿੰਦਾ ਹੈ। ਪਰ ਅਕਾਲ ਪੁਰਖੁ ਆਪ ਕਰਮਾਂ ਦੇ ਲੇਖੇ ਤੋਂ ਉਤਾਂਹ ਹੈ, ਉਸ ਦਾ ਕੋਈ ਰੰਗ ਰੂਪ ਨਹੀਂ, ਤੇ ਕੋਈ ਚਿਹਨ ਚੱਕ੍ਰ ਨਹੀਂ। ਉਸ ਦਾ ਸਰੂਪ ਬਿਆਨ ਨਹੀਂ ਕੀਤਾ ਜਾ ਸਕਦਾ, ਉਹ ਹਰ ਥਾਂ ਹੋਂਦ ਵਾਲਾ ਦਿੱਸਦਾ ਹੈ। ਜੀਵ ਜੋ ਕੁਝ ਕਰ ਰਹੇ ਹਨ ਤੇ ਬੋਲ ਰਹੇ ਹਨ, ਉਹ ਸਭ ਅਕਾਲ ਪੁਰਖੁ ਦੀ ਪਾਈ ਹੋਈ ਕਾਰ ਹੀ ਹੈ, ਪਰ ਉਹ ਆਪ ਐਸਾ ਹੈ, ਕਿ ਜਿਸ ਬਾਰੇ ਬਿਆਨ ਨਹੀਂ ਕੀਤਾ ਜਾ ਸਕਦਾ। ਜਿਹੜਾ ਮਨੁੱਖ ਉਸ ਅਕੱਥ ਅਕਾਲ ਪੁਰਖੁ ਦੀਆਂ ਗੱਲਾਂ ਸੁਣਦਾ ਹੈ, ਗੁਣ ਗਾਉਂਦਾ ਹੈ, ਉਸ ਨੂੰ ਉੱਚੀ ਸਮਝ ਪ੍ਰਾਪਤ ਹੁੰਦੀ ਹੈ, ਉਸ ਨੂੰ ਸੁਖ ਮਿਲਦਾ ਹੈ, ਮਾਨੋ ਉਸ ਨੂੰ ਰਿੱਧੀਆਂ ਸਿੱਧੀਆਂ ਮਿਲ ਗਈਆਂ ਹਨ।

***ਸਲੋਕ ਮਃ ੧ ॥ ਪਉਣੈ ਪਾਣੀ ਅਗਨਿ ਜੀਉ ਤਿਨ ਕਿਆ ਖੁਸੀਆ ਕਿਆ ਪੀੜ ॥ ਧਰਤੀ ਪਾਤਾਲੀ ਆਕਾਸੀ ਇਕਿ ਦਰਿ ਰਹਨਿ ਵਜੀਰ ॥ ਇਕਨਾ ਵਡੀ ਆਰਜਾ ਇਕਿ ਮਰਿ ਹੋਹਿ ਜਹੀਰ ॥ ਇਕਿ ਦੇ ਖਾਹਿ ਨਿਖੁਟੈ ਨਾਹੀ ਇਕਿ ਸਦਾ ਫਿਰਹਿ ਫਕੀਰ ॥*** *ਹੁਕਮੀ ਸਾਜੇ ਹੁਕਮੀ ਢਾਹੇ ਏਕ ਚਸੇ ਮਹਿ ਲਖ ॥ (੧੨੮੯)*

ਗੁਰਬਾਣੀ ਦੇ ਹੇਠ ਲਿਖੇ ਸਬਦ ਸਪੱਸ਼ਟ ਕਰਦੇ ਹਨ ਕਿ ਸਾਰੀ ਸ੍ਰਿਸ਼ਟੀ ਵਿਚ ਚਲ ਰਹੇ ਸਾਰੇ ਜੀਵ ਜੰਤੂ ਅਕਾਲ ਪੁਰਖੁ ਦੇ ਹੁਕਮੁ ਅਨੁਸਾਰ ਪੈਦਾ ਹੁੰਦੇ ਹਨ, ਤੇ ਮਰਦੇ ਹਨ ਤੇ ਉਨ੍ਹਾਂ ਦਾ ਨਿਬੇੜਾ ਵੀ ਹੁਕਮੁ ਅਨੁਸਾਰ ਹੋ ਰਿਹਾ ਹੈ।

*ਹੁਕਮੀ ਹੋਇ ਨਿਬੇੜੁ ਭਰਮੁ ਚੁਕਾਇਸੀ ਜੀਉ ॥ (੬੮੮)*
*ਹੁਕਮੀ ਹੀ ਜਮੁ ਲਗਦਾ ਸੋ ਉਬਰੈ ਜਿਸੁ ਬਖਸੈ ਕਰਤਾਰੁ ॥ (੮੫੧)*
*ਹੁਕਮੀ ਹੋਇ ਨਿਬੇੜੁ ਗਇਆ ਜਾਣੀਐ ॥ ਭਉਜਲ ਤਾਰਣਹਾਰੁ ਸਬਦਿ ਪਛਾਣੀਐ ॥ (੧੨੮੭, ੧੨੮੮)*
*ਹੁਕਮੀ ਸਾਹ ਗਿਰਾਹ ਦੇਂਦਾ ਜਾਣੀਐ ॥੨੩॥ (੧੨੮੮)*

ਕਬੀਰ ਸਾਹਿਬ ਆਪਣੀ ਰਚਨਾ ਵਿੱਚ ਸਮਝਾਉਂਦੇ ਹਨ ਕਿ ਅਸਲੀ ਮਨੁੱਖ ਉਹੀ ਹੈ, ਜੋ ਕਿ ਅਕਾਲ ਪੁਰਖੁ ਦੇ ਹੁਕਮੁ ਨੂੰ ਸਮਝਣ ਦੀ ਦਿਸ਼ਾ ਵਲ ਜਾਂਦਾ ਹੈ।

*ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥੩॥ (੧੩੫੦)*

ਗੁਰੂ ਨਾਨਕ ਸਾਹਿਬ ਨੇ ਤਾਂ ਜਪੁਜੀ ਸਾਹਿਬ ਦੀ ਪਹਿਲੀ ਪੌੜੀ ਵਿੱਚ ਹੀ ਸਮਝਾ ਦਿੱਤਾ ਹੈ ਕਿ ਜੇ ਕਰ ਅਕਾਲ ਪੁਰਖੁ ਨੂੰ ਪਾਉਣਾਂ ਹੈ ਤਾਂ ਅਕਾਲ ਪੁਰਖੁ ਦੇ ਹੁਕਮੁ ਤੇ ਉਸ ਦੀ ਰਜ਼ਾ ਅਨੁਸਾਰ ਚਲਣਾ ਪਵੇਗਾ, ਜੋ ਕਿ ਧੁਰ ਤੋਂ ਹੀ ਜੀਵ ਦੇ ਨਾਲ ਲਿਖਿਆ ਹੋਇਆ ਹੈ।

*ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥ ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥ (੧)*

ਇਸ ਲਈ ਜੇ ਕਰ ਅਸੀਂ ਨਾਮੁ, ਹੁਕਮੁ ਅਤੇ ਸਚੁ ਨੂੰ ਸਮਝਣਾ ਚਾਹੁੰਦੇ ਹਾਂ ਤਾਂ ਸਾਨੂੰ ਸੱਚੀ ਬਾਣੀ ਉਪਰ ਵਿਸ਼ਵਾਸ ਕਰਨਾ ਪਵੇਗਾ ਅਤੇ ਗੁਰਬਾਣੀ ਪੜ੍ਹਨੀ, ਸੁਣਨੀ, ਸਮਝਣੀ ਤੇ ਰੋਜ਼ਾਨਾ ਜੀਵਨ ਵਿਚ ਅਪਨਾਉਂਣੀ ਪਵੇਗੀ।

*ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥ ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥ ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ ॥ ਪੀਵਹੁ ਅੰਮ੍ਰਿਤੁ, ਸਦਾ ਰਹਹੁ ਹਰਿ ਰੰਗਿ, ਜਪਿਹੁ ਸਾਰਿਗਪਾਣੀ ॥ ਕਹੈ ਨਾਨਕੁ ਸਦਾ ਗਾਵਹੁ, ਏਹ ਸਚੀ ਬਾਣੀ ॥੨੩॥ (੯੨੦)*

ਗੁਰਬਾਣੀ ਸਿਰਫ ਪੜ੍ਹਨੀ ਹੀ ਨਹੀਂ ਇਸ ਵਿਚ ਤਿੰਨ ਚੀਜ਼ਾ ਹੋਰ ਪਾਉਣੀਆਂ ਹਨ। (੧) **ਭੈ** (ਹੁਕਮੁ ਵਿਚ) (੨) **ਭਾਉ** (**ਪ੍ਰੇਮ**, ਪਿਆਰ, ਪ੍ਰੀਤ, ਮਾਨ), (੩) **ਭਾਵਨੀ** (ਭਾਵਨਾ, ਖ਼ਿਆਲ, ਸੰਕਲਪ, ਧਿਆਨ, ਚਿੰਤਨ, ਸ਼ਰਧਾ, ਭਾਵ ਦੇ ਅਨੁਸਾਰ ਅਮਲ)

ਇਸ ਲਈ ਆਓ ਸਾਰੇ ਜਾਣੇ ਰੋਜਾਨਾਂ, ਗੁਰੂ ਸਾਹਿਬ ਅੱਗੇ ਹੁਕਮੁ ਦੀ ਪਹਿਚਾਨ ਲਈ ਅਰਦਾਸ ਕਰੀਏ ਅਤੇ ਗੁਰਬਾਣੀ ਰਾਹੀਂ ਦੱਸੇ ਹੋਏ ਮਾਰਗ ਤੇ ਚੱਲ ਕੇ ਉਸ ਅਕਾਲੁ ਪੁਰਖੁ ਦੇ ਹੁਕਮੁ ਅਨੁਸਾਰ ਆਪਣਾ ਜੀਵਨ ਸਫਲ ਕਰੀਏ।

**"ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ"**

ਤਤਕਰਾ

# ਗੁਰਬਾਣੀ ਅਨੁਸਾਰ ਕੁਦਰਤ ਦਾ ਕੋਈ ਅੰਤ ਨਹੀਂ (ਭਾਗ-੩)

## According to Gurmat universe is infinite (Part-3)

ਕੁਦਰਤ ਨੇ ਮਨੁੱਖ ਨੂੰ ਸੋਚਣ ਸ਼ਕਤੀ ਦਿੱਤੀ ਹੈ, ਇਸ ਸੂਝ ਸਦਕਾ ਮਨੁੱਖ ਆਪਣੇ ਸੀਮਿਤ ਸਾਧਨਾ ਦਾ ਵਿਸਥਾਰ ਕਰਨ ਲਈ ਹਮੇਸ਼ਾਂ ਉਪਰਾਲਾ ਕਰਦਾ ਰਿਹਾ ਹੈ। ਗਿਆਨ ਤੇ ਸਹੂਲਤਾਂ ਨੂੰ ਵਧਾਉਣ ਲਈ, ਨਵੀਆਂ ਖੋਜਾਂ ਕਰਨ ਦੀ ਕੋਸ਼ਿਸ਼ ਸਦਾ ਜਾਰੀ ਰਹੀ ਹੈ। ਕੁਦਰਤ ਦੇ ਖੇਲ ਨੂੰ ਜਾਨਣ ਲਈ ਮਨੁੱਖ ਦੀ ਸਦੀਵੀ ਕਾਲ ਤੋਂ ਖਾਹਸ਼ ਰਹੀ, ਜਿਸ ਕਰਕੇ ਗਿਆਨ ਵਿਚ ਹਮੇਸ਼ਾਂ ਵਾਧਾ ਹੁੰਦਾ ਰਿਹਾ। ਤਰਤੀਬ ਅਨੁਸਾਰ ਕੁਦਰਤ, ਉਸ ਦੇ ਨਿਯਮ ਅਤੇ ਵਿਧੀਆਂ ਦੇ ਬਾਰੇ ਇਕੱਠੇ ਕੀਤੇ ਗਏ ਗਿਆਨ ਨੂੰ ਸਾਇੰਸ ਕਿਹਾ ਜਾਂਦਾ ਹੈ। ਸਾਇੰਸ ਪਦਾਰਥ ਤੇ ਉਸ ਨਾਲ ਹੋ ਰਹੀਆਂ ਕਿਰਿਆਵਾਂ ਨੂੰ ਸਮਝ ਕੇ ਦੁਨੀਆ ਦੀ ਅਸਲੀਅਤ, ਸਮਝਣ ਵੱਲ ਜਾਂਦੀ ਹੈ।

ਜੀਵਨ ਦੇ ਆਧਾਰ ਨੂੰ ਧਿਆਨ ਵਿਚ ਰੱਖਦੇ ਹੋਏ ੫ ਤੱਤ ਸਮਝੇ ਜਾਂਦੇ ਸਨ। ਇਸ ਪਰਿਭਾਸ਼ਾ ਅਨੁਸਾਰ ਕੁਦਰਤ ਦੇ ਪਹਿਲਾਂ ਵੀ ੫ ਤੱਤ ਸਨ ਤੇ ਅੱਜ ਵੀ ੫ ਹੀ ਹਨ। ਸਾਇੰਸ ਦੇ ਮੁਤਾਬਕ ਤੱਤ ਦੀ ਪਰਿਭਾਸ਼ਾ ਕੁਝ ਹੋਰ ਹੈ ਤੇ ਬਾਣੀ ਵਿਚ ਵਰਤੇ ਗਏ ਤੱਤਾਂ ਦੀ ਕੁਝ ਹੋਰ। ਪਰੰਤੂ ਸਾਇੰਸ ਦੇ ਤੱਤਾਂ ਦੀ ਗਿਣਤੀ ਵਧਦੀ ਰਹੀ ਹੈ, ਤੇ ਹੋਰ ਹੋਰ ਖੋਜਾਂ ਨਾਲ ਇਸ ਵਿਚ ਵਾਧਾ ਹੁੰਦਾ ਰਿਹਾ ਹੈ। ਇਹ ਗਿਣਤੀ ੭੭ ਤੋਂ ੮੩, ੮੩ ਤੋਂ ੯੨, ਤੇ ੯੨ ਤੋਂ ਹੌਲੀ ਹੌਲੀ ਵਧ ਕੇ ਹੁਣ ੧੧੮ ਤਕ ਹੋ ਗਈ ਹੈ। ਸਮੇਂ ਨਾਲ ਇਸ ਵਿਚ ਹੋਰ ਵਾਧਾ ਹੋ ਸਕਦਾ ਹੈ। ਸਾਇੰਸ ਦੀ ਇਹ ਖੋਜ਼ ਸਾਬਤ ਕਰਦੀ ਹੈ ਕਿ ਅਕਾਲ ਪੁਰਖੁ ਦੀ ਪੈਦਾ ਕੀਤੀ ਹੋਈ ਕੁਦਰਤ ਦਾ ਕੋਈ ਅੰਤ ਨਹੀਂ।

ਕੁਦਰਤ ਦੇ ਅਨੇਕ ਜੀਵਾਂ ਅਤੇ ਬੇਅੰਤ ਪਦਾਰਥਾਂ ਦੇ ਅਸੰਖਾਂ ਹੀ ਨਾਂ ਹਨ ਤੇ ਅਸੰਖਾਂ ਹੀ ਉਨ੍ਹਾਂ ਦੇ ਥਾਂ ਟਿਕਾਣੇ ਹਨ। ਕੁਦਰਤ ਵਿਚ ਅਸੰਖਾਂ ਹੀ ਭਵਣ ਹਨ, ਜਿਨ੍ਹਾਂ ਤਕ ਮਨੁੱਖ ਦੀ ਪਹੁੰਚ ਨਹੀਂ ਹੋ ਸਕਦੀ। ਕੁਦਰਤ ਦਾ ਲੇਖਾ ਕਰਨ ਵਾਸਤੇ ਸ਼ਬਦ 'ਅਸੰਖ' ਵੀ ਕਾਫੀ ਨਹੀਂ, ਅਕਾਲ ਪੁਰਖ ਦੀ ਕੁਦਰਤ ਦਾ ਲੇਖਾ ਲਫ਼ਜ਼ 'ਅਸੰਖ' ਤਾਂ ਕਿਤੇ ਰਿਹਾ, ਕੋਈ ਵੀ ਲਫ਼ਜ਼ ਵੀ ਕਾਫ਼ੀ ਨਹੀਂ। ਆਪਸ ਵਿਚ ਸਾਂਝਾ ਕਰਨ ਲਈ ਅਕਾਲ ਪੁਰਖ ਦਾ ਨਾਂ ਅੱਖਰਾਂ ਰਾਹੀਂ ਲਿਆ ਜਾ ਸਕਦਾ ਹੈ, ਉਸ ਦੀ ਸਿਫ਼ਿਤ-ਸਾਲਾਹ ਵੀ ਅੱਖਰਾਂ ਦੀ ਰਾਹੀਂ ਕੀਤੀ ਜਾ ਸਕਦੀ ਹੈ। ਅਕਾਲ ਪੁਰਖ ਦਾ ਗਿਆਨ ਵੀ ਅੱਖਰਾਂ ਰਾਹੀਂ ਵਿਚਾਰਿਆ ਜਾ ਸਕਦਾ ਹੈ। ਅੱਖਰਾਂ ਰਾਹੀਂ ਉਸਦੇ ਗੀਤ ਅਤੇ ਗੁਣਾਂ ਬਾਰੇ ਵਾਕਫ਼ ਹੋ ਸਕਦੇ ਹਾਂ। ਬੋਲੀ ਦਾ ਲਿਖਣਾ ਤੇ ਬੋਲਣਾ ਵੀ ਅੱਖਰਾਂ ਦੀ ਰਾਹੀਂ ਦੱਸਿਆ ਜਾ ਸਕਦਾ ਹੈ। ਜਿਸ ਅਕਾਲ ਪੁਰਖ ਨੇ ਜੀਵਾਂ ਦੇ ਸੰਜੋਗ ਦੇ ਇਹ ਅੱਖਰ ਲਿਖੇ ਹਨ, ਉਸ ਦੇ ਸਿਰ ਉੱਤੇ ਕੋਈ ਲੇਖ ਨਹੀਂ ਹੈ, ਭਾਵ, ਕੋਈ ਮਨੁੱਖ ਉਸ ਅਕਾਲ ਪੁਰਖ ਦਾ ਲੇਖਾ ਨਹੀਂ ਕਰ ਸਕਦਾ। ਜਿਸ ਤਰ੍ਹਾਂ ਅਕਾਲ ਪੁਰਖ ਹੁਕਮੁ ਕਰਦਾ ਹੈ, ਉਸੇ ਤਰ੍ਹਾਂ ਜੀਵ ਆਪਣੇ ਸੰਜੋਗ ਭੋਗਦੇ ਹਨ। ਇਹ ਸਾਰਾ ਸੰਸਾਰ, ਜੋ ਅਕਾਲ ਪੁਰਖ ਨੇ ਬਣਾਇਆ ਹੈ, ਇਹ ਉਸ ਦਾ ਸਰੂਪ ਹੈ।

*"ਇਹੁ ਵਿਸੁ ਸੰਸਾਰੁ ਤੁਮ ਦੇਖਦੇ, ਇਹੁ ਹਰਿ ਕਾ ਰੂਪੁ ਹੈ, ਹਰਿ ਰੂਪੁ ਨਦਰੀ ਆਇਆ"। (੯੨੨)*

ਕੋਈ ਥਾਂ ਅਕਾਲ ਪੁਰਖੁ ਦੇ ਸਰੂਪ ਤੋਂ ਖ਼ਾਲੀ ਨਹੀਂ, ਭਾਵ, ਜਿਹੜੀ ਥਾਂ, ਜਾਂ ਪਦਾਰਥ ਵੇਖੀਏ ਉਹੀ ਅਕਾਲ ਪੁਰਖ ਦਾ ਸਰੂਪ ਦਿੱਸਦਾ ਹੈ, ਸ੍ਰਿਸ਼ਟੀ ਦਾ ਜ਼ੱਰਾ ਜ਼ੱਰਾ ਅਕਾਲ ਪੁਰਖ ਦਾ ਸਰੂਪ ਹੈ। ਕਰਤਾਰ ਦੀ ਬਣਾਈ ਗਈ ਕੁਦਰਤ ਸਬੰਧੀ ਪੂਰਨ ਵੀਚਾਰ ਮਨੁੱਖ ਦੀ ਸਮਰੱਥਾ ਤੋਂ ਬਾਹਰ ਹੈ। ਅਕਾਲ ਪੁਰਖ ਦੇ ਮੁਕਾਬਲੇ ਮਨੁੱਖ ਦੀ ਹਸਤੀ ਇਕ ਤੁੱਛ ਦੇ ਬਰਾਬਰ ਹੈ। ਅਕਾਲ ਪੁਰਖੁ ਸਦਾ-ਥਿਰ ਰਹਿਣ ਵਾਲਾ ਹੈ, ਜੋ ਉਸ ਨੂੰ ਚੰਗਾ ਲੱਗਦਾ ਹੈ, ਉਹੀ ਕੰਮ ਭਲਾ ਹੈ, ਭਾਵ, ਉਸ ਦੀ ਰਜ਼ਾ ਵਿਚ ਰਹਿਣਾ ਹੀ ਅਸਾਂ ਜੀਵਾਂ ਲਈ ਭਲੀ ਗੱਲ ਹੈ। ਕਿਤਨੀਆਂ ਧਰਤੀਆਂ ਤੇ ਕਿਤਨੇ ਕੁ ਜੀਵ ਅਕਾਲ ਪੁਰਖ ਨੇ ਰਚੇ ਹਨ? ਮਨੁੱਖਾਂ ਦੀ ਕਿਸੇ ਬੋਲੀ ਵਿਚ ਕੋਈ ਐਸਾ ਲਫ਼ਜ਼ ਨਹੀਂ ਜੋ ਇਹ ਲੇਖਾ ਦੱਸ ਸਕੇ। ਬੋਲੀ ਵੀ ਅਕਾਲ ਪੁਰਖੁ ਵਲੋਂ ਇਕ ਦਾਤ ਮਿਲੀ ਹੈ, ਪਰ ਇਹ ਮਿਲੀ ਹੈ, ਸਿਫ਼ਤਿ-ਸਾਲਾਹ ਕਰਨ ਲਈ। ਇਹ ਨਹੀਂ ਹੋ ਸਕਦਾ ਕਿ ਇਸ ਰਾਹੀਂ ਮਨੁੱਖ ਅਕਾਲ ਪੁਰਖੁ ਦਾ ਅੰਤ ਪਾ ਸਕੇ। ਬੇਅੰਤ ਹੈ ਉਸ ਦੀ ਕੁਦਰਤ ਤੇ ਇਸ ਵਿਚ ਜਿਧਰ ਤੱਕੋ, ਉਹ ਆਪ ਹੀ ਆਪ ਮੌਜੂਦ ਹੈ। ਕੌਣ ਅੰਦਾਜ਼ਾ ਲਾ ਸਕਦਾ ਹੈ ਕਿ ਉਹ ਕੇਡਾ ਵੱਡਾ ਹੈ ਤੇ ਉਸ ਦੀ ਰਚਨਾ ਕਿਤਨੀ ਕੁ ਹੈ।

***ਅਸੰਖ ਨਾਵ ਅਸੰਖ ਥਾਵ ॥ ਅਗੰਮ ਅਗੰਮ ਅਸੰਖ ਲੋਅ ॥ ਅਸੰਖ ਕਹਹਿ ਸਿਰਿ ਭਾਰੁ ਹੋਇ ॥ ਅਖਰੀ ਨਾਮੁ ਅਖਰੀ ਸਾਲਾਹ ॥ ਅਖਰੀ ਗਿਆਨੁ ਗੀਤ ਗੁਣ ਗਾਹ ॥ ਅਖਰੀ ਲਿਖਣੁ ਬੋਲਣੁ ਬਾਣਿ ॥ ਅਖਰਾ ਸਿਰਿ ਸੰਜੋਗੁ ਵਖਾਣਿ ॥ ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ ॥ ਜਿਵ ਫੁਰਮਾਏ ਤਿਵ ਤਿਵ ਪਾਹਿ ॥ ਜੇਤਾ ਕੀਤਾ ਤੇਤਾ ਨਾਉ ॥ ਵਿਣੁ ਨਾਵੈ ਨਾਹੀ ਕੋ ਥਾਉ ॥ ਕੁਦਰਤਿ ਕਵਣ ਕਹਾ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥੧੯॥ (੪)***

ਪਾਤਾਲਾਂ ਦੇ ਹੇਠ ਹੋਰ ਲੱਖਾਂ ਪਾਤਾਲ ਹਨ ਅਤੇ ਆਕਾਸ਼ਾਂ ਦੇ ਉੱਤੇ ਹੋਰ ਲੱਖਾਂ ਆਕਾਸ਼ ਹਨ, ਬੇਅੰਤ ਰਿਸ਼ੀ ਮੁਨੀ ਇਨ੍ਹਾਂ ਦੇ ਅਖ਼ੀਰਲੇ ਬੰਨਿਆਂ ਦੀ ਭਾਲ ਕਰਕੇ ਥੱਕ ਗਏ ਹਨ, ਪਰ ਲੱਭ ਨਹੀਂ ਸਕੇ। ਹਿੰਦੂ ਮਤ ਅਨੁਸਾਰ ੭ ਪਾਤਾਲ ਤੇ ੭ ਆਗਾਸ ਹਨ,

ਭਾਵ ਕੁਲ ੧੪ ਹਨ। ਮੁਸਲਮਾਨ ਤੇ ਈਸਾਈ ਆਦਿਕ ਦੀਆਂ ਚਾਰੇ ਕਤੇਬਾਂ ਆਖਦੀਆਂ ਹਨ, ਕਿ ਕੁੱਲ ਅਠਾਰਹ ਹਜ਼ਾਰ ਆਲਮ ਹਨ, ਜਿਨ੍ਹਾਂ ਦਾ ਮੁੱਢ ਇਕ ਅਕਾਲ ਪੁਰਖ ਹੈ। ਪਰ ਸੱਚੀ ਗੱਲ ਤਾਂ ਇਹ ਹੈ ਕਿ ਸ਼ਬਦ 'ਹਜ਼ਾਰਾਂ' ਤੇ 'ਲੱਖਾਂ' ਵੀ ਕੁਦਰਤ ਦੀ ਗਿਣਤੀ ਵਿਚ ਵਰਤੇ ਨਹੀਂ ਜਾ ਸਕਦੇ, ਅਕਾਲ ਪੁਰਖ ਦੀ ਕੁਦਰਤ ਦਾ ਲੇਖਾ ਤਦੋਂ ਹੀ ਲਿੱਖ ਸਕਦੇ ਹਾਂ, ਜੇ ਕਰ ਲੇਖਾ ਹੋ ਸਕੇ। ਲੇਖਾ ਕਰਦਿਆਂ ਕਰਦਿਆਂ ਗਿਣਤੀ ਦੇ ਹਿੰਦਸੇ ਹੀ ਮੁੱਕ ਜਾਂਦੇ ਹਨ, ਪਰ ਇਹ ਲੇਖਾ ਪੂਰਾ ਨਹੀਂ ਹੋ ਸਕਦਾ। ਜਿਸ ਅਕਾਲ ਪੁਰਖ ਨੂੰ ਸਾਰੇ ਜਗਤ ਵਿਚ ਵੱਡਾ ਆਖਿਆ ਜਾ ਰਿਹਾ ਹੈ, ਉਹ ਆਪ ਹੀ ਆਪਣੇ ਆਪ ਨੂੰ ਜਾਣਦਾ ਹੈ, ਉਹ ਆਪਣੀ ਵਡਿਆਈ ਆਪ ਹੀ ਜਾਣਦਾ ਹੈ। ਸਿੱਖ ਮਤ ਅਨੁਸਾਰ ਕੁਦਰਤ ਬੇਅੰਤ ਹੈ ਤੇ ਉਸ ਦੀ ਗਿਣਤੀ ਨਹੀਂ ਹੋ ਸਕਦੀ ਹੈ, ਭਾਵ ਅਣਗਿਣਤ ਹੈ, (*ਅਸੰਖ= ਜਿਸ ਦੀ ਸੰਖਿਆ ਨਾ ਹੋ ਸਕੇ, ਮਿਣਤੀ ਨਾ ਹੋ ਸਕੇ*)। ਅੱਜਕਲ ਦੀਆਂ ਵੱਡੀਆਂ ਵੱਡੀਆਂ ਦੂਰਬੀਨਾਂ ਸਾਬਤ ਕਰ ਰਹੀਆਂ ਹਨ, ਕਿ ਅਨੇਕਾਂ ਹੀ ਤਾਰੇ ਤੇ ਗਲੈਕਸੀਆਂ ਹਨ। ਗੁਰੂ ਸਾਹਿਬ ਨੇ ਬਿਨਾ ਦੂਰਬੀਨ ਦੇ ੫੦੦ ਸਾਲ ਪਹਿਲਾਂ ਇਹ ਸਭ ਕੁਝ ਸਮਝਾ ਦਿੱਤਾ ਸੀ।

***ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥ ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥ ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥ ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥ ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥੨੨॥ (੫)***

ਅਕਾਲ ਪੁਰਖ ਦੇ ਗੁਣਾਂ ਦਾ ਕੋਈ ਹੱਦ-ਬੰਨਾ ਨਹੀਂ, ਗਿਣਨ ਨਾਲ ਵੀ ਗੁਣਾਂ ਦਾ ਅੰਤ ਨਹੀਂ ਪਾ ਸਕਦੇ, ਭਾਵ ਗਿਣੇ ਨਹੀਂ ਜਾ ਸਕਦੇ। ਅਕਾਲ ਪੁਰਖ ਦੀ ਰਚਨਾ ਤੇ ਦਾਤਾਂ ਦਾ ਅੰਤ ਨਹੀਂ ਪਾ ਸਕਦੇ। ਵੇਖਣ ਤੇ ਸੁਣਨ ਨਾਲ ਵੀ ਉਸ ਦੇ ਗੁਣਾਂ ਦਾ ਅੰਤ ਨਹੀਂ ਪਾ ਸਕਦੇ। ਉਸ ਅਕਾਲ ਪੁਰਖ ਦੇ ਮਨ ਵਿਚ ਕਿਹੜੀ ਸਲਾਹ ਹੈ, ਇਸ ਗੱਲ ਦਾ ਵੀ ਅੰਤ ਨਹੀਂ ਪਾਇਆ ਜਾ ਸਕਦਾ। ਇਹ ਜਗਤ ਜੋ ਸਾਨੂੰ ਦਿੱਸ ਰਿਹਾ ਹੈ, ਉਹ ਸਭ ਅਕਾਲ ਪੁਰਖ ਨੇ ਬਣਾਇਆ ਹੈ, ਪਰ ਇਸ ਦਾ ਅਖ਼ੀਰ, ਇਸ ਦਾ ਉਰਲਾ ਤੇ ਪਰਲਾ ਬੰਨਾ ਕੋਈ ਨਹੀਂ ਦਿੱਸਦਾ। ਕਈ ਮਨੁੱਖ ਅਕਾਲ ਪੁਰਖ ਦਾ ਹੱਦ-ਬੰਨਾ ਲੱਭਣ ਲਈ ਤਰਲੈ ਲੈ ਰਹੇ ਸਨ, ਪਰ ਉਸ ਦੇ ਹੱਦ-ਬੰਨੇ ਲੱਭੇ ਨਹੀਂ ਜਾ ਸਕਦੇ। ਅਕਾਲ ਪੁਰਖ ਦੇ ਗੁਣਾਂ ਦਾ ਇਹ ਹੱਦ-ਬੰਨਾ ਜਿਸ ਦੀ ਬੇਅੰਤ ਜੀਵ ਭਾਲ ਕਰ ਰਹੇ ਹਨ, ਕੋਈ ਮਨੁੱਖ ਨਹੀਂ ਪਾ ਸਕਦਾ। ਅੱਜਕਲ ਹੁਣ ਸਇੰਸ ਦੀਆਂ ਖੋਜਾਂ ਨਾਲ ਵੀ ਸਮਝ ਆ ਰਹੀ ਹੈ, ਕਿ ਅੰਤ ਨਹੀਂ ਪਾਇਆ ਜਾ ਸਕਦਾ ਹੈ। ਜਿਉਂ ਜਿਉਂ ਇਹ ਗੱਲ ਆਖੀ ਜਾਵੀਏ ਕਿ ਉਹ ਵੱਡਾ ਹੈ, ਤਿਉਂ ਤਿਉਂ ਉਹ ਹੋਰ ਵੱਡਾ, ਹੋਰ ਵੱਡਾ ਪਰਤੀਤ ਹੋਣ ਲੱਗ ਪੈਂਦਾ ਹੈ। ਅਕਾਲ ਪੁਰਖੁ ਵੱਡਾ ਹੈ, ਉਸ ਦਾ ਟਿਕਾਣਾ ਉੱਚਾ ਹੈ। ਉਸ ਦਾ ਨਾਮਣਾ ਵੀ ਉੱਚਾ ਹੈ। ਜਿਸ ਤਰ੍ਹਾਂ ਕਿਸੇ ਚੀਜ ਨੂੰ ਮਾਪਣ ਲਈ ਉਸ ਤੋਂ ਵੱਡੀ ਸਕੇਲ ਲੈਣੀ ਪੈਦੀ ਹੈ, ਇਸੇ ਤਰ੍ਹਾਂ ਉਸ ਉੱਚੇ ਅਕਾਲ ਪੁਰਖ ਨੂੰ ਉਹ ਹੀ ਸਮਝ ਸਕਦਾ ਹੈ, ਜਿਹੜਾ ਉਸ ਜਿਨ੍ਹਾਂ ਵੱਡਾ ਹੋਵੇ। ਇਸ ਲਈ ਇਹ ਪਤਾ ਨਹੀਂ ਲਗ ਸਕਦਾ ਹੈ ਕਿ ਉਹ ਕੇਡਾ ਵੱਡਾ ਹੈ। ਅਕਾਲ ਪੁਰਖ ਆਪ ਹੀ ਜਾਣਦਾ ਹੈ, ਕਿ ਉਹ ਆਪ ਕੇਡਾ ਵੱਡਾ ਹੈ। ਹਰੇਕ ਦਾਤ ਮਿਹਰ ਦੀ ਨਜ਼ਰ ਕਰਨ ਵਾਲੇ ਅਕਾਲ ਪੁਰਖੁ ਦੀ ਬਖ਼ਸ਼ਸ਼ ਨਾਲ ਮਿਲਦੀ ਹੈ।

***ਅੰਤੁ ਨ ਸਿਫਤੀ ਕਹਣਿ ਨ ਅੰਤੁ ॥ ਅੰਤੁ ਨ ਕਰਣੈ ਦੇਣਿ ਨ ਅੰਤੁ ॥ ਅੰਤੁ ਨ ਵੇਖਣਿ ਸੁਣਣਿ ਨ ਅੰਤੁ ॥ ਅੰਤੁ ਨ ਜਾਪੈ ਕਿਆ ਮਨਿ ਮੰਤੁ ॥ ਅੰਤੁ ਨ ਜਾਪੈ ਕੀਤਾ ਆਕਾਰੁ ॥ ਅੰਤੁ ਨ ਜਾਪੈ ਪਾਰਾਵਾਰੁ ॥ ਅੰਤ ਕਾਰਣਿ ਕੇਤੇ ਬਿਲਲਾਹਿ ॥ ਤਾ ਕੇ ਅੰਤ ਨ ਪਾਏ ਜਾਹਿ ॥ ਏਹੁ ਅੰਤੁ ਨ ਜਾਣੈ ਕੋਇ ॥ ਬਹੁਤਾ ਕਹੀਐ ਬਹੁਤਾ ਹੋਇ ॥ ਵਡਾ ਸਾਹਿਬੁ ਊਚਾ ਥਾਉ ॥ ਊਚੇ ਉਪਰਿ ਊਚਾ ਨਾਉ ॥ ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ ॥ ਜੇਵਡੁ ਆਪਿ ਜਾਣੈ ਆਪਿ ਆਪਿ ॥ ਨਾਨਕ ਨਦਰੀ ਕਰਮੀ ਦਾਤਿ ॥੨੪॥ (੫)***

ਅਕਾਲ ਪੁਰਖ ਦੀ ਰਚਨਾ ਵਿਚ ਕਈ ਪ੍ਰਕਾਰ ਦੇ ਪਉਣ, ਪਾਣੀ ਤੇ ਅਗਨੀਆਂ ਹਨ, ਕਈ ਕ੍ਰਿਸ਼ਨ ਹਨ ਤੇ ਕਈ ਸ਼ਿਵ ਹਨ। ਕਈ ਬ੍ਰਹਮਾ ਪੈਦਾ ਕੀਤੇ ਜਾ ਰਹੇ ਹਨ, ਜਿਨ੍ਹਾਂ ਦੇ ਕਈ ਰੂਪ, ਕਈ ਰੰਗ ਤੇ ਕਈ ਵੇਸ ਹਨ। ਅਕਾਲ ਪੁਰਖ ਦੀ ਕੁਦਰਤ ਵਿਚ ਬੇਅੰਤ ਧਰਤੀਆਂ ਹਨ, ਬੇਅੰਤ ਮੇਰੂ ਪਰਬਤ, ਬੇਅੰਤ ਧ੍ਰੂ ਭਗਤ ਤੇ ਉਹਨਾਂ ਦੇ ਉਪਦੇਸ਼ ਹਨ। ਬੇਅੰਤ ਇੰਦਰ ਦੇਵਤੇ, ਚੰਦ੍ਰਮਾ, ਬੇਅੰਤ ਸੂਰਜ ਅਤੇ ਬੇਅੰਤ ਭਵਨ ਹਨ। ਬੇਅੰਤ ਸਿੱਧ ਹਨ, ਬੇਅੰਤ ਬੁਧ ਅਵਤਾਰ ਹਨ, ਬੇਅੰਤ ਨਾਥ ਹਨ ਅਤੇ ਬੇਅੰਤ ਦੇਵੀਆਂ ਦੇ ਪਹਿਰਾਵੇ ਹਨ। ਬੇਅੰਤ ਦੇਵਤੇ ਅਤੇ ਦੈਂਤ ਹਨ, ਬੇਅੰਤ ਮੁਨੀ ਹਨ, ਬੇਅੰਤ ਪਰਕਾਰ ਦੇ ਰਤਨ ਤੇ ਰਤਨਾਂ ਦੇ ਸਮੁੰਦਰ ਹਨ। **ਆਮ ਰਵਾਇਤਾ ਅਨੁਸਾਰ ਭਾਂਵੇਂ ੪ ਖਾਣੀਆਂ ਹਨ, ਪਰ ਗੁਰਬਾਣੀ ਅਨੁਸਾਰ ਬੇਅੰਤ ਖਾਣੀਆਂ ਹਨ**, ਜੀਵਾਂ ਦੀਆਂ ਬੇਅੰਤ ਬੋਲੀਆਂ ਹਨ, ਬੇਅੰਤ ਪਾਤਸ਼ਾਹ ਤੇ ਰਾਜੇ ਹਨ, ਬੇਅੰਤ ਪਰਕਾਰ ਦੇ ਧਿਆਨ ਹਨ, ਜੋ ਜੀਵ ਮਨ ਦੁਆਰਾ ਲਾਉਂਦੇ ਹਨ, ਬੇਅੰਤ ਸੇਵਕ ਹਨ। ਇਸ ਦਾ ਕੋਈ ਅੰਤ ਨਹੀਂ ਪੈ ਸਕਦਾ।

***ਧਰਮ ਖੰਡ ਕਾ ਏਹੋ ਧਰਮੁ ॥ ਗਿਆਨ ਖੰਡ ਕਾ ਆਖਹੁ ਕਰਮੁ ॥ ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ ॥ ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥ ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ ॥ ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥ ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ ॥ ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ ॥ ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ॥ ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥੩੫॥ (੭)***

ਸਾਇੰਸ ਬਹੁਤ ਸਾਰੇ ਜੰਤਰਾਂ ਤੇ ਤਜਰਬਿਆਂ ਨਾਲ ਹੁਣ ਸਮਝ ਰਹੀ ਹੈ, ਕਿ ਕੁਦਰਤ ਦਾ ਕੋਈ ਅੰਤ ਨਹੀਂ ਹੈ, ਪਰੰਤੂ ਗੁਰੂ ਨਾਨਕ ਸਾਹਿਬ ਨੇ ਇਸ ਬਾਰੇ ਜਪੁਜੀ ਸਾਹਿਬ ਵਿਚ ੫੦੦ ਸਾਲ ਪਹਿਲਾਂ ਹੀ ਸਮਝਾ ਦਿਤਾ ਸੀ, ਕਿ ਅਕਾਲ ਪੁਰਖੁ ਦੀ ਰਚਨਾ ਬੇਅੰਤ ਹੈ। ਗੁਰੂ ਸਾਹਿਬ ਨੇ ਬਿਨਾ ਦੂਰਬੀਨ ਦੇ ਕਈ ਸਾਲ ਪਹਿਲਾਂ ਲਿੱਖ ਦਿਤਾ ਸੀ ਕਿ ਚੰਦ, ਸੂਰਜ, ਤਾਰੇ, ਧਰਤੀਆਂ ਅਣਗਿਣਤ ਹਨ। ਅੱਜ ਦੀ ਸਾਇੰਸ ਕੁਝ ਦਹਾਕੇ ਪਹਿਲਾਂ ਤੋਂ ਹੀ ਅਨੇਕਾਂ ਗੈਲੈਕਸੀਆਂ ਬਾਰੇ ਗੱਲ ਕਰ ਰਹੀ ਹੈ। ਗੁਰਬਾਣੀ ਵਿਚ ਅਨੇਕਾਂ ਹੀ ਹੋਰ ਸ਼ਬਦ ਪ੍ਰਮਾਣ ਦੇ ਤੌਰ ਤੇ ਮਿਲਦੇ ਹਨ, ਜਿਨ੍ਹਾਂ ਵਿਚ ਸਮਝਾਇਆ ਗਿਆ ਹੈ ਕਿ ਕੁਦਰਤ ਦਾ ਕੋਈ ਅੰਤ ਨਹੀਂ।

*ਕਈ ਕੋਟਿ ਸਿਧ ਜਤੀ ਜੋਗੀ ॥ ਕਈ ਕੋਟਿ ਰਾਜੇ ਰਸ ਭੋਗੀ ॥ ਕਈ ਕੋਟਿ ਪੰਖੀ ਸਰਪ ਉਪਾਏ ॥ ਕਈ ਕੋਟਿ ਪਾਥਰ ਬਿਰਖ ਨਿਪਜਾਏ ॥ **ਕਈ ਕੋਟਿ ਪਵਣ ਪਾਣੀ ਬੈਸੰਤਰ ॥ ਕਈ ਕੋਟਿ ਦੇਸ ਭੂ ਮੰਡਲ ॥ ਕਈ ਕੋਟਿ ਸਸੀਅਰ ਸੂਰ ਨਖ੍ਯ੍ਯਤ੍ਰ ॥ ਕਈ ਕੋਟਿ ਦੇਵ ਦਾਨਵ ਇੰਦ੍ਰ ਸਿਰਿ ਛਤ੍ਰ ॥** ਸਗਲ ਸਮਗ੍ਰੀ ਅਪਨੈ ਸੂਤਿ ਧਾਰੈ ॥ ਨਾਨਕ ਜਿਸੁ ਜਿਸੁ ਭਾਵੈ ਤਿਸੁ ਤਿਸੁ ਨਿਸਤਾਰੈ ॥੩॥ (੨੭੫,੨੭੬)*

***ਕਈ ਕੋਟਿ ਖਾਣੀ ਅਰੁ ਖੰਡ ॥ ਕਈ ਕੋਟਿ ਅਕਾਸ ਬ੍ਰਹਮੰਡ ॥** ਕਈ ਕੋਟਿ ਹੋਏ ਅਵਤਾਰ ॥ ਕਈ ਜੁਗਤਿ ਕੀਨੋ ਬਿਸਥਾਰ ॥ ਕਈ ਬਾਰ ਪਸਰਿਓ ਪਾਸਾਰ ॥ ਸਦਾ ਸਦਾ ਇਕੁ ਏਕੰਕਾਰ ॥ **ਕਈ ਕੋਟਿ ਕੀਨੇ ਬਹੁ ਭਾਤਿ ॥ ਪ੍ਰਭ ਤੇ ਹੋਏ ਪ੍ਰਭ ਮਾਹਿ ਸਮਾਤਿ ॥ ਤਾ ਕਾ ਅੰਤੁ ਨ ਜਾਨੈ ਕੋਇ ॥ ਆਪੇ ਆਪਿ ਨਾਨਕ ਪ੍ਰਭੁ ਸੋਇ** ॥੭॥ (੨੭੫,੨੭੬)*

ਅਕਾਲ ਪੁਰਖ ਦੇ ਦਰ ਤੇ ਕ੍ਰੋੜਾਂ ਸੂਰਜ ਚਾਨਣ ਕਰ ਰਹੇ ਹਨ, ਉਸ ਦੇ ਦਰ ਤੇ ਕ੍ਰੋੜਾਂ ਸ਼ਿਵ ਜੀ ਤੇ ਕੈਲਾਸ਼ ਹਨ, ਅਤੇ ਕ੍ਰੋੜਾਂ ਹੀ ਬ੍ਰਹਮਾ ਉਸ ਦੇ ਦਰ ਤੇ ਵੇਦ ਉਚਾਰ ਰਹੇ ਹਨ। ਅਕਾਲ ਪੁਰਖ ਦੇ ਦਰ ਤੇ ਕ੍ਰੋੜਾਂ ਚੰਦ੍ਰਮੇ ਰੌਸ਼ਨੀ ਕਰਦੇ ਹਨ, ਉਸ ਦੇ ਦਰ ਤੋਂ ਅਨੇਕਾਂ ਤੇਤੀ ਕ੍ਰੋੜਾਂ ਦੇਵਤੇ ਭੋਜਨ ਛਕਦੇ ਹਨ, ਕ੍ਰੋੜਾਂ ਹੀ ਨੌਂ ਗ੍ਰਹਿ ਉਸ ਦੇ ਦਰਬਾਰ ਵਿਚ ਖਲੋਤੇ ਹੋਏ ਹਨ, ਅਤੇ ਕ੍ਰੋੜਾਂ ਹੀ ਧਰਮ-ਰਾਜ ਦੇ ਦਰਬਾਨ ਹਨ। ਕ੍ਰੋੜਾਂ ਹਵਾਵਾਂ ਚੱਲਦੀਆਂ ਹਨ, ਕ੍ਰੋੜਾਂ ਸ਼ੇਸ਼ਨਾਗ ਉਸ ਦੀ ਸੇਜ ਵਿਛਾਉਂਦੇ ਹਨ, ਕ੍ਰੋੜਾਂ ਸਮੁੰਦਰ ਉਸ ਦੇ ਪਾਣੀ ਭਰਨ ਵਾਲੇ ਹਨ, ਅਤੇ ਕ੍ਰੋੜਾਂ ਹੀ ਬਨਸਪਤੀ ਹੈ ਜੋ ਕਿ ਮਾਨੋ ਉਸ ਦੇ ਜਿਸਮ ਦੇ ਰੋਮ ਹਨ। ਕ੍ਰੋੜਾਂ ਹੀ ਕੁਬੇਰ ਦੇਵਤੇ ਉਸ ਦੇ ਖ਼ਜਾਨੇ ਭਰਦੇ ਹਨ, ਕ੍ਰੋੜਾਂ ਹੀ ਲਛਮੀਆਂ ਸ਼ਿੰਗਾਰ ਕਰ ਰਹੀਆਂ ਹਨ, ਕ੍ਰੋੜਾਂ ਹੀ ਪਾਪ ਤੇ ਪੁੰਨ ਹੋ ਰਹੇ ਹਨ, ਕ੍ਰੋੜਾਂ ਹੀ ਇੰਦਰ ਦੇਵਤੇ ਉਸ ਦੇ ਦਰ ਤੇ ਸੇਵਾ ਕਰ ਰਹੇ ਹਨ। ਛਪਿੰਜਾ ਕਰੋੜ, ਭਾਵ ਅਨੇਕਾਂ ਬੱਦਲ ਉਸ ਦੇ ਦਰਬਾਨ ਹਨ, ਜੋ ਥਾਂ ਥਾਂ ਤੇ ਚਮਕ ਰਹੇ ਹਨ, ਕ੍ਰੋੜਾਂ ਸ਼ਕਤੀਆਂ ਖੇਡਾਂ ਕਰ ਰਹੀਆਂ ਹਨ, ਤੇ ਕ੍ਰੋੜਾਂ ਹੀ ਕਾਲਕਾ ਕੇਸ ਖੋਲ੍ਹ ਕੇ ਡਰਾਉਣਾ ਰੂਪ ਧਾਰ ਕੇ ਉਸ ਦੇ ਦਰ ਤੇ ਮੌਜੂਦ ਹਨ। ਕ੍ਰੋੜਾਂ ਜੱਗ ਹੋ ਰਹੇ ਹਨ, ਤੇ ਕ੍ਰੋੜਾਂ ਗੰਧਰਬ ਜੈ-ਜੈਕਾਰ ਗਾ ਰਹੇ ਹਨ, ਕ੍ਰੋੜਾਂ ਹੀ ਲੋਕ ਆਪਣੀ ਵਿੱਦਿਆ ਦੁਆਰਾ, ਉਸ ਦੇ ਬੇਅੰਤ ਗੁਣ ਬਿਆਨ ਕਰ ਰਹੇ ਹਨ, ਪਰ ਫਿਰ ਵੀ ਅਕਾਲ ਪੁਰਖੁ ਦੇ ਗੁਣਾਂ ਦਾ ਅੰਤ ਨਹੀਂ ਪਾ ਸਕਦੇ।

***ਕੋਟਿ ਚੰਦ੍ਰਮੇ ਕਰਹਿ ਚਰਾਕ ॥ ਸੁਰ ਤੇਤੀਸਉ ਜੇਵਹਿ ਪਾਕ ॥ ਨਵ ਗ੍ਰਹ ਕੋਟਿ ਠਾਢੇ ਦਰਬਾਰ ॥ ਧਰਮ ਕੋਟਿ ਜਾ ਕੈ ਪ੍ਰਤਿਹਾਰ ॥੨॥ ਪਵਨ ਕੋਟਿ ਚਉਬਾਰੇ ਫਿਰਹਿ ॥ ਬਾਸਕ ਕੋਟਿ ਸੇਜ ਬਿਸਥਰਹਿ ॥ ਸਮੁੰਦ ਕੋਟਿ ਜਾ ਕੇ ਪਾਨੀਹਾਰ ॥ ਰੋਮਾਵਲਿ ਕੋਟਿ ਅਠਾਰਹ ਭਾਰ ॥੩॥ (੧੧੬੨, ੧੧੬੩)***

***ਅਨਿਕ ਪਵਨ ਪਾਵਕ ਅਰੁ ਨੀਰ ॥ ਅਨਿਕ ਰਤਨ ਸਾਗਰ ਦਧਿ ਖੀਰ ॥ ਅਨਿਕ ਸੂਰ ਸਸੀਅਰ ਨਖਿਆਤਿ ॥ ਅਨਿਕ ਦੇਵੀ ਦੇਵਾ ਬਹੁ ਭਾਂਤਿ ॥੪॥ ਅਨਿਕ ਬਸੁਧਾ ਅਨਿਕ ਕਾਮਧੇਨ ॥ ਅਨਿਕ ਪਾਰਜਾਤ ਅਨਿਕ ਮੁਖਿ ਬੇਨ ॥ ਅਨਿਕ ਅਕਾਸ ਅਨਿਕ ਪਾਤਾਲ ॥ ਅਨਿਕ ਮੁਖੀ ਜਪੀਐ ਗੋਪਾਲ ॥੫॥ (੧੨੩੬)***

***ਪਉੜੀ ॥ ਖੰਡ ਪਤਾਲ ਅਸੰਖ ਮੈ ਗਣਤ ਨ ਹੋਈ ॥ ਤੂ ਕਰਤਾ ਗੋਵਿੰਦੁ ਤੁਧੁ ਸਿਰਜੀ ਤੁਧੈ ਗੋਈ ॥ ਲਖ ਚਉਰਾਸੀਹ ਮੇਦਨੀ ਤੁਝ ਹੀ ਤੇ ਹੋਈ ॥ (੧੨੮੩)***

ਅੰਤ ਵਿਚ ਅਸੀਂ ਕਹਿ ਸਕਦੇ ਹਾਂ, ਕਿ ਜਿਸ ਅਕਾਲ ਪੁਰਖੁ ਦਾ ਇਹ ਜਗਤ ਹੈ, ਉਹ ਆਪ ਇਸ ਨੂੰ ਬਨਾਉਣ ਵਾਲਾ ਹੈ, ਤੇ ਆਪ ਹੀ ਇਸ ਜਗਤ ਦਾ ਖ਼ਿਆਲ ਰੱਖਣ ਵਾਲਾ ਹੈ। ਕਰਤੇ ਦੀ ਵਿਸ਼ਾਲ ਰਚਨਾ ਨੂੰ ਕੋਈ ਹੋਰ ਪੂਰੀ ਤਰ੍ਹਾਂ ਨਹੀਂ ਸਮਝ ਸਕਦਾ ਤੇ ਨਾ ਹੀ ਅਕਾਲ ਪੁਰਖੁ ਦਾ ਪੈਦਾ ਕੀਤਾ ਹੋਇਆ ਮਨੁੱਖ ਉਸ ਬਾਰੇ ਅੰਦਾਜ਼ਾ ਲਗਾ ਸਕਦਾ ਹੈ। ਜੋ ਕੁਝ ਉਸ ਅਕਾਲ ਪੁਰਖੁ ਨੂੰ ਭਾਉਂਦਾ ਹੈ, ਉਹੀ ਇਸ ਜਗਤ ਵਿਚ ਹੋ ਰਿਹਾ ਹੈ।

***ਜਿਸ ਕੀ ਸ੍ਰਿਸਟਿ ਸੁ ਕਰਣੈਹਾਰੁ ॥ ਅਵਰ ਨ ਬੂਝਿ ਕਰਤ ਬੀਚਾਰੁ ॥ ਕਰਤੇ ਕੀ ਮਿਤਿ ਨ ਜਾਨੈ ਕੀਆ ॥ ਨਾਨਕ ਜੋ ਤਿਸੁ ਭਾਵੈ ਸੋ ਵਰਤੀਆ ॥੭॥ (੨੮੪,੨੮੫)***

ਜੇ ਕਰ ਉਪਰ ਲਿਖੀਆਂ, ਗੁਰਬਾਣੀ ਦੀਆਂ ਸਿਖਿਆਵਾਂ, ਨੂੰ ਇਕੱਠਾ ਕਰੀਏ ਤਾਂ ਅਸੀਂ ਨਿਸਚੇ ਨਾਲ ਸਮਝ ਸਕਦੇ ਹਾਂ ਕਿ ਗੁਰੂ ਸਾਹਿਬਾਂ ਨੇ ੫੦੦ ਸਾਲ ਪਹਿਲਾਂ ਹੀ ਲਿਖ ਦਿਤਾ ਸੀ, ਕਿ ਅਕਾਲ ਪੁਰਖ ਦੀ ਰਚਨਾਂ ਬੇਅੰਤ ਹੈ। ਕਰਤੇ ਦੀ ਵਿਸ਼ਾਲਤਾ ਸਬੰਧੀ ਮਨੁੱਖ ਆਪਣੀ ਸਮਝ ਤੇ ਸਾਇੰਸ ਦੀਆਂ ਖੋਜਾਂ ਨਾਲ ਹੌਲੀ ਹੌਲੀ ਆਪਣੀ ਅਗਿਆਨਤਾ ਦਾ ਅੰਧੇਰਾ ਦੂਰ ਕਰ ਰਿਹਾ ਹੈ। ਇਸ ਕਈ ਹਰੇਕ ਸਿੱਖ ਦਾ ਫਰਜ਼ ਬਣ ਜਾਂਦਾ ਹੈ, ਕਿ ਉਹ ਗੁਰਬਾਣੀ ਵਿਚ ਦਰਸਾਈਆਂ ਗਈਆਂ ਸਚਾਈਆਂ ਤੇ ਵਿਸ਼ਵਾਸ ਕਰੇ,

ਉਨ੍ਹਾਂ ਨੂੰ ਖੋਜੇ ਤੇ ਆਪਣਾ ਜੀਵਨ ਸਫਲ ਕਰਨ ਦੇ ਨਾਲ ਨਾਲ ਮਨੁੱਖਤਾ ਦਾ ਭਲਾ ਕਰੇ। ਜੇ ਕਰ ਸਮਾਂ ਨਾ ਸੰਭਾਲਿਆ, ਆਪਣੇ ਅੰਦਰ ਅਕਾਲ ਪੁਰਖ ਦੇ ਗੁਣ ਨਾ ਪੈਦਾ ਕੀਤੇ ਤਾਂ ਇਹ ਮਨੁੱਖਾ ਜਨਮ ਦੁਬਾਰਾ ਨਹੀਂ ਮਿਲਣਾ ਤੇ ਨਾ ਹੀ ਬੀਤ ਗਿਆ ਸਮਾਂ ਦੁਬਾਰਾ ਹੱਥ ਆਉਂਣਾਂ ਹੈ। ਸਾਇੰਸ ਦੀਆਂ ਖੋਜਾਂ ਨਾਲ ਪੂਰੀ ਸਚਾਈ ਤਕ ਪਹੁੰਚਣ ਲਈ ਅਨੇਕਾਂ ਸਾਲ ਲੱਗ ਸਕਦੇ ਹਨ, ਪਰੰਤੂ ਮਨੁੱਖਾ ਜੀਵਨ ਤਾਂ ਕੁਝ ਦਹਾਕਿਆਂ ਦਾ ਹੀ ਹੁੰਦਾ ਹੈ। ਇਸ ਲਈ ਫਾਇਦਾ ਇਸੇ ਵਿਚ ਹੈ, ਕਿ ਸਾਡੇ ਕੋਲ ਜੋ ਗੁਰਬਾਣੀ ਦਾ ਖ਼ਜਾਨਾ ਹੈ, ਉਸ ਨੂੰ ਸੰਭਾਲੀਏ ਤੇ ਵਰਤੀਏ, ਅਤੇ ਸਾਇੰਸ ਦੁਆਰਾ ਜੋ ਸਪਸ਼ਟੀਕਰਨ ਤੇ ਸਹੂਲਤਾਂ ਮਿਲ ਰਹੀਆਂ ਹਨ, ਉਨ੍ਹਾਂ ਦੀ ਸਹਾਇਤਾ ਨਾਲ ਗੁਰਬਾਣੀ ਦਾ ਸੰਦੇਸ਼ਾ ਪੂਰੀ ਦੁਨੀਆ ਤਕ ਪਹੁੰਚਾਈਏ। ਇਸ ਲਈ ਆਓ ਸਾਰੇ ਜਾਣੇ ਸਬਦ ਗੁਰੂ, ਗੁਰੂ ਗਰੰਥ ਸਾਹਿਬ ਵਿਚ ਅੰਕਿਤ ਸੱਚੀ ਬਾਣੀ ਨੂੰ ਪੜ੍ਹੀਏ, ਸੁਣੀਏ, ਸਮਝੀਏ, ਖੋਜੀਏ ਤੇ ਜੀਵਨ ਦੀ ਅਸਲੀਅਤ ਨੂੰ ਸਮਝੀਏ। ਗੁਰਬਾਣੀ ਨੂੰ ਆਪਣੇ ਜੀਵਨ ਦਾ ਆਧਾਰ ਬਣਾ ਕੇ ਸਬਦ ਗੁਰੂ ਦੁਆਰਾ ਆਪਣੇ ਅੰਦਰ ਚਾਨਣ ਪੈਦਾ ਕਰੀਏ ਅਤੇ ਪੂਰੀ ਦੁਨੀਆ ਵਿਚੋਂ ਅਗਿਆਨਤਾ ਦਾ ਅੰਧੇਰਾ ਦੂਰ ਕਰਨ ਲਈ ਉਪਰਾਲਾ ਕਰੀਏ।

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥ (੩੦੫-੩੦੬)*

**"ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ"**

# ਸ੍ਰਿਸ਼ਟੀ ਕਿਸ ਤਰ੍ਹਾਂ ਪੈਦਾ ਹੋਈ? (ਭਾਗ-੪)

## How was the universe created? (Part-4)

ਇਹ ਇਕ ਬਹੁਤ ਮੁਸ਼ਕਲ ਸਵਾਲ ਹੈ, ਕਿ ਇਹ ਸਾਰੀ ਸ੍ਰਿਸ਼ਟੀ ਕਿਸ ਤਰ੍ਹਾਂ ਪੈਦਾ ਹੋਈ? ਕੀ ਅਸੀਂ ਇਸ ਦਾ ਕਾਰਨ ਜਾਣ ਸਕਦੇ ਹਾਂ? ਅਸੀਂ ਇਸ ਵਾਸਤੇ ਅੰਦਾਜ਼ੇ ਲਗਾ ਸਕਦੇ ਹਾਂ। ਸਾਇੰਸ ਕਈ ਤਰ੍ਹਾਂ ਦੇ ਅੰਦਾਜ਼ੇ ਆਦਿ ਦੀਆਂ ਗੱਲਾਂ ਕਰ ਰਹੀ ਹੈ। ਜਿਸ ਤਰ੍ਹਾਂ ਕਿ ਬਿਗ ਬੈਂਗ ਥਿਉਰੀ (Big Bang Theory), ਬਲੈਕ ਹੋਲ ਤੋਂ ਬਣਨਾਂ ਆਦਿ। ਪਰੰਤੂ ਇਸ ਦੇ ਪਿਛੇ ਜੇ ਕਰ ਕੋਈ ਕਾਰਨ ਪੁਛਿਆ ਜਾਵੇ ਤਾਂ ਸਾਇੰਸ ਵੀ ਇਸ ਦਾ ਠੋਸ ਉੱਤਰ ਨਹੀਂ ਦੇ ਸਕਦੀ। ਇਹ ਬਲੈਕ ਹੋਲ ਕਿਸ ਤਰ੍ਹਾਂ ਤੇ ਕਿਉਂ ਬਣਿਆ, ਉਸ ਤੋਂ ਸਾਰੀ ਸ੍ਰਿਸ਼ਟੀ ਕਿਸ ਤਰ੍ਹਾਂ ਬਣ ਗਈ?

ਨਿਸਚਤ ਤੌਰ ਤੇ ਅਕਾਲ ਪੁਰਖੁ ਦਾ ਕੋਈ ਨਿਯਮ ਸੀ, ਜਿਸ ਨੇ ਅਨੇਕਾਂ ਖੰਡ ਬ੍ਰਹਿਮੰਡ ਪੈਦਾ ਕਰ ਦਿਤੇ। ਗੁਰੂ ਨਾਨਕ ਸਾਹਿਬ ਨੇ ਜਪੁਜੀ ਸਾਹਿਬ ਵਿਚ ਇਸ ਸ੍ਰਿਸ਼ਟੀ ਦੇ ਪੈਦਾ ਹੋਣ ਬਾਰੇ ਇਹੀ ਕਿਹਾ ਹੈ ਕਿ ਅਕਾਲ ਪੁਰਖ ਨੇ ਆਪਣੇ ਇਕੋ ਹੁਕਮੁ ਨਾਲ ਸਾਰਾ ਸੰਸਾਰ ਬਣਾ ਦਿੱਤਾ, ਉਸ ਦੇ ਹੁਕਮੁ ਨਾਲ ਹੀ ਜ਼ਿੰਦਗੀ ਦੇ ਲੱਖਾਂ ਦਰਿਆ ਬਣ ਗਏ।

***ਕੀਤਾ ਪਸਾਉ, ਏਕੋ ਕਵਾਉ ॥ ਤਿਸ ਤੇ ਹੋਏ ਲਖ ਦਰੀਆਉ ॥ (੩)***

"**ਕੀਤਾ ਪਸਾਉ ਏਕੋ ਕਵਾਉ ॥ ਤਿਸ ਤੇ ਹੋਏ ਲਖ ਦਰੀਆਉ** ॥" ਗੁਰਬਾਣੀ ਦੀ ਇਹ ਪੰਗਤੀ ਸਮਝਾਉਂਦੀ ਹੈ, ਕਿ ਏਕੋ ਕਵਾਉ, ਕੋਈ ਆਮ ਬਚਨ ਜਾਂ ਬੋਲ ਨਹੀਂ ਹੈ, ਬਲਕਿ ਕੋਈ ਸਿਸਟਮ, ਨਿਯਮ, ਜਾਂ ਕੋਈ ਅਸੂਲ ਹੈ। ਗੁਰਬਾਣੀ ਵਿਚ ਹੁਕਮੁ ਨੂੰ ਭੈ, ਡਰ, ਸ਼ਬਦ, ਆਦਿ ਨਾਲ ਵੀ ਵਰਤਿਆ ਗਿਆ ਹੈ। ਇਸ ਲਈ ਸ਼ਬਦ (ਹੁਕਮ) ਇਕ ਅੱਖਰ ਨਹੀਂ ਹੋ ਸਕਦਾ ਹੈ, ਉਸ ਵਿਚ ਵੀ ਅਨੇਕਤਾ ਹੈ, ਜਾਂ ਕੋਈ ਅਸੂਲ ਹੈ।

ਗੁਰੂ ਸਾਹਿਬ ਨੇ ਲੋਕਾਂ ਨੂੰ ਕਰਮ ਕਾਂਡਾਂ, ਭਰਮਾਂ ਤੇ ਵਹਿਮਾਂ ਵਿਚੋਂ ਕੱਢਣ ਲਈ, ਗੁਰਬਾਣੀ ਵਿਚ ਇਹ ਵੀ ਸਮਝਾ ਦਿੱਤਾ, ਕਿ ਇਸ ਜਗਤ ਦੀ ਰਚਨਾ ਕਿਸ ਤਰ੍ਹਾਂ ਹੋਈ? ਜਗਤ ਦੀ ਰਚਨਾ ਤੋਂ ਪਹਿਲਾਂ ਬੇਅੰਤ ਸਮਾਂ, ਜਿਸ ਦੀ ਗਿਣਤੀ ਦੇ ਵਾਸਤੇ ਅਰਬਦ ਨਰਬਦ ਲਫ਼ਜ਼ ਵੀ ਨਹੀਂ ਵਰਤੇ ਜਾ ਸਕਦੇ, ਐਸੀ ਘੁੱਪ ਹਨੇਰੇ ਦੀ ਹਾਲਤ ਸੀ, ਭਾਵ, ਅਜੇਹੀ ਹਾਲਤ ਸੀ, ਕਿ ਉਸ ਬਾਬਤ ਕੁਝ ਵੀ ਦੱਸਿਆ ਨਹੀਂ ਜਾ ਸਕਦਾ। ਇਹ ਸਭ ਕੁਝ ਜੋ ਅਸੀਂ ਅੱਜਕਲ ਆਸੇ ਪਾਸੇ ਵੇਖ ਰਹੇ ਹਾਂ, ਉਸ ਸਮੇਂ ਕੁਝ ਵੀ ਨਹੀਂ ਸੀ। ਨਾ ਧਰਤੀ ਸੀ, ਨਾ ਆਕਾਸ਼ ਸੀ ਤੇ ਨਾ ਹੀ ਕਿਤੇ ਬੇਅੰਤ ਅਕਾਲ ਪੁਰਖੁ ਦਾ ਹੁਕਮੁ ਚੱਲ ਰਿਹਾ ਸੀ। ਦਿਨ, ਰਾਤ, ਚੰਦ, ਸੂਰਜ ਆਦਿ ਕੁਝ ਵੀ ਨਹੀਂ ਸਨ। ਸਿਰਫ ਅਕਾਲ ਪੁਰਖੁ ਆਪਣੇ ਆਪ ਵਿਚ ਹੀ ਮਾਨੋ ਐਸੀ ਸਮਾਧੀ ਲਾਈ ਬੈਠਾ ਸੀ, ਜਿਸ ਵਿਚ ਕੋਈ ਕਿਸੇ ਕਿਸਮ ਦਾ ਫੁਰਨਾ ਨਹੀਂ ਸੀ। ਉਸ ਵੇਲੇ ਇਸ ਸੰਸਾਰ ਵਿਚ ਨਾ ਚਾਰ ਖਾਣੀਆਂ ਸਨ, ਨਾ ਜੀਵਾਂ ਦੀਆਂ ਬਾਣੀਆਂ ਸਨ, ਨਾ ਹਵਾ ਸੀ, ਨਾ ਪਾਣੀ, ਨਾ ਉਤਪੱਤੀ, ਨਾ ਪਰਲੌ, ਨਾ ਜੰਮਣ, ਤੇ ਨਾ ਹੀ ਮਰਨ ਸੀ। ਉਸ ਹਾਲਤ ਵਿਚ ਨਾ ਕੋਈ ਧਰਤੀ, ਨਾ ਧਰਤੀ ਦੇ ਨੌ ਖੰਡ, ਨਾ ਪਾਤਾਲ, ਨਾ ਸਤ ਸਮੁੰਦਰ, ਨਾ ਹੀ ਨਦੀਆਂ ਵਿਚ ਪਾਣੀ ਵਹਿ ਰਿਹਾ ਸੀ। ਉਸ ਸਮੇਂ ਨਾ ਸੁਰਗ-ਲੋਕ, ਨਾ ਮਾਤ-ਲੋਕ, ਨਾ ਪਤਾਲ, ਨਾ ਦੋਜ਼ਖ਼, ਨਾ ਬਹਿਸ਼ਤ, ਤੇ ਨਾ ਹੀ ਮੌਤ ਲਿਆਉਣ ਵਾਲਾ ਕੋਈ ਕਾਲ ਸੀ। ਉਸ ਵੇਲੇ ਨਾ ਸੁਰਗ, ਨਾ ਨਰਕ, ਨਾ ਕੋਈ ਜੰਮਦਾ ਸੀ ਤੇ ਨਾ ਹੀ ਕੋਈ ਮਰਦਾ ਸੀ। ਨਾ ਕੋਈ ਬ੍ਰਹਮਾ, ਨਾ ਵਿਸ਼ਨੂੰ, ਤੇ ਨਾ ਹੀ ਸ਼ਿਵ ਹੀ ਸੀ, ਸਿਰਫ ਇਕ ਅਕਾਲ ਪੁਰਖੁ ਹੀ ਸੀ, ਹੋਰ ਕੋਈ ਵਿਅਕਤੀ ਨਹੀਂ ਸੀ ਦਿਸਦਾ। ਨਾ ਕੋਈ ਇਸਤ੍ਰੀ, ਨਾ ਕੋਈ ਮਰਦ, ਨਾ ਕੋਈ ਜਾਤ, ਤੇ ਨਾ ਕਿਸੇ ਜਾਤ ਵਿਚ ਕੋਈ ਜਨਮ ਹੀ ਲੈਂਦਾ ਸੀ। ਨਾ ਕੋਈ ਦੁਖ ਭੋਗਣ ਵਾਲਾ ਜੀਵ, ਨਾ ਕੋਈ ਜਤੀ, ਨਾ ਕੋਈ ਸਤੀ ਤੇ ਨਾ ਕੋਈ ਤਿਆਗੀ ਸੀ। ਨਾ ਕੋਈ ਸਿੱਧ ਸਨ, ਨਾ ਸਾਧਿਕ ਸਨ ਤੇ ਨਾ ਹੀ ਕੋਈ ਗ੍ਰਿਹਸਤੀ ਸਨ। ਨਾ ਕੋਈ ਜੋਗੀਆਂ ਦਾ, ਤੇ ਨਾ ਕੋਈ ਜੰਗਮਾਂ ਦਾ ਭੇਖ ਸੀ, ਤੇ ਨਾ ਹੀ ਕੋਈ ਜੋਗੀਆਂ ਦਾ ਗੁਰੂ ਅਖਵਾਣ ਵਾਲਾ ਸੀ। ਨਾ ਕਿਤੇ ਜਪ ਹੋ ਰਹੇ ਸਨ, ਨਾ ਤਪ ਹੋ ਰਹੇ ਸਨ, ਨਾ ਕਿਤੇ ਸੰਜਮ ਸਾਧੇ ਜਾ ਰਹੇ ਸਨ, ਨਾ ਵਰਤ ਰੱਖੇ ਜਾ ਰਹੇ ਸਨ ਤੇ ਨਾ ਹੀ ਪੂਜਾ ਕੀਤੀ ਜਾ ਰਹੀ ਸੀ। ਕੋਈ ਐਸਾ ਜੀਵ ਨਹੀਂ ਸੀ, ਜੋ ਅਕਾਲ ਪੁਰਖੁ ਤੋਂ ਬਿਨਾ ਕਿਸੇ ਹੋਰ ਦਾ ਜ਼ਿਕਰ ਕਰ ਸਕਦਾ ਸਿਰਫ ਅਕਾਲ ਪੁਰਖੁ ਆਪ ਹੀ ਆਪਣੇ ਆਪ ਵਿਚ ਪਰਗਟ ਹੋ ਕੇ ਖ਼ੁਸ਼ ਹੋ ਰਿਹਾ ਸੀ ਤੇ ਆਪਣੇ ਵਡੱਪਣ ਦਾ ਮੁੱਲ ਆਪ ਹੀ ਪਾਉਂਦਾ ਸੀ।

ਨਾ ਕਿਤੇ ਸੁੱਚ ਰੱਖੀ ਜਾ ਰਹੀ ਸੀ, ਨਾ ਕਿਤੇ ਕੋਈ ਸੰਜਮ ਕੀਤਾ ਜਾ ਰਿਹਾ ਸੀ, ਨਾ ਹੀ ਕਿਤੇ ਤੁਲਸੀ ਦੀ ਮਾਲਾ ਸੀ, ਨਾ ਕਿਤੇ ਕੋਈ ਗੋਪੀ ਸੀ , ਨਾ ਕੋਈ ਕਾਨ੍ਹ ਸੀ, ਨਾ ਕੋਈ ਗਊ ਸੀ, ਨਾ ਗਊਆਂ ਦਾ ਰਾਖਾ ਸੀ। ਨਾ ਕੋਈ ਤੰਤ੍ਰ ਮੰਤ੍ਰ ਆਦਿਕ ਪਖੰਡ ਸਨ, ਨਾ ਕੋਈ ਬੰਸਰੀ ਵਜਾ ਰਿਹਾ ਸੀ , ਨਾ ਕਿਤੇ ਧਾਰਮਿਕ ਕਰਮ-ਕਾਂਡ ਸਨ, ਨਾ ਕਿਤੇ ਮਿੱਠੀ ਮਾਇਆ ਸੀ। ਨਾ ਕਿਤੇ ਕੋਈ ਉੱਚੀ ਨੀਵੀਂ ਜਾਤ ਸੀ, ਤੇ ਨਾ ਹੀ ਕਿਸੇ ਜਾਤ ਵਿਚ ਕੋਈ ਜਨਮ ਲੈਂਦਾ ਅੱਖੀਂ ਦਿੱਸਦਾ ਸੀ , ਨਾ ਕਿਤੇ ਮਾਇਆ ਦੀ ਮਮਤਾ ਦਾ ਜਾਲ ਸੀ, ਨਾ ਕਿਤੇ ਕਿਸੇ ਦੇ ਸਿਰ ਉਤੇ ਕਾਲ ਕੂਕਦਾ ਸੀ। ਨਾ ਕੋਈ ਜੀਵ ਕਿਸੇ ਦਾ ਸਿਮਰਨ-ਧਿਆਨ ਧਰਦਾ ਸੀ , ਨਾ ਕਿਤੇ ਨਿੰਦਿਆ ਸੀ, ਨਾ ਕਿਸੇ ਦੀ ਖ਼ੁਸ਼ਾਮਦ ਸੀ, ਨਾ ਕੋਈ ਜੀਵਾਤਮਾ ਸੀ, ਨਾ ਕੋਈ ਜਿੰਦ ਸੀ। ਨਾ ਗੋਰਖ ਸੀ, ਨਾ ਮਾਛਿੰਦ੍ਰ ਨਾਥ ਸੀ, ਨਾ

ਕਿਤੇ ਧਾਰਮਿਕ ਪੁਸਤਕਾਂ ਦੀ ਗਿਆਨ-ਚਰਚਾ ਸੀ, ਨਾ ਕਿਤੇ ਸਮਾਧੀ-ਇਸਥਿਤ ਧਿਆਨ ਸੀ, ਨਾ ਕਿਤੇ ਕੁਲਾਂ ਦੀ ਉਤਪੱਤੀ ਸੀ, ਤੇ ਨਾ ਹੀ ਕੋਈ ਚੰਗੀ ਕੁਲ ਵਿਚ ਜੰਮਣ ਦਾ ਮਾਣ ਕਰਦਾ ਸੀ, ਨਾ ਕੋਈ ਬ੍ਰਾਹਮਣ ਖੱਤ੍ਰੀ ਆਦਿਕ ਵਰਨ ਸਨ, ਨਾ ਕਿਤੇ ਜੋਗੀ ਜੰਗਮ ਆਦਿਕ ਭੇਖ ਸਨ, ਨਾ ਕੋਈ ਦੇਵਤਾ ਸੀ, ਤੇ ਨਾ ਕਿਸੇ ਦੇਵਤੇ ਦਾ ਮੰਦਰ ਸੀ। ਨਾ ਕੋਈ ਗਊ ਸੀ, ਨਾ ਕਿਤੇ ਗਾਇਤ੍ਰੀ ਸੀ, ਨਾ ਕਿਤੇ ਹਵਨ ਸਨ, ਨਾ ਜੱਗ ਹੋ ਰਹੇ ਸਨ, ਨਾ ਕਿਤੇ ਤੀਰਥਾਂ ਦਾ ਇਸ਼ਨਾਨ ਸੀ, ਤੇ ਨਾ ਕੋਈ ਦੇਵ-ਪੂਜਾ ਕਰ ਰਿਹਾ ਸੀ। ਉਸ ਵਖਤ ਨਾ ਕੋਈ ਮੌਲਵੀ ਸੀ, ਨਾ ਕਾਜ਼ੀ ਸੀ, ਨਾ ਕੋਈ ਸ਼ੇਖ਼ ਸੀ, ਨਾ ਹਾਜੀ ਸੀ। ਨਾ ਕਿਤੇ ਪਰਜਾ ਸੀ, ਨਾ ਕੋਈ ਰਾਜਾ ਸੀ, ਨਾ ਕਿਤੇ ਦੁਨੀਆ ਵਾਲੀ ਹਉਮੈ ਹੀ ਸੀ, ਨਾ ਕੋਈ ਇਹੋ ਜਿਹੀ ਗੱਲ ਹੀ ਕਰਨ ਵਾਲਾ ਸੀ। ਨਾ ਕਿਤੇ ਪ੍ਰੇਮ ਸੀ, ਨਾ ਕਿਤੇ ਭਗਤੀ ਸੀ, ਨਾ ਕਿਤੇ ਜੜ੍ਹ ਸੀ, ਨਾ ਚੇਤਨ ਸੀ, ਨਾ ਕਿਤੇ ਕੋਈ ਸੱਜਣ ਸੀ, ਨਾ ਮਿੱਤਰ ਸੀ, ਨਾ ਕਿਤੇ ਪਿਤਾ ਦਾ ਵੀਰਜ ਸੀ, ਨਾ ਮਾਂ ਦੀ ਰੱਤ ਸੀ। ਸਿਰਫ ਅਕਾਲ ਪੁਰਖੁ ਆਪ ਹੀ ਸ਼ਾਹ ਸੀ, ਆਪ ਹੀ ਵਣਜ ਕਰਨ ਵਾਲਾ ਸੀ, ਉਸ ਸਦਾ-ਥਿਰ ਅਕਾਲ ਪੁਰਖੁ ਨੂੰ ਇਹੋ ਕੁਝ ਚੰਗਾ ਲੱਗਦਾ ਸੀ।

ਨਾ ਕਿਤੇ ਸ਼ਾਸਤ, ਸਿੰਮ੍ਰਿਤੀਆਂ ਤੇ ਵੇਦ ਸਨ, ਨਾ ਕਿਤੇ ਕੁਰਾਨ ਅੰਜੀਲ ਆਦਿਕ ਸ਼ਾਮੀ ਕਿਤਾਬਾਂ ਸਨ, ਨਾ ਕਿਤੇ ਪੁਰਾਣਾਂ ਦੇ ਪਾਠ ਹੀ ਸਨ। ਨਾ ਕਿਤੇ ਸੂਰਜ ਦਾ ਚੜ੍ਹਨਾ ਸੀ, ਨਾ ਡੁੱਬਣਾ ਸੀ। ਗਿਆਨ-ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਰਹਿਣ ਵਾਲਾ ਅਕਾਲ ਪੁਰਖੁ ਆਪ ਹੀ ਬੋਲਣ ਚਾਲਣ ਵਾਲਾ ਸੀ, ਆਪ ਹੀ ਅਦ੍ਰਿਸ਼ਟ ਸੀ ਤੇ ਆਪ ਹੀ ਆਪਣੇ ਆਪ ਨੂੰ ਪਰਗਟ ਕਰਨ ਵਾਲਾ ਸੀ। ਜਦੋਂ ਉਸ ਅਕਾਲ ਪੁਰਖੁ ਨੂੰ ਚੰਗਾ ਲੱਗਾ ਤਾਂ ਉਸ ਨੇ ਇਹ ਜਗਤ ਪੈਦਾ ਕਰ ਦਿੱਤਾ। ਇਸ ਸਾਰੇ ਜਗਤ ਦੇ ਖਿਲਾਰੇ ਨੂੰ ਉਸ ਨੇ ਕਿਸੇ ਦੂਸਰੇ ਦੇ ਸਹਾਰੇ ਤੋਂ ਬਿਨਾ ਹੀ ਆਪੋ ਆਪਣੇ ਥਾਂ ਤੇ ਟਿਕਾ ਦਿੱਤਾ। ਉਸ ਨੇ ਬ੍ਰਹਮਾ ਵਿਸ਼ਨੂ ਤੇ ਸ਼ਿਵ ਵੀ ਪੈਦਾ ਕਰ ਦਿੱਤੇ, ਜਗਤ ਵਿਚ ਮਾਇਆ ਦਾ ਮੋਹ ਵੀ ਵਧਾ ਦਿੱਤਾ। ਜਿਸ ਕਿਸੇ ਵਿਰਲੇ ਬੰਦੇ ਨੂੰ ਗੁਰੂ ਸਾਹਿਬ ਨੇ ਗੁਰਬਾਣੀ ਦੁਆਰਾ ਆਪਣਾ ਉਪਦੇਸ਼ ਸੁਣਾਇਆ, ਉਸ ਨੂੰ ਸਮਝ ਆ ਗਈ ਕਿ ਅਕਾਲ ਪੁਰਖੁ ਜਗਤ ਪੈਦਾ ਕਰ ਕੇ, ਆਪ ਹੀ ਸੰਭਾਲ ਕਰ ਰਿਹਾ ਹੈ, ਹਰ ਥਾਂ ਉਸ ਦਾ ਹੁਕਮੁ ਚੱਲ ਰਿਹਾ ਹੈ। ਉਸ ਅਕਾਲ ਪੁਰਖੁ ਨੇ ਆਪ ਹੀ ਖੰਡ ਬ੍ਰਹਮੰਡ ਪਾਤਾਲ ਆਦਿਕ ਬਣਾਏ ਹਨ ਤੇ ਉਹ ਆਪ ਹੀ ਗੁਪਤ ਹਾਲਤ ਤੋਂ ਪਰਗਟ ਹੋਇਆ ਹੈ। ਪੂਰੇ ਗੁਰੂ ਤੋਂ ਇਹ ਸਮਝ ਪੈਂਦੀ ਹੈ, ਕਿ ਕੋਈ ਵੀ ਮਨੁੱਖ ਜਾਂ ਜੀਵ ਅਕਾਲ ਪੁਰਖੁ ਦੀ ਤਾਕਤ ਦਾ ਅੰਤ ਨਹੀਂ ਜਾਣ ਸਕਦਾ। ਜਿਹੜੇ ਮਨੁੱਖ ਸਦਾ-ਥਿਰ ਰਹਿਣ ਵਾਲੇ ਅਕਾਲ ਪੁਰਖੁ ਦੇ ਨਾਮੁ ਵਿਚ ਰੰਗੇ ਜਾਂਦੇ ਹਨ, ਉਹ ਅਕਾਲ ਪੁਰਖੁ ਦੀ ਬੇਅੰਤ ਤਾਕਤ ਦੇ ਕੌਤਕ ਵੇਖ ਵੇਖ ਕੇ ਹੈਰਾਨ ਹੁੰਦੇ ਹਨ ਤੇ ਉਸ ਦੇ ਗੁਣ ਗਾਉਂਦੇ ਰਹਿੰਦੇ ਹਨ।

*ਮਾਰੂ ਮਹਲਾ ੧ ॥ **ਅਰਬਦ ਨਰਬਦ ਧੁੰਧੂਕਾਰਾ ॥ ਧਰਣਿ ਨ ਗਗਨਾ ਹੁਕਮੁ ਅਪਾਰਾ ॥ ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ** ॥੧॥ **ਖਾਣੀ ਨ ਬਾਣੀ ਪਉਣ ਨ ਪਾਣੀ ॥ ਓਪਤਿ ਖਪਤਿ ਨ ਆਵਣ ਜਾਣੀ ॥ ਖੰਡ ਪਤਾਲ ਸਪਤ ਨਹੀ ਸਾਗਰ ਨਦੀ ਨ ਨੀਰੁ ਵਹਾਇਦਾ** ॥੨॥ ਨਾ ਤਦਿ ਸੁਰਗੁ ਮਛੁ ਪਇਆਲਾ ॥ ਦੋਜਕੁ ਭਿਸਤੁ ਨਹੀ ਖੈ ਕਾਲਾ ॥ ਨਰਕੁ ਸੁਰਗੁ ਨਹੀ ਜੰਮਣੁ ਮਰਣਾ ਨਾ ਕੋ ਆਇ ਨ ਜਾਇਦਾ ॥੩॥ **ਬ੍ਰਹਮਾ ਬਿਸਨੁ ਮਹੇਸੁ ਨ ਕੋਈ ॥ ਅਵਰੁ ਨ ਦੀਸੈ ਏਕੋ ਸੋਈ ॥ ਨਾਰਿ ਪੁਰਖੁ ਨਹੀ ਜਾਤਿ ਨ ਜਨਮਾ ਨਾ ਕੋ ਦੁਖੁ ਸੁਖੁ ਪਾਇਦਾ** ॥੪॥ ਨਾ ਤਦਿ ਜਤੀ ਸਤੀ ਬਨਵਾਸੀ ॥ ਨਾ ਤਦਿ ਸਿਧ ਸਾਧਿਕ ਸੁਖਵਾਸੀ ॥ ਜੋਗੀ ਜੰਗਮ ਭੇਖੁ ਨ ਕੋਈ ਨਾ ਕੋ ਨਾਥੁ ਕਹਾਇਦਾ ॥੫॥ **ਜਪ ਤਪ ਸੰਜਮ ਨਾ ਬ੍ਰਤ ਪੂਜਾ ॥ ਨਾ ਕੋ ਆਖਿ ਵਖਾਣੈ ਦੂਜਾ ॥ ਆਪੇ ਆਪਿ ਉਪਾਇ ਵਿਗਸੈ ਆਪੇ ਕੀਮਤਿ ਪਾਇਦਾ** ॥੬॥ ਨਾ ਸੁਚਿ ਸੰਜਮੁ ਤੁਲਸੀ ਮਾਲਾ ॥ ਗੋਪੀ ਕਾਨੁ ਨ ਗਊ ਗੋੁਆਲਾ ॥ ਤੰਤੁ ਮੰਤੁ ਪਾਖੰਡੁ ਨ ਕੋਈ ਨਾ ਕੋ ਵੰਸੁ ਵਜਾਇਦਾ ॥੭॥ ਕਰਮ ਧਰਮ ਨਹੀ ਮਾਇਆ ਮਾਖੀ ॥ ਜਾਤਿ ਜਨਮੁ ਨਹੀ ਦੀਸੈ ਆਖੀ ॥ ਮਮਤਾ ਜਾਲੁ ਕਾਲੁ ਨਹੀ ਮਾਥੈ ਨਾ ਕੋ ਕਿਸੈ ਧਿਆਇਦਾ ॥੮॥ ਨਿੰਦੁ ਬਿੰਦੁ ਨਹੀ ਜੀਉ ਨ ਜਿੰਦੋ ॥ ਨਾ ਤਦਿ ਗੋਰਖੁ ਨ ਮਾਛਿੰਦੋ ॥ ਨਾ ਤਦਿ ਗਿਆਨੁ ਧਿਆਨੁ ਕੁਲ ਓਪਤਿ ਨਾ ਕੋ ਗਣਤ ਗਣਾਇਦਾ ॥੯॥ ਵਰਨ ਭੇਖ ਨਹੀ ਬ੍ਰਹਮਣ ਖਤ੍ਰੀ ॥ ਦੇਉ ਨ ਦੇਹੁਰਾ ਗਊ ਗਾਇਤ੍ਰੀ ॥ ਹੋਮ ਜਗ ਨਹੀ ਤੀਰਥਿ ਨਾਵਣੁ ਨਾ ਕੋ ਪੂਜਾ ਲਾਇਦਾ ॥੧੦॥ ਨਾ ਕੋ ਮੁਲਾ ਨਾ ਕੋ ਕਾਜੀ ॥ ਨਾ ਕੋ ਸੇਖੁ ਮਸਾਇਕੁ ਹਾਜੀ ॥ ਰਈਅਤਿ ਰਾਉ ਨ ਹਉਮੈ ਦੁਨੀਆ ਨਾ ਕੋ ਕਹਣੁ ਕਹਾਇਦਾ ॥੧੧॥ ਭਾਉ ਨ ਭਗਤੀ ਨਾ ਸਿਵ ਸਕਤੀ ॥ ਸਾਜਨੁ ਮੀਤੁ ਬਿੰਦੁ ਨਹੀ ਰਕਤੀ ॥ **ਆਪੇ ਸਾਹੁ ਆਪੇ ਵਣਜਾਰਾ ਸਾਚੇ ਏਹੋ ਭਾਇਦਾ ॥੧੨॥** ਬੇਦ ਕਤੇਬ ਨ ਸਿੰਮ੍ਰਿਤਿ ਸਾਸਤ ॥ ਪਾਠ ਪੁਰਾਣ ਉਦੈ ਨਹੀ ਆਸਤ ॥ **ਕਹਤਾ ਬਕਤਾ ਆਪਿ ਅਗੋਚਰੁ ਆਪੇ ਅਲਖੁ ਲਖਾਇਦਾ** ॥੧੩॥ **ਜਾ ਤਿਸੁ ਭਾਣਾ ਤਾ ਜਗਤੁ ਉਪਾਇਆ ॥ ਬਾਝੁ ਕਲਾ ਆਡਾਣੁ ਰਹਾਇਆ ॥ ਬ੍ਰਹਮਾ ਬਿਸਨੁ ਮਹੇਸੁ ਉਪਾਏ ਮਾਇਆ ਮੋਹੁ ਵਧਾਇਦਾ** ॥੧੪॥ **ਵਿਰਲੇ ਕਉ ਗੁਰ ਸਬਦੁ ਸੁਣਾਇਆ ॥ ਕਰਿ ਕਰਿ ਦੇਖੈ ਹੁਕਮੁ ਸਬਾਇਆ ॥ ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ** ॥੧੫॥ ਤਾ ਕਾ ਅੰਤੁ ਨ ਜਾਣੈ ਕੋਈ ॥ ਪੂਰੇ ਗੁਰ ਤੇ ਸੋਝੀ ਹੋਈ ॥ ਨਾਨਕ ਸਾਚਿ ਰਤੇ ਬਿਸਮਾਦੀ ਬਿਸਮ ਭਏ ਗੁਣ ਗਾਇਦਾ ॥੧੬॥੩॥੧੫॥*

*(੧੦੩੫)*

ਜਪੁਜੀ ਸਾਹਿਬ ਵਿਚ ਜੋ ਅਕਾਲ ਪੁਰਖੁ ਦੀ ਪਰਿਭਾਸ਼ਾ (***ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥***) ਦਿੱਤੀ ਗਈ ਹੈ, ਉਸ ਨਾਲ ਇਹ ਸਬਦ ਬਿਲਕੁਲ ਮੇਲ ਖਾਂਦਾ ਹੈ ਤੇ ਇਸ ਸਬਦ ਵਿਚ ਗੁਰੂ

ਸਾਹਿਬ ਨੇ ਇਸ ਸ੍ਰਿਸ਼ਟੀ ਦੀ ਰਚਨਾ ਤੋਂ ਪਹਿਲਾ ਦੀ ਸਥਿਤੀ ਨੂੰ ਵਿਸਥਾਰ ਨਾਲ ਸਮਝਾਇਆ ਹੈ, ਤਾਂ ਜੋ ਅਸੀਂ ਕਰਮ ਕਾਂਡਾਂ, ਭਰਮਾਂ ਤੇ ਵਹਿਮਾਂ ਵਿਚੋਂ ਬਾਹਰ ਨਿਕਲ ਕੇ ਅਸਲੀਅਤ ਨੂੰ ਸਮਝ ਸਕੀਏ ਤੇ ਸੱਚ ਦਾ ਮਾਰਗ ਅਪਨਾਈਏ।

ਗੁਰਬਾਣੀ ਦੁਆਰਾ ਦਰਸਾਇਆ ਗਿਆ, ਇਹ ਕੁਦਰਤ ਦਾ ਖੇਲ, ਅੱਜ ਸਾਇੰਸ ਅਨੁਸਾਰ ਪੇਸ਼ ਕੀਤੀ ਜਾ ਰਹੀ ਬਿੱਗ ਬੈਂਗ ਥਿਊਰੀ ਨਾਲ ਮੇਲ ਖਾਂਦਾ ਹੈ। ਅਰਬਦ ਨਰਬਦ ਧੁੰਦੂਕਾਰਾ ਨੂੰ ਸਇੰਸ ਦੁਆਰਾ ਸੁਪਰਨੋਵਾ (Supernova) ਕਿਹਾ ਜਾਂਦਾ ਹੈ, ਜਿਸ ਤੋਂ ਹਵਾ ਤੇ ਪਾਣੀ ਦੀ ਉਤਪਤੀ ਹੋਈ। ਸਾਇੰਸ ਵੀ ਸ੍ਰਿਸ਼ਟੀ ਦੀ ਰਚਨਾ ਸਬੰਧੀ ਘੱਟਾ, ਧਮਾਕਾ, ਸੁਕੜਨਾ, ਫੈਲਣਾ (Dust, Explosion, Contaction, Expansion) ਆਦਿ ਬਾਰੇ ਸੋਚਦੀ ਤੇ ਵਿਚਾਰਦੀ ਹੈ। ਸਾਇੰਸ ਆਪਣੇ ਤਰੀਕੇ ਨਾਲ ਜਗਤ ਦੀ ਰਚਨਾ ਬਾਰੇ ਅੰਦਾਜ਼ੇ ਲਗਾ ਕੇ ਬਿਆਨ ਕਰਦੀ ਹੈ, ਪਰ ਕੁਦਰਤ ਦਾ ਅੰਤ ਪਾਉਂਣ ਤੋਂ ਅਸਮਰਥ ਹੈ।

ਗੁਰਬਾਣੀ ਅਨੁਸਾਰ ਜਗਤ-ਰਚਨਾ ਤੋਂ ਪਹਿਲਾਂ ਸਿਰਜਣਹਾਰ ਨੇ ਅਨੇਕਾਂ ਹੀ ਜੁਗ ਉਸ ਅਵਸਥਾ ਵਿਚ ਸਮਾਧੀ ਲਾਈ, ਜਿਸ ਦੀ ਬਾਬਤ ਕੁਝ ਪਤਾ ਨਹੀਂ ਲੱਗ ਸਕਦਾ। ਸਿਰਫ ਧੁੰਦ ਹੀ ਧੁੰਦ (Science talks about dust or fog) ਸੀ। ਇਹ ਅਜੇਹੀ ਧੁੰਦ ਨਹੀਂ ਸੀ, ਜੋ ਕਿ ਅਸੀਂ ਸਰਦੀਆਂ ਵਿਚ ਵੇਖਦੇ ਹਾਂ। ਉਸ ਅਵਸਥਾ ਵਾਲੀ ਧੁੰਦ ਬਿਆਨ ਨਹੀਂ ਕੀਤੀ ਜਾ ਸਕਦੀ, ਮਨੁੱਖ ਦੀ ਪਹੁੰਚ ਤੋਂ ਬਾਹਰ ਹੈ, ਸਾਇੰਸ ਸਿਰਫ ਅੰਦਾਜੇ ਲਗਾ ਸਕਦੀ ਹੈ, ਕਿ ਕਿਸ ਤਰ੍ਹਾਂ ਦੀ ਸਥਿਤੀ ਹੋਵੇਗੀ। ਕਿਉਂਕਿ ਉਸ ਸਿਰਜਣਹਾਰ ਦਾ ਨਾਮੁ ਸਦਾ-ਥਿਰ ਰਹਿਣ ਵਾਲਾ ਹੈ, ਉਸ ਦੀ ਵਡਿਆਈ ਸਦਾ ਕਾਇਮ ਰਹਿਣ ਵਾਲੀ ਹੈ, ਉਹ ਵਡਿਆਈ ਦਾ ਮਾਲਕ ਅਕਾਲ ਪੁਰਖੁ ਸਦਾ ਟਿਕੇ ਰਹਿਣ ਵਾਲੇ ਤਖ਼ਤ ਉਤੇ ਸਦਾ ਬੈਠਾ ਹੋਇਆ ਹੈ। ਜਗਤ-ਰਚਨਾ ਕਰ ਕੇ ਉਹ ਸਦਾ-ਥਿਰ ਰਹਿਣ ਵਾਲਾ, ਡੂੰਘਾ ਤੇ ਵੱਡੇ ਜਿਗਰੇ ਵਾਲਾ ਅਕਾਲ ਪੁਰਖੁ, ਹਰ ਥਾਂ ਵਿਆਪਕ ਹੋ ਰਿਹਾ ਹੈ। ਜਿਨ੍ਹਾਂ ਪ੍ਰਾਣੀਆਂ ਦੇ ਅੰਦਰ ਉਸ ਸਿਰਜਣਹਾਰ ਦੀ ਮਿਹਰ ਦਾ ਸਦਕਾ ਸਤ ਅਤੇ ਸੰਤੋਖ ਵਾਲਾ ਜੀਵਨ ਹੁੰਦਾ ਹੈ, ਉਹ ਸਤਜੁਗ ਵਿਚ ਵਿਚਰ ਰਹੇ ਹੁੰਦੇ ਹਨ। ਸਦਾ-ਥਿਰ ਰਹਿਣ ਵਾਲਾ ਮਾਲਕ ਸ੍ਰਿਸ਼ਟੀ ਦੀ ਕਾਰ ਨੂੰ ਆਪਣੇ ਅਟੱਲ ਹੁਕਮੁ ਅਨੁਸਾਰ ਚਲਾਉਂਦਾ ਹੈ ਤੇ ਸਭ ਜੀਵਾਂ ਦੀ ਸਹੀ ਪਰਖ ਕਰਦਾ ਹੈ। ਅਕਾਲ ਪੁਰਖੁ ਨੇ ਆਪਣਾ ਆਪ ਗੁਰੂ ਵਿਚ ਲੁਕਾ ਰੱਖਿਆ ਹੈ, ਇਸ ਲਈ ਜਿਹੜਾ ਮਨੁੱਖ ਗੁਰੂ ਦਾ ਸ਼ਬਦ ਮੰਨਦਾ ਹੈ, ਤੇ ਆਪਣੇ ਹਿਰਦੇ ਵਿਚ ਟਿਕਾ ਕੇ ਰਖਦਾ ਹੈ, ਉਹ ਸੂਰਮਾ ਬਣ ਜਾਂਦਾ ਹੈ, ਪੰਜ ਵਿਕਾਰ ਉਸ ਨੂੰ ਜਿੱਤ ਨਹੀਂ ਸਕਦੇ। ਅਜੇਹਾ ਮਨੁੱਖ ਅਕਾਲ ਪੁਰਖੁ ਦੇ ਗੁਣਾਂ ਦੀ ਵਿਚਾਰ ਕਰਦਾ ਹੈ, ਉਸ ਦਾ ਹੁਕਮੁ ਸੁਣਦਾ ਅਤੇ ਮੰਨਦਾ ਹੈ ਤੇ ਉਸ ਦੀ ਹਜ਼ੂਰੀ ਵਿਚ ਸਦੀਵੀ ਨਿਵਾਸ ਪ੍ਰਾਪਤ ਕਰ ਲੈਂਦਾ ਹੈ।

*ਕੇਤੜਿਆ ਜੁਗ ਧੁੰਧੂਕਾਰੈ ॥ ਤਾੜੀ ਲਾਈ ਸਿਰਜਣਹਾਰੈ ॥ ਸਚੁ ਨਾਮੁ ਸਚੀ ਵਡਿਆਈ ਸਾਚੈ ਤਖਤਿ ਵਡਾਈ ਹੇ ॥੨॥ (੧੦੨੩-੧੦੨੪)*

ਅਨੇਕਾਂ ਹੀ ਜੁਗ ਘੁੱਪ ਹਨੇਰੇ ਵਿਚ ਲੰਘ ਗਏ, ਭਾਵ, ਸ੍ਰਿਸ਼ਟੀ-ਰਚਨਾ ਤੋਂ ਪਹਿਲਾਂ ਬੇਅੰਤ ਸਮਾਂ ਅਜੇਹੀ ਹਾਲਤ ਸੀ, ਜਿਸ ਬਾਰੇ ਅਸੀਂ ਕੁਝ ਵੀ ਨਹੀਂ ਸਮਝ ਸਕਦੇ, ਤਦੋਂ ਅਪਰ ਅਪਾਰ ਅਕਾਲ ਪੁਰਖੁ ਨੇ ਆਪਣੇ ਆਪ ਵਿਚ ਸਮਾਧੀ ਲਾਈ ਹੋਈ ਸੀ। ਉਸ ਘੁੱਪ ਹਨੇਰੇ ਵਿਚ ਅਕਾਲ ਪੁਰਖੁ ਆਪ ਨਿਰਲੇਪ ਬੈਠਾ ਹੋਇਆ ਸੀ, ਤਦੋਂ ਨਾ ਜਗਤ ਦਾ ਖਿਲਾਰਾ ਸੀ ਤੇ ਨਾ ਮਾਇਆ ਵਾਲੀ ਦੌੜ-ਭੱਜ ਸੀ। ਘੁੱਪ ਹਨੇਰੇ ਦੇ ਛੱਤੀ ਜੁਗ (ਅਣਗਿਣਤ ਸਮਾਂ) ਉਸ ਅਕਾਲ ਪੁਰਖੁ ਨੇ ਹੀ ਵਰਤਾਈ ਰੱਖੇ, ਜਿਵੇਂ ਉਸ ਨੂੰ ਚੰਗਾ ਲੱਗਾ ਉਸੇ ਤਰ੍ਹਾਂ ਉਹ ਘੁੱਪ ਹਨੇਰੇ ਵਾਲੀ ਕਾਰ ਚਲਾਉਂਦਾ ਰਿਹਾ। ਉਹ ਅਕਾਲ ਪੁਰਖੁ ਆਪ ਹੀ ਆਪ ਹੈ, ਉਸ ਤੋਂ ਪਰੇ ਹੋਰ ਕੋਈ ਹਸਤੀ ਨਹੀਂ, ਕੋਈ ਵੀ ਉਸ ਦਾ ਉਰਲਾ ਜਾਂ ਪਰਲਾ ਬੰਨਾ ਨਹੀਂ ਲੱਭ ਸਕਦਾ, ਕੋਈ ਵੀ ਉਸ ਦੇ ਬਰਾਬਰ ਦਾ ਨਹੀਂ ਦਿੱਸਦਾ। ਹੁਣ ਜਦੋਂ ਉਸ ਨੇ ਜਗਤ-ਰਚਨਾ ਰਚ ਲਈ ਹੈ, ਤਾਂ ਵੀ, ਉਸੇ ਨੂੰ ਚੌਹਾਂ ਜੁਗਾਂ ਵਿਚ ਜਗਤ ਦੇ ਅੰਦਰ ਗੁਪਤ ਰੂਪ ਵਿਚ ਵਿਆਪਕ ਜਾਣੋ। ਉਹ ਹਰੇਕ ਸਰੀਰ ਦੇ ਅੰਦਰ, ਹਰੇਕ ਦੇ ਹਿਰਦੇ ਵਿਚ ਮੌਜੂਦ ਹੈ। ਉਹ ਇਕੱਲਾ ਆਪ ਹੀ ਹਰੇਕ ਜੁਗ ਵਿਚ ਸਾਰੀ ਸ੍ਰਿਸ਼ਟੀ ਦੇ ਅੰਦਰ ਰਮ ਰਿਹਾ ਹੈ। ਇਸ ਭੇਤ ਨੂੰ ਕੋਈ ਵਿਰਲਾ ਬੰਦਾ ਹੀ ਸਮਝਦਾ ਹੈ, ਜੋ ਕਿ ਗੁਰੂ ਦੀ ਬਾਣੀ ਦੀ ਵਿਚਾਰ ਕਰਦਾ ਹੈ। ਉਸ ਅਕਾਲ ਪੁਰਖੁ ਦੇ ਹੁਕਮੁ ਵਿਚ ਹੀ ਪਿਤਾ ਦੇ ਵੀਰਜ ਦੀ ਬੂੰਦ ਤੇ ਮਾਂ ਦੇ ਪੇਟ ਦੇ ਲਹੂ ਨੇ ਮਿਲ ਕੇ ਮਨੁੱਖਾ ਸਰੀਰ ਬਣਾ ਦਿੱਤਾ। ਹਵਾ ਪਾਣੀ ਅੱਗ ਆਦਿਕ ਤੱਤਾਂ ਨੇ ਮਿਲ ਕੇ ਜੀਵ ਰਚ ਦਿੱਤੇ। ਹਰੇਕ ਸਰੀਰ ਵਿਚ ਬੈਠਾ ਅਕਾਲ ਪੁਰਖੁ ਆਪ ਹੀ ਸਭ ਚੋਜ ਤਮਾਸ਼ੇ ਕਰ ਰਿਹਾ ਹੈ, ਉਸ ਨੇ ਆਪ ਹੀ ਮਾਇਆ ਦੇ ਮੋਹ ਦਾ ਖਿਲਾਰਾ ਖਿਲਾਰਿਆ ਹੈ।

*ਮਾਰੂ ਮਹਲਾ ੧ ॥ ਕੇਤੇ ਜੁਗ ਵਰਤੇ ਗੁਬਾਰੈ ॥ ਤਾੜੀ ਲਾਈ ਅਪਰ ਅਪਾਰੈ ॥ ਧੁੰਧੂਕਾਰਿ ਨਿਰਾਲਮੁ ਬੈਠਾ ਨਾ ਤਦਿ ਧੰਧੁ ਪਸਾਰਾ ਹੇ ॥੧॥ ਜੁਗ ਛਤੀਹ ਤਿਨੈ ਵਰਤਾਏ ॥ ਜਿਉ ਤਿਸੁ ਭਾਣਾ ਤਿਵੈ ਚਲਾਏ ॥ ਤਿਸਹਿ ਸਰੀਕੁ ਨ ਦੀਸੈ ਕੋਈ ਆਪੇ ਅਪਰ ਅਪਾਰਾ ਹੇ ॥੨॥ ਗੁਪਤੇ ਬੂਝਹੁ ਜੁਗ ਚਤੁਆਰੇ ॥ ਘਟਿ ਘਟਿ ਵਰਤੈ ਉਦਰ ਮਝਾਰੇ ॥ ਜੁਗੁ ਜੁਗੁ ਏਕਾ ਏਕੀ ਵਰਤੈ ਕੋਈ ਬੂਝੈ ਗੁਰ ਵੀਚਾਰਾ ਹੇ ॥੩॥ ਬਿੰਦੁ ਰਕਤੁ ਮਿਲਿ ਪਿੰਡੁ ਸਰੀਆ ॥ ਪਉਣੁ ਪਾਣੀ ਅਗਨੀ ਮਿਲਿ ਜੀਆ ॥ ਆਪੇ ਚੋਜ ਕਰੇ ਰੰਗ ਮਹਲੀ ਹੋਰ ਮਾਇਆ ਮੋਹ ਪਸਾਰਾ ਹੇ ॥੪॥ (੧੦੨੬, ੧੦੨੭)*

ਉਸ ਅਕਾਲ ਪੁਰਖੁ ਦੇ ਹੁਕਮੁ ਅਨੁਸਾਰ ਹੀ ਜੀਵ ਮਾਂ ਦੇ ਪੇਟ ਵਿਚ ਪੁੱਠਾ ਲਟਕ ਕੇ ਪ੍ਰਭੂ-ਚਰਨਾਂ ਵਿਚ ਸੁਰਤਿ ਜੋੜੀ ਰੱਖਦਾ ਹੈ, ਉਸ ਦੇ ਹੁਕਮੁ ਤੇ ਰਜਾ ਅਨੁਸਾਰ ਚਲਦਾ ਸੀ। ਜੀਵ ਜਗਤ ਵਿਚ ਆ ਕੇ ਮਾਇਆ ਦੇ ਮੋਹ ਵਿਚ ਫਸ ਜਾਂਦਾ ਹੈ। ਜਦੋਂ ਕਿਸੇ ਘਰ ਵਿਚ ਕੋਈ ਬਾਲਕ ਮਰਦਾ ਹੈ, ਤਾਂ ਮਾਂ ਪਿਉ ਭੈਣ ਭਰਾ ਆਦਿਕ ਸੰਬੰਧੀ ਉਸ ਬਾਲਕ ਦੀਆਂ ਪਿਆਰ-ਭਰੀਆਂ ਖੇਡਾਂ ਚੇਤੇ ਕਰਦੇ ਹਨ, ਤੇ ਇਹ ਆਖ ਆਖ ਕੇ ਰੋਂਦੇ ਹਨ ਕਿ ਬਾਲਕ ਬੜਾ ਹਸਮੁੱਖ ਸੀ। ਜਦੋਂ ਕੋਈ ਭਰ-ਜਵਾਨੀ ਵੇਲੇ ਮਰ ਜਾਂਦੇ ਹਨ, ਤਦੋਂ ਵੀ ਕੀ ਕੀਤਾ ਜਾ ਸਕਦਾ ਹੈ? ਇਹ ਆਖ ਆਖ ਕੇ ਰੋਵੀਦਾ ਹੈ ਕਿ ਉਹ ਮੇਰਾ ਪਿਆਰਾ ਸੀ। ਜਿਹੜੇ ਰੋਂਦੇ ਵੀ ਹਨ, ਉਹ ਵੀ ਆਪਣੀਆਂ ਥੁੜਾਂ ਚੇਤੇ ਕਰ ਕਰ ਕੇ ਮਾਇਆ ਦੀ ਖ਼ਾਤਰ ਰੋ ਰੋ ਕੇ ਦੁਖੀ ਹੁੰਦੇ ਹਨ। ਮਾਇਆ ਦੀ ਖ਼ਾਤਰ ਬਰਬਾਦ ਕੀਤਾ ਗਿਆ, ਇਹ ਮਨੁੱਖਾ ਜੀਵਨ ਫਿਟਕਾਰ-ਜੋਗ ਹੋ ਜਾਂਦਾ ਹੈ। ਜਿਹੜਾ ਕੋਈ ਮਨੁੱਖ ਆਪਣੇ ਆਪ ਨੂੰ ਵਿਚਾਰਦਾ ਹੈ, ਆਪਣੇ ਆਤਮਕ ਜੀਵਨ ਨੂੰ ਪੜਤਾਲਦਾ ਰਹਿੰਦਾ ਹੈ, ਉਹ ਫਿਰ ਪਛੁਤਾਂਦਾ ਨਹੀਂ ਹੈ। ਪਰ ਇਹ ਸੋਝੀ ਕਿਸੇ ਨੂੰ ਤਦੋਂ ਹੀ ਹੁੰਦੀ ਹੈ ਜਦੋਂ ਉਸ ਨੂੰ ਗੁਰੂ ਮਿਲ ਪਏ। ਜਿਹੜਾ ਮਨੁੱਖ ਗੁਰੂ ਦੇ ਸ਼ਬਦ ਵਿਚ ਜੁੜਦਾ ਹੈ, ਉਹ ਇਸ ਕੈਦ ਵਿਚੋਂ ਖ਼ਲਾਸੀ ਹਾਸਲ ਕਰ ਲੈਂਦਾ ਹੈ।

*ਆਪੁ ਵੀਚਾਰਿ ਨ ਰੋਵੈ ਕੋਈ ॥ ਸਤਿਗੁਰੁ ਮਿਲੈ ਤ ਸੋਝੀ ਹੋਈ ॥ ਬਿਨੁ ਗੁਰ ਬਜਰ ਕਪਾਟ ਨ ਖੂਲਹਿ ਸਬਦਿ ਮਿਲੈ ਨਿਸਤਾਰਾ ਹੇ ॥੧੦॥ (੧੦੨੬, ੧੦੨੭)*

ਗੁਰੂ ਸਾਹਿਬ ਨੇ ਗੁਰਬਾਣੀ ਵਿਚ ਇਹੀ ਸਮਝਾਇਆ ਹੈ ਕਿ ਉਹ ਅਕਾਲ ਪੁਰਖੁ ਸਾਡੇ ਤੋਂ ਬਹੁਤ ਵੱਡਾ ਹੈ, ਸਾਡੀ ਪਹੁੰਚ ਤੋਂ ਬਾਹਰ ਹੈ, ਅਸੀਂ ਉਸ ਦਾ ਅੰਤ ਨਹੀਂ ਪਾ ਸਕਦੇ ਹਾਂ, ਸਿਰਫ ਗੁਰੂ ਦੁਆਰਾ ਉਸ ਦਾ ਹੁਕਮੁ ਸਮਝ ਕੇ ਆਪਣਾ ਜੀਵਨ ਸਫਲ ਕਰ ਸਕਦੇ ਹਾਂ। ਹਵਾ ਨੂੰ ਅਕਾਲ ਪੁਰਖੁ ਦੇ ਹੁਕਮੁ ਅਨੁਸਾਰ, ਵੱਧ ਦਬਾਅ ਤੋਂ ਘੱਟ ਦਬਾਅ ਵੱਲ ਚਲਣ ਲਈ ਕੋਈ ਇਤਰਾਜ ਨਹੀਂ, ਪਾਣੀ ਨੂੰ ਅਕਾਲ ਪੁਰਖੁ ਦੇ ਹੁਕਮੁ ਅਨੁਸਾਰ ਉੱਚੇ ਥਾਂ ਤੋਂ ਨੀਵੇਂ ਥਾਂ ਵੱਲ ਚਲਣ ਲਈ ਕੋਈ ਇਤਰਾਜ ਨਹੀਂ, ਅੱਗ ਨੂੰ ਗਰਮੀ ਪੈਦਾ ਕਰਨ ਲਈ ਕੋਈ ਇਤਰਾਜ ਨਹੀਂ, ਧਰਤੀ ਨੂੰ ਸਾਡਾ ਸਭ ਦਾ ਭਾਰ ਸਹਾਰਨ ਦਾ ਕੋਈ ਇਤਰਾਜ ਨਹੀਂ, ਧਰਤੀ ਨੂੰ ਅਕਾਲ ਪੁਰਖੁ ਦੇ ਹੁਕਮੁ ਅਨੁਸਾਰ ਸੂਰਜ ਦੇ ਦੁਆਲੇ ਘੁੰਮਣ ਲਈ ਕੋਈ ਇਤਰਾਜ ਨਹੀਂ, ਚੰਦਰਮੇ ਨੂੰ ਧਰਤੀ ਦੇ ਦੁਆਲੇ ਘੁੰਮਣ ਲਈ ਕੋਈ ਇਤਰਾਜ ਨਹੀਂ, ਸੂਰਜ ਨੂੰ ਅਕਾਲ ਪੁਰਖੁ ਦੇ ਹੁਕਮੁ ਅਨੁਸਾਰ ਆਪਣੀ ਗੈਲਕਸੀ ਦੁਆਲੇ ਘੁੰਮਣ ਦਾ ਕੋਈ ਇਤਰਾਜ ਨਹੀਂ, ਸਾਰੇ ਜੀਵ ਜੰਤੂ ਅਕਾਲ ਪੁਰਖੁ ਦੇ ਹੁਕਮੁ ਅਨੁਸਾਰ ਚਲਣ ਲਈ ਤਿਆਰ ਹਨ, ਸਿਰਫ ਇਕ ਮਨੁੱਖ ਹੀ ਹੈ, ਜਿਹੜਾ ਅਕਾਲ ਪੁਰਖੁ ਦੇ ਹੁਕਮੁ ਅਨੁਸਾਰ ਚਲਣ ਲਈ ਤਿਆਰ ਨਹੀਂ। ਆਪਣਾ ਜੀਵਨ ਭਾਵੇਂ ਬਰਬਾਦ ਕਰ ਲਵੇ, ਪਰ ਗੁਰੂ ਦੀ ਮਤ ਅਨੁਸਾਰ ਚਲਣ ਲਈ ਤਿਆਰ ਨਹੀਂ, ਆਪਣੀ ਮਤ ਤੇ ਹਉਮੈ ਵਿਚ ਆਪਣਾ ਮਨੁੱਖਾ ਜੀਵਨ ਵਿਅਰਥ ਗਵਾ ਲੈਂਦਾ ਹੈ। ਜਦੋਂ ਕਿ ਹੁਕਮੁ ਅਨੁਸਾਰ ਚਲਣ ਦੀ ਸਿਖਿਆ ਤਾਂ ਗੁਰੂ ਸਾਹਿਬ ਨੇ ਜਪੁਜੀ ਸਾਹਿਬ ਦੀ ਪਹਿਲੀ ਪੌੜੀ ਵਿਚ ਸਮਝਾ ਦਿੱਤੀ ਹੈ।

*ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥ ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥*

ਇਹ ਧਿਆਨ ਵਿਚ ਰੱਖ ਲੈਂਣਾਂ ਚਾਹੀਦਾ ਹੈ ਕਿ ਹਰੇਕ ਕਿਰਿਆ ਅਕਾਲ ਪੁਰਖੁ ਦੇ ਹੁਕਮੁ ਅਨੁਸਾਰ ਹੁੰਦੀ ਹੈ। ਜੇ ਚੰਗੇ ਕੰਮ ਕਰਾਂਗੇ ਤਾਂ ਨਤੀਜੇ ਚੰਗੇ ਹੋਣਗੇ, ਜੇ ਘਟੀਆ ਕੰਮ ਕਰਾਂਗੇ ਤਾਂ ਨਤੀਜੇ ਉਸ ਅਨੁਸਾਰ ਭੁਗਤਣੇ ਪੈਂਣਗੇ। ਇਹ ਸਾਡੇ ਤੇ ਨਿਰਭਰ ਕਰਦਾ ਹੈ, ਕਿ ਅਸੀਂ ਕਿਸ ਪਾਸੇ ਤੁਰਨਾ ਚਾਹੁੰਦੇ ਹਾਂ। ਭਾਵੇਂ ਅਸੀਂ ਮੰਨੀਏ ਜਾਂ ਨਾ ਮੰਨੀਏ ਇਹ ਸਾਰੀ ਸ੍ਰਿਸ਼ਟੀ ਪੈਦਾ ਕਰਨ ਵਾਲਾ ਅਕਾਲ ਪੁਰਖੁ ਹੀ ਹੈ, ਤੇ ਉਸ ਨੂੰ ਚਲਾਉਣ ਵਾਲਾ ਉਸ ਦਾ ਹੁਕਮੁ ਹੀ ਹੈ।

*ਸਦਾ ਸਖਾਈ ਹਰਿ ਹਰਿ ਨਾਮੁ ॥ ਜਿਸੁ ਚੀਤਿ ਆਵੈ ਤਿਸੁ ਸਦਾ ਸੁਖੁ ਹੋਵੈ ਨਿਕਟਿ ਨ ਆਵੈ ਤਾ ਕੈ ਜਾਮੁ ॥੧॥ ਰਹਾਉ ॥ (੧੧੪੬, ੧੧੪੭)*

ਅੱਜਕਲ ਅਸੀਂ ਜਿਆਦਾ ਤਰ ਲੋਕਮਤ ਨਾਲ ਹੀ ਪ੍ਰਭਾਵਤ ਹਾਂ, ਤੇ ਗੁਰਮਤਿ ਨਾਲ ਬਹੁਤ ਘੱਟ, ਜਿਸ ਕਰਕੇ ਅਸੀਂ ਆਪਸੀ ਵੋਟਾਂ ਪਾ ਕੇ ਹੁਕਮੁ ਦੀ ਪਰਿਭਾਸ਼ਾ ਹੀ ਬਦਲ ਦਿੱਤੀ ਹੈ। ਅਸੀਂ ਹੁਕਮੁ ਦੀ ਅਸਲੀਅਤ[{ਹ੨੫}][{E05}] ਨੂੰ ਸਮਝਣ ਦੀ ਬਜਾਏ ਉਸ ਨੂੰ ਕਰਾਮਾਤੀ ਰੂਪ ਦੇਣ ਵਿਚ ਜਿਆਦਾ ਖੁਸ਼ ਹੁੰਦੇ ਹਾਂ, ਤੇ ਕਲਪਤ ਕਹਾਣੀਆਂ ਸੁਣ ਕੇ ਹਵਾ ਵਿਚ ਉਡਣਾਂ ਸਾਨੂੰ ਬਹੁਤ ਚੰਗਾ ਲਗਦਾ ਹੈ। ਇਹੀ ਕਾਰਨ ਹੈ ਕਿ ਟੀ.ਵੀ. ਵਿਚ ਵਿਖਾਈਆਂ ਗਈਆਂ ਐਡਵਰਡਟਾਈਜ਼ਮੈਂਟਾ (advertisement) ਨਾਲ ਘਟੀਆ ਸਾਮਾਨ ਬਹੁਤ ਆਸਾਨੀ ਨਾਲ ਵਿਕ ਜਾਂਦਾ ਹੈ। ਟੀ.ਵੀ. ਤੇ ਵਿਖਾਇਆ ਗਿਆ ਸੀਰੀਅਲ ਤਾਂ ਹਰੇਕ ਨੂੰ ਪਸੰਦ ਆਉਂਦਾ ਹੈ, ਪਰ ਸਬਦ ਵੀਚਾਰ ਸੁਣਨ ਲਈ ਕਿਸੇ ਵਿਰਲੇ ਦਾ ਹੀ ਮਨ ਕਰਦਾ ਹੈ।

ਸਰਬ-ਵਿਆਪਕ ਅਕਾਲ ਪੁਰਖੁ ਨੇ ਜਗਤ ਦੀ ਉਤਪੱਤੀ ਕੀਤੀ ਹੈ, ਦਿਨ ਤੇ ਰਾਤ ਵੀ ਉਸੇ ਨੇ ਹੀ ਬਣਾਏ ਹਨ। ਜੰਗਲ, ਜੰਗਲ ਦਾ ਘਾਹ, ਤਿੰਨੇ ਭਵਨ, ਪਾਣੀ ਤੇ ਹੋਰ ਸਾਰੇ ਤੱਤ, ਚਾਰ ਵੇਦ, ਚਾਰ ਖਾਣੀਆਂ, ਸ੍ਰਿਸ਼ਟੀ ਦੇ ਵਖ ਵਖ ਹਿੱਸੇ, ਟਾਪੂ, ਸਾਰੇ ਲੋਕ, ਆਦਿ ਸਭ ਅਕਾਲ ਪੁਰਖੁ ਦੇ ਹੁਕਮੁ ਨਾਲ ਹੀ ਬਣੇ ਹਨ। ਇਸ ਲਈ ਸਿਰਜਣਹਾਰ ਅਕਾਲ ਪੁਰਖੁ ਨਾਲ ਡੂੰਘੀ ਸਾਂਝ ਪਾ। ਪਰ, ਇਹ ਸੂਝ ਉਦੋਂ ਹੀ ਮਿਲਦੀ ਹੈ, ਜਦੋਂ ਗੁਰੂ ਮਿਲ ਪਏ। ਗੁਰੂ ਨੂੰ ਮਿਲ ਕੇ ਆਤਮਕ ਜੀਵਨ ਦੇ ਹਨੇਰੇ ਵਿਚੋਂ ਬਾਹਰ ਨਿਕਲ ਸਕਦੇ ਹਾਂ। ਅਕਾਲ ਪੁਰਖੁ ਆਪਣੇ ਹੁਕਮੁ ਅਨੁਸਾਰ ਜੋ ਕੁਝ ਜੀਵ ਪਾਸੋਂ ਕਰਵਾਉਂਦਾ ਹੈ, ਉਸ ਦੇ ਅਨੁਸਾਰ ਉਸ ਦਾ ਨਾਂ ਮੂਰਖ ਜਾਂ

ਗਿਆਨੀ ਪੈ ਜਾਂਦਾ ਹੈ। ਇਹ ਮਨੁੱਖਾ ਜਨਮ ਜੀਵਨ ਸਫਲ ਕਰਨ ਲਈ ਮਿਲਿਆ ਹੈ, ਤੇ ਇਹ ਸਾਡੇ ਤੇ ਨਿਰਭਰ ਕਰਦਾ ਹੈ, ਕਿ ਅਸੀਂ ਕੀ ਚੁਣਦੇ ਹਾਂ।

***ਓਅੰਕਾਰਿ ਉਤਪਾਤੀ ॥ ਕੀਆ ਦਿਨਸੁ ਸਭ ਰਾਤੀ ॥ ਵਣੁ ਤ੍ਰਿਣੁ ਤ੍ਰਿਭਵਣ ਪਾਣੀ ॥ ਚਾਰਿ ਬੇਦ ਚਾਰੇ ਖਾਣੀ ॥ ਖੰਡ ਦੀਪ ਸਭਿ ਲੋਆ ॥ ਏਕ ਕਵਾਵੈ ਤੇ ਸਭਿ ਹੋਆ ॥੧॥ ਕਰਣੈਹਾਰਾ ਬੂਝਹੁ ਰੇ ॥ ਸਤਿਗੁਰੁ ਮਿਲੈ ਤ ਸੂਝੈ ਰੇ ॥੧॥ ਰਹਾਉ ॥***

*(੧੦੦੩,੧੦੦੪)*

ਜੇ ਕਰ ਉਪਰ ਲਿਖੀਆਂ, ਗੁਰਬਾਣੀ ਦੀਆਂ ਸਿਖਿਆਵਾਂ, ਨੂੰ ਇਕੱਠਾ ਕਰੀਏ ਤਾਂ ਅਸੀਂ ਨਿਸਚੇ ਨਾਲ ਸਮਝ ਸਕਦੇ ਹਾਂ, ਕਿ ਗੁਰੂ ਸਾਹਿਬਾਂ ਨੇ ਕਈ ਸਾਲ ਪਹਿਲਾਂ ਹੀ ਸਮਝਾ ਦਿਤਾ ਸੀ, ਕਿ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਅਕਾਲ ਪੁਰਖ ਆਪ ਹੀ ਹੈ ਤੇ ਇਹ ਉਸ ਦੇ ਹੁਕਮੁ ਅਨੁਸਾਰ ਪੈਦਾ ਹੋਈ। ਅਕਾਲ ਪੁਰਖ ਦਾ ਹੁਕਮੁ ਸਮਝਣ ਲਈ ਆਪਣੇ ਅੰਦਰ ਅਕਾਲ ਪੁਰਖ ਦੇ ਗੁਣ ਪੈਦਾ ਕਰਨੇ ਜਰੂਰੀ ਹਨ। ਇਸ ਲਈ ਆਓ ਸਾਰੇ ਜਾਣੇ ਸਬਦ ਗੁਰੂ ਦੁਆਰਾ ਆਪਣੇ ਅੰਦਰ ਗਿਆਨ ਦਾ ਚਾਨਣ ਪੈਦਾ ਕਰੀਏ ਅਤੇ ਪੂਰੀ ਦੁਨੀਆ ਵਿਚੋਂ ਅਗਿਆਨਤਾ ਦਾ ਅੰਧੇਰਾ ਦੂਰ ਕਰਨ ਲਈ ਉਪਰਾਲਾ ਕਰੀਏ।

**"ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ"**

ਤਤਕਰਾ

# ਸਰੀਰਕ ਜੀਵਨ ਦਾ ਆਧਾਰ ਪਾਣੀ ਅਤੇ ਹਵਾ ਹਨ ਤੇ ਆਤਮਿਕ ਜੀਵਨ ਦਾ ਆਧਾਰ ਗੁਰੂ ਹੈ (ਭਾਗ-੫)

# Water and air are required for physical existence and Guru is essential for spiritual life (Part-5)

ਇਸ ਧਰਤੀ ਤੇ ਪੈਦਾ ਹੋਣ ਵਾਲੇ ਅਨੇਕਾਂ ਜੀਵਾਂ ਬਾਰੇ ਅੱਜਕਲ ਸਾਇੰਸ ਦੇ ਆਧਾਰ ਤੇ ਕਈ ਤਰ੍ਹਾਂ ਦੀਆਂ ਥਿਊਰੀਆਂ ਦਿਤੀਆਂ ਜਾ ਰਹੀਆਂ ਹਨ। ਪਰੰਤੂ ਪੂਰਨ ਕੋਈ ਵੀ ਨਹੀਂ। ਬਿਗ ਬੈਂਗ ਥਿਊਰੀ (Big Bang Theory) ਦੇ ਮੁਤਾਬਕ ਬਹੁਤ ਸਾਰੀ ਹਾਈਡਰੋਜ਼ਨ ਨਿਕਲੀ ਜਿਸ ਤੋਂ ਹੋਰ ਪਦਾਰਥ ਬਣੇ। ਗੁਰੂ ਨਾਨਕ ਸਾਹਿਬ ਦੀ ੫੦੦ ਸਾਲ ਪਹਿਲਾਂ ਦਿਤੀ ਗਈ ਸੇਧ ਨੂੰ ਕਿਸੇ ਵਿਰਲੇ ਨੇ ਹੀ ਵਿਚਾਰਿਆ ਹੈ। ਉਨ੍ਹਾਂ ਸਪੱਸ਼ਟ ਕਿਹਾ ਹੈ ਕਿ ਇਸ ਪਵਨ ਨੂੰ ਪੈਦਾ ਕਰਨ ਵਾਲਾ, ਉਹ ਅਕਾਲ ਪੁਰਖੁ ਤੇ ਉਸ ਦਾ ਧਰਮ ਜਾਂ ਅਸੂਲ ਹੀ ਹੈ। ਇਸ ਪਵਨ (ਹਾਈਡਰੋਜ਼ਨ + ਔਕਸੀਜ਼ਨ) ਤੋਂ ਹੀ ਪਾਣੀ ਬਣਿਆ ਹੈ। ਇਸ ਜਲ ਤੋਂ ਸਾਰੇ ਜੀਵ ਜੰਤੂ ਪੈਦਾ ਹੋਏ ਹਨ। ਅੱਜ ਦੀ ਸਾਇੰਸ ਵੀ ਇਹੀ ਕਹਿੰਦੀ ਹੈ ਕਿ ਜੀਵਨ ਪਾਣੀ ਤੋਂ ਆਰੰਭ ਹੋਇਆ। ਇਸੇ ਕਰਕੇ ਮੰਗਲ ਅਤੇ ਚੰਦਰਮਾਂ ਉੱਪਰ ਪਾਣੀ ਦੀ ਸੰਭਾਵਨਾਂ ਬਾਰੇ ਖੋਜ਼ਾਂ ਹੋ ਰਹੀਆਂ ਹਨ।

ਅਕਾਲ ਪੁਰਖੁ ਤੋਂ ਸੂਖਮ ਤੱਤ ਪਵਣ ਬਣਿਆ, ਪਵਣ ਤੋਂ ਜਲ ਹੋਂਦ ਵਿਚ ਆਇਆ, ਜਲ ਤੋਂ ਸਾਰਾ ਜਗਤ ਰਚਿਆ ਗਿਆ, ਤੇ, ਇਸ ਰਚੇ ਸੰਸਾਰ ਦੇ ਹਰੇਕ ਹਿਰਦੇ ਵਿਚ ਅਕਾਲ ਪੁਰਖੁ ਦੀ ਜੋਤਿ ਸਮਾਈ ਹੋਈ ਹੈ। ਪਰੰਤੂ ਅਕਾਲ ਪੁਰਖੁ ਅਤੇ ਉਸ ਦੇ ਹੁਕਮੁ ਬਾਰੇ ਸੋਝੀ ਸਬਦ ਗੁਰੂ ਤੋਂ ਹੀ ਮਿਲ ਸਕਦੀ ਹੈ, ਗੁਰੂ ਦੇ ਸ਼ਬਦ ਵਿਚ ਰੰਗੇ ਹੋਏ ਨੂੰ ਲੋਕ ਪਰਲੋਕ ਵਿਚ ਆਦਰ ਮਿਲਦਾ ਹੈ, ਉਹ ਹਿਰਦਾ ਸਦਾ ਪਵਿਤ੍ਰ ਰਹਿੰਦਾ ਹੈ, ਉਸ ਨੂੰ ਵਿਕਾਰਾਂ ਦੀ ਮੈਲ ਨਹੀਂ ਲੱਗਦੀ।

*ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ ॥ ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ ॥ ਨਿਰਮਲੁ ਮੈਲਾ ਨਾ ਥੀਐ ਸਬਦਿ ਰਤੇ ਪਤਿ ਹੋਇ ॥੩॥ (੧੯,੨੦)*

ਅਕਾਲ ਪੁਰਖੁ ਨੇ ਹਵਾ ਬਣਾਈ, ਸਾਰੀ ਧਰਤੀ ਸਾਜੀ, ਪਾਣੀ ਅੱਗ ਦਾ ਮੇਲ ਕੀਤਾ, ਭਾਵ, ਇਹ ਸਾਰੇ ਵਿਰੋਧੀ ਤੱਤ ਇਕੱਠੇ ਕਰ ਕੇ ਜਗਤ ਦੀ ਰਚਨਾ ਕੀਤੀ। ਹਾਈਡਰੋਜਨ ਧਮਾਕੇ ਨਾਲ ਬਲਦੀ ਹੈ, ਔਕਸੀਜ਼ਨ ਬਲਣ ਵਿਚ ਸਹਾਇਤਾ ਕਰਦੀ ਹੈ, ਪਰ ਦੋਹਾਂ ਦੇ ਮੇਲ ਨਾਲ ਬਣਿਆ ਪਾਣੀ ਅੱਗ ਨੂੰ ਬੁਝਾਉਂਦਾ ਹੈ। ਪਾਣੀ, ਮਿਟੀ ਤੇ ਟਾਪੂ ਇਕ ਦੂਜੇ ਦੇ ਨਾਲ ਨਾਲ ਬਣੇ ਹੋਏ ਹਨ, ਪਰ ਪਾਣੀ ਮਿਟੀ ਤੇ ਟਾਪੂ ਨੂੰ ਰੋੜ ਵੀ ਦਿੰਦਾ ਹੈ। ਰਚਨਹਾਰ ਅਕਾਲ ਪੁਰਖੁ ਦੀ ਇਹ ਇਕ ਅਸਚਰਜ ਲੀਲਾ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਉਹ ਬੇਅੰਤ ਵੱਡੀਆਂ ਤਾਕਤਾਂ ਵਾਲਾ ਹੈ, ਪਰ ਉਸ ਦੀ ਇਹ ਅਤੁਲ ਵਡਿਆਈ ਭੁਲਾ ਕੇ ਨਿਰਾ ਰਾਵਣ ਦੇ ਮਾਰਨ ਵਿਚ ਹੀ ਉਸ ਦੀ ਵਡਿਆਈ ਸੀਮਿਤ ਕਰਨੀ ਬਹੁਤ ਵੱਡੀ ਭੁੱਲ ਹੈ। ਅਕਾਲ ਪੁਰਖੁ ਨਿਰਾ ਉਸ ਮੂਰਖ ਰਾਵਣ ਨੂੰ ਮਾਰ ਕੇ ਹੀ ਵੱਡਾ ਨਹੀਂ ਹੋ ਗਿਆ। ਨਿਰਾ ਕੰਸ ਨੂੰ ਮਾਰ ਕੇ ਉਹ ਕਿਤਨਾ ਕੁ ਵੱਡਾ ਬਣ ਗਿਆ? ਨਿਰੇ ੧੪ ਰਤਨ ਵੰਡਣ ਨਾਲ ਅਕਾਲ ਪੁਰਖੁ ਦੀ ਵਡਿਆਈ ਨਹੀਂ ਬਣ ਗਈ, ਉਸ ਦੀਆਂ ਵਡਿਆਈਆਂ ਤਾਂ ਉਸ ਦੀ ਰਚੀ ਕੁਦਰਤ ਵਿਚੋਂ ਹਰੇਕ ਥਾਂ ਤੇ ਦਿੱਸ ਰਹੀ ਹੈ। ਅਕਾਲ ਪੁਰਖੁ ਦੀ ਵਡਿਆਈ ਬਿਆਨ ਨਹੀਂ ਕੀਤੀ ਜਾ ਸਕਦੀ। ਉਹ ਸਭ ਜੀਵਾਂ ਵਿਚ ਵਿਆਪਕ ਹੈ, ਮੌਜੂਦ ਹੈ। ਅਕਾਲ ਪੁਰਖ ਨੇ ਸ੍ਰਿਸ਼ਟੀ ਦੇ ਸਾਰੇ ਜੀਵ ਪੈਦਾ ਕਰ ਕੇ ਸਭਨਾਂ ਨੂੰ ਆਪਣੇ ਹੁਕਮੁ ਵਿਚ ਰੱਖਿਆ ਹੋਇਆ ਹੈ।

***ਆਸਾ ਮਹਲਾ ੧ ॥** ਪਉਣੁ ਉਪਾਇ ਧਰੀ ਸਭ ਧਰਤੀ ਜਲ ਅਗਨੀ ਕਾ ਬੰਧੁ ਕੀਆ ॥ ਅੰਧੁਲੈ ਦਹਸਿਰਿ ਮੂੰਡੁ ਕਟਾਇਆ ਰਾਵਣੁ ਮਾਰਿ ਕਿਆ ਵਡਾ ਭਇਆ ॥੧॥ ਕਿਆ ਉਪਮਾ ਤੇਰੀ ਆਖੀ ਜਾਇ ॥ ਤੂੰ ਸਰਬੇ ਪੂਰਿ ਰਹਿਆ ਲਿਵ ਲਾਇ ॥੧॥ ਰਹਾਉ ॥ (੩੫੦)*

ਗੁਰੂ ਸਾਹਿਬ ਨੇ ਕਈ ਸਾਲ ਪਹਿਲਾਂ ਦੱਸ ਦਿਤਾ ਸੀ ਕਿ ਸਰੀਰਕ ਜੀਵਨ ਦਾ ਆਧਾਰ ਹਵਾ ਹੈ ਅਤੇ ਆਤਮਿਕ ਜੀਵਨ ਦਾ ਆਧਾਰ ਗੁਰੂ ਹੈ। ਜੀਵਨ ਚਲਦਾ ਰਹਿਣ ਲਈ ਪਾਣੀ (ਪਿਤਾ) ਦੀ ਜਰੂਰਤ ਹੈ। ਜੀਵ ਦੇ ਪਾਲਣ ਪੋਸਣ ਲਈ ਧਰਤੀ (ਮਾਤਾ) ਦੀ ਜਰੂਰਤ ਹੈ। ਸੰਸਾਰ ਦੇ ਸਾਰੇ ਜੀਵ ਰਾਤ ਨੂੰ ਸੌਣ ਵਿਚ ਤੇ ਦਿਨੇ ਆਪਣੇ ਕਾਰ ਵਿਹਾਰ ਵਿਚ ਲੱਗੇ ਰਹਿੰਦੇ ਹਨ। ਅਕਾਲ ਪੁਰਖ ਜੀਵਾਂ ਦੇ ਚੰਗੇ ਤੇ ਮੰਦੇ ਕੰਮ ਨੂੰ ਵੇਖ ਰਿਹਾ ਹੈ। ਆਪੋ ਆਪਣੇ ਕੀਤੇ ਹੋਏ ਕਰਮਾਂ ਦੇ ਅਨੁਸਾਰ ਕਈ ਜੀਵ ਅਕਾਲ ਪੁਰਖ ਦੇ ਨੇੜੇ ਜਾਂ ਕਈ ਦੂਰ ਹੋ ਜਾਂਦੇ ਹਨ। ਇਹ ਸਿਧਾਤ ਬਿਲਕੁਲ ਨਿਊਟਨ ਦੇ ਤੀਸਰੇ ਨਿਯਮ ਵਰਗਾ ਹੈ। ਜਿਸ ਅਨੁਸਾਰ ਕਿਰਿਆ ਤੇ ਉਸ ਦੀ ਪ੍ਰਤੀ ਕਿਰਿਆ ਇਕ ਦੂਜੇ ਦੇ ਬਰਾਬਰ ਤੇ ਉਲਟ ਹੁੰਦੇ ਹਨ। (Action and reaction are equal and opposite) ਹੁਣ ਇਸੇ ਨੂੰ ਅਸੀਂ ਆਪਣੀਆਂ ਕਿਰਿਆਵਾਂ ਜੋ ਕਿ ਅਸੀਂ ਸਰੀਰਕ ਤੇ ਮਾਨਸਕ ਤਲ ਤੇ ਕਰਦੇ ਹਾਂ, ਉਪਰ ਲਗਾਈਏ, ਤਾਂ ਸਰੀਰਕ ਕਿਰਿਆਵਾਂ ਦੇ ਨਤੀਜੇ ਬਾਰੇ ਤਾਂ ਕੁਝ ਹੱਦ ਤਕ ਨਿਊਟਨ ਦੇ ਤੀਸਰੇ ਨਿਯਮ ਅਨੁਸਾਰ ਸਮਝ ਸਕਦੇ ਹਾਂ, ਪਰੰਤੂ ਮਾਨਸਕ ਤਲ ਤੇ ਕੀਤੀਆਂ ਕਿਰਿਆਵਾਂ ਦੇ ਨਤੀਜੇ ਬਾਰੇ ਗੁਰੂ ਦੀ ਸ਼ਰਨ ਵਿਚ ਜਾਣਾ ਪਵੇਗਾ। ਜਿਨ੍ਹਾਂ ਨੇ ਸਿਰਫ ਮਾਇਆ ਦੀ ਖੇਡ ਹੀ ਖੇਡੀ, ਉਨ੍ਹਾਂ ਨੇ ਅਕਾਲ ਪੁਰਖ ਤੋਂ ਵਿੱਥ ਪਾ ਲਈ। ਜਿਨ੍ਹਾਂ ਮਨੁੱਖਾਂ ਨੇ ਅਕਾਲ ਪੁਰਖ ਦਾ ਨਾਮੁ ਆਪਣੇ ਚਿੱਤ ਵਿਚ ਰੱਖਿਆ, ਉਹ ਆਪਣੀ

ਮਿਹਨਤ ਸਫਲ ਕਰ ਗਏ, ਅਕਾਲ ਪੁਰਖ ਦੇ ਦਰ ਤੇ ਉਹ ਉੱਜਲ ਮੁੱਖ ਵਾਲੇ ਹਨ ਅਤੇ ਹੋਰ ਵੀ ਕਈ ਜੀਵ ਉਨ੍ਹਾਂ ਦੀ ਸੰਗਤਿ ਕਰ ਕੇ "ਕੂੜ ਦੀ ਪਾਲਿ" ਢਾਹ ਕੇ ਮਾਇਆ ਦੇ ਬੰਧਨਾਂ ਤੋਂ ਆਜ਼ਾਦ ਹੋ ਗਏ।

***ਸਲੋਕੁ ॥ ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥ ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥ ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥ ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥ ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥ (੮)***

ਭਗਤ ਨਾਮਦੇਵ ਜੀ ਕਰਮ ਕਾਂਡਾਂ ਨੂੰ ਖੰਡਦੇ ਹੋਏ, ਇਹ ਸਮਝਾ ਰਹੇ ਹਨ ਕਿ ਤੁਸੀ ਕਿਹੜੀ ਸੁੱਚਮਤਾ ਤੇ ਜੂਠ ਦੀ ਗੱਲ ਕਰਦੇ ਹੋ। ਜਿਸ ਸੁੱਚੇ ਪਾਣੀ ਨਾਲ ਇਸ਼ਨਾਨ ਕਰਾਵਾਉਂਣ ਦਾ ਕਹਿੰਦੇ ਹੋ, ਉਹ ਪਾਣੀ ਤਾਂ ਜੂਠਾ ਹੈ, ਕਿਉਂਕਿ ਪਾਣੀ ਵਿਚ ਬਤਾਲੀ ਲੱਖ ਜੂਨਾਂ, ਭਾਵ ਅਣਗਿਣਤ ਜੀਵ ਰਹਿੰਦੇ ਹਨ। ਸਭ ਜੀਵਾਂ ਵਿਚ ਅਕਾਲ ਪੁਰਖੁ ਵਿਆਪਕ ਹੋ ਕੇ ਵਿਚਰ ਰਿਹਾ ਹੈ। ਹਰ ਥਾਂ ਤੇ ਨਿਰਲੇਪ ਅਕਾਲ ਪੁਰਖੁ ਮੌਜੂਦ ਹੈ। ਭਗਤ ਨਾਮਦੇਵ ਜੀ ਨੇ ਮੂਰਤੀ ਪੂਜਾ ਦਾ ਖੰਡਨ ਤੇ ਸਰਬ ਵਿਆਪਕ ਅਕਾਲ ਪੁਰਖੁ ਦੀ ਭਗਤੀ ਦਾ ਉਪਦੇਸ਼ ਦਿਤਾ ਹੈ।

***ਬਇਆਲੀਸ ਲਖ ਜੀ ਜਲ ਮਹਿ ਹੋਤੇ ਬੀਠਲੁ ਭੈਲਾ ਕਾਇ ਕਰਉ ॥੧॥ ਜਤ੍ਰ ਜਾਉ ਤਤ ਬੀਠਲੁ ਭੈਲਾ ॥ ਮਹਾ ਅਨੰਦ ਕਰੇ ਸਦ ਕੇਲਾ ॥੧॥ ਰਹਾਉ ॥ (੪੮੫)***

ਗੁਰੂ ਸਾਹਿਬ ਨੇ ਜਿਥੇ ਸੂਤਕੁ ਦਾ ਭਰਮ ਦੂਰ ਕੀਤਾ, ਉਥੇ ਇਹ ਵੀ ਸਮਝਾ ਦਿਤਾ ਹੈ ਕਿ ਸੂਤਕੁ ਸਭ ਥਾਈਂ ਹੁੰਦਾ ਹੈ। ਭਾਵ ਹਰੇਕ ਗੋਹੇ ਤੇ ਲਕੜੀ ਦੇ ਅੰਦਰ ਵੀ ਕੀੜੇ ਹੁੰਦੇ ਹਨ, ਜਿਹੜੇ ਜੰਮਦੇ ਤੇ ਮਰਦੇ ਰਹਿੰਦੇ ਹਨ। ਜਿਤਨੇ ਵੀ ਅੰਨ ਦੇ ਦਾਣੇ ਹਨ, ਉਨ੍ਹਾਂ ਅੰਦਰ ਜੀਵ ਜੰਤੂ ਰਹਿੰਦੇ ਹਨ। ਜੀਵਨ ਦਾ ਆਧਾਰ ਪਾਣੀ ਹੈ, ਜਿਸ ਸਦਕਾ ਸਾਰੇ ਜੀਵ ਜੰਤੂ ਤੇ ਹਰਿਆਵਲ ਕਾਇਮ ਹੈ। ਸੂਤਕ ਦਾ ਭਰਮ ਪੂਰੇ ਤੌਰ ਤੇ ਮੰਨਣਾ ਬਹੁਤ ਮੁਸ਼ਕਲ ਹੈ, ਕਿਉਂਕਿ ਸੂਤਕ ਤਾਂ ਹਰ ਵੇਲੇ ਹੀ ਰਸੋਈ ਵਿਚ ਪਿਆ ਰਹਿੰਦਾ ਹੈ, ਜਿਥੇ ਕਿ ਹਮੇਸ਼ਾਂ ਅੰਨ ਤੇ ਪਾਣੀ ਰੱਖੇ ਰਹਿੰਦੇ ਹਨ। ਇਸ ਤਰ੍ਹਾਂ ਭਰਮਾਂ ਵਿਚ ਪਿਆਂ ਸੂਤਕ ਦਾ ਵਹਿਮ ਮਨ ਵਿਚੋ ਨਹੀਂ ਨਿਕਲ ਸਕਦਾ, ਇਸ ਨੂੰ ਗੁਰਬਾਣੀ ਦੇ ਗਿਆਨ ਦੁਆਰਾ ਹੀ ਧੋ ਕੇ ਲਾਹਿਆ ਜਾ ਸਕਦਾ ਹੈ। ਇਸ ਸਬਦ ਵਿਚ ਗੁਰੂ ਸਾਹਿਬ ਨੇ ਸਾਇੰਸ ਦੀ ਇਹ ਅਸਲੀਅਤ ਵੀ ਸਮਝਾ ਦਿਤੀ ਕਿ ਪਾਣੀ, ਲੱਕੜੀ ਤੇ ਅੰਨ ਦੇ ਹਰੇਕ ਦਾਣੇ ਵਿਚ ਅੰਦਰ ਜੀਵ ਜੰਤੂ ਰਹਿੰਦੇ ਹਨ।

***ਸਲੋਕੁ ਮਃ ੧ ॥ ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ ॥ ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ ॥ ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥ ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥ ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ ॥ ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ ॥੧॥ (੪੭੨-੪੭੩)***

ਜੀਵ ਦੀ ਪੈਦਾਇਸ਼ ਮਨੁੱਖ ਜਾਂ ਸਾਡੀ ਸਾਇੰਸ ਨਹੀਂ ਕਰ ਸਕਦੀ ਹੈ। ਜੀਵ ਆਤਮਾ ਅਤੇ ਮਨ ਦੇ ਤਲ ਤੇ ਕਿਹੜੇ ਨਿਯਮ ਲਾਗੂ ਹੁੰਦੇ ਹਨ, ਉਹ ਵਰਤਮਾਨ ਸਾਇੰਸ ਦੀ ਸਮਰੱਥਾ ਤੋਂ ਬਾਹਰ ਹਨ। ਇਸ ਸ਼ਬਦ ਵਿਚ ਵੀ ਗੁਰੂ ਸਾਹਿਬ ਨੇ ਇਹੀ ਸਪੱਸ਼ਟ ਕੀਤਾ ਹੈ, ਕਿ ਜੀਵਨ ਲਈ ਜਲ ਜਰੂਰੀ ਹੈ। ਨਾਲ ਹੀ ਕੁਝ ਬੁਝਣ ਦੀ ਗੱਲ ਸਮਝਾਈ ਹੈ, ਭਾਵ ਗੁਰੂ ਦੀ ਮਤ ਰਾਹੀਂ ਜੀਵਨ ਦੀ ਅਸਲੀਅਤ ਨੂੰ ਸਮਝਣਾ ਹੈ। ਅਸਲ ਵਿਚ ਇਹ ਜਗਤ ਅਕਾਲ ਪੁਰਖੁ ਦਾ ਰੂਪ ਹੈ, ਕਿਉਂਕਿ ਹਰੇਕ ਜੀਵ ਅਕਾਲ ਪੁਰਖੁ ਤੋਂ ਹੀ ਪੈਦਾ ਹੁੰਦਾ ਹੈ, ਪਰ ਕੋਈ ਵਿਰਲਾ ਬੰਦਾ ਇਹ ਗੱਲ ਗੁਰੂ ਦੀ ਮਿਹਰ ਨਾਲ ਸਮਝਦਾ ਹੈ, ਤੇ ਜੋ ਸਮਝ ਲੈਂਦਾ ਹੈ ਉਸ ਮਨੁੱਖ ਦੇ ਅੰਦਰੋਂ ਹਉਮੈਂ ਦੂਰ ਹੋ ਜਾਂਦਾ ਹੈ ਤੇ ਉਸ ਦਾ ਜੀਵਨ ਵਿਕਾਰ ਰਹਿਤ ਹੋ ਜਾਂਦਾ ਹੈ।

***ਨਾਨਕ ਇਹੁ ਜਗਤੁ ਸਭੁ ਜਲੁ ਹੈ ਜਲ ਹੀ ਤੇ ਸਭ ਕੋਇ ॥ ਗੁਰ ਪਰਸਾਦੀ ਕੋ ਵਿਰਲਾ ਬੂਝੈ ਸੋ ਜਨੁ ਮੁਕਤੁ ਸਦਾ ਹੋਇ ॥੨॥ (੧੨੮੩)***

ਇਸ ਸਬਦ ਵਿਚ ਗੁਰੂ ਸਾਹਿਬ ਉਦਾਹਰਣ ਤਾਂ ਪਪੀਹੇ ਤੇ ਪਾਣੀ ਦੀ ਆਮ ਜੀਵਨ ਬਾਰੇ ਦੇ ਰਹੇ ਹਨ, ਪਰ ਸਮਝਾ ਇਸ ਮਨ ਨੂੰ ਰਹੇ ਹਨ। ਆਮ ਪਾਣੀ ਨਾਲ ਸਾਰੀ ਸ੍ਰਿਸ਼ਟੀ ਵਿਚ ਉਤਪਤੀ ਹੋ ਰਹੀ ਹੈ। ਪਰੰਤੂ ਪਾਣੀ ਤੋਂ ਬਿਨਾ ਪਿਆਸ ਨਹੀਂ ਬੁਝ ਸਕਦੀ, ਜਦੋਂ ਤਕ ਪਾਣੀ ਦੀ ਬੂੰਦ ਮਨੁੱਖ ਦੇ ਮੂੰਹ ਵਿਚ ਨਹੀਂ ਪੈਂਦੀ। ਇਸੇ ਤਰ੍ਹਾਂ ਮਾਇਆ ਦੀ ਤ੍ਰਿਸ਼ਨਾ ਦੂਰ ਨਹੀਂ ਹੋ ਸਕਦੀ, ਜਦੋਂ ਤੱਕ, ਗੁਰੂ ਦੇ ਸ਼ਬਦ ਦੁਆਰਾ ਅੰਮ੍ਰਿਤ ਨਾਮੁ ਦੀ ਬੂੰਦ ਉਸ ਮਨੁੱਖ ਦੇ ਹਿਰਦੇ ਵਿਚ ਨਹੀਂ ਵਸਦੀ। ਇਸ ਲਈ ਸਦਾ ਕਾਇਮ ਰਹਿਣ ਵਾਲੇ ਅਕਾਲ ਪੁਰਖੁ ਦਾ ਨਾਮੁ ਚੇਤੇ ਕਰਿਆ ਕਰੋ, ਅਕਾਲ ਪੁਰਖੁ ਦੇ ਹੁਕਮੁ ਨੂੰ ਭਲਾ ਜਾਣ ਕੇ ਮੰਨਿਆ ਕਰੋ।

***ਜਲ ਹੀ ਤੇ ਸਭ ਊਪਜੈ ਬਿਨੁ ਜਲ ਪਿਆਸ ਨ ਜਾਇ ॥ ਨਾਨਕ ਹਰਿ ਜਲੁ ਜਿਨਿ ਪੀਆ ਤਿਸੁ ਭੂਖ ਨ ਲਾਗੈ ਆਇ ॥੫੫॥ (ਪੰਨਾ ੧੪੧੯, ੧੪੨੦)***

ਪੰਜ ਤੱਤਾ ਵਿਚੋ ਹਵਾ ਜੀਵਨ ਦਾ ਆਧਾਰ ਹੈ, ਸਾਡਾ ਸਰੀਰ ਸਵਾਸਾਂ ਦੇ ਆਸਰੇ ਚਲ ਰਿਹਾ ਹੈ। ਅਸੀਂ ਸਾਹ ਰਾਹੀਂ ਔਕਸੀਜਨ ਲੈਂਦੇ ਹਾਂ, ਜਿਸ ਨਾਲ ਸਾਡੇ ਖਾਣੇ ਤੋਂ ਬਣੇ ਹੋਏ ਗੁਲੂਕੋਜ਼ ਦੇ ਬਲਣ ਨਾਲ ਊਰਜਾ ਪੈਦਾ ਹੁੰਦੀ ਹੈ, ਜਿਸ ਨਾਲ ਸਾਨੂੰ ਤਾਕਤ ਮਿਲਦੀ ਹੈ ਤੇ ਸਾਡਾ ਸਰੀਰ ਚਲਦਾ ਰਹਿੰਦਾ ਹੈ। ਜਗਤ ਵਿਚ ਅਕਾਲ ਪੁਰਖੁ ਦੀ ਰਚੀ ਰਚਨਾ ਦਾ ਨਾਚ ਹੋ ਰਿਹਾ ਹੈ। ਇਸ ਨਾਚ ਨੂੰ ਵੇਖਣ ਦੀ ਸਮਰਥਾ ਵਾਲਾ ਦਇਆਵਾਨ ਅਕਾਲ ਪੁਰਖੁ ਨਾਚ ਦੇ ਇਸ ਸਾਰੇ ਸਾਜ ਸਿੰਗਾਰ ਨੂੰ ਆਪ ਵੇਖ ਰਿਹਾ ਹੈ।

ਸਭ ਜੀਵਾਂ ਦੇ ਮਨਾਂ ਦੇ ਨੱਚਣ ਵਾਸਤੇ ਸਾਰੀ ਧਰਤੀ ਅਖਾੜਾ ਬਣੀ ਹੋਈ ਹੈ, ਇਸ ਦੇ ਉੱਪਰ ਆਕਾਸ਼ ਚੰਦੋਏ ਦੀ ਤਰ੍ਹਾਂ ਤਣਿਆ ਹੋਇਆ ਹੈ। ਜਿਹੜਾ ਸਰੀਰ ਪਾਣੀ ਤੋਂ ਪੈਦਾ ਹੁੰਦਾ ਹੈ, ਉਸ ਦਾ ਤੇ ਜਿੰਦ ਦਾ ਮਿਲਾਪ ਕਰਾਈ ਰੱਖਣ ਵਾਲਾ, ਹਰੇਕ ਜੀਵ ਦੇ ਅੰਦਰ ਚੱਲ ਰਿਹਾ, ਹਰੇਕ ਸੁਆਸ ਹੀ ਹੈ। ਪੰਜ ਤੱਤਾਂ ਨੂੰ ਮਿਲਾ ਕੇ ਅਕਾਲ ਪੁਰਖੁ ਨੇ ਹਰੇਕ ਜੀਵ ਦਾ ਸਰੀਰ ਬਣਾਇਆ ਹੋਇਆ ਹੈ। ਜੀਵ ਦੇ ਪਿਛਲੇ ਕੀਤੇ ਹੋਏ ਕਰਮਾਂ ਅਨੁਸਾਰ ਸਰੀਰ ਦਾ ਮਿਲਾਪ ਪ੍ਰਾਪਤ ਹੋਇਆ। ਇਸ ਧਰਤ ਅਖਾੜੇ ਵਿਚ ਚੰਦ ਅਤੇ ਸੂਰਜ ਦੋ ਦੀਵੇ ਬਲ ਰਹੇ ਹਨ, ਜੋ ਕਿ ਚਾਰੇ ਪਾਸੇ ਚਾਨਣ ਦੇਣ ਲਈ ਟਿਕਾਏ ਹੋਏ ਹਨ। ਹਰੇਕ ਜੀਵ ਦੇ ਦਸ ਇੰਦ੍ਰੇ ਤੇ ਪੰਜ ਕਾਮਾਦਿਕ ਡੂੰਮ ਇਕੋ ਸਰੀਰ ਵਿਚ ਹੀ ਇਕੱਠੇ ਹਨ। ਇਹ ਸਾਰੇ ਵੱਖ ਵੱਖ ਹੋ ਕੇ ਵੀ ਆਪੋ ਆਪਣੇ ਕਲੋਲ ਵਿਖਾ ਰਹੇ ਹਨ, ਇਨ੍ਹਾਂ ਪੰਜਾਂ ਕਰਕੇ ਸਭਨਾਂ ਵਿਚ ਵੱਖਰੀ ਵੱਖਰੀ ਪ੍ਰੇਰਨਾ ਤੇ ਕਾਮਨਾ ਹੈ। ਮਾਇਆ ਦੇ ਕਈ ਵਾਜੇ ਜੀਵਾਂ ਨੂੰ ਨਚਾ ਰਹੇ ਹਨ, ਕਈ ਵਾਜੇ ਜੀਵਾਂ ਨੂੰ ਭਟਕਾਂਦੇ ਫਿਰਦੇ ਹਨ ਅਤੇ ਅਨੇਕਾਂ ਜੀਵ ਇਨ੍ਹਾਂ ਦੇ ਕਰਕੇ ਖ਼ੁਆਰ ਹੋ ਰਹੇ। ਪਰੰਤੂ ਜਿਸ ਜੀਵ ਨੂੰ ਪੂਰਾ ਗੁਰੂ ਮਿਲ ਪੈਂਦਾ ਹੈ, ਉਹ ਮਾਇਆ ਦੇ ਹੱਥਾਂ ਤੇ ਮੁੜ ਮੁੜ ਨਹੀਂ ਨੱਚਦਾ।

***ਰਾਮ ਕੋ ਨਿਰਤਿਕਾਰੀ ॥ ਪੇਖੈ ਪੇਖਨਹਾਰੁ ਦਇਆਲਾ ਜੇਤਾ ਸਾਜੁ ਸੀਗਾਰੀ ॥੧॥ ਰਹਾਉ ॥ ਆਖਾਰ ਮੰਡਲੀ ਧਰਣਿ ਸਬਾਈ ਊਪਰਿ ਗਗਨੁ ਚੰਦੋਆ ॥ ਪਵਨੁ ਵਿਚੋਲਾ ਕਰਤ ਇਕੇਲਾ ਜਲ ਤੇ ਓਪਤਿ ਹੋਆ ॥ ਪੰਚ ਤਤੁ ਕਰਿ ਪੁਤਰਾ ਕੀਨਾ ਕਿਰਤ ਮਿਲਾਵਾ ਹੋਆ ॥੨॥ (੮੮੪, ੮੮੫)***

ਗੁਣਹੀਨ ਸਾਕਤ ਮਨੁੱਖ ਆਪਣੇ ਸਰੀਰ ਦਾ ਮਾਣ ਕਰਦਾ ਹੈ, ਆਪਣੀ ਅਸਲੀਅਤ ਨੂੰ ਨਹੀਂ ਪਹਿਚਾਣਦਾ ਹੈ। ਇਹ ਸਰੀਰ ਮਾਂ ਦੇ ਲਹੂ ਤੇ ਪਿਤਾ ਦੇ ਵੀਰਜ ਤੋਂ ਬਣਿਆ ਹੈ, ਆਖ਼ਰ ਇਕ ਦਿਨ ਇਸ ਨੇ ਅੱਗ ਵਿਚ ਪੈ ਜਾਣਾ ਹੈ। ਹਰੇਕ ਜੀਵ ਦੇ ਮੱਥੇ ਉੱਤੇ ਅਕਾਲ ਪੁਰਖੁ ਦਾ ਇਹ ਅਟੱਲ ਹੁਕਮੁ ਹੈ। ਇਹ ਸਰੀਰ ਸੁਆਸਾਂ ਦੇ ਅਧੀਨ ਹੈ, ਹਰੇਕ ਦੇ ਗਿਣੇ ਮਿਥੇ ਸੁਆਸ ਹਨ। ਜਿਵੇਂ ਬਾਲਕ ਦੀ ਪੇਟ ਦੀ ਭੁੱਖ, ਮਾਂ ਦੇ ਦੁੱਧ ਪੀਤਿਆਂ ਸ਼ਾਂਤ ਹੁੰਦੀ ਹੈ, ਤਿਵੇਂ ਇਹ ਤ੍ਰਿਸ਼ਨਾ ਦੀ ਅੱਗ ਉਦੋਂ ਬੁੱਝਦੀ ਹੈ ਜਦੋਂ ਗੁਰਬਾਣੀ ਦੁਆਰਾ ਅਕਾਲ ਪੁਰਖੁ ਦੇ ਨਾਮੁ ਦਾ ਜਲ ਇਸ ਉੱਤੇ ਪਾਈਏ। ਇਹ ਸਰੀਰ ਜਿਸ ਦਾ ਅਸੀਂ ਮਾਣ ਕਰਦੇ ਹਾਂ, ਤੇ ਇਹ ਧਨ ਜੋ ਮਨੁੱਖ ਇਕੱਠਾ ਕਰਦਾ ਰਹਿੰਦਾ ਹੈ, ਮਰਨ ਵੇਲੇ ਨਾਲ ਨਹੀਂ ਜਾਂਦਾ। ਅਕਾਲ ਪੁਰਖੁ ਦਾ ਨਾਮੁ ਐਸਾ ਪਵਿਤ੍ਰ ਧਨ ਹੈ, ਜੋ ਸਦਾ ਨਾਲ ਨਿਭਦਾ ਹੈ, ਪਰ ਇਹ ਮਿਲਦਾ ਉਸ ਨੂੰ ਹੈ, ਜਿਸ ਨੂੰ ਗੁਰੂ ਦਿੰਦਾ ਹੈ, ਜਿਸ ਉਤੇ ਉਹ ਅਕਾਲ ਪੁਰਖੁ ਬਖਸ਼ਦਾ ਹੈ।

***ਸਾਕਤ ਨਿਰਗੁਣਿਆਰਿਆ ਆਪਣਾ ਮੂਲੁ ਪਛਾਣੁ ॥ ਰਕਤੁ ਬਿੰਦੁ ਕਾ ਇਹੁ ਤਨੋ ਅਗਨੀ ਪਾਸਿ ਪਿਰਾਣੁ ॥ ਪਵਣੈ ਕੈ ਵਸਿ ਦੇਹੁਰੀ ਮਸਤਕਿ ਸਚੁ ਨੀਸਾਣੁ ॥੫॥ (੬੩)***

ਗੁਰੂ ਨਾਨਕ ਸਾਹਿਬ ਨੇ ਸਿਧਾਂ ਦੇ ਉੱਤਰ ਦੇਂਦੇ ਸਮੇਂ ਸਮਝਾਇਆ ਕਿ, ਪ੍ਰਾਣ ਹੀ ਮਨੁੱਖਾ ਦੀ ਹਸਤੀ ਦਾ ਮੁੱਢ ਹਨ, ਜਿਹੜੇ ਕਿ ਹਵਾ ਰਾਹੀਂ ਸਾਹ ਲੈਂਣ ਨਾਲ ਕਾਇਮ ਹਨ। ਇਹ ਮਨੁੱਖਾ ਜਨਮ ਦਾ ਸਮਾਂ ਸਤਿਗੁਰੂ ਦੀ ਸਿੱਖਿਆ ਲੈਣ ਦਾ ਹੈ। ਸ਼ਬਦ ਮੇਰਾ ਗੁਰੂ ਹੈ, ਮੇਰੀ ਸੁਰਤਿ ਦਾ ਟਿਕਾਓ, ਉਸ ਗੁਰੂ ਦਾ ਸਿੱਖ ਹੈ। ਇਹ ਸਬਦ ਸਾਬਤ ਕਰਦਾ ਹੈ ਕਿ ਨਾ ਤਾਂ ਸਰੀਰ ਗੁਰੂ ਹੋ ਸਕਦਾ ਹੈ ਤੇ ਨਾ ਹੀ ਚੇਲਾ ਸਰੀਰ ਹੋ ਸਕਦਾ ਹੈ। ਸਾਡਾ ਸਿੱਖ ਕਹਿਲਾਉਂਣਾਂ ਇਸ ਤੇ ਨਿਰਭਰ ਕਰਦਾ ਹੈ ਕਿ ਸਾਡੀ ਸੁਰਤ ਕਿੰਨੀ ਕੁ ਸਬਦ ਨਾਲ ਜੁੜੀ ਹੋਈ ਹੈ। ਗੁਰੂ ਸਾਹਿਬ ਸਮਝਾਂਉਂਦੇ ਹਨ ਕਿ ਮੈਂ ਅਕੱਥ ਅਕਾਲ ਪੁਰਖੁ ਦੀਆਂ ਗੱਲਾਂ ਕਰ ਕੇ ਭਾਵ, ਉਸ ਕਰਤੇ ਦੇ ਗੁਣ ਗਾ ਕੇ ਮਾਇਆ ਤੋਂ ਨਿਰਲੇਪ ਰਹਿੰਦਾ ਹਾਂ। ਉਹ ਅਕਾਲ ਪੁਰਖੁ ਹਰੇਕ ਜੁਗ ਵਿਚ ਮੌਜੂਦ ਸੀ ਤੇ ਹੁਣ ਵੀ ਹੈ। ਕੇਵਲ ਗੁਰ-ਸ਼ਬਦ ਹੀ ਹੈ, ਜਿਸ ਦੁਆਰਾ ਅਕਾਲ ਪੁਰਖੁ ਦੇ ਗੁਣ ਵਿਚਾਰੇ ਜਾ ਸਕਦੇ ਹਨ, ਇਸ ਸ਼ਬਦ ਰਾਹੀਂ ਗੁਰਮੁੱਖ ਮਨੁੱਖ ਆਪਣੇ ਅੰਦਰੋਂ ਹਉਮੈ ਤੇ ਤ੍ਰਿਸ਼ਨਾ ਦੀ ਅੱਗ ਦੂਰ ਕਰਦਾ ਹੈ।

***ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥ (੯੪੨,੯੪੩)***

ਸ੍ਰਿਸ਼ਟੀ ਦੀ ਰਚਨਾ ਕਰ ਕੇ ਅਕਾਲ ਪੁਰਖੁ ਨੇ ਮਾਨੋ, ਇਕ ਖੇਡ ਬਣਾ ਦਿੱਤੀ ਹੈ। ਹਵਾ ਪਾਣੀ ਅੱਗ ਆਦਿਕ ਤੱਤਾਂ ਨੂੰ ਇਕੱਠਾ ਕਰ ਕੇ ਤੇ ਸਰੀਰ ਬਣਾ ਕੇ, ਉਸ ਵਿਚ ਜਿੰਦ ਟਿਕਾ ਦਿੱਤੀ ਹੈ। ਇਸ ਸਰੀਰ ਰੂਪੀ ਨਗਰੀ ਨੂੰ ਉਸ ਨੇ ਨੌ ਦਰਵਾਜ਼ੇ (ਅੱਖਾਂ, ਨੱਕ, ਕੰਨ, ਮੂੰਹ, ਮਲ ਤਿਆਗ ਦੇ ਦੋ ਰਸਤੇ) ਤਾਂ ਪਰਗਟ ਤੌਰ ਤੇ ਲਾ ਦਿੱਤੇ ਹਨ, ਜਿਨ੍ਹਾਂ ਸਦਕਾ ਮਨੁੱਖ ਦਾ ਇਹ ਸਰੀਰ ਚਲਦਾ ਰਹਿੰਦਾ ਹੈ। ਪ੍ਰੰਤੂ ਸੋਝੀ ਦਾ ਉਹ ਦਸਵਾਂ ਦਰਵਾਜ਼ਾ, ਜਿਸ ਦਰਵਾਜ਼ੇ ਰਾਹੀਂ, ਉਸ ਕਰਤੇ ਦੇ ਘਰ ਵਿਚ ਪਹੁੰਚ ਸਕਦੇ ਹਾਂ, ਉਹ ਦਸਵਾਂ ਦਰਵਾਜ਼ਾ ਉਸ ਨੇ ਗੁਪਤ ਰੱਖਿਆ ਹੋਇਆ ਹੈ। ਉਹ ਦਰਵਾਜ਼ਾ ਸਿਰਫ ਗੁਰ-ਸ਼ਬਦ ਦੁਆਰਾ ਤੇ ਉਸ ਦੀ ਮਿਹਰ ਨਾਲ ਹੀ ਖੁੱਲਦਾ ਹੈ।

***ਜਗਤੁ ਉਪਾਇ ਖੇਲੁ ਰਚਾਇਆ ॥ ਪਵਣੈ ਪਾਣੀ ਅਗਨੀ ਜੀਉ ਪਾਇਆ ॥ ਦੇਹੀ ਨਗਰੀ ਨਉ ਦਰਵਾਜੇ ਸੋ ਦਸਵਾ ਗੁਪਤੁ ਰਹਾਤਾ ਹੇ ॥੪॥ (੧੦੩੭)***

ਇਸ ਸਰੀਰ ਵਿਚ ਉਸ ਨੇ ਹਵਾ, ਪਾਣੀ, ਅੱਗ ਆਦਿਕ ਤੱਤਾਂ ਨੂੰ ਇਕੱਠੇ ਕਰਕੇ ਵਸਾ ਦਿੱਤਾ ਹੈ। ਸ੍ਰਿਸ਼ਟੀ ਦੀ ਰਚਨਾ ਦਾ ਖੇਲ ਤੇ ਤਮਾਸ਼ਾ, ਉਸ ਨੇ ਆਪ ਹੀ ਰਚਿਆ ਹੋਇਆ ਹੈ। ਜਿਹੜੀ ਬਲਦੀ ਹੋਈ ਅੱਗ ਉਸ ਦੀ ਕਿਰਪਾ ਰਾਹੀਂ, ਪਾਣੀ ਪਾਉਂਣ ਨਾਲ ਬੁੱਝ ਜਾਂਦੀ ਹੈ, ਉਹੀ ਅਗਨੀ ਉਸ ਨੇ ਸਮੁੰਦਰ ਵਿਚ ਟਿਕਾ ਰੱਖੀ ਹੈ। ਇਸ ਤੋਂ ਇਹੀ ਇਸ਼ਾਰਾ ਮਿਲਦਾ ਹੈ ਕਿ ਸਮੁੰਦਰ

ਅਗਨੀ ਦਾ ਸੋਮਾਂ ਹੈ, ਬਹੁਤ ਸਾਰੀ ਊਰਜਾ, ਉਸ ਵਿਚ ਸਮਾਈ ਹੋਈ ਹੈ। ਅੱਜਕਲ ਅਸੀਂ ਪਾਣੀ ਦੇ ਦਰਿਆਵਾਂ ਤੋਂ ਊਰਜਾ ਲੈ ਰਹੇ ਹਾਂ, ਪਾਣੀ ਦੀ ਭਾਫ ਨਾਲ ਜੈਂਨਰੇਟਰ ਚਲਾ ਕੇ ਬਿਜਲੀ ਪੈਦਾ ਕਰ ਰਹੇ ਹਾਂ।

ਧਰਤੀ ਪੈਦਾ ਕਰ ਕੇ ਅਕਾਲ ਪੁਰਖੁ ਨੇ ਇਸ ਨੂੰ ਧਰਮ ਕਮਾਣ ਲਈ ਥਾਂ ਬਣਾ ਦਿੱਤਾ ਹੈ। ਜਗਤ ਦੀ ਉੱਤਪਤੀ ਤੇ ਪਰਲੋ ਕਰਨ ਵਾਲਾ ਉਹ ਆਪ ਹੀ ਹੈ, ਪਰ ਆਪ ਇਸ ਉੱਤਪਤੀ ਤੇ ਪਰਲੋ ਤੋਂ ਨਿਰਲੇਪ ਰਹਿੰਦਾ ਹੈ। ਹਰ ਥਾਂ ਤੇ ਭਾਵ, ਸਭ ਜੀਵਾਂ ਵਿਚ ਉਸ ਨੇ ਸੁਆਸਾਂ ਦੀ ਖੇਡ ਰਚੀ ਹੋਈ ਹੈ, ਇਨ੍ਹਾਂ ਸੁਆਸਾਂ ਦੇ ਆਸਰੇ ਜੀਵ ਜਿਉਂਦੇ ਰੱਖੇ ਹੋਏ ਹਨ, ਆਪ ਹੀ ਇਨ੍ਹਾਂ ਸੁਆਸਾਂ ਦੀ ਤਾਕਤ ਖਿੱਚ ਕੇ ਸਰੀਰਾਂ ਨੂੰ ਢਹਿ ਢੇਰੀ ਕਰ ਦਿੰਦਾ ਹੈ। ਸਾਰੀ ਸ੍ਰਿਸ਼ਟੀ ਦੀ ਬਨਸਪਤੀ ਤੇਰੇ ਅੱਗੇ ਫੁੱਲ ਭੇਟਾ ਕਰਨ ਵਾਲੀ ਤੇਰੀ ਮਾਲਣ ਹੈ। ਜਿਹੜੀ ਹਵਾ ਫੇਰੀਆਂ ਲੈਂਦੀ ਹੈ, ਭਾਵ, ਹਰ ਪਾਸੇ ਚੱਲਦੀ ਹੈ, ਉਸ ਹਵਾ ਮਾਨੋ ਤੇਰੇ ਉੱਪਰ ਚਉਰ ਝੁਲਾ ਰਹੀ ਹੈ। ਆਪਣੇ ਇਸ ਜਗਤ ਵਿਚ ਤੂੰ ਆਪ ਹੀ ਚੰਦ ਤੇ ਸੂਰਜ ਮਾਨੋ ਦੋ ਦੀਵੇ ਜਗਾ ਰੱਖੇ ਹਨ, ਚੰਦ੍ਰਮਾ ਦੇ ਘਰ ਵਿਚ ਸੂਰਜ ਸਮਾਇਆ ਹੋਇਆ ਹੈ, ਭਾਵ, ਸੂਰਜ ਦੀਆਂ ਕਿਰਨਾਂ ਚੰਦ੍ਰਮਾ ਵਿਚ ਪੈ ਕੇ ਚੰਦ੍ਰਮਾ ਨੂੰ ਰੌਸ਼ਨੀ ਦੇ ਰਹੀਆਂ ਹਨ। ਇਹ ਇਸ਼ਾਰਾ ਇਹੀ ਸਮਝਾ ਰਿਹਾ ਹੈ ਕਿ ਚੰਦ੍ਰਮੇ ਦੀ ਆਪਣੀ ਕੋਈ ਰੌਸ਼ਨੀ ਨਹੀਂ ਹੈ ਤੇ ਚੰਦ੍ਰਮੇ ਤੋਂ ਆ ਰਹੀ ਰੌਸ਼ਨੀ ਸੂਰਜ ਕਰਕੇ ਹੀ ਹੈ। ਚੰਦ੍ਰਮਾ ਸੂਰਜ ਦੀਆਂ ਕੁਝ ਕਿਰਨਾਂ ਆਪਣੇ ਵਿਚ ਸਮੇਟ ਲੈਂਦਾ ਹੈ ਤੇ ਬਾਕੀ ਦੀਆਂ ਰਿਫਲੈਕਟ (Reflect) ਕਰਕੇ ਧਰਤੀ ਵੱਲ ਭੇਜ ਦਿੰਦਾ ਹੈ।

***ਪਉਣ ਪਾਣੀ ਅਗਨੀ ਇਕ ਵਾਸਾ ॥ ਆਪੇ ਕੀਤੋ ਖੇਲੁ ਤਮਾਸਾ ॥ ਬਲਦੀ ਜਲਿ ਨਿਵਰੈ ਕਿਰਪਾ ਤੇ ਆਪੇ ਜਲ ਨਿਧਿ ਪਾਇਦਾ ॥੪॥ ਧਰਤਿ ਉਪਾਇ ਧਰੀ ਧਰਮ ਸਾਲਾ ॥ ਉਤਪਤਿ ਪਰਲਉ ਆਪਿ ਨਿਰਾਲਾ ॥ ਪਵਣੈ ਖੇਲੁ ਕੀਆ ਸਭ ਥਾਈ ਕਲਾ ਖਿੰਚਿ ਢਾਹਾਇਦਾ ॥੫॥ ਭਾਰ ਅਠਾਰਹ ਮਾਲਣਿ ਤੇਰੀ ॥ ਚਉਰੁ ਢੁਲੈ ਪਵਣੈ ਲੈ ਫੇਰੀ ॥ ਚੰਦੁ ਸੂਰਜੁ ਦੁਇ ਦੀਪਕ ਰਾਖੇ ਸਸਿ ਘਰਿ ਸੂਰੁ ਸਮਾਇਦਾ ॥੬॥ (੧੦੩੩, ੧੦੩੪)***

ਅਕਾਲ ਪੁਰਖੁ ਦੇ ਹੁਕਮੁ ਵਿਚ ਹੀ ਧਰਤੀ, ਹਵਾ, ਪਾਣੀ, ਆਦਿਕ ਤੱਤ ਬਣੇ ਤੇ ਆਕਾਸ਼ ਬਣਿਆ। ਅਕਾਲ ਪੁਰਖੁ ਦੇ ਹੁਕਮੁ ਅਨੁਸਾਰ ਹੀ ਆਤਮਾ ਕਰਕੇ ਮਨੁੱਖਾ ਜੀਵਨ ਮਿਲਿਆ ਤੇ ਮਨੁੱਖ ਮਾਇਆ ਦੀ ਲਪੇਟ ਵਿਚ ਆ ਗਿਆ। ਅਕਾਲ ਪੁਰਖੁ ਆਪਣੇ ਹੁਕਮੁ ਵਿਚ ਹੀ ਜਗਤ ਦੇ ਸਾਰੇ ਕੌਤਕ ਵਰਤਾ ਰਿਹਾ ਹੈ। ਅਕਾਲ ਪੁਰਖੁ ਦੇ ਹੁਕਮੁ ਵਿਚ ਹੀ ਆਕਾਸ਼ ਤਣੇ ਗਏ, ਹੁਕਮੁ ਵਿਚ ਹੀ ਪਾਣੀ, ਧਰਤੀ, ਤੇ ਤਿੰਨੇ ਭਵਨ ਬਣੇ, ਜਿਨ੍ਹਾਂ ਵਿਚ ਉਹ ਆਪ ਹੀ ਵਿਆਪਕ ਹੈ। ਅਕਾਲ ਪੁਰਖੁ ਆਪਣੇ ਹੁਕਮੁ ਅਨੁਸਾਰ ਹੀ ਜੀਵਾਂ ਨੂੰ ਸਾਹ ਦਿੰਦਾ ਹੈ ਤੇ ਸਦਾ ਰਿਜ਼ਕ ਦਿੰਦਾ ਹੈ। ਅਕਾਲ ਪੁਰਖੁ ਆਪਣੀ ਰਜ਼ਾ ਵਿਚ ਹੀ ਜੀਵਾਂ ਦੀ ਸੰਭਾਲ ਕਰ ਕੇ ਸਭ ਨੂੰ ਵੇਖਣ ਦੀ ਤਾਕਤ ਦਿੰਦਾ ਹੈ। ਇਹ ਸਾਰੀਆਂ ਕਿਰਿਆਵਾਂ ਜੋ ਸਾਡੇ ਆਸ ਪਾਸ ਹੋ ਰਹੀਆਂ ਹਨ, ਉਹ ਸਭ ਅਕਾਲ ਪੁਰਖੁ ਦੇ ਹੁਕਮੁ ਤੇ ਬਣਾਏ ਗਏ ਨਿਯਮਾਂ ਅਨੁਸਾਰ ਹੋ ਰਹੀਆਂ ਹਨ।

***ਹੁਕਮੇ ਧਰਤੀ ਧਉਲ ਸਿਰਿ ਭਾਰੰ ॥ ਹੁਕਮੇ ਪਉਣ ਪਾਣੀ ਗੈਣਾਰੰ ॥ ਹੁਕਮੇ ਸਿਵ ਸਕਤੀ ਘਰਿ ਵਾਸਾ ਹੁਕਮੇ ਖੇਲ ਖੇਲਾਇਦਾ ॥੧੧॥ ਹੁਕਮੇ ਆਡਾਣੇ ਆਗਾਸੀ ॥ ਹੁਕਮੇ ਜਲ ਥਲ ਤ੍ਰਿਭਵਣ ਵਾਸੀ ॥ ਹੁਕਮੇ ਸਾਸ ਗਿਰਾਸ ਸਦਾ ਫੁਨਿ ਹੁਕਮੇ ਦੇਖਿ ਦਿਖਾਇਦਾ ॥੧੨॥ (੧੦੩੬-੧੦੩੭)***

ਗੁਰੂ ਸਾਹਿਬ ਨੇ ਸਾਨੂੰ ਸਚਾਈ ਤੇ ਚਲਣ ਲਈ ਪ੍ਰੇਰਿਆ ਹੈ ਤਾਂ ਜੋ ਅਸੀਂ ਭਰਮਾਂ ਵਹਿਮਾਂ ਦੇ ਜਾਲ ਵਿਚੋਂ ਬਾਹਰ ਨਿਕਲ ਸਕੀਏ। ਪਾਣੀ ਤੋਂ ਸਾਰਾ ਸੰਸਾਰ ਪੈਦਾ ਹੁੰਦਾ ਹੈ ਤੇ ਪਾਣੀ ਹੀ ਸਾਰੇ ਜਗਤ ਨੂੰ ਨਾਸ ਕਰਦਾ ਹੈ, ਪਾਣੀ ਵਿਚ ਕਈ ਤਰ੍ਹਾਂ ਦੇ ਜੀਵ ਪੈਦਾ ਹੁੰਦੇ ਹਨ ਤੇ ਮਰਦੇ ਹਨ। ਹੁਣ ਜਰਾ ਕੁ ਵਿਚਾਰੋ ਕਿ ਇਕ ਪਾਸੇ ਤਾਂ ਇਹ ਲੋਕ ਸੂਤਕ ਦਾ ਪ੍ਰਚਾਰ ਕਰਦੇ ਹਨ, ਪਰ ਦੂਸਰੇ ਪਾਸੇ ਇਹ ਲੋਕ ਪਾਣੀ ਦੀ ਚੁਲੀਆਂ ਨਾਲ ਆਪਣੇ ਆਪ ਨੂੰ ਪਵਿਤ੍ਰ ਕਰ ਰਹੇ ਹਨ। ਹੁਣ ਇਹ ਦੋਵੇਂ ਪਾਸਿਉ ਕਿਸ ਤਰ੍ਹਾਂ ਠੀਕ ਹੋ ਸਕਦੇ ਹਨ, ਇਕ ਪਾਸੇ ਤਾਂ ਜੀਵਾਂ ਦੇ ਜੰਮਣ ਮਰਨ ਕਰਕੇ ਸੂਤਕ, ਭਾਵ ਅਪਵਿਤ੍ਰਤਾ ਕਹਿੰਦੇ ਹਨ ਤੇ ਦੁਸਰੇ ਪਾਸੇ ਪਾਣੀ ਨਾਲ ਪਵਿਤ੍ਰਤਾ ਲਿਆਉਦੇ ਹਨ। ਮੂੰਹ ਨਾਲ ਪਾਣੀ ਪੀਤਿਆਂ ਤ੍ਰੇਹ ਜਰੂਰ ਮਿਟ ਸਕਦੀ ਹੈ, ਪਰ ਪਾਣੀ ਨਾਲ ਚੁਲੀ ਕੀਤਿਆਂ ਮਨ ਨਹੀਂ ਧੁਪ ਸਕਦਾ। ਸੁੱਚੀ ਚੁਲੀ ਤਾਂ ਹੋ ਸਕਦੀ ਹੈ, ਜੇਕਰ ਆਪਣੇ ਜੀਵਨ ਦਾ ਮੰਤਵ ਤੇ ਮਨੁੱਖਤਾ ਪ੍ਰਤੀ ਫਰਜ਼ ਨਿਭਾਇਆ ਜਾਵੇ। ਇਸ ਸਬਦ ਵਿਚ ਮਨ ਦੀ ਸਫਾਈ ਤੇ ਸਰੀਰ ਦੀ ਸਫਾਈ ਦੇ ਫਰਕ ਨੂੰ ਵਿਗਿਆਨਿਕ ਢੰਗ ਨਾਲ ਸਮਝਾਇਆ ਹੈ।

***ਪਾਣੀ ਚਿਤੁ ਨ ਧੋਪਈ ਮੁਖਿ ਪੀਤੈ ਤਿਖ ਜਾਇ ॥ ਪਾਣੀ ਪਿਤਾ ਜਗਤ ਕਾ ਫਿਰਿ ਪਾਣੀ ਸਭੁ ਖਾਇ ॥੨॥ (੧੨੪੦)***

ਜੇ ਕਰ ਉਪਰ ਲਿਖੀਆਂ, ਗੁਰਬਾਣੀ ਦੀਆਂ ਸਿਖਿਆਵਾਂ, ਨੂੰ ਇਕੱਠਾ ਕਰੀਏ ਤਾਂ ਅਸੀਂ ਨਿਸਚੇ ਨਾਲ ਸਮਝ ਸਕਦੇ ਹਾਂ, ਕਿ ਗੁਰੂ ਸਾਹਿਬਾਂ ਨੇ ਕਈ ਸਾਲ ਪਹਿਲਾਂ ਹੀ ਸਮਝਾ ਦਿਤਾ ਸੀ, ਇਸ ਪਵਨ ਨੂੰ ਪੈਦਾ ਕਰਨ ਵਾਲਾ, ਉਹ ਅਕਾਲ ਪੁਰਖੁ ਤੇ ਉਸ ਦਾ ਧਰਮ ਜਾਂ ਅਸੂਲ ਹੀ ਹੈ। ਪਵਨ ਤੋਂ ਹੀ ਪਾਣੀ ਬਣਿਆ ਹੈ, ਤੇ ਸਾਰੇ ਜੀਵ ਜੰਤੂ ਪੈਦਾ ਹੋਏ ਹਨ। ਅੱਜ ਦੀ ਸਇੰਸ ਵੀ ਇਹੀ ਕਹਿੰਦੀ ਹੈ ਕਿ ਜੀਵਨ ਪਾਣੀ ਤੋਂ ਆਰੰਭ ਹੋਇਆ। ਸਰੀਰਕ ਜੀਵਨ ਦਾ ਆਧਾਰ ਹਵਾ ਹੈ, ਤੇ ਆਤਮਿਕ ਜੀਵਨ ਦਾ ਆਧਾਰ ਗੁਰੂ ਹੈ। ਜਿਤਨੇ ਵੀ ਅੰਨ ਦੇ ਦਾਣੇ ਹਨ, ਉਨ੍ਹਾਂ ਅੰਦਰ ਜੀਵ ਜੰਤੂ ਰਹਿੰਦੇ ਹਨ। ਪਾਣੀ ਤੋਂ ਬਿਨਾ ਪਿਆਸ ਨਹੀਂ ਬੁਝ ਸਕਦੀ, ਜਦੋਂ ਤਕ ਪਾਣੀ ਦੀ ਬੂੰਦ ਮਨੁੱਖ ਦੇ ਮੂੰਹ ਵਿਚ ਨਹੀਂ ਪੈਂਦੀ ਹੈ। ਇਸੇ ਤਰ੍ਹਾਂ ਮਾਇਆ ਦੀ ਤ੍ਰਿਸ਼ਨਾ ਦੂਰ ਨਹੀਂ ਹੋ ਸਕਦੀ ਜਦੋਂ ਤੱਕ, ਗੁਰੂ ਦੇ

ਸ਼ਬਦ ਦੁਆਰਾ ਅੰਮ੍ਰਿਤ ਬਾਣੀ ਦੀ ਬੂੰਦ ਮਨੁੱਖ ਦੇ ਹਿਰਦੇ ਵਿਚ ਨਹੀਂ ਵਸਦੀ। ਕੇਵਲ ਗੁਰੂ ਦਾ ਸ਼ਬਦ ਹੀ ਹੈ ਜਿਸ ਰਾਹੀਂ ਅਕਾਲ ਪੁਰਖੁ ਦੇ ਗੁਣ ਵਿਚਾਰੇ ਜਾ ਸਕਦੇ ਹਨ, ਸ਼ਬਦ ਰਾਹੀਂ ਹੀ ਮਨੁੱਖ ਆਪਣੇ ਅੰਦਰੋਂ ਹਉਮੈ ਅਤੇ ਤ੍ਰਿਸ਼ਨਾ ਦੀ ਅੱਗ ਦੂਰ ਕਰ ਸਕਦਾ ਹੈ। ਇਹ ਸਾਰੀਆਂ ਕਿਰਿਆਵਾਂ ਜੋ ਸਾਡੇ ਆਸ ਪਾਸ ਹੋ ਰਹੀਆਂ ਹਨ, ਉਹ ਸਭ ਅਕਾਲ ਪੁਰਖੁ ਦੇ ਹੁਕਮੁ ਤੇ ਬਣਾਏ ਗਏ ਨਿਯਮਾਂ ਅਨੁਸਾਰ ਹੋ ਰਹੀਆਂ ਹਨ। ਗੁਰੂ ਸਾਹਿਬ ਨੇ ਸਾਨੂੰ ਸਚਾਈ ਤੇ ਚਲਣ ਲਈ ਪ੍ਰੇਰਿਆ ਹੈ ਤਾਂ ਜੋ ਅਸੀਂ ਭਰਮਾਂ ਵਹਿਮਾਂ ਦੇ ਜਾਲ ਵਿਚੋਂ ਬਾਹਰ ਨਿਕਲ ਸਕੀਏ। ਪਾਣੀ ਤੋਂ ਸਾਰਾ ਸੰਸਾਰ ਪੈਦਾ ਹੁੰਦਾ ਹੈ ਤੇ ਪਾਣੀ ਹੀ ਸਾਰੇ ਜਗਤ ਨੂੰ ਨਾਸ ਕਰਦਾ ਹੈ, ਪਾਣੀ ਵਿਚ ਕਈ ਤਰ੍ਹਾਂ ਦੇ ਜੀਵ ਪੈਦਾ ਹੁੰਦੇ ਹਨ ਤੇ ਮਰਦੇ ਹਨ। ਮੂੰਹ ਨਾਲ ਪਾਣੀ ਪੀਤਿਆਂ ਤ੍ਰੇਹ ਜਰੂਰ ਮਿਟ ਸਕਦੀ ਹੈ, ਪਰ ਪਾਣੀ ਨਾਲ ਚੁਲੀ ਕੀਤਿਆਂ ਮਨ ਨਹੀਂ ਧੁਪ ਸਕਦਾ। ਸੁੱਚੀ ਚੁਲੀ ਤਾਂ ਹੋ ਸਕਦੀ ਹੈ, ਜੇਕਰ ਆਪਣੇ ਜੀਵਨ ਦਾ ਮੰਤਵ ਤੇ ਮਨੁੱਖਤਾ ਪ੍ਰਤੀ ਫਰਜ਼ ਨਿਭਾਇਆ ਜਾਵੇ। ਅਕਾਲ ਪੁਰਖ ਦਾ ਹੁਕਮੁ ਸਮਝਣ ਲਈ ਆਪਣੇ ਅੰਦਰ ਅਕਾਲ ਪੁਰਖ ਦੇ ਗੁਣ ਪੈਦਾ ਕਰਨੇ ਜਰੂਰੀ ਹਨ। ਇਸ ਲਈ ਆਓ ਸਾਰੇ ਜਾਣੇ ਸਬਦ ਗੁਰੂ ਦੁਆਰਾ ਆਪਣੇ ਅੰਦਰ ਗਿਆਨ ਦਾ ਚਾਨਣ ਪੈਦਾ ਕਰੀਏ ਅਤੇ ਪੂਰੀ ਦੁਨੀਆ ਵਿਚੋਂ ਅਗਿਆਨਤਾ ਦਾ ਅੰਧੇਰਾ ਦੂਰ ਕਰਨ ਲਈ ਉਪਰਾਲਾ ਕਰੀਏ।

**"ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ"**

ਤਤਕਰਾ

# ਅਕਾਲ ਪੁਰਖੁ ਆਪ ਹੀ ਆਪਣੇ ਆਪ ਨੂੰ ਪੈਦਾ ਕਰਨ ਵਾਲਾ ਹੈ (ਭਾਗ-੬)

# Akal Purkh is His own creater (Part-6)

ਸਾਇੰਸ ਇਹ ਨਹੀਂ ਦੱਸ ਸਕਦੀ ਕਿ ਅੰਡਾ ਕਿਦਾਂ ਬਣਿਆ ਤੇ ਮੁਰਗੀ ਕਿੰਦਾਂ। ਕੌਣ ਸਾਹ ਲੈਂਣ ਦੀ ਸ਼ਕਤੀ ਦਿੰਦਾਂ ਹੈ, ਜੀਵ ਕਿਸ ਤਰ੍ਹਾਂ ਪੈਦਾ ਹੁੰਦਾ ਹੈ, ਕਿਸ ਤਰ੍ਹਾਂ ਤੇ ਕਿਉਂ ਖਾਂਦਾ ਹੈ ਤੇ ਵੱਡਾ ਹੁੰਦਾ ਹੈ। ਗੁਰਮਤਿ ਅਨੁਸਾਰ ਸਭ ਕੁਝ ਅਕਾਲ ਪੁਰਖੁ ਤੋਂ ਆਰੰਭ ਹੁੰਦਾ ਹੈ, ਤੇ ਉਸ ਦੇ ਬਣਾਏ ਹੋਏ ਹੁਕਮੁ ਅਨੁਸਾਰ ਹੁੰਦਾ ਹੈ।

ਅਕਾਲ ਪੁਰਖੁ ਨੇ ਆਪ ਹੀ ਆਪਣੇ ਆਪ ਨੂੰ ਸਾਜਿਆ, ਤੇ ਆਪ ਹੀ ਆਪਣਾ ਨਾਮਣਾ ਬਣਾਇਆ। ਫਿਰ, ਉਸ ਨੇ ਕੁਦਰਤ ਰਚੀ ਤੇ ਉਸ ਵਿਚ ਆਸਣ ਜਮਾ ਕੇ, ਭਾਵ, ਕੁਦਰਤ ਵਿਚ ਵਿਆਪਕ ਹੋ ਕੇ, ਇਸ ਜਗਤ ਦਾ ਆਪ ਤਮਾਸ਼ਾ ਵੇਖਣ ਲੱਗ ਪਿਆ। ਅਕਾਲ ਪੁਰਖ ਆਪ ਹੀ ਜੀਵਾਂ ਨੂੰ ਦਾਤਾਂ ਦੇਣ ਵਾਲਾ ਹੈ ਤੇ ਆਪ ਹੀ ਇਨ੍ਹਾਂ ਨੂੰ ਸਾਜਣ ਵਾਲਾ ਹੈ। ਆਪ ਹੀ ਤ੍ਰੁੱਠ ਕੇ ਜੀਵਾਂ ਨੂੰ ਦਿੰਦਾ ਹੈ ਤੇ ਬਖ਼ਸ਼ਸ਼ ਕਰਦਾ ਹੈ। ਉਹ ਸਭਨਾਂ ਜੀਆਂ ਦਾ ਜਾਣਨਹਾਰ ਹੈ। ਜਿੰਦ ਅਤੇ ਸਰੀਰ ਦੇ ਕੇ ਆਪ ਹੀ ਲੈ ਲੈਂਦਾ ਹੈ, ਭਾਵ, ਆਪ ਹੀ ਜਿੰਦ ਤੇ ਸਰੀਰ ਦਿੰਦਾ ਹੈਂ, ਆਪ ਹੀ ਮੁੜ ਵਾਪਸ ਲੈ ਲੈਂਦਾ ਹੈ। ਅਕਾਲ ਪੁਰਖ ਆਪਣੀ ਬਣਾਈ ਹੋਈ ਕੁਦਰਤ ਵਿਚ ਆਪਣਾ ਆਸਣ ਜਮਾ ਕੇ ਇਹ ਸਾਰਾ ਜਗਤ ਤਮਾਸ਼ਾ ਵੇਖ ਰਿਹਾ ਹੈ।

*ਪਉੜੀ ॥ ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥ ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥ ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥ ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥ ਕਰਿ ਆਸਣੁ ਡਿਠੋ ਚਾਉ ॥੧॥ (੪੬੩)*

ਅਕਾਲ ਪੁਰਖੁ ਆਪ ਹੀ ਆਪਣੇ ਆਪ ਨੂੰ ਜਗਤ ਦੇ ਰੂਪ ਵਿਚ ਪੈਦਾ ਕਰ ਕੇ, ਮਾਇਆ ਦੇ ਮੋਹ ਤੋਂ ਨਿਰਲੇਪ ਵੀ ਰਹਿੰਦਾ ਹੈ। ਹਵਾ, ਪਾਣੀ, ਅੱਗ, ਆਦਿ ਤੱਤਾਂ ਦਾ ਮੇਲ ਕਰ ਕੇ, ਅਕਾਲ ਪੁਰਖੁ ਇਹ ਸਰੀਰ ਰੂਪੀ ਕਿਲ੍ਹਾ ਰਚਦਾ ਹੈ ਤੇ ਉਹ ਸਦਾ ਥਿਰ ਰਹਿਣ ਵਾਲਾ ਦਇਆਲ ਅਕਾਲ ਪੁਰਖੁ, ਇਸ ਸਰੀਰ ਨੂੰ ਆਪਣੇ ਰਹਿਣ ਲਈ ਥਾਂ ਬਣਾਂਦਾ ਹੈ। ਬਣਾਣ ਦੀ ਤਾਕਤ ਰੱਖਣ ਵਾਲੇ ਅਕਾਲ ਪੁਰਖੁ ਨੇ ਇਸ ਸਰੀਰ ਦੇ ਨੌ ਘਰ (ਇੰਦ੍ਰੇ) ਬਣਾਏ ਹਨ। ਦਸਵੇਂ ਦੁਆਰ ਵਿਚ ਉਸ ਅਦ੍ਰਿਸ਼ਟ ਤੇ ਬੇਅੰਤ ਅਕਾਲ ਪੁਰਖੁ ਆਪ ਰਹਿੰਦਾ ਹੈ। ਜੀਵ ਮਾਇਆ ਦੇ ਮੋਹ ਵਿਚ ਫਸ ਕੇ ਆਪਣੇ ਆਪ ਨੂੰ ਮਲੀਨ ਕਰ ਲੈਂਦੇ ਹਨ, ਪਰ ਜਿਹੜਾ ਮਨੁੱਖ ਗੁਰੂ ਦੇ ਸਨਮੁਖ ਹੁੰਦਾ ਹੈ, ਉਸ ਦੇ ਪੰਜੇ ਗਿਆਨ ਇੰਦ੍ਰੇ, ਉਸ ਦਾ ਮਨ ਤੇ ਬੁੱਧੀ, ਇਹ ਸੱਤੇ (੫+੨=੭) ਹੀ ਸਰੋਵਰ ਅਕਾਲ ਪੁਰਖੁ ਦੇ ਨਾਮੁ ਦੇ ਪਵਿਤ੍ਰ ਜਲ ਨਾਲ ਭਰੇ ਰਹਿੰਦੇ ਹਨ, ਇਸ ਲਈ ਗੁਰਮੁਖ ਨੂੰ ਮਾਇਆ ਦੀ ਮੈਲ ਨਹੀਂ ਲੱਗਦੀ। ਅਕਾਲ ਪੁਰਖੁ ਆਪ ਹੀ ਸੂਰਜ ਤੇ ਚੰਦ੍ਰਮਾ ਜਗਤ ਦੇ ਦੀਵੇ ਬਣਾ ਕੇ, ਆਪਣੀ ਵਡਿਆਈ ਵੇਖਦਾ ਹੈ, ਇਨ੍ਹਾਂ ਸੂਰਜ, ਚੰਦ੍ਰਮਾ ਆਦਿ ਦੀਵਿਆਂ ਵਿਚ, ਸਾਰੀ ਸ੍ਰਿਸ਼ਟੀ ਵਿਚ, ਉਸ ਦੀ ਆਪਣੀ ਜੋਤਿ ਚਾਨਣ ਕਰ ਰਹੀ ਹੈ। ਉਹ ਅਕਾਲ ਪੁਰਖੁ ਸਦਾ ਚਾਨਣ ਹੀ ਚਾਨਣ ਹੈ, ਉਹ ਸਦਾ ਜੀਵਾਂ ਨੂੰ ਸੁਖ ਦੇਣ ਵਾਲਾ ਹੈ। ਜਿਹੜਾ ਜੀਵ ਉਸ ਦਾ ਰੂਪ ਹੋ ਜਾਂਦਾ ਹੈ, ਉਸ ਨੂੰ ਅਕਾਲ ਪੁਰਖੁ ਆਪ ਹੀ ਸੋਭਾ ਦਿੰਦਾ ਹੈ। ਅਕਾਲ ਪੁਰਖੁ ਆਪਣੇ ਹੁਕਮੁ ਵਿਚ ਹੀ ਜਗਤ ਦੇ ਸਾਰੇ ਕੌਤਕ ਵਰਤਾ ਰਿਹਾ ਹੈ। ਅਕਾਲ ਪੁਰਖੁ ਆਪਣੇ ਹੁਕਮੁ ਅਨੁਸਾਰ ਹੀ ਜੀਵਾਂ ਨੂੰ ਸਾਹ ਦਿੰਦਾ ਹੈ ਤੇ ਸਦਾ ਰਿਜ਼ਕ ਦਿੰਦਾ ਹੈ, ਤੇ ਸੰਭਾਲ ਕਰਦਾ ਹੈ।

*ਮਾਰੂ ਮਹਲਾ ੧ ॥ ਆਪੇ ਆਪੁ ਉਪਾਇ ਨਿਰਾਲਾ ॥ ਸਾਚਾ ਥਾਨੁ ਕੀਓ ਦਇਆਲਾ ॥ ਪਉਣ ਪਾਣੀ ਅਗਨੀ ਕਾ ਬੰਧਨੁ ਕਾਇਆ ਕੋਟੁ ਰਚਾਇਦਾ ॥੧॥ ਨਉ ਘਰੁ ਥਾਪੇ ਥਾਪਣਹਾਰੈ ॥ ਦਸਵੈ ਵਾਸਾ ਅਲਖ ਅਪਾਰੈ ॥ ਸਾਇਰ ਸਪਤ ਭਰੇ ਜਲਿ ਨਿਰਮਲਿ ਗੁਰਮੁਖਿ ਮੈਲੁ ਨ ਲਾਇਦਾ ॥੨॥ ਰਵਿ ਸਸਿ ਦੀਪਕ ਜੋਤਿ ਸਬਾਈ ॥ ਆਪੇ ਕਰਿ ਵੇਖੈ ਵਡਿਆਈ ॥ ਜੋਤਿ ਸਰੂਪ ਸਦਾ ਸੁਖਦਾਤਾ ਸਚੇ ਸੋਭਾ ਪਾਇਦਾ ॥੩॥ (੧੦੩੬)*

ਜਿਸ ਮਨੁੱਖ ਨੇ ਸਦਾ ਆਪਣੇ ਜੀਵਨ ਨੂੰ ਪੜਤਾਲਿਆ ਹੈ, ਉਹ ਜਾਣਦਾ ਹੈ, ਕਿ ਅਕਾਲ ਪੁਰਖੁ ਆਪ ਹੀ ਆਪਣੇ ਆਪ ਨੂੰ ਪੈਦਾ ਕਰ ਕੇ ਪਰਗਟ ਹੋਇਆ, ਅਕਾਲ ਪੁਰਖੁ ਆਪ ਹੀ ਸਭ ਅੰਦਰ ਗੁਪਤ ਰੂਪ ਵਿਚ ਵਿਆਪਕ ਹੈ, ਤੇ ਉਹ ਅਕਾਲ ਪੁਰਖੁ ਸਭ ਜੀਵਾਂ ਦੀ ਸੰਭਾਲ ਕਰਦਾ ਹੈ। ਜਿਸ ਮਨੁੱਖ ਨੇ ਗੁਰੂ ਦੀ ਸਰਨ ਪੈ ਕੇ ਇਕ ਅਕਾਲ ਪੁਰਖੁ ਨੂੰ ਹਰ ਥਾਂ ਵੱਸਦਾ ਜਾਣ ਲਿਆ, ਉਹ ਸਮਝ ਲੈਂਦਾ ਹੈ, ਕਿ ਜਿਸ ਅਕਾਲ ਪੁਰਖੁ ਨੇ ਬ੍ਰਹਮਾ ਵਿਸ਼ਨੂ ਸ਼ਿਵ ਪੈਦਾ ਕੀਤੇ, ਉਹ ਆਪ ਹੀ ਹਰੇਕ ਜੀਵ ਨੂੰ ਧੰਧੇ ਵਿਚ ਲਾਉਂਦਾ ਹੈ, ਤੇ, ਜਿਹੜਾ ਮਨੁੱਖ ਉਸ ਨੂੰ ਚੰਗਾ ਲੱਗਦਾ ਹੈ, ਉਸ ਨੂੰ ਆਪ ਹੀ ਆਪਣੇ ਚਰਨਾਂ ਵਿਚ ਜੋੜ ਲੈਂਦਾ ਹੈ। ਜਿਸ ਮਨੁੱਖ ਨੇ ਗੁਰੂ ਦੇ ਸ਼ਬਦ ਨਾਲ ਸਾਂਝ ਪਾ ਲਈ, ਉਹ ਜਾਣਦਾ ਹੈ, ਕਿ ਇਹ ਜਗਤ ਜਨਮ ਮਰਨ ਦਾ ਚੱਕਰ ਹੀ ਹੈ, ਇਥੇ ਮਾਇਆ ਦਾ ਮੋਹ ਪ੍ਰਬਲ ਹੈ, ਜਿਸ ਦੇ ਕਾਰਨ ਜੀਵ ਵਿਕਾਰ ਚਿਤਵਦਾ ਰਹਿੰਦਾ ਹੈ। ਇਥੇ ਸਦਾ ਕਾਇਮ ਰਹਿਣ ਵਾਲਾ ਅਕਾਲ ਪੁਰਖੁ ਹੀ ਸਦਾ ਸਾਲਾਹਣ ਜੋਗ ਹੈ। ਕਈ ਜੀਵ ਐਸੇ ਹਨ, ਜੋ ਜਗਤ ਦੇ ਰਚਨਹਾਰ ਅਕਾਲ ਪੁਰਖੁ ਦੀ ਯਾਦ ਵਿਚ ਜੁੜੇ ਰਹਿੰਦੇ ਹਨ, ਤੇ ਫਿਰ ਉਹ ਆਤਮਕ ਆਨੰਦ ਮਾਣਦੇ ਰਹਿੰਦੇ ਹਨ। ਪਰ ਜਿਹੜੇ ਮਨੁੱਖ ਮਾਇਕ ਪਦਾਰਥਾਂ ਵਿਚ ਲੱਗੇ ਰਹਿੰਦੇ ਹਨ, ਉਹ ਆਪਣਾ ਜੀਵਨ ਗਵਾ

ਲੈਂਦੇ ਹਨ। ਆਤਮਕ ਜੀਵਨ ਦੇਣ ਵਾਲੇ ਫਲ ਉਨ੍ਹਾਂ ਨੂੰ ਹੀ ਲੱਗਦੇ ਹਨ, ਜਿਹੜੇ ਆਤਮਕ ਜੀਵਨ ਦੇਣ ਵਾਲੇ ਸਿਫ਼ਤਿ ਸਾਲਾਹ ਦੇ ਬੋਲ ਬੋਲਦੇ ਹਨ।

*ਮਾਰੂ ਮਹਲਾ ੩ ॥ **ਆਪੇ ਆਪੁ ਉਪਾਇ ਉਪੰਨਾ ॥ ਸਭ ਮਹਿ ਵਰਤੈ ਏਕੁ ਪਰਛੰਨਾ ॥ ਸਭਨਾ ਸਾਰ ਕਰੇ ਜਗਜੀਵਨੁ ਜਿਨਿ ਅਪਣਾ ਆਪੁ ਪਛਾਤਾ ਹੇ** ॥੧॥ ਜਿਨਿ ਬ੍ਰਹਮਾ ਬਿਸਨੁ ਮਹੇਸੁ ਉਪਾਏ ॥ ਸਿਰਿ ਸਿਰਿ ਧੰਧੈ ਆਪੇ ਲਾਏ ॥ ਜਿਸੁ ਭਾਵੈ ਤਿਸੁ ਆਪੇ ਮੇਲੇ ਜਿਨਿ ਗੁਰਮੁਖਿ ਏਕੋ ਜਾਤਾ ਹੇ ॥੨॥ ਆਵਾ ਗਉਣੁ ਹੈ ਸੰਸਾਰਾ ॥ ਮਾਇਆ ਮੋਹੁ ਬਹੁ ਚਿਤੈ ਬਿਕਾਰਾ ॥ ਥਿਰੁ ਸਾਚਾ ਸਾਲਾਹੀ ਸਦ ਹੀ ਜਿਨਿ ਗੁਰ ਕਾ ਸਬਦੁ ਪਛਾਤਾ ਹੇ ॥੩॥ ਇਕਿ ਮੂਲਿ ਲਗੇ ਓਨੀ ਸੁਖੁ ਪਾਇਆ ॥ ਡਾਲੀ ਲਾਗੇ ਤਿਨੀ ਜਨਮੁ ਗਵਾਇਆ ॥ ਅੰਮ੍ਰਿਤ ਫਲ ਤਿਨ ਜਨ ਕਉ ਲਾਗੇ ਜੋ ਬੋਲਹਿ ਅੰਮ੍ਰਿਤ ਬਾਤਾ ਹੇ ॥੪॥ (੧੦੫੧)*

ਅਕਾਲ ਪੁਰਖੁ ਨੇ ਆਪ ਹੀ ਆਪਣੇ ਆਪ ਨੂੰ ਪਰਗਟ ਕਰ ਕੇ, ਆਪਣਾ ਅਸਲਾ ਸਮਝਿਆ ਹੈ, ਆਕਾਸ਼ ਤੇ ਧਰਤੀ ਨੂੰ ਵਖੋ ਵਖ ਕਰ ਕੇ ਬਣਾਇਆ ਹੈ, ਤੇ ਇਹ ਆਕਾਸ਼ ਉਸ ਨੇ ਮਾਨੋ, ਆਪਣੇ ਤਖ਼ਤ ਉਤੇ ਚੰਦੋਆ ਤਾਣਿਆ ਹੋਇਆ ਹੈ। ਸਾਰੇ ਜਗਤ ਰੂਪੀ ਦਰਬਾਰ ਉੱਤੇ ਆਕਾਸ਼ ਨੂੰ ਥੰਮ੍ਹਾਂ ਤੋਂ ਬਿਨਾ ਟਿਕਾ ਕੇ, ਆਪਣੇ ਹੁਕਮੁ ਅਨੁਸਾਰ ਬਣਾਇਆ ਹੈ, ਆਪਣੀ ਜੋਤਿ ਟਿਕਾਈ ਹੈ, ਤੇ ਜੀਵਾਂ ਦੇ ਕਾਰ ਵਿਹਾਰ ਲਈ ਰਾਤ ਤੇ ਦਿਨ ਰੂਪੀ ਅਚਰਜ ਤਮਾਸ਼ੇ ਬਣਾ ਦਿੱਤੇ ਹਨ।

*ਪਉੜੀ ॥ **ਆਪੀਨੈ ਆਪੁ ਸਾਜਿ ਆਪੁ ਪਛਾਣਿਆ** ॥ ਅੰਬਰੁ ਧਰਤਿ ਵਿਛੋੜਿ ਚੰਦੋਆ ਤਾਣਿਆ ॥ ਵਿਣੁ ਥੰਮ੍ਹਾ ਗਗਨੁ ਰਹਾਇ ਸਬਦੁ ਨੀਸਾਣਿਆ ॥ **ਸੂਰਜੁ ਚੰਦੁ ਉਪਾਇ ਜੋਤਿ ਸਮਾਣਿਆ** ॥ ਕੀਏ ਰਾਤਿ ਦਿਨੰਤੁ ਚੋਜ ਵਿਡਾਣਿਆ ॥ (੧੨੭੯)*

ਅਕਾਲ ਪੁਰਖੁ ਆਪ ਹੀ ਸਭ ਜੀਵਾਂ ਨੂੰ ਪੈਦਾ ਕਰਦਾ ਹੈ, ਆਪ ਹੀ ਹਰੇਕ ਜੀਵ ਨੂੰ ਮਾਇਆ ਦੇ ਆਹਰ ਵਿਚ ਲਾਈ ਰੱਖਦਾ ਹੈ, ਅਕਾਲ ਪੁਰਖੁ ਆਪ ਹੀ ਜੀਵਾਂ ਦੀ ਬਣਤਰ ਬਣਾਂਦਾ ਹੈ, ਤੇ ਆਪ ਹੀ ਜੀਵ ਨੂੰ ਮਾਰਦਾ ਹੈ। ਅਕਾਲ ਪੁਰਖੁ ਆਪ ਹੀ ਇਹ ਸੰਸਾਰ ਰੂਪੀ ਨਦੀ ਉਤੇ ਪੱਤਣ ਹੈ, ਆਪ ਹੀ ਮਲਾਹ ਹੈ, ਆਪ ਹੀ ਜੀਵਾਂ ਨੂੰ ਪਾਰ ਲੰਘਾਂਦਾ ਹੈ। ਅਕਾਲ ਪੁਰਖੁ ਆਪ ਹੀ ਸੰਸਾਰ ਰੂਪੀ ਸਮੁੰਦਰ ਹੈ, ਆਪ ਹੀ ਜਹਾਜ਼ ਹੈ, ਆਪ ਹੀ ਗੁਰੂ-ਮਲਾਹ ਹੋ ਕੇ ਜਹਾਜ਼ ਨੂੰ ਚਲਾਂਦਾ ਹੈ। ਅਕਾਲ ਪੁਰਖੁ ਆਪ ਹੀ ਜਹਾਜ਼ ਵਿਚ ਚੜ੍ਹ ਕੇ ਪਾਰ ਲੰਘਦਾ ਹੈ। ਅਕਾਲ ਪੁਰਖੁ ਆਪ ਹੀ ਸਦਾ ਦਇਆ ਦਾ ਸੋਮਾ ਹੈ, ਆਪ ਹੀ ਬਖ਼ਸ਼ਸ਼ ਕਰ ਕੇ ਆਪਣੇ ਪੈਦਾ ਕੀਤੇ ਜੀਵਾਂ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ। ਇਸ ਲਈ ਆਪਣੇ ਜੀਵਨ ਨੂੰ ਸਫਲ ਕਰਨ ਲਈ ਸਦਾ ਅਕਾਲ ਪੁਰਖੁ ਦੀ ਸਿਫ਼ਤਿ-ਸਾਲਾਹ ਕਰਿਆ ਕਰੋ। ਗੁਰੂ ਦੀ ਮਿਹਰ ਨਾਲ ਹੀ ਉਹ ਪਿਆਰਾ ਅਕਾਲ ਪੁਰਖੁ ਮਿਲ ਸਕਦਾ ਹੈ, ਜੋ ਆਤਮਕ ਜੀਵਨ ਦੇਣ ਵਾਲਾ ਹੈ, ਜੋ ਅਪਹੁੰਚ ਹੈ, ਤੇ, ਜੋ ਬਹੁਤ ਡੂੰਘਾ ਹੈ।

***ਆਪੇ ਆਪਿ ਉਪਾਇਦਾ ਪਿਆਰਾ ਸਿਰਿ ਆਪੇ ਧੰਧੜੈ ਲਾਹੁ ॥ ਆਪਿ ਕਰਾਏ ਸਾਖਤੀ ਪਿਆਰਾ ਆਪਿ ਮਾਰੇ ਮਰਿ ਜਾਹੁ ॥ ਆਪੇ ਪਤਣੁ ਪਾਤਣੀ ਪਿਆਰਾ ਆਪੇ ਪਾਰਿ ਲੰਘਾਹੁ*** *॥੩॥ (੬੦੪)*

ਅਕਾਲ ਪੁਰਖੁ ਨੇ ਆਪ ਹੀ ਸਾਰੇ ਜੀਵ ਪੈਦਾ ਕੀਤੇ ਹਨ, ਉਹ ਆਪ ਹੀ ਇਨ੍ਹਾਂ ਦੀ ਕਦਰ ਜਾਣਦਾ ਹੈ, ਉਸ ਅਕਾਲ ਪੁਰਖੁ ਦਾ ਅੰਤ ਨਹੀਂ ਪਾਇਆ ਜਾ ਸਕਦਾ ਭਾਵ, ਉਸ ਦੀ ਇਹ ਸੰਸਾਰ ਦੀ ਖੇਡ ਸਮਝੀ ਨਹੀਂ ਜਾ ਸਕਦੀ, ਗੁਰੂ ਦੇ ਸਬਦ ਰਾਹੀਂ ਅਕਾਲ ਪੁਰਖੁ ਸਮਝ ਦੀ ਬਖ਼ਸ਼ਸ ਆਪ ਹੀ ਕਰਦਾ ਹੈ। ਮਾਇਆ ਦੇ ਘੁੱਪ ਹਨੇਰੇ ਵਿਚ ਜੀਵ ਜ਼ਿੰਦਗੀ ਦਾ ਅਸਲੀ ਰਾਹ ਭੁੱਲ ਜਾਂਦਾ ਹੈ ਤੇ ਹੋਰ ਪਾਸੇ ਭਟਕਣ ਲੱਗ ਪੈਂਦਾ ਹੈ। ਮਨ ਦੇ ਪਿੱਛੇ ਤੁਰਨ ਵਾਲੇ ਬੰਦਿਆਂ ਨੂੰ ਜ਼ਿੰਦਗੀ ਦੇ ਸਫ਼ਰ ਦੀ ਅਸਲ ਮੰਜ਼ਲ ਨਹੀਂ ਲੱਭਦੀ, ਮਨਮੁਖ ਮਨੁੱਖ ਮੁੜ ਮੁੜ ਜੰਮਦਾ ਮਰਦਾ ਰਹਿੰਦਾ ਹੈ। ਉਸ ਅਕਾਲ ਪੁਰਖੁ ਨੂੰ ਜੋ ਕੁਝ ਭਾਉਂਦਾ ਹੈ, ਉਹੀ ਹੁੰਦਾ ਹੈ, ਤੇ ਇਹ ਸਾਰੀ ਸ੍ਰਿਸ਼ਟੀ ਉਸ ਦੀ ਰਜ਼ਾ ਵਿਚ ਚਲ ਰਹੀ ਹੈ।

***ਪਉੜੀ** ॥ **ਆਪੇ ਆਪਿ ਉਪਾਇਅਨੁ ਆਪਿ ਕੀਮਤਿ ਪਾਈ ॥ ਤਿਸ ਦਾ ਅੰਤੁ ਨ ਜਾਪਈ ਗੁਰ ਸਬਦਿ ਬੁਝਾਈ ॥** (੭੮੬)*

ਗੁਰੂ ਸਾਹਿਬ ਨੇ ਲੋਕਾਂ ਨੂੰ ਕਰਮ ਕਾਂਡਾਂ, ਭਰਮਾਂ ਤੇ ਵਹਿਮਾਂ ਵਿਚੋਂ ਕੱਢਣ ਲਈ ਵੀ ਸਮਝਾ ਦਿੱਤਾ, ਕਿ ਇਸ ਜਗਤ ਦੀ ਰਚਨਾ ਤੋਂ ਪਹਿਲਾਂ ਨਾ ਕਿਤੇ ਜਪ ਹੋ ਰਹੇ ਸਨ, ਨਾ ਤਪ ਹੋ ਰਹੇ ਸਨ, ਨਾ ਕਿਤੇ ਸੰਜਮ ਸਾਧੇ ਜਾ ਰਹੇ ਸਨ, ਨਾ ਵਰਤ ਰੱਖੇ ਜਾ ਰਹੇ ਸਨ, ਤੇ ਨਾ ਹੀ ਪੂਜਾ ਕੀਤੀ ਜਾ ਰਹੀ ਸੀ। ਕੋਈ ਐਸਾ ਜੀਵ ਨਹੀਂ ਸੀ, ਜੋ ਅਕਾਲ ਪੁਰਖੁ ਤੋਂ ਬਿਨਾ ਕਿਸੇ ਹੋਰ ਦਾ ਜ਼ਿਕਰ ਕਰ ਸਕਦਾ। ਅਕਾਲ ਪੁਰਖੁ ਆਪ ਹੀ ਆਪਣੇ ਆਪ ਵਿਚ ਪਰਗਟ ਹੋ ਕੇ ਖ਼ੁਸ਼ ਹੋ ਰਿਹਾ ਸੀ ਤੇ ਆਪਣੇ ਵਡੱਪਣ ਦਾ ਮੁੱਲ ਆਪ ਹੀ ਪਾਉਂਦਾ ਸੀ।

***ਜਪ ਤਪ ਸੰਜਮ ਨਾ ਬ੍ਰਤ ਪੂਜਾ ॥ ਨਾ ਕੋ ਆਖਿ ਵਖਾਣੈ ਦੂਜਾ ॥ ਆਪੇ ਆਪਿ ਉਪਾਇ ਵਿਗਸੈ ਆਪੇ ਕੀਮਤਿ ਪਾਇਦਾ ॥੬॥ (੧੦੩੫)***

ਜਦੋਂ ਅਕਾਲ ਪੁਰਖੁ ਨੇ ਆਪਣੇ ਆਪ ਨੂੰ, ਆਪ ਹੀ ਪੈਦਾ ਕੀਤਾ ਸੀ, ਤਦੋਂ ਕੋਈ ਹੋਰ ਦੂਜਾ ਨਹੀਂ ਸੀ। ਉਸ ਨੂੰ ਸਲਾਹ ਮਸ਼ਵਰਾ ਦੇਣ ਵਾਲਾ ਕੋਈ ਹੋਰ ਨਹੀਂ ਸੀ, ਉਹ ਆਪ ਹੀ ਸਭ ਕੁਝ ਕਰਦਾ ਸੀ, ਤੇ ਜੋ ਉਹ ਕਰਦਾ ਸੀ, ਉਹੀ ਕੁਝ ਹੁੰਦਾ ਸੀ। ਉਸ ਵੇਲੇ ਨਾ ਆਕਾਸ਼ ਸੀ, ਨਾ ਪਾਤਾਲ ਸੀ ਤੇ ਨਾ ਇਹ ਤੀਨ ਲੋਕ ਸਨ, ਕੋਈ ਉਤਪਤੀ ਅਜੇ ਨਹੀਂ ਸੀ ਹੋਈ, ਆਕਾਰ ਰਹਿਤ ਅਕਾਲ ਪੁਰਖੁ ਅਜੇ ਆਪ ਹੀ ਆਪ ਸੀ। ਜੋ ਅਕਾਲ ਪੁਰਖੁ ਨੂੰ ਭਾਉਂਦਾ ਹੈ, ਉਹੀ ਕਰਦਾ ਹੈ, ਉਸ ਤੋਂ ਬਿਨਾ ਹੋਰ ਕੋਈ ਨਹੀਂ ਹੈ।

*ਪਉੜੀ ॥ ਆਪਨਾ ਆਪੁ ਉਪਾਇਓਨੁ ਤਦਹੁ ਹੋਰੁ ਨ ਕੋਈ ॥ ਮਤਾ ਮਸੂਰਤਿ ਆਪਿ ਕਰੇ ਜੋ ਕਰੇ ਸੁ ਹੋਈ ॥ ਤਦਹੁ ਆਕਾਸੁ ਨ ਪਾਤਾਲੁ ਹੈ ਨਾ ਤ੍ਰੈ ਲੋਈ ॥ ਤਦਹੁ ਆਪੇ ਆਪਿ ਨਿਰੰਕਾਰੁ ਹੈ ਨਾ ਓਪਤਿ ਹੋਈ ॥ ਜਿਉ ਤਿਸੁ ਭਾਵੈ ਤਿਵੈ ਕਰੇ ਤਿਸੁ ਬਿਨੁ ਅਵਰੁ ਨ ਕੋਈ ॥੧॥ (੫੦੯)*

ਉਹ ਅਕਾਲ ਪੁਰਖ ਮਾਇਆ ਦੇ ਪਰਭਾਵ ਤੋਂ ਪਰੇ ਹੈ, ਕਿਉਂਕਿ ਉਹ ਨਿਰੋਲ ਆਪ ਹੀ ਆਪ ਹੈ, ਨਾ ਉਹ ਪੈਦਾ ਕੀਤਾ ਜਾ ਸਕਦਾ ਹੈ, ਨਾ ਹੀ ਸਾਡਾ ਬਣਾਇਆ ਬਣਦਾ ਹੈ, ਉਹ ਸਭ ਥਾਈਂ ਵਿਆਪਕ ਹੈ। ਅਕਾਲ ਪੁਰਖ ਦੇ ਹੁਕਮੁ ਦਾ ਕਥਨ ਨਹੀਂ ਕੀਤਾ ਜਾ ਸਕਦਾ। ਗੁਰੂ ਹੀ ਇਹ ਦ੍ਰਿੜ ਕਰਾਉਂਦਾ ਹੈ ਕਿ ਅਕਾਲ ਪੁਰਖ ਹਰ ਥਾਂ ਵੱਸ ਰਿਹਾ ਹੈ। ਕੋਈ ਦੂਸਰਾ ਅਕਾਲ ਪੁਰਖੁ ਨੂੰ ਪੈਦਾ ਨਹੀਂ ਕਰ ਸਕਦਾ ਹੈ, ਤੇ ਨਾ ਹੀ ਉਹ ਕਿਤੇ ਟਿਕਾਇਆ ਜਾ ਸਕਦਾ ਹੈ। ਇਹੀ ਕਾਰਨ ਹੈ ਕਿ ਸਿੱਖ ਧਰਮ ਵਿਚ ਮੂਰਤੀ ਪੂਜਾ ਜਾਂ ਬੁੱਤ ਪੂਜਾ ਦੀ ਕੋਈ ਥਾ ਨਹੀਂ ਹੈ।

*ਥਾਪਿਆ ਨ ਜਾਇ ਕੀਤਾ ਨ ਹੋਇ ॥ ਆਪੇ ਆਪਿ ਨਿਰੰਜਨੁ ਸੋਇ ॥ (੨)*

ਸਬਦ ਰੋਸ਼ਨੀ ਦੇਣ ਵਾਲਾ ਹੈ, ਜਿਸ ਦੁਆਰਾ ਜੀਵਨ ਵਿਚ ਚਲਣ ਲਈ ਸੋਝੀ ਪ੍ਰਾਪਤ ਹੁੰਦੀ ਹੈ। ਸਬਦ ਸੁਣ ਸਕਦੇ ਹਾਂ, ਪਰ ਵੇਖ ਨਹੀਂ ਸਕਦੇ, ਇਸੇ ਲਈ ਸਿੱਖ ਧਰਮ ਵਿਚ ਮੂਰਤੀ ਪੂਜਾ ਦਾ ਕੋਈ ਮਹੱਤਵ ਨਹੀਂ ਹੈ। ਗੁਰੂ ਸਾਹਿਬ ਨੇ ਸਾਰਿਆਂ ਦਾ ਮੁੱਖ ਧਰਮ, ਉਸ ਅਕਾਲ ਪੁਰਖੁ ਨੂੰ ਹਰੇਕ ਜੀਵ ਵਿਚ ਵਸਦਾ ਵੇਖਣਾ, ਉਸ ਨੂੰ ਆਪਣੇ ਹਿਰਦੇ ਵਿਚ ਵਸਾਉਂਣਾਂ ਤੇ ਗੁਰਬਾਣੀ ਦੁਆਰਾ ਉਸ ਦੇ ਗੁਣ ਗਾਇਨ ਕਰਨਾ ਦੱਸਿਆ ਹੈ। ਜੋ ਮਨੁੱਖ ਇਸ ਭੇਦ ਨੂੰ ਜਾਣਦਾ ਹੈ, ਨਾਨਕ ਉਸ ਦਾ ਦਾਸ ਹੈ, ਉਹ ਮਨੁੱਖ ਅਕਾਲ ਪੁਰਖੁ ਦਾ ਰੂਪ ਹੈ। ਗੁਰੂ ਸਾਹਿਬਾਂ ਨੇ ਸਮੁੱਚੀ ਮਨੁੱਖਤਾ ਲਈ ਇਕੋ ਧਰਮ ਹੀ ਮੰਨਿਆ ਹੈ, ਉਹ ਹੈ 'ਸਬਦ"। ਪੂਰੇ ਗੁਰੂ ਗਰੰਥ ਸਾਹਿਬ ਵਿਚ ਸਬਦ ਦਾ ਭੇਦ ਹੀ ਸਾਂਝਾ ਕੀਤਾ ਗਿਆ ਹੈ, ਤਾਂ ਜੋ ਅਸੀਂ ਅਕਾਲ ਪੁਰਖੁ ਦਾ ਹੁਕਮੁ ਤੇ ਉਸ ਦੀ ਅਸਲੀਅਤ ਨੂੰ ਸਮਝ ਸਕੀਏ।

*ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ ॥ ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥ (੪੬੯)*
*ਮਃ ੨ ॥ ਏਕ ਕ੍ਰਿਸਨੰ ਸਰਬ ਦੇਵਾ ਦੇਵ ਦੇਵਾ ਤ ਆਤਮਾ ॥ ਆਤਮਾ ਬਾਸੁਦੇਵਸ੍ਹਿ ਜੇ ਕੋ ਜਾਣੈ ਭੇਉ ॥ ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥੪॥ (੪੬੯)*

ਜੇ ਕਰ ਉਪਰ ਲਿਖੀਆਂ, ਗੁਰਬਾਣੀ ਦੀਆਂ ਸਿਖਿਆਵਾਂ, ਨੂੰ ਇਕੱਠਾ ਕਰੀਏ ਤਾਂ ਅਸੀਂ ਨਿਸਚੇ ਨਾਲ ਸਮਝ ਸਕਦੇ ਹਾਂ, ਕਿ ਸਭ ਕੁਝ ਅਕਾਲ ਪੁਰਖੁ ਤੋਂ ਆਰੰਭ ਹੁੰਦਾ ਹੈ, ਤੇ ਉਸ ਦੇ ਬਣਾਏ ਹੋਏ ਹੁਕਮੁ ਅਨੁਸਾਰ ਹੁੰਦਾ ਹੈ। ਅਕਾਲ ਪੁਰਖੁ ਨੇ ਆਪ ਹੀ ਆਪਣੇ ਆਪ ਨੂੰ ਸਾਜਿਆ, ਕੁਦਰਤ ਰਚੀ ਅਤੇ ਉਸ ਵਿਚ ਵਿਆਪਕ ਹੋ ਕੇ, ਇਸ ਜਗਤ ਦਾ ਤਮਾਸ਼ਾ ਵੇਖ ਰਿਹਾ ਹੈ। ਅਕਾਲ ਪੁਰਖ ਆਪ ਹੀ ਜੀਵਾਂ ਨੂੰ ਦਾਤਾਂ ਦੇਣ ਵਾਲਾ ਹੈ, ਬਖ਼ਸ਼ਸ ਕਰਦਾ ਹੈ, ਜੀਆਂ ਦਾ ਜਾਣਨਹਾਰ ਹੈ, ਆਪ ਹੀ ਜਿੰਦ ਤੇ ਸਰੀਰ ਦਿੰਦਾ ਹੈਂ, ਆਪ ਹੀ ਮੁੜ ਵਾਪਸ ਲੈ ਲੈਂਦਾ ਹੈ। ਅਕਾਲ ਪੁਰਖੁ ਆਪ ਹੀ ਆਪਣੇ ਆਪ ਨੂੰ ਜਗਤ ਦੇ ਰੂਪ ਵਿਚ ਪੈਦਾ ਕਰ ਕੇ, ਮਾਇਆ ਦੇ ਮੋਹ ਤੋਂ ਨਿਰਲੇਪ ਵੀ ਰਹਿੰਦਾ ਹੈ। ਜੀਵ ਮਾਇਆ ਦੇ ਮੋਹ ਵਿਚ ਫਸ ਕੇ ਆਪਣੇ ਆਪ ਨੂੰ ਮਲੀਨ ਕਰ ਲੈਂਦੇ ਹਨ, ਪਰ ਜਿਹੜਾ ਮਨੁੱਖ ਗੁਰੂ ਦੇ ਸਨਮੁਖ ਹੁੰਦਾ ਹੈ, ਉਸ ਨੂੰ ਮਾਇਆ ਦੀ ਮੈਲ ਨਹੀਂ ਲੱਗਦੀ। ਅਕਾਲ ਪੁਰਖੁ ਦਾ ਅੰਤ ਨਹੀਂ ਪਾਇਆ ਜਾ ਸਕਦਾ, ਉਸ ਦੀ ਇਹ ਸੰਸਾਰ ਦੀ ਖੇਡ ਸਮਝੀ ਨਹੀਂ ਜਾ ਸਕਦੀ, ਗੁਰੂ ਦੇ ਸਬਦ ਰਾਹੀਂ ਅਕਾਲ ਪੁਰਖੁ ਸਮਝ ਦੀ ਬਖ਼ਸ਼ਸ ਆਪ ਹੀ ਕਰਦਾ ਹੈ। ਉਸ ਅਕਾਲ ਪੁਰਖੁ ਨੂੰ ਜੋ ਕੁਝ ਭਾਉਂਦਾ ਹੈ, ਉਹੀ ਹੁੰਦਾ ਹੈ, ਤੇ ਇਹ ਸਾਰੀ ਸ੍ਰਿਸ਼ਟੀ, ਉਸ ਦੀ ਰਜ਼ਾ ਵਿਚ ਚਲ ਰਹੀ ਹੈ। ਗੁਰੂ ਸਾਹਿਬ ਨੇ ਲੋਕਾਂ ਨੂੰ ਕਰਮ ਕਾਂਡਾਂ, ਭਰਮਾਂ ਤੇ ਵਹਿਮਾਂ ਵਿਚੋਂ ਕੱਢਣ ਲਈ ਸਮਝਾ ਦਿੱਤਾ, ਕਿ ਇਸ ਜਗਤ ਦੀ ਰਚਨਾ ਤੋਂ ਪਹਿਲਾਂ ਨਾ ਕਿਤੇ ਜਪ ਹੋ ਰਹੇ ਸਨ, ਨਾ ਤਪ, ਨਾ ਸੰਜਮ, ਨਾ ਵਰਤ, ਤੇ ਨਾ ਹੀ ਪੂਜਾ ਕੀਤੀ ਜਾ ਰਹੀ ਸੀ। ਅਕਾਲ ਪੁਰਖੁ ਆਪ ਹੀ ਆਪਣੇ ਆਪ ਵਿਚ ਪਰਗਟ ਹੋ ਕੇ ਖ਼ੁਸ਼ ਹੋ ਰਿਹਾ ਸੀ ਤੇ ਆਪਣੇ ਵਡੱਪਣ ਦਾ ਮੁੱਲ ਆਪ ਹੀ ਪਾਉਂਦਾ ਸੀ। ਅਕਾਲ ਪੁਰਖੁ ਨੂੰ ਸਲਾਹ ਮਸ਼ਵਰਾ ਦੇਣ ਕੋਈ ਹੋਰ ਨਹੀਂ ਸੀ, ਉਹ ਆਪ ਹੀ ਸਭ ਕੁਝ ਕਰਦਾ ਸੀ, ਤੇ ਜੋ ਉਹ ਕਰਦਾ ਸੀ, ਉਹੀ ਕੁਝ ਹੁੰਦਾ ਸੀ। ਅਕਾਲ ਪੁਰਖ ਸਭ ਥਾਈਂ ਵਿਆਪਕ ਹੈ, ਤੇ ਉਸ ਦਾ ਹੁਕਮੁ ਕਥਨ ਨਹੀਂ ਕੀਤਾ ਜਾ ਸਕਦਾ। ਕੋਈ ਦੂਸਰਾ ਅਕਾਲ ਪੁਰਖੁ ਨੂੰ ਪੈਦਾ ਨਹੀਂ ਕਰ ਸਕਦਾ ਹੈ, ਤੇ ਨਾ ਹੀ ਉਹ ਕਿਤੇ ਟਿਕਾਇਆ ਜਾ ਸਕਦਾ ਹੈ। ਸਬਦ ਰੋਸ਼ਨੀ ਦੇਣ ਵਾਲਾ ਹੈ, ਜਿਸ ਦੁਆਰਾ ਜੀਵਨ ਵਿਚ ਚਲਣ ਲਈ ਸੋਝੀ ਪ੍ਰਾਪਤ ਹੁੰਦੀ ਹੈ। ਸਬਦ ਸੁਣ ਸਕਦੇ ਹਾਂ, ਪਰ ਵੇਖ ਨਹੀਂ ਸਕਦੇ, ਇਸੇ ਲਈ ਸਿੱਖ ਧਰਮ ਵਿਚ ਮੂਰਤੀ ਪੂਜਾ ਦਾ ਕੋਈ ਮਹੱਤਵ ਨਹੀਂ ਹੈ। ਗੁਰੂ ਸਾਹਿਬ ਨੇ ਸਾਰਿਆਂ ਦਾ ਮੁੱਖ ਧਰਮ, ਉਸ ਅਕਾਲ ਪੁਰਖੁ ਨੂੰ ਹਰੇਕ ਜੀਵ ਵਿਚ ਵਸਦਾ ਵੇਖਣਾ, ਉਸ ਨੂੰ ਆਪਣੇ ਹਿਰਦੇ ਵਿਚ ਵਸਾਉਂਣਾਂ ਤੇ ਗੁਰਬਾਣੀ ਦੁਆਰਾ ਉਸ ਦੇ ਗੁਣ ਗਾਇਨ ਕਰਨਾ ਦੱਸਿਆ ਹੈ। ਇਸ ਲਈ ਆਓ ਸਾਰੇ ਜਾਣੇ ਗੁਰਬਾਣੀ ਦੁਆਰਾ ਉਸ ਅਕਾਲ ਪੁਰਖੁ ਦਾ ਹੁਕਮੁ ਤੇ ਉਸ ਦੀ ਅਸਲੀਅਤ ਨੂੰ ਸਮਝੀਏ ਤੇ ਆਪਣਾ ਮਨੁੱਖਾ ਜਨਮ ਸਫਲ ਕਰੀਏ।

**"ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ"**

ਤਤਕਰਾ

# ਅਕਾਲ ਪੁਰਖੁ ਆਪ ਹੀ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਤੇ ਆਪ ਹੀ ਸੰਭਾਲਣ ਵਾਲਾ ਹੈ (ਭਾਗ-੭)

# Akal Purkh is the creater as well as the guardian of this universe (Part-7)

ਇਹ ਸਾਰੀ ਸ੍ਰਿਸ਼ਟੀ ਕਿਸ ਨੇ ਪੈਦਾ ਕੀਤੀ ਤੇ ਇਸ ਦੀ ਸੰਭਾਲ ਕੌਣ ਕਰ ਰਿਹਾ ਹੈ, ਇਸ ਦਾ ਉੱਤਰ ਅੱਜ ਦੀ ਸਾਇੰਸ ਨਹੀਂ ਦੇ ਸਕਦੀ। ਸਾਇੰਸ ਸਿਰਫ ਬਿਗ ਬੈਂਗ ਥਿਉਰੀ (**Big Bang Theory**), ਬਲੈਕ ਹੋਲ (**Black hole**) ਤੋਂ ਬਣਨਾਂ ਆਦਿ ਦੇ ਅੰਦਾਜੇ ਲਗਾ ਰਹੀ ਹੈ, ਪਰ ਨਿਸਚਿਤ ਤੌਰ ਤੇ ਉੱਤਰ ਕੋਈ ਨਹੀਂ। ਇਹ ਬਲੈਕ ਹੋਲ ਕਿਸ ਤਰ੍ਹਾਂ ਤੇ ਕਿਉਂ ਬਣਿਆ, ਉਸ ਤੋਂ ਸਾਰੀ ਸ੍ਰਿਸ਼ਟੀ ਕਿਸ ਤਰ੍ਹਾਂ ਬਣ ਗਈ? ਕੀ ਅਸੀਂ ਇਸ ਦਾ ਕਾਰਨ ਜਾਣ ਸਕਦੇ ਹਾਂ? ਇਹ ਇਕ ਬਹੁਤ ਮੁਸ਼ਕਲ ਸਵਾਲ ਹੈ, ਅਸੀਂ ਇਸ ਵਾਸਤੇ ਸਿਰਫ ਅੰਦਾਜ਼ੇ ਲਗਾ ਸਕਦੇ ਹਾਂ, ਤੇ ਸਾਇੰਸ ਵੀ ਕਈ ਤਰ੍ਹਾਂ ਦੇ ਅੰਦਾਜ਼ੇ ਆਦਿ ਦੀਆਂ ਗੱਲਾਂ ਕਰ ਰਹੀ ਹੈ।

ਨਿਸ਼ਚਤ ਤੌਰ ਤੇ ਅਕਾਲ ਪੁਰਖੁ ਦਾ ਕੋਈ ਨਿਯਮ ਸੀ, ਜਿਸ ਨੇ ਅਨੇਕਾਂ ਖੰਡ ਬ੍ਰਹਿਮੰਡ ਪੈਦਾ ਕਰ ਦਿਤੇ। ਗੁਰੂ ਨਾਨਕ ਸਾਹਿਬ ਨੇ ਜਪੁਜੀ ਸਾਹਿਬ ਵਿਚ ਇਸ ਸ੍ਰਿਸ਼ਟੀ ਦੇ ਪੈਦਾ ਹੋਣ ਬਾਰੇ ਇਹੀ ਕਿਹਾ ਹੈ ਕਿ ਅਕਾਲ ਪੁਰਖ ਨੇ ਆਪਣੇ ਇਕੋ ਹੁਕਮੁ ਨਾਲ ਸਾਰਾ ਸੰਸਾਰ ਬਣਾ ਦਿੱਤਾ, ਉਸ ਦੇ ਹੁਕਮੁ ਨਾਲ ਹੀ ਜ਼ਿੰਦਗੀ ਦੇ ਲੱਖਾਂ ਦਰਿਆ ਬਣ ਗਏ।

ਸਿੱਖ ਧਰਮ ਅਨੁਸਾਰ ਪੂਰੀ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਵੀ ਅਕਾਲ ਪੁਰਖੁ ਆਪ ਹੀ ਹੈ। ਇਸ ਜਗਤ ਦੀ ਰਚਨਾ ਤੋਂ ਪਹਿਲਾਂ ਬੇਅੰਤ ਸਮਾਂ ਅਕਾਲ ਪੁਰਖੁ ਨੇ ਸ੍ਰਿਸ਼ਟੀ ਦੀ ਅਜਿਹੀ ਹਾਲਤ ਬਣਾਈ ਰੱਖੀ ਸੀ, ਜੋ ਕਿ ਮਨੁੱਖ ਦੀ ਸਮਝ ਤੋਂ ਬਹੁਤ ਪਰੇ ਹੈ। ਉਹ ਹਾਲਤ ਕਿਸ ਤਰ੍ਹਾਂ ਦੀ ਸੀ, ਉਸ ਗੁਬਾਰ ਬਾਰੇ ਕੋਈ ਜੀਵ ਕੁਝ ਵੀ ਨਹੀਂ ਕਹਿ ਸਕਦਾ, ਤੇ ਨਾ ਹੀ ਕੋਈ ਜੀਵ ਬਿਆਨ ਕਰ ਸਕਦਾ ਹੈ। ਸਿਰਫ ਅਕਾਲ ਪੁਰਖੁ ਆਪ ਹੀ ਜਾਣਦਾ ਕਿ ਅਸਲੀਅਤ ਕੀ ਸੀ। ਅਕਾਲ ਪੁਰਖੁ ਨੇ ਆਪ ਸਾਰੀ ਸ੍ਰਿਸ਼ਟੀ ਪੈਦਾ ਕੀਤੀ, ਤੇ ਇਹ ਜਗਤ ਦਾ ਸਾਰਾ ਖੇਲ ਤਮਾਸ਼ਾ ਆਪ ਹੀ ਰਚਿਆ ਹੈ, ਇਹ ਸਭ ਉਸ ਦੀ ਹੀ ਵਡਿਆਈ ਹੈ। ਵੱਖ ਵੱਖ ਕਿਸਮ ਦੇ ਇਹ ਸਾਰੇ ਜੀਵਾਂ ਨੂੰ ਅਕਾਲ ਪੁਰਖੁ ਆਪ ਹੀ ਬਣਾਉਂਦਾ ਹੈ, ਤੇ ਆਪ ਹੀ ਨਾਸ ਕਰ ਕੇ, ਫਿਰ ਹੋਰ ਆਪ ਹੀ ਪੈਦਾ ਕਰਦਾ ਹੈ। ਹਰੇਕ ਸਰੀਰ ਵਿਚ ਅਕਾਲ ਪੁਰਖੁ ਦਾ ਬਣਾਇਆ ਹੋਇਆ ਸੁਆਸ, ਪਉਣ (ਹਵਾ, ਆਕਸੀਜਨ) ਦੀ ਸਹਾਇਤਾ ਨਾਲ ਚੱਲ ਰਿਹਾ ਹੈ। ਜਿਸ ਮਨੁੱਖ ਨੂੰ ਪੂਰੇ ਗੁਰੂ ਪਾਸੋਂ ਇਹ ਸਮਝ ਆ ਗਈ, ਉਹ ਮਨੁੱਖ ਗੁਰੂ ਦੇ ਸ਼ਬਦ ਵਿਚ ਜੁੜ ਕੇ ਇਸ ਜਗਤ ਦੇ ਤਮਾਸ਼ੇ ਵਿਚ ਨਿਰਲੇਪ ਰਹਿੰਦਾ ਹੈ, ਤੇ ਸਦਾ ਥਿਰ ਅਕਾਲ ਪੁਰਖੁ ਨਾਲ ਆਪਣਾ ਮਨ ਜੋੜੀ ਰੱਖਦਾ ਹੈ।

*ਮਾਰੂ ਮਹਲਾ ੩ ॥ ਜੁਗ ਛਤੀਹ ਕੀਓ ਗੁਬਾਰਾ ॥ ਤੂ ਆਪੇ ਜਾਣਹਿ ਸਿਰਜਣਹਾਰਾ ॥ ਹੋਰ ਕਿਆ ਕੋ ਕਹੈ ਕਿ ਆਖਿ ਵਖਾਣੈ ਤੂ ਆਪੇ ਕੀਮਤਿ ਪਾਇਦਾ ॥੧॥ ਓਅੰਕਾਰਿ ਸਭ ਸ੍ਰਿਸਟਿ ਉਪਾਈ ॥ ਸਭੁ ਖੇਲੁ ਤਮਾਸਾ ਤੇਰੀ ਵਡਿਆਈ ॥ ਆਪੇ ਵੇਕ ਕਰੇ ਸਭਿ ਸਾਚਾ ਆਪੇ ਭੰਨਿ ਘੜਾਇਦਾ ॥੨॥ (੧੦੬੧)*

ਹੈਰਾਨ ਕਰਨ ਵਾਲੇ ਕੌਤਕ ਕਰ ਕੇ ਅਕਾਲ ਪੁਰਖੁ ਨੇ ਆਪ ਇਹ ਜਗਤ ਪੈਦਾ ਕੀਤਾ। ਇਸ ਜਗਤ ਨੂੰ ਬਣਾਉਂਣ ਲਈ ਪੰਜ ਤੱਤ ਪਾ ਦਿੱਤੇ, ਇਨ੍ਹਾਂ ਪੰਜ ਤੱਤਾਂ ਸਦਕਾ ਮਨੁੱਖਾ ਸਰੀਰ ਤਿਆਰ ਹੋਇਆ, ਉਸ ਸਰੀਰ ਦੇ ਅੰਦਰ ਮੋਹ, ਝੂਠ ਤੇ ਗੁਮਾਨ ਆਦਿਕ ਵਿਕਾਰ ਵੀ ਹਨ, ਜੋ ਕਿ ਮਨੁੱਖ ਨੂੰ ਖੁਆਰ ਕਰਦੇ ਹਨ। ਅਗਿਆਨੀ ਤੇ ਮਨਮੁੱਖ ਇਨ੍ਹਾਂ ਵਿਕਾਰਾਂ ਵਿਚ ਫਸ ਕੇ ਭਟਕਦੇ ਤੇ ਜੰਮਦੇ ਮਰਦੇ ਰਹਿੰਦੇ ਹਨ। ਕਈ ਅਜੇਹੇ ਮਨੁੱਖ ਵੀ ਹਨ, ਜਿਨ੍ਹਾਂ ਨੂੰ ਅਕਾਲ ਪੁਰਖੁ ਨੇ ਗੁਰੂ ਦੇ ਸਨਮੁਖ ਕਰ ਕੇ, ਆਪਣਾ ਗਿਆਨ ਆਪ ਸਮਝਾਇਆ ਹੈ, ਤੇ ਅਜੇਹੇ ਗੁਰਮੁਖਾਂ ਨੂੰ ਆਪਣੀ ਭਗਤੀ ਤੇ ਗੁਰਬਾਣੀ ਦਾ ਨਾਮੁ ਰੂਪੀ ਖ਼ਜ਼ਾਨਾ ਆਪ ਬਖਸ਼ਿਆ ਹੈ।

***ਪਉੜੀ*** *॥ ਇਹੁ ਜਗੁ ਆਪਿ ਉਪਾਇਓਨੁ ਕਰਿ ਚੋਜ ਵਿਡਾਨੁ ॥ ਪੰਚ ਧਾਤੁ ਵਿਚਿ ਪਾਈਅਨੁ ਮੋਹੁ ਝੂਠੁ ਗੁਮਾਨੁ ॥ ਆਵੈ ਜਾਇ ਭਵਾਈਐ ਮਨਮੁਖੁ ਅਗਿਆਨੁ ॥ ਇਕਨਾ ਆਪਿ ਬੁਝਾਇਓਨੁ ਗੁਰਮੁਖਿ ਹਰਿ ਗਿਆਨੁ ॥ ਭਗਤਿ ਖਜਾਨਾ ਬਖਸਿਓਨੁ ਹਰਿ ਨਾਮੁ ਨਿਧਾਨੁ ॥੪॥ (੭੮੬)*

ਸਾਰੇ ਜੀਵ ਜੰਤੂ ਉਸ ਅਕਾਲ ਪੁਰਖੁ ਦੇ ਹਨ, ਤੇ ਉਹ ਸਭ ਕੁਝ ਕਰਨ ਦੇ ਸਮਰੱਥ ਹੈ, ਇਸ ਲਈ ਉਸ ਅਕਾਲ ਪੁਰਖੁ ਅੱਗੇ ਸਦਾ ਸਿਰ ਨਿਵਾਉਂਣਾਂ ਚਾਹੀਦਾ ਹੈ। ਦਿਨ ਰਾਤ ਅਕਾਲ ਪੁਰਖੁ ਦੇ ਗੁਣ ਗਾਓ, ਤੇ ਹਰ ਪਲ ਉਸ ਨੂੰ ਆਪਣੇ ਚਿਤ ਵਿਚ ਰੱਖੋ। ਜਗਤ ਵਿਚ ਹਰੇਕ ਖੇਡ ਉਸ ਦੀ ਹੀ ਵਰਤਾਈ ਜਾ ਰਹੀ ਹੈ, ਅਕਾਲ ਪੁਰਖੁ ਜੀਵ ਨੂੰ ਜਿਸ ਤਰ੍ਹਾਂ ਦਾ ਬਣਾਉਂਦਾ ਹੈ, ਉਹੋ ਜਿਹਾ ਹਰੇਕ ਜੀਵ ਬਣ ਜਾਂਦਾ ਹੈ। ਇਹ ਜਗਤ ਰੂਪੀ ਖੇਡ ਉਸ ਅਕਾਲ ਪੁਰਖੁ ਦੀ ਆਪਣੀ ਹੀ ਹੈ ਤੇ ਇਸ ਖੇਡ ਨੂੰ ਕਰਨ ਦੇ ਸਮਰਥ, ਉਹ ਆਪ ਹੀ ਹੈ, ਹੋਰ ਕੋਈ ਦੂਜਾ ਉਸ ਨੂੰ ਸਲਾਹ ਨਹੀਂ ਦੇ ਸਕਦਾ ਹੈ। ਜਿਸ ਜੀਵ ਉਤੇ ਅਕਾਲ ਪੁਰਖੁ ਮਿਹਰ ਕਰਦਾ ਹੈ, ਉਸ ਨੂੰ ਆਪਣਾ ਨਾਮੁ ਬਖ਼ਸ਼ਦਾ ਹੈ, ਤੇ ਉਹ ਮਨੁੱਖ ਵੱਡੇ ਭਾਗਾਂ ਵਾਲਾ ਹੋ ਜਾਂਦਾ ਹੈ।

*ਸਭੁ ਕਛੁ ਵਰਤੈ ਤਿਸ ਕਾ ਕੀਆ ॥ ਜੈਸਾ ਕਰੇ ਤੈਸਾ ਕੋ ਥੀਆ ॥ ਅਪਨਾ ਖੇਲੁ ਆਪਿ ਕਰਨੈਹਾਰੁ ॥ ਦੂਸਰ ਕਉਨੁ ਕਹੈ ਬੀਚਾਰੁ ॥ (੨੮੦,੨੮੧)*

ਜਦੋਂ ਅਜੇ ਇਹ ਸੰਸਾਰ ਨਹੀਂ ਸੀ, ਇਹ ਜੀਵ ਵੀ ਨਹੀਂ ਸਨ, ਉਸ ਸਮੇਂ ਇਹ ਜੀਵ ਕੀ ਕਰਦਾ ਸੀ ? ਤੇ, ਕਿਹੜੇ ਕਰਮ ਕਰ ਕੇ ਇਹ ਹੋਂਦ ਵਿਚ ਆਇਆ? ਅਸਲੀਅਤ ਇਹ ਹੈ ਕਿ ਅਕਾਲ ਪੁਰਖੁ ਨੇ ਆਪ ਹੀ ਜਗਤ ਦੀ ਰਚਨਾ ਕੀਤੀ ਹੈ, ਤੇ ਆਪ ਹੀ, ਆਪਣਾ ਇਹ ਖੇਲ ਜਗਤ ਰਚ ਕੇ, ਇਸ ਨੂੰ ਵੇਖ ਰਿਹਾ ਹੈ। ਗੁਰੂ ਸਾਹਿਬ ਗੁਰਬਾਣੀ ਦੁਆਰਾ ਇਹੀ ਸਮਝਾਉਂਦੇ ਹਨ, ਕਿ ਹੇ ਅਕਾਲ ਪੁਰਖੁ ਮੈਂ ਤੇਰੀ ਸਹਾਇਤਾ ਤੋਂ ਬਿਨਾ ਕੋਈ ਕੰਮ ਨਹੀਂ ਕਰ ਸਕਦਾ ਹਾਂ। ਉਹ ਅਕਾਲ ਪੁਰਖੁ ਹੀ ਸਾਰੇ ਜੀਵਾਂ ਵਿਚ ਇਕ ਰਸ ਵਿਆਪਕ ਹੈ, ਉਹ ਆਪ ਹੀ ਜੀਵਾਂ ਵਿਚ ਬੈਠ ਕੇ ਸਭ ਕੁਝ ਕਰਦਾ ਹੈ, ਤੇ ਉਹ ਆਪ ਹੀ ਜੀਵਾਂ ਪਾਸੋਂ ਸਭ ਕੁਝ ਕਰਾਉਂਦਾ ਹੈ।

*ਮੇਰੇ ਰਾਮ ਰਾਇ ਮੁਝ ਤੇ ਕਛੂ ਨ ਹੋਈ ॥ ਆਪੇ ਕਰਤਾ ਆਪਿ ਕਰਾਏ ਸਰਬ ਨਿਰੰਤਰਿ ਸੋਈ ॥੧॥ ਰਹਾਉ ॥ (੭੪੮)*

ਗੁਰਬਾਣੀ ਅਨੁਸਾਰ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਅਕਾਲ ਪੁਰਖ ਆਪ ਹੀ ਹੈ, ਤੇ ਉਸ ਨੇ ਬਿਨਾ ਕਿਸੇ ਉਚੇਚੇ ਜਤਨ ਦੇ, ਆਪਣੇ ਹੁਕਮੁ ਰਾਹੀਂ ਇਹ ਸਾਰੀ ਸ੍ਰਿਸ਼ਟੀ ਪੈਦਾ ਕਰ ਦਿੱਤੀ ਹੈ। ਇਸ ਜਗਤ ਨੂੰ ਪੈਦਾ ਕਰਕੇ, ਉਹ ਆਪਣੀ ਵਡਿਆਈ ਆਪ ਹੀ ਵੇਖ ਰਿਹਾ ਹੈ। ਅਕਾਲ ਪੁਰਖੁ ਆਪ ਹੀ ਸਭ ਕੁਝ ਕਰ ਰਿਹਾ ਹੈ, ਤੇ ਜੀਵਾਂ ਪਾਸੋਂ ਆਪ ਹੀ ਆਪਣੇ ਹੁਕਮੁ ਅਨੁਸਾਰ ਕਰਵਾ ਰਿਹਾ ਹੈ, ਤੇ ਉਹ ਆਪਣੀ ਰਜ਼ਾ ਅਨੁਸਾਰ ਸਾਰੀ ਸ੍ਰਿਸ਼ਟੀ ਵਿਚ ਆਪ ਹੀ ਵਿਆਪਕ ਹੈ।

*ਹੁਕਮੀ ਸਹਜੇ ਸ੍ਰਿਸਟਿ ਉਪਾਈ ॥ ਕਰਿ ਕਰਿ ਵੇਖੈ ਅਪਣੀ ਵਡਿਆਈ ॥ ਆਪੇ ਕਰੇ ਕਰਾਏ ਆਪੇ ਹੁਕਮੇ ਰਹਿਆ ਸਮਾਈ ਹੇ ॥੧॥ (੧੦੪੩, ੧੦੪੪)*

ਗੁਰੂ ਸਾਹਿਬ ਦਾ ਮੰਤਵ ਕਿਸੇ ਤਰ੍ਹਾਂ ਦੀ ਭਵਿੱਖ ਬਾਣੀ ਕਰਨ ਦਾ ਨਹੀਂ ਸੀ, ਬਲਕਿ ਲੋਕਾਂ ਨੂੰ ਅਕਾਲ ਪੁਰਖੁ ਦਾ ਹੁਕਮੁ ਤੇ ਸੱਚਾਈ ਨੂੰ ਸਮਝਾਉਣਾਂ ਸੀ, ਤੇ ਉਸ ਅਨੁਸਾਰ ਚਲਣ ਦਾ ਮਾਰਗ ਦੱਸਣਾ ਸੀ। ਆਪਣੀ ਬਾਣੀ ਵਿਚ ਬਾਬਰ ਦਾ ਕਾਬਲ ਤੋਂ ਫ਼ੌਜ ਲੈ ਕੇ ਸ਼ਹਿਰ ਸ਼ੈਦਪੁਰ ਵਿਚ ਹੋਏ ਅੱਤਿਆਚਾਰਾ ਦਾ ਜਿਕਰ ਕਰਦੇ ਸਮਝਾਂਇਆ, ਕਿ ਇਸ ਸਭ ਕੁਝ ਉਸ ਦੇ ਹੁਕਮੁ ਅਨੁਸਾਰ ਹੀ ਹੋਇਆ। ਜਿਸ ਅਕਾਲ ਪੁਰਖੁ ਨੇ ਇਹ ਸ੍ਰਿਸ਼ਟੀ ਪੈਦਾ ਕੀਤੀ ਹੈ, ਉਸੇ ਨੇ ਇਸ ਨੂੰ ਮਾਇਆ ਦੇ ਮੋਹ ਵਿਚ ਫਸਾਇਆ ਹੋਇਆ ਹੈ, ਪਰ ਉਹ ਆਪ ਨਿਰਲੇਪ ਰਹਿ ਕੇ ਉਨ੍ਹਾਂ ਦੁਰਘਟਨਾਵਾਂ ਨੂੰ ਵੇਖ ਰਿਹਾ ਹੈ। ਅਕਾਲ ਪੁਰਖੁ ਅਟੱਲ ਨਿਯਮਾਂ ਵਾਲਾ ਹੈ, ਉਸ ਦਾ ਨਿਆਉਂ ਹੁਣ ਤਕ ਅਟੱਲ ਹੈ, ਉਹ ਅਗਾਂਹ ਨੂੰ ਵੀ ਅਟੱਲ ਨਿਯਮ ਵਰਤਾਇਗਾ, ਤੇ ਉਹੀ ਨਿਆਉਂ ਕਰੇਗਾ ਜੋ ਅਟੱਲ ਹੈ। ਉਸ ਅਟੱਲ ਨਿਯਮ ਅਨੁਸਾਰ ਹੀ, ਇਸ ਵੇਲੇ ਸੈਦਪੁਰ ਵਿਚ ਹਰ ਪਾਸੇ ਮਨੁੱਖਾ ਸਰੀਰ ਰੂਪੀ ਕੱਪੜੇ ਟੋਟੇ ਟੋਟੇ ਹੋ ਰਹੇ ਹਨ, ਭਾਵ ਬਾਬਰ ਦੀ ਫੌਜ਼ ਅਨੇਕਾਂ ਹਿੰਦੋਸਤਾਨੀਆਂ ਦਾ ਕਤਲ ਕਰ ਰਹੀ ਹੈ। ਮੁਗ਼ਲ ਅੱਜ ਸੰਮਤ ਅਠੱਤਰ ਵਿਚ ਆਏ ਹਨ (ਬਾਬਰ), ਇਹ ਸੰਮਤ ਸਤਾਨਵੇ ਵਿਚ ਚਲੇ ਜਾਣਗੇ, ਕੋਈ ਹੋਰ ਸੂਰਮਾ (ਸ਼ੇਰ ਸ਼ਾਹ ਸੂਰੀ) ਵੀ ਉੱਠ ਖੜਾ ਹੋਵੇਗਾ। ਜੀਵ ਮਾਇਆ ਦੇ ਰੰਗ ਵਿਚ ਮਸਤ ਹੋ ਕੇ ਮਨੁੱਖਾ ਜੀਵਨ ਅਜਾਈਂ ਗਵਾ ਰਹੇ ਹਨ, ਗੁਰੂ ਸਾਹਿਬ ਇਹੀ ਸਮਝਾਂਉਂਦੇ ਹਨ, ਕਿ ਮੈਂ ਇਸ ਵੇਲੇ ਵੀ ਸਦਾ ਕਾਇਮ ਰਹਿਣ ਵਾਲੇ ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਕਰਦਾ ਹਾਂ, ਤੇ ਸਾਰੀ ਉਮਰ ਸਿਫ਼ਤਿ ਸਾਲਾਹ ਕਰਦਾ ਰਹਾਂਗਾ, ਕਿਉਂਕਿ ਇਹ ਮਨੁੱਖਾ ਜਨਮ ਦਾ ਸਮਾਂ ਸਿਫ਼ਤਿ ਸਾਲਾਹ ਕਰਨ ਵਾਸਤੇ ਹੀ ਮਿਲਿਆ ਹੈ।

*ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ ॥ ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ ॥*
*ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ ॥ ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ ॥ ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ ॥੨॥੩॥੫॥ (੭੨੨-੭੨੩)*

ਇਹ ਸਬਦ ਸਾਨੂੰ ਸੁਚੇਤ ਕਰਨ ਲਈ ਹੈ ਕਿ ਜੇ ਕਰ ਹੇਰਾ ਫੇਰੀ, ਧੋਖੇ ਬਾਜੀ, ਜ਼ੁਲਮ, ਅਸਮਾਨਤਾ, ਆਪਸੀ ਵੰਡ, ਰਿਸ਼ਵਤਖੋਰੀ ਤੇ ਵਿਕਾਰੀਆਂ ਵਾਲਾ ਜੀਵਨ ਬਤੀਤ ਕਰਾਂਗੇ ਤਾਂ ਇਹੀ ਹਾਲ ਹੋ ਸਕਦਾ ਹੈ। ਜਿਥੇ ਅਕਾਲ ਪੁਰਖੁ ਇਤਨੀਆਂ ਦਾਤਾਂ ਦਿੰਦਾ ਹੈ, ਉਥੇ ਸਿਧੇ ਰਸਤੇ ਪਾਉਂਣਾ ਵੀ ਜਾਣਦਾ ਹੈ। ਅਕਾਲ ਪੁਰਖੁ ਸਦਾ ਦਇਆ ਕਰਨ ਵਾਲਾ ਹੈ, ਉਹ ਸਾਰੇ ਜੀਵਾਂ ਨੂੰ ਸੰਭਾਲਦਾ ਵੀ ਹੈ ਤੇ ਸਭ ਨੂੰ ਰਿਜਕ ਤੇ ਪਦਾਰਥ ਵੀ ਦਿੰਦਾ ਹੈ। ਜਿਸ ਅਕਾਲ ਪੁਰਖੁ ਨੇ ਸ੍ਰਿਸ਼ਟੀ ਪੈਦਾ ਕੀਤੀ ਹੈ, ਉਹੀ ਇਸ ਦੀ ਸੰਭਾਲ ਕਰਦਾ ਹੈ। ਹਰੇਕ ਸਰੀਰ ਵਿਚ ਵੱਸਣ ਵਾਲਾ ਅਕਾਲ ਪੁਰਖੁ ਸਾਰੇ ਜੀਵਾਂ ਦੇ ਦਿਲਾਂ ਦਾ ਮਾਲਕ ਹੈ, ਉਹ ਸਦਾ ਕਾਇਮ ਰਹਿਣ ਵਾਲਾ ਹੈ, ਤੇ, ਸਭ ਦੀ ਪਾਲਣਾ ਕਰਨ ਵਾਲਾ ਹੈ। ਅਕਾਲ ਪੁਰਖੁ ਦੀ ਕੁਦਰਤ ਦਾ ਮੁੱਲ ਨਹੀਂ ਸਮਝਿਆ ਜਾ ਸਕਦਾ, ਉਹ ਸਭ ਤੋਂ ਵੱਡਾ ਹੈ, ਉਸ ਨੂੰ ਕਿਸੇ ਦੀ ਮੁਥਾਜੀ ਨਹੀਂ। ਉਸ ਦਾ ਸਰੂਪ ਬਿਆਨ ਨਹੀਂ ਕੀਤਾ ਜਾ ਸਕਦਾ, ਮਨੁੱਖ ਦੀਆਂ ਆਪਣੀਆਂ ਪੰਜ ਗਿਆਨ ਇੰਦ੍ਰਿਆਂ ਦੁਆਰਾ ਕਰਤੇ (ਅਕਾਲ ਪੁਰਖੁ) ਤਕ ਪਹੁੰਚ ਨਹੀਂ ਹੋ ਸਕਦੀ।

*ਜਿਨਿ ਉਪਾਈ ਮੇਦਨੀ ਸੋਈ ਕਰਦਾ ਸਾਰ ॥ ਘਟਿ ਘਟਿ ਮਾਲਕੁ ਦਿਲਾ ਕਾ ਸਚਾ ਪਰਵਦਗਾਰੁ ॥੨॥ (੭੨੪)*

ਇਸ ਮਨੁੱਖਾ ਸਰੀਰ ਨੂੰ ਸਹੀ ਦਿਸ਼ਾ ਵੱਲ ਤੋਰਨ ਦੇ ਨਾਲ ਨਾਲ, ਗੁਰੂ ਸਾਹਿਬ ਨੇ ਮਨੁੱਖਾ ਜੀਵਨ ਦਾ ਭੇਦ ਵੀ ਸਮਝਾ ਦਿੱਤਾ। ਜੀਵ ਦੁਨੀਆ ਦੇ ਪਦਾਰਥਾਂ ਵਿਚੋਂ ਆਨੰਦ ਢੂੰਡਦਾ ਹੈਂ, ਪਰ ਆਨੰਦ ਦਾ ਸੋਮਾ ਤਾਂ ਅਕਾਲ ਪੁਰਖੁ ਆਪ ਹੈ, ਜੋ ਕਿ ਉਸ ਦੇ

ਅੰਦਰ ਵੱਸਦਾ ਹੈ। ਜਦੋਂ ਅਕਾਲ ਪੁਰਖੁ ਨੇ ਆਪਣੀ ਜੋਤਿ ਜੀਵ ਦੇ ਅੰਦਰ ਰੱਖ ਦਿੱਤੀ, ਤਾਂ ਉਹ ਇਸ ਜਗਤ ਵਿਚ ਆਇਆ। ਇਹ ਯਕੀਨ ਜਾਣ ਕਿ ਜਦੋਂ ਅਕਾਲ ਪੁਰਖੁ ਨੇ ਤੇਰੇ ਅੰਦਰ ਆਪਣੀ ਜੋਤਿ ਰੱਖੀ, ਤਦੋਂ ਤੂੰ ਜਗਤ ਵਿਚ ਜੰਮਿਆ। ਅਕਾਲ ਪੁਰਖੁ ਜੀਵ ਪੈਦਾ ਕਰਕੇ, ਜਗਤ ਵਿਚ ਭੇਜਦਾ ਹੈ, ਉਹ ਆਪ ਹੀ ਉਸ ਦੀ ਮਾਂ ਹੈ, ਆਪ ਹੀ ਉਸ ਦਾ ਪਿਤਾ ਹੈ, ਅਕਾਲ ਪੁਰਖੁ ਆਪ ਹੀ ਮਾਪਿਆਂ ਵਾਂਗ ਜੀਵ ਨੂੰ ਹਰ ਤਰ੍ਹਾਂ ਦਾ ਸੁਖ ਦਿੰਦਾ ਹੈ, ਅਕਾਲ ਪੁਰਖੁ ਆਪ ਹੀ ਸੁਖ ਆਨੰਦ ਦਾ ਦਾਤਾ ਹੈ। ਪਰ ਜੀਵ ਜਗਤ ਵਿਚ ਆ ਕੇ ਅਕਾਲ ਪੁਰਖੁ ਦੀ ਬਜਾਏ ਮਾਇਕ ਪਦਾਰਥਾਂ ਵਿਚੋਂ ਆਨੰਦ ਭਾਲਦਾ ਹੈ। ਜਦੋਂ ਗੁਰੂ ਦੀ ਮਿਹਰ ਨਾਲ ਜੀਵ ਨੂੰ ਗਿਆਨ ਹੁੰਦਾ ਹੈ ਤਾਂ ਇਸ ਨੂੰ ਸਮਝ ਆਉਂਦੀ ਹੈ ਕਿ ਇਹ ਜਗਤ ਤਾਂ ਇਕ ਖੇਡ ਹੈ, ਇਕ ਦਿਨ ਸਭ ਨੇ ਚਲੇ ਜਾਣਾ ਹੈ, ਫਿਰ ਜੀਵ ਨੂੰ ਇਹ ਜਗਤ ਮਦਾਰੀ ਦਾ ਇਕ ਤਮਾਸ਼ਾ ਦਿੱਸਦਾ ਹੈ, ਸਦਾ ਥਿਰ ਰਹਿਣ ਵਾਲਾ ਆਤਮਕ ਆਨੰਦ ਇਸ ਮਾਇਆ ਵਿਚ ਨਹੀਂ ਹੋ ਸਕਦਾ। ਗੁਰੂ ਸਾਹਿਬ ਸਮਝਾਂਉਂਦੇ ਹਨ ਕਿ ਜਦੋਂ ਅਕਾਲ ਪੁਰਖੁ ਨੇ ਜਗਤ ਦੀ ਰਚਨਾ ਦਾ ਮੁੱਢ ਰਚਿਆ, ਤੇਰੇ ਅੰਦਰ ਆਪਣੀ ਜੋਤਿ ਪਾਈ, ਤਾਂ ਹੀ ਤੂੰ ਇਸ ਜਗਤ ਵਿਚ ਜਨਮ ਲਿਆ।

***ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ ॥ ਹਰਿ ਜੋਤਿ ਰਖੀ ਤੁਧੁ ਵਿਚਿ ਤਾ ਤੂ ਜਗ ਮਹਿ ਆਇਆ ॥ ਹਰਿ ਆਪੇ ਮਾਤਾ ਆਪੇ ਪਿਤਾ ਜਿਨਿ ਜੀਉ ਉਪਾਇ ਜਗਤੁ ਦਿਖਾਇਆ ॥ ਗੁਰ ਪਰਸਾਦੀ ਬੁਝਿਆ ਤਾ ਚਲਤੁ ਹੋਆ ਚਲਤੁ ਨਦਰੀ ਆਇਆ ॥ ਕਹੈ ਨਾਨਕੁ ਸ੍ਰਿਸਟਿ ਕਾ ਮੂਲੁ ਰਚਿਆ ਜੋਤਿ ਰਾਖੀ ਤਾ ਤੂ ਜਗ ਮਹਿ ਆਇਆ ॥੩੩॥ (੯੨੧)***

ਮਨੁੱਖ ਦੇ ਦੁਖਾਂ ਦਾ ਕਾਰਨ ਮਾਇਆ ਦੀ ਤ੍ਰਿਸ਼ਨਾਂ ਹੈ। ਇਹ ਦੁਖ ਅਕਾਲ ਪੁਰਖੁ ਨੂੰ ਚਿਤ ਵਿਚ ਰੱਖਿਆਂ ਹੀ ਦੂਰ ਹੋ ਸਕਦਾ ਹੈ। ਅਕਾਲ ਪੁਰਖੁ ਦਾ ਇਨਸਾਫ ਸੱਚ ਦੇ ਆਧਾਰ ਤੇ ਹੈ, ਤੇ ਉਸ ਦੇ ਸੱਚੇ ਹੁਕਮੁ ਦੀ ਸਮਝ ਗੁਰੂ ਦੀ ਕਿਰਪਾ ਨਾਲ ਹੀ ਹੋ ਸਕਦੀ ਹੈ।

ਜਦੋਂ ਮਨੁੱਖ ਨੂੰ ਇਹ ਨਿਸਚਾ ਹੋ ਜਾਵੇ ਕਿ ਸਭ ਸੁਖਾਂ ਦਾ ਮਾਲਕ ਅਕਾਲ ਪੁਰਖੁ, ਮੇਰਾ ਰਾਖਾ ਹੈ, ਤਾਂ ਉਹ ਨਿਸਚਿੰਤ ਹੋ ਜਾਂਦਾ ਹੈ, ਤੇ ਸੁਖੀ ਜੀਵਨ ਬਿਤੀਤ ਕਰਦਾ ਹੈ। ਗੁਰੂ ਦੀ ਸਰਨ ਪਿਆਂ ਅਕਾਲ ਪੁਰਖੁ, ਉਸ ਨੂੰ ਮਨ ਵਿਚ ਤੇ ਹਿਰਦੇ ਵਿਚ ਪਿਆਰਾ ਲੱਗਣ ਲੱਗ ਪੈਂਦਾ ਹੈ। ਅਕਾਲ ਪੁਰਖੁ ਇਸ ਲੋਕ ਵਿਚ ਤੇ ਪਰਲੋਕ ਵਿਚ ਸਭ ਜੀਵਾਂ ਦੀ ਰੱਖਿਆ ਕਰਦਾ ਹੈ। ਮਾਂ ਦੇ ਪੇਟ ਵਿਚ ਵੀ ਉਹੀ ਅਕਾਲ ਪੁਰਖੁ ਜੀਵਾਂ ਦੀ ਪਾਲਣਾ ਕਰਦਾ ਹੈ। ਉਨ੍ਹਾਂ ਬੰਦਿਆਂ ਨੂੰ ਮਾਇਆ ਦੀ ਤ੍ਰਿਸ਼ਨਾ ਦੀ ਅੱਗ ਪੋਹ ਨਹੀਂ ਸਕਦੀ, ਜਿਹੜੇ ਅਕਾਲ ਪੁਰਖੁ ਦੇ ਪ੍ਰੇਮ ਵਿਚ ਰੰਗੇ ਹੋਏ ਹਨ, ਤੇ ਉਸ ਦੇ ਗੁਣ ਗਾਇਨ ਕਰਦੇ ਰਹਿੰਦੇ ਹਨ।

***ਐਥੈ ਓਥੈ ਤੂੰਹੈ ਰਖਵਾਲਾ ॥ ਮਾਤ ਗਰਭ ਮਹਿ ਤੁਮ ਹੀ ਪਾਲਾ ॥ ਮਾਇਆ ਅਗਨਿ ਨ ਪੋਹੈ ਤਿਨ ਕਉ ਰੰਗਿ ਰਤੇ ਗੁਣ ਗਾਵਣਿਆ ॥੫॥ (੧੩੨)***

ਗੁਰੂ ਸਾਹਿਬ ਸਮਝਾਂਉਂਦੇ ਹਨ ਕਿ ਜਿਸ ਅਕਾਲ ਪੁਰਖੁ ਨੇ ਤੈਨੂੰ ਮਾਂ ਦੇ ਪੇਟ ਵਿਚ ਆਪਣਾ ਹੱਥ ਦੇ ਕੇ ਬਚਾਇਆ ਸੀ, ਉਸ ਦੇ ਨਾਮੁ ਦੇ ਰਸ ਦਾ ਆਨੰਦ ਭੁਲਾ ਕੇ ਤੂੰ ਮਾਇਆ ਦਾ ਜਹਿਰ ਵਾਲਾ ਫਲ ਚੱਖ ਰਿਹਾ ਹੈਂ। ਜਿਸ ਵੇਲੇ ਜਮਦੂਤ ਆ ਕੇ ਮਾਰੂ ਹਮਲਾ ਕਰਦਾ ਹੈ, ਤਾਂ ਉਸ ਵੇਲੇ ਇਹ ਸਰੀਰ ਦੁਖ ਸਹਾਰ ਕੇ ਨਾਸ ਹੋ ਜਾਂਦਾ ਹੈ। ਇਸ ਲਈ ਮਾਇਆ ਤੇ ਮੋਹ ਦੇ ਜਾਲ ਵਿਚੋਂ ਬਾਹਰ ਨਿਕਲ, ਤੇ ਸਾਰੇ ਝਮੇਲਿਆਂ ਨੂੰ ਛੱਡ ਕੇ, ਗੁਰਬਾਣੀ ਦੁਆਰਾ ਅਕਾਲ ਪੁਰਖੁ ਦਾ ਨਾਮੁ ਯਾਦ ਕਰਿਆ ਕਰ।

***ਮਾਤ ਗਰਭ ਮਹਿ ਹਾਥ ਦੇ ਰਾਖਿਆ ॥ ਹਰਿ ਰਸੁ ਛੋਡਿ ਬਿਖਿਆ ਫਲੁ ਚਾਖਿਆ (੮੦੫)***

ਅਕਾਲ ਪੁਰਖੁ ਆਪ ਹੀ ਮਾਤਾ ਦੇ ਗਰਬ ਵਿਚ ਪਾਲਨਾ ਕਰਨ ਵਾਲਾ ਹੈ, ਤੇ ਆਪ ਹੀ ਰੱਖਿਆ ਕਰਨ ਵਾਲਾ ਹੈ। ਇਸ ਸਬੰਧੀ ਹੋਰ ਬਹੁਤ ਸਾਰੇ ਸਬਦ ਹਨ, ਜੋ ਕਿ ਹੇਠਾਂ ਸਾਂਝੇ ਕੀਤੇ ਗਏ ਹਨ।

***ਰਾਮਕਲੀ ਮਹਲਾ ੫ ॥ ਇਸੁ ਪਾਨੀ ਤੇ ਜਿਨਿ ਤੂ ਘਰਿਆ ॥ ਮਾਟੀ ਕਾ ਲੇ ਦੇਹੁਰਾ ਕਰਿਆ ॥ ਉਕਤਿ ਜੋਤਿ ਲੈ ਸੁਰਤਿ ਪਰੀਖਿਆ ॥ ਮਾਤ ਗਰਭ ਮਹਿ ਜਿਨਿ ਤੂ ਰਾਖਿਆ ॥੧॥ ਰਾਖਨਹਾਰੁ ਸਮ੍ਾਰਿ ਜਨਾ ॥ ਸਗਲੇ ਛੋਡਿ ਬੀਚਾਰ ਮਨਾ ॥੧॥ ਰਹਾਉ ॥ (੯੧੩)***

***ਮਾਤ ਗਰਭ ਮਹਿ ਜਿਨਿ ਪ੍ਰਤਿਪਾਲਿਆ ॥ ਸਾਸਿ ਗ੍ਰਾਸਿ ਹੋਇ ਸੰਗਿ ਸਮਾਲਿਆ ॥ ਸਦਾ ਸਦਾ ਜਪੀਐ ਸੋ ਪ੍ਰੀਤਮੁ ਵਡੀ ਜਿਸੁ ਵਡਿਆਈ ਹੇ ॥੩॥ (੧੦੭੧)***

***ਜੀਉ ਪ੍ਰਾਣ ਤਨੁ ਧਨੁ ਜਿਨਿ ਸਾਜਿਆ ॥ ਮਾਤ ਗਰਭ ਮਹਿ ਰਾਖਿ ਨਿਵਾਜਿਆ ॥ ਤਿਸ ਸਿਉ ਪ੍ਰੀਤਿ ਛਾਡਿ ਅਨ ਰਾਤਾ ਕਾਹੂ ਸਿਰੈ ਨ ਲਾਵਣਾ ॥੮॥ (੧੦੮੬)***

ਗੁਰੂ ਸਾਹਿਬ ਵਾਰ ਵਾਰ ਇਹੀ ਸਮਝਾਂਉਂਦੇ ਹਨ ਕਿ ਜਿਸ ਅਕਾਲ ਪੁਰਖੁ ਨੇ ਤੈਨੂੰ ਮਾਂ ਦੇ ਪੇਟ ਵਿਚ ਆਪਣਾ ਹੱਥ ਦੇ ਕੇ ਬਚਾਇਆ, ਤੇਰੀ ਰੱਖਿਆ ਕੀਤੀ, ਤੈਨੂੰ ਸੰਭਾਲਿਆ, ਉਸ ਅਕਾਲ ਪੁਰਖੁ ਨੂੰ ਚੇਤੇ ਕਰਿਆ ਕਰ, ਉਸ ਦੀ ਵਡਿਆਈ ਕਰਿਆ ਕਰ, ਉਸ ਨਾਲ ਸਦੀਵੀ ਪ੍ਰੇਮ ਕਾਇਮ ਕਰ। ਇਸ ਲਈ ਹਰ ਸਮੇਂ ਗੁਰਬਾਣੀ ਦੁਆਰਾ, ਉਸ ਅਕਾਲ ਪੁਰਖੁ ਨਾਲ ਪ੍ਰੇਮ ਪਾ ਤੇ ਉਸ ਦਾ ਨਾਮੁ ਹਮੇਸ਼ਾਂ ਯਾਦ ਕਰਿਆ ਕਰ। ਅਕਾਲ ਪੁਰਖੁ ਦੇ ਗੁਣਾਂ ਨੂੰ ਗੁਰੂ ਦੇ ਸ਼ਬਦ ਦੁਆਰਾ ਆਪਣਾ ਭੋਜਨ ਬਣਾਓ, ਭਾਵ, ਜੀਵਨ ਦਾ ਸਹਾਰਾ ਬਣਾਓ, ਇਹ ਭੋਜਨ ਖਾਧਿਆਂ ਮਨ ਵਿਚ ਸਦਾ ਸੰਤੋਖ ਰਹਿੰਦਾ ਹੈ। ਅਕਾਲ ਪੁਰਖੁ ਦੀ ਵਡਿਆਈਆਂ ਨੂੰ ਆਪਣੀ

ਪੁਸ਼ਾਕ ਬਣਾਓ, ਕਿਉਕਿ ਅਜੇਹੀ ਪੁਸ਼ਾਕ ਸਦਾ ਸਾਫ਼ ਰਹਿੰਦੀ ਹੈ ਤੇ ਮਨ ਨੂੰ ਕਦੀ ਮੈਲਾ ਨਹੀਂ ਹੋਣ ਦਿੰਦੀ। ਮਨੁੱਖਾ ਸਰੀਰ ਲਈ ਗੁਰੂ ਦਾ ਸ਼ਬਦ ਇਕ ਗਹਣਾ ਹੈ, ਜਿਸ ਦੀ ਬਰਕਤਿ ਨਾਲ ਸਦਾ ਸੁਖ ਮਿਲਦਾ ਹੈ। ਪਰੰਤੂ ਜਿਸ ਮਨੁੱਖ ਨੂੰ ਅਕਾਲ ਪੁਰਖੁ ਆਪ ਸੋਝੀ ਦਿੰਦਾ ਹੈ, ਉਹ ਗੁਰੂ ਦੀ ਬਾਣੀ ਦੁਆਰਾ ਜੀਵਨ ਦਾ ਇਹ ਭੇਤ ਸਮਝ ਲੈਂਦਾ ਹੈ।

*ਮਃ ੩ ॥ ਜਿਨਿ ਉਪਾਈ ਮੇਦਨੀ ਸੋਈ ਕਾਰ ਕਰੇਇ ॥ ਏਕੋ ਸਿਮਰਹੁ ਭਾਇਰਹੁ ਤਿਸੁ ਬਿਨੁ ਅਵਰੁ ਨ ਕੋਇ ॥ (੧੦੯੨)*

ਜਿਸ ਅਕਾਲ ਪੁਰਖੁ ਨੇ ਜੀਵ ਪੈਦਾ ਕੀਤੇ ਹਨ, ਉਹ ਇਸ ਆਤਮਕ ਮੌਤ ਤੋਂ ਬਚਾਣ ਦਾ ਢੰਗ ਵੀ ਜਾਣਦਾ ਹੈ। ਅਕਾਲ ਪੁਰਖੁ ਗੁਰੂ ਦੀ ਸਰਨ ਪਾ ਕੇ, ਜਿਸ ਮਨੁੱਖ ਨੂੰ ਇਹ ਸੂਝ ਦਿੰਦਾ ਹੈ, ਉਹ ਮਨੁੱਖ ਗੁਰੂ ਦੇ ਸ਼ਬਦ ਨਾਲ ਸਾਂਝ ਪਾ ਲੈਂਦਾ ਹੈ। ਅਜੇਹਾ ਮਨੁੱਖ ਗੁਰਬਾਣੀ ਦੁਆਰਾ ਆਪਣਾ ਚਿੱਤ ਸਦਾ ਕਾਇਮ ਰਹਿਣ ਵਾਲੇ ਅਕਾਲ ਪੁਰਖੁ ਦੇ ਨਾਮੁ ਵਿਚ ਜੋੜੀ ਰੱਖਦਾ ਹੈ।

*ਜਿਨਿ ਉਪਾਏ ਸੋ ਬਿਧਿ ਜਾਣੈ ॥ ਗੁਰਮੁਖਿ ਦੇਵੈ ਸਬਦੁ ਪਛਾਣੈ ॥ ਨਾਨਕ ਦਾਸੁ ਕਹੈ ਬੇਨੰਤੀ ਸਚਿ ਨਾਮਿ ਚਿਤੁ ਲਾਇਦਾ ॥੧੬॥੨॥੧੬॥ (੧੦੬੦)*

ਜੇ ਕਰ ਉਪਰ ਲਿਖੀਆਂ, ਗੁਰਬਾਣੀ ਦੀਆਂ ਸਿਖਿਆਵਾਂ, ਨੂੰ ਇਕੱਠਾ ਕਰੀਏ ਤਾਂ ਅਸੀਂ ਸਮਝ ਸਕਦੇ ਹਾਂ, ਕਿ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਅਕਾਲ ਪੁਰਖੁ ਆਪ ਹੀ ਹੈ। ਇਸ ਜਗਤ ਦੀ ਰਚਨਾ ਤੋਂ ਪਹਿਲਾਂ ਬੇਅੰਤ ਸਮਾਂ ਸ੍ਰਿਸ਼ਟੀ ਦੀ ਹਾਲਤ ਕਿਸ ਤਰ੍ਹਾਂ ਦੀ ਸੀ, ਉਹ ਸਿਰਫ ਅਕਾਲ ਪੁਰਖੁ ਆਪ ਹੀ ਜਾਣਦਾ ਹੈ। ਵੱਖ ਵੱਖ ਕਿਸਮ ਦੇ ਇਹ ਸਾਰੇ ਜੀਵ ਅਕਾਲ ਪੁਰਖੁ ਆਪ ਹੀ ਬਣਾਉਂਦਾ ਹੈ, ਤੇ ਆਪ ਹੀ ਨਾਸ ਕਰ ਕੇ, ਫਿਰ ਹੋਰ ਆਪ ਹੀ ਪੈਦਾ ਕਰਦਾ ਹੈ। ਹਰੇਕ ਸਰੀਰ ਵਿਚ ਉਸ ਅਕਾਲ ਪੁਰਖੁ ਦਾ ਪਾਇਆ ਹੋਇਆ ਸੁਆਸ ਚੱਲ ਰਿਹਾ ਹੈ। ਜਿਸ ਮਨੁੱਖ ਨੂੰ ਪੂਰੇ ਗੁਰੂ ਪਾਸੋਂ ਇਹ ਸਮਝ ਆ ਗਈ, ਉਹ ਮਨੁੱਖ ਗੁਰੂ ਦੇ ਸ਼ਬਦ ਵਿਚ ਜੁੜ ਕੇ ਇਸ ਜਗਤ ਦੇ ਤਮਾਸ਼ੇ ਵਿਚ ਨਿਰਲੇਪ ਰਹਿੰਦਾ ਹੈ, ਉਹ ਮਨੁੱਖ ਅਕਾਲ ਪੁਰਖੁ ਨਾਲ ਆਪਣਾ ਮਨ ਜੋੜੀ ਰੱਖਦਾ ਹੈ। ਇਸ ਜਗਤ ਨੂੰ ਬਣਾਉਂਣ ਲਈ ਅਕਾਲ ਪੁਰਖੁ ਨੇ ਪੰਜ ਤੱਤ ਪਾ ਦਿੱਤੇ, ਇਨ੍ਹਾਂ ਪੰਜ ਤੱਤਾਂ ਸਦਕਾ ਮਨੁੱਖਾ ਸਰੀਰ ਤਿਆਰ ਹੋਇਆ ਹੈ, ਉਸ ਸਰੀਰ ਦੇ ਅੰਦਰ ਝੂਠ, ਮੋਹ ਤੇ ਗੁਮਾਨ ਆਦਿਕ ਵਿਕਾਰ ਵੀ ਹਨ, ਜੋ ਕਿ ਮਨੁੱਖ ਨੂੰ ਖੁਆਰ ਕਰਦੇ ਹਨ। ਅਗਿਆਨੀ ਤੇ ਮਨਮੁੱਖ ਇਨ੍ਹਾਂ ਵਿਕਾਰਾਂ ਵਿਚ ਫਸ ਕੇ ਭਟਕਦਾ ਹੈ, ਤੇ ਜੰਮਦਾ ਮਰਦਾ ਰਹਿੰਦਾ ਹੈ। ਜਿਸ ਜੀਵ ਉਤੇ ਅਕਾਲ ਪੁਰਖੁ ਮਿਹਰ ਕਰਦਾ ਹੈ, ਉਸ ਨੂੰ ਆਪਣਾ ਨਾਮੁ ਬਖ਼ਸ਼ਦਾ ਹੈ, ਤੇ ਉਹ ਮਨੁੱਖ ਵੱਡੇ ਭਾਗਾਂ ਵਾਲਾ ਹੋ ਜਾਂਦਾ ਹੈ। ਗੁਰਬਾਣੀ ਅਨੁਸਾਰ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਅਕਾਲ ਪੁਰਖ ਆਪ ਹੀ ਹੈ ਤੇ ਉਸ ਨੇ ਆਪਣੇ ਹੁਕਮੁ ਰਾਹੀਂ ਇਹ ਸਾਰੀ ਸ੍ਰਿਸ਼ਟੀ ਪੈਦਾ ਕਰ ਦਿੱਤੀ ਹੈ। ਇਸ ਸ੍ਰਿਸ਼ਟੀ ਤੇ ਸਭ ਕੁਝ ਉਸ ਦੇ ਹੁਕਮੁ ਅਨੁਸਾਰ ਹੀ ਹੋ ਰਿਹਾ ਹੈ। ਅਕਾਲ ਪੁਰਖੁ ਅਟੱਲ ਨਿਯਮਾਂ ਵਾਲਾ ਹੈ, ਉਸ ਦਾ ਨਿਆਉਂ ਹੁਣ ਤਕ ਅਟੱਲ ਹੈ, ਉਹ ਅਗਾਂਹ ਨੂੰ ਵੀ ਉਹੀ ਨਿਆਉਂ ਕਰੇਗਾ, ਜੋ ਅਟੱਲ ਹੈ। ਅਕਾਲ ਪੁਰਖੁ ਸਦਾ ਦਇਆ ਕਰਨ ਵਾਲਾ ਹੈ, ਉਹ ਸਾਰੇ ਜੀਵਾਂ ਨੂੰ ਸੰਭਾਲਦਾ ਹੈ ਤੇ ਸਭ ਨੂੰ ਰਿਜਕ ਤੇ ਪਦਾਰਥਾਂ ਦਾ ਦਾਨ ਵੀ ਦਿੰਦਾ ਹੈ। ਜੀਵ ਦੁਨੀਆ ਦੇ ਪਦਾਰਥਾਂ ਵਿਚੋਂ ਆਨੰਦ ਢੂੰਢਦਾ ਹੈਂ, ਪਰ ਆਨੰਦ ਦਾ ਸੋਮਾ ਤਾਂ ਅਕਾਲ ਪੁਰਖੁ ਆਪ ਹੈ, ਜੋ ਕਿ ਉਸ ਦੇ ਅੰਦਰ ਵੱਸਦਾ ਹੈ। ਗੁਰੂ ਸਾਹਿਬਾਂ ਨੇ ਮਨੁੱਖ ਨੂੰ ਸਮਝਾਇਆ ਹੈ ਕਿ, ਜਦੋਂ ਹਰੀ ਨੇ ਆਪਣੀ ਜੋਤਿ ਜੀਵ ਦੇ ਅੰਦਰ ਰੱਖ ਦਿੱਤੀ, ਤਾਂ ਉਹ ਇਸ ਜਗਤ ਵਿਚ ਆਇਆ, ਅਕਾਲ ਪੁਰਖੁ ਜੀਵ ਨੂੰ ਪੈਦਾ ਕਰਕੇ ਜਗਤ ਵਿਚ ਭੇਜਦਾ ਹੈ, ਉਹ ਆਪ ਹੀ ਉਸ ਦੀ ਮਾਂ ਹੈ, ਆਪ ਹੀ ਉਸ ਦਾ ਪਿਤਾ ਹੈ, ਅਕਾਲ ਪੁਰਖੁ ਆਪ ਹੀ ਮਾਪਿਆਂ ਵਾਂਗ ਜੀਵ ਨੂੰ ਹਰ ਤਰ੍ਹਾਂ ਦਾ ਸੁਖ ਦਿੰਦਾ ਹੈ। ਅਕਾਲ ਪੁਰਖੁ ਆਪ ਹੀ ਮਾਤਾ ਦੇ ਗਰਬ ਵਿਚ ਪਾਲਨਾ ਕਰਨ ਵਾਲਾ ਹੈ, ਤੇ ਆਪ ਹੀ ਰੱਖਿਆ ਕਰਨ ਵਾਲਾ ਹੈ। ਇਸ ਲਈ ਮਾਇਆ ਤੇ ਮੋਹ ਦੇ ਜਾਲ ਵਿਚੋਂ ਬਾਹਰ ਨਿਕਲੋ, ਤੇ ਸਾਰੇ ਝਮੇਲਿਆਂ ਨੂੰ ਛੱਡ ਕੇ, ਗੁਰਬਾਣੀ ਦੁਆਰਾ ਅਕਾਲ ਪੁਰਖੁ ਨੂੰ ਚੇਤੇ ਕਰਿਆ ਕਰੋ, ਉਸ ਦੀ ਵਡਿਆਈ ਕਰਿਆ ਕਰੋ ਤਾਂ ਜੋ ਉਸ ਨਾਲ ਸਦੀਵੀ ਪ੍ਰੇਮ ਕਾਇਮ ਹੋ ਸਕੇ।

**"ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ"**

# ਅਕਾਲ ਪੁਰਖੁ ਨੇ ਇਹ ਕੁਦਰਤ ਸੁੰਨ ਤੋਂ ਪੈਦਾ ਕੀਤੀ (ਭਾਗ-੮)

## Akal Purkh created this universe from Sunn (Zero/Nil/Vacuum) (Part-8)

ਬਿਗ ਬੈਂਗ ਸਿਧਾਂਤ ਅਨੁਸਾਰ ਅੱਜਕਲ ਦੀ ਸਾਇੰਸ ਦੀਆਂ ਖੋਜਾਂ ਇਹੀ ਦਰਸਾਉਂਦੀਆਂ ਹਨ ਕਿ ਸ੍ਰਿਸ਼ਟੀ ਦਾ ਕੋਈ ਆਰੰਭ ਜਰੂਰ ਸੀ। ਸਟੈਂਡਰਡ ਥਿਊਰੀ (Standard theory) ਅਨੁਸਾਰ ਕੁਦਰਤ ਇਕ ਇਕਾਈ (Singularity) ਤੋਂ ਲਗਭਗ ੧੩.੭ ਅਰਬ (13.7 billion) ਸਾਲ ਪਹਿਲਾਂ ਆਰੰਭ ਹੋਈ। ਇਹ ਇਕਾਈ (Singularity ) ਕੀ ਹੈ, ਕਿਸ ਤਰ੍ਹਾਂ ਪੈਦਾ ਹੋਈ, ਇਹ ਕੋਈ ਨਹੀਂ ਦੱਸ ਸਕਦਾ, ਇਥੇ ਭੌਤਿਕ ਵਿਗਿਆਨ (Physics) ਦੇ ਆਮ ਨਿਯਮ ਲਾਗੂ ਨਹੀਂ ਹੁੰਦੇ ਹਨ। ਇਹ ਬਲੈਕ ਹੋਲ ਦੇ ਕੇਂਦਰ ਵਿਚ ਸਥਿਤ ਕਹੀ ਜਾਂਦੀ ਹੈ। ਜਿਸ ਦੀ ਘਨਤਾ (Density) ਅਮਿਤ ਹੈ, ਬਹੁਤ ਜਿਆਦਾ ਹੈ ਜਿਸ ਦਾ ਅਨੁਮਾਨ ਨਹੀਂ ਲਗਾਇਆ ਜਾ ਸਕਦਾ ਹੈ। ਇਹ ਬਿਗ ਬੈਂਗ ਨਾਲ ਆਰੰਭ ਹੋਈ ਤੇ ਫੈਲਦੀ ਗਈ ਤੇ ਨਾਲੋ ਨਾਲ ਠੰਡੀ ਹੁੰਦੀ ਗਈ। ਇਹ ਅੱਜ ਵੀ ਹੋਰ ਫੈਲ ਰਹੀ ਹੈ ਤੇ ਨਾਲੋ ਨਾਲ ਠੰਡੀ ਹੋ ਰਹੀ ਹੈ। ਇਸ ਇਕਾਈ ਤੋਂ ਪਹਿਲਾਂ ਕੋਈ ਪੁਲਾੜ, ਸਮਾਂ, ਪਦਾਰਥ ਜਾਂ ਊਰਜਾ ਕੁਝ ਵੀ ਨਹੀਂ ਸੀ (Prior to the singularity, nothing existed, not space, time, matter, or energy)। ਹੁਬਲ ਨਿਯਮ (Hubble's Law) ਅਨੁਸਾਰ ਗਲੈਕਸੀਆਂ ਸਾਡੇ ਤੋਂ ਦੂਰ ਜਾ ਰਹੀਆਂ ਹਨ। ਗਲੈਕਸੀਆਂ ਦੇ ਫੈਲਣ ਦੀ ਇਹ ਖੋਜ਼ ਇਹੀ ਦੱਸਦੀ ਹੈ ਕਿ ਕੁਦਰਤ ਪਹਿਲਾ ਇਕ ਇਕਾਈ ਦੀ ਤਰ੍ਹਾਂ ਸੀ।

ਸਟੈਂਡਰਡ ਮਾਡਲ ਅਨੁਸਾਰ ਹਿਗਜ਼ ਬੋਸੋਨ (Higgs Boson) ਇਕ ਮੁਢਲਾ ਪਾਰਟੀਕਲ ਹੈ। ਹੋਰ ਸਭ ਮੁਢਲੇ ਪਾਰਟੀਕਲ ਤਜਰਬਿਆਂ ਤੇ ਖੋਜਾਂ ਨਾਲ ਲੱਭੇ ਜਾ ਚੁਕੇ ਹਨ, ਹਿਗਜ਼ ਬੋਸੋਨ ਨੂੰ ਪੈਦਾ ਕਰਨਾ ਤੇ ਵੇਖਣਾਂ (detect) ਬਹੁਤ ਮੁਸ਼ਕਲ ਹੈ। ਜੇ ਕਰ ਇਸ ਮੁਢਲੇ ਪਾਰਟੀਕਲ ਦਾ ਠੋਸ ਸਬੂਤ ਮਿਲ ਗਿਆ ਤਾਂ ਕੁਦਰਤ ਦੇ ਰਹਸਿਅ ਨੂੰ ਸਮਝਣਾ ਆਸਾਨ ਹੋ ਜਾਵੇਗਾ। ਸਰਨ (CERN) ਵਿਚ ਇਕ ਬਹੁਤ ਵੱਡੇ ਹੈਡਰੌਨ ਕੋਲਾਇਡਰ (Large Hadron Collider) ਨਾਲ ਤਜੱਰਬੇ ਕੀਤੇ ਜਾ ਰਹੇ ਹਨ।

ਅੱਜ ਕੱਲ ਦੀ ਸਾਇੰਸ ਤਾਂ ਵੈਕੀਉਂਮ, ਬਲੈਕ ਹੋਲ ਜਾਂ ਇਕਾਈ (Vacuum, Black hole, Singularity) ਦੀਆਂ ਗੱਲਾਂ ਕਰਦੀ ਹੈ। ਪਰੰਤੂ ਗੁਰਬਾਣੀ ਅਨੁਸਾਰ ਅਕਾਲ ਪੁਰਖੁ ਨੇ ਇਹ ਕੁਦਰਤ ਸੁੰਨ ਤੋਂ ਪੈਦਾ ਕੀਤੀ। ਅਕਾਲ ਪੁਰਖੁ ਤੋਂ ਪਰੇ ਹੋਰ ਕੁਝ ਵੀ ਨਹੀਂ ਤੇ ਉਹ ਨਿਰੋਲ ਆਪ ਹੀ ਆਪ ਹੈ, ਤੇ ਆਪਣੀ ਤਾਕਤ ਆਪ ਹੀ ਬਣਾਈ ਹੋਈ ਹੈ। ਉਸ ਅਕਾਲ ਪੁਰਖੁ ਨੂੰ ਕਿਸੇ ਹੋਰ ਆਸਰੇ ਦੀ ਲੋੜ ਨਹੀਂ, ਉਹ ਅਪਰ ਅਪਾਰ ਅਕਾਲ ਪੁਰਖੁ ਆਪਣੇ ਸਹਾਰੇ ਆਪ ਹੀ ਹੈ, ਅਕਾਲ ਪੁਰਖੁ ਦੇ ਆਪਣੇ ਆਪ ਤੋਂ ਬਿਨਾ ਹੋਰ ਕੁਝ ਵੀ ਨਹੀਂ। ਅਕਾਲ ਪੁਰਖੁ ਸੁੰਨ ਅਵਸਥਾ ਵੀ ਆਪ ਹੀ ਪੈਦਾ ਕਰਦਾ ਹੈ, ਤੇ ਆਪ ਹੀ ਆਪਣੀ ਕੁਦਰਤ ਰਚ ਕੇ ਵੇਖਦਾ ਹੈ। ਅਕਾਲ ਪੁਰਖੁ ਆਪ ਹੀ ਸੁੰਨ ਅਵਸਥਾ ਤੋਂ ਹਵਾ, ਪਾਣੀ ਆਦਿਕ ਤੱਤ ਪੈਦਾ ਕਰਦਾ ਹੈ। ਆਪ ਹੀ ਸੁੰਨ ਅਵਸਥਾ ਤੋਂ ਸ੍ਰਿਸ਼ਟੀ ਪੈਦਾ ਕਰ ਕੇ, ਆਪਣੇ ਆਪ ਤੋਂ ਆਪ ਹੀ ਅਨੇਕਾਂ ਸਰੀਰ ਤੇ ਸਰੀਰਕ ਕਿਲ੍ਹਿਆਂ ਦੇ ਰਾਜੇ, ਭਾਵ ਜੀਵ ਪੈਦਾ ਕਰਦਾ ਹੈ। ਅੱਗ, ਪਾਣੀ ਆਦਿਕ ਤੱਤਾਂ ਨਾਲ ਬਣੇ ਹੋਏ ਅਨੇਕਾਂ ਸਰੀਰ ਤੇ ਉਨ੍ਹਾਂ ਸਰੀਰਾਂ ਵਿਚਲੀ ਜੀਵ ਆਤਮਾ ਵੀ ਅਕਾਲ ਪੁਰਖੁ ਦੀ ਹੀ ਜੋਤਿ ਹੈ। ਅਕਾਲ ਪੁਰਖੁ ਆਪਣੇ ਆਪ ਵਿਚ ਆਪਣੀ ਸ਼ਕਤੀ ਟਿਕਾਈ ਰੱਖਦਾ ਹੈ। ਜੀਵਾਂ ਦੇ ਪੰਜ ਗਿਆਨ ਇੰਦ੍ਰੇ, ਮਨ ਤੇ ਬੁਧੀ, ਇਹ ਸੱਤੇ (੫+੨) ਸਰੋਵਰ ਵੀ ਅਕਾਲ ਪੁਰਖੁ ਨੇ ਆਪਣੇ ਆਪੇ ਤੋਂ ਹੀ ਬਣਾਏ ਹਨ। ਜਿਸ ਅਕਾਲ ਪੁਰਖੁ ਨੇ ਜੀਵ ਪੈਦਾ ਕੀਤੇ ਹਨ, ਉਹ ਆਪ ਹੀ ਉਨ੍ਹਾਂ ਨੂੰ ਸੰਭਾਲਦਾ ਹੈ ਤੇ ਆਪਣੇ ਵੀਚਾਰ ਮੰਡਲ ਵਿਚ ਰੱਖਦਾ ਹੈ।

ਆਕਾਸ਼ ਵਿਚ ਜੋ ਅਣਗਿਣਤ ਚੰਦ ਸੂਰਜ ਦਿਖਾਈ ਦਿੰਦੇ ਹਨ, ਉਹ ਸਭ ਅਕਾਲ ਪੁਰਖੁ ਤੋਂ ਹੀ ਬਣੇ ਹਨ, ਉਸ ਦੀ ਆਪਣੀ ਹੀ ਜੋਤਿ ਸਾਰੇ ਬ੍ਰਹਿਮੰਡ ਵਿਚ ਪਸਰ ਰਹੀ ਹੈ। ਉਹ ਅਦ੍ਰਿਸ਼ਟ ਤੇ ਬੇਅੰਤ ਅਕਾਲ ਪੁਰਖੁ ਕਿਸੇ ਹੋਰ ਦੇ ਆਸਰੇ ਨਹੀਂ ਰਹਿੰਦਾ ਹੈ, ਕਿਸੇ ਦਾ ਮੁਥਾਜ ਨਹੀਂ, ਉਹ ਆਪਣੇ ਆਪ ਵਿਚ ਆਪ ਹੀ ਮਸਤ ਰਹਿੰਦਾ ਹੈ। ਅਕਾਲ ਪੁਰਖੁ ਨੇ ਹੀ ਧਰਤੀ, ਆਕਾਸ਼, ਤਾਰੇ ਆਦਿ ਨਿਰੋਲ ਆਪਣੇ ਆਪੇ ਤੋਂ ਹੀ ਪੈਦਾ ਕੀਤੇ ਹਨ। ਉਹ ਸਦਾ-ਥਿਰ ਰਹਿਣ ਵਾਲਾ ਅਕਾਲ ਪੁਰਖੁ, ਆਪਣੀ ਤਾਕਤ ਦੇ ਸਹਾਰੇ, ਭਾਵ ਆਪਣੇ ਹੁਕਮੁ ਅਨੁਸਾਰ, ਬਿਨਾ ਕਿਸੇ ਹੋਰ ਥੰਮ੍ਹਾਂ ਦੇ ਇਸ ਧਰਤੀ ਤੇ ਆਕਾਸ਼ ਨੂੰ ਟਿਕਾਈ ਰੱਖਦਾ ਹੈ। ਅੱਜਕਲ ਉਸ ਹੁਕਮੁ ਨੂੰ ਅਸੀਂ ਗਰੇਵੀਟੇਸ਼ਨ (Gravitation) ਨਾਲ ਜਾਣਦੇ ਹਾਂ। ਅਕਾਲ ਪੁਰਖੁ ਤਿੰਨੇ ਭਵਨ, ਭਾਵ ਸਾਰੀ ਸ੍ਰਿਸ਼ਟੀ ਪੈਦਾ ਕਰ ਕੇ, ਆਪ ਹੀ ਇਨ੍ਹਾਂ ਨੂੰ ਮਾਇਆ ਦੀ ਲਪੇਟ ਵਿਚ ਬੰਨ੍ਹੀ ਰੱਖਦਾ ਹੈ। ਅਕਾਲ ਪੁਰਖੁ ਆਪ ਹੀ ਇਹ ਸਭ ਕੁਝ ਪੈਦਾ ਕਰਦਾ ਹੈ, ਤੇ ਆਪ ਹੀ ਨਾਸ ਕਰਦਾ ਹੈ। ਅਕਾਲ ਪੁਰਖੁ ਨਿਰੋਲ ਆਪਣੇ ਆਪੇ ਤੋਂ ਹੀ ਜੀਵ ਉਤਪੱਤੀ ਦੀਆਂ ਖਾਣੀਆਂ ਬਣਾਉਂਦਾ ਹੈ ਤੇ ਜੀਵਾਂ ਦੀਆਂ ਬਾਣੀਆਂ ਰਚਦਾ ਹੈ। ਉਸ ਦੇ ਨਿਰੋਲ ਆਪਣੇ ਆਪੇ ਤੋਂ ਹੀ ਸ੍ਰਿਸ਼ਟੀ ਪੈਦਾ ਹੁੰਦੀ ਹੈ ਤੇ ਉਸ ਦੇ ਆਪਣੇ ਆਪ ਵਿਚ ਹੀ ਸਮਾ ਜਾਂਦੀ ਹੈ। ਅਕਾਲ ਪੁਰਖੁ ਨੇ ਜਗਤ ਰਚਨਾ ਦਾ ਕੁਝ ਅਜੇਹਾ ਕੌਤਕ ਰਚਿਆ, ਕਿ ਧਰਤੀ ਵਿਚੋਂ ਆਪਣੇ ਆਪ ਬਨਸਪਤੀ ਆਦਿ ਉੱਗ ਪਏ। ਅਕਾਲ ਪੁਰਖੁ ਆਪਣੇ ਹੁਕਮੁ ਨਾਲ ਆਪ ਹੀ ਹੈਰਾਨ ਕਰਨ ਵਾਲਾ ਇਹ ਜਗਤ

ਤਮਾਸ਼ਾ ਵਿਖਾ ਦਿੰਦਾ ਹੈ। ਦਿਨ ਰਾਤ, ਸੁਖ ਦੁਖ, ਪਾਤਾਲ ਆਕਾਸ਼, ਭਵਨ, ਜਨਮ ਮਰਨ, ਦੇਵ ਦਾਨਵ, ਪੰਜ ਤੱਤ, ਬੁਰਾ ਭਲਾ, ਆਦਿ ਸਭ ਅਕਾਲ ਪੁਰਖੁ ਨੇ ਆਪ ਹੀ ਪੈਦਾ ਕੀਤੇ ਹਨ। ਪਰ ਇਨ੍ਹਾਂ ਸਭ ਬਾਰੇ ਗਿਆਨ ਕੋਈ ਗੁਰਮੁਖ ਹੀ ਗੁਰੂ ਦੇ ਸਬਦਿ ਵਿਚ ਆਪਣੇ ਆਪ ਨੂੰ ਲੀਨ ਕਰਕੇ ਸਮਝ ਸਕਦਾ ਹੈ। ਜਿਸ ਮਨੁੱਖ ਦਾ ਮਨ ਸਬਦ ਗੁਰੂ ਦੁਆਰਾ ਉਸ ਦੀ ਸ਼ਰਨ ਪੈ ਕੇ, ਉਸ ਸ਼ਾਂਤੀ ਦੇ ਸਰੋਵਰ ਵਿਚ ਇਸ਼ਨਾਨ ਕਰਦਾ ਹੈ, ਉਹ ਆਪਣਾ ਜਨਮ ਸਫਲ ਕਰ ਲੈਂਦਾ ਹੈ।

*ਮਾਰੂ ਮਹਲਾ ੧ ॥ ਸੁੰਨ ਕਲਾ ਅਪਰੰਪਰਿ ਧਾਰੀ ॥ ਆਪਿ ਨਿਰਾਲਮੁ ਅਪਰ ਅਪਾਰੀ ॥ ਆਪੇ ਕੁਦਰਤਿ ਕਰਿ ਕਰਿ ਦੇਖੈ ਸੁੰਨਹੁ ਸੁੰਨੁ ਉਪਾਇਦਾ ॥੧॥ ਪਉਣੁ ਪਾਣੀ ਸੁੰਨੈ ਤੇ ਸਾਜੇ ॥ ਸ੍ਰਿਸਟਿ ਉਪਾਇ ਕਾਇਆ ਗੜ ਰਾਜੇ ॥ ਅਗਨਿ ਪਾਣੀ ਜੀਉ ਜੋਤਿ ਤੁਮਾਰੀ ਸੁੰਨੇ ਕਲਾ ਰਹਾਇਦਾ ॥੨॥*

*ਸੁੰਨਹੁ ਚੰਦੁ ਸੂਰਜੁ ਗੈਣਾਰੇ ॥ ਤਿਸ ਕੀ ਜੋਤਿ ਤ੍ਰਿਭਵਣ ਸਾਰੇ ॥ ਸੁੰਨੇ ਅਲਖ ਅਪਾਰ ਨਿਰਾਲਮੁ ਸੁੰਨੇ ਤਾੜੀ ਲਾਇਦਾ ॥੫॥ ਸੁੰਨਹੁ ਧਰਤਿ ਅਕਾਸੁ ਉਪਾਏ ॥ ਬਿਨੁ ਥੰਮਾ ਰਾਖੇ ਸਚੁ ਕਲ ਪਾਏ ॥ ਤ੍ਰਿਭਵਣ ਸਾਜਿ ਮੇਖੁਲੀ ਮਾਇਆ ਆਪਿ ਉਪਾਇ ਖਪਾਇਦਾ ॥੬॥ ਸੁੰਨਹੁ ਖਾਣੀ ਸੁੰਨਹੁ ਬਾਣੀ ॥ ਸੁੰਨਹੁ ਉਪਜੀ ਸੁੰਨਿ ਸਮਾਣੀ ॥ ਉਤਭੁਜੁ ਚਲਤੁ ਕੀਆ ਸਿਰਿ ਕਰਤੈ ਬਿਸਮਾਦੁ ਸਬਦਿ ਦੇਖਾਇਦਾ ॥੭॥ (੧੦੩੭, ੧੦੩੮)*

ਸਾਇੰਸ ਜੀਵਾਂ ਅਤੇ ਪਦਾਰਥਾਂ ਦੀ ਜਾਣਕਾਰੀ ਤਾਂ ਦੱਸਦੀ ਹੈ। ਪਰੰਤੂ ਇਹ ਨਹੀਂ ਦੱਸ ਸਕਦੀ ਕਿ ਪਦਾਰਥ ਤੋਂ ਜੀਵ ਕਿਸ ਤਰ੍ਹਾਂ ਬਣੇ, ਚੇਤਨਾਂ ਕਿਸ ਤਰ੍ਹਾਂ ਪੈਦਾ ਹੋਈ, ਜੀਵਾਂ ਦੀ ਉਤਪਤੀ ਕਿਸ ਤਰ੍ਹਾਂ ਹੁੰਦੀ ਹੈ। ਪੰਛੀ ਕਿਸ ਤਰ੍ਹਾਂ ਉਡਦੇ ਹਨ। ਇਨ੍ਹਾਂ ਸਭ ਦੀ ਸੰਭਾਲ ਕੌਣ ਤੇ ਕਿਸ ਤਰ੍ਹਾਂ ਕਰਦਾ ਹੈ। ਗੁਰਬਾਣੀ ਅਨੁਸਾਰ ਅਕਾਲ ਪੁਰਖੁ ਜਿਸ ਤਰ੍ਹਾਂ ਚਾਹੁੰਦਾ ਹੈ, ਉਹ ਪੈਦਾ ਕਰਦਾ ਹੈ, ਤੇ ਜੀਵਾਂ ਪਾਸੋਂ ਆਪਣੇ ਹੁਕਮੁ ਅਨੁਸਾਰ ਕਰਵਾਉਂਦਾ ਹੈ। ਜਿਵੇਂ ਉਸ ਅਕਾਲ ਪੁਰਖ ਨੂੰ ਭਾਉਂਦਾ ਹੈ, ਜਿਵੇਂ ਉਸ ਦਾ ਹੁਕਮੁ ਹੁੰਦਾ ਹੈ, ਤਿਵੇਂ ਹੀ ਉਹ ਆਪ ਸੰਸਾਰ ਦੀ ਕਾਰ ਚਲਾ ਰਿਹਾ ਹੈ।

*ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥ (੨)*

ਅਕਾਲ ਪੁਰਖੁ ਨੇ ਜਦੋਂ ਆਪਣੇ ਆਪ ਨੂੰ ਆਪ ਪਰਗਟ ਕੀਤਾ ਸੀ, ਉਸ ਸਮੇਂ ਤਾਂ ਨਾ ਪਾਣੀ ਸੀ, ਨਾ ਸੋਕਾ ਸੀ ਨਾ ਧਰਤੀ ਸੀ, ਨਾ ਆਕਾਸ਼ ਸੀ, ਨਾ ਬ੍ਰਹਿਮੰਡ ਵਿਚ ਅਨੇਕਾਂ ਤਾਰੇ ਸਨ, ਉਸ ਵੇਲੇ ਅਕਾਲ ਪੁਰਖੁ ਆਪ ਹੀ ਸੁੰਨ ਅਵਸਥਾ ਵਿਚ ਆਪਣੇ ਅੰਦਰ ਸੁਰਤਿ ਜੋੜ ਕੇ ਸਮਾਧੀ ਲਾਈ ਬੈਠਾ ਸੀ, ਇਕੱਲਾ ਆਪ ਹੀ ਆਪਣੇ ਹੁਕਮੁ (ਸਬਦ) ਨੂੰ ਸਮਝਦਾ ਸੀ। ਉਸ ਵੇਲੇ ਨਾ ਇਹ ਮਾਇਆ ਸੀ, ਨਾ ਇਸ ਮਾਇਆ ਦੇ ਪ੍ਰਭਾਵ ਵਿਚ ਮਸਤ ਹੋਏ ਕੋਈ ਜੀਵ ਸਨ, ਨਾ ਕੋਈ ਸੂਰਜ ਸੀ, ਨਾ ਚੰਦ੍ਰਮਾ ਸੀ, ਨਾ ਹੀ ਕੋਈ ਹੋਰ ਜੋਤਿ ਸੀ। ਅਕਾਲ ਪੁਰਖੁ ਦੀ ਸਾਰੇ ਜੀਵਾਂ ਨੂੰ ਵੇਖ ਸਕਣ ਵਾਲੀ ਅੱਖ, ਤਿੰਨਾਂ ਭਵਨਾਂ ਦੀ ਸਾਰ ਲੈ ਸਕਣ ਵਾਲੀ ਨਜ਼ਰ, ਉਸ ਦੇ ਆਪਣੇ ਅੰਦਰ ਟਿਕੀ ਹੋਈ ਸੀ। ਜਦੋਂ ਉਸ ਅਕਾਲ ਪੁਰਖੁ ਨੇ ਹਵਾ ਪਾਣੀ ਅੱਗ ਆਦਿਕ ਤੱਤ ਰਚੇ, ਤਾਂ ਬ੍ਰਹਮਾ ਵਿਸ਼ਨੂੰ ਸ਼ਿਵ ਆਦਿਕ ਦੇ ਵਜੂਦ ਰਚੇ। ਇਹ ਬ੍ਰਹਮਾ ਵਿਸ਼ਨੂੰ ਸ਼ਿਵ ਆਦਿਕ ਸਾਰੇ ਅਕਾਲ ਪੁਰਖੁ ਦੇ ਪੈਦਾ ਕੀਤੇ ਹੋਏ ਜੀਵ ਹਨ, ਜੋ ਉਸ ਦੇ ਦਰ ਦੇ ਮੰਗਤੇ ਹਨ, ਤੇ ਉਹ ਆਪ ਸਭ ਨੂੰ ਦਾਤਾਂ ਦੇਣ ਵਾਲਾ ਹੈ। ਸਰਬ ਕਲਾ ਸਮਰੱਥ ਤੇ ਜਾਨਣਹਾਰ ਅਕਾਲ ਪੁਰਖੁ ਆਪਣੀ ਵੀਚਾਰ ਤੇ ਰਜ਼ਾ ਅਨੁਸਾਰ ਸਭ ਨੂੰ ਦਾਤਾਂ ਦਿੰਦਾ ਹੈ।

*ਸੁੰਨ ਸਮਾਧਿ ਰਹਹਿ ਲਿਵ ਲਾਗੇ ਏਕਾ ਏਕੀ ਸਬਦੁ ਬੀਚਾਰ ॥ ਜਲੁ ਥਲੁ ਧਰਣਿ ਗਗਨੁ ਤਹ ਨਾਹੀ ਆਪੇ ਆਪੁ ਕੀਆ ਕਰਤਾਰ ॥੨॥ ਨਾ ਤਦਿ ਮਾਇਆ ਮਗਨੁ ਨ ਛਾਇਆ ਨਾ ਸੂਰਜ ਚੰਦ ਨ ਜੋਤਿ ਅਪਾਰ ॥ ਸਰਬ ਦ੍ਰਿਸਟਿ ਲੋਚਨ ਅਭ ਅੰਤਰਿ ਏਕਾ ਨਦਰਿ ਸੁ ਤ੍ਰਿਭਵਣ ਸਾਰ ॥੩॥ ਪਵਣੁ ਪਾਣੀ ਅਗਨਿ ਤਿਨਿ ਕੀਆ ਬ੍ਰਹਮਾ ਬਿਸਨੁ ਮਹੇਸ ਅਕਾਰ ॥ ਸਰਬੇ ਜਾਚਿਕ ਤੂੰ ਪ੍ਰਭੁ ਦਾਤਾ ਦਾਤਿ ਕਰੇ ਅਪੁਨੈ ਬੀਚਾਰ ॥੪॥ (੫੦੩, ੫੦੪)*

ਸਿਧਾਂ ਨੇ ਵੀ ਗੁਰੂ ਨਾਨਕ ਸਾਹਿਬ ਨੂੰ ਸਵਾਲ ਕੀਤਾ ਸੀ ਕਿ ਤੁਸੀ ਸ੍ਰਿਸ਼ਟੀ ਦੇ ਮੁੱਢ ਦਾ ਕੀ ਵਿਚਾਰ ਦੱਸਦੇ ਹੋ? ਉਦੋਂ ਅਕਾਲ ਪੁਰਖੁ ਦਾ ਟਿਕਾਣਾ ਕਿਥੇ ਸੀ? ਅਕਾਲ ਪੁਰਖੁ ਨਾਲ ਡੂੰਘੀ ਜਾਣ-ਪਛਾਣ ਦਾ ਕੀ ਸਾਧਨ ਦੱਸਦੇ ਹੋ? ਹਰੇਕ ਹਿਰਦੇ ਵਿਚ ਕਿਸ ਦਾ ਨਿਵਾਸ ਹੈ? ਕਾਲ ਦੀ ਚੋਟ ਮਾਰਨ ਵਾਲਾ ਸੋਟਾ ਕਿਵੇਂ ਸਾੜਿਆ ਜਾ ਸਕਦਾ ਹੈ? ਨਿਰਭੈਤਾ ਦੀ ਅਵਸਥਾ ਤਕ ਕਿਵੇਂ ਅੱਪੜਿਆ ਜਾ ਸਕਦਾ ਹੈ? ਕਿਵੇਂ ਹਉਮੈ ਵੈਰੀ ਦਾ ਨਾਸ ਹੋਵੇ, ਜਿਸ ਸਦਕਾ ਸਹਜ ਤੇ ਸੰਤੋਖ ਦਾ ਆਸਣ ਪਛਾਣਿਆ ਜਾ ਸਕੇ, ਭਾਵ, ਜਿਸ ਕਰਕੇ ਸਹਜ ਤੇ ਸੰਤੋਖ ਪ੍ਰਾਪਤ ਹੋਵੇ?

ਗੁਰੂ ਨਾਨਕ ਸਾਹਿਬ ਨੇ ਉੱਤਰ ਦਿਤਾ ਕਿ ਜਿਹੜਾ ਮਨੁੱਖ ਸਤਿਗੁਰੂ ਦੇ ਸ਼ਬਦ ਦੀ ਰਾਹੀਂ ਹਉਮੈ ਦੇ ਜ਼ਹਿਰ ਨੂੰ ਮੁਕਾ ਲਏ, ਤਾਂ ਉਸ ਦੇ ਨਿੱਜ ਸਰੂਪ ਵਿਚ ਅਕਾਲ ਪੁਰਖੁ ਟਿਕ ਜਾਂਦਾ ਹੈ। ਜਿਸ ਅਕਾਲ ਪੁਰਖੁ ਨੇ ਸ੍ਰਿਸ਼ਟੀ ਰਚਨਾ ਰਚੀ ਹੈ, ਜੋ ਮਨੁੱਖ ਉਸ ਨੂੰ ਗੁਰੂ ਦੇ ਸ਼ਬਦ ਵਿਚ ਜੁੜ ਕੇ ਪਛਾਣ ਲੈਂਦਾ ਹੈ, ਨਾਨਕ ਉਸ ਦਾ ਦਾਸ ਹੈ। ਇਸ ਲਈ ਲੋੜ ਹੈ ਕਿ ਅਸੀਂ ਅਕਾਲ ਪੁਰਖੁ ਦੇ ਹੁਕਮੁ ਨੂੰ ਗੁਰਬਾਣੀ ਦੁਆਰਾ ਪਹਿਚਾਣੀਏ, ਤਾਂ ਜੋ ਅਸੀਂ ਆਪਣੇ ਅੰਦਰਲੇ ਹਉਮੈ ਤੇ ਕਾਬੂ ਪਾ ਕੇ, ਸਹਜ ਸੰਤੋਖ ਵਾਲਾ ਜੀਵਨ ਬਤੀਤ ਕਰ ਸਕੀਏ।

*ਆਦਿ ਕਉ ਕਵਨੁ ਬੀਚਾਰੁ ਕਥੀਅਲੇ ਸੁੰਨ ਕਹਾ ਘਰ ਵਾਸੋ ॥ ਗਿਆਨ ਕੀ ਮੁਦ੍ਰਾ ਕਵਨ ਕਥੀਅਲੇ ਘਟਿ ਘਟਿ ਕਵਨ ਨਿਵਾਸੋ ॥ ਕਾਲ ਕਾ ਠੀਗਾ ਕਿਉ ਜਲਾਈਅਲੇ ਕਿਉ ਨਿਰਭਉ ਘਰਿ ਜਾਈਐ ॥ ਸਹਜ ਸੰਤੋਖ ਕਾ ਆਸਣੁ ਜਾਣੈ ਕਿਉ ਛੇਦੇ ਬੈਰਾਈਐ ॥ ਗੁਰ ਕੈ ਸਬਦਿ ਹਉਮੈ ਬਿਖੁ ਮਾਰੈ ਤਾ ਨਿਜ ਘਰਿ ਹੋਵੈ ਵਾਸੋ ॥ ਜਿਨਿ ਰਚਿ ਰਚਿਆ ਤਿਸੁ ਸਬਦਿ ਪਛਾਣੈ ਨਾਨਕੁ ਤਾ ਕਾ ਦਾਸੋ ॥੨੧॥ (੯੪੦)*

ਸਿਧਾਂ ਨੇ ਵੀ ਗੁਰੂ ਨਾਨਕ ਸਾਹਿਬ ਨੂੰ ਇਹ ਸਵਾਲ ਕੀਤਾ ਸੀ ਕਿ ਇਹ ਸੁੰਨ ਦੀ ਅਵੱਸਥਾ ਕਿਥੋਂ ਆਈ, ਇਹ ਜੀਵ ਕਿਥੋਂ ਆਉਂਦਾ ਹੈ? ਕਿਥੇ ਜਾਂਦਾ ਹੈ? ਕਿਥੇ ਟਿਕਿਆ ਰਹਿੰਦਾ ਹੈ? ਜੀਵ ਕਿਵੇਂ ਜੀਵਨ ਬਿਤੀਤ ਕਰਦਾ ਹੈ? ਜੀਵ ਜਗਤ ਦੇ ਮੂਲ ਤੇ ਅਦ੍ਰਿਸ਼ਟ ਅਕਾਲ ਪੁਰਖੁ ਨੂੰ ਕਿਵੇਂ ਮਿਲੇ? ਗੁਰੂ ਦੀ ਰਾਹੀਂ ਅਕਾਲ ਪੁਰਖੁ ਨਾਲ ਪਿਆਰ ਕਿਵੇਂ ਬਣੇ? ਹੇ ਨਾਨਕ! ਸਾਨੂੰ ਉਸ ਅਕਾਲ ਪੁਰਖੁ ਬਾਰੇ ਵਿਚਾਰ ਦੱਸ ਜੋ ਆਪ ਹੀ ਜੀਵਾਂ ਨੂੰ ਪੈਦਾ ਕਰਨ ਵਾਲਾ ਹੈ ਤੇ ਆਪ ਹੀ, ਉਨ੍ਹਾਂ ਦੀ ਸੁਣਨ ਵਾਲਾ ਹੈ।

ਗੁਰੂ ਨਾਨਕ ਸਾਹਿਬ ਨੇ ਉੱਤਰ ਦਿਤਾ ਕਿ ਜੀਵ ਅਕਾਲ ਪੁਰਖੁ ਦੇ ਹੁਕਮੁ ਵਿਚ ਇਥੇ ਆਉਂਦਾ ਹੈ, ਹੁਕਮੁ ਵਿਚ ਹੀ ਇਥੋਂ ਤੁਰ ਜਾਂਦਾ ਹੈ, ਤੇ ਜੀਵ ਨੂੰ ਹੁਕਮੁ ਵਿਚ ਹੀ ਜੀਵਨ ਬਿਤੀਤ ਕਰਨਾ ਪੈਂਦਾ ਹੈ। ਪੂਰੇ ਗੁਰੂ ਦੀ ਰਾਹੀਂ ਮਨੁੱਖ ਅਕਾਲ ਪੁਰਖੁ ਨੂੰ ਮਿਲ ਸਕਦਾ ਹੈ, ਅਕਾਲ ਪੁਰਖੁ ਨਾਲ ਪਿਆਰ ਪਾਉਂਣ ਲਈ ਸੱਚੇ ਅਕਾਲ ਪੁਰਖੁ ਨੂੰ ਹਮੇਸ਼ਾਂ ਆਪਣੇ ਚਿਤ ਵਿਚ ਯਾਦ ਰੱਖਣ ਦੀ ਕਮਾਈ ਕਰਨੀ ਪਵੇਗੀ। ਇਹ ਸਮਝ ਗੁਰੂ ਦੇ ਸ਼ਬਦ, ਭਾਵ ਗੁਰਬਾਣੀ ਤੋਂ ਹੀ ਮਿਲਦੀ ਹੈ, ਕਿ ਅਕਾਲ ਪੁਰਖੁ ਕਿਹੋ ਜਿਹਾ ਹੈ ਤੇ ਕਿੰਨਾਂ ਬੇਅੰਤ ਹੈ।

*ਕਹਾ ਤੇ ਆਵੈ ਕਹਾ ਇਹੁ ਜਾਵੈ ਕਹਾ ਇਹੁ ਰਹੈ ਸਮਾਈ ॥ ਏਸੁ ਸਬਦ ਕਉ ਜੋ ਅਰਥਾਵੈ ਤਿਸੁ ਗੁਰ ਤਿਲੁ ਨ ਤਮਾਈ ॥ ਕਿਉ ਤਤੈ ਅਵਿਗਤੈ ਪਾਵੈ ਗੁਰਮੁਖਿ ਲਗੈ ਪਿਆਰੋ ॥ ਆਪੇ ਸੁਰਤਾ ਆਪੇ ਕਰਤਾ ਕਹੁ ਨਾਨਕ ਬੀਚਾਰੋ ॥ ਹੁਕਮੇ ਆਵੈ ਹੁਕਮੇ ਜਾਵੈ ਹੁਕਮੇ ਰਹੈ ਸਮਾਈ ॥ ਪੂਰੇ ਗੁਰ ਤੇ ਸਾਚੁ ਕਮਾਵੈ ਗਤਿ ਮਿਤਿ ਸਬਦੇ ਪਾਈ ॥੨੨॥ (੯੪੦)*

ਹਰੇਕ ਮਨੁੱਖ ਸੁੰਨ ਅਵਸਥਾ ਦਾ ਜ਼ਿਕਰ ਕਰਦਾ ਹੈ, ਜਿਥੇ ਮਾਇਆ ਦੇ ਫੁਰਨੇ ਨਹੀਂ ਉੱਠਦੇ ਹਨ। ਪਰ ਅਮਲੀ ਜੀਵਨ ਵਿਚ ਇਹ ਗੱਲ ਕੋਈ ਵਿਰਲਾ ਹੀ ਜਾਣਦਾ ਹੈ ਕਿ ਸਦਾ ਟਿਕੀ ਰਹਿਣ ਵਾਲੀ ਸੁੰਨ ਅਵਸਥਾ ਕਿਵੇਂ ਬਣ ਸਕਦੀ ਹੈ। ਕਿਉਂਕਿ ਇਸ ਅਵਸਥਾ ਵਾਲਾ ਜੀਵਨ ਜੀਉਣ ਨਾਲ ਹੀ, ਇਸ ਅਵਸਥਾ ਬਾਰੇ ਸਮਝ ਆ ਸਕਦੀ ਹੈ। ਕੋਈ ਸਵਾਲ ਪੁੱਛ ਸਕਦਾ ਹੈ ਕਿ ਸੁੰਨ ਅਵਸਥਾ ਵਿਚ ਜੁੜੇ ਹੋਏ ਬੰਦੇ ਕਿਹੋ ਜਿਹੇ ਹੁੰਦੇ ਹਨ? ਤਾਂ ਇਸ ਦਾ ਉੱਤਰ ਇਹ ਹੈ ਕਿ ਅਜੇਹੇ ਮਨੁੱਖ ਉਸ ਅਕਾਲ ਪੁਰਖੁ ਵਰਗੇ ਹੀ ਹੋ ਜਾਂਦੇ ਹਨ, ਜਿਸ ਤੋਂ ਉਹ ਪੈਦਾ ਹੋਏ ਹਨ। ਜਿਹੜੇ ਮਨੁੱਖ ਗੁਰੂ ਦੇ ਹੁਕਮ ਅਨੁਸਾਰ ਚਲ ਕੇ ਮਨ ਨੂੰ ਗੁਰੂ ਦੀ ਮਤ ਅਨੁਸਾਰ ਢਾਲ ਲੈਂਦੇ ਹਨ, ਉਹ ਮੁੜ ਮੁੜ ਨਾ ਜੰਮਦੇ ਹਨ, ਨਾ ਮਰਦੇ ਹਨ, ਉਹਨਾਂ ਦਾ ਆਵਾ-ਗਵਨ ਦਾ ਚੱਕਰ ਮੁੱਕ ਜਾਂਦਾ ਹੈ।

*ਸੁੰਨੋ ਸੁੰਨੁ ਕਹੈ ਸਭੁ ਕੋਈ ॥ ਅਨਹਤ ਸੁੰਨੁ ਕਹਾ ਤੇ ਹੋਈ ॥ ਅਨਹਤ ਸੁੰਨਿ ਰਤੇ ਸੇ ਕੈਸੇ ॥ ਜਿਸ ਤੇ ਉਪਜੇ ਤਿਸ ਹੀ ਜੈਸੇ ॥ ਓਇ ਜਨਮਿ ਨ ਮਰਹਿ ਨ ਆਵਹਿ ਜਾਹਿ ॥ ਨਾਨਕ ਗੁਰਮੁਖਿ ਮਨੁ ਸਮਝਾਹਿ ॥੫੨॥ (੯੪੩, ੯੪੪)*

ਗੁਰੂ ਦੀ ਕਿਰਪਾ ਨਾਲ ਭਾਵ ਅਕਾਲ ਪੁਰਖੁ ਨੂੰ ਗੁਰਬਾਣੀ ਦੁਆਰਾ ਵਿਚਾਰਨ ਨਾਲ ਕੁਦਰਤ ਦੀ ਅਸਲੀਅਤ ਸਮਝ ਆ ਜਾਂਦੀ ਹੈ, ਕਿ ਅਕਾਲ ਪੁਰਖੁ ਆਪਣੇ ਰਚੇ ਹੋਏ ਜਗਤ ਵਿਚ ਆਪ ਵਿਆਪਕ ਹੈ। ਫਿਰ ਜਦੋਂ ਮਨੁੱਖ ਗੁਰੂ ਦੀ ਮਤ ਦੁਆਰਾ ਵੇਖਦਾ ਤੇ ਸਮਝਦਾ ਹੈ, ਤਾਂ ਹਰੇਕ ਚੀਜ਼ ਉਸ ਨੂੰ ਅਕਾਲ ਪੁਰਖੁ ਦਾ ਰੂਪ ਹੀ ਦਿੱਸਦੀ ਹੈ, ਸਭ ਦਾ ਮੂਲ (ਮੁਢ, ਆਰੰਭ) ਵੀ ਅਕਾਲ ਪੁਰਖੁ ਹੀ ਦਿਖਾਈ ਦਿੰਦਾ ਹੈ। ਇਹ ਸਾਰਾ ਦਿੱਸ ਰਿਹਾ ਸੰਸਾਰ ਵੀ ਅਕਾਲ ਪੁਰਖੁ ਆਪ ਹੀ ਹੈ ਤੇ ਸਭ ਵਿਚ ਉਸ ਦੀ ਜੋਤਿ ਵਿਆਪਕ ਹੈ।

*ਗੁਰ ਪ੍ਰਸਾਦਿ ਤਤੁ ਸਭੁ ਬੁਝਿਆ ॥ ਜਬ ਦੇਖਉ ਤਬ ਸਭੁ ਕਿਛੁ ਮੂਲੁ ॥ ਨਾਨਕ ਸੋ ਸੂਖਮੁ ਸੋਈ ਅਸਥੂਲੁ ॥੫॥ (੨੮੧)*

ਇਹ ਸਭ ਕੁਝ ਅਕਾਲ ਪੁਰਖੁ ਦੀ ਗੁਪਤ ਰਚਨਾ ਹੈ, ਜਿਸ ਬਾਰੇ ਉਹ ਆਪ ਹੀ ਜਾਣਦਾ ਹੈ। ਜਦੋਂ ਉਸ ਅਕਾਲ ਪੁਰਖੁ ਨੂੰ ਚੰਗਾ ਲੱਗਾ ਤਾਂ ਉਸ ਨੇ ਇਹ ਜਗਤ ਪੈਦਾ ਕਰ ਦਿੱਤਾ। ਇਸ ਸਾਰੇ ਜਗਤ-ਖਿਲਾਰੇ ਨੂੰ ਉਸ ਨੇ ਨਾ ਦਿੱਸਣ ਵਾਲੇ ਸਹਾਰੇ (Gravitation) ਨਾਲ ਆਪੋ ਆਪਣੇ ਥਾਂ ਤੇ ਟਿਕਾ ਦਿੱਤਾ। ਤਦੋਂ ਉਸ ਨੇ ਬ੍ਰਹਮਾ ਵਿਸ਼ਨੂ ਤੇ ਸ਼ਿਵ ਵੀ ਪੈਦਾ ਕਰ ਦਿੱਤੇ, ਭਾਵ ਜਗਤ ਨੂੰ ਪੈਦਾ ਕਰਨ, ਨਾਸ ਕਰਨ ਤੇ ਸੰਭਾਲਣ ਦਾ ਸਿਸਟਮ ਚਲਾ ਦਿੱਤਾ, ਤੇ ਜਗਤ ਵਿਚ ਮਾਇਆ ਦਾ ਮੋਹ ਵੀ ਵਧਾ ਦਿੱਤਾ। ਜਿਸ ਕਿਸੇ ਵਿਰਲੇ ਬੰਦੇ ਨੂੰ ਗੁਰੂ ਨੇ ਉਪਦੇਸ਼ ਸੁਣਾਇਆ, ਉਸ ਨੂੰ ਸਮਝ ਆ ਗਈ ਕਿ ਅਕਾਲ ਪੁਰਖੁ ਜਗਤ ਪੈਦਾ ਕਰ ਕੇ ਆਪ ਹੀ ਸੰਭਾਲ ਕਰ ਰਿਹਾ ਹੈ, ਹਰ ਥਾਂ ਉਸ ਦਾ ਹੁਕਮੁ ਚੱਲ ਰਿਹਾ ਹੈ। ਉਸ ਅਕਾਲ ਪੁਰਖੁ ਨੇ ਆਪ ਹੀ ਖੰਡ ਬ੍ਰਹਮੰਡ ਪਾਤਾਲ ਆਦਿਕ ਬਣਾਏ ਹਨ ਤੇ ਉਹ ਆਪ ਹੀ ਗੁਪਤ ਹਾਲਤ ਤੋਂ ਪਰਗਟ ਹੋਇਆ ਹੈ। ਪੂਰੇ ਗੁਰੂ ਤੋਂ ਇਹ ਸਮਝ ਪੈਂਦੀ ਹੈ, ਕਿ ਕੋਈ ਵੀ ਜੀਵ ਅਕਾਲ ਪੁਰਖੁ ਦੀ ਤਾਕਤ ਦਾ ਅੰਤ ਨਹੀਂ ਜਾਣ ਸਕਦਾ। ਜਿਹੜੇ ਬੰਦੇ ਉਸ ਸਦਾ ਥਿਰ ਰਹਿਣ ਵਾਲੇ ਅਕਾਲ ਪੁਰਖੁ ਦੇ ਨਾਮੁ ਵਿਚ ਰੰਗੇ ਜਾਂਦੇ ਹਨ, ਉਹ ਉਸ ਦੀ ਬੇਅੰਤ ਤਾਕਤ ਦੇ ਕੌਤਕ ਵੇਖ ਵੇਖ ਕੇ ਹੈਰਾਨ ਹੁੰਦੇ ਹਨ, ਤੇ ਹੈਰਾਨੀ (ਵਿਸਮਾਦ) ਦੀ ਸਥਿਤੀ ਵਿਚ ਉਸ ਦੇ ਗੁਣ ਗਾਇਨ ਕਰਦੇ ਰਹਿੰਦੇ ਹਨ।

*ਮਾਰੂ ਮਹਲਾ ੧ ॥ ਜਾ ਤਿਸੁ ਭਾਣਾ ਤਾ ਜਗਤੁ ਉਪਾਇਆ ॥ ਬਾਝੁ ਕਲਾ ਆਡਾਣੁ ਰਹਾਇਆ ॥ ਬ੍ਰਹਮਾ ਬਿਸਨੁ ਮਹੇਸੁ ਉਪਾਏ ਮਾਇਆ ਮੋਹੁ ਵਧਾਇਦਾ ॥੧੪॥ ਵਿਰਲੇ ਕਉ ਗੁਰ ਸਬਦੁ ਸੁਣਾਇਆ ॥ ਕਰਿ ਕਰਿ ਦੇਖੈ ਹੁਕਮੁ ਸਬਾਇਆ ॥ ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ ॥੧੫॥ ਤਾ ਕਾ ਅੰਤੁ ਨ ਜਾਣੈ ਕੋਈ ॥ ਪੂਰੇ ਗੁਰ ਤੇ ਸੋਝੀ ਹੋਈ ॥ ਨਾਨਕ ਸਾਚਿ ਰਤੇ ਬਿਸਮਾਦੀ ਬਿਸਮ ਭਏ ਗੁਣ ਗਾਇਦਾ ॥੧੬॥੩॥੧੫॥ (੧੦੩੬)*

ਅਕਾਲ ਪੁਰਖੁ ਨੇ ਬਿਨਾ ਕਿਸੇ ਉਚੇਚੇ ਜਤਨ ਦੇ ਆਪਣੇ ਹੁਕਮੁ ਦੁਆਰਾ ਇਹ ਸ੍ਰਿਸ਼ਟੀ ਪੈਦਾ ਕਰ ਦਿੱਤੀ ਹੈ। ਜਗਤ ਉਤਪਤੀ ਦੇ ਕੰਮ ਕਰ ਕਰ ਕੇ ਉਹ ਆਪਣੀ ਵਡਿਆਈ ਆਪ ਹੀ ਵੇਖ ਰਿਹਾ ਹੈ। ਅਕਾਲ ਪੁਰਖੁ ਆਪ ਹੀ ਸਭ ਕੁਝ ਕਰ ਰਿਹਾ ਹੈ, ਆਪ ਹੀ ਜੀਵਾਂ ਪਾਸੋਂ ਕਰਵਾ ਰਿਹਾ ਹੈ, ਤੇ ਆਪਣੀ ਰਜ਼ਾ ਅਨੁਸਾਰ ਸਾਰੀ ਸ੍ਰਿਸ਼ਟੀ ਵਿਚ ਵਿਆਪਕ ਹੋ ਕੇ ਵਿਚਰ ਰਿਹਾ ਹੈ।

*ਹੁਕਮੀ ਸਹਜੇ ਸ੍ਰਿਸਟਿ ਉਪਾਈ ॥ ਕਰਿ ਕਰਿ ਵੇਖੈ ਅਪਣੀ ਵਡਿਆਈ ॥ ਆਪੇ ਕਰੇ ਕਰਾਏ ਆਪੇ ਹੁਕਮੇ ਰਹਿਆ ਸਮਾਈ ਹੇ ॥੧॥ (੧੦੪੩, ੧੦੪੪)*

ਇਹ ਸਾਰਾ ਦਿੱਸਦਾ ਜਗਤ ਜਿਸ ਵਿਚ ਅਣਗਿਣਤ ਪਾਤਾਲ, ਪੁਰੀਆਂ, ਤੇ ਮੰਡਲ ਹਨ, ਉਹ ਸਭ ਅਕਾਲ ਪੁਰਖੁ ਨੇ ਹੀ ਪੈਦਾ ਕੀਤੇ ਹਨ, ਇਸ ਜਗਤ ਵਿਚ ਅਕਾਲ ਪੁਰਖੁ ਦਾ ਕਰੜਾ ਹੁਕਮੁ ਜਗਤ ਦੀ ਕਾਰ ਚਲਾ ਰਿਹਾ ਹੈ। ਇਸ ਸਾਰੇ ਜਗਤ ਨੂੰ ਅਕਾਲ ਪੁਰਖੁ ਆਪਣੇ ਹੁਕਮੁ ਅਨੁਸਾਰ ਪੈਦਾ ਕਰਦਾ ਹੈ, ਹੁਕਮੁ ਵਿਚ ਹੀ ਢਾਹੁੰਦਾ ਹੈ। ਅਕਾਲ ਪੁਰਖੁ ਆਪਣੇ ਹੁਕਮੁ ਅਨੁਸਾਰ ਹੀ ਜੀਵਾਂ ਨੂੰ ਗੁਰੂ ਨਾਲ ਮੇਲ ਕੇ ਆਪਣੇ ਚਰਨਾਂ ਵਿਚ ਜੋੜਦਾ ਹੈ। ਜਿਹੜਾ ਮਨੁੱਖ ਅਕਾਲ ਪੁਰਖੁ ਦੇ ਹੁਕਮੁ ਨੂੰ ਸਮਝ ਲੈਂਦਾ ਹੈ, ਉਹ ਉਸ ਹੁਕਮੁ ਦੀ ਸੋਭਾ ਕਰਦਾ ਹੈ। ਅਕਾਲ ਪੁਰਖੁ ਮਨੁੱਖ ਦੀ ਪਹੁੰਚ ਤੋਂ ਬਾਹਰ ਹੈ, ਉਹ ਅਗੋਚਰ ਹੈ ਤੇ ਉਸ ਨੂੰ ਕਿਸੇ ਕਿਸਮ ਦਾ ਕੋਈ ਫਿਕਰ ਨਹੀਂ, ਉਹ ਬੇਪਰਵਾਹ ਹੈ। ਅਕਾਲ ਪੁਰਖੁ ਕਿਸੇ ਮਨੁੱਖ ਨੂੰ ਜਿਸ ਤਰ੍ਹਾਂ ਦੀ ਮਤਿ ਦਿੰਦਾ ਹੈਂ, ਉਹ ਉਹੋ ਜਿਹਾ ਬਣ ਜਾਂਦਾ ਹੈ। ਉਹ ਆਪ ਹੀ ਮਨੁੱਖ ਨੂੰ ਗੁਰੂ ਦੇ ਸ਼ਬਦ ਨਾਲ ਜੋੜ ਕੇ ਆਪਣੇ ਸਬਦ ਦੁਆਰਾ ਹੁਕਮੁ ਬਾਰੇ ਸੂਝ ਬਖ਼ਸ਼ਦਾ ਹੈ।

*ਪਾਤਾਲ ਪੁਰੀਆ ਲੋਅ ਆਕਾਰਾ ॥ ਤਿਸੁ ਵਿਚਿ ਵਰਤੈ ਹੁਕਮੁ ਕਰਾਰਾ ॥ ਹੁਕਮੇ ਸਾਜੇ ਹੁਕਮੇ ਢਾਹੇ ਹੁਕਮੇ ਮੇਲਿ ਮਿਲਾਇਦਾ ॥੫॥ ਹੁਕਮੈ ਬੂਝੈ ਸੁ ਹੁਕਮੁ ਸਲਾਹੇ ॥ ਅਗਮ ਅਗੋਚਰ ਵੇਪਰਵਾਹੇ ॥ ਜੇਹੀ ਮਤਿ ਦੇਹਿ ਸੋ ਹੋਵੈ ਤੂ ਆਪੇ ਸਬਦਿ ਬੁਝਾਇਦਾ ॥੬॥ (੧੦੬੦, ੧੦੬੧)*

ਅਕਾਲ ਪੁਰਖੁ ਬੇਅੰਤ ਸਮਾਂ ਗੁਪਤ ਅਵਸਥਾ ਵਿਚ ਹੀ ਰਿਹਾ, ਬੇਅੰਤ ਸਮਾਂ ਉਹ ਸੁੰਨ ਅਵਸਥਾ ਵਿਚ ਟਿਕਿਆ ਰਿਹਾ। ਬੇਅੰਤ ਸਮਾਂ ਇਕ ਐਸੀ ਅਵਸਥਾ ਬਣੀ ਰਹੀ ਜੋ ਜੀਵਾਂ ਦੀ ਸਮਝ ਤੋਂ ਪਰੇ ਹੈ। ਜਿਸ ਤਰ੍ਹਾਂ ਧੁੰਦ ਵਿਚ ਕੁਝ ਦਿਖਾਈ ਨਹੀਂ ਦਿੰਦਾ ਹੈ, ਇਸੇ ਤਰ੍ਹਾਂ ਉਹ ਅਜੇਹੀ ਅਵਸਥਾ ਸੀ ਜੋ ਕਿ ਨਾ ਤਾਂ ਮਨੁੱਖ ਬਿਆਨ ਕਰ ਸਕਦਾ ਹੈ ਤੇ ਨਾ ਹੀ ਸਮਝ ਸਕਦਾ ਹੈ। ਫਿਰ ਅਕਾਲ ਪੁਰਖੁ ਨੇ ਆਪ ਹੀ ਆਪਣੇ ਆਪ ਨੂੰ ਜਗਤ-ਰੂਪ ਵਿਚ ਪਰਗਟ ਕਰ ਲਿਆ।

*ਕੇਤੜਿਆ ਦਿਨ ਗੁਪਤੁ ਕਹਾਇਆ ॥ ਕੇਤੜਿਆ ਦਿਨ ਸੁੰਨਿ ਸਮਾਇਆ ॥ ਕੇਤੜਿਆ ਦਿਨ ਧੁੰਧੂਕਾਰਾ ਆਪੇ ਕਰਤਾ ਪਰਗਟੜਾ ॥੧੨॥ (੧੦੮੧, ੧੦੮੨)*

ਇਸ ਜਗਤ-ਰੂਪੀ ਅਵਸਥਾ ਵਿਚ ਪਰਗਟ ਹੋ ਕੇ ਉਹ ਬਲਵਾਨ ਅਕਾਲ ਪੁਰਖੁ ਆਪ ਹੀ ਆਪਣੇ ਆਪ ਨੂੰ ਮਾਇਆ ਅਖਵਾ ਰਿਹਾ ਹੈ। ਉਹ ਸੂਰਮਾ ਅਕਾਲ ਪੁਰਖੁ ਆਪ ਹੀ ਸਾਰੇ ਜਗਤ ਵਿਚ ਆਪਣਾ ਹੁਕਮੁ ਚਲਾ ਰਿਹਾ ਹੈ। ਸਭ ਜੀਵਾਂ ਦੇ ਅੰਦਰ ਉਸ ਨੇ ਆਪ ਹੀ ਸੁਖ ਤੇ ਸ਼ਾਂਤੀ ਵਰਤਾਈ ਹੋਈ ਹੈ, ਕਿਉਂਕਿ ਉਹ ਆਪ ਹੀ ਮੀਂਹ ਵਿਚ ਪੈਣ ਵਾਲੇ ਠੰਢੇ ਗੜਿਆਂ ਵਰਗਾ ਸੀਤਲ ਸੁਭਾਅ ਵਾਲਾ ਹੈ ਤੇ ਅੰਦਰੋਂ ਬਰਫ ਦੀ ਤਰ੍ਹਾਂ ਸ਼ਾਂਤ ਤੇ ਠੰਢੇ ਠਾਰ ਸੁਭਾ ਵਾਲਾ ਹੈ।

*ਆਪੇ ਸਕਤੀ ਸਬਲੁ ਕਹਾਇਆ ॥ ਆਪੇ ਸੂਰਾ ਅਮਰੁ ਚਲਾਇਆ ॥ ਆਪੇ ਸਿਵ ਵਰਤਾਈਅਨੁ ਅੰਤਰਿ ਆਪੇ ਸੀਤਲੁ ਠਾਰੁ ਗੜਾ ॥੧੩॥ (੧੦੮੧, ੧੦੮੨)*

ਜਿਵੇਂ ਅਕਾਲ ਪੁਰਖੁ ਦੀ ਰਜ਼ਾ ਹੁੰਦੀ ਹੈ, ਤਿਵੇਂ ਹੀ ਉਹ ਜੀਵਾਂ ਨੂੰ ਜੀਵਨ ਦੇ ਰਾਹ ਤੇ ਤੋਰਦਾ ਹੈ, ਉਹ ਕਦੇ ਤਾਂ ਜੀਵ ਨੂੰ ਅਗਿਆਨਤਾ ਵਿਚ ਫਸਾ ਕੇ ਮਾਇਆ ਦੇ ਮੋਹ ਦੀ ਨੀਂਦ ਵਿਚ ਸੰਵਾਈ ਰੱਖਦਾ ਹੈ, ਤੇ ਕਦੇ ਉਸ ਅੰਦਰ ਗੁਰੂ ਦੀ ਬਖ਼ਸ਼ੀ ਹੋਈ ਆਤਮਕ ਸੂਝ ਟਿਕਾ ਕੇ, ਉਸ ਨੂੰ ਅਗਿਆਨਤਾ ਨੀਂਦ ਤੋਂ ਜਗਾ ਕੇ ਜੀਵਨ ਵਿਚ ਆਨੰਦ ਮਾਨਣ ਦਾ ਮਾਰਗ ਦਿਖਾ ਦਿੰਦਾ ਹੈ।

*ਕਾਨੜਾ ਮਹਲਾ ੪ ॥ ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ ॥ ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ ॥੮॥੧॥ (੧੩੦੮)*

ਜੇ ਕਰ ਉਪਰ ਲਿਖੀਆਂ, ਗੁਰਬਾਣੀ ਦੀਆਂ ਸਿਖਿਆਵਾਂ, ਨੂੰ ਇਕੱਠਾ ਕਰੀਏ ਤਾਂ ਅਸੀਂ ਨਿਸਚੇ ਨਾਲ ਸਮਝ ਸਕਦੇ ਹਾਂ, ਕਿ ਗੁਰੂ ਸਾਹਿਬਾਂ ਨੇ ਕਈ ਸਾਲ ਪਹਿਲਾਂ ਹੀ ਸਮਝਾ ਦਿਤਾ ਸੀ, ਕਿ ਅਕਾਲ ਪੁਰਖੁ ਨੇ ਇਹ ਕੁਦਰਤ ਸੁੰਨ ਤੋਂ ਪੈਦਾ ਕੀਤੀ। ਅਕਾਲ ਪੁਰਖੁ ਤੋਂ ਪਰੇ ਹੋਰ ਕੁਝ ਵੀ ਨਹੀਂ ਤੇ ਉਹ ਨਿਰੋਲ ਆਪ ਹੀ ਆਪ ਹੈ, ਤੇ ਆਪਣੀ ਤਾਕਤ ਆਪ ਹੀ ਬਣਾਈ ਹੋਈ ਹੈ। ਅਕਾਲ ਪੁਰਖੁ ਆਪ ਹੀ ਸੁੰਨ ਅਵਸਥਾ ਤੋਂ ਹਵਾ, ਪਾਣੀ ਆਦਿਕ ਤੱਤ ਪੈਦਾ ਕਰਦਾ ਹੈ। ਆਪ ਹੀ ਸੁੰਨ ਅਵਸਥਾ ਤੋਂ ਸ੍ਰਿਸ਼ਟੀ ਪੈਦਾ ਕਰ ਕੇ, ਆਪਣੇ ਆਪ ਤੋਂ ਆਪ ਹੀ ਅਨੇਕਾਂ ਸਰੀਰ ਤੇ ਜੀਵ ਪੈਦਾ ਕਰਦਾ ਹੈ। ਅੱਗ, ਪਾਣੀ ਆਦਿਕ ਤੱਤਾਂ ਨਾਲ ਬਣੇ ਹੋਏ

ਅਨੇਕਾਂ ਸਰੀਰ ਤੇ ਉਨ੍ਹਾਂ ਸਰੀਰਾਂ ਵਿਚਲੀ ਜੀਵ ਆਤਮਾ ਵੀ ਅਕਾਲ ਪੁਰਖੁ ਦੀ ਹੀ ਜੋਤਿ ਹੈ। ਜਿਸ ਅਕਾਲ ਪੁਰਖੁ ਨੇ ਜੀਵ ਪੈਦਾ ਕੀਤੇ ਹਨ, ਉਹ ਆਪ ਹੀ ਉਨ੍ਹਾਂ ਨੂੰ ਸੰਭਾਲਦਾ ਹੈ ਤੇ ਆਪਣੇ ਵੀਚਾਰ ਮੰਡਲ ਵਿਚ ਰੱਖਦਾ ਹੈ।

ਅਕਾਲ ਪੁਰਖੁ, ਆਪਣੀ ਤਾਕਤ ਦੇ ਸਹਾਰੇ ਭਾਵ ਆਪਣੇ ਹੁਕਮੁ ਅਨੁਸਾਰ, ਬਿਨਾ ਕਿਸੇ ਹੋਰ ਥੰਮ੍ਹਾਂ ਦੇ ਇਸ ਧਰਤੀ ਤੇ ਆਕਾਸ਼ ਨੂੰ ਟਿਕਾਈ ਰੱਖਦਾ ਹੈ। ਦਿਨ ਰਾਤ, ਸੁਖ ਦੁਖ, ਪਾਤਾਲ ਆਕਾਸ਼, ਭਵਨ, ਜਨਮ ਮਰਨ, ਦੇਵ ਦਾਨਵ, ਪੰਜ ਤੱਤ, ਬੁਰਾ ਭਲਾ, ਆਦਿ ਸਭ ਅਕਾਲ ਪੁਰਖੁ ਨੇ ਆਪ ਹੀ ਪੈਦਾ ਕੀਤੇ ਹਨ। ਪਰ ਇਨ੍ਹਾਂ ਸਭ ਬਾਰੇ ਗਿਆਨ ਕੋਈ ਗੁਰਮੁਖ ਹੀ ਗੁਰੂ ਦੇ ਸਬਦਿ ਵਿਚ ਆਪਣੇ ਆਪ ਨੂੰ ਲੀਨ ਕਰਕੇ ਸਮਝ ਸਕਦਾ ਹੈ।

ਅਕਾਲ ਪੁਰਖੁ ਨੇ ਜਦੋਂ ਆਪਣੇ ਆਪ ਨੂੰ ਆਪ ਪਰਗਟ ਕੀਤਾ ਸੀ, ਉਸ ਸਮੇਂ ਤਾਂ ਨਾ ਪਾਣੀ ਸੀ, ਨਾ ਸੋਕਾ ਸੀ ਨਾ ਧਰਤੀ ਸੀ, ਨਾ ਆਕਾਸ਼ ਸੀ, ਨਾ ਬ੍ਰਹਿਮੰਡ ਵਿਚ ਅਨੇਕਾਂ ਤਾਰੇ ਸਨ, ਉਸ ਵੇਲੇ ਅਕਾਲ ਪੁਰਖੁ ਆਪ ਹੀ ਸੁੰਨ ਅਵਸਥਾ ਵਿਚ ਆਪਣੇ ਅੰਦਰ ਸੁਰਤਿ ਜੋੜ ਕੇ ਸਮਾਧੀ ਲਾਈ ਬੈਠਾ ਸੀ, ਇਕੱਲਾ ਆਪ ਹੀ ਆਪਣੇ ਹੁਕਮੁ (ਸਬਦ) ਨੂੰ ਸਮਝਦਾ ਸੀ।

ਇਹ ਸਭ ਕੁਝ ਅਕਾਲ ਪੁਰਖੁ ਦੀ ਗੁਪਤ ਰਚਨਾ ਹੈ, ਜਿਸ ਬਾਰੇ ਉਹ ਆਪ ਹੀ ਜਾਣਦਾ ਹੈ। ਅਕਾਲ ਪੁਰਖੁ ਬੇਅੰਤ ਸਮਾਂ ਗੁਪਤ ਅਵਸਥਾ ਵਿਚ ਹੀ ਰਿਹਾ, ਬੇਅੰਤ ਸਮਾਂ ਉਹ ਸੁੰਨ ਅਵਸਥਾ ਵਿਚ ਟਿਕਿਆ ਰਿਹਾ। ਪੂਰੇ ਗੁਰੂ ਤੋਂ ਇਹ ਸਮਝ ਪੈਂਦੀ ਹੈ, ਕਿ ਕੋਈ ਵੀ ਜੀਵ ਅਕਾਲ ਪੁਰਖੁ ਦੀ ਤਾਕਤ ਦਾ ਅੰਤ ਨਹੀਂ ਜਾਣ ਸਕਦਾ।

ਇਸ ਲਈ ਲੋੜ ਹੈ ਕਿ ਅਸੀਂ ਅਕਾਲ ਪੁਰਖੁ ਦੇ ਹੁਕਮੁ ਨੂੰ ਗੁਰਬਾਣੀ ਦੁਆਰਾ ਪਹਿਚਾਣੀਏ, ਤਾਂ ਜੋ ਅਸੀਂ ਆਪਣੇ ਅੰਦਰਲੇ ਹਉਮੈ ਤੇ ਕਾਬੂ ਪਾ ਕੇ, ਸਹਜ ਸੰਤੋਖ ਵਾਲਾ ਜੀਵਨ ਬਤੀਤ ਕਰ ਸਕੀਏ। ਅਕਾਲ ਪੁਰਖ ਦਾ ਹੁਕਮੁ ਸਮਝਣ ਲਈ ਆਪਣੇ ਅੰਦਰ ਅਕਾਲ ਪੁਰਖ ਦੇ ਗੁਣ ਪੈਦਾ ਕਰਨੇ ਜਰੂਰੀ ਹਨ। ਇਸ ਲਈ ਆਓ ਸਾਰੇ ਜਾਣੇ ਸਬਦ ਗੁਰੂ ਦੁਆਰਾ ਆਪਣੇ ਅੰਦਰ ਗਿਆਨ ਦਾ ਚਾਨਣ ਪੈਦਾ ਕਰੀਏ ਅਤੇ ਪੂਰੀ ਦੁਨੀਆ ਵਿਚੋਂ ਅਗਿਆਨਤਾ ਦਾ ਅੰਧੇਰਾ ਦੂਰ ਕਰਨ ਲਈ ਉਪਰਾਲਾ ਕਰੀਏ।

**"ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ"**

ਤਤਕਰਾ

# ਅਕਾਲ ਪੁਰਖੁ ਨੂੰ ਅੱਖਾਂ ਨਾਲ ਨਹੀਂ ਵੇਖਿਆ ਜਾ ਸਕਦਾ ਪਰੰਤੂ ਉਸ ਦੀ ਰਚਨਾ ਵਿਚੋਂ ਅਨੁਭਵ ਕੀਤਾ ਜਾ ਸਕਦਾ ਹੈ (ਭਾਗ-੯)

# Akal Purkh cannot be seen with naked eyes but can be realised through His creation (Part-9)

ਅਕਾਲ ਪੁਰਖੁ ਦੀ ਬਣਾਈ ਗਈ ਕੁਦਰਤ ਦੀ ਰਚਨਾ ਬਹੁਤ ਹੈਰਾਨ ਕਰਨ ਵਾਲੀ ਹੈ। ਅਕਾਲ ਪੁਰਖੁ ਦੀ ਅਚਰਜ ਕੁਦਰਤ ਨੂੰ ਪੂਰੇ ਭਾਗਾਂ ਨਾਲ ਸਮਝਿਆ ਜਾ ਸਕਦਾ ਹੈ, ਇਸ ਨੂੰ ਵੇਖ ਕੇ ਮਨ ਵਿਚ ਝਰਨਾਹਟ ਜਿਹੀ ਛਿੜ ਜਾਂਦੀ ਹੈ। ਜਦੋਂ ਅਸੀਂ ਕੁਦਰਤ ਦੀ ਅਣਗਿਣਤ ਤਰ੍ਹਾਂ ਦੀ ਰਚਨਾ ਵੇਖਦੇ ਹਾਂ, ਤਾਂ ਅਜੀਬ ਤਰ੍ਹਾਂ ਦੀ ਹੈਰਾਨਗੀ ਹੁੰਦੀ ਹੈ। ਅਕਾਲ ਪੁਰਖੁ ਦੀ ਬੇਅੰਤ ਤੇ ਵਿਸ਼ਾਲ ਰਚਨਾਂ ਨੂੰ ਬਿਆਨ ਕਰਨਾ ਬਹੁਤ ਮੁਸ਼ਕਲ ਹੈ। ਅਕਾਲ ਪੁਰਖੁ ਦੀ ਬਣਾਈ ਹੋਈ ਅਚਰਜ ਕੁਦਰਤ ਵਿਚ ਕਈ ਨਾਦ ਤੇ ਕਈ ਵੇਦ ਹਨ, ਬੇਅੰਤ ਤਰ੍ਹਾਂ ਦੇ ਜੀਵ ਤੇ ਉਨ੍ਹਾਂ ਜੀਵਾਂ ਦੇ ਕਈ ਤਰ੍ਹਾਂ ਦੇ ਅਦਭੁਦ ਭੇਦ ਹਨ। ਕੁਦਰਤ ਦੇ ਬਣਾਏ ਹੋਏ ਅਨੇਕਾਂ ਜੀਵਾਂ ਅਤੇ ਅਣਗਿਣਤ ਪਦਾਰਥਾਂ ਦੇ ਕਈ ਤਰ੍ਹਾਂ ਦੇ ਰੂਪ ਤੇ ਕਈ ਪ੍ਰਕਾਰ ਦੇ ਰੰਗ ਹਨ। ਅਨੇਕਾਂ ਪ੍ਰਕਾਰ ਦੇ ਜੀਵ ਜੰਤੂ ਸਦਾ ਨੰਗੇ ਹੀ ਫਿਰ ਰਹੇ ਹਨ। ਕਿਤੇ ਪਉਣ ਹੈ ਅਤੇ ਕਿਤੇ ਪਾਣੀ ਹੈ, ਕਿਤੇ ਕਈ ਅਗਨੀਆਂ ਅਚਰਜ ਖੇਡਾਂ ਵਿਖਾ ਰਹੀਆਂ ਹਨ। ਅਕਾਲ ਪੁਰਖੁ ਦੀਆਂ ਬਣਾਈਆਂ ਗਈਆਂ ਅਨੇਕਾਂ ਧਰਤੀਆਂ ਹਨ। ਧਰਤੀ ਦੇ ਜੀਵਾਂ ਦੀ ਉਤਪੱਤੀ ਦੀਆਂ ਕਈ ਖਾਣੀਆਂ ਹਨ। ਅਨੇਕਾਂ ਪ੍ਰਕਾਰ ਦੇ ਜੀਵ ਜੰਤੂ ਆਪਣੇ ਖਾਣ ਵਾਲੇ ਪਦਾਰਥਾਂ ਦੇ ਸੁਆਦ ਵਿਚ ਲੱਗੇ ਹਨ। ਕਿਤੇ ਜੀਵਾਂ ਦਾ ਆਪਸ ਵਿਚ ਮੇਲ ਹੋ ਰਿਹਾ ਹੈ, ਜਾਂ ਹੋਰ ਪੈਦਾ ਹੋ ਰਹੇ ਹਨ, ਤੇ ਕਿਤੇ ਵਿਛੋੜਾ ਹੋ ਰਿਹਾ ਹੈ, ਜਾਂ ਮਰ ਰਹੇ ਹਨ। ਕਿਤੇ ਜੀਵਾਂ ਨੂੰ ਭੁੱਖ ਸਤਾ ਰਹੀ ਹੈ, ਕਿਤੇ ਉਹ ਪਦਾਰਥਾਂ ਦਾ ਭੋਗ ਕਰ ਰਹੇ ਹਨ, ਭਾਵ, ਅਨੇਕਾਂ ਜੀਵ ਆਪਣੀ ਲੋੜ ਅਨੁਸਾਰ ਪਦਾਰਥ ਛਕੀ ਜਾ ਰਹੇ ਹਨ। ਕਿਤੇ ਕੁਦਰਤ ਦੇ ਮਾਲਕ ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਹੋ ਰਹੀ ਹੈ, ਕਿਤੇ ਜੀਵ ਅਸਲੀ ਰਾਹ ਤੋਂ ਖੁੰਝ ਕੇ ਭਟਕ ਰਹੇ ਹਨ, ਕਿਤੇ ਠੀਕ ਰਸਤੇ ਤੇ ਜਾ ਰਹੇ ਹਨ, ਇਹ ਸਾਰੀ ਅਚਰਜ ਖੇਡ ਵੇਖ ਕੇ ਮਨ ਵਿਚ ਹੈਰਾਨਗੀ ਹੁੰਦੀ ਹੈ, ਕਿ ਇਹ ਸਭ ਕੁਝ ਕਿਸ ਤਰ੍ਹਾਂ ਹੋ ਰਿਹਾ ਹੈ। ਕੋਈ ਆਖਦਾ ਹੈ ਅਕਾਲ ਪੁਰਖੁ ਨੇੜੇ ਹੈ, ਤੇ ਕੋਈ ਆਖਦਾ ਹੈ ਦੂਰ ਹੈ, ਕੋਈ ਆਖਦਾ ਹੈ ਕਿ ਉਹ ਸਭ ਥਾਈਂ ਵਿਆਪਕ ਹੋ ਕੇ ਜੀਵਾਂ ਦੀ ਸੰਭਾਲ ਕਰ ਰਿਹਾ ਹੈ। ਇਸ ਅਚਰਜ ਕੌਤਕ ਨੂੰ ਤਕ ਕੇ ਮਨ ਵਿਚ ਝਰਨਾਟ ਛਿੜਦੀ ਹੈ। ਗੁਰੂ ਸਾਹਿਬ ਸਮਝਾਂਉਂਦੇ ਹਨ, ਕਿ ਇਸ ਇਲਾਹੀ ਤਮਾਸ਼ੇ ਨੂੰ ਵੱਡੇ ਭਾਗਾਂ ਨਾਲ ਹੀ ਸਮਝਿਆ ਜਾ ਸਕਦਾ ਹੈ।

***ਸਲੋਕ ਮਃ ੧ ॥ ਵਿਸਮਾਦੁ ਨਾਦ ਵਿਸਮਾਦੁ ਵੇਦ ॥ ਵਿਸਮਾਦੁ ਜੀਅ ਵਿਸਮਾਦੁ ਭੇਦ ॥ ਵਿਸਮਾਦੁ ਰੂਪ ਵਿਸਮਾਦੁ ਰੰਗ ॥ ਵਿਸਮਾਦੁ ਨਾਗੇ ਫਿਰਹਿ ਜੰਤ ॥ ਵਿਸਮਾਦੁ ਪਉਣੁ ਵਿਸਮਾਦੁ ਪਾਣੀ ॥ ਵਿਸਮਾਦੁ ਅਗਨੀ ਖੇਡਹਿ ਵਿਡਾਣੀ ॥ ਵਿਸਮਾਦੁ ਧਰਤੀ ਵਿਸਮਾਦੁ ਖਾਣੀ ॥ ਵਿਸਮਾਦੁ ਸਾਦਿ ਲਗਹਿ ਪਰਾਣੀ ॥ ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ ॥ ਵਿਸਮਾਦੁ ਭੁਖ ਵਿਸਮਾਦੁ ਭੋਗੁ ॥ ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ ॥ ਵਿਸਮਾਦੁ ਉਝੜ ਵਿਸਮਾਦੁ ਰਾਹ ॥ ਵਿਸਮਾਦੁ ਨੇੜੈ ਵਿਸਮਾਦੁ ਦੂਰਿ ॥ ਵਿਸਮਾਦੁ ਦੇਖੈ ਹਾਜਰਾ ਹਜੂਰਿ ॥ ਵੇਖਿ ਵਿਡਾਣੁ ਰਹਿਆ ਵਿਸਮਾਦੁ ॥ ਨਾਨਕ ਬੁਝਣੁ ਪੂਰੈ ਭਾਗਿ ॥੧॥ (੪੬੩-੪੬੪)***

ਧਰਤੀ ਆਪਣੇ ਧੁਰੇ ਦੁਆਲੇ ਘੁੰਮਦੀ ਹੈ, ਜਿਸ ਕਰਕੇ ਦਿਨ ਤੇ ਰਾਤ ਬਣਦੇ ਹਨ। ਧਰਤੀ ਸੂਰਜ ਦੇ ਦੁਆਲੇ ਵੀ ਚੱਕਰ ਲਾਉਂਦੀ ਹੈ, ਤੇ ਅਜੇਹੇ ਇਕ ਚੱਕਰ ਦੇ ਸਮੇਂ ਨੂੰ ਇਕ ਸਾਲ ਕਹਿੰਦੇ ਹਨ। ਮਨੁੱਖ ਨੇ ਸਮਾਂ ਜਾਨਣ ਲਈ ਆਪਣੇ ਆਪਣੇ ਤਰੀਕੇ ਅਪਨਾਏ, ਜਿਸ ਕਰਕੇ ਤਰ੍ਹਾਂ ਤਰ੍ਹਾਂ ਦੇ ਕਾਲੈਂਡਰ (ਨਾਨਕਸ਼ਾਹੀ, ਗਰੀਗੋਰੀਅਨ, ਜੂਲੀਅਟ, ਆਦਿ) ਪਰਚੱਲਤ ਹਨ। ਪੁਰਾਨੇ ਸਮਿਆਂ ਵਿਚ ਸਮਾਂ ਮਾਪਣ ਲਈ ਵਿਸੁਏ (ਅੱਖ ਦੇ ੧੫ ਫੋਰ), ਚਸੇ (੧੫ ਵਿਸੁਏ), ਪਲ (੩੦ ਚਸੇ = ੧ ਪਲ), ਘੜੀਆਂ (੬੦ ਪਲ = ੧ ਘੜੀ), ਪਹਰ (ਸਾਡੇ ੭ ਘੜੀਆਂ = ੧ ਪਹਰ), ਦਿਨ ਰਾਤ (੮ ਪਹਰ = ੧ ਦਿਨ ਰਾਤ), ਥਿੱਤਾਂ (੧੫), ਵਾਰ (੭), ਮਹੀਨਾ (੧੨) ਅਤੇ ਹੋਰ ਅਨੇਕਾਂ ਰੁੱਤਾਂ ਆਦਿਕ ਵਰਤੇ ਜਾਂਦੇ ਸਨ। ਇਹ ਸਭ ਕੁਝ ਇਕੋ ਹੀ ਸੂਰਜ ਕਰਕੇ ਹੁੰਦੇ ਹਨ, ਜਿਸ ਸੂਰਜ ਮੰਡਲ ਵਿਚ ਅਸੀਂ ਰਹਿ ਰਹੇ ਹਾਂ। ਅਜੇਹੇ ਅਨੇਕਾਂ ਸੂਰਜ ਮੰਡਲ ਇਸ ਬ੍ਰਹਿਮੰਡ ਵਿਚ ਹੋ ਸਕਦੇ ਹਨ। ਕਰਤੇ ਦੀ ਰਚਨਾ ਬੇਅੰਤ ਹੈ ਤੇ ਇਹ ਸਭ ਕੁਝ ਕਰਤੇ ਦੇ ਵੱਖ ਵੱਖ ਰੂਪ ਹਨ। ਕੁਦਰਤ ਵਿਚ ਜੋ ਕੁਝ ਵੀ ਹੋ ਰਿਹਾ ਹੈ ਉਹ ਸਭ ਅਕਾਲ ਪੁਰਖੁ ਦੇ ਸਿਧਾਂਤ ਅਨੁਸਾਰ ਹੀ ਹੋ ਰਿਹਾ ਹੈ।

***ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ ॥ ਸੂਰਜੁ ਏਕੋ ਰੁਤਿ ਅਨੇਕ ॥ ਨਾਨਕ ਕਰਤੇ ਕੇ ਕੇਤੇ ਵੇਸ ॥੨॥੨॥ (੧੨-੧੩)***

ਜਿਵੇਂ ਸਭ ਬੂਟਿਆਂ ਵਿਚ ਬਾਹਰ ਤਾਂ ਅੱਗ ਦਿਖਾਈ ਨਹੀਂ ਦਿੰਦੀ ਹੈ, ਪਰ ਸਭ ਬੂਟਿਆਂ ਦੇ ਅੰਦਰ ਅੱਗ ਗੁਪਤ ਰੂਪ ਵਿਚ ਮੌਜੂਦ ਹੈ, ਇਹ ਬੂਟਿਆਂ ਨੂੰ ਅੱਗ ਲਗਾਉਂਣ ਤੋਂ ਬਾਅਦ ਹੀ ਪਤਾ ਲਗਦਾ ਹੈ, ਕਿ ਉਨ੍ਹਾਂ ਅੰਦਰ ਅੱਗ ਹੈ। ਜਿਵੇਂ ਦੁੱਧ ਨੂੰ ਬਾਹਰੋਂ ਵੇਖਿਆ ਜਾਵੇ ਤਾਂ ਕੋਈ ਘਿਉ ਜਾਂ ਮੱਖਣ ਦਿਖਾਈ ਨਹੀਂ ਦਿੰਦਾ ਹੈ, ਪਰ ਹਰੇਕ ਕਿਸਮ ਦੇ ਦੁੱਧ ਵਿਚ ਘਿਉ ਮੱਖਣ ਗੁਪਤ

ਰੂਪ ਵਿਚ ਮੌਜੂਦ ਹੈ, ਜੋ ਕਿ ਦੁੱਧ ਰਿੜਕਣ ਤੋਂ ਬਾਅਦ ਹੀ ਦਿਖਾਈ ਦਿੰਦਾ ਹੈ। ਇਸੇ ਤਰ੍ਹਾਂ ਉੱਚੇ ਨੀਵੇਂ, ਚੰਗੇ ਮੰਦੇ, ਸਭ ਜੀਵਾਂ ਵਿਚ ਅਕਾਲ ਪੁਰਖੁ ਦੀ ਜੋਤਿ ਸਮਾਈ ਹੋਈ ਹੈ, ਅਕਾਲ ਪੁਰਖੁ ਹਰੇਕ ਸਰੀਰ ਵਿਚ ਮੌਜੂਦ ਹੈ। ਉਹ ਪੂਰੀ ਤਰ੍ਹਾਂ ਸਾਰੇ ਜੀਵਾਂ ਵਿਚ ਵਿਆਪਕ ਹੈ, ਉਹ ਸੁੰਦਰ ਸਰੂਪ ਅਕਾਲ ਪੁਰਖੁ ਪਾਣੀ ਵਿਚ ਵੀ ਹੈ, ਧਰਤੀ ਵਿਚ ਵੀ ਹੈ, ਤੇ ਸਭ ਥਾਂਈ ਰਮਿਆ ਹੋਇਆ ਹੈ। ਉਸ ਗੁਣਾਂ ਦੇ ਖ਼ਜ਼ਾਨੇ ਅਕਾਲ ਪੁਰਖੁ ਦੀ, ਸਬਦ ਗੁਰੂ ਦੀ ਸਹਾਇਤਾ ਦੁਆਰਾ ਸਿਫ਼ਤਿ ਸਾਲਾਹ ਕਰਨ ਨਾਲ ਭਰਮ ਭੁਲੇਖੇ ਦੂਰ ਕੀਤੇ ਜਾ ਸਕਦੇ ਹਨ। ਅਕਾਲ ਪੁਰਖੁ ਸਭ ਜੀਵਾਂ ਵਿਚ ਵੱਸਦਾ ਹੈ, ਪਰੰਤੂ ਫਿਰ ਵੀ ਉਹ ਆਪ ਸਦਾ ਮਾਇਆ ਦੇ ਮੋਹ ਤੋਂ ਨਿਰਲੇਪ ਹੈ, ਤੇ ਸਭ ਜੀਵਾਂ ਵਿਚ ਸਮਾਇਆ ਹੋਇਆ ਹੈ।

*ਸੋਰਠਿ ਮਹਲਾ ੫ ਘਰੁ ੨ ਦੁਪਦੇ ॥ ੴ ਸਤਿਗੁਰ ਪ੍ਰਸਾਦਿ ॥ ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ ॥ ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ ॥੧॥ ਸੰਤਹੁ ਘਟਿ ਘਟਿ ਰਹਿਆ ਸਮਾਹਿਓ ॥ ਪੂਰਨ ਪੂਰਿ ਰਹਿਓ ਸਰਬ ਮਹਿ ਜਲਿ ਥਲਿ ਰਮਈਆ ਆਹਿਓ ॥੧॥ ਰਹਾਉ ॥ ਗੁਣ ਨਿਧਾਨ ਨਾਨਕੁ ਜਸੁ ਗਾਵੈ ਸਤਿਗੁਰਿ ਭਰਮੁ ਚੁਕਾਇਓ ॥ ਸਰਬ ਨਿਵਾਸੀ ਸਦਾ ਅਲੇਪਾ ਸਭ ਮਹਿ ਰਹਿਆ ਸਮਾਇਓ ॥੨॥੧॥੨੯॥ (੬੧੭)*

ਅਕਾਲ ਪੁਰਖੁ ਨੂੰ ਅੱਖਾਂ ਨਾਲ ਨਹੀਂ ਵੇਖਿਆ ਜਾ ਸਕਦਾ, ਪਰੰਤੂ ਉਸ ਦੀ ਰਚਨਾ ਵਿਚੋਂ ਅਨੁਭਵ ਕੀਤਾ ਜਾ ਸਕਦਾ ਹੈ। ਉਹ ਅਕਾਲ ਪੁਰਖੁ ਸਾਰਿਆਂ ਵਿਚ ਨਿਵਾਸ ਰੱਖਣ ਵਾਲਾ ਹੈ, ਹਰੇਕ ਸਰੀਰ ਵਿਚ ਵੱਸਣ ਵਾਲਾ ਹੈ, ਫਿਰ ਭੀ, ਉਸ ਉੱਪਰ ਮਾਇਆ ਦਾ ਰਤਾ ਵੀ ਲੇਪ ਨਹੀਂ ਹੈ, ਭਾਵ ਉਹ ਮਾਇਆ ਤੋਂ ਨਿਰਲੇਪ ਹੈ। ਉਹ ਅਕਾਲ ਪੁਰਖੁ ਸੰਤ ਜਨਾਂ ਦੀ ਜੀਭ ਉਤੇ ਵੱਸਦਾ ਹੈ, ਸੰਤ ਜਨ ਹਰ ਵੇਲੇ ਉਸ ਨੂੰ ਯਾਦ ਕਰਦੇ ਰਹਿੰਦੇ ਹਨ, ਉਸ ਦਾ ਨਾਮੁ ਜਪਦੇ ਰਹਿੰਦੇ ਹਨ।

*ਸਰਬ ਨਿਵਾਸੀ ਘਟਿ ਘਟਿ ਵਾਸੀ ਲੇਪੁ ਨਹੀ ਅਲਪਹੀਅਉ ॥ ਨਾਨਕੁ ਕਹਤ ਸੁਨਹੁ ਰੇ ਲੋਗਾ ਸੰਤ ਰਸਨ ਕੋ ਬਸਹੀਅਉ ॥੨॥੧॥੨॥ (੭੦੦)*

ਅਕਾਲ ਪੁਰਖੁ ਸਭ ਦਾ ਤੇ ਸਭ ਤੋਂ ਵੱਡਾ ਪਾਤਿਸ਼ਾਹ ਹੈ। ਉਹ ਪਾਤਿਸ਼ਾਹ ਨਿਰਾ ਸੰਸਾਰ ਵਿਚ ਹੀ ਨਹੀਂ ਵੱਸ ਰਿਹਾ, ਉਹ ਤਾਂ ਇਸ ਦਿੱਸਦੇ ਸੰਸਾਰ ਤੋਂ ਬਾਹਰ ਵੀ ਹਰ ਥਾਂ ਵੱਸਦਾ ਹੈ। ਵੇਦ ਜਾਂ ਕਤੇਬ ਆਦਿਕ ਕੋਈ ਵੀ ਧਾਰਮਿਕ ਪੁਸਤਕ ਉਸ ਦਾ ਸਰੂਪ ਬਿਆਨ ਨਹੀਂ ਕਰ ਸਕਦੇ। ਪਰੰਤੂ, ਉਹ ਪਾਤਿਸ਼ਾਹ ਆਪਣੀ ਰਚੀ ਹੋਈ ਸ੍ਰਿਸ਼ਟੀ ਵਿਚ ਹਰ ਥਾਂ ਪ੍ਰਤੱਖ ਦਿੱਸ ਰਿਹਾ ਹੈ।

*ਬੇਦ ਕਤੇਬ ਸੰਸਾਰ ਹਭਾ ਹੂੰ ਬਾਹਰਾ ॥ ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ ॥੪॥੩॥੧੦੫॥ (੩੯੭)*

ਗੁਰੂ ਸਾਹਿਬ ਤਾਂ ਗੁਰਬਾਣੀ ਵਿਚ ਸਮਝਾਂਉਂਦੇ ਹਨ ਕਿ ਸਬਦ ਗੁਰੂ ਦੀ ਸਰਨ ਪੈ ਕੇ ਅਕਾਲ ਪੁਰਖੁ ਦਾ ਨਾਮੁ ਜਪਣ ਸਦਕਾ ਹੁਣ ਮੈਂ ਜਿਧਰ ਵੀ ਵੇਖਦਾ ਹਾਂ, ਮੈਨੂੰ ਉਹੀ ਅਕਾਲ ਪੁਰਖੁ ਵੱਸਦਾ ਦਿੱਖਾਈ ਦਿੰਦਾ ਹੈ ਤੇ ਅਕਾਲ ਪੁਰਖੁ ਦੀ ਮਿਹਰ ਸਦਕਾ ਹੁਣ ਇਹ ਮਾਇਆ ਮਨੁੱਖ ਨੂੰ ਕੁਰਾਹੇ ਨਹੀਂ ਪਾਂਦੀ। ਪਰੰਤੂ ਗੁਰੂ ਦੀ ਸਰਨ ਵਿਚ ਆਉਂਣ ਤੋਂ ਬਿਨਾ ਮਾਇਆ ਦੇ ਬੰਧਨਾਂ ਤੋਂ ਆਜ਼ਾਦੀ ਨਹੀਂ ਮਿਲ ਸਕਦੀ। ਇਸ ਲਈ ਸਭ ਤੋਂ ਸ੍ਰੇਸ਼ਟ ਕਰਤੱਵ ਇਹ ਹੈ ਕਿ ਸਦਾ ਥਿਰ ਰਹਿੰਣ ਵਾਲੇ ਅਕਾਲ ਪੁਰਖੁ ਦਾ ਨਾਮੁ ਹਿਰਦੇ ਵਿਚ ਵਸਾਣਾ ਚਾਹੀਦਾ ਹੈ। ਇਸ ਨੂੰ ਛੱਡ ਕੇ ਹੋਰ ਕਿਸੇ ਤਰ੍ਹਾਂ ਦਾ ਕਰਮ ਕਾਂਡ ਕਰਨਾ, ਸਭ ਪਖੰਡ ਹਨ ਤੇ ਇਨ੍ਹਾਂ ਕਰਮ ਕਾਂਡਾਂ ਰਾਹੀਂ ਕੀਤੀ ਪੂਜਾ ਜਾਂ ਦੂਸਰਿਆਂ ਕੋਲੋਂ ਕਰਵਾਈ ਪੂਜਾ ਅੰਤ ਵਿਚ ਖ਼ੁਆਰ ਕਰਦੀ ਹੈ।

*ਜਹ ਜਹ ਦੇਖਾ ਤਹ ਤਹ ਸੋਈ ॥ ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥ ਹਿਰਦੈ ਸਚੁ ਏਹ ਕਰਣੀ ਸਾਰੁ ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥ (੧੩੪੩)*

ਗੁਰੂ ਸਾਹਿਬ ਤਾਂ ਗੁਰਬਾਣੀ ਵਿਚ ਸਮਝਾਂਉਂਦੇ ਹਨ ਕਿ ਜਦੋਂ ਮੈਂ ਇਨ੍ਹਾਂ ਅੱਖਾਂ ਨਾਲ ਨਿਰੇ ਜਗਤ ਨੂੰ ਭਾਵ, ਦੁਨੀਆ ਦੇ ਪਦਾਰਥਾਂ ਨੂੰ ਤੱਕਦਾ ਹਾਂ ਤਾਂ ਇਨ੍ਹਾਂ ਮਾਇਕ ਪਦਾਰਥਾਂ ਵਾਸਤੇ ਮੇਰੀ ਲਾਲਸਾ ਕਦੇ ਮੁੱਕਦੀ ਨਹੀਂ, ਸਗੋਂ ਹੋਰ ਵਧਦੀ ਜਾਂਦੀ ਹੈ। ਤ੍ਰਿਸ਼ਨਾ ਅਧੀਨ ਰਹਿ ਕੇ ਇਨ੍ਹਾਂ ਅੱਖਾਂ ਨਾਲ ਉਹ ਪਿਆਰਾ (ਅਕਾਲ ਪੁਰਖੁ) ਦਿੱਸ ਨਹੀਂ ਸਕਦਾ। ਉਹ ਅੱਖਾਂ ਹੋਰ ਕਿਸਮ ਦੀਆਂ ਹਨ, ਜਿਨ੍ਹਾਂ ਨਾਲ ਪਿਆਰਾ ਪਤੀ (ਅਕਾਲ ਪੁਰਖੁ) ਦਿੱਸਦਾ ਹੈ। ਅਜੇਹੀਆਂ ਅੱਖਾਂ ਤ੍ਰਿਸ਼ਨਾ ਅਧੀਨ ਨਹੀਂ ਰਹਿਦੀਆਂ, ਉਹ ਤਾਂ ਦੁਨਿਆਵੀ ਲਾਲਚ ਛੱਡ ਕੇ ਸਿਰਫ ਕਰਤੇ ਵਿਚ ਲੀਨ ਰਹਿੰਦੀਆਂ ਹਨ। ਜਿਸ ਮਨੁੱਖ ਨੇ ਗੁਰੂ ਦੇ ਸਨਮੁਖ ਹੋ ਕੇ ਅਕਾਲ ਪੁਰਖੁ ਨੂੰ ਚਿਤ ਵਿਚ ਵਸਾ ਲਿਆ, ਉਹ ਸਾਰੇ ਸੁਖ ਮਾਣ ਲੈਂਦਾ ਹੈ, ਉਹ ਆਪਣੇ ਪਰਵਾਰ ਸਮੇਤ ਆਪ ਵੀ ਆਪਣਾ ਜੀਵਨ ਸਫਲ ਕਰ ਲੈਂਦਾ ਹੈ ਤੇ ਹੋਰ ਸਾਰੇ ਜਗਤ ਨੂੰ ਵੀ ਤਾਰ ਲੈਂਦਾ ਹੈ।

*ਮਃ ੫ ॥ ਲੋਇਣ ਲੋਈ ਡਿਠ ਪਿਆਸ ਨ ਬੁਝੈ ਮੂ ਘਣੀ ॥ ਨਾਨਕ ਸੇ ਅਖੜੀਆ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥੩॥ (੧੦੯੯, ੧੧੦੦)*

ਸਿਰਫ ਇਕ ਅਕਾਲ ਪੁਰਖੁ ਹੀ ਸਭ ਥਾਂ ਤੇ ਵਸ ਰਿਹਾ ਹੈ ਅਤੇ ਸਾਰਿਆਂ ਵਿਚ ਉਸ ਦੀ ਜੋਤਿ ਵਿਚਰ ਰਹੀ ਹੈ। ਸੂਰਜ਼, ਚੰਨ, ਤਾਰੇ, ਸਾਰੇ ਬ੍ਰਹਮੰਡਾਂ ਵਿਚ ਉਹ ਅਕਾਲ ਪੁਰਖੁ ਹੀ ਵਿਚਰ ਰਿਹਾ ਹੈ। ਇਸ ਲਈ ਵੇਦਾਂ ਵਿਚ, ਪੁਰਾਣਾਂ ਵਿਚ, ਸਿਮ੍ਰਿਤਿਆਂ ਵਿਚ ਓਸੇ ਅਕਾਲ ਪੁਰਖੁ ਨੂੰ ਵੇਖੋ। ਚੰਦ੍ਰਮਾ, ਸੂਰਜ, ਤਾਰਿਆਂ ਵਿਚ ਵੀ ਇਕ ਉਹੀ ਹੈ। ਹਰੇਕ ਜੀਵ ਅਕਾਲ ਪੁਰਖ ਦੀ ਬੋਲੀ ਹੀ ਬੋਲਦਾ ਹੈ, ਭਾਵ ਉਸ ਦਾ ਬੁਲਾਇਆ ਹੀ ਬੋਲ ਰਿਹਾ ਹੈ। ਪਰੰਤੂ ਸਭ ਵਿਚ ਹੁੰਦਿਆਂ ਹੋਇਆ ਵੀ ਉਹ ਆਪ ਅਡੋਲ ਹੈ ਤੇ ਕਦੇ

ਡੋਲਦਾ ਨਹੀਂ। ਅਕਾਲ ਪੁਰਖੁ ਸਾਰੀਆਂ ਤਾਕਤਾਂ ਰਚ ਕੇ ਜਗਤ ਦੀਆਂ ਖੇਡਾਂ ਖੇਡ ਰਿਹਾ ਹੈ, ਪਰ ਉਹ ਮੁੱਲ ਖਰੀਦਿਆ ਨਹੀਂ ਜਾ ਸਕਦਾ ਤੇ ਨਾ ਹੀ ਉਸ ਦਾ ਮੁੱਲ ਪਾਇਆ ਜਾ ਸਕਦਾ ਹੈ, ਕਿਉਂਕਿ ਉਹ ਅਮੋਲਕ ਗੁਣਾਂ ਵਾਲਾ ਹੈ। ਅਕਾਲ ਪੁਰਖੁ ਦੀ ਜੋਤਿ, ਇਸ ਸੰਸਾਰ ਦੀਆਂ ਸਾਰੀਆਂ ਜੋਤਾਂ ਵਿਚ ਜਗ ਰਹੀ ਹੈ, ਉਹ ਮਾਲਕ ਤਾਣੇ ਪੇਟੇ ਵਾਂਗ ਸਭ ਨੂੰ ਆਸਰਾ ਦੇ ਰਿਹਾ ਹੈ। ਪਰੰਤੂ ਅਕਾਲ ਪੁਰਖ ਦੀ ਸਦਾ ਕਾਇਮ ਰਹਿੰਣ ਵਾਲੀ ਤੇ ਸਰਬ ਵਿਆਪਕ ਹਸਤੀ ਦਾ ਯਕੀਨ ਉਨ੍ਹਾਂ ਮਨੁੱਖਾਂ ਦੇ ਅੰਦਰ ਬਣਦਾ ਹੈ, ਜਿਨ੍ਹਾਂ ਦਾ ਭਰਮ ਗੁਰੂ ਦੀ ਕਿਰਪਾ ਨਾਲ ਮਿਟ ਜਾਂਦਾ ਹੈ।

***ਬੇਦ ਪੁਰਾਨ ਸਿੰਮ੍ਰਿਤਿ ਮਹਿ ਦੇਖੁ ॥ ਸਸੀਅਰ ਸੂਰ ਨਖ੍ਯ੍ਯਤ੍ਰ ਮਹਿ ਏਕੁ ॥ ਬਾਣੀ ਪ੍ਰਭ ਕੀ ਸਭੁ ਕੋ ਬੋਲੈ ॥ ਆਪਿ ਅਡੋਲੁ ਨ ਕਬਹੂ ਡੋਲੈ ॥ ਸਰਬ ਕਲਾ ਕਰਿ ਖੇਲੈ ਖੇਲ ॥ ਮੋਲਿ ਨ ਪਾਈਐ ਗੁਣਹ ਅਮੋਲ ॥ ਸਰਬ ਜੋਤਿ ਮਹਿ ਜਾ ਕੀ ਜੋਤਿ ॥ ਧਾਰਿ ਰਹਿਓ ਸੁਆਮੀ ਓਤਿ ਪੋਤਿ ॥ ਗੁਰ ਪਰਸਾਦਿ ਭਰਮ ਕਾ ਨਾਸੁ ॥ ਨਾਨਕ ਤਿਨ ਮਹਿ ਏਹੁ ਬਿਸਾਸੁ ॥੩॥ (੨੯੪)***

ਜਿਸ ਅਕਾਲ ਪੁਰਖ ਨੇ ਧਰਤੀ ਤੇ ਅਕਾਸ਼ ਨੂੰ ਟਿਕਾ ਰੱਖਿਆ ਹੈ, ਅਤੇ ਜਿਸ ਨੇ ਪਵਣ, ਸਰੋਵਰਾਂ ਦਾ ਜਲ, ਅੱਗ ਤੇ ਅੰਨ ਆਦਿਕ ਪੈਦਾ ਕੀਤੇ ਹਨ, ਜਿਸ ਦੀ ਮਿਹਰ ਸਦਕਾ ਰਾਤ ਨੂੰ ਚੰਦ੍ਰਮਾ ਤੇ ਤਾਰੇ ਅਤੇ ਦਿਨ ਵੇਲੇ ਸੂਰਜ ਚੜ੍ਹਦਾ ਹੈ, ਜਿਸ ਨੇ ਅਨੇਕਾਂ ਪਹਾੜ ਰਚੇ ਹਨ ਅਤੇ ਜਿਸ ਨੇ ਰੁੱਖਾਂ ਨੂੰ ਫੁੱਲ ਤੇ ਫਲ ਲਾਏ ਹਨ। ਜਿਸ ਨੇ ਦੇਵਤੇ, ਮਨੁੱਖ ਤੇ ਸੱਤ ਸਮੁੰਦਰ ਪੈਦਾ ਕੀਤੇ ਹਨ ਅਤੇ ਤਿੰਨੇ ਭਵਣ (ਧਰਤੀ, ਆਕਾਸ਼ ਤੇ ਪਾਤਾਲ) ਟਿਕਾ ਰੱਖੇ ਹਨ, ਉਹੀ ਇਕ ਅਕਾਲ ਪੁਰਖ ਦਾ ਨਾਮੁ ਸਦਾ ਅਟੱਲ ਹੈ। ਗੁਰੂ ਰਾਮਦਾਸ ਜੀ ਨੇ ਸਦਾ ਅਟੱਲ ਰਹਿਣ ਵਾਲੇ ਅਕਾਲ ਪੁਰਖ ਦਾ ਨਾਮੁ, ਉਸ ਦੀ ਵਿਸ਼ਾਲਤਾ ਤੇ ਉਸ ਬਾਰੇ ਗਿਆਨ ਦਾ ਪ੍ਰਕਾਸ ਗੁਰੂ ਅਮਰਦਾਸ ਜੀ ਤੋਂ ਪ੍ਰਾਪਤ ਕੀਤਾ। ਇਹੀ ਗਿਆਨ ਦਾ ਸੋਮਾ ਸਾਡੇ ਕੋਲ ਗੁਰੂ ਗਰੰਥ ਸਾਹਿਬ ਦੇ ਰੂਪ ਵਿਚ ਹੈ, ਜਿਸ ਸਦਕਾ ਅਸੀਂ ਅਕਾਲ ਪੁਰਖ ਦੀ ਵਿਸ਼ਾਲਤਾ ਬਾਰੇ ਗਿਆਨ ਪ੍ਰਾਪਤ ਕਰ ਸਕਦੇ ਹਾਂ ਤੇ ਆਪਣਾ ਮਨੁੱਖਾ ਜੀਵਨ ਸਫਲ ਕਰ ਸਕਦੇ ਹਾਂ।

***ਰਡ ॥ ਜਿਸਹਿ ਧਾਰ੍ਯ੍ਯਿਉ ਧਰਤਿ ਅਰੁ ਵਿਉਮੁ ਅਰੁ ਪਵਣੁ ਤੇ ਨੀਰ ਸਰ ਅਵਰ ਅਨਲ ਅਨਾਦਿ ਕੀਅਉ ॥ ਸਸਿ ਰਿਖਿ ਨਿਸਿ ਸੂਰ ਦਿਨਿ ਸੈਲ ਤਰੂਅ ਫਲ ਫੁਲ ਦੀਅਉ ॥ ਸੁਰਿ ਨਰ ਸਪਤ ਸਮੁਦ੍ਰ ਕਿਅ ਧਾਰਿਓ ਤ੍ਰਿਭਵਣ ਜਾਸੁ ॥ ਸੋਈ ਏਕੁ ਨਾਮੁ ਹਰਿ ਨਾਮੁ ਸਤਿ ਪਾਇਓ ਗੁਰ ਅਮਰ ਪ੍ਰਗਾਸੁ ॥੧॥੫॥ (੧੩੯੯)***

ਅਕਾਲ ਪੁਰਖੁ ਕਦੋਂ ਪੈਦਾ ਹੋਇਆ ਇਹ ਕੋਈ ਨਹੀਂ ਜਾਣਦਾ ਹੈ। ਉਸ ਨੂੰ ਪੈਦਾ ਕਰਨ ਵਾਲਾ, ਉਹ ਆਪ ਹੀ ਹੈ। ਜਦੋਂ ਇਹ ਜਗਤ ਬਣਿਆ ਸੀ, ਉਸ ਵੇਲੇ ਕੀ ਸਮਾਂ ਸੀ? ਕਿਹੜਾ ਵਖਤ ਸੀ? ਕਿਹੜੀ ਥਿੱਤ ਸੀ? ਕਿਹੜਾ ਵਾਰ ਸੀ? ਉਸ ਸਮੇਂ ਕਿਹੜੀ ਰੁੱਤ ਸੀ? ਅਤੇ ਕਿਹੜਾ ਮਹੀਨਾ ਸੀ? ਇਹ ਗੱਲ ਕੋਈ ਨਹੀਂ ਜਾਣਦਾ ਤੇ ਕੋਈ ਮਨੁੱਖ ਨਹੀਂ ਦੱਸ ਸਕਦਾ ਕਿ ਇਹ ਸੰਸਾਰ ਕਦੋਂ ਬਣਿਆ ਸੀ। ਉਸ ਸਮੇਂ ਦਾ ਪੰਡਤਾਂ ਨੂੰ ਵੀ ਪਤਾ ਨਹੀਂ ਲੱਗਾ, ਜੇ ਪਤਾ ਹੁੰਦਾਂ ਤਾਂ ਇਸ ਮਜ਼ਮੂਨ ਉੱਤੇ ਵੀ ਇਕ ਪੁਰਾਣ ਲਿਖਿਆ ਹੁੰਦਾ। ਉਸ ਸਮੇਂ ਦੀ ਕਾਜ਼ੀਆਂ ਨੂੰ ਖ਼ਬਰ ਨਹੀਂ ਲੱਗ ਸਕੀ, ਨਹੀਂ ਤਾਂ ਉਹ ਵੀ ਲੇਖ ਲਿਖ ਦਿੰਦੇ ਜਿਵੇਂ ਉਨ੍ਹਾਂ ਆਇਤਾਂ ਇਕੱਠੀਆਂ ਕਰ ਕੇ ਕੁਰਾਨ ਲਿਖਿਆ ਸੀ। ਇਹ ਗੱਲ ਕੋਈ ਜੋਗੀ ਵੀ ਨਹੀਂ ਜਾਣਦਾ ਕਿ ਕਿਹੜੀ ਥਿੱਤ ਸੀ? ਕਿਹੜਾ ਵਾਰ ਸੀ? ਉਸ ਸਮੇਂ ਕਿਹੜੀ ਰੁੱਤ ਸੀ? ਅਤੇ ਕਿਹੜਾ ਮਹੀਨਾ ਸੀ? ਜਿਸ ਸਮੇਂ ਸਿਰਜਣਹਾਰ ਨੇ ਇਹ ਜਗਤ ਪੈਦਾ ਕੀਤਾ ਸੀ, ਉਹ ਅਕਾਲ ਪੁਰਖੁ ਆਪ ਹੀ ਜਾਣਦਾ ਹੈ ਕਿ ਜਗਤ ਕਦੋਂ ਰਚਿਆ ਤੇ ਕਦੋਂ ਇਹ ਸੰਸਾਰ ਬਣਿਆ?

***ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ ॥ ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ ॥ ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ ॥ ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ ॥ ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥ ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥੨੧॥ (੪, ੫)***

ਜਦੋਂ ਸਿਰਫ ਅਕਾਲ ਪੁਰਖ ਆਪਣੀ ਮੌਜ ਵਿਚ ਆਪਣੇ ਹੀ ਸਰੂਪ ਵਿਚ ਆਪ ਹੀ ਟਿਕਿਆ ਬੈਠਾ ਸੀ, ਉਸ ਸਮੇਂ ਜੰਮਣਾ, ਮਰਨਾ ਤੇ ਮੌਤ ਕਿਥੇ ਸਨ? ਜਦੋਂ ਉਹ ਪੂਰਨ ਕਰਤਾਰ ਸਿਰਫ ਆਪ ਹੀ ਸੀ, ਉਸ ਸਮੇਂ ਮੌਤ ਦਾ ਡਰ ਕਿਸ ਨੂੰ ਹੋ ਸਕਦਾ ਸੀ? ਕਿਸੇ ਦਾ ਲੇਖਾ ਪੁੱਛਣ ਵਾਲਾ ਕੋਈ ਚਿਤ੍ਰ ਗੁਪਤ ਨਹੀਂ ਸਨ। ਉਹ ਅਚਰਜ ਰੂਪ ਅਕਾਲ ਪੁਰਖ ਆਪਣੇ ਵਰਗਾ ਆਪ ਹੀ ਹੈ, ਤੇ ਆਪਣਾ ਆਕਾਰ ਉਸ ਨੇ ਆਪ ਹੀ ਪੈਦਾ ਕੀਤਾ ਹੈ।

***ਆਪਨ ਆਪ ਆਪ ਹੀ ਅਚਰਜਾ ॥ ਨਾਨਕ ਆਪਨ ਰੂਪ ਆਪ ਹੀ ਉਪਰਜਾ ॥੩॥ (੨੯੧)***

ਜਿਸ ਮਨੁੱਖ ਨੇ ਸਦਾ ਆਪਣੇ ਜੀਵਨ ਨੂੰ ਪੜਤਾਲਿਆ ਹੈ, ਉਹ ਜਾਣਦਾ ਹੈ ਕਿ ਅਕਾਲ ਪੁਰਖ ਆਪ ਹੀ ਆਪਣੇ ਆਪ ਨੂੰ ਪੈਦਾ ਕਰ ਕੇ ਪਰਗਟ ਹੋਇਆ, ਅਕਾਲ ਪੁਰਖ ਆਪ ਹੀ ਸਭ ਅੰਦਰ ਗੁਪਤ ਰੂਪ ਵਿਚ ਵਿਆਪਕ ਹੈ, ਅਤੇ ਉਹ ਜਗਤ ਦਾ ਸਹਾਰਾ ਹੈ, ਤੇ ਸਭ ਜੀਵਾਂ ਦੀ ਸੰਭਾਲ ਕਰਦਾ ਹੈ। ਆਤਮਕ ਜੀਵਨ ਦੇਣ ਵਾਲੇ ਫਲ, ਉਨ੍ਹਾਂ ਨੂੰ ਹੀ ਲੱਗਦੇ ਹਨ, ਜਿਹੜੇ ਆਤਮਕ ਜੀਵਨ ਦੇਣ ਵਾਲੇ ਅਕਾਲ ਪੁਰਖ ਦੀ ਸਿਫ਼ਤਿ ਸਾਲਾਹ ਕਰਦੇ ਹਨ, ਤੇ ਉਸ ਦੇ ਹੁਕਮੁ ਨੂੰ ਸਮਝ ਕੇ ਉਸ ਅਨੁਸਾਰ ਚਲਦੇ ਹਨ।

***ਮਾਰੂ ਮਹਲਾ ੩ ॥ ਆਪੇ ਆਪੁ ਉਪਾਇ ਉਪੰਨਾ ॥ ਸਭ ਮਹਿ ਵਰਤੈ ਏਕੁ ਪਰਛੰਨਾ ॥ ਸਭਨਾ ਸਾਰ ਕਰੇ ਜਗਜੀਵਨੁ ਜਿਨਿ ਅਪਣਾ ਆਪੁ ਪਛਾਤਾ ਹੇ ॥੧॥ (੧੦੫੧)***

ਅਕਾਲ ਪੁਰਖ ਦੀ ਰਚਨਾ ਦਾ ਕੋਈ ਅੰਦਾਜ਼ਾ ਨਹੀਂ ਲਗਾ ਸਕਦਾ। ਅਕਾਲ ਪੁਰਖ ਦੀ ਜਗਤ ਰੂਪੀ ਖੇਡ ਦਾ ਲੇਖਾ ਕੋਈ ਨਹੀਂ ਲਾ ਸਕਦਾ, ਉਸ ਨੂੰ ਖੋਜ ਖੋਜ ਕੇ ਸਾਰੇ ਦੇਵਤੇ ਵੀ ਥੱਕ ਗਏ ਹਨ। ਅਕਾਲ ਪੁਰਖ ਨੇ ਸਾਰੀ ਰਚਨਾ ਆਪਣੇ ਹੁਕਮੁ ਰੂਪੀ ਧਾਗੇ ਵਿਚ ਪਰੋ ਰੱਖੀ ਹੈ। ਜਿਸ ਤਰ੍ਹਾ ਪੁੱਤਰ ਇਹ ਨਹੀਂ ਜਾਣ ਸਕਦਾ ਹੈ ਕਿ ਪਿਉ ਕਿਸ ਤਰ੍ਹਾਂ ਪੈਦਾ ਹੋਇਆ ਸੀ। ਇਸੇ ਤਰ੍ਹਾਂ ਅਕਾਲ ਪੁਰਖੁ ਦੇ ਰਚੇ ਹੋਏ ਜੀਵ, ਇਹ ਨਹੀਂ ਜਾਣ ਸਕਦੇ ਹਨ ਕਿ ਅਕਾਲ ਪੁਰਖੁ ਕਿਸ ਤਰ੍ਹਾਂ ਪੈਦਾ ਹੋਇਆ ਸੀ।

***ਜਾ ਕੀ ਲੀਲਾ ਕੀ ਮਿਤਿ ਨਾਹਿ ॥ ਸਗਲ ਦੇਵ ਹਾਰੇ ਅਵਗਾਹਿ ॥ ਪਿਤਾ ਕਾ ਜਨਮੁ ਕਿ ਜਾਨੈ ਪੂਤੁ ॥ ਸਗਲ ਪਰੋਈ ਅਪੁਨੈ ਸੂਤਿ ॥ (੨੮੪)***

ਜੇ ਕਰ ਉਪਰ ਲਿਖੀਆਂ, ਗੁਰਬਾਣੀ ਦੀਆਂ ਸਿਖਿਆਵਾਂ, ਨੂੰ ਇਕੱਠਾ ਕਰੀਏ ਤਾਂ ਅਸੀਂ ਨਿਸਚੇ ਨਾਲ ਸਮਝ ਸਕਦੇ ਹਾਂ, ਕਿ ਅਕਾਲ ਪੁਰਖੁ ਦੀ ਬਣਾਈ ਗਈ ਕੁਦਰਤ ਦੀ ਰਚਨਾ ਬਹੁਤ ਹੈਰਾਨ ਕਰਨ ਵਾਲੀ ਹੈ। ਉਹ ਸਭ ਥਾਈਂ ਵਿਆਪਕ ਹੋ ਕੇ ਜੀਵਾਂ ਦੀ ਸੰਭਾਲ ਕਰ ਰਿਹਾ ਹੈ।

- ਜਿਵੇਂ ਸਭ ਬੂਟਿਆਂ ਵਿਚ ਬਾਹਰ ਤਾਂ ਅੱਗ ਦਿਖਾਈ ਨਹੀਂ ਦਿੰਦੀ ਹੈ, ਪਰ ਸਭ ਬੂਟਿਆਂ ਦੇ ਅੰਦਰ ਅੱਗ ਗੁਪਤ ਰੂਪ ਵਿਚ ਮੌਜੂਦ ਹੈ, ਜਿਵੇਂ ਦੁੱਧ ਨੂੰ ਬਾਹਰੋਂ ਵੇਖਿਆ ਜਾਵੇ ਤਾਂ ਕੋਈ ਘਿਉ ਜਾਂ ਮੱਖਣ ਦਿਖਾਈ ਨਹੀਂ ਦਿੰਦਾ ਹੈ, ਪਰ ਹਰੇਕ ਕਿਸਮ ਦੇ ਦੁੱਧ ਵਿਚ ਘਿਉ ਮੱਖਣ ਗੁਪਤ ਰੂਪ ਵਿਚ ਮੌਜੂਦ ਹੈ, ਇਸੇ ਤਰ੍ਹਾਂ ਅਕਾਲ ਪੁਰਖੁ ਹਰੇਕ ਸਰੀਰ ਵਿਚ ਮੌਜੂਦ ਹੈ ਤੇ ਸਾਰੇ ਜੀਵਾਂ ਵਿਚ ਵਿਆਪਕ ਹੈ, ਤੇ ਸਭ ਥਾਂਈ ਰਮਿਆ ਹੋਇਆ ਹੈ। ਸਬਦ ਗੁਰੂ ਦੀ ਸਹਾਇਤਾ ਦੁਆਰਾ ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਕਰਨ ਨਾਲ ਭਰਮ ਤੇ ਭੁਲੇਖੇ ਦੂਰ ਕੀਤੇ ਜਾ ਸਕਦੇ ਹਨ।
- ਅਕਾਲ ਪੁਰਖੁ ਸਾਰਿਆਂ ਵਿਚ ਨਿਵਾਸ ਰੱਖਣ ਵਾਲਾ ਹੈ, ਪਰ ਫਿਰ ਵੀ, ਉਹ ਮਾਇਆ ਤੋਂ ਨਿਰਲੇਪ ਹੈ। ਅਕਾਲ ਪੁਰਖੁ ਦੀ ਮਿਹਰ ਸਦਕਾ ਗੁਰੂ ਦੀ ਸਰਨ ਵਿਚ ਆਉਂਣ ਤੋਂ ਬਿਨਾ ਮਾਇਆ ਦੇ ਬੰਧਨਾਂ ਤੋਂ ਆਜ਼ਾਦੀ ਨਹੀਂ ਮਿਲ ਸਕਦੀ। ਇਸ ਲਈ ਸਭ ਤੋਂ ਸ੍ਰੇਸ਼ਟ ਕਰਤੱਵ ਇਹ ਹੈ ਕਿ ਸਦਾ ਥਿਰ ਰਹਿੰਣ ਵਾਲੇ ਅਕਾਲ ਪੁਰਖੁ ਦਾ ਨਾਮੁ ਹਿਰਦੇ ਵਿਚ ਵਸਾਣਾ ਚਾਹੀਦਾ ਹੈ। ਇਸ ਨੂੰ ਛੱਡ ਕੇ ਹੋਰ ਕਿਸੇ ਤਰ੍ਹਾਂ ਦਾ ਕਰਮ ਕਾਂਡ ਕਰਨਾ, ਸਭ ਪਖੰਡ ਹਨ ਤੇ ਇਨ੍ਹਾਂ ਕਰਮ ਕਾਂਡਾਂ ਰਾਹੀਂ ਕੀਤੀ ਪੂਜਾ ਅੰਤ ਵਿਚ ਖ਼ੁਆਰ ਕਰਦੀ ਹੈ।
- ਤ੍ਰਿਸਨਾ ਅਧੀਨ ਰਹਿ ਕੇ ਇਨ੍ਹਾਂ ਅੱਖਾਂ ਨਾਲ ਅਕਾਲ ਪੁਰਖੁ ਨਹੀਂ ਦਿੱਸ ਸਕਦਾ। ਜਿਸ ਮਨੁੱਖ ਨੇ ਗੁਰੂ ਦੇ ਸਨਮੁਖ ਹੋ ਕੇ ਅਕਾਲ ਪੁਰਖੁ ਨੂੰ ਚਿਤ ਵਿਚ ਵਸਾ ਲਿਆ, ਉਹ ਸਾਰੇ ਸੁਖ ਮਾਣ ਲੈਂਦਾ ਹੈ, ਉਹ ਆਪਣੇ ਪਰਵਾਰ ਸਮੇਤ ਆਪ ਵੀ ਆਪਣਾ ਜੀਵਨ ਸਫਲ ਕਰ ਲੈਂਦਾ ਹੈ, ਤੇ ਹੋਰ ਸਾਰੇ ਜਗਤ ਨੂੰ ਵੀ ਤਾਰ ਲੈਂਦਾ ਹੈ।
- ਸਿਰਫ ਇਕ ਅਕਾਲ ਪੁਰਖੁ ਹੀ ਸਭ ਥਾਂ ਤੇ ਹੈ ਅਤੇ ਸਾਰਿਆਂ ਵਿਚ ਉਸ ਦੀ ਜੋਤਿ ਵਿਚਰ ਰਹੀ ਹੈ। ਉਹ ਮਾਲਕ ਤਾਣੇ ਪੇਟੇ ਵਾਂਗ ਸਭ ਨੂੰ ਆਸਰਾ ਦੇ ਰਿਹਾ ਹੈ। ਕੋਈ ਮਨੁੱਖ ਨਹੀਂ ਦੱਸ ਸਕਦਾ ਕਿ ਇਹ ਸੰਸਾਰ ਕਦੋਂ ਬਣਿਆ? ਜਿਸ ਸਿਰਜਣਹਾਰ ਨੇ ਇਹ ਜਗਤ ਪੈਦਾ ਕੀਤਾ ਹੈ, ਉਹ ਆਪ ਹੀ ਜਾਣਦਾ ਹੈ ਕਿ ਜਗਤ ਕਦੋਂ ਰਚਿਆ ਤੇ ਕਦੋਂ ਇਹ ਸੰਸਾਰ ਬਣਿਆ?
- ਅਕਾਲ ਪੁਰਖ ਨੇ ਸਾਰੀ ਰਚਨਾ ਆਪਣੇ ਹੁਕਮੁ ਰੂਪੀ ਧਾਗੇ ਵਿਚ ਪਰੋ ਰੱਖੀ ਹੈ। ਜਿਸ ਤਰ੍ਹਾ ਪੁੱਤਰ ਇਹ ਨਹੀਂ ਜਾਣ ਸਕਦਾ ਹੈ ਕਿ ਪਿਉ ਕਿਸ ਤਰ੍ਹਾਂ ਪੈਦਾ ਹੋਇਆ ਸੀ। ਇਸੇ ਤਰ੍ਹਾਂ ਅਕਾਲ ਪੁਰਖੁ ਦੇ ਰਚੇ ਹੋਏ ਜੀਵ ਇਹ ਨਹੀਂ ਜਾਣ ਸਕਦੇ ਹਨ ਕਿ ਅਕਾਲ ਪੁਰਖੁ ਕਿਸ ਤਰ੍ਹਾਂ ਪੈਦਾ ਹੋਇਆ ਸੀ।
- ਇਹ ਸਭ ਸਿਖਿਆਵਾਂ ਸਾਬਤ ਕਰਦੀਆਂ ਹਨ, ਕਿ ਅਕਾਲ ਪੁਰਖੁ ਨੂੰ ਅੱਖਾਂ ਨਾਲ ਨਹੀਂ ਵੇਖਿਆ ਜਾ ਸਕਦਾ ਪਰੰਤੂ ਉਸ ਦੀ ਰਚਨਾ ਵਿਚੋਂ ਅਨੁਭਵ ਕੀਤਾ ਜਾ ਸਕਦਾ ਹੈ। ਅਕਾਲ ਪੁਰਖੁ ਸਾਰਿਆਂ ਵਿਚ ਨਿਵਾਸ ਰੱਖਣ ਵਾਲਾ ਹੈ, ਪਰ ਉਹ ਮਾਇਆ ਤੋਂ ਨਿਰਲੇਪ ਹੈ। ਜਿਸ ਮਨੁੱਖ ਨੇ ਗੁਰੂ ਦੇ ਸਨਮੁਖ ਹੋ ਕੇ ਅਕਾਲ ਪੁਰਖੁ ਨੂੰ ਚਿਤ ਵਿਚ ਵਸਾ ਲਿਆ, ਉਹ ਆਪਣੇ ਪਰਵਾਰ ਸਮੇਤ ਆਪ ਵੀ ਆਪਣਾ ਜੀਵਨ ਸਫਲ ਕਰ ਲੈਂਦਾ ਹੈ ਤੇ ਹੋਰ ਸਾਰੇ ਜਗਤ ਨੂੰ ਵੀ ਤਾਰ ਲੈਂਦਾ ਹੈ।

**"ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ"**

ਤਤਕਰਾ

## ਅਕਾਲ ਪੁਰਖੁ ਆਪ ਹੀ ਇਸ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਹੈ ਤੇ ਸਮੇਟਣ ਵਾਲਾ ਹੈ (ਭਾਗ-੧੦)

## Akal Purkh Himself is the creator and destroyer of this universe and this universe is not permanent (Part-10)

ਜਿਵੇਂ ਕਿਸੇ ਬਾਜ਼ੀਗਰ ਨੇ ਕਦੇ ਬਾਜ਼ੀ ਪਾ ਕੇ ਵਿਖਾਈ ਹੋਵੇ, ਉਹ ਕਈ ਕਿਸਮਾਂ ਦੇ ਰੂਪ ਤੇ ਭੇਖ ਵਿਖਾਂਦਾ ਹੈ, ਇਸੇ ਤਰ੍ਹਾਂ ਅਕਾਲ ਪੁਰਖੁ ਨੇ ਇਹ ਜਗਤ-ਤਮਾਸ਼ਾ ਰਚਿਆ ਹੋਇਆ ਹੈ, ਇਸ ਵਿਚ ਅਨੇਕਾਂ ਰੂਪ ਤੇ ਭੇਖ ਵਿਖਾ ਰਿਹਾ ਹੈ। ਜਦੋਂ ਅਕਾਲ ਪੁਰਖੁ ਆਪਣੀ ਇਹ ਜਗਤ ਰੂਪੀ ਨਕਲੀ ਸ਼ਕਲ ਉਤਾਰ ਕੇ ਖੇਡ ਦਾ ਖਿਲਾਰਾ ਰੋਕ ਦਿੰਦਾ ਹੈ, ਤਾਂ ਫਿਰ ਉਹ ਇਕ ਆਪ ਹੀ ਆਪ ਰਹਿ ਜਾਂਦਾ ਹੈ। ਅਕਾਲ ਪੁਰਖੁ ਦੇ ਸਰਗੁਣ ਰੂਪ ਵਿਚ ਅਨੇਕਾਂ ਹੀ ਰੂਪ ਦਿੱਸਦੇ ਰਹਿੰਦੇ ਹਨ, ਅਨੇਕਾਂ ਹੀ ਰੂਪ ਨਾਸ ਹੁੰਦੇ ਰਹਿੰਦੇ ਹਨ। ਇਹ ਕੋਈ ਨਹੀਂ ਦੱਸ ਸਕਦਾ, ਕਿ ਜੀਵ ਕਿੱਥੋਂ ਆਇਆ ਸੀ, ਤੇ, ਕਿੱਥੇ ਚਲਾ ਜਾਂਦਾ ਹੈ। ਪਾਣੀ ਤੋਂ ਅਨੇਕਾਂ ਲਹਿਰਾਂ ਉਠਦੀਆਂ ਹਨ ਤੇ ਮੁੜ ਪਾਣੀ ਵਿਚ ਰਲ ਜਾਂਦੀਆਂ ਹਨ। ਸੋਨੇ ਤੋਂ ਕਈ ਕਿਸਮਾਂ ਦੇ ਗਹਿਣੇ ਘੜੇ ਜਾਂਦੇ ਹਨ, ਪਰ ਉਹ ਅਸਲ ਵਿਚ ਸੋਨਾ ਹੀ ਹੁੰਦੇ ਹਨ। ਕਿਸੇ ਰੁੱਖ ਦਾ ਬੀ ਬੀਜ ਕੇ ਜੜ੍ਹਾਂ, ਤਣਾਂ, ਟਾਹਣੀਆਂ, ਪੱਤੇ, ਫੁੱਲ, ਫਲ, ਆਦਿਕ ਉਸ ਦੇ ਕਈ ਕਿਸਮਾਂ ਦੇ ਸਰੂਪ ਵੇਖਣ ਵਿਚ ਆ ਜਾਂਦੇ ਹਨ। ਰੁੱਖ ਦੇ ਫਲ ਪੱਕਣ ਤੇ ਉਹੀ ਪਹਿਲੀ ਕਿਸਮ ਦੇ ਬੀਜ ਬਣ ਜਾਂਦੇ ਹਨ, ਤਿਵੇਂ ਇਸ ਬਹੁ ਰੰਗੀ ਸੰਸਾਰ ਦਾ ਅਸਲਾ ਇਕ ਅਕਾਲ ਪੁਰਖੁ ਹੀ ਹੈ। ਜਦੋਂ ਬੱਦਲ ਆਉਂਦੇ ਹਨ ਤਾਂ ਇਹ ਆਕਾਸ਼ ਪਾਣੀ ਨਾਲ ਭਰੇ ਹੋਏ ਹਜ਼ਾਰਾਂ ਘੜਿਆਂ (ਬੱਦਲਾਂ) ਵਿਚ ਵਖ ਵਖ ਦਿੱਸਦਾ ਹੈ। ਜਦੋਂ ਘੜੇ ਟੁੱਟ ਜਾਂਦੇ ਹਨ, ਮੀਂਹ ਪੈ ਹਟਦਾ ਹੈ, ਤਾਂ ਇਹ ਬੱਦਲ ਸਾਫ ਹੋ ਜਾਂਦੇ ਹਨ, ਤੇ ਸਿਰਫ ਇਕੱਲਾ ਆਕਾਸ਼ ਦਿੱਸਦਾ ਰਹਿ ਜਾਂਦਾ ਹੈ। ਅਕਾਲ ਪੁਰਖੁ ਦੀ ਪੈਦਾ ਕੀਤੀ ਜੀਵਾਤਮਾ ਵਿਚ ਮਾਇਆ ਦੇ ਕਾਰਨ ਕਈ ਭਰਮ, ਲੋਭ, ਮੋਹ ਆਦਿਕ ਦੇ ਵਿਕਾਰ ਉੱਠਦੇ ਰਹਿੰਦੇ ਹਨ। ਜਦੋਂ ਇਹ ਸਾਰੇ ਭਰਮ ਮਿਟ ਜਾਂਦੇ ਹਨ, ਤਾਂ ਉਹੀ ਜੀਵਾਤਮਾ ਇਕ ਅਕਾਲ ਪੁਰਖੁ ਦਾ ਹੀ ਰੂਪ ਹੋ ਜਾਂਦੀ ਹੈ। ਅਕਾਲ ਪੁਰਖੁ ਆਪਣੇ ਨਿਰਗੁਣ ਸਰੂਪ ਵਿਚ ਕਿਸੇ ਨੂੰ ਦਿਖਾਈ ਨਹੀਂ ਦਿੰਦਾਂ ਹੈ, ਉਹ ਨਾਸ ਰਹਿਤ ਹੈ, ਤੇ ਉਸ ਦਾ ਕਦੇ ਅੰਤ ਨਹੀਂ ਹੁੰਦਾ ਹੈ। ਉਹ ਅਕਾਲ ਪੁਰਖੁ ਜੀਵਾਤਮਾ ਰੂਪ ਹੋ ਕੇ ਵੀ ਨਾ ਆਪ ਜੰਮਦਾ ਹੈ, ਨਾ ਆਪ ਮਰਦਾ ਹੈ। ਪੂਰੇ ਗੁਰੂ ਦੀ ਕਿਰਪਾ ਨਾਲ ਹਉਮੈ ਦੀ ਮੈਲ ਅੰਦਰੋਂ ਧੋਤੀ ਜਾ ਸਕਦੀ ਹੈ, ਫਿਰ ਮਨੁੱਖ ਦੀ ਉੱਚੀ ਆਤਮਕ ਅਵਸਥਾ ਬਣ ਜਾਂਦੀ ਹੈ, ਤੇ, ਉਸ ਨੂੰ ਇਹ ਜਗਤ, ਅਕਾਲ ਪੁਰਖੁ ਦਾ ਆਪਣਾ ਹੀ ਰੂਪ ਦਿੱਸਣ ਲਗ ਪੈਂਦਾ ਹੈ।

***ਰਾਗੁ ਸੂਹੀ ਮਹਲਾ ੫ ਘਰੁ ੧ ॥ ੴ ਸਤਿਗੁਰ ਪ੍ਰਸਾਦਿ ॥ ਬਾਜੀਗਰਿ ਜੈਸੇ ਬਾਜੀ ਪਾਈ ॥ ਨਾਨਾ ਰੂਪ ਭੇਖ ਦਿਖਲਾਈ ॥ ਸਾਂਗੁ ਉਤਾਰਿ ਥੰਮਿ੍ਓ ਪਾਸਾਰਾ ॥ ਤਬ ਏਕੋ ਏਕੰਕਾਰਾ ॥੧॥ ਕਵਨ ਰੂਪ ਦ੍ਰਿਸਟਿਓ ਬਿਨਸਾਇਓ ॥ ਕਤਹਿ ਗਇਓ ਉਹੁ ਕਤ ਤੇ ਆਇਓ ॥੧॥ ਰਹਾਉ ॥ ਜਲ ਤੇ ਊਠਹਿ ਅਨਿਕ ਤਰੰਗਾ ॥ ਕਨਿਕ ਭੂਖਨ ਕੀਨੇ ਬਹੁ ਰੰਗਾ ॥ ਬੀਜੁ ਬੀਜਿ ਦੇਖਿਓ ਬਹੁ ਪਰਕਾਰਾ ॥ ਫਲ ਪਾਕੇ ਤੇ ਏਕੰਕਾਰਾ ॥੨॥ ਸਹਸ ਘਟਾ ਮਹਿ ਏਕੁ ਆਕਾਸੁ ॥ ਘਟ ਫੂਟੇ ਤੇ ਓਹੀ ਪ੍ਰਗਾਸੁ ॥ ਭਰਮ ਲੋਭ ਮੋਹ ਮਾਇਆ ਵਿਕਾਰ ॥ ਭ੍ਰਮ ਛੂਟੇ ਤੇ ਏਕੰਕਾਰ ॥੩॥ ਓਹੁ ਅਬਿਨਾਸੀ ਬਿਨਸਤ ਨਾਹੀ ॥ ਨਾ ਕੋ ਆਵੈ ਨਾ ਕੋ ਜਾਹੀ ॥ ਗੁਰਿ ਪੂਰੈ ਹਉਮੈ ਮਲੁ ਧੋਈ ॥ ਕਹੁ ਨਾਨਕ ਮੇਰੀ ਪਰਮ ਗਤਿ ਹੋਈ ॥੪॥੧॥ (੭੩੬)***

ਸ੍ਰਿਸ਼ਟੀ ਦੀ ਰਚਨਾ ਹੋਣ ਤੋਂ ਪਹਿਲਾਂ, ਅਕਾਲ ਪੁਰਖੁ ਸਿਰਫ ਇਕੱਲਾ ਆਪ ਹੀ ਸੀ, ਤੇ ਉਸ ਨੇ ਹੀ ਇਹ ਸਾਰੀ ਸ੍ਰਿਸ਼ਟੀ ਪੈਦਾ ਕੀਤੀ ਹੈ ਅਤੇ ਆਪਣੀ ਪੈਦਾ ਕੀਤੀ ਹੋਈ ਸ੍ਰਿਸ਼ਟੀ ਵਿਚ ਆਪ ਹੀ ਵਿਆਪਕ ਹੈ। ਸਭ ਜੀਵਾਂ ਵਿਚ ਅਕਾਲ ਪੁਰਖੁ ਆਪ ਬੋਲ ਰਿਹਾ ਹੈ ਤੇ ਉਹ ਆਪ ਹੀ ਸੁਣਣ ਵਾਲਾ ਹੈ। ਅਕਾਲ ਪੁਰਖੁ ਜਿਸ ਤਰ੍ਹਾਂ ਚਾਹੁੰਦਾ ਹੈ, ਉਹ ਸ੍ਰਿਸ਼ਟੀ ਨੂੰ ਰਚਦਾ ਹੈ, ਤੇ ਆਪ ਹੀ ਜਗਤ ਨੂੰ ਆਪਣੇ ਵਿਚ ਸਮੇਟ ਲੈਂਦਾ ਹੈ। ਅਕਾਲ ਪੁਰਖੁ ਤੋਂ ਵੱਖਰਾ ਕੁਝ ਵੀ ਨਹੀਂ ਹੈ, ਉਸ ਨੇ ਆਪਣੇ ਹੁਕਮੁ ਰੂਪੀ ਧਾਗੇ ਵਿਚ ਸਾਰੇ ਜਗਤ ਨੂੰ ਪਰੋ ਕੇ ਰੱਖਿਆ ਹੈ। ਜਿਸ ਮਨੁੱਖ ਨੂੰ ਅਕਾਲ ਪੁਰਖੁ ਆਪ ਸੂਝ ਬਖ਼ਸ਼ਦਾ ਹੈ, ਉਹ ਮਨੁੱਖ ਅਕਾਲ ਪੁਰਖੁ ਦਾ ਸਦਾ ਥਿਰ ਰਹਿਣ ਵਾਲਾ ਨਾਮੁ ਹਾਸਲ ਕਰ ਲੈਂਦਾ ਹੈ।

***ਅਸਟਪਦੀ ॥ ਆਪਿ ਕਥੈ ਆਪਿ ਸੁਨਨੈਹਾਰੁ ॥ ਆਪਹਿ ਏਕੁ ਆਪਿ ਬਿਸਥਾਰੁ ॥ ਜਾ ਤਿਸੁ ਭਾਵੈ ਤਾ ਸ੍ਰਿਸਟਿ ਉਪਾਏ ॥ ਆਪਨੈ ਭਾਣੈ ਲਏ ਸਮਾਏ ॥ (੨੯੨)***

ਅਕਾਲ ਪੁਰਖੁ ਆਪ ਹਸਤੀ ਵਾਲਾ ਹੈ, ਉਸ ਦੀ ਹੋਂਦ ਹੈ। ਭਾਵੇਂ ਅਸੀਂ ਅਕਾਲ ਪੁਰਖੁ ਨੂੰ ਆਪਣੀਆਂ ਅੱਖਾਂ ਨਾਲ ਨਹੀਂ ਵੇਖ ਸਕਦੇ ਹਾਂ, ਪਰ ਜੋ ਕੁਝ ਉਸ ਨੇ ਪੈਦਾ ਕੀਤਾ ਹੈ, ਤੇ ਸਾਡੇ ਆਸੇ ਪਾਸੇ ਹੋ ਰਿਹਾ ਹੈ, ਉਹ ਸਭ ਕੁਝ ਅਸੀਂ ਆਪਣੀਆਂ ਅੱਖਾਂ ਨਾਲ ਵੇਖ ਸਕਦੇ ਹਾਂ। ਇਸ ਲਈ ਅਕਾਲ ਪੁਰਖੁ ਆਪ ਹੋਂਦ ਵਾਲਾ ਹੈ ਤੇ ਉਹ ਸਭ ਵਿਚ ਵਿਆਪਕ ਹੈ, ਤੇ ਸਭ ਥਾਵਾਂ ਤੇ ਮੌਜੂਦ ਹੈ। ਇਸ ਬਾਰੇ ਵੀ ਕੋਈ ਭਰਮ ਭੁਲੇਖਾ ਨਹੀਂ ਕਿ ਸਾਰੀ ਸ੍ਰਿਸ਼ਟੀ, ਉਸ ਅਕਾਲ ਪੁਰਖੁ ਤੋਂ ਹੋਈ ਹੈ। ਜੇ ਉਸ ਦੀ ਰਜ਼ਾ ਹੋਵੇ ਤਾਂ ਜਗਤ ਦਾ ਪਸਾਰਾ ਕਰ ਦਿੰਦਾ ਹੈ, ਜੇ ਭਾਵੇ ਤਾਂ ਫਿਰ ਸਾਰੀ ਸ੍ਰਿਸ਼ਟੀ ਨੂੰ ਸਮੇਟ ਕੇ ਇਕ ਆਪ ਹੀ ਆਪ ਹੋ ਜਾਂਦਾ ਹੈ।

*ਆਪਿ ਸਤਿ ਕੀਆ ਸਭੁ ਸਤਿ ॥ ਤਿਸੁ ਪ੍ਰਭ ਤੇ ਸਗਲੀ ਉਤਪਤਿ ॥ ਤਿਸੁ ਭਾਵੈ ਤਾ ਕਰੇ ਬਿਸਥਾਰੁ ॥ ਤਿਸੁ ਭਾਵੈ ਤਾ ਏਕੰਕਾਰੁ ॥ (੨੯੪)*

ਜਦੋਂ ਅਕਾਲ ਪੁਰਖੁ ਨੇ ਆਪ ਜਗਤ ਦੀ ਖੇਡ ਰਚ ਦਿੱਤੀ, ਤਾਂ ਮਾਇਆ ਦੇ ਬੰਧਨ, ਅਹੰਕਾਰ, ਮੋਹ, ਭਰਮ ਭੁਲੇਖੇ, ਡਰ, ਦੁਖ ਸੁਖ, ਆਦਰ ਨਿਰਾਦਰ, ਪਾਪ ਪੁੰਨ, ਨਰਕ ਸੁਰਗ, ਘਰਾਂ ਦੇ ਧੰਧੇ, ਆਦਿ ਕਈ ਕਿਸਮ ਦੀਆਂ ਗੱਲਾਂ ਚੱਲ ਪਈਆਂ। ਅਕਾਲ ਪੁਰਖੁ ਆਪਣਾ ਤਮਾਸ਼ਾ ਕਰ ਕੇ ਆਪ ਹੀ ਵੇਖ ਰਿਹਾ ਹੈ। ਜਦੋਂ ਇਸ ਖੇਡ ਨੂੰ ਸਮੇਟਦਾ ਹੈ ਤਾਂ ਇਕ ਆਪ ਹੀ ਆਪ ਹੋ ਜਾਂਦਾ ਹੈ।

*ਆਪਨ ਖੇਲੁ ਆਪਿ ਕਰਿ ਦੇਖੈ ॥ ਖੇਲੁ ਸੰਕੋਚੈ ਤਉ ਨਾਨਕ ਏਕੈ ॥੭॥ (੨੯੧, ੨੯੨)*

ਇਹ ਜਗਤ ਸੂਤਰ ਦਾ ਧਾਗਾ ਸਮਝ ਲਵੋ, ਜਿਵੇਂ ਧਾਗੇ ਨੂੰ ਗੰਢਾਂ ਪਈਆਂ ਹੋਈਆਂ ਹੋਣ, ਸੰਸਾਰਕ ਜੀਵਾਂ ਨੂੰ ਮਾਇਆ ਦੇ ਮੋਹ ਦੀਆਂ ਦਸੇ ਪਾਸੇ ਗੰਢਾਂ ਪਈਆਂ ਹਨ, ਭਾਵ, ਮੋਹ ਵਿਚ ਫਸੇ ਜੀਵ ਦਸੇ ਪਾਸੇ ਖਿੱਚੇ ਜਾ ਰਹੇ ਹਨ। ਇਹ ਜਗਤ ਰਸਮੀ ਧਾਰਮਿਕ ਕਰਮ ਕਰਦਾ ਹੋਇਆ ਵੀ, ਮੋਹ ਦੀ ਭਟਕਣਾ ਵਿਚ ਇਤਨਾ ਖੁੰਝਿਆ ਹੋਇਆ ਹੈ, ਕਿ ਬਿਆਨ ਨਹੀਂ ਕੀਤਾ ਜਾ ਸਕਦਾ। ਅਨੇਕਾਂ ਜੀਵ ਇਹ ਰਸਮੀ ਧਾਰਮਿਕ ਕਰਮ ਕਾਂਡ ਕਰ ਕਰ ਕੇ ਹਾਰ ਗਏ, ਪਰੰਤੂ ਗੁਰੂ ਦੀ ਸ਼ਰਨ ਆਉਂਣ ਤੋਂ ਬਿਨਾ ਇਹ ਮੋਹ ਦੀ ਗੰਢਾਂ ਨਹੀਂ ਖੁਲ੍ਹਦੀਆਂ ਹਨ।

*ਇਹੁ ਜਗੁ ਤਾਗੋ ਸੂਤ ਕੋ ਭਾਈ ਦਹ ਦਿਸ ਬਾਧੋ ਮਾਇ ॥ ਬਿਨੁ ਗੁਰ ਗਾਠਿ ਨ ਛੂਟਈ ਭਾਈ ਥਾਕੇ ਕਰਮ ਕਮਾਇ ॥ ਇਹੁ ਜਗੁ ਭਰਮਿ ਭੁਲਾਇਆ ਭਾਈ ਕਹਣਾ ਕਿਛੂ ਨ ਜਾਇ ॥੬॥ (੬੩੫)*

ਜਿਵੇਂ ਮਾਲਾ ਦੇ ਇਕੋ ਧਾਗੇ ਵਿਚ ਕਈ ਮਣਕੇ ਪਰੋਤੇ ਹੁੰਦੇ ਹਨ, ਤੇ, ਉਸ ਮਾਲਾ ਨੂੰ ਮਨੁੱਖ ਫੇਰਦਾ ਰਹਿੰਦਾ ਹੈ, ਤਿਵੇਂ ਜਗਤ ਦੇ ਸਾਰੇ ਹੀ ਜੀਵ ਮਣਕੇ, ਅਕਾਲ ਪੁਰਖੁ ਦੀ ਸੱਤਾ ਰੂਪ ਧਾਗੇ ਵਿਚ ਪਰੋਤੇ ਹੋਏ ਹਨ, ਸੰਸਾਰ ਚੱਕਰ ਦੀ ਇਹ ਮਾਲਾ ਕਈ ਤਰੀਕਿਆਂ ਨਾਲ, ਕਈ ਜੁਗਤੀਆਂ ਨਾਲ ਫਿਰਦੀ ਰਹਿੰਦੀ ਹੈ। ਜਦੋਂ ਅਕਾਲ ਪੁਰਖੁ ਆਪਣੀ ਸੱਤਾ ਰੂਪ ਧਾਗਾ ਇਸ ਜਗਤ ਮਾਲਾ ਵਿਚੋਂ ਖਿੱਚ ਲੈਂਦਾ ਹੈ, ਤਾਂ ਸਾਰੀ ਮਾਲਾ ਇਕੋ ਥਾਂ ਵਿਚ ਆ ਜਾਂਦੀ ਹੈ, ਸਾਰੀ ਸ੍ਰਿਸ਼ਟੀ ਇਕੋ ਅਕਾਲ ਪੁਰਖੁ ਵਿਚ ਹੀ ਲੀਨ ਹੋ ਜਾਂਦੀ ਹੈ। ਗੁਰੂ ਸਾਹਿਬ ਜੋਗੀਆਂ ਨੂੰ ਸਮਝਾ ਰਹੇ ਹਨ ਕਿ ਜੋਗੀਆਂ ਦੇ ਮਠ ਵਾਂਗ ਇਹ ਜਗਤ ਵੀ ਇਕ ਮਠ ਹੈ, ਚਾਰੇ ਜੁਗਾਂ ਵਿਚ ਭਾਵ ਸਦਾ ਤੋਂ ਹੀ ਇਹ ਜਗਤ ਮਠ ਇਕ ਅਕਾਲ ਪੁਰਖੁ ਦਾ ਹੀ ਬਣਾਇਆ ਹੋਇਆ ਹੈ। ਇਸ ਜਗਤ ਮਠ ਵਿਚ ਜੀਵ ਨੂੰ ਖ਼ੁਆਰ ਕਰਨ ਲਈ ਅਨੇਕਾਂ ਵਿਕਾਰ ਰੂਪੀ ਔਖੇ ਸਥਾਨ ਹਨ ਅਤੇ ਵਿਕਾਰਾਂ ਵਿਚ ਫਸੇ ਜੀਵਾਂ ਵਾਸਤੇ ਅਨੇਕਾਂ ਹੀ ਜੂਨਾਂ ਹਨ, ਜਿਨ੍ਹਾਂ ਵਿਚੋਂ ਜੀਵਾਂ ਨੂੰ ਲੰਘਣਾ ਪੈਂਦਾ ਹੈ, ਜਿਵੇਂ ਕਿਸੇ ਘਰ ਦੀ ਖਿੜਕੀ ਵਿਚੋਂ ਲੰਘੀਦਾ ਹੈ। ਜਦੋਂ ਕੋਈ ਮਨੁੱਖ ਅਕਾਲ ਪੁਰਖੁ ਦੇ ਦੇਸ ਦੀ ਭਾਲ ਕਰਦਾ ਕਰਦਾ, ਗੁਰੂ ਦੇ ਦਰ ਤੇ ਪਹੁੰਚਦਾ ਹੈ, ਤਾਂ ਅਕਾਲ ਪੁਰਖੁ ਦੇ ਚਰਨਾਂ ਵਿਚ ਜੁੜੇ ਉਸ ਮਨੁੱਖ ਨੂੰ ਅਕਾਲ ਪੁਰਖੁ ਦਾ ਘਰ ਲੱਭ ਪੈਂਦਾ ਹੈ। ਗੁਰੂ ਦੇ ਦਰ ਤੇ ਪਹੁੰਚ ਕੇ ਮਨੁੱਖ ਨੂੰ ਸਮਝ ਆ ਜਾਂਦੀ ਹੈ, ਕਿ ਹਰੇਕ ਹਿਰਦੇ ਵਿਚ ਅਕਾਲ ਪੁਰਖੁ ਦੀ ਚੇਤਨ ਸੱਤਾ ਦੀ ਸੁੰਦਰ ਕਿੰਗਰੀ ਵੱਜ ਰਹੀ ਹੈ। ਇਹ ਸੁੰਦਰ ਕਿੰਗਰੀ ਵੱਜਦੀ ਸੁਣ ਸੁਣ ਕੇ ਅਕਾਲ ਪੁਰਖੁ ਦੇ ਚਰਨਾਂ ਵਿਚ ਜੁੜੇ ਹੋਏ ਮਨੁੱਖ ਦੇ ਮਨ ਵਿਚ ਇਹ ਕਿੰਗਰੀ ਮਿੱਠੀ ਲੱਗਣ ਲੱਗ ਪੈਂਦੀ ਹੈ। ਫਿਰ ਉਸ ਮਨੁੱਖ ਨੂੰ ਅਕਾਲ ਪੁਰਖੁ ਦੀ ਖਲਕਤ ਨਾਲ ਪਿਆਰ ਪੈ ਜਾਂਦਾ ਹੈ ਤੇ ਉਸ ਦੀ ਰਜ਼ਾ ਵਿਚ ਚਲਣਾ ਚੰਗਾ ਲਗਦਾ ਹੈ।

*ਏਕੈ ਸੂਤਿ ਪਰੋਏ ਮਣੀਏ ॥ ਗਾਠੀ ਭਿਨਿ ਭਿਨਿ ਭਿਨਿ ਭਿਨਿ ਤਣੀਏ ॥ ਫਿਰਤੀ ਮਾਲਾ ਬਹੁ ਬਿਧਿ ਭਾਇ ॥ ਖਿੰਚਿਆ ਸੂਤੁ ਤ ਆਈ ਥਾਇ ॥੩॥ (੮੮੬)*

ਧਰਤੀ ਦੇ ਨੌਂ ਖੰਡ ਤੇ ਚਾਰ ਖਾਣੀਆਂ ਕਹੀਆਂ ਜਾਂਦੀਆਂ ਹਨ, ਪਰ ਕੁਦਰਤ ਵਿਚ ਕਰੋੜਾਂ ਹੀ ਖੰਡ ਤੇ ਖਾਣੀਆਂ ਹਨ, ਜਿਨ੍ਹਾਂ ਰਾਹੀਂ ਕਰੋੜਾਂ ਹੀ ਜੀਵ ਪੈਦਾ ਹੋਏ ਹਨ। ਕਰੋੜਾਂ ਹੀ ਆਕਾਸ਼ ਤੇ ਬ੍ਰਹਮੰਡ ਹਨ, ਜਿਨ੍ਹਾਂ ਵਿਚ ਕਰੋੜਾਂ ਹੀ ਜੀਵ ਹਨ ਤੇ ਕਰੋੜਾਂ ਹੀ ਪ੍ਰਾਣੀ ਪੈਦਾ ਹੋ ਰਹੇ ਹਨ। ਅਕਾਲ ਪੁਰਖੁ ਨੇ ਕਈ ਤਰੀਕਿਆਂ ਨਾਲ ਜਗਤ ਦੀ ਰਚਨਾ ਕੀਤੀ ਹੈ ਤੇ ਕਈ ਵਾਰੀ ਜਗਤ ਦੀ ਰਚਨਾ ਕੀਤੀ ਹੈ। ਫਿਰ ਇਸ ਨੂੰ ਸਮੇਟ ਕੇ ਇਕ ਆਪ ਹੀ ਆਪ ਹੋ ਜਾਂਦਾ ਹੈ। ਅਕਾਲ ਪੁਰਖੁ ਨੇ ਕਈ ਕਿਸਮਾਂ ਦੇ ਕਰੋੜਾਂ ਹੀ ਜੀਵ ਪੈਦਾ ਕੀਤੇ ਹੋਏ ਹਨ, ਜੋ ਅਕਾਲ ਪੁਰਖੁ ਤੋਂ ਪੈਦਾ ਹੋ ਕੇ ਫਿਰ ਉਸ ਵਿਚ ਲੀਨ ਹੋ ਜਾਂਦੇ ਹਨ। ਉਸ ਅਕਾਲ ਪੁਰਖੁ ਦਾ ਅੰਤ ਕੋਈ ਮਨੁੱਖ ਨਹੀਂ ਜਾਣਦਾ ਹੈ, ਕਿਉਂਕਿ ਉਸ ਅਕਾਲ ਪੁਰਖੁ ਵਰਗਾ ਉਹ ਆਪ ਹੀ ਆਪ ਹੈ।

*ਕਈ ਕੋਟਿ ਖਾਣੀ ਅਰੁ ਖੰਡ ॥ ਕਈ ਕੋਟਿ ਅਕਾਸ ਬ੍ਰਹਮੰਡ ॥ ਕਈ ਕੋਟਿ ਹੋਏ ਅਵਤਾਰ ॥ ਕਈ ਜੁਗਤਿ ਕੀਨੋ ਬਿਸਥਾਰ ॥ ਕਈ ਬਾਰ ਪਸਰਿਓ ਪਾਸਾਰ ॥ ਸਦਾ ਸਦਾ ਇਕੁ ਏਕੰਕਾਰ ॥ ਕਈ ਕੋਟਿ ਕੀਨੇ ਬਹੁ ਭਾਤਿ ॥ ਪ੍ਰਭ ਤੇ ਹੋਏ ਪ੍ਰਭ ਮਾਹਿ ਸਮਾਤਿ ॥ ਤਾ ਕਾ ਅੰਤੁ ਨ ਜਾਨੈ ਕੋਇ ॥ ਆਪੇ ਆਪਿ ਨਾਨਕ ਪ੍ਰਭੁ ਸੋਇ ॥੭॥ (੨੭੫,੨੭੬)*

ਇਹ ਜਿਤਨੇ ਵੀ ਖੰਡ, ਮੰਡਲ, ਪਾਤਾਲ ਤੇ ਦੀਪ ਹਨ, ਇਹ ਸਾਰੇ ਅਕਾਲ ਪੁਰਖੁ ਨੇ ਆਪ ਹੀ ਕਾਲ ਦੇ ਅਧੀਨ ਰੱਖੇ ਹੋਏ ਹਨ। ਇਨ੍ਹਾਂ ਨੂੰ ਬਣਾਉਂਣ ਵਾਲਾ ਵੀ ਉਹ ਆਪ ਹੈ, ਤੇ ਸਮਾਂ ਪਾ ਕੇ ਇਕ ਦਿਨ ਇਹ ਖਤਮ ਵੀ ਹੋ ਜਾਣਗੇ। ਇਸ ਵਿਸ਼ਾਲ ਮੰਡਲ ਵਿਚ, ਸੂਰਜ ਵੀ ਇਕ ਤਾਰਾ ਹੈ, ਤੇ ਉਹ ਵੀ ਇਕ ਦਿਨ ਬਾਕੀ ਤਾਰਿਆਂ ਦੀ ਤਰ੍ਹਾਂ ਆਪਣਾ ਕਾਲ ਪੂਰਾ ਕਰਕੇ ਖਤਮ ਹੋ ਜਾਵੇਗਾ। ਸਿਰਫ ਨਾਸ ਰਹਿਤ ਅਕਾਲ ਪੁਰਖੁ ਹੀ ਸਦਾ ਕਾਇਮ ਰਹਿਣ ਵਾਲਾ ਹੈ। ਜਿਹੜਾ ਮਨੁੱਖ ਅਕਾਲ ਪੁਰਖੁ ਦਾ ਨਾਮੁ ਯਾਦ

ਕਰਦਾ ਹੈ ਤੇ ਉਸ ਨੂੰ ਆਪਣੇ ਹਿਰਦੇ ਵਿਚ ਵਸਾ ਕੇ ਰੱਖਦਾ ਹੈ, ਉਹ ਵੀ ਅਟੱਲ ਜੀਵਨ ਵਾਲਾ ਹੋ ਜਾਂਦਾ ਹੈ ਤੇ ਜਨਮ ਮਰਨ ਦੇ ਗੇੜ ਤੋਂ ਬਚ ਜਾਂਦਾ ਹੈ।

*ਖੰਡ ਪਤਾਲ ਦੀਪ ਸਭਿ ਲੋਆ ॥ ਸਭਿ ਕਾਲੈ ਵਸਿ ਆਪਿ ਪ੍ਰਭਿ ਕੀਆ ॥ ਨਿਹਚਲੁ ਏਕੁ ਆਪਿ ਅਬਿਨਾਸੀ ਸੋ ਨਿਹਚਲੁ ਜੋ ਤਿਸਹਿ ਧਿਆਇਦਾ ॥੭॥ (੧੦੭੬)*

ਜੇ ਕਰ ਉਪਰ ਲਿਖੀਆਂ, ਗੁਰਬਾਣੀ ਦੀਆਂ ਸਿਖਿਆਵਾਂ, ਨੂੰ ਇਕੱਠਾ ਕਰੀਏ ਤਾਂ ਅਸੀਂ ਨਿਸਚੇ ਨਾਲ ਸਮਝ ਸਕਦੇ ਹਾਂ, ਕਿ ਅਕਾਲ ਪੁਰਖੁ ਆਪ ਹੀ ਇਸ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਹੈ ਤੇ ਆਪ ਹੀ ਸਮੇਟਣ ਵਾਲਾ ਹੈ।

ਅਕਾਲ ਪੁਰਖੁ ਦੇ ਸਰਗੁਣੁ ਰੂਪ ਵਿਚ ਅਨੇਕਾਂ ਹੀ ਰੂਪ ਦਿੱਸਦੇ ਰਹਿੰਦੇ ਹਨ, ਅਨੇਕਾਂ ਹੀ ਰੂਪ ਨਾਸ ਹੁੰਦੇ ਰਹਿੰਦੇ ਹਨ। ਇਹ ਕੋਈ ਨਹੀਂ ਦੱਸ ਸਕਦਾ, ਕਿ ਜੀਵ ਕਿੱਥੋਂ ਆਇਆ ਸੀ, ਤੇ, ਕਿੱਥੇ ਚਲਾ ਜਾਂਦਾ ਹੈ। ਅਕਾਲ ਪੁਰਖੁ ਆਪਣੇ ਨਿਰਗੁਣੁ ਸਰੂਪ ਵਿਚ ਕਿਸੇ ਨੂੰ ਦਿਖਾਈ ਨਹੀਂ ਦਿੰਦਾਂ ਹੈ, ਉਹ ਨਾਸ ਰਹਿਤ ਹੈ, ਤੇ ਉਸ ਦਾ ਕਦੇ ਅੰਤ ਨਹੀਂ ਹੁੰਦਾ ਹੈ।

ਸ੍ਰਿਸ਼ਟੀ ਦੀ ਰਚਨਾ ਹੋਣ ਤੋਂ ਪਹਿਲਾਂ, ਅਕਾਲ ਪੁਰਖੁ ਸਿਰਫ ਇਕੱਲਾ ਆਪ ਹੀ ਸੀ, ਤੇ ਉਸ ਨੇ ਹੀ ਇਹ ਸਾਰੀ ਸ੍ਰਿਸ਼ਟੀ ਪੈਦਾ ਕੀਤੀ ਹੈ ਅਤੇ ਆਪਣੀ ਪੈਦਾ ਕੀਤੀ ਹੋਈ ਸ੍ਰਿਸ਼ਟੀ ਵਿਚ ਆਪ ਹੀ ਵਿਆਪਕ ਹੈ। ਜੇ ਉਸ ਦੀ ਰਜ਼ਾ ਹੋਵੇ ਤਾਂ ਜਗਤ ਦਾ ਪਸਾਰਾ ਕਰ ਦਿੰਦਾ ਹੈ, ਜੇ ਭਾਵੇ ਤਾਂ ਫਿਰ ਸਾਰੀ ਸ੍ਰਿਸ਼ਟੀ ਨੂੰ ਸਮੇਟ ਕੇ ਇਕ ਆਪ ਹੀ ਆਪ ਹੋ ਜਾਂਦਾ ਹੈ।

ਅਕਾਲ ਪੁਰਖੁ ਨੇ ਕਈ ਤਰੀਕਿਆਂ ਨਾਲ ਜਗਤ ਦੀ ਰਚਨਾ ਕੀਤੀ ਹੈ ਤੇ ਕਈ ਵਾਰੀ ਜਗਤ ਦੀ ਰਚਨਾ ਕੀਤੀ ਹੈ। ਫਿਰ ਇਸ ਨੂੰ ਸਮੇਟ ਕੇ ਇਕ ਆਪ ਹੀ ਆਪ ਹੋ ਜਾਂਦਾ ਹੈ। ਅਕਾਲ ਪੁਰਖੁ ਦਾ ਅੰਤ ਕੋਈ ਮਨੁੱਖ ਨਹੀਂ ਜਾਣਦਾ ਹੈ, ਕਿਉਂਕਿ ਉਸ ਅਕਾਲ ਪੁਰਖੁ ਵਰਗਾ ਉਹ ਆਪ ਹੀ ਆਪ ਹੈ।

ਗੁਰੂ ਦੇ ਦਰ ਤੇ ਪਹੁੰਚ ਕੇ ਮਨੁੱਖ ਨੂੰ ਸਮਝ ਆ ਜਾਂਦੀ ਹੈ, ਕਿ ਹਰੇਕ ਹਿਰਦੇ ਵਿਚ ਅਕਾਲ ਪੁਰਖੁ ਦੀ ਚੇਤਨ ਸੱਤਾ ਹੈ, ਫਿਰ ਉਸ ਮਨੁੱਖ ਨੂੰ ਅਕਾਲ ਪੁਰਖੁ ਦੀ ਖਲਕਤ ਨਾਲ ਪਿਆਰ ਪੈ ਜਾਂਦਾ ਹੈ ਤੇ ਉਸ ਦੀ ਰਜ਼ਾ ਵਿਚ ਚਲਣਾ ਚੰਗਾ ਲਗਦਾ ਹੈ।

ਇਸ ਲਈ ਆਓ ਸਾਰੇ ਜਾਣੇ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਦੁਆਰਾ ਅਕਾਲ ਪੁਰਖੁ ਦੇ ਹੁਕਮੁ ਤੇ ਉਸ ਦੀ ਰਜ਼ਾ ਅਨੁਸਾਰ ਚਲਣ ਦੀ ਜਾਚ ਸਿਖੀਏ ਤਾਂ ਜੋ ਸਾਡਾ ਮਨੁੱਖਾ ਜੀਵਨ ਸਫਲ ਹੋ ਸਕੇ।

**"ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ"**

ਤਤਕਰਾ

## ਨਹ ਕਿਛੁ ਜਨਮੈ ਨਹ ਕਿਛੁ ਮਰੈ ॥ ਆਪਨ ਚਲਿਤੁ ਆਪ ਹੀ ਕਰੈ (ਭਾਗ-੧੧)

## Nothing is born and nothing dies. Birth and death are only the Akal Purkh's game (Part-11)

ਕੁਦਰਤ ਅਨੁਸਾਰ ਇਹ ਧਰਤੀ ਅਜੇਹਾ ਗ੍ਰਹਿ ਹੈ ਜਿਥੇ ਪਾਣੀ ਮਿਲਦਾ ਹੈ, ਜਿਸ ਕਰਕੇ ਜੀਵਨ ਸੰਭਵ ਹੈ। ਅਨੇਕਾ ਜੀਵ ਪੈਦਾ ਹੁੰਦੇ ਹਨ ਤੇ ਮਰਦੇ ਰਹਿੰਦੇ ਹਨ। ਧਰਤੀ ਉਪਰ ਪੈਦਾ ਹੁੰਦੇ ਹਨ ਤੇ ਧਰਤੀ ਵਿਚ ਸਮਾ ਜਾਂਦੇ ਹਨ। ਅਸਲੀਅਤ ਇਹ ਹੈ ਕਿ ਨਾ ਕੁਝ ਜੰਮਦਾ ਹੈ ਤੇ ਨਾ ਕੁਝ ਮਰਦਾ ਹੈ। ਇਹ ਜਨਮ ਮਰਣ ਦਾ ਚਕਰ ਤਾਂ ਅਕਾਲ ਪੁਰਖੁ ਆਪ ਹੀ ਕਰ ਰਿਹਾ ਹੈ, ਇਹ ਖੇਲ ਉਸ ਦਾ ਬਣਾਇਆ ਹੋਇਆ ਹੈ। ਜਨਮ ਤੋਂ ਪਹਿਲਾਂ ਜੀਵ ਦਿਖਾਈ ਨਹੀਂ ਦਿੰਦਾ ਹੈ, ਪਰ ਬਾਅਦ ਵਿਚ ਜਨਮ ਤੋਂ ਬਾਅਦ ਦਿਖਾਈ ਦਿੰਦਾਂ ਹੈ। ਮਰਣ ਤੋਂ ਪਹਿਲਾਂ ਜੀਵ ਦਿਖਾਈ ਦਿੰਦਾ ਹੈ, ਪਰ ਮਰਨ ਤੋਂ ਬਾਅਦ ਦਿਖਾਈ ਨਹੀਂ ਦਿੰਦਾ ਹੈ। ਜੰਮਣਾ, ਮਰਣਾ, ਦਿਸਣਾ ਤੇ ਅਣਦਿਸਣਾ, ਇਹ ਸਾਰਾ ਸੰਸਾਰ ਅਕਾਲ ਪੁਰਖੁ ਨੇ ਆਪਣੇ ਹੁਕਮੁ ਵਿਚ ਚਲਣ ਵਾਲਾ ਬਣਾ ਦਿੱਤਾ ਹੈ। ਸਾਰੇ ਜੀਵਾਂ ਵਿਚ ਕੇਵਲ ਅਕਾਲ ਪੁਰਖੁ ਆਪ ਹੀ ਹੈ, ਉਹ ਅਨੇਕਾਂ ਤਰੀਕਿਆਂ ਨਾਲ ਜਗਤ ਨੂੰ ਬਣਾ ਕੇ ਫਿਰ ਨਾਸ ਵੀ ਕਰਦਾ ਹੈ। ਅਕਾਲ ਪੁਰਖੁ ਆਪ ਅਬਿਨਾਸ਼ੀ ਹੈ, ਉਸ ਦਾ ਕੁਝ ਵੀ ਨਾਸ ਨਹੀਂ ਹੁੰਦਾ, ਸਾਰੇ ਬ੍ਰਹਮੰਡ ਦੀ ਰਚਨਾ ਵੀ ਉਹ ਆਪ ਹੀ ਰਚ ਰਿਹਾ ਹੈ। ਉਸ ਸਰਬ ਵਿਆਪਕ ਅਕਾਲ ਪੁਰਖੁ ਦੇ ਪ੍ਰਤਾਪ ਦਾ ਭੇਤ ਨਹੀਂ ਪਾਇਆ ਜਾ ਸਕਦਾ, ਉਸ ਬਾਰੇ ਬਿਆਨ ਵੀ ਨਹੀਂ ਕੀਤਾ ਜਾ ਸਕਦਾ। ਗੁਰੂ ਸਾਹਿਬ ਸਮਝਾਂਉਂਦੇ ਹਨ ਕਿ ਜੇ ਉਹ ਆਪ ਆਪਣਾ ਨਾਮੁ ਜਪਾਏ ਤਾਂ ਹੀ ਜੀਵ ਉਸ ਦਾ ਜਾਪ ਕਰਦੇ ਹਨ।

***ਨਹ ਕਿਛੁ ਜਨਮੈ ਨਹ ਕਿਛੁ ਮਰੈ ॥ ਆਪਨ ਚਲਿਤੁ ਆਪ ਹੀ ਕਰੈ ॥ ਆਵਨੁ ਜਾਵਨੁ ਦ੍ਰਿਸਟਿ ਅਨਦ੍ਰਿਸਟਿ ॥ ਆਗਿਆਕਾਰੀ ਧਾਰੀ ਸਭ ਸ੍ਰਿਸਟਿ ॥ ਆਪੇ ਆਪਿ ਸਗਲ ਮਹਿ ਆਪਿ ॥ ਅਨਿਕ ਜੁਗਤਿ ਰਚਿ ਥਾਪਿ ਉਥਾਪਿ ॥ ਅਬਿਨਾਸੀ ਨਾਹੀ ਕਿਛੁ ਖੰਡ ॥ ਧਾਰਣ ਧਾਰਿ ਰਹਿਓ ਬ੍ਰਹਮੰਡ ॥ ਅਲਖ ਅਭੇਵ ਪੁਰਖ ਪਰਤਾਪ ॥ ਆਪਿ ਜਪਾਏ ਤ ਨਾਨਕ ਜਾਪ ॥੬॥ (੨੮੧, ੨੮੨)***

ਜਿਹੜਾ ਮਨੁੱਖ ਗੁਰਬਾਣੀ ਅਨੁਸਾਰ ਅਡੋਲ ਅਵਸਥਾ ਵਿਚ ਟਿਕ ਕੇ, ਅਕਾਲ ਪੁਰਖੁ ਦੇ ਚਰਨਾਂ ਵਿਚ ਜੁੜਦਾ ਹੈ, ਉਸ ਦਾ ਅਕਾਲ ਪੁਰਖੁ ਦੇ ਚਰਨਾਂ ਵਿਚ ਜੁੜਨਾ ਕਬੂਲ ਹੋ ਜਾਂਦਾ ਹੈ। ਉਸ ਮਨੁੱਖ ਨੂੰ ਨਾ ਆਤਮਕ ਮੌਤ ਆਉਂਦੀ ਹੈ, ਤੇ ਨਾ ਹੀ ਜਨਮ ਮਰਨ ਦੇ ਗੇੜ ਵਿਚ ਪੈਂਦਾ ਹੈ। ਅਕਾਲ ਪੁਰਖੁ ਦਾ ਦਾਸ ਉਸ ਵਿਚ ਹਮੇਸ਼ਾਂ ਲੀਨ ਰਹਿੰਦਾ ਹੈ, ਉਸ ਦੇ ਹੁਕਮੁ ਤੇ ਰਜ਼ਾ ਅਨੁਸਾਰ ਚਲਦਾ ਹੈ, ਅਕਾਲ ਪੁਰਖੁ ਆਪਣੇ ਅਜੇਹੇ ਸੇਵਕ ਦੇ ਅੰਦਰ ਪਰਗਟ ਹੋ ਜਾਂਦਾ ਹੈ। ਉਹ ਸੇਵਕ ਜਿਧਰ ਵੇਖਦਾ ਹੈ, ਉਸ ਨੂੰ ਅਕਾਲ ਪੁਰਖੁ ਹੀ ਦਿਖਾਈ ਦਿੰਦਾ ਹੈ, ਉਸ ਤੋਂ ਬਿਨਾ ਹੋਰ ਕੋਈ ਨਹੀਂ ਦਿਖਾਈ ਦਿੰਦਾ ਹੈ। ਗੁਰੂ ਸਾਹਿਬ ਦੀ ਸਰਨ ਵਿਚ ਪੈ ਕੇ ਤੇ ਗੁਰਬਾਣੀ ਦੀ ਸਿਖਿਆ ਅਨੁਸਾਰ ਅਕਾਲ ਪੁਰਖੁ ਦੀ ਭਗਤੀ ਕੀਤਿਆਂ, ਉਹ ਆਤਮਕ ਟਿਕਾਣਾ ਮਿਲ ਜਾਂਦਾ ਹੈ, ਜਿਥੇ ਮਨ ਸਦਾ ਅਡੋਲ ਅਵਸਥਾ ਵਿਚ ਟਿਕਿਆ ਰਹਿੰਦਾ ਹੈ। ਪਰ ਗੁਰੂ ਅੱਗੇ ਆਪਣੇ ਆਪ ਨੂੰ ਸਮਰਪਿਤ ਕਰਨ ਤੋਂ ਬਿਨਾ, ਗੁਰੂ ਨੂੰ ਮਿਲਣ ਤੋਂ ਬਿਨਾ, ਮਨੁੱਖ ਆਤਮਕ ਮੌਤੇ ਮਰ ਕੇ ਜਨਮ ਮਰਨ ਦੇ ਗੇੜ ਵਿਚ ਪਇਆ ਰਹਿੰਦਾ ਹੈ।

***ਧਨਾਸਰੀ ਮਹਲਾ ੧ ॥ ਸਹਜਿ ਮਿਲੈ ਮਿਲਿਆ ਪਰਵਾਣੁ ॥ ਨਾ ਤਿਸੁ ਮਰਣੁ ਨ ਆਵਣੁ ਜਾਣੁ ॥ ਠਾਕੁਰ ਮਹਿ ਦਾਸੁ ਦਾਸ ਮਹਿ ਸੋਇ ॥ ਜਹ ਦੇਖਾ ਤਹ ਅਵਰੁ ਨ ਕੋਇ ॥੧॥ ਗੁਰਮੁਖਿ ਭਗਤਿ ਸਹਜ ਘਰੁ ਪਾਈਐ ॥ ਬਿਨੁ ਗੁਰ ਭੇਟੇ ਮਰਿ ਆਈਐ ਜਾਈਐ ॥੧॥ ਰਹਾਉ ॥ (੬੮੬)***

ਜਦੋਂ ਕੋਈ ਪ੍ਰਾਣੀ ਮਰ ਜਾਂਦਾ ਹੈ, ਤਾਂ ਉਸ ਦੇ ਪੰਜ ਤਤੀ ਸਰੀਰ ਵਿਚੋਂ ਸੁਆਸ ਨਿਕਲ ਕੇ ਹਵਾ ਵਿਚ ਮਿਲ ਜਾਂਦੇ ਹਨ, ਭਾਵ ਅਲੋਪ ਹੋ ਜਾਂਦੇ ਹਨ। ਜਿਸ ਤਰ੍ਹਾਂ ਸਾਨੂੰ ਹਵਾ ਦਿਖਾਈ ਨਹੀਂ ਦਿੰਦੀ ਹੈ, ਇਸੇ ਤਰ੍ਹਾਂ ਸਵਾਸ ਵੀ ਦਿਖਾਈ ਨਹੀਂ ਦਿੰਦੇ ਹਨ, ਕਿ ਕਿਥੇ ਚਲੇ ਗਏ। ਸਾਇੰਸ ਦੇ ਕਿਸੇ ਜੰਤਰ ਨਾਲ ਅਸੀਂ ਹਵਾ ਦਾ ਦਬਾਅ ਜਾਂ ਦਿਸ਼ਾ ਤਾਂ ਜਾਣ ਸਕਦੇ ਹਾਂ, ਪਰੰਤੂ ਇਹ ਬਿਲਕੁਲ ਨਹੀਂ ਜਾਣ ਸਕਦੇ ਕਿ ਸਰੀਰ ਵਿਚੋਂ ਸੁਆਸ ਕਿਥੇ ਗਏ ਹਨ। ਮਨੁੱਖਾ ਸਰੀਰ ਜੋ ਕਿ ਪਾਣੀ, ਹਵਾ, ਤੇ ਧਰਤੀ ਦੀ ਮਿੱਟੀ ਵਿਚ ਪੈਦਾ ਹੋਇਆ, ਤੇ ਪਦਾਰਥਾਂ ਨਾਲ ਵਧਿਆ ਫੁਲਿਆ ਸੀ, ਇਕ ਦਿਨ ਇਸ ਧਰਤੀ ਦੀ ਮਿੱਟੀ ਵਿਚ ਮਿਲ ਜਾਂਦਾ ਹੈ। ਜੀਵਾਤਮਾ ਅਕਾਲ ਪੁਰਖੁ ਦੀ ਸਰਬ ਵਿਆਪਕ ਜੋਤਿ ਨਾਲ ਜਾ ਰਲਦਾ ਹੈ। ਮੁਏ ਨੂੰ ਰੋਣ ਵਾਲਾ ਤਾਂ ਭੁਲੇਖੇ ਵਿਚ ਹੀ ਰੋਂਦਾ ਹੈ, ਅਸਲੀਅਤ ਇਹ ਹੈ ਕਿ ਕੋਈ ਵੀ ਜੀਵਾਤਮਾ ਮਰਦਾ ਨਹੀਂ। ਗੁਰੂ ਸਾਹਿਬ ਤਾਂ ਗੁਰਬਾਣੀ ਵਿਚ ਸਮਝਾਂਉਂਦੇ ਹਨ ਕਿ ਉਸ ਗੁਰਮੁਖ ਨਾਲ, ਜਿਹੜਾ ਕਿ ਅਕਾਲ ਪੁਰਖੁ ਨਾਲ ਡੂੰਘੀ ਸਾਂਝ ਪਾਂਦਾ ਹੈ, ਮਿਲ ਕੇ ਬੇਸ਼ੱਕ ਵਿਚਾਰ ਕਰ ਲਵੋ, ਤਾਂ ਸਮਝ ਆ ਜਾਵੇਗੀ, ਕਿ ਜੰਮਣਾਂ ਮਰਨਾਂ ਤਾਂ ਇਹ ਇਕ ਖੇਡ ਬਣੀ ਹੋਈ ਹੈ। ਕਿਸੇ ਦੇ ਸਰੀਰਕ ਵਿਛੋੜੇ ਤੇ ਰੋਣ ਵਾਲਾ ਪ੍ਰਾਣੀ, ਉਸ ਵੇਲੇ ਭਵਿੱਖ ਵਿਚ ਬੀਤਣ ਵਾਲੀ ਗੱਲ ਨਹੀਂ ਸਮਝਦਾ, ਕਿ ਜਿਹੜਾ ਹੁਣ ਕਿਸੇ ਦੇ ਵਿਛੋੜੇ ਕਰਕੇ ਰੋ ਰਿਹਾ ਹੈ, ਆਖ਼ਰ ਉਸ ਨੇ ਵੀ ਇਕ ਦਿਨ ਇਥੋਂ ਕੂਚ ਕਰ ਜਾਣਾ ਹੈ। ਜੀਵ ਭਰਮ ਤੇ ਮੋਹ ਦੇ ਬੰਧਨਾਂ ਵਿਚ ਬੱਝੇ ਹੋਏ ਹਨ, ਜੀਵਾਤਮਾ ਅਤੇ ਸਰੀਰ ਦਾ ਮਿਲਾਪ ਤਾਂ ਇਕ ਸੁਪਨੇ ਵਾਂਗ ਹੈ, ਇਹ ਅਖ਼ੀਰ ਵਿਚ ਸੁਪਨੇ ਦੀ ਤਰ੍ਹਾਂ ਬੀਤ ਜਾਂਦਾ ਹੈ, ਤੇ ਮਾਇਆ ਦੇ ਮੋਹ ਵਿਚ ਅੰਨ੍ਹਾ ਹੋਇਆ ਜੀਵ ਵਿਅਰਥ ਹੀ ਬੌਖਲਾਂਦਾ

ਰਹਿੰਦਾ ਹੈ। ਇਹ ਜਗਤ ਤਾਂ ਅਕਾਲ ਪੁਰਖੁ ਨੇ ਇਕ ਖੇਡ ਬਣਾਈ ਹੋਈ ਹੈ। ਉਸ ਅਕਾਲ ਪੁਰਖੁ ਦੇ ਕਦੇ ਖ਼ਤਮ ਨਾ ਹੋਣ ਵਾਲੇ ਹੁਕਮੁ ਵਿਚ ਹੀ ਜੀਵ ਇਥੇ ਆਉਂਦੇ ਰਹਿੰਦੇ ਹਨ ਤੇ ਇਥੋਂ ਚਲੇ ਜਾਂਦੇ ਹਨ। ਵੈਸੇ ਕੋਈ ਵੀ ਜੀਵਾਤਮਾ ਕਦੀ ਮਰਦਾ ਨਹੀਂ ਹੈ, ਕਿਉਂਕਿ ਇਹ ਮਰਨ ਜੋਗਾ ਹੈ ਹੀ ਨਹੀਂ। ਇਹ ਜੀਵਾਤਮਾ ਕਦੀ ਨਾਸ ਨਹੀਂ ਹੁੰਦਾ, ਕਿਉਂਕਿ ਇਸ ਦਾ ਅਸਲ ਸਦਾ ਕਾਇਮ ਰਹਿਣ ਵਾਲਾ ਹੈ। ਆਮ ਲੋਕ ਇਸ ਜੀਵਾਤਮਾ ਨੂੰ ਜਿਸ ਤਰ੍ਹਾਂ ਦਾ ਸਮਝਦੇ ਹਨ, ਇਹ ਤਰ੍ਹਾਂ ਦਾ ਨਹੀਂ ਹੈ। ਗੁਰੂ ਸਾਹਿਬ ਸਮਝਾਂਉਂਦੇ ਹਨ, ਕਿ ਮੈਂ ਉਸ ਮਨੁੱਖ ਤੋਂ ਕੁਰਬਾਨ ਹਾਂ, ਜਿਸ ਨੇ ਕੁਦਰਤ ਦੀ ਇਹ ਅਸਲੀਅਤ ਸਮਝ ਲਈ ਹੈ। ਗੁਰੂ ਜਿਸ ਮਨੁੱਖ ਦਾ ਭਰਮ ਭੁਲੇਖਾ ਦੂਰ ਕਰ ਦਿੰਦਾ ਹੈ, ਉਹ ਜਨਮ ਮਰਨ ਦੇ ਗੇੜ ਵਿਚ ਨਹੀਂ ਪੈਂਦਾ, ਉਹ ਮੁੜ ਮੁੜ ਜੰਮਦਾ ਮਰਦਾ ਨਹੀਂ।

***ਰਾਮਕਲੀ ਮਹਲਾ ੫ ॥ ਪਵਨੈ ਮਹਿ ਪਵਨੁ ਸਮਾਇਆ ॥ ਜੋਤੀ ਮਹਿ ਜੋਤਿ ਰਲਿ ਜਾਇਆ ॥ ਮਾਟੀ ਮਾਟੀ ਹੋਈ ਏਕ ॥ ਰੋਵਨਹਾਰੇ ਕੀ ਕਵਨ ਟੇਕ ॥੧॥ ਕਉਨੁ ਮੂਆ ਰੇ ਕਉਨੁ ਮੂਆ ॥ ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ ਇਹੁ ਤਉ ਚਲਤੁ ਭਇਆ ॥੧॥ ਰਹਾਉ ॥ ਅਗਲੀ ਕਿਛੁ ਖਬਰਿ ਨ ਪਾਈ ॥ ਰੋਵਨਹਾਰੁ ਭਿ ਊਠਿ ਸਿਧਾਈ ॥ ਭਰਮ ਮੋਹ ਕੇ ਬਾਂਧੇ ਬੰਧ ॥ ਸੁਪਨੁ ਭਇਆ ਭਖਲਾਏ ਅੰਧ ॥੨॥ ਇਹੁ ਤਉ ਰਚਨੁ ਰਚਿਆ ਕਰਤਾਰਿ ॥ ਆਵਤ ਜਾਵਤ ਹੁਕਮਿ ਅਪਾਰਿ ॥ ਨਹ ਕੋ ਮੂਆ ਨ ਮਰਣੈ ਜੋਗੁ ॥ ਨਹ ਬਿਨਸੈ ਅਬਿਨਾਸੀ ਹੋਗੁ ॥੩॥ ਜੋ ਇਹੁ ਜਾਣਹੁ ਸੋ ਇਹੁ ਨਾਹਿ ॥ ਜਾਨਣਹਾਰੇ ਕਉ ਬਲਿ ਜਾਉ ॥ ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥ ਨਾ ਕੋਈ ਮਰੈ ਨ ਆਵੈ ਜਾਇਆ ॥੪॥੧੦॥ (੮੮੫)***

ਅਕਾਲ ਪੁਰਖੁ ਦਾ ਨਾਮੁ ਹਰੇਕ ਜੀਵ ਦੇ ਸਰੀਰ ਦੇ ਅੰਦਰ ਨਿਵਾਸ ਰੱਖਦਾ ਹੈ, ਅਬਿਨਾਸ਼ੀ ਅਕਾਲ ਪੁਰਖੁ ਆਪ ਹੀ ਹਰੇਕ ਦੇ ਅੰਦਰ ਮੌਜੂਦ ਹੈ। ਜੀਵ ਉਸ ਅਕਾਲ ਪੁਰਖੁ ਦਾ ਅੰਸ ਹੈ, ਇਸ ਵਾਸਤੇ ਜੀਵਾਤਮਾ ਨਾ ਮਰਦਾ ਹੈ, ਤੇ ਨਾ ਹੀ ਕੋਈ ਇਸ ਨੂੰ ਮਾਰ ਸਕਦਾ ਹੈ। ਰਜ਼ਾ ਦਾ ਮਾਲਕ ਅਕਾਲ ਪੁਰਖੁ ਜੀਵ ਪੈਦਾ ਕਰ ਕੇ ਆਪਣੇ ਹੁਕਮੁ ਵਿਚ ਸਭ ਦੀ ਸੰਭਾਲ ਕਰਦਾ ਹੈ। ਇਸ ਲਈ ਲੋੜ ਹੈ ਕਿ ਗੁਰੂ ਸਾਹਿਬ ਦੇ ਸਬਦ ਦੁਆਰਾ ਅਕਾਲ ਪੁਰਖੁ ਦੇ ਹੁਕਮੁ ਨੂੰ ਸਮਝੀਏ ਤੇ ਆਪਣਾ ਮਨੁੱਖਾ ਜਨਮ ਸਫਲ ਕਰਈਏ।

***ਦੇਹੀ ਅੰਦਰਿ ਨਾਮੁ ਨਿਵਾਸੀ ॥ ਆਪੇ ਕਰਤਾ ਹੈ ਅਬਿਨਾਸੀ ॥ ਨਾ ਜੀਉ ਮਰੈ ਨ ਮਾਰਿਆ ਜਾਈ ਕਰਿ ਦੇਖੈ ਸਬਦਿ ਰਜਾਈ ਹੇ ॥੧੩॥ (੧੦੨੬)***

ਆਮ ਤੌਰ ਤੇ ਜਿਸ ਤਰ੍ਹਾਂ ਸਮਾਂ ਗੁਜਰਦਾ ਹੈ ਜਾਂ ਦਿਨ ਬੀਤਦੇ ਹਨ, ਤਾਂ ਲੋਕ ਅਕਸਰ ਇਹੀ ਕਹਿੰਦੇ ਹਨ ਕਿ ਬੱਚਾ ਵੱਡਾ ਹੋ ਰਿਹਾ ਹੈ। ਅੱਜਕਲ ਕਈ ਲੋਕ ਹਰ ਸਾਲ ਬੱਚਿਆਂ ਦਾ ਜਨਮ ਦਿਨ ਵੀ ਮਨਾਉਂਦੇ ਹਨ। ਜਿਸ ਤਰ੍ਹਾਂ ਸਵੇਰੇ ਸੂਰਜ ਚੜ੍ਹਦਾ ਹੈ ਤੇ ਸ਼ਾਮ ਨੂੰ ਡੁੱਬਦਾ ਹੈ, ਤਾਂ ਇਸ ਸਮੇਂ ਨੂੰ ਇਕ ਦਿਨ ਦਾ ਸਮਾਂ ਬੀਤ ਗਿਆ ਕਹਿੰਦੇ ਹਨ। ਅਸਲੀਅਤ ਇਹ ਹੈ ਕਿ ਇਸ ਸਮੇਂ ਦੇ ਦੌਰਾਨ ਮਿਲੇ ਹੋਏ ਸੁਆਸਾਂ ਵਿਚੋਂ ਹਰੇਕ ਜੀਵ ਦੀ ਬਚੀ ਹੋਈ ਉਮਰ ਇਕ ਦਿਨ ਘਟ ਜਾਂਦੀ ਹੈ। ਜਿਸ ਦਾ ਤਨ ਮਨ ਮਾਇਆ ਦੇ ਪਦਾਰਥ ਭੋਗਣ ਵਿਚ ਰੁੱਝਾ ਹੋਇਆ ਹੈ, ਉਸ ਨੂੰ ਇਸ ਬਾਰੇ ਕੋਈ ਫਿਕਰ ਜਾਂ ਸੋਝੀ ਨਹੀਂ ਹੁੰਦੀ ਹੈ, ਤੇ ਉਹ ਆਪਣੇ ਹੰਕਾਰ ਕਰਕੇ ਪਰਵਾਹ ਵੀ ਨਹੀਂ ਕਰਦਾ ਹੈ। ਬੀਤ ਗਿਆ ਸਮਾਂ ਕਦੇ ਵਾਪਿਸ ਨਹੀਂ ਆਉਂਦਾ ਹੈ, ਤੇ ਅਜੇਹਾ ਅਵੇਸਲਾ ਜੀਵ ਇਕ ਦਿਨ ਆਪਣੀ ਮਨੁੱਖਾ ਜਨਮ ਦੀ ਬਾਜੀ ਹਾਰ ਜਾਂਦਾ ਹੈ। ਕੋਈ ਵਿਰਲਾ ਮਨੁੱਖ ਹੀ ਹੁੰਦਾ ਹੈ ਜੋ ਇਸ ਬਾਰੇ ਸੁਚੇਤ ਰਹਿੰਦਾ ਹੈ, ਆਪਣਾ ਜੀਵਨ ਵਿਅਰਥ ਗਵਾਉਣ ਦੀ ਬਜਾਏ, ਆਪਣਾ ਸਮਾਂ ਸਫਲ ਕਰਦਾ ਹੈ, ਅਜੇਹਾ ਮਨੁੱਖ ਆਪਣੇ ਜੀਵਨ ਦੀ ਬਾਜੀ ਜਿੱਤ ਕੇ ਜਾਂਦਾ ਹੈ। ਧਨ, ਦੌਲਤ, ਮਾਇਆ ਤੇ ਰੁਤਬੇ ਕਰਕੇ ਹਰੇਕ ਜੀਵ ਆਪਣੇ ਹੰਕਾਰ ਨਾਲ ਆਫਰਿਆ ਹੋਇਆ ਹੈ, ਕਿਸੇ ਦੇ ਸਮਝਾਇਆਂ ਵੀ ਸਮਝਦਾ ਨਹੀਂ ਤੇ ਆਕੜ ਕਰਕੇ ਵਿਕਾਰ ਕਰਨ ਤੋਂ ਹਟਦਾ ਨਹੀਂ। ਅਕਾਲ ਪੁਰਖੁ ਆਪ ਜੀਵ ਦੀ ਆਕੜ ਨੂੰ ਵੇਖ ਰਿਹਾ ਹੈ, ਜਦੋਂ ਉਹ ਠੋਕਰ ਮਾਰਦਾ ਹੈ ਜਾਂ ਇਸ ਦੇ ਸੁਆਸ ਮੁਕਾ ਦੇਂਦਾ ਹੈ ਤਾਂ ਇਹ ਅਜੇਹਾ ਹੰਕਾਰੀ ਧਰਤੀ ਤੇ ਡਿਗ ਪੈਂਦਾ ਹੈ, ਤੇ ਉਸ ਦਾ ਸਰੀਰ ਮਿੱਟੀ ਵਿਚ ਮਿਲ ਜਾਂਦਾ ਹੈ।

***ਮਃ ੧ ॥ ਸੂਰਜੁ ਚੜੈ ਵਿਜੋਗਿ ਸਭਸੈ ਘਟੈ ਆਰਜਾ ॥ ਤਨੁ ਮਨੁ ਰਤਾ ਭੋਗਿ ਕੋਈ ਹਾਰੈ ਕੋ ਜਿਣੈ ॥ ਸਭੁ ਕੋ ਭਰਿਆ ਫੂਕਿ ਆਖਣਿ ਕਹਣਿ ਨ ਥੰਮ੍ਹੀਐ ॥ ਨਾਨਕ ਵੇਖੈ ਆਪਿ ਫੂਕ ਕਢਾਏ ਢਹਿ ਪਵੈ ॥੨॥ (੧੨੪੪)***

ਮਨੁੱਖ ਹਮੇਸ਼ਾ ਆਪਣੇ ਮਨ ਦੀ ਗਲ ਮੰਨਦਾ ਹੈ ਤੇ ਮਨ ਅਨੁਸਾਰ ਚਲਦਾ ਹੈ, ਇਸੇ ਲਈ ਗੁਰੂ ਸਾਹਿਬ ਖਾਸ ਤੌਰ ਤੇ ਮਨ ਨੂੰ ਸਮਝਾਂਉਂਦੇ ਹਨ ਕਿ ਤੂੰ ਅਕਾਲ ਪੁਰਖੁ ਦਾ ਨਾਮੁ ਕਿਉਂ ਭੁਲਾਈ ਬੈਠਾ ਹੈਂ? ਜਦੋਂ ਇਹ ਸਰੀਰ ਨਾਸ ਹੋ ਜਾਂਦਾ ਹੈ, ਤਾਂ ਫਿਰ ਅਕਾਲ ਪੁਰਖੁ ਦੇ ਨਾਮੁ ਤੋਂ ਬਿਨਾ ਜਮਾਂ ਨਾਲ ਵਾਹ ਪੈਂਦਾ ਹੈ। ਇਹ ਸੰਸਾਰ ਤਾਂ, ਮਾਨੋ ਧੂਏਂ ਦਾ ਪਹਾੜ ਹੈ, ਜਿਸ ਨੂੰ ਹਵਾ ਦਾ ਇੱਕ ਬੁੱਲਾ ਆਉਂਦਾ ਹੈ ਤੇ ਉਡਾ ਕੇ ਲੈ ਜਾਂਦਾ ਹੈ। ਹੁਣ ਅਸੀਂ ਜਿਊਂਦੇ ਹਾਂ, ਅਗਲੇ ਪਲ ਵਿਚ ਕੀ ਹੋਣਾਂ ਹੈ, ਅਸੀਂ ਕੁਝ ਨਹੀਂ ਕਹਿ ਸਕਦੇ ਹਾਂ। ਮਨੁੱਖ ਦਾ ਮਨ ਆਪਣੇ ਆਪ ਨੂੰ ਇਸ ਜਗਤ ਵਿਚ ਸਦਾ ਕਾਇਮ ਰਹਿਣ ਵਾਲਾ ਮੰਨੀ ਬੈਠਾ ਹੈ, ਜਿਸ ਕਰਕੇ ਉਹ ਵਿਕਾਰਾਂ ਵਿਚ ਫਸਿਆ ਰਹਿੰਦਾ ਹੈ? ਪਰਿਵਾਰ ਦੀ ਖਾਤਰ ਅਨੇਕਾ ਤਰੀਕਿਆਂ ਨਾਲ ਧਨ ਇਕੱਠਾ ਕਰਨ ਵਿਚ ਲਗਾ ਰਹਿੰਦਾ ਹੈ। ਪਰ ਇਸ ਮਨ ਨੂੰ ਚੰਗੀ ਤਰ੍ਹਾਂ ਸਮਝ ਲੈਣਾਂ ਚਾਹੀਦਾ ਹੈ, ਕਿ ਧਨ, ਇਸਤ੍ਰੀ, ਜਾਇਦਾਦ, ਘਰ, ਇਨ੍ਹਾਂ ਵਿਚੋਂ ਕੋਈ ਵੀ ਚੀਜ਼ ਮੌਤ ਵੇਲੇ ਜੀਵ ਦੇ ਨਾਲ ਨਹੀਂ ਜਾਂਦੀ। ਸਿਰਫ਼ ਅਕਾਲ ਪੁਰਖੁ ਦੀ ਭਗਤੀ ਅਨੁਸਾਰ ਕੀਤੇ ਚੰਗੇ ਕਰਮ ਹੀ ਮਨੁੱਖ ਦੇ ਨਾਲ ਰਹਿੰਦੇ ਹਨ।

ਇਸ ਲਈ ਸਿਰਫ਼ ਅਕਾਲ ਪੁਰਖੁ ਦੇ ਪਿਆਰ ਵਿਚ ਟਿਕ ਕੇ ਉਸ ਦਾ ਭਜਨ ਕਰਿਆ ਕਰ ਤਾਂ ਜੋ ਗੁਰਬਾਣੀ ਦੁਆਰਾ ਉਸ ਦੇ ਹੁਕਮੁ ਦੀ ਪਹਿਚਾਨ ਹੋ ਸਕੇ ਤੇ ਉਸ ਅਨੁਸਾਰ ਚਲਣ ਦੀ ਜਾਚ ਆ ਜਾਵੇ।

***ਬਸੰਤੁ ਮਹਲਾ ੯ ॥ ਮਨ ਕਹਾ ਬਿਸਾਰਿਓ ਰਾਮ ਨਾਮੁ ॥ ਤਨੁ ਬਿਨਸੈ ਜਮ ਸਿਉ ਪਰੈ ਕਾਮੁ ॥੧॥ ਰਹਾਉ ॥ ਇਹੁ ਜਗੁ ਧੂਏ ਕਾ ਪਹਾਰ ॥ ਤੈ ਸਾਚਾ ਮਾਨਿਆ ਕਿਹ ਬਿਚਾਰਿ ॥੧॥ ਧਨੁ ਦਾਰਾ ਸੰਪਤਿ ਗ੍ਰੇਹ ॥ ਕਛੁ ਸੰਗਿ ਨ ਚਾਲੈ ਸਮਝ ਲੇਹ ॥੨॥ ਇਕ ਭਗਤਿ ਨਾਰਾਇਨ ਹੋਇ ਸੰਗਿ ॥ ਕਹੁ ਨਾਨਕ ਭਜੁ ਤਿਹ ਏਕ ਰੰਗਿ ॥੩॥੪॥ (੧੧੮੬, ੧੧੮੭)***

ਅਕਾਲ ਪੁਰਖੁ ਤੋਂ ਬਿਨਾ ਤੇਰਾ ਹੋਰ ਕੋਈ ਵੀ ਸਹਾਇਤਾ ਕਰਨ ਵਾਲਾ ਨਹੀਂ ਹੈ। ਕੌਣ ਕਿਸੇ ਦੀ ਮਾਂ? ਕੌਣ ਕਿਸੇ ਦਾ ਪਿਉ? ਕੌਣ ਕਿਸੇ ਦਾ ਪੁੱਤਰ? ਕੌਣ ਕਿਸੇ ਦੀ ਵਹੁਟੀ? ਜਦੋਂ ਸਰੀਰ ਨਾਲੋਂ ਸਾਥ ਮੁੱਕ ਜਾਂਦਾ ਹੈ ਤਾਂ ਕੌਣ ਕਿਸੇ ਦਾ ਭਰਾ ਬਣਦਾ ਹੈ? ਮਰਨ ਤੋਂ ਬਾਅਦ ਕੋਈ ਰਿਸ਼ਤੇਦਾਰ ਜਾ ਸਬੰਧੀ ਨਹੀਂ ਰਹਿੰਦਾ ਹੈ। ਇਹ ਧਨ, ਧਰਤੀ, ਸਾਰੀ ਮਾਇਆ ਜਿਨ੍ਹਾਂ ਨੂੰ ਅਸੀਂ ਆਪਣਾ ਸਮਝੀ ਬੈਠੇ ਹਾਂ, ਜਦੋਂ ਸਰੀਰ ਨਾਲੋਂ ਸਾਥ ਮੁੱਕਦਾ ਹੈ, ਕੋਈ ਚੀਜ਼ ਵੀ ਜੀਵ ਦੇ ਨਾਲ ਨਹੀਂ ਜਾਂਦੀ। ਫਿਰ ਜੀਵ ਕਿਉਂ ਇਨ੍ਹਾਂ ਨਾਲ ਚੰਬੜਿਆ ਰਹਿੰਦਾ ਹੈ? ਇਸ ਤੋਂ ਉਲਟ ਜਿਹੜਾ ਅਕਾਲ ਪੁਰਖੁ ਸਭ ਕੁਝ ਦੇਣ ਵਾਲਾ ਹੈ, ਸਾਰਿਆਂ ਦੀ ਸੰਭਾਲ ਕਰਦਾ ਹੈ, ਗਰੀਬਾਂ ਉਤੇ ਦਇਆ ਕਰਨ ਵਾਲਾ ਹੈ, ਜੋ ਸਦਾ ਜੀਵਾਂ ਦੇ ਦੁਖਾਂ ਦਾ ਨਾਸ ਕਰਨ ਵਾਲਾ ਹੈ, ਉਸ ਨਾਲ ਪਿਆਰ ਕਿਉਂ ਨਹੀਂ ਪਾਉਂਦਾ। ਗੁਰੂ ਸਾਹਿਬ ਸਮਝਾਂਉਂਦੇ ਹਨ ਕਿ ਜਿਵੇਂ ਰਾਤ ਦਾ ਸੁਪਨਾ ਹੁੰਦਾ ਹੈ, ਉਹ ਸਵੇਰੇ ਉਠਣ ਵੇਲੇ ਅਲੋਪ ਹੋ ਜਾਂਦਾ ਹੈ, ਠੀਕ ਉਸੇ ਤਰ੍ਹਾਂ ਇਹ ਸਾਰਾ ਜਗਤ ਹੈ, ਜਿਸ ਨੇ ਕਿ ਇਕ ਦਿਨ ਨਾਸ ਹੋ ਜਾਣਾ ਹੈ।

***ਰਾਗੁ ਸਾਰੰਗ ਮਹਲਾ ੯ ॥ ਹਰਿ ਬਿਨੁ ਤੇਰੋ ਕੋ ਨ ਸਹਾਈ ॥ ਕਾਂ ਕੀ ਮਾਤ ਪਿਤਾ ਸੁਤ ਬਨਿਤਾ ਕੋ ਕਾਹੂ ਕੋ ਭਾਈ ॥੧॥ ਰਹਾਉ ॥ ਧਨੁ ਧਰਨੀ ਅਰੁ ਸੰਪਤਿ ਸਗਰੀ ਜੋ ਮਾਨਿਓ ਅਪਨਾਈ ॥ ਤਨ ਛੂਟੈ ਕਛੁ ਸੰਗਿ ਨ ਚਾਲੈ ਕਹਾ ਤਾਹਿ ਲਪਟਾਈ ॥੧॥ ਦੀਨ ਦਇਆਲ ਸਦਾ ਦੁਖ ਭੰਜਨ ਤਾ ਸਿਉ ਰੁਚਿ ਨ ਬਢਾਈ ॥ ਨਾਨਕ ਕਹਤ ਜਗਤ ਸਭ ਮਿਥਿਆ ਜਿਉ ਸੁਪਨਾ ਰੈਨਾਈ ॥੨॥੧॥ (੧੨੩੧)***

ਗੁਰੂ ਸਾਹਿਬ ਸੁਚੇਤ ਕਰਦੇ ਹਨ ਤੇ ਸਮਝਾਂਉਂਦੇ ਹਨ ਕਿ ਜਿਵੇਂ ਸੁੱਤੇ ਪਿਆਂ ਸੁਪਨਾ ਆਉਂਦਾ ਹੈ ਅਤੇ ਉਸ ਸੁਪਨੇ ਵਿਚ ਕਈ ਪਦਾਰਥ ਵੇਖੀਦੇ ਹਨ, ਤਿਵੇਂ ਇਸ ਜਗਤ ਨੂੰ ਸਮਝ ਲਉ। ਅਕਾਲ ਪੁਰਖੁ ਦੇ ਨਾਮੁ ਤੋਂ ਬਿਨਾ ਜਗਤ ਵਿਚ ਦਿੱਸ ਰਹੇ, ਇਨ੍ਹਾਂ ਪਦਾਰਥਾਂ ਵਿਚੋਂ ਕੋਈ ਵੀ ਪਦਾਰਥ ਸਦਾ ਸਾਥ ਨਿਭਾਣ ਵਾਲਾ ਨਹੀਂ ਹੈ। ਮਾਇਆ ਇਕੱਠੀ ਕਰਨ ਦੀ ਖ਼ਾਤਰ ਲੋਕ ਦਿਨ ਰਾਤ ਭਟਕਦੇ ਫਿਰਦੇ ਰਹਿੰਦੇ ਹਨ, ਤੇ ਅਨੇਕਾਂ ਪਾਪ ਕਮਾ ਕੇ ਵੱਧ ਤੋਂ ਵੱਧ ਮਾਇਆ ਇਕੱਠੀ ਕਰਨ ਵਿਚ ਲੱਗੇ ਰਹਿੰਦੇ ਹਨ। ਕ੍ਰੋੜਾਂ ਬੰਦਿਆਂ ਵਿਚ ਕੋਈ ਵਿਰਲਾ ਅਜਿਹਾ ਹੁੰਦਾ ਹੈ, ਜਿਸ ਦੇ ਮਨ ਵਿਚ ਅਕਾਲ ਪੁਰਖੁ ਦੀ ਯਾਦ ਟਿਕੀ ਹੁੰਦੀ ਹੈ ਤੇ ਉਹ ਸਮਝਦਾ ਹੈ, ਕਿ ਵਿਕਾਰਾਂ ਨਾਲ ਇਕੱਠੀ ਕੀਤੀ ਹੋਈ ਮਾਇਆ ਨਾਲ ਨਹੀਂ ਜਾਣੀ। ਜਿਵੇਂ ਪਾਣੀ ਤੋਂ ਬੁਲਬੁਲਾ ਸਦਾ ਪੈਦਾ ਹੁੰਦਾ ਅਤੇ ਨਾਸ ਹੁੰਦਾ ਰਹਿੰਦਾ ਹੈ, ਤਿਵੇਂ ਹੀ ਅਕਾਲ ਪੁਰਖੁ ਨੇ ਜਗਤ ਦੀ ਇਹ ਖੇਡ ਬਣਾਈ ਹੋਈ ਹੈ। ਅਨੇਕਾਂ ਜੀਵ ਪੈਦਾ ਹੁੰਦੇ ਰਹਿੰਦੇ ਹਨ ਤੇ ਮਰਦੇ ਰਹਿੰਦੇ ਹਨ। ਪਰ ਮਾਇਆ ਦੇ ਨਸ਼ੇ ਵਿਚ ਫਸਿਆ ਹੋਇਆ ਤੇ ਆਤਮਕ ਜੀਵਨ ਵੱਲੋਂ ਅੰਨ੍ਹਾ ਹੋਇਆ ਮਨੁੱਖ ਆਪਣੇ ਆਤਮਕ ਜੀਵਨ ਬਾਰੇ ਕੁਝ ਵੀ ਨਹੀਂ ਸੋਚਦਾ। ਅਕਾਲ ਪੁਰਖੁ ਦੇ ਭਜਨ ਤੋਂ ਬਿਨਾ ਅਜਿਹੇ ਮਨੁੱਖ ਨੂੰ ਜਮਾਂ ਦੀਆਂ ਫਾਹੀਆਂ ਪਈਆਂ ਰਹਿੰਦੀਆਂ ਹਨ ਤੇ ਉਹ ਆਪਣਾ ਜੀਵਨ ਵਿਅਰਥ ਗਵਾ ਲੈਂਦਾ ਹੈ।

***ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥ ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ ॥੨੩॥ ਨਿਸਿ ਦਿਨੁ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ ॥ ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ ॥੨੪॥ ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥ ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥੨੫॥ ਪ੍ਰਾਨੀ ਕਛੂ ਨ ਚੇਤਈ ਮਦਿ ਮਾਇਆ ਕੈ ਅੰਧੁ ॥ ਕਹੁ ਨਾਨਕ ਬਿਨੁ ਹਰਿ ਭਜਨ ਪਰਤ ਤਾਹਿ ਜਮ ਫੰਧ ॥੨੬॥ (੧੪੨੭)***

ਅਕਾਲ ਪੁਰਖੁ ਦੀ ਮਿਹਰ ਨਾਲ ਜਦੋਂ ਸਤਿਗੁਰੂ ਦਿਆਲ ਹੋ ਜਾਂਦਾ ਹੈ, ਤਾਂ ਮਨੁੱਖ ਸਬਦ ਗੁਰੂ ਦੁਆਰਾ ਆਤਮਕ ਅਡੋਲਤਾ ਵਿਚ ਲੀਨ ਰਹਿੰਦਾ ਹੈ। ਗੁਰੂ ਹਰ ਥਾਂ ਵਿਆਪਕ ਅਕਾਲ ਪੁਰਖੁ ਦਾ ਅਸਚਰਜ ਰੂਪ ਵਿਖਾ ਦਿੰਦਾ ਹੈ, ਤੇ ਮਾਇਆ ਦੇ ਮੋਹ ਦੀ ਫਾਹੀ ਕੱਟ ਕੇ ਆਪਣਾ ਦਾਸ ਬਣਾ ਲੈਂਦਾ ਹੈ, ਗੁਰਮੁਖਾਂ ਦੀ ਸੇਵਾ ਵਿਚ ਲਾ ਦਿੰਦਾ ਹੈ, ਤੇ ਮਨੁੱਖ ਸਿਰਫ਼ ਨਾਮੁ ਦਾ ਪੁਜਾਰੀ ਬਣ ਜਾਂਦਾ ਹੈ। ਜਦੋਂ ਗੁਰੂ ਦਾ ਬਖ਼ਸ਼ਿਆ ਗਿਆਨ ਮਨ ਵਿਚ ਪਰਗਟ ਹੁੰਦਾ ਹੈ, ਤਾਂ ਮਨ ਅੰਦਰ ਅਕਾਲ ਪੁਰਖੁ ਦੀ ਹੋਂਦ ਦਾ ਚਾਨਣ ਹੋ ਜਾਂਦਾ ਹੈ, ਤੇ ਮਨੁੱਖ ਨੂੰ ਸਭ ਥਾਂ ਉਸੇ ਦਾ ਚਾਨਣ ਦਿਖਾਈ ਦੇਣ ਲਗ ਪੈਂਦਾ ਹੈ। ਗੁਰੂ ਦੀ ਕਿਰਪਾ ਨਾਲ ਜਦੋਂ ਜੀਵ ਆਤਮਕ ਜੀਵਨ ਦੇਣ ਵਾਲੇ ਅਕਾਲ ਪੁਰਖੁ ਦਾ ਨਾਮੁ ਰਸ ਪੀਂਦਾ ਹੈ, ਤਾਂ ਮਨ ਮਾਇਆ ਦੀ ਤ੍ਰਿਸ਼ਨਾ ਵਲੋਂ ਰੱਜ ਜਾਂਦਾ ਹੈ। ਉਸ ਦਾ ਮਨ ਅਕਾਲ ਪੁਰਖੁ ਦੇ ਨਾਮੁ ਵਿਚ ਟਿਕ ਜਾਂਦਾ ਹੈ ਤੇ ਫਿਰ ਉਸ ਨੂੰ ਕੋਈ ਡਰ ਪੋਹ ਨਹੀਂ ਲਗਦਾ। ਗੁਰੂ ਦਾ ਹੁਕਮੁ ਮੰਨ ਕੇ ਸਾਰੇ ਸੁਖ ਆਨੰਦ ਪ੍ਰਾਪਤ ਕਰ ਲੈਂਦਾ ਹੈ, ਤੇ ਉਸ ਦੇ ਅੰਦਰੋਂ ਦੁਖਾਂ ਦਾ ਡੇਰਾ ਉਠ ਜਾਂਦਾ ਹੈ। ਗੁਰੂ ਸਾਹਿਬ ਸਮਝਾਂਉਂਦੇ ਹਨ ਕਿ ਜਦੋਂ ਤੋਂ ਗੁਰੂ ਦੀ ਕਿਰਪਾ ਨਾਲ ਅਕਾਲ ਪੁਰਖੁ ਜੀ ਮੇਰੇ ਉਤੇ ਮਿਹਰਬਾਨ ਹੋਏ ਹਨ, ਮੈਨੂੰ ਹਰ ਥਾਂ ਉਹ ਆਨੰਦ ਸਰੂਪ ਅਕਾਲ ਪੁਰਖੁ ਹੀ ਦਿੱਸ ਰਿਹਾ ਹੈ। ਜਦੋਂ ਤੋਂ ਸਤਿਗੁਰੂ ਜੀ ਮੇਰੇ ਉਤੇ ਦਇਆਵਾਨ ਹੋਏ ਹਨ, ਮੈਨੂੰ ਨਿਸ਼ਚਾ ਹੋ ਗਿਆ ਹੈ, ਕਿ ਨਾ ਕੁਝ ਜੰਮਦਾ ਹੈ ਨਾ

ਕੁਝ ਮਰਦਾ ਹੈ, ਇਹ ਸਭ ਅਕਾਲ ਪੁਰਖੁ ਨੇ ਇਕ ਖੇਲ ਰਚਾਇਆ ਹੋਇਆ ਹੈ। ਸਰਬ ਵਿਆਪਕ ਤੇ ਸਭ ਦੀ ਪਾਲਣਾ ਕਰਨ ਵਾਲਾ ਅਕਾਲ ਪੁਰਖੁ ਅਪਹੁੰਚ ਹੈ, ਭਾਵ ਸਭ ਜੀਵਾਂ ਦੀ ਪਹੁੰਚ ਤੋਂ ਪਰੇ ਹੈ ਅਤੇ ਅਕਾਲ ਪੁਰਖੁ ਦੇ ਭਗਤਾਂ ਨੂੰ ਉਸ ਦੇ ਨਾਮੁ ਦਾ ਹੀ ਓਟ ਤੇ ਆਸਰਾ ਹੈ।

*ਨਾ ਕਿਛੁ ਆਵਤ ਨਾ ਕਿਛੁ ਜਾਵਤ ਸਭੁ ਖੇਲੁ ਕੀਓ ਹਰਿ ਰਾਇਓ ॥ ਕਹੁ ਨਾਨਕ ਅਗਮ ਅਗਮ ਹੈ ਠਾਕੁਰ ਭਗਤ ਟੇਕ ਹਰਿ ਨਾਇਓ ॥੪॥੧੫॥੧੩੬॥ (੨੦੯)*

ਭਗਤ ਪੀਪਾ ਜੀ ਸਮਝਾਂਉਂਦੇ ਹਨ ਕਿ ਦੇਸ ਦੇਸਾਂਤਰਾਂ ਨੂੰ ਖੋਜ ਕੇ ਆਖ਼ਰ ਆਪਣੇ ਸਰੀਰ ਦੇ ਅੰਦਰ ਹੀ ਮੈਂ ਅਕਾਲ ਪੁਰਖੁ ਦਾ ਨਾਮੁ ਰੂਪੀ ਨੌਂ ਨਿਧ ਖਜ਼ਾਨਾ ਲੱਭ ਲਿਆ ਹੈ, ਹੁਣ ਮੇਰੇ ਸਰੀਰ ਵਿਚ ਅਕਾਲ ਪੁਰਖੁ ਦੀ ਯਾਦ ਦਾ ਹੀ ਤੇਜ ਪ੍ਰਤਾਪ ਹੈ, ਉਸ ਦੀ ਬਰਕਤ ਨਾਲ ਮੇਰੇ ਲਈ ਨਾ ਕੁਝ ਜੰਮਦਾ ਹੈ, ਨਾ ਮਰਦਾ ਹੈ ਭਾਵ, ਮੇਰਾ ਜਨਮ ਮਰਨ ਮਿਟ ਗਿਆ ਹੈ। ਪੀਪਾ ਜੀ ਬੇਨਤੀ ਕਰਦੇ ਹਨ, ਜੋ ਸ੍ਰਿਸ਼ਟੀ ਦਾ ਰਚਣਹਾਰ ਅਕਾਲ ਪੁਰਖੁ ਸਾਰੇ ਬ੍ਰਹਮੰਡ ਵਿਚ ਵਿਆਪਕ ਹੈ, ਉਹੀ ਮਨੁੱਖਾ ਸਰੀਰ ਵਿਚ ਹੈ, ਜੋ ਮਨੁੱਖ ਖੋਜ ਕਰਦਾ ਹੈ, ਉਹ ਉਸ ਨੂੰ ਲੱਭ ਲੈਂਦਾ ਹੈ, ਜੇ ਸਤਿਗੁਰੂ ਮਿਲ ਪਏ ਤਾਂ ਅੰਦਰ ਹੀ ਦਰਸ਼ਨ ਕਰਾ ਦਿੰਦਾ ਹੈ। ਇਸ ਸ਼ਬਦ ਵਿਚ ਭਗਤ ਪੀਪਾ ਜੀ ਮੂਰਤੀ ਪੂਜਾ ਦੀ ਬਜਾਏ ਸਰੀਰ ਮੰਦਰ ਵਿਚ ਵੱਸਦੇ ਅਕਾਲ ਪੁਰਖੁ ਨੂੰ ਸਿਮਰਨ ਲਈ ਕਹਿੰਦੇ ਹਨ। ਜਿਸ ਮਨੁੱਖ ਦੇ ਸਰੀਰ ਵਿਚ ਸਾਰਿਆਂ ਅੰਦਰ ਰਮੇ ਹੋਏ ਅਕਾਲ ਪੁਰਖੁ ਦੀ ਯਾਦ ਦੀ ਦੁਹਾਈ ਮੱਚ ਜਾਂਦੀ ਹੈ, ਉਹ ਦੇਸ ਦੇਸਾਂਤਰਾਂ ਦੇ ਤੀਰਥਾਂ ਤੇ ਮੰਦਰਾਂ ਵਲ ਭਟਕਣ ਦੇ ਥਾਂ ਸਰਬ ਵਿਆਪਕ ਅਕਾਲ ਪੁਰਖੁ ਨੂੰ ਆਪਣੇ ਸਰੀਰ ਵਿਚ ਹੀ ਲੱਭ ਲੈਂਦਾ ਹੈ। ਇਸ ਲਈ ਉਸ ਸਰਬ ਵਿਆਪਕ ਅਕਾਲ ਪੁਰਖੁ ਨੂੰ ਆਪਣੇ ਸਰੀਰ ਦੇ ਅੰਦਰ ਲੱਭੋ, ਇਹੀ ਅਸਲ ਦੇਵਤੇ ਦੀ ਭਾਲ ਹੈ, ਇਹੀ ਅਸਲ ਮੰਦਰ ਹੈ, ਇਹੀ ਅਸਲ ਪੂਜਾ ਹੈ। ਪਰ ਉਸ ਪਰਮ ਤੱਤ ਅਕਾਲ ਪੁਰਖੁ ਨੂੰ ਨਿਰਾ ਆਪਣੇ ਸਰੀਰ ਵਿਚ ਹੀ ਨਾ ਸਮਝ ਰੱਖਣਾ, ਸਾਰੇ ਬ੍ਰਹਮੰਡ ਵਿਚ ਵੀ ਉਸ ਨੂੰ ਹੀ ਵੱਸਦਾ ਵੇਖੋ। ਪਰੰਤੂ ਇਹ ਸੂਝ ਸਤਿਗੁਰੂ ਪਾਸੋਂ ਮਿਲਦੀ ਹੈ। ਭਗਤ ਜੀ ਇਹੀ ਸਮਝਾਂਉਂਦੇ ਹਨ ਕਿ ਉਹ ਅਕਾਲ ਪੁਰਖੁ ਮਨੁੱਖਾ ਸਰੀਰ ਵਿਚ ਵੱਸਦਾ ਹੈ, ਤੇ ਉਹੀ ਅਕਾਲ ਪੁਰਖੁ ਸਾਰੇ ਬ੍ਰਹਮੰਡ ਵਿਚ ਵੱਸਦਾ ਹੈ। ਉਹ ਅਕਾਲ ਪੁਰਖੁ ਪਰਮ ਤਤੁ ਹੈ, ਭਾਵ ਸਾਰੀ ਰਚਨਾ ਦਾ ਮੂਲ ਕਾਰਨ ਹੈ, ਅਕਾਲ ਪੁਰਖੁ ਬ੍ਰਹਮੰਡ ਵਿਚ ਨਿਰਾ ਵੱਸਦਾ ਹੀ ਨਹੀਂ ਹੈ, ਉਹ ਬ੍ਰਹਮੰਡ ਨੂੰ ਬਨਾਣ ਵਾਲਾ ਵੀ ਹੈ।

*ਪੀਪਾ ॥ ਕਾਯਉ ਦੇਵਾ ਕਾਇਅਉ ਦੇਵਲ ਕਾਇਅਉ ਜੰਗਮ ਜਾਤੀ ॥ ਕਾਇਅਉ ਧੂਪ ਦੀਪ ਨਈਬੇਦਾ ਕਾਇਅਉ ਪੂਜਉ ਪਾਤੀ ॥੧॥ ਕਾਇਆ ਬਹੁ ਖੰਡ ਖੋਜਤੇ ਨਵ ਨਿਧਿ ਪਾਈ ॥ ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ ॥੧॥ ਰਹਾਉ ॥ ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥ ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥੨॥੩॥ (੬੯੫)*

ਜਿਵੇਂ ਕਿਸੇ ਬਾਜ਼ੀਗਰ ਨੇ ਕਦੇ ਬਾਜੀ ਪਾ ਕੇ ਵਿਖਾਈ ਹੋਵੇ, ਉਹ ਕਈ ਕਿਸਮਾਂ ਦੇ ਰੂਪ ਤੇ ਭੇਖ ਵਿਖਾਂਦਾ ਹੈ, ਇਸੇ ਤਰ੍ਹਾਂ ਅਕਾਲ ਪੁਰਖੁ ਨੇ ਇਹ ਜਗਤ ਤਮਾਸ਼ਾ ਰਚਿਆ ਹੋਇਆ ਹੈ, ਇਸ ਵਿਚ ਅਨੇਕਾਂ ਰੂਪ ਤੇ ਭੇਖ ਵਿਖਾ ਰਿਹਾ ਹੈ। ਜਦੋਂ ਅਕਾਲ ਪੁਰਖੁ ਆਪਣੀ ਇਹ ਜਗਤ ਰੂਪੀ ਨਕਲੀ ਸ਼ਕਲ ਉਤਾਰ ਕੇ ਖੇਡ ਦਾ ਖਿਲਾਰਾ ਰੋਕ ਦਿੰਦਾ ਹੈ, ਤਾਂ ਫਿਰ ਉਹ ਇਕ ਆਪ ਹੀ ਆਪ ਰਹਿ ਜਾਂਦਾ ਹੈ। ਅਕਾਲ ਪੁਰਖੁ ਦੇ ਸਰਗੁਣ ਰੂਪ ਵਿਚ ਅਨੇਕਾਂ ਹੀ ਰੂਪ ਦਿੱਸਦੇ ਰਹਿੰਦੇ ਹਨ, ਅਨੇਕਾਂ ਹੀ ਰੂਪ ਨਾਸ ਹੁੰਦੇ ਰਹਿੰਦੇ ਹਨ। ਇਹ ਕੋਈ ਨਹੀਂ ਦੱਸ ਸਕਦਾ, ਕਿ ਜੀਵ ਕਿੱਥੋਂ ਆਇਆ ਸੀ, ਤੇ, ਕਿੱਥੇ ਚਲਾ ਜਾਂਦਾ ਹੈ। ਪਾਣੀ ਤੋਂ ਅਨੇਕਾਂ ਲਹਿਰਾਂ ਉਠਦੀਆਂ ਹਨ ਤੇ ਮੁੜ ਪਾਣੀ ਵਿਚ ਰਲ ਜਾਂਦੀਆਂ ਹਨ। ਸੋਨੇ ਤੋਂ ਕਈ ਕਿਸਮਾਂ ਦੇ ਗਹਿਣੇ ਘੜੇ ਜਾਂਦੇ ਹਨ, ਪਰ ਉਹ ਅਸਲ ਵਿਚ ਸੋਨਾ ਹੀ ਹੁੰਦੇ ਹਨ। ਕਿਸੇ ਰੁੱਖ ਦਾ ਬੀ ਬੀਜ ਕੇ ਜੜ੍ਹਾਂ, ਤਣਾਂ, ਟਾਹਣੀਆਂ, ਪੱਤੇ, ਫੁੱਲ, ਫਲ, ਆਦਿਕ ਉਸ ਦੇ ਕਈ ਕਿਸਮਾਂ ਦੇ ਸਰੂਪ ਵੇਖਣ ਵਿਚ ਆ ਜਾਂਦੇ ਹਨ। ਰੁੱਖ ਦੇ ਫਲ ਪੱਕਣ ਤੇ ਉਹੀ ਪਹਿਲੀ ਕਿਸਮ ਦੇ ਬੀਜ ਬਣ ਜਾਂਦੇ ਹਨ, ਤਿਵੇਂ ਇਸ ਬਹੁ ਰੰਗੀ ਸੰਸਾਰ ਦਾ ਅਸਲਾ ਇਕ ਅਕਾਲ ਪੁਰਖੁ ਹੀ ਹੈ। ਜਦੋਂ ਬੱਦਲ ਆਉਂਦੇ ਹਨ ਤਾਂ ਇਹ ਆਕਾਸ਼ ਪਾਣੀ ਨਾਲ ਭਰੇ ਹੋਏ ਹਜ਼ਾਰਾਂ ਘੜਿਆਂ (ਬੱਦਲਾਂ) ਵਿਚ ਵੱਖ ਵੱਖ ਦਿੱਸਦਾ ਹੈ। ਜਦੋਂ ਘੜੇ ਟੁੱਟ ਜਾਂਦੇ ਹਨ, ਮੀਂਹ ਪੈ ਹਟਦਾ ਹੈ, ਤਾਂ ਇਹ ਬੱਦਲ ਸਾਫ ਹੋ ਜਾਂਦੇ ਹਨ, ਤੇ ਸਿਰਫ ਇਕੱਲਾ ਆਕਾਸ਼ ਦਿੱਸਦਾ ਰਹਿ ਜਾਂਦਾ ਹੈ। ਅਕਾਲ ਪੁਰਖੁ ਦੀ ਪੈਦਾ ਕੀਤੀ ਜੀਵਾਤਮਾ ਵਿਚ ਮਾਇਆ ਦੇ ਕਾਰਨ ਕਈ ਭਰਮ, ਲੋਭ, ਮੋਹ ਆਦਿਕ ਦੇ ਵਿਕਾਰ ਉੱਠਦੇ ਰਹਿੰਦੇ ਹਨ। ਜਦੋਂ ਇਹ ਸਾਰੇ ਭਰਮ ਮਿਟ ਜਾਂਦੇ ਹਨ, ਤਾਂ ਉਹੀ ਜੀਵਾਤਮਾ ਇਕ ਅਕਾਲ ਪੁਰਖੁ ਦਾ ਹੀ ਰੂਪ ਹੋ ਜਾਂਦੀ ਹੈ। ਅਕਾਲ ਪੁਰਖੁ ਆਪਣੇ ਨਿਰਗੁਣ ਸਰੂਪ ਵਿਚ ਕਿਸੇ ਨੂੰ ਦਿਖਾਈ ਨਹੀਂ ਦਿੰਦਾਂ ਹੈ, ਉਹ ਨਾਸ ਰਹਿਤ ਹੈ, ਤੇ ਉਸ ਦਾ ਕਦੇ ਅੰਤ ਨਹੀਂ ਹੁੰਦਾ ਹੈ। ਉਹ ਅਕਾਲ ਪੁਰਖੁ ਜੀਵਾਤਮਾ ਰੂਪ ਹੋ ਕੇ ਵੀ ਨਾ ਆਪ ਜੰਮਦਾ ਹੈ, ਨਾ ਆਪ ਮਰਦਾ ਹੈ। ਪੂਰੇ ਗੁਰੂ ਦੀ ਕਿਰਪਾ ਨਾਲ ਹਉਮੈ ਦੀ ਮੈਲ ਅੰਦਰੋਂ ਧੋਤੀ ਜਾ ਸਕਦੀ ਹੈ, ਫਿਰ ਮਨੁੱਖ ਦੀ ਉੱਚੀ ਆਤਮਕ ਅਵਸਥਾ ਬਣ ਜਾਂਦੀ ਹੈ, ਤੇ, ਉਸ ਨੂੰ ਇਹ ਜਗਤ, ਉਸ ਅਕਾਲ ਪੁਰਖੁ ਦਾ ਆਪਣਾ ਹੀ ਰੂਪ ਦਿੱਸਣ ਲਗ ਪੈਂਦਾ ਹੈ।

*ਰਾਗੁ ਸੂਹੀ ਮਹਲਾ ੫ ਘਰੁ ੧ ॥ ੧ੴ ਸਤਿਗੁਰ ਪ੍ਰਸਾਦਿ ॥ ਬਾਜੀਗਰਿ ਜੈਸੇ ਬਾਜੀ ਪਾਈ ॥ ਨਾਨਾ ਰੂਪ ਭੇਖ ਦਿਖਲਾਈ ॥ ਸਾਂਗੁ ਉਤਾਰਿ ਥੰਮਿ੍ਓ ਪਾਸਾਰਾ ॥ ਤਬ ਏਕੋ ਏਕੰਕਾਰਾ ॥੧॥ ਕਵਨ ਰੂਪ ਦ੍ਰਿਸਟਿਓ ਬਿਨਸਾਇਓ ॥ ਕਤਹਿ ਗਇਓ ਉਹੁ ਕਤ ਤੇ ਆਇਓ ॥੧॥ ਰਹਾਉ ॥ ਜਲ ਤੇ ਊਠਹਿ ਅਨਿਕ ਤਰੰਗਾ ॥ ਕਨਿਕ ਭੂਖਨ ਕੀਨੇ ਬਹੁ ਰੰਗਾ ॥ ਬੀਜੁ ਬੀਜਿ ਦੇਖਿਓ ਬਹੁ*

*ਪਰਕਾਰਾ ॥ ਫਲ ਪਾਕੇ ਤੇ ਏਕੰਕਾਰਾ ॥੨॥ ਸਹਸ ਘਟਾ ਮਹਿ ਏਕੁ ਆਕਾਸੁ ॥ ਘਟ ਫੂਟੇ ਤੇ ਓਹੀ ਪ੍ਰਗਾਸੁ ॥ ਭਰਮ ਲੋਭ ਮੋਹ ਮਾਇਆ ਵਿਕਾਰ ॥ ਭ੍ਰਮ ਛੂਟੇ ਤੇ ਏਕੰਕਾਰ ॥੩॥ ਓਹੁ ਅਬਿਨਾਸੀ ਬਿਨਸਤ ਨਾਹੀ ॥ ਨਾ ਕੋ ਆਵੈ ਨਾ ਕੋ ਜਾਹੀ ॥ ਗੁਰਿ ਪੂਰੈ ਹਉਮੈ ਮਲੁ ਧੋਈ ॥ ਕਹੁ ਨਾਨਕ ਮੇਰੀ ਪਰਮ ਗਤਿ ਹੋਈ ॥੪॥੧॥ (੭੩੬)*

ਅਕਾਲ ਪੁਰਖੁ ਦੀ ਦਰਗਾਹ ਅਜੇਹੀ ਹੈ, ਤੇ ਸਦਾ ਕਾਇਮ ਰਹਿਣ ਵਾਲਾ ਅਕਾਲ ਪੁਰਖੁ ਆਪ ਵੀ ਅਜੇਹਾ ਹੈ ਕਿ ਉਸ ਦੀ ਹਜ਼ੂਰੀ ਵਿਚ ਪਹੁੰਚ ਕੇ ਕੋਈ ਸਵਾਲੀ ਖ਼ਾਲੀ ਨਹੀਂ ਮੁੜਦਾ। ਜਿਸ ਮਨੁੱਖ ਉਤੇ ਅਕਾਲ ਪੁਰਖੁ ਦੀ ਮੇਹਰ ਹੋਵੇ, ਜਿਸ ਉਤੇ ਉਸ ਦੀ ਬਖ਼ਸ਼ਸ਼ ਹੋਵੇ, ਉਸ ਨੂੰ ਨਾਮੁ ਦਾ ਖ਼ਜ਼ਾਨਾ ਮਿਲਦਾ ਹੈ। ਗੁਰੂ ਸਾਹਿਬ ਸਮਝਾਂਉਂਦੇ ਹਨ ਕਿ ਅਕਾਲ ਪੁਰਖੁ ਅੱਗੇ ਇਕ ਮੰਗਤੇ ਦੀ ਤਰ੍ਹਾਂ ਬੇਨਤੀ ਕਰਨੀ ਹੈ, ਕਿ ਮੈਨੂੰ ਆਪਣੇ ਨਾਮੁ ਦੀ ਦਾਤ ਦਿਉ ਤਾਂ ਕਿ ਮੇਰੇ ਹਿਰਦੇ ਵਿਚ ਸਦਾ ਕਾਇਮ ਰਹਿਣ ਵਾਲੇ ਅਕਾਲ ਪੁਰਖੁ ਦੇ ਚਰਨਾਂ ਲਈ ਪਿਆਰ ਪੈਦਾ ਹੋਵੇ। ਸਿਰਫ਼ ਉਸ ਹਿਰਦੇ ਵਿਚ ਅਕਾਲ ਪੁਰਖੁ ਦੇ ਚਰਨਾਂ ਲਈ ਪ੍ਰੇਮ ਪੈਦਾ ਹੁੰਦਾ ਹੈ, ਜਿਸ ਵਿਚ ਉਹ ਆਪ ਇਸ ਪ੍ਰੇਮ ਦੀ ਕਦਰ ਪਾ ਦਿੰਦਾ ਹੈ। ਜਿਸ ਅਕਾਲ ਪੁਰਖੁ ਨੇ ਇਹ ਜਗਤ ਰਚਨਾ ਬਣਾਈ, ਜੀਵਾਂ ਦੇ ਹਿਰਦੇ ਵਿਚ ਪ੍ਰੇਮ ਦੀ ਖੇਡ ਵੀ, ਉਹ ਆਪ ਹੀ ਖੇਡਦਾ ਹੈ। ਜੀਵਾਂ ਦੇ ਹਿਰਦੇ ਵਿਚ ਆਪਣੇ ਨਾਮੁ ਦੀ ਕਦਰ ਵੀ ਉਹ ਆਪ ਹੀ ਟਿਕਾਂਦਾ ਹੈ। ਅਕਾਲ ਪੁਰਖੁ ਗੁਰੂ ਰਾਹੀਂ ਜੀਵ ਦੇ ਹਿਰਦੇ ਵਿਚ ਪਰਗਟ ਹੁੰਦਾ ਹੈ, ਤੇ ਜਿਸ ਦੇ ਅੰਦਰ ਪਰਗਟ ਹੁੰਦਾ ਹੈ, ਉਸ ਨੂੰ ਇਹ ਸਮਝ ਆ ਜਾਂਦੀ ਹੈ ਕਿ ਅਕਾਲ ਪੁਰਖੁ ਆਪ ਹੀ ਜੀਵ ਰੂਪ ਹੋ ਕੇ ਜਗਤ ਵਿਚ ਆਉਂਦਾ ਹੈ ਤੇ ਫਿਰ ਚਲਾ ਜਾਂਦਾ ਹੈ, ਉਸ ਤੋਂ ਬਿਨਾ ਨਾ ਕੋਈ ਆਉਂਦਾ ਹੈ ਤੇ ਨਾ ਕੋਈ ਜਾਂਦਾ ਹੈ।

*ਜਿਨਿ ਕਿਛੁ ਕੀਆ ਸੋ ਕਿਛੁ ਕਰੈ ॥ ਅਪਨੀ ਕੀਮਤਿ ਆਪੇ ਧਰੈ ॥ ਗੁਰਮੁਖਿ ਪਰਗਟੁ ਹੋਆ ਹਰਿ ਰਾਏ ॥ ਨਾ ਕੋ ਆਵੈ ਨਾ ਕੋ ਜਾਇ ॥੩॥ (੮੭੮)*

ਗੁਰੂ ਦੇ ਸ਼ਬਦ ਨੂੰ ਸੁਰਤਿ ਵਿਚ ਟਿਕਾਣ ਦੀ ਸੂਝ, ਜਿਸ ਮਨੁੱਖ ਦੇ ਹਿਰਦੇ ਵਿਚ ਆ ਜਾਂਦੀ ਹੈ। ਉਹ ਮਨੁੱਖ ਬੜੇ ਸੁਆਦ ਨਾਲ ਆਤਮਕ ਜੀਵਨ ਦੇਣ ਵਾਲਾ ਨਾਮੁ ਰਸ ਪੀਂਦਾ ਹੈ। ਗੁਰੂ ਨੇ ਜਿਸ ਮਨੁੱਖ ਦੀ ਭਟਕਣਾ ਦੂਰ ਕਰ ਦਿੱਤੀ, ਉਹ ਆਤਮਕ ਮੌਤ ਨਹੀਂ ਸਹੇੜਦਾ, ਉਹ ਸਦਾ ਹੀ ਆਤਮਕ ਜੀਵਨ ਜੀਊਂਦਾ ਹੈ। ਉਹ ਅਟੱਲ ਆਤਮਕ ਜੀਵਨ ਵਾਲਾ ਹੋ ਜਾਂਦਾ ਹੈ, ਉਸ ਨੂੰ ਮੌਤ ਦਾ ਡਰ ਨਹੀਂ ਲਗਦਾ। ਅਜਿਹਾ ਮਨੁੱਖ ਜਨਮ ਮਰਨ ਦੇ ਗੇੜ ਤੋਂ ਬਚ ਜਾਂਦਾ ਹੈ। ਜਿਹੜਾ ਮਨੁੱਖ ਪੂਰੇ ਗੁਰੂ ਦੀ, ਪੂਰੀ ਬਾਣੀ ਰਾਹੀਂ ਪੂਰਨ ਅਕਾਲ ਪੁਰਖੁ ਦੀ ਯਾਦ ਵਿਚ ਜੁੜਦਾ ਹੈ, ਉਹ ਉਸ ਵਿਚ ਸਮਾਇਆ ਰਹਿੰਦਾ ਹੈ ਤੇ ਆਪਣਾ ਮਨੁੱਖਾ ਜੀਵਨ ਸਫਲ ਕਰ ਲੈਂਦਾ ਹੈ।

*ਮਰੈ ਨਾਹੀ ਸਦ ਸਦ ਹੀ ਜੀਵੈ ॥ ਅਮਰੁ ਭਇਆ ਅਬਿਨਾਸੀ ਥੀਵੈ ॥ ਨਾ ਕੋ ਆਵੈ ਨਾ ਕੋ ਜਾਵੈ ਗੁਰਿ ਦੂਰਿ ਕੀਆ ਭਰਮੀਜਾ ਹੇ ॥੧੪॥ ॥੧੨॥੧॥੩॥ (੧੦੨੪)*

ਜੇ ਕਰ ਉਪਰ ਲਿਖੀਆਂ, ਗੁਰਬਾਣੀ ਦੀਆਂ ਸਿਖਿਆਵਾਂ, ਨੂੰ ਇਕੱਠਾ ਕਰੀਏ ਤਾਂ ਅਸੀਂ ਨਿਸਚੇ ਨਾਲ ਸਮਝ ਸਕਦੇ ਹਾਂ, ਕਿ ਧਰਤੀ ਉਪਰ ਅਨੇਕਾ ਜੀਵ ਪੈਦਾ ਹੁੰਦੇ ਹਨ ਤੇ ਧਰਤੀ ਵਿਚ ਹੀ ਸਮਾ ਜਾਂਦੇ ਹਨ। ਪਰ ਅਸਲੀਅਤ ਇਹ ਹੈ ਕਿ ਨਾ ਕੁਝ ਜੰਮਦਾ ਹੈ ਤੇ ਨਾ ਕੁਝ ਮਰਦਾ ਹੈ। ਇਹ ਜਨਮ ਮਰਣ ਦਾ ਚਕਰ ਤਾਂ ਅਕਾਲ ਪੁਰਖੁ ਆਪ ਹੀ ਕਰ ਰਿਹਾ ਹੈ।

- ਮਨੁੱਖਾ ਸਰੀਰ ਜੋ ਕਿ ਪਾਣੀ, ਹਵਾ, ਤੇ ਧਰਤੀ ਦੀ ਮਿੱਟੀ ਵਿਚ ਪੈਦਾ ਹੋਇਆ, ਤੇ ਪਦਾਰਥਾਂ ਨਾਲ ਵਧਿਆ ਫੁਲਿਆ ਸੀ, ਇਕ ਦਿਨ ਇਸ ਧਰਤੀ ਦੀ ਮਿੱਟੀ ਵਿਚ ਮਿਲ ਜਾਂਦਾ ਹੈ। ਜੀਵਾਤਮਾ ਅਕਾਲ ਪੁਰਖੁ ਦੀ ਸਰਬ ਵਿਆਪਕ ਜੋਤਿ ਨਾਲ ਜਾ ਰਲਦਾ ਹੈ।
- ਜੀਵਾਤਮਾ ਅਤੇ ਸਰੀਰ ਦਾ ਮਿਲਾਪ ਤਾਂ ਇਕ ਸੁਪਨੇ ਵਾਂਗ ਹੈ, ਇਹ ਅਖ਼ੀਰ ਵਿਚ ਸੁਪਨੇ ਦੀ ਤਰ੍ਹਾਂ ਬੀਤ ਜਾਂਦਾ ਹੈ। ਉਸ ਅਕਾਲ ਪੁਰਖੁ ਦੇ ਕਦੇ ਖ਼ਤਮ ਨਾ ਹੋਣ ਵਾਲੇ ਹੁਕਮੁ ਵਿਚ ਹੀ ਜੀਵ ਇਥੇ ਆਉਂਦੇ ਰਹਿੰਦੇ ਹਨ ਤੇ ਇਥੋਂ ਚਲੇ ਜਾਂਦੇ ਹਨ।
- ਬੀਤ ਗਿਆ ਸਮਾਂ ਕਦੇ ਵਾਪਿਸ ਨਹੀਂ ਆਉਂਦਾ ਹੈ, ਤੇ ਕੋਈ ਵਿਰਲਾ ਮਨੁੱਖ ਹੀ ਹੁੰਦਾ ਹੈ ਜੋ ਆਪਣਾ ਜੀਵਨ ਵਿਅਰਥ ਗਵਾਉਣ ਦੀ ਬਜਾਏ, ਆਪਣਾ ਸਮਾਂ ਸਫਲ ਕਰਦਾ ਹੈ, ਅਜੇਹਾ ਮਨੁੱਖ ਆਪਣੇ ਜੀਵਨ ਦੀ ਬਾਜ਼ੀ ਜਿੱਤ ਕੇ ਜਾਂਦਾ ਹੈ।
- ਇਹ ਸੰਸਾਰ ਤਾਂ, ਮਾਨੋ ਧੂਏਂ ਦਾ ਪਹਾੜ ਹੈ, ਜਦੋਂ ਹਵਾ ਦਾ ਇੱਕ ਬੁੱਲਾ ਆਉਂਦਾ ਹੈ ਤਾਂ ਸਭ ਕੁਝ ਉਡਾ ਕੇ ਲੈ ਜਾਂਦਾ ਹੈ। ਹੁਣ ਅਸੀਂ ਜਿਊਂਦੇ ਹਾਂ, ਅਗਲੇ ਪਲ ਵਿਚ ਕੀ ਹੋਣਾਂ ਹੈ, ਅਸੀਂ ਕੁਝ ਨਹੀਂ ਕਹਿ ਸਕਦੇ। ਮਰਨ ਤੋਂ ਬਾਅਦ ਕੋਈ ਰਿਸ਼ਤੇਦਾਰ ਜਾ ਸਬੰਧੀ ਨਹੀਂ ਰਹਿੰਦਾ ਹੈ।
- ਗੁਰੂ ਸਾਹਿਬ ਸਮਝਾਂਉਂਦੇ ਹਨ ਕਿ ਜਿਵੇਂ ਰਾਤ ਦਾ ਸੁਪਨਾ ਹੁੰਦਾ ਹੈ, ਉਹ ਸਵੇਰੇ ਉਠਣ ਵੇਲੇ ਅਲੋਪ ਹੋ ਜਾਂਦਾ ਹੈ, ਠੀਕ ਉਸੇ ਤਰ੍ਹਾਂ ਇਹ ਸਾਰਾ ਜਗਤ ਹੈ, ਜਿਸ ਨੇ ਕਿ ਇਕ ਦਿਨ ਨਾਸ ਹੋ ਜਾਣਾ ਹੈ।

- ਜਿਵੇਂ ਪਾਣੀ ਤੋਂ ਬੁਲਬੁਲਾ ਸਦਾ ਪੈਦਾ ਹੁੰਦਾ ਅਤੇ ਨਾਸ ਹੁੰਦਾ ਰਹਿੰਦਾ ਹੈ, ਤਿਵੇਂ ਹੀ ਅਕਾਲ ਪੁਰਖੁ ਨੇ ਜਗਤ ਦੀ ਇਹ ਖੇਡ ਬਣਾਈ ਹੋਈ ਹੈ।
- ਅਕਾਲ ਪੁਰਖੁ ਦੀ ਮਿਹਰ ਨਾਲ ਜਦੋਂ ਸਤਿਗੁਰੂ ਦਿਆਲ ਹੋ ਜਾਂਦਾ ਹੈ, ਤਾਂ ਮਨੁੱਖ ਸਬਦ ਗੁਰੂ ਦੁਆਰਾ ਆਤਮਕ ਅਡੋਲਤਾ ਵਿਚ ਲੀਨ ਰਹਿੰਦਾ ਹੈ, ਤੇ ਫਿਰ ਗੁਰੂ ਹਰ ਥਾਂ ਵਿਆਪਕ ਅਕਾਲ ਪੁਰਖੁ ਦਾ ਅਸਚਰਜ ਰੂਪ ਵਿਖਾ ਦਿੰਦਾ ਹੈ।
- ਪੀਪਾ ਜੀ ਬੇਨਤੀ ਕਰਦੇ ਹਨ, ਜੋ ਸ੍ਰਿਸ਼ਟੀ ਦਾ ਰਚਣਹਾਰ ਅਕਾਲ ਪੁਰਖੁ ਸਾਰੇ ਬ੍ਰਹਮੰਡ ਵਿਚ ਵਿਆਪਕ ਹੈ, ਉਹੀ ਮਨੁੱਖਾ ਸਰੀਰ ਵਿਚ ਹੈ। ਜੋ ਮਨੁੱਖ ਸਤਿਗੁਰ ਦੁਆਰਾ ਆਪਣੇ ਅੰਦਰ ਖੋਜਦਾ ਹੈ, ਉਹ ਅਕਾਲ ਪੁਰਖੁ ਨੂੰ ਆਪਣੇ ਅੰਦਰੋਂ ਲੱਭ ਲੈਂਦਾ ਹੈ।
- ਜਿਵੇਂ ਕਿਸੇ ਬਾਜ਼ੀਗਰ ਨੇ ਕਦੇ ਬਾਜ਼ੀ ਪਾ ਕੇ ਵਿਖਾਈ ਹੋਵੇ, ਉਹ ਕਈ ਕਿਸਮਾਂ ਦੇ ਰੂਪ ਤੇ ਭੇਖ ਵਿਖਾਂਦਾ ਹੈ, ਇਸੇ ਤਰ੍ਹਾਂ ਅਕਾਲ ਪੁਰਖੁ ਨੇ ਇਹ ਜਗਤ ਤਮਾਸ਼ਾ ਰਚਿਆ ਹੋਇਆ ਹੈ।
- ਅਕਾਲ ਪੁਰਖੁ ਗੁਰੂ ਰਾਹੀਂ ਜੀਵ ਦੇ ਹਿਰਦੇ ਵਿਚ ਪਰਗਟ ਹੁੰਦਾ ਹੈ, ਤੇ ਜਿਸ ਦੇ ਅੰਦਰ ਪਰਗਟ ਹੁੰਦਾ ਹੈ, ਉਸ ਨੂੰ ਇਹ ਸਮਝ ਆ ਜਾਂਦੀ ਹੈ ਕਿ ਅਕਾਲ ਪੁਰਖੁ ਆਪ ਹੀ ਜੀਵ ਰੂਪ ਹੋ ਕੇ ਜਗਤ ਵਿਚ ਆਉਂਦਾ ਹੈ ਤੇ ਫਿਰ ਚਲਾ ਜਾਂਦਾ ਹੈ।
- ਜਿਹੜਾ ਮਨੁੱਖ ਪੂਰੇ ਗੁਰੂ ਦੀ, ਪੂਰੀ ਬਾਣੀ ਰਾਹੀਂ ਪੂਰਨ ਅਕਾਲ ਪੁਰਖੁ ਦੀ ਯਾਦ ਵਿਚ ਜੁੜਦਾ ਹੈ, ਉਹ ਉਸ ਵਿਚ ਸਮਾਇਆ ਰਹਿੰਦਾ ਹੈ ਤੇ ਆਪਣਾ ਮਨੁੱਖਾ ਜੀਵਨ ਸਫਲ ਕਰ ਲੈਂਦਾ ਹੈ।

**"ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ"**

ਤਤਕਰਾ

# ਜੀਵਾਂ ਦੀ ਉਤਪਤੀ ਕਿਸ ਤਰ੍ਹਾਂ ਹੁੰਦੀ ਹੈ ਤੇ ਪਦਾਰਥ ਕਿਵੇ ਬਣਦੇ ਹਨ (ਭਾਗ-੧੨)

## How are the living beings and inanimate matter formed (Part-12)

ਅੱਜ ਦੇ ਯੁਗ ਵਿਚ ਸਾਇੰਸ ਨੇ ਬਹੁਤ ਤਰੱਕੀ ਕੀਤੀ ਹੈ, ੧੧੮ ਦੇ ਕਰੀਬ ਤੱਤਾਂ (Elements) ਦੀ ਖੋਜ ਕੀਤੀ ਹੈ, ਤੇ ਇਨ੍ਹਾਂ ਦੇ ਮੇਲ ਨਾਲ ਬਣੇ ਹੋਏ ਅਨੇਕਾਂ ਜੋੜ (Compound) ਬਣਾਏ ਹਨ। ਸਾਇੰਸ ਜੀਵਾਂ ਅਤੇ ਪਦਾਰਥਾਂ ਦੀ ਜਾਣਕਾਰੀ ਤਾਂ ਦੱਸਦੀ ਹੈ। ਪਰੰਤੂ ਇਹ ਨਹੀਂ ਦੱਸ ਸਕਦੀ ਕਿ ਪਦਾਰਥ ਕਿਸ ਤਰ੍ਹਾਂ ਪੈਦਾ ਹੋਇਆ, ਜੀਵ ਕਿਸ ਤਰ੍ਹਾਂ ਬਣੇ, ਚੇਤਨਾਂ ਕਿਸ ਤਰ੍ਹਾਂ ਪੈਦਾ ਹੋਈ, ਜੀਵਾਂ ਦੀ ਉਤਪਤੀ ਕਿਸ ਤਰ੍ਹਾਂ ਹੁੰਦੀ ਹੈ? ਜੀਵ ਤੇ ਪੌਦੇ ਕਿਸ ਤਰ੍ਹਾਂ ਵੱਡੇ ਹੁੰਦੇ ਹਨ ਤੇ ਇਕ ਦਿਨ ਖਤਮ ਕਿਸ ਤਰ੍ਹਾਂ ਹੋ ਜਾਂਦੇ ਹਨ? ਪੰਛੀ ਕਿਸ ਤਰ੍ਹਾਂ ਉਡ ਸਕਦੇ ਹਨ? ਇਨ੍ਹਾਂ ਸਭ ਦੀ ਸੰਭਾਲ ਕੌਣ ਤੇ ਕਿਸ ਤਰ੍ਹਾਂ ਕਰਦਾ ਹੈ? ਕਿਸ ਤਰ੍ਹਾਂ ਕੂੰਜਾਂ ਉੱਡ ਕੇ ਕਈ ਮੀਲ ਦੂਰ ਤਕ ਪਹੁੰਚ ਜਾਂਦੀਆਂ ਹਨ, ਤਾਂ ਪਿੱਛੋਂ ਉਨ੍ਹਾਂ ਦੇ ਬੱਚਿਆਂ ਦੀ ਸੰਭਾਲ ਕੌਣ ਕਰਦਾ ਹੈ?

ਗੁਰੂ ਸਾਹਿਬ ਸਮਝਾਂਉਂਦੇ ਹਨ ਕਿ ਹੇ ਮਨ ਤੂੰ ਕਿਉਂ ਸਦਾ ਸੋਚਦਾ ਰਹਿੰਦਾ ਹੈ ਤੇ ਫ਼ਿਕਰ ਕਰਦਾ ਰਹਿੰਦਾ ਹੈਂ? ਜਦ ਕਿ! ਤੇਰੀ ਖਾਤਰ ਅਕਾਲ ਪੁਰਖੁ ਇਸ ਆਹਰ ਵਿਚ ਆਪ ਲੱਗਾ ਹੋਇਆ ਹੈ। ਜਿਹੜੇ ਜੀਵ ਅਕਾਲ ਪੁਰਖੁ ਨੇ ਚਟਾਨਾਂ ਤੇ ਪੱਥਰਾਂ ਵਿਚ ਪੈਦਾ ਕੀਤੇ ਹਨ, ਉਨ੍ਹਾਂ ਦਾ ਰਿਜ਼ਕ ਵੀ ਉਸ ਨੇ ਉਨ੍ਹਾਂ ਨੂੰ ਪੈਦਾ ਕਰਨ ਤੋਂ ਪਹਿਲਾਂ ਹੀ ਬਣਾ ਕੇ ਰਖਿਆ ਹੈ। ਜਿਹੜੇ ਮਨੁੱਖ ਗੁਰੂ ਦੀ ਸੰਗਤਿ ਵਿਚ ਮਿਲ ਬੈਠ ਕੇ ਸੱਚ ਦਾ ਗਿਆਨ ਹਾਸਲ ਕਰਦੇ ਹਨ, ਉਹ ਇਨ੍ਹਾਂ ਵਿਅਰਥ ਸੋਚਾਂ ਤੇ ਫ਼ਿਕਰਾਂ ਤੋਂ ਬਚ ਜਾਂਦੇ ਹਨ। ਗੁਰੂ ਦੀ ਕਿਰਪਾ ਨਾਲ ਜਿਸ ਮਨੁੱਖ ਨੂੰ ਇਹ ਅਡੋਲਤਾ ਵਾਲੀ ਉੱਚੀ ਆਤਮਕ ਅਵਸਥਾ ਮਿਲ ਜਾਂਦੀ ਹੈ, ਉਹ ਮਾਨੋ ਸੁੱਕਾ ਕਾਠ ਹਰਿਆ ਹੋ ਜਾਂਦਾ ਹੈ, ਭਾਵ ਕਿ ਇਕ ਅਗਿਆਨੀ ਵੀ ਗੁਰਬਾਣੀ ਦਾ ਸੱਚਾਂ ਗਿਆਨ ਪ੍ਰਾਪਤ ਕਰਕੇ ਸੂਝਵਾਨ ਤੇ ਗਿਆਨ ਵਾਲਾ ਹੋ ਜਾਂਦਾ ਹੈ। ਮਾਤਾ, ਪਿਤਾ, ਪੁੱਤਰ, ਧੀ, ਪਤਨੀ, ਦੋਸਤ, ਤੇ ਹੋਰ ਸਾਰੇ ਲੋਕ, ਇਨ੍ਹਾਂ ਵਿਚੋਂ ਕੋਈ ਵੀ ਕਿਸੇ ਦਾ ਆਸਰਾ ਨਹੀਂ ਹੈ। ਇਹ ਸਭ ਉਸ ਅਕਾਲ ਪੁਰਖੁ ਤੋਂ ਰਿਜਕ ਲੈ ਰਹੇ ਹਨ। ਇਸ ਲਈ ਹੇ ਮਨ ਤੂੰ ਕਿਉਂ ਡਰਦਾ ਹੈਂ? ਪਾਲਣਹਾਰ ਅਕਾਲ ਪੁਰਖੁ ਹਰੇਕ ਜੀਵ ਨੂੰ ਆਪ ਹੀ ਰਿਜ਼ਕ ਪਹੁੰਚਾਂਦਾ ਹੈ। ਗੁਰੂ ਸਾਹਿਬ ਉਦਾਹਰਣ ਦੇ ਕੇ ਸਮਝਾਂਉਂਦੇ ਹਨ ਕਿ ਹੇ ਮਨ! ਵੇਖ! ਕੂੰਜ ਉੱਡ ਉੱਡ ਕੇ ਸੈਂਕੜੇ ਕੋਹਾਂ ਮੀਲ ਪੈਂਡਾ ਕਰਕੇ ਆ ਜਾਂਦੀ ਹੈ, ਪਿੱਛੇ ਉਸ ਦੇ ਬੱਚੇ ਇਕੱਲੇ ਛੱਡੇ ਹੋਏ ਹੁੰਦੇ ਹਨ। ਉਨ੍ਹਾਂ ਨੂੰ ਕੋਈ ਖੁਆਣ ਵਾਲਾ ਨਹੀਂ, ਕੋਈ ਉਨ੍ਹਾਂ ਨੂੰ ਚੋਗਾ ਨਹੀਂ ਦਿੰਦਾ। ਉਹ ਕੂੰਜ ਆਪਣੇ ਬੱਚਿਆਂ ਦਾ ਧਿਆਨ ਆਪਣੇ ਮਨ ਵਿਚ ਧਰਦੀ ਰਹਿੰਦੀ ਹੈ, ਸਭ ਦੀ ਪਾਲਣਾ ਕਰਨ ਵਾਲੇ ਅਕਾਲ ਪੁਰਖੁ ਤੇ ਭਰੋਸਾ ਰੱਖਦੀ ਹੈ, ਇਸੇ ਭਰੋਸੇ ਨੂੰ ਅਕਾਲ ਪੁਰਖੁ ਉਨ੍ਹਾਂ ਦੇ ਪਾਲਣ ਦਾ ਵਸੀਲਾ ਬਣਾਂਦਾ ਹੈ। ਪੰਛੀਆਂ ਨੂੰ ਤਾਂ ਅਕਾਲ ਪੁਰਖੁ ਤੇ ਭਰੋਸਾ ਹੈ ਕਿ ਰਿਜਕ ਮਿਲ ਜਾਵੇਗਾ, ਪਰੰਤੂ ਮਨੁੱਖ ਨੂੰ ਨਹੀਂ। ਇਸੇ ਲਈ ਜਿਆਦਾ ਤਰ ਲੋਕ ਧਨ ਇਕੱਠਾ ਕਰਨ ਵਿਚ ਆਪਣਾ ਸਾਰਾ ਜੀਵਨ ਵਿਅਰਥ ਗਵਾ ਦਿੰਦੇ ਹਨ।

*ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ ॥ ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ ॥੩॥*

*(੧੦)*

ਅਸਲ ਵਿਚ ਅਕਾਲ ਪੁਰਖੁ ਆਪ ਹੀ ਸਭ ਦਾ ਪਿਤਾ, ਮਾਤਾ, ਭਰਾ ਤੇ ਰਿਸ਼ਤੇਦਾਰ ਹੈ। ਸਭ ਦਾ ਆਧਾਰ ਤੇ ਸਹਾਰਾ ਵੀ ਉਹ ਅਕਾਲ ਪੁਰਖੁ ਆਪ ਹੀ ਹੈ। ਜੇ ਕਰ ਉਸ ਨੂੰ ਆਪਣਾ ਸਭ ਥਾਵਾਂ ਤੇ ਰੱਖਿਆ ਕਰਨ ਵਾਲਾ ਮੰਨ ਲਈਏ, ਤਾਂ ਕੋਈ ਡਰ ਪੋਹ ਨਹੀਂ ਸਕਦਾ, ਕੋਈ ਚਿੰਤਾ ਮਨ ਉੱਤੇ ਜੋਰ ਨਹੀਂ ਪਾ ਸਕਦੀ। ਅਕਾਲ ਪੁਰਖੁ ਦੀ ਮਿਹਰ ਨਾਲ ਹੀ ਉਸ ਨੂੰ ਪਛਾਣਿਆ ਜਾ ਸਕਦਾ ਹੈ ਤੇ ਉਸ ਨਾਲ ਡੂੰਘੀ ਸਾਂਝ ਪਾਈ ਜਾ ਸਕਦੀ ਹੈ। ਅਕਾਲ ਪੁਰਖੁ ਨੂੰ ਹੀ ਆਪਣਾ ਆਸਰਾ ਸਮਝਣਾ ਚਾਹੀਦਾ ਹੈ, ਉਸ ਨੂੰ ਹੀ ਆਪਣਾ ਗੌਰਵ ਤੇ ਮਾਣ ਮੰਨਣਾ ਹੈ, ਕਿਉਕਿ ਉਸ ਵਰਗਾ ਹੋਰ ਕੋਈ ਨਹੀਂ ਹੈ। ਇਹ ਸਾਰੇ ਜਗਤ ਦਾ ਖੇਲ ਤਮਾਸ਼ਾ ਉਸ ਦਾ ਹੀ ਬਣਾਇਆ ਹੋਇਆ ਹੈ। ਜਗਤ ਦੇ ਸਾਰੇ ਜੀਵ ਜੰਤੂ ਅਕਾਲ ਪੁਰਖੁ ਨੇ ਹੀ ਪੈਦਾ ਕੀਤੇ ਹਨ, ਜਿਸ ਤਰ੍ਹਾਂ ਉਸ ਦੀ ਰਜ਼ਾ ਹੈ, ਉਸੇ ਤਰ੍ਹਾਂ ਉਸ ਨੇ ਸਾਰੇ ਜੀਵ ਆਪਣੇ ਆਪਣੇ ਕੰਮਾਂ ਵਿਚ ਲਾਏ ਹੋਏ ਹਨ। ਜਗਤ ਵਿਚ ਜੋ ਕੁਝ ਵੀ ਹੋ ਰਿਹਾ ਹੈ, ਉਹ ਸਭ ਅਕਾਲ ਪੁਰਖੁ ਦਾ ਕੀਤਾ ਹੀ ਹੋ ਰਿਹਾ ਹੈ, ਜੀਵ ਦਾ ਇਸ ਵਿਚ ਆਪਣਾ ਕੋਈ ਜੋਰ ਨਹੀਂ ਚੱਲ ਸਕਦਾ। ਇਸ ਲਈ ਸਰਬ ਵਿਆਪਕ ਅਕਾਲ ਪੁਰਖੁ ਨੂੰ ਆਪਣੇ ਧਿਆਨ ਵਿਚ ਰੱਖਣ ਨਾਲ ਬੜਾ ਆਤਮਕ ਸੁਖ ਤੇ ਆਨੰਦ ਪਾਇਆ ਜਾ ਸਕਦਾ ਹੈ। ਅਕਾਲ ਪੁਰਖੁ ਦੇ ਗੁਣ ਗਾ ਕੇ ਮਨ ਠੰਢਾ ਠਾਰ ਹੋ ਜਾਂਦਾ ਹੈ, ਕਿਉਕਿ ਉਸ ਦੇ ਗੁਣ ਗਾਇਨ ਕਰਨ ਨਾਲ ਮਨੁੱਖ ਅੰਦਰ ਵੀ ਉਸ ਵਰਗੇ ਗੁਣ ਪੈਦਾ ਹੋਣੇ ਸ਼ੁਰੂ ਹੋ ਜਾਂਦੇ ਹਨ। ਪੂਰੇ ਗੁਰੂ ਦੀ ਸਿਖਿਆ ਅਨੁਸਾਰ ਚੱਲਣ ਨਾਲ ਮਨੁੱਖ ਉੱਦਮੀ ਬਣ ਜਾਂਦਾ ਹੈ, ਉਸ ਦੇ ਮਨ ਅੰਦਰ ਆਤਮਕ ਉਤਸ਼ਾਹ ਪੈਦਾ ਹੋ ਜਾਂਦਾ ਹੈ ਤੇ ਮਨੁੱਖ ਵਿਕਾਰਾਂ ਨਾਲ ਹੋ ਰਿਹਾ ਔਖਾ ਘੋਲ ਜਿੱਤ ਜਾਂਦਾ ਹੈ।

*ਮਾਝ ਮਹਲਾ ੫ ॥ ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ ॥ ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ ॥੧॥ ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ ॥ ਤੂੰ ਮੇਰੀ ਓਟ ਤੂੰਹੈ ਮੇਰਾ ਮਾਣਾ ॥ ਤੁਝ ਬਿਨੁ ਦੂਜਾ ਅਵਰੁ ਨ ਕੋਈ ਸਭੁ ਤੇਰਾ ਖੇਲੁ ਅਖਾੜਾ ਜੀਉ ॥੨॥ ਜੀਅ ਜੰਤ ਸਭਿ ਤੁਧੁ ਉਪਾਏ ॥ ਜਿਤੁ ਜਿਤੁ ਭਾਣਾ ਤਿਤੁ ਤਿਤੁ ਲਾਏ ॥ ਸਭ ਕਿਛੁ ਕੀਤਾ ਤੇਰਾ*

*ਹੋਵੈ ਨਾਹੀ ਕਿਛੁ ਅਸਾੜਾ ਜੀਉ ॥੩॥ ਨਾਮੁ ਧਿਆਇ ਮਹਾ ਸੁਖੁ ਪਾਇਆ ॥ ਹਰਿ ਗੁਣ ਗਾਇ ਮੇਰਾ ਮਨੁ ਸੀਤਲਾਇਆ ॥ ਗੁਰਿ ਪੂਰੈ ਵਜੀ ਵਾਧਾਈ ਨਾਨਕ ਜਿਤਾ ਬਿਖਾੜਾ ਜੀਉ ॥੪॥੨੪॥੩੧॥ (੧੦੩)*

ਇਸ ਜਗਤ ਵਿਚ ਜੋ ਕੁਝ ਹੈ ਤੇ ਜੋ ਕੁਝ ਹੋ ਰਿਹਾ ਹੈ, ਉਹ ਸਭ ਅਕਾਲ ਪੁਰਖ ਦੇ ਹੁਕਮੁ ਤੇ ਰਜ਼ਾ ਅਨੁਸਾਰ ਹੋ ਰਿਹਾ ਹੈ। ਸੰਸਾਰ ਦੇ ਸਾਰੇ ਜੀਵ ਜੰਤੂ ਅਕਾਲ ਪੁਰਖ ਦੇ ਆਸਰੇ ਚਲ ਰਹੇ ਹਨ ਤੇ ਆਪਣਾ ਜੀਵਨ ਬਤੀਤ ਕਰ ਰਹੇ ਹਨ। ਜਗਤ ਦੇ ਸਾਰੇ ਭਾਗ ਜਿਨ੍ਹਾਂ ਵਿਚ ਅਨੇਕਾਂ ਚੰਦਰਮੇ, ਧਰਤੀਆਂ, ਸੂਰਜ, ਤਾਰੇ ਤੇ ਗਲੈਕਸੀਆਂ ਸ਼ਾਮਲ ਹਨ, ਉਹ ਸਭ ਅਕਾਲ ਪੁਰਖੁ ਦੇ ਟਿਕਾਏ ਹੋਏ ਹਨ। ਵੇਦ, ਪੁਰਾਣ ਸਿਮ੍ਰਿਤੀਆਂ ਅਕਾਲ ਪੁਰਖੁ ਦੀ ਮਿਹਰ ਤੇ ਆਸਰੇ ਨਾਲ ਹੀ ਬਣੀਆ ਹਨ। ਗਿਆਨ ਦੀਆਂ ਗੱਲਾਂ ਸੁਣਨਾ ਤੇ ਸੁਰਤਿ ਜੋੜਨੀ ਵੀ ਅਕਾਲ ਪੁਰਖ ਦੇ ਆਸਰੇ ਨਾਲ ਹੀ ਹੋ ਸਕਦੀ ਹੈ। ਸਾਰੇ ਅਕਾਸ਼ ਤੇ ਪਤਾਲ ਉਸ ਅਕਾਲ ਪੁਰਖੁ ਆਸਰੇ ਨਾਲ ਟਿਕੇ ਹੋਏ ਹਨ, ਸਾਰੇ ਸਰੀਰ ਵੀ ਅਕਾਲ ਪੁਰਖੁ ਦੇ ਆਧਾਰ ਤੇ ਬਣੇ ਹਨ ਤੇ ਕਾਇਮ ਹਨ। ਤਿੰਨੇ ਭਵਨ ਤੇ ਚੌਦਹ ਲੋਕ ਅਕਾਲ ਪੁਰਖ ਦੇ ਟਿਕਾਏ ਹੋਏ ਹਨ, ਜੀਵ ਅਕਾਲ ਪੁਰਖੁ ਵਿਚ ਜੁੜ ਕੇ ਤੇ ਉਸ ਦਾ ਨਾਮੁ ਕੰਨਾਂ ਨਾਲ ਸੁਣ ਕੇ ਵਿਕਾਰਾਂ ਤੋਂ ਬਚਦੇ ਹਨ। ਜਿਸ ਮਨੁੱਖ ਉੱਪਰ ਅਕਾਲ ਪੁਰਖ ਆਪਣੀ ਮਿਹਰ ਕਰ ਕੇ ਆਪਣੇ ਨਾਮੁ ਨਾਲ ਜੋੜਦਾ ਹੈ, ਉਹ ਮਨੁੱਖ ਮਾਇਆ ਤੋਂ ਨਿਰਲੇਪ ਹੋ ਜਾਂਦਾ ਹੈ, ਉਹ ਮਾਇਆ ਦੇ ਅਸਰ ਕਰਨ ਵਾਲੇ ਤਿੰਨਾਂ ਗੁਣਾਂ ਤੋਂ ਉੱਪਰ ਲੰਘ ਕੇ ਚਉਥੇ ਦਰਜੇ ਵਿਚ ਅੱਪੜ ਕੇ ਉੱਚੀ ਅਵਸਥਾ ਪ੍ਰਾਪਤ ਕਰਦਾ ਹੈ।

*ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥ ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥ ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥ ਨਾਮ ਕੇ ਧਾਰੇ ਆਗਾਸ ਪਾਤਾਲ ॥ ਨਾਮ ਕੇ ਧਾਰੇ ਸਗਲ ਆਕਾਰ ॥ ਨਾਮ ਕੇ ਧਾਰੇ ਪੁਰੀਆ ਸਭ ਭਵਨ ॥ ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥ ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥ ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥੫॥ (੨੮੪)*

ਅਕਾਲ ਪੁਰਖੁ ਦੇ ਨਾਮੁ ਤੋਂ ਸਭ ਕੁਝ ਹੁੰਦਾ ਹੈ, ਪਰੰਤੂ ਗੁਰੂ ਦੀ ਸਰਨ ਵਿਚ ਆਉਂਣ ਤੋਂ ਬਿਨਾ ਨਾਮੁ ਦੀ ਸਮਝ ਨਹੀਂ ਆਉਂਦੀ ਤੇ ਨਾ ਹੀ ਕਦਰ ਕਰਨੀ ਆਉਂਦੀ ਹੈ। ਗੁਰੂ ਦਾ ਸ਼ਬਦ ਵੱਡੇ ਰਸ ਵਾਲਾ ਹੈ, ਮਿੱਠਾ ਹੈ, ਪਰੰਤੂ ਜਿਤਨਾ ਚਿਰ ਇਸ ਨੂੰ ਚੱਖਿਆ ਨਾ ਜਾਏ, ਇਸ ਦੇ ਸੁਆਦ ਦਾ ਪਤਾ ਨਹੀਂ ਲੱਗ ਸਕਦਾ। ਜਿਸ ਤਰ੍ਹਾਂ ਖੰਡ ਜਾਂ ਗੁੜ ਖਾਣ ਨਾਲ ਜੁਬਾਨ ਨੂੰ ਸਵਾਦ ਦਾ ਪਤਾ ਲੱਗਦਾ ਹੈ, ਇਸੇ ਤਰ੍ਹਾਂ ਗੁਰੂ ਦੇ ਸ਼ਬਦ ਦਾ ਰਸ ਉਸ ਨੂੰ ਵਿਚਾਰਨ ਤੇ ਜੀਵਨ ਵਿਚ ਅਪਨਾਉਂਣ ਨਾਲ ਹੀ ਮਨ ਨੂੰ ਪਤਾ ਲਗਦਾ ਹੈ ਤੇ ਫਿਰ ਗੁਰੂ ਦਾ ਸ਼ਬਦ ਮਨ ਅਤੇ ਆਤਮਾ ਨੂੰ ਮਿੱਠਾ ਲਗਦਾ ਹੈ। ਜਿਹੜਾ ਮਨੁੱਖ ਗੁਰੂ ਦੇ ਸ਼ਬਦ ਦੁਆਰਾ ਆਪਣੇ ਆਤਮਕ ਜੀਵਨ ਨੂੰ ਨਹੀਂ ਪਛਾਣਦਾ, ਉਹ ਆਪਣਾ ਮਨੁੱਖਾ ਜਨਮ ਕੌਡੀ ਦੇ ਬਦਲੇ ਵਿਅਰਥ ਹੀ ਗਵਾ ਲੈਂਦਾ ਹੈ। ਜਦੋਂ ਮਨੁੱਖ ਗੁਰੂ ਦੇ ਦੱਸੇ ਰਾਹ ਉਤੇ ਚਲਦਾ ਹੈ, ਤਾਂ ਉਹ ਇਕ ਅਕਾਲ ਪੁਰਖੁ ਨਾਲ ਡੂੰਘੀ ਸਾਂਝ ਪਾ ਲੈਂਦਾ ਹੈ, ਤੇ, ਫਿਰ ਉਹ ਆਪਣੇ ਹਉਮੈਂ ਤੇ ਕਾਬੂ ਪਾ ਲੈਂਦਾ ਹੈ ਤੇ ਫਿਰ ਹਉਮੈ ਦਾ ਦੁਖ ਉਸ ਨੂੰ ਨਹੀਂ ਸਤਾ ਸਕਦਾ। ਗੁਰੂ ਸਾਹਿਬ ਸਮਝਾਂਉਂਦੇ ਹਨ, ਕਿ ਮੈਂ ਆਪਣੇ ਗੁਰੂ ਤੋਂ ਸਦਕੇ ਜਾਂਦਾ ਹਾਂ, ਜਿਹੜਾ ਆਪਣੀ ਸ਼ਰਨ ਵਿਚ ਆਏ ਮਨੁੱਖ ਦੀ ਸਦਾ ਥਿਰ ਰਹਿਣ ਵਾਲੇ ਅਕਾਲ ਪੁਰਖੁ ਨਾਲ ਪ੍ਰੀਤਿ ਜੋੜ ਦਿੰਦਾ ਹੈ। ਗੁਰੂ ਦੇ ਸ਼ਬਦ ਨਾਲ ਸਾਂਝ ਪਾ ਕੇ ਮਨੁੱਖ ਦਾ ਆਤਮਕ ਜੀਵਨ ਚਮਕ ਜਾਂਦਾ ਹੈ, ਮਨੁੱਖ ਆਤਮਕ ਅਡੋਲਤਾ ਵਿਚ ਲੀਨ ਰਹਿੰਦਾ ਹੈ। ਗੁਰੂ ਦੀ ਸਰਨ ਪੈਣ ਵਾਲਾ ਮਨੁੱਖ ਗੁਰੂ ਦੇ ਸ਼ਬਦ ਨੂੰ ਗਾਇਨ ਕਰਦਾ ਰਹਿੰਦਾ ਹੈ, ਗੁਰੂ ਦੇ ਸ਼ਬਦ ਨੂੰ ਸਮਝਦਾ ਰਹਿੰਦਾ ਹੈ, ਤੇ ਹਮੇਸ਼ਾਂ ਵਿਚਾਰਦਾ ਰਹਿੰਦਾ ਹੈ ਤੇ ਉਸ ਅਨੁਸਾਰ ਜੀਵਨ ਬਤੀਤ ਕਰਦਾ ਰਹਿੰਦਾ ਹੈ। ਉਸ ਮਨੁੱਖ ਦੀ ਜਿੰਦ, ਉਸ ਦਾ ਸਰੀਰ, ਗੁਰੂ ਦੀ ਬਰਕਤ ਨਾਲ ਨਵਾਂ ਆਤਮਕ ਜਨਮ ਲੈਂਦਾ ਹੈ, ਗੁਰੂ ਦੀ ਸਰਨ ਪੈ ਕੇ ਉਹ ਆਪਣੇ ਸਾਰੇ ਕੰਮ ਸਵਾਰ ਲੈਂਦਾ ਹੈ। ਪਰੰਤੂ ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਮਨਮੁੱਖ ਮਨੁੱਖ, ਮਾਇਆ ਦੇ ਮੋਹ ਵਿਚ ਅੰਨ੍ਹਾ ਹੋਇਆ ਰਹਿੰਦਾ ਹੈ, ਉਹ ਸਦਾ ਅੰਨ੍ਹਿਆਂ ਵਾਲੇ ਕੰਮ ਹੀ ਕਰਦਾ ਰਹਿੰਦਾ ਹੈ, ਜਗਤ ਵਿਚ ਵਿਕਾਰ ਤੇ ਗਲਤ ਕੰਮ ਕਰਦਾ ਹੈ ਤੇ ਉਹ ਬਿਖ ਹੀ ਖੱਟਦਾ ਹੈ, ਜੋ ਕਿ ਉਸ ਦੇ ਆਤਮਕ ਜੀਵਨ ਵਾਸਤੇ ਜ਼ਹਿਰ ਬਣ ਜਾਂਦਾ ਹੈ। ਪਿਆਰੇ ਗੁਰੂ ਦੀ ਸਰਨ ਵਿਚ ਆਉਂਣ ਤੋਂ ਬਿਨਾ ਅਜੇਹਾ ਮਨੁੱਖ ਮਾਇਆ ਦੇ ਮੋਹ ਵਿਚ ਫਸ ਕੇ ਸਦਾ ਦੁਖ ਸਹਾਰਦਾ ਰਹਿੰਦਾ ਹੈ ਤੇ ਆਪਣਾ ਮਨੁੱਖਾ ਜਨਮ ਵਿਅਰਥ ਗਵਾ ਲੈਂਦਾ ਹੈ।

*ਰਾਗੁ ਸੂਹੀ ਮਹਲਾ ੩ ਘਰੁ ੧ ਅਸਟਪਦੀਆ ॥ ੧ੴ ਸਤਿਗੁਰ ਪ੍ਰਸਾਦਿ ॥ ਨਾਮੈ ਹੀ ਤੇ ਸਭੁ ਕਿਛੁ ਹੋਆ ਬਿਨੁ ਸਤਿਗੁਰ ਨਾਮੁ ਨ ਜਾਪੈ ॥ ਗੁਰ ਕਾ ਸਬਦੁ ਮਹਾ ਰਸੁ ਮੀਠਾ ਬਿਨੁ ਚਾਖੇ ਸਾਦੁ ਨ ਜਾਪੈ ॥ ਕਉਡੀ ਬਦਲੈ ਜਨਮੁ ਗਵਾਇਆ ਚੀਨਸਿ ਨਾਹੀ ਆਪੈ ॥ ਗੁਰਮੁਖਿ ਹੋਵੈ ਤਾ ਏਕੋ ਜਾਣੈ ਹਉਮੈ ਦੁਖੁ ਨ ਸੰਤਾਪੈ ॥੧॥ ਬਲਿਹਾਰੀ ਗੁਰ ਅਪਣੇ ਵਿਟਹੁ ਜਿਨਿ ਸਾਚੇ ਸਿਉ ਲਿਵ ਲਾਈ ॥ ਸਬਦੁ ਚੀਨ੍ਹਿ ਆਤਮੁ ਪਰਗਾਸਿਆ ਸਹਜੇ ਰਹਿਆ ਸਮਾਈ ॥੧॥ ਰਹਾਉ ॥ ਗੁਰਮੁਖਿ ਗਾਵੈ ਗੁਰਮੁਖਿ ਬੂਝੈ ਗੁਰਮੁਖਿ ਸਬਦੁ ਬੀਚਾਰੇ ॥ ਜੀਉ ਪਿੰਡੁ ਸਭੁ ਗੁਰ ਤੇ ਉਪਜੈ ਗੁਰਮੁਖਿ ਕਾਰਜ ਸਵਾਰੇ ॥ ਮਨਮੁਖਿ ਅੰਧਾ ਅੰਧੁ ਕਮਾਵੈ ਬਿਖੁ ਖਟੇ ਸੰਸਾਰੇ ॥ ਮਾਇਆ ਮੋਹਿ ਸਦਾ ਦੁਖੁ ਪਾਏ ਬਿਨੁ ਗੁਰ ਅਤਿ ਪਿਆਰੇ ॥੨॥ (੭੫੩)*

ਗੁਰੂ ਸਾਹਿਬ ਦਾ ਮੰਤਵ ਸਿਰਫ ਸਾਇੰਸ ਪੜ੍ਹਾਉਣ ਦਾ ਨਹੀਂ ਸੀ, ਬਲਕਿ ਸੁਲਝੇ ਹੋਏ ਢੰਗ ਨਾਲ ਜੀਵਨ ਜਾਚ ਸਿਖਾਉਂਣ ਦਾ ਸੀ ਤਾਂ ਜੋ ਅਸੀਂ ਭਰਮਾਂ ਤੇ ਭੁਲੇਖਿਆਂ ਵਿਚੋਂ ਨਿਕਲ ਕੇ ਜੀਵਨ ਦਾ ਸਹੀ ਮਾਰਗ ਪਹਿਚਾਨਣ ਦੀ ਜਾਚ ਸਿੱਖ ਸਕੀਏ। ਗੁਰੂ ਸਾਹਿਬ ਸਮਝਾਂਉਂਦੇ ਹਨ, ਕਿ ਕਾਮ ਤੇ ਕ੍ਰੋਧ ਜਗਤ ਵਿਚ ਬੜੇ ਬਲੀ ਹਨ, ਜੀਵ ਇਨ੍ਹਾਂ ਦੇ ਪ੍ਰਭਾਵ ਹੇਠ ਫਸੇ ਰਹਿੰਦੇ ਹਨ, ਪਰ

ਦੁਨੀਆ ਨੂੰ ਵਿਖਾਉਣ ਦੀ ਖ਼ਾਤਰ ਤੀਰਥ ਯਾਤਰਾ ਆਦਿਕ, ਮਿਥੇ ਹੋਏ ਅਨੇਕਾਂ ਧਾਰਮਿਕ ਕਰਮ ਕਰਦੇ ਰਹਿੰਦੇ ਹਨ। ਇਨ੍ਹਾਂ ਕਰਮ ਕਾਂਡਾਂ ਨਾਲ, ਕਾਮ ਕ੍ਰੋਧ ਤੇ ਕਾਬੂ ਨਹੀਂ ਪਾਇਆ ਜਾ ਸਕਦਾ, ਸਗੋਂ ਉਲਟਾ ਹੰਕਾਰ ਵਿਚ ਹੋਰ ਵਾਧਾ ਹੋ ਜਾਂਦਾ ਹੈ, ਤੇ ਇਹ ਸਭ ਕੁਝ ਦੁਖਾਂ ਦਾ ਖਿਲਾਰਾ ਬਣਿਆ ਰਹਿੰਦਾ ਹੈ। ਜਿਹੜੇ ਮਨੁੱਖ ਗੁਰੂ ਦੀ ਸਰਨ ਪੈਂਦੇ ਹਨ, ਉਹ ਆਤਮਕ ਆਨੰਦ ਮਾਣਦੇ ਹਨ, ਗੁਰੂ ਉਨ੍ਹਾਂ ਨੂੰ ਸਦਾ ਥਿਰ ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਦੇ ਸ਼ਬਦ ਨਾਲ ਜੋੜਦਾ ਹੈ। ਵੈਸੇ ਤਾਂ ਇਹ ਸਰੀਰ ਹਵਾ, ਪਾਣੀ, ਅੱਗ ਆਦਿਕ ਤੱਤਾਂ ਦਾ ਬਣਿਆ ਹੈ, ਜਾਂ ਇਨ੍ਹਾਂ ਕਰਕੇ ਕਾਇਮ ਹੈ, ਪਰ ਸਭ ਜੀਵਾਂ ਦੇ ਅੰਦਰ ਮਾਇਆ ਦਾ ਮੋਹ ਆਪਣਾ ਜੋਰ ਬਣਾਈ ਰੱਖਦਾ ਹੈ। ਜਦੋਂ ਕੋਈ ਵਡਭਾਗੀ ਗੁਰੂ ਦੇ ਸ਼ਬਦ ਦੁਆਰਾ ਅਕਾਲ ਪੁਰਖੁ ਨਾਲ ਸਾਂਝ ਪਾਂਦਾ ਹੈ, ਤਾਂ ਉਸ ਨੂੰ ਸਮਝ ਆਉਂਣੀ ਸ਼ੁਰੂ ਹੋ ਜਾਂਦੀ ਹੈ ਕਿ ਉਸ ਨੂੰ ਪੈਦਾ ਕਰਨ ਵਾਲਾ ਅਕਾਲ ਪੁਰਖੁ ਹੀ ਹੈ, ਤਾਂ ਫਿਰ ਅਕਾਲ ਪੁਰਖੁ ਉਸ ਦੇ ਅੰਦਰੋਂ ਮਾਇਆ ਦਾ ਮੋਹ ਦੂਰ ਕਰ ਦਿੰਦਾ ਹੈ। ਕਈ ਜੀਵ ਐਸੇ ਹਨ ਜੋ ਹਰ ਵੇਲੇ ਮਾਇਆ ਦੇ ਮੋਹ ਵਿਚ, ਤੇ ਹੰਕਾਰ ਵਿਚ ਫਸੇ ਰਹਿੰਦੇ ਹਨ, ਉਹ ਹਉਮੈਂ ਦਾ ਪੁਤਲਾ ਹੀ ਬਣੇ ਰਹਿੰਦੇ ਹਨ। ਪਰ ਅਜਿਹੇ ਮਨੁੱਖਾਂ ਨੂੰ ਇਸ ਆਤਮਕ ਮੌਤ ਦੀ ਸਮਝ ਨਹੀਂ ਪੈਂਦੀ, ਉਹ ਅੰਤ ਵੇਲੇ ਇੱਥੋਂ ਹੱਥ ਮਲਦੇ ਚਲੇ ਜਾਂਦੇ ਹਨ। ਜੀਵਾਂ ਦੇ ਵੱਸ ਕੁਝ ਵੀ ਨਹੀਂ ਹੈ, ਜਿਸ ਅਕਾਲ ਪੁਰਖੁ ਨੇ ਜੀਵ ਪੈਦਾ ਕੀਤੇ ਹਨ, ਉਹ ਹੀ ਇਸ ਆਤਮਕ ਮੌਤ ਤੋਂ ਬਚਾਣ ਦਾ ਢੰਗ ਜਾਣਦਾ ਹੈ। ਜਿਸ ਜੀਵ ਨੂੰ ਗੁਰੂ ਦੀ ਸਰਨ ਪਾ ਕੇ ਉਹ ਇਹ ਸੂਝ ਦਿੰਦਾ ਹੈ, ਉਹ ਗੁਰੂ ਦੇ ਸ਼ਬਦ ਨਾਲ ਸਾਂਝ ਪਾ ਲੈਂਦਾ ਹੈ। ਫਿਰ ਅਜੇਹਾ ਮਨੁੱਖ ਆਪਣਾ ਚਿੱਤ ਸਦਾ ਕਾਇਮ ਰਹਿਣ ਵਾਲੇ ਹਰਿ ਨਾਮੁ ਵਿਚ ਜੋੜੀ ਰੱਖਦਾ ਹੈ।

*ਮਾਰੂ ਮਹਲਾ ੩ ॥ ਕਾਮ ਕਰੋਧੁ ਸਬਲ ਸੰਸਾਰਾ ॥ ਬਹੁ ਕਰਮ ਕਮਾਵਹਿ ਸਭੁ ਦੁਖ ਕਾ ਪਸਾਰਾ ॥ ਸਤਿਗੁਰੁ ਸੇਵਹਿ ਸੇ ਸੁਖੁ ਪਾਵਹਿ ਸਚੈ ਸਬਦਿ ਮਿਲਾਇਦਾ ॥੧੩॥ ਪਉਣੁ ਪਾਣੀ ਹੈ ਬੈਸੰਤਰੁ ॥ ਮਾਇਆ ਮੋਹੁ ਵਰਤੈ ਸਭ ਅੰਤਰਿ ॥ ਜਿਨਿ ਕੀਤੇ ਜਾ ਤਿਸੈ ਪਛਾਣਹਿ ਮਾਇਆ ਮੋਹੁ ਚੁਕਾਇਦਾ ॥੧੪॥ ਇਕਿ ਮਾਇਆ ਮੋਹਿ ਗਰਬਿ ਵਿਆਪੇ ॥ ਹਉਮੈ ਹੋਇ ਰਹੇ ਹੈ ਆਪੇ ॥ ਜਮਕਾਲੈ ਕੀ ਖਬਰਿ ਨ ਪਾਈ ਅੰਤਿ ਗਇਆ ਪਛੁਤਾਇਦਾ ॥੧੫॥ ਜਿਨਿ ਉਪਾਏ ਸੋ ਬਿਧਿ ਜਾਣੈ ॥ ਗੁਰਮੁਖਿ ਦੇਵੈ ਸਬਦੁ ਪਛਾਣੈ ॥ ਨਾਨਕ ਦਾਸੁ ਕਹੈ ਬੇਨੰਤੀ ਸਚਿ ਨਾਮਿ ਚਿਤੁ ਲਾਇਦਾ ॥੧੬॥੨॥੧੬॥ (੧੦੬੦)*

ਸਦਾ-ਥਿਰ ਰਹਿਣ ਵਾਲੇ ਅਕਾਲ ਪੁਰਖੁ ਨੇ ਇਹ ਜਗਤ ਇਕ ਤਮਾਸ਼ਾ ਰਚਿਆ ਹੋਇਆ ਹੈ, ਤੇ ਇਸ ਜਗਤ ਵਿਚ ਉਸ ਨੇ ਕੋਈ ਜੀਵ ਕਿਸੇ ਦੂਜੇ ਵਰਗਾ ਨਹੀਂ ਬਣਾਇਆ। ਕੋਈ ਵੀ ਦੋ ਜਾਣੇ ਇਕੋ ਜਿਹੇ ਨਹੀਂ ਹਨ। ਇਹ ਇਕ ਵੱਡਾ ਭੇਦ ਹੈ ਕਿ ਕੋਈ ਵੀ ਦੋ ਜੀਵਾਂ ਦੇ ਡੀ.ਐਂਨ.ਏ. ਇਕੋ ਜਿਹੇ ਨਹੀਂ ਹਨ। ਇਕ ਬਾਂਦਰ ਜਿਨਾ ਮਰਜੀ ਚਤੁਰ ਜਾਂ ਸਿਆਣਾ ਬਣ ਜਾਵੇ, ਪਰ ਉਹ ਬਾਂਦਰ ਹੀ ਰਹਿੰਦਾ ਹੈ। ਸਾਇੰਸ ਨੂੰ ਹੁਣ ਤਕ ਸਿਰਫ ਡੀ.ਐਂਨ.ਏ. (D.N.A.) ਤਕ ਹੀ ਪਤਾ ਲੱਗਾ ਹੈ, ਕਿ ਹਰੇਕ ਜੀਵ ਦੇ ਡੀ.ਐਂਨ.ਏ. ਇਕ ਦੂਸਰੇ ਤੋਂ ਵੱਖਰੇ ਹਨ। ਇਸ ਤੋਂ ਕੁਝ ਹੋਰ ਵੀ ਡੂੰਘਾ ਹੋ ਸਕਦਾ ਹੈ, ਜਿਨ੍ਹਾਂ ਕਰਕੇ ਹਰੇਕ ਜੀਵ ਦੂਸਰੇ ਤੋਂ ਭਿੰਨ ਹੈ। ਅਕਾਲ ਪੁਰਖੁ ਆਪ ਹੀ ਜੀਵਾਂ ਵਿਚ ਫ਼ਰਕ ਪੈਦਾ ਕਰਦਾ ਹੈ, ਤੇ ਇਹ ਫ਼ਰਕ ਵੇਖ ਕੇ ਖ਼ੁਸ਼ ਹੁੰਦਾ ਹੈ। ਅਕਾਲ ਪੁਰਖੁ ਨੇ ਮਨੁੱਖ ਦੇ ਸਰੀਰ ਵਿਚ ਬਹੁਤ ਸਾਰੇ ਚਸਕੇ ਪੈਦਾ ਕਰ ਦਿੱਤੇ ਹਨ, ਮਨੁੱਖਾਂ ਦੀਆਂ ਖਾਣ, ਪੀਣ ਪਹਿਨਣ, ਵੇਖਣ, ਸੋਚਣ, ਸੁਣਨ, ਆਦਿ ਦੀਆਂ ਭਿੰਨ ਭਿੰਨ ਤਰ੍ਹਾਂ ਦੀਆਂ ਖਾਹਸ਼ਾ ਹਨ। ਅਕਾਲ ਪੁਰਖੁ ਦੀ ਆਪਣੀ ਕਲਾ ਨਾਲ ਹਰੇਕ ਸਰੀਰ ਵਿਚ ਸੁਆਸਾਂ ਦੇ ਵਾਜੇ ਵੱਜ ਰਹੇ ਹਨ, ਭਾਵ ਸੁਆਸ ਚੱਲ ਰਹੇ ਹਨ, ਤੇ ਉਹ ਆਪ ਹੀ ਇਹ ਸੁਆਸਾਂ ਦੇ ਵਾਜੇ ਵਜਾ ਰਿਹਾ ਹੈ। ਅਕਾਲ ਪੁਰਖੁ ਨੇ ਸਰੀਰ ਵਿਚ ਜੀਵਾਤਮਾ ਤੇ ਮਾਇਆ ਦੋਵੇਂ ਹੀ ਪਾ ਦਿੱਤੇ ਹਨ। ਜਿਹੜਾ ਮਨੁੱਖ ਆਪਣੇ ਆਤਮਕ ਜੀਵਨ ਨੂੰ ਗੁਰ ਸ਼ਬਦ ਅਨੁਸਾਰ ਪੜਤਾਲਦਾ ਰਹਿੰਦਾ ਹੈ, ਉਸ ਦਾ ਹਿਰਦਾ ਖਿੜਿਆ ਰਹਿੰਦਾ ਹੈ, ਉਸ ਨੂੰ ਆਤਮਕ ਜੀਵਨ ਦੀ ਪਰਖ ਕਰਨ ਵਾਲੀ ਅਕਲ ਪ੍ਰਾਪਤ ਹੋਈ ਰਹਿੰਦੀ ਹੈ। ਉਹ ਮਨੁੱਖ ਆਪਣਾ ਅੰਦਰ ਖੋਜਦਾ ਹੈ, ਸ਼ਬਦ ਨੂੰ ਹਿਰਦੇ ਵਿਚ ਵਸਾ ਕੇ ਅਕਾਲ ਪੁਰਖੁ ਦੀ ਸਿਫ਼ਤਿ-ਸਾਲਾਹ ਕਰਦਾ ਹੈ, ਫਿਰ ਉਹ ਬਾਹਰ ਭਟਕਦਾ ਨਹੀਂ।

*ਮਾਰੂ ਮਹਲਾ ੩ ॥ ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ ॥ ਕੋਇ ਨ ਕਿਸ ਹੀ ਜੇਹਾ ਉਪਾਇਆ ॥ ਆਪੇ ਫਰਕੁ ਕਰੇ ਵੇਖਿ ਵਿਗਸੈ ਸਭਿ ਰਸ ਦੇਹੀ ਮਾਹਾ ਹੇ ॥੧॥ (੧੦੫੬)*

ਅਕਾਲ ਪੁਰਖ ਨੇ ਕਈ ਰੰਗਾਂ, ਕਿਸਮਾਂ ਅਤੇ ਜਿਨਸਾਂ ਦੀ ਮਾਇਆ ਰਚ ਦਿੱਤੀ ਹੈ। ਬੇਅੰਤ ਸ੍ਰਿਸ਼ਟੀ ਦੀ ਰਚਨਾ ਕਰਨ ਦੇ ਨਾਲ ਨਾਲ ਜਿਵੇਂ ਅਕਾਲ ਪੁਰਖ ਦੀ ਰਜ਼ਾ ਹੈ, ਉਹ ਸ੍ਰਿਸ਼ਟੀ ਦੀ ਸੰਭਾਲ ਵੀ ਆਪ ਹੀ ਕਰ ਰਿਹਾ ਹੈ, ਕਿਉਂਕਿ ਅਕਾਲ ਪੁਰਖ ਆਪ ਹੀ ਇਕੋ ਇਕ ਐਸਾ ਹੈ, ਜੋ ਕਿ ਸਦਾ ਕਾਇਮ ਰਹਿਣ ਵਾਲਾ ਹੈ। ਉਹ ਜੇਡਾ ਵੱਡਾ ਆਪ ਹੈ, ਓਡੇ ਵੱਡੇ ਜਿਗਰੇ ਨਾਲ ਜਗਤ ਨੂੰ ਰਚ ਕੇ ਉਸ ਦੀ ਸੰਭਾਲ ਵੀ ਕਰ ਰਿਹਾ ਹੈ। ਜੋ ਕੁਝ ਅਕਾਲ ਪੁਰਖ ਨੂੰ ਭਾਉਂਦਾ ਹੈ, ਉਹੋ ਹੀ ਕਰੇਗਾ, ਕਿਸੇ ਜੀਵ ਪਾਸੋਂ ਅਕਾਲ ਪੁਰਖ ਅੱਗੇ ਹੁਕਮੁ ਨਹੀਂ ਕੀਤਾ ਜਾ ਸਕਦਾ, ਉਸ ਨੂੰ ਇਹ ਨਹੀਂ ਆਖ ਸਕਦੇ ਕਿ ਇਸ ਤਰ੍ਹਾਂ ਕਰ, ਤੇ ਉਸ ਤਰ੍ਹਾਂ ਨਾ ਕਰ। ਅਕਾਲ ਪੁਰਖ ਪਾਤਿਸ਼ਾਹ ਹੈ, ਪਾਤਿਸ਼ਾਹਾਂ ਦਾ ਵੀ ਪਾਤਿਸ਼ਾਹ ਹੈ। ਇਸ ਲਈ ਜੀਵਾਂ ਨੂੰ ਉਸ ਦੀ ਰਜ਼ਾ ਵਿਚ ਰਹਿਣਾ ਹੀ ਫਬਦਾ ਹੈ।

*ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥ ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ ॥ ॥੨੨॥ (੬)*

ਅਕਾਲ ਪੁਰਖ ਨੇ ਭਾਵੇਂ ਕਈ ਰੰਗਾਂ ਤੇ ਕਿਸਮਾਂ ਦੀ ਦੁਨੀਆ ਰਚ ਦਿੱਤੀ ਹੈ, ਪਰ ਉਹ ਆਪ ਨਿਰਗੁਣ ਸਰੂਪ ਵਿਚ ਇਕੋ ਇਕ ਹਸਤੀ ਹੈ, ਤੇ, ਆਪ ਹੀ ਸਰਗੁਣ ਸਰੂਪ ਵਿਚ ਉਹ ਅਨੇਕਾਂ ਰੂਪਾਂ ਵਾਲਾ ਹੈ। ਜੇਹੜੀ ਗੱਲ ਉਸ ਨੂੰ ਚੰਗੀ ਲੱਗਦੀ ਹੈ, ਉਹੀ ਗੱਲ ਜੀਵਾਂ ਦੇ ਭਲੇ ਵਾਸਤੇ ਹੁੰਦੀ ਹੈ। ਹੋ ਸਕਦਾ ਹੈ ਆਮ ਲੋਕਾਂ ਨੂੰ ਅਕਾਲ ਪੁਰਖ ਦੇ ਨਿਰਗੁਣ ਸਰੂਪ ਤੇ ਸਰਗੁਣ ਸਰੂਪ ਬਾਰੇ ਕੁਝ ਕਿੰਤੂ ਹੋਵੇ ਜਾਂ ਸ਼ੰਕਾ ਹੋਵੇ। ਪਰੰਤੂ ਸਾਇੰਸ ਅਨੁਸਾਰ ਰੌਸ਼ਨੀ (Light) ਦੇ ਦੋ ਰੂਪ ਹਨ, ਇਕ ਤਰੰਗ (ਵੇਵ) (Wave) ਤੇ ਦੂਸਰਾ ਪਦਾਰਥ (ਫੋਟੌਨ) (Photon)। ਜੇ ਅਸੀਂ ਰੌਸ਼ਨੀ ਦੇ ਦੋ ਰੂਪ ਮੰਨ ਸਕਦੇ ਹਾਂ ਤਾਂ ਅਕਾਲ ਪੁਰਖ ਦੇ ਨਿਰਗੁਣ ਸਰੂਪ ਤੇ ਸਰਗੁਣ ਸਰੂਪ ਬਾਰੇ ਸ਼ੰਕਾ ਕਿਉਂ?

*ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ ॥ ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ ॥੨੨॥੨॥ (੭੨੬)*

ਜੇ ਕਰ ਉਪਰ ਲਿਖੀਆਂ, ਗੁਰਬਾਣੀ ਦੀਆਂ ਸਿਖਿਆਵਾਂ, ਨੂੰ ਇਕੱਠਾ ਕਰੀਏ ਤਾਂ ਅਸੀਂ ਨਿਸਚੇ ਨਾਲ ਸਮਝ ਸਕਦੇ ਹਾਂ, ਕਿ ਜੀਵਾਂ ਨੂੰ ਪੈਦਾ ਕਰਨ ਵਾਲਾ ਤੇ ਪਦਾਰਥਾਂ ਨੂੰ ਬਣਾਉਂਣ ਵਾਲਾ ਉਹ ਅਕਾਲ ਪੁਰਖੁ ਆਪ ਹੀ ਹੈ।

- ਸਾਇੰਸ ਜੀਵਾਂ ਅਤੇ ਪਦਾਰਥਾਂ ਦੀ ਜਾਣਕਾਰੀ ਤਾਂ ਦੱਸਦੀ ਹੈ। ਪਰੰਤੂ ਇਹ ਨਹੀਂ ਦੱਸ ਸਕਦੀ ਕਿ ਪਦਾਰਥ ਕਿਸ ਤਰ੍ਹਾਂ ਪੈਦਾ ਹੋਇਆ, ਜੀਵ ਕਿਸ ਤਰ੍ਹਾਂ ਬਣੇ, ਚੇਤਨਾਂ ਕਿਸ ਤਰ੍ਹਾਂ ਪੈਦਾ ਹੋਈ, ਜੀਵਾਂ ਦੀ ਉਤਪਤੀ ਕਿਸ ਤਰ੍ਹਾਂ ਹੁੰਦੀ ਹੈ?
- ਜਿਹੜੇ ਜੀਵ ਅਕਾਲ ਪੁਰਖੁ ਨੇ ਚਟਾਨਾਂ ਤੇ ਪੱਥਰਾਂ ਵਿਚ ਪੈਦਾ ਕੀਤੇ ਹਨ, ਉਨ੍ਹਾਂ ਦਾ ਰਿਜ਼ਕ ਵੀ ਉਸ ਨੇ ਉਨ੍ਹਾਂ ਨੂੰ ਪੈਦਾ ਕਰਨ ਤੋਂ ਪਹਿਲਾਂ ਹੀ ਬਣਾ ਕੇ ਰਖਿਆ ਹੈ।
- ਪੰਛੀਆਂ ਨੂੰ ਤਾਂ ਅਕਾਲ ਪੁਰਖੁ ਤੇ ਭਰੋਸਾ ਹੈ ਕਿ ਰਿਜਕ ਮਿਲ ਜਾਵੇਗਾ, ਪਰੰਤੂ ਮਨੁੱਖ ਨੂੰ ਨਹੀਂ, ਇਸੇ ਲਈ ਜਿਆਦਾ ਤਰ ਲੋਕ ਧਨ ਇਕੱਠਾ ਕਰਨ ਵਿਚ ਆਪਣਾ ਸਾਰਾ ਜੀਵਨ ਵਿਅਰਥ ਗਵਾ ਦਿੰਦੇ ਹਨ।
- ਅਸਲ ਵਿਚ ਅਕਾਲ ਪੁਰਖੁ ਆਪ ਹੀ ਸਭ ਦਾ ਪਿਤਾ, ਮਾਤਾ, ਭਰਾ ਤੇ ਰਿਸ਼ਤੇਦਾਰ ਹੈ, ਸਭ ਦਾ ਆਧਾਰ ਤੇ ਸਹਾਰਾ ਵੀ ਉਹ ਅਕਾਲ ਪੁਰਖੁ ਆਪ ਹੀ ਹੈ।
- ਜਗਤ ਵਿਚ ਜੋ ਕੁਝ ਵੀ ਹੋ ਰਿਹਾ ਹੈ, ਉਹ ਸਭ ਅਕਾਲ ਪੁਰਖੁ ਦਾ ਕੀਤਾ ਹੀ ਹੋ ਰਿਹਾ ਹੈ, ਜੀਵ ਦਾ ਇਸ ਵਿਚ ਆਪਣਾ ਕੋਈ ਜੋਰ ਨਹੀਂ ਚੱਲ ਸਕਦਾ।
- ਅਕਾਲ ਪੁਰਖੁ ਦੇ ਗੁਣ ਗਾ ਕੇ ਮਨ ਠੰਢਾ ਠਾਰ ਹੋ ਜਾਂਦਾ ਹੈ, ਕਿਉਕਿ ਉਸ ਦੇ ਗੁਣ ਗਾਇਨ ਕਰਨ ਨਾਲ ਮਨੁੱਖ ਅੰਦਰ ਵੀ ਉਸ ਵਰਗੇ ਗੁਣ ਪੈਦਾ ਹੋਣੇ ਸ਼ੁਰੂ ਹੋ ਜਾਂਦੇ ਹਨ।
- ਇਸ ਜਗਤ ਵਿਚ ਜੋ ਕੁਝ ਹੈ ਤੇ ਜੋ ਕੁਝ ਹੋ ਰਿਹਾ ਹੈ, ਉਹ ਸਭ ਅਕਾਲ ਪੁਰਖ ਦੇ ਹੁਕਮੁ ਤੇ ਰਜ਼ਾ ਅਨੁਸਾਰ ਹੋ ਰਿਹਾ ਹੈ। ਜਗਤ ਦੇ ਸਾਰੇ ਭਾਗ ਜਿਨ੍ਹਾਂ ਵਿਚ ਅਨੇਕਾਂ ਚੰਦਰਮੇਂ, ਧਰਤੀਆਂ, ਸੂਰਜ, ਤਾਰੇ ਤੇ ਗਲੈਕਸੀਆਂ ਸ਼ਾਮਲ ਹਨ, ਉਹ ਸਭ ਅਕਾਲ ਪੁਰਖੁ ਦੇ ਟਿਕਾਏ ਹੋਏ ਹਨ।
- ਅਕਾਲ ਪੁਰਖੁ ਦੇ ਨਾਮੁ ਤੋਂ ਸਭ ਕੁਝ ਹੁੰਦਾ ਹੈ, ਪਰੰਤੂ ਗੁਰੂ ਦੀ ਸਰਨ ਵਿਚ ਆਉਂਣ ਤੋਂ ਬਿਨਾ ਨਾਮੁ ਦੀ ਸਮਝ ਨਹੀਂ ਆਉਂਦੀ ਤੇ ਨਾ ਹੀ ਕਦਰ ਕਰਨੀ ਆਉਂਦੀ ਹੈ। ਗੁਰੂ ਦਾ ਸ਼ਬਦ ਵੱਡੇ ਰਸ ਵਾਲਾ ਹੈ, ਮਿੱਠਾ ਹੈ, ਪਰੰਤੂ ਜਿਨ੍ਹਾਂ ਚਿਰ ਇਸ ਨੂੰ ਚੱਖਿਆ ਨਾ ਜਾਏ, ਇਸ ਦੇ ਸੁਆਦ ਦਾ ਪਤਾ ਨਹੀਂ ਲੱਗ ਸਕਦਾ।
- ਗੁਰੂ ਦੀ ਸਰਨ ਪੈਣ ਵਾਲਾ ਮਨੁੱਖ ਗੁਰੂ ਦੇ ਸ਼ਬਦ ਨੂੰ ਗਾਇਨ ਕਰਦਾ ਰਹਿੰਦਾ ਹੈ, ਸਮਝਦਾ ਰਹਿੰਦਾ ਹੈ, ਤੇ ਹਮੇਸ਼ਾਂ ਵਿਚਾਰਦਾ ਰਹਿੰਦਾ ਹੈ, ਤੇ ਗੁਰੂ ਦੇ ਸ਼ਬਦ ਅਨੁਸਾਰ ਆਪਣਾ ਜੀਵਨ ਬਤੀਤ ਕਰਦਾ ਰਹਿੰਦਾ ਹੈ।
- ਗੁਰੂ ਸਾਹਿਬ ਦਾ ਮੰਤਵ ਸਿਰਫ ਸਾਇੰਸ ਪੜ੍ਹਾਉਣ ਦਾ ਨਹੀਂ ਸੀ, ਬਲਕਿ ਸੁਲਝੇ ਹੋਏ ਢੰਗ ਨਾਲ ਜੀਵਨ ਜਾਚ ਸਿਖਾਉਂਣ ਦਾ ਸੀ ਤਾਂ ਜੋ ਅਸੀਂ ਭਰਮਾਂ ਤੇ ਭੁਲੇਖਿਆਂ ਵਿਚੋਂ ਨਿਕਲ ਕੇ ਜੀਵਨ ਦਾ ਸਹੀ ਮਾਰਗ ਪਹਿਚਾਨਣ ਦੀ ਜਾਚ ਸਿੱਖ ਸਕੀਏ।
- ਅਕਾਲ ਪੁਰਖੁ ਨੇ ਇਸ ਜਗਤ ਵਿਚ ਕੋਈ ਜੀਵ ਕਿਸੇ ਦੂਜੇ ਵਰਗਾ ਨਹੀਂ ਬਣਾਇਆ। ਸਾਇੰਸ ਨੂੰ ਹੁਣ ਤਕ ਸਿਰਫ ਡੀ.ਐਂਨ.ਏ. ਤਕ ਹੀ ਪਤਾ ਲੱਗਾ ਹੈ, ਕਿ ਹਰੇਕ ਜੀਵ ਦੇ ਡੀ.ਐਂਨ.ਏ. ਇਕ ਦੂਸਰੇ ਤੋਂ ਵੱਖਰੇ ਹਨ। ਇਸ ਤੋਂ ਕੁਝ ਹੋਰ ਵੀ ਡੂੰਘਾ ਹੋ ਸਕਦਾ ਹੈ, ਜਿਨ੍ਹਾਂ ਕਰਕੇ ਹਰੇਕ ਜੀਵ ਦੂਸਰੇ ਤੋਂ ਭਿੰਨ ਹੈ।
- ਜਿਸ ਅਕਾਲ ਪੁਰਖ ਨੇ ਕਈ ਰੰਗਾਂ, ਕਿਸਮਾਂ ਦੇ ਜੀਵਾਂ ਤੇ ਪਦਾਰਥਾਂ ਦੀ ਰਚਨਾ ਕੀਤੀ ਹੈ, ਉਹ ਇਸ ਬੇਅੰਤ ਸ੍ਰਿਸ਼ਟੀ ਦੀ ਸੰਭਾਲ ਵੀ ਆਪਣੀ ਰਜ਼ਾ ਅਨੁਸਾਰ ਆਪ ਹੀ ਕਰ ਰਿਹਾ ਹੈ।

**"ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ"**

ਤਤਕਰਾ

# ਮਨੁੱਖ ਕੋਲ ਬੁਧੀ ਹੈ ਪਰ ਆਮ ਜੀਵਾਂ ਕੋਲ ਨਹੀਂ (ਭਾਗ-੧੩)

## Man has got thinking power but not other living beings (Part-13)

ਆਮ ਜੀਵਾਂ ਅਤੇ ਮਨੁੱਖ ਵਿਚ ਇਹੀ ਫਰਕ ਹੈ ਕਿ ਮਨੁੱਖ ਕੋਲ ਬੁਧੀ ਹੈ ਜੋ ਕਿ ਹੋਰ ਜੀਵਾਂ ਕੋਲ ਨਹੀਂ ਹੈ। ਮਨੁੱਖ ਸੋਚ ਸਕਦਾ ਹੈ, ਹੋਰ ਗਿਆਨ ਹਾਸਲ ਕਰ ਸਕਦਾ ਹੈ, ਨਵੀਆਂ ਕਾਢਾਂ ਕੱਢ ਸਕਦਾ ਹੈ, ਦੂਸਰਿਆਂ ਜੀਵਾਂ ਨੂੰ ਆਪਣੇ ਕਾਬੂ ਵਿਚ ਰੱਖ ਸਕਦਾ ਹੈ ਤੇ ਆਪਣੇ ਮਤਲਬ ਲਈ ਵਰਤ ਸਕਦਾ ਹੈ। ਮਨੁੱਖ ਨਵੀਆਂ ਚੀਜ਼ਾਂ ਬਣਾ ਸਕਦਾ ਹੈ, ਉਨ੍ਹਾਂ ਤੇ ਆਪਣਾ ਕਬਜਾ ਕਰ ਸਕਦਾ ਹੈ, ਅਦਲਾ ਬਦਲੀ ਤੇ ਹੇਰਾਫੇਰੀ ਕਰ ਸਕਦਾ ਹੈ। ਸੱਚ ਜਾਂ ਝੂਠ ਜਾਣ ਸਕਦਾ ਹੈ ਤੇ ਬੋਲ ਸਕਦਾ ਹੈ।

ਬਾਕੀ ਜੀਵ ਜੰਤੂਆਂ ਦੇ ਮੁਕਾਬਲੇ ਮਨੁੱਖਾ ਜਨਮ ਵਾਲੀ ਜੀਵ ਇਸਤ੍ਰੀ ਵੇਖਣ ਨੂੰ ਤਾਂ ਬਹੁਤ ਸੋਹਣੀ ਜਾਤ ਵਾਲੀ ਹੈ, ਮੰਨੇ ਹੋਏ ਖਾਨਦਾਨ ਵਾਲੀ ਹੈ, ਸੁੰਦਰ ਰੂਪ ਵਾਲੀ ਹੈ, ਬੜੀ ਸਿਆਣੀ ਤੇ ਚਤੁਰ ਜਾਣੀ ਜਾਂਦੀ ਹੈ, ਪਰ ਹੰਕਾਰ ਅਤੇ ਮੋਹ ਵਿਚ ਫਸੀ ਹੋਣ ਕਰਕੇ ਆਪਣੀ ਇਹ ਸਾਰੀ ਸੁੰਦਰਤਾ ਗਵਾ ਲੈਂਦੀ ਹੈ। ਮਨੁੱਖ ਕੋਲ ਬੜੀ ਸੁੱਚੀ ਰਸੋਈ ਹੈ, ਜਿਸ ਵਿਚ ਉਹ ਆਪਣਾ ਭੋਜਨ ਤਿਆਰ ਕਰਦਾ ਹੈ, ਪਰ ਬਾਕੀ ਪਸ਼ੂ ਪੰਛੀ ਤਾਂ ਵਿਚਾਰੇ ਗੰਦੇ ਮੰਦੇ ਥਾਵਾਂ ਤੋਂ ਹੀ ਢਿੱਡ ਭਰ ਕੇ ਗੁਜਾਰਾ ਕਰਦੇ ਹਨ। ਮਨੁੱਖ ਸੋਚ ਸਕਦਾ ਹੈ ਤੇ ਮੂੰਹ ਨਾਲ ਗਿਆਨ ਦੀਆਂ ਗੱਲਾਂ ਕਰ ਸਕਦਾ ਹੈ, ਪਰ ਅੰਦਰ ਹੰਕਾਰ ਨਾਲ ਭਰਿਆ ਹੋਇਆ ਹੈ। ਮਨੁੱਖ ਕਈ ਤਰ੍ਹਾਂ ਦੀਆਂ ਨਵੀਆਂ ਚੀਜ਼ਾਂ ਤੇ ਪਦਾਰਥ ਬਣਾ ਸਕਦਾ ਹੈ ਤੇ ਮਾਣ ਸਕਦਾ ਹੈ, ਪਰੰਤੂ ਲੋਭ ਕਰਕੇ ਆਪਣੀ ਸਾਰੀ ਵਡਿਆਈ ਗਵਾ ਲਈ ਹੈ। ਮਨੁੱਖ ਸੋਹਣੇ ਕੱਪੜੇ ਪਹਿਨ ਸਕਦਾ ਹੈ ਤੇ ਅਨੇਕਾਂ ਸੁਗੰਧੀਆਂ ਵਰਤ ਸਕਦਾ ਹੈ, ਚੰਗੇ ਆਚਾਰ ਨਾਲ ਲੋਕਾਂ ਵਿਚ ਮਾਣ ਪ੍ਰਾਪਤ ਕਰ ਸਕਦਾ ਹੈ, ਪਰ ਚੰਡਾਲ ਕ੍ਰੋਧ ਉਸ ਦਾ ਭੈੜਾ ਸਾਥੀ ਹੈ, ਜਿਸ ਨਾਲ ਉਹ ਆਪਣਾ ਸਰੀਰਕ ਤੇ ਮਾਨਸਿਕ ਜੀਵਨ ਬਰਬਾਦ ਕਰ ਲੈਂਦਾ ਹੈ। ਇਸ ਧਰਤੀ ਦੀਆਂ ਹੋਰ ਸਾਰੀਆਂ ਜੂਨਾਂ ਉੱਪਰ ਮਨੁੱਖ ਆਪਣਾ ਹੁਕਮੁ ਚਲਾ ਸਕਦਾ ਹੈ, ਉਨ੍ਹਾਂ ਨੂੰ ਆਪਣਾ ਸੇਵਕ ਬਣਾ ਸਕਦਾ ਹੈ, ਇਸ ਧਰਤੀ ਤੇ ਮਨੁੱਖ ਦੀ ਹੀ ਸਰਦਾਰੀ ਹੈ। ਮਨੁੱਖ ਕੋਲ ਸੋਨਾ, ਚਾਂਦੀ ਤੇ ਅਨੇਕਾਂ ਧਨ ਪਦਾਰਥ ਹਨ, ਪਰੰਤੂ ਹੋਰ ਜੂਨਾਂ ਕੋਲ ਇਹ ਚੀਜ਼ਾਂ ਨਹੀਂ ਹਨ। ਲੇਕਿਨ ਮਨੁੱਖ ਦੇ ਕਾਮ ਵਾਸਨਾ ਵਾਲੇ ਸੁਭਾਉ ਕਰਕੇ ਦੁਨੀਆ ਵਿਚ ਕਈ ਤਰ੍ਹਾਂ ਦੇ ਵਿਕਾਰ ਹੋ ਰਹੇ ਹਨ, ਜਿਨ੍ਹਾਂ ਨੇ ਸੰਸਾਰ ਵਿਚ ਅਸ਼ਾਂਤੀ ਤੇ ਬਰਬਾਦੀ ਫੈਲਾ ਰੱਖੀ ਹੈ। ਅਜੇਹਾ ਕਾਮ ਵਾਸਨਾ ਵਾਲਾ ਸੁਭਾਉ, ਸਭ ਤੋਂ ਉੱਚੀ ਸ਼੍ਰੇਣੀ ਵਾਲਿਆਂ ਨੂੰ ਫਬਦਾ ਨਹੀਂ। ਜਿਸ ਮਨੁੱਖ ਉਪਰ ਅਕਾਲ ਪੁਰਖੁ ਦੀ ਮਿਹਰ ਦੀ ਨਜ਼ਰ ਪੈਂਦੀ ਹੈ, ਉਸ ਨੂੰ ਉਹ ਕਾਮ ਕ੍ਰੋਧ ਲੋਭ ਮੋਹ ਤੇ ਹੰਕਾਰ ਦੀ ਕੈਦ ਤੋਂ ਛਡਾ ਲੈਂਦਾ ਹੈ। ਜਿਹੜਾ ਮਨੁੱਖ ਸਾਧ ਸੰਗਤਿ ਵਿਚ ਮਿਲ ਬੈਠ ਕੇ ਗੁਰਬਾਣੀ ਦੁਆਰਾ ਅਕਾਲ ਪੁਰਖੁ ਦੇ ਨਾਮੁ ਦਾ ਸਵਾਦ ਮਾਣ ਲੈਂਦਾ ਹੈ, ਉਹ ਮਨੁੱਖ ਆਪਣੇ ਜੀਵਨ ਵਿਚ ਕਾਮਯਾਬ ਹੋ ਜਾਂਦਾ ਹੈ। ਜਿਹੜਾ ਮਨੁੱਖ ਆਪਣੇ ਅੰਦਰ ਅਕਾਲ ਪੁਰਖੁ ਵਾਲੇ ਗੁਣ ਪੈਦਾ ਕਰ ਲੈਂਦਾ ਹੈ, ਉਸ ਨੂੰ ਇਹ ਸਾਰੇ ਮਿਲੇ ਹੋਏ ਸੁਖ ਬਹੁਤ ਫਬਦੇ ਹਨ ਤੇ ਅਜੇਹੀ ਜੀਵ ਇਸਤ੍ਰੀ ਸਚ-ਮੁਚ ਬੜੀ ਸੋਹਣੀ ਤੇ ਸਿਆਣੀ ਬਣ ਜਾਂਦੀ ਹੈ।

*ਅਵਰ ਜੋਨਿ ਤੇਰੀ ਪਨਿਹਾਰੀ ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥ ॥ ਸੁਇਨਾ ਰੁਪਾ ਤੁਝ ਪਹਿ ਦਾਮ ॥ ਸੀਲੁ ਬਿਗਾਰਿਓ ਤੇਰਾ ਕਾਮ ॥੪॥ ਜਾ ਕਉ ਦ੍ਰਿਸਟਿ ਮਇਆ ਹਰਿ ਰਾਇ ॥ ਸਾ ਬੰਦੀ ਤੇ ਲਈ ਛਡਾਇ ॥ ਸਾਧਸੰਗਿ ਮਿਲਿ ਹਰਿ ਰਸੁ ਪਾਇਆ ॥ ਕਹੁ ਨਾਨਕ ਸਫਲ ਓਹ ਕਾਇਆ ॥੫॥ ਸਭਿ ਰੂਪ ਸਭਿ ਸੁਖ ਬਨੇ ਸੁਹਾਗਨਿ ॥ ਅਤਿ ਸੁੰਦਰਿ ਬਿਚਖਨਿ ਤੂੰ ॥੧॥ ਰਹਾਉ ਦੂਜਾ ॥੧੨॥ (੩੭੪)*

ਗੁਰੂ ਸਾਹਿਬ ਸਮਝਾਂਉਂਦੇ ਹਨ ਕਿ ਜੀਵਨ ਸੁਖੀ ਕਰਨ ਲਈ ਸਭ ਕੁਝ ਦੇਣ ਵਾਲੇ ਤੇ ਸਦਾ ਰੱਖਿਆ ਕਰਨ ਵਾਲੇ ਅਕਾਲ ਪੁਰਖੁ ਨੂੰ ਹਮੇਸ਼ਾਂ ਯਾਦ ਕਰਨਾ ਚਾਹੀਦਾ ਹੈ। ਜਿਸ ਅਕਾਲ ਪੁਰਖੁ ਨੇ ਪਿਤਾ ਦੀ ਬੂੰਦ ਤੋਂ ਤੈਨੂੰ ਬਣਾਇਆ, ਤੇਰਾ ਇਹ ਮਿੱਟੀ ਦਾ ਪੁਤਲਾ ਘੜਿਆ, ਵਿਕਾਸ ਕਰਨ ਲਈ ਬੁੱਧੀ ਦਿੱਤੀ, ਮਾਂ ਦੇ ਪੇਟ ਵਿਚ ਸਹੀ ਸਲਾਮਤ ਤੇ ਜਿੰਦਾ ਰੱਖਿਆ, ਤੈਨੂੰ ਠੀਕ ਤੇ ਗਲਤ ਪਰਖਣ ਦੀ ਸੋਝੀ ਦਿਤੀ, ਤੇਰੇ ਅੰਦਰ ਤਾਕਤ ਪਾ ਕੇ ਦੁਨੀਆ ਦੀ ਸਰਦਾਰੀ ਬਖਸ਼ੀ, ਉਸ ਅਕਾਲ ਪੁਰਖੁ ਨੂੰ ਹਮੇਸ਼ਾ ਯਾਦ ਰੱਖਿਆ ਕਰ। ਜਿਸ ਅਕਾਲ ਪੁਰਖੁ ਨੇ ਤੈਨੂੰ ਮਾਪੇ ਦਿੱਤੇ, ਭਰਾ ਪੁੱਤਰ ਤੇ ਨੌਕਰ ਦਿੱਤੇ, ਇਸਤ੍ਰੀ ਅਤੇ ਸੱਜਣ-ਮਿੱਤਰ ਦਿੱਤੇ, ਉਸ ਮਾਲਕ ਨੂੰ ਸਦਾ ਆਪਣੇ ਚਿੱਤ ਵਿਚ ਟਿਕਾਈ ਰੱਖ। ਜਿਸ ਅਕਾਲ ਪੁਰਖੁ ਨੇ ਤੈਨੂੰ ਕਿਸੇ ਵੀ ਮੁੱਲ ਨਾਲ ਨਾ ਮਿਲ ਸਕਣ ਵਾਲੀ ਹਵਾ ਦਿੱਤੀ ਤਾਂ ਜੋ ਤੂੰ ਜਿਊਂਦਾ ਰਹਿ ਸਕੇਂ, ਸਰੀਰ ਦੀਆਂ ਸਾਰੀਆਂ ਕਿਰਿਆਵਾਂ ਲਈ ਨਿਰਮੋਲਕ ਪਾਣੀ ਦਿੱਤਾ, ਭੋਜਨ ਤਿਆਰ ਕਰਨ ਲਈ ਅੱਗ ਤੇ ਬਾਲਣ ਦਿੱਤਾ, ਤੂੰ ਉਸ ਮਾਲਕ-ਅਕਾਲ ਪੁਰਖੁ ਦੀ ਸਰਨ ਵਿਚ ਸਦਾ ਟਿਕਿਆ ਰਹਿ। ਜਿਸ ਅਕਾਲ ਪੁਰਖੁ ਨੇ ਤੈਨੂੰ ਅਨੇਕਾਂ ਕਿਸਮਾਂ ਦੇ ਸੁਆਦਲੇ ਖਾਣੇ ਦਿੱਤੇ, ਇਨ੍ਹਾਂ ਖਾਣਿਆਂ ਨੂੰ ਹਜ਼ਮ ਕਰਨ ਲਈ ਤੇਰੇ ਅੰਦਰ ਮਿਹਦਾ ਆਦਿਕ ਅੰਗ ਬਣਾਏ, ਤੈਨੂੰ ਚਲਣ, ਰਹਿਣ ਤੇ ਆਪਸ ਵਿਚ ਸਾਂਝ ਕਰਨ ਲਈ ਧਰਤੀ ਦਿੱਤੀ, ਉਸ ਮਾਲਕ-ਅਕਾਲ ਪੁਰਖੁ ਦੇ ਚਰਨ ਆਪਣੇ ਚਿੱਤ ਵਿੱਚ ਸਦਾ ਟਿਕਾ ਕੇ ਰੱਖ। ਜਿਸ ਅਕਾਲ ਪੁਰਖੁ ਨੇ ਤੈਨੂੰ ਦੁਨੀਆ ਦੇ ਰੰਗ-ਤਮਾਸ਼ੇ ਵੇਖਣ ਵਾਸਤੇ ਅੱਖਾਂ ਦਿੱਤੀਆਂ, ਸੁਣਨ ਵਾਸਤੇ ਕੰਨ ਦਿੱਤੇ ਹਨ, ਕੰਮ ਕਾਰ ਕਰਨ ਲਈ ਹੱਥ ਦਿੱਤੇ, ਸੁੰਘਣ ਲਈ ਨੱਕ ਤੇ ਸਵਾਦ ਪਰਖਣ ਲਈ ਜੀਭ ਦਿੱਤੀ, ਤੁਰਨ ਲਈ ਤੈਨੂੰ ਪੈਰ

ਦਿੱਤੇ, ਸੋਚਣ ਤੇ ਵਿਚਾਰਨ ਲਈ ਸਾਰੇ ਅੰਗਾਂ ਵਿਚੋਂ ਸ਼ਿਰੋਮਣੀ ਅੰਗ ਦਿਮਾਗ ਬਣਾਇਆ ਹੈ, ਉਸ ਅਕਾਲ ਪੁਰਖੁ ਦੇ ਚਰਨਾਂ ਨੂੰ ਹਮੇਸ਼ਾਂ ਪੂਜਿਆ ਕਰ। ਉਸ ਅਕਾਲ ਪੁਰਖੁ ਨੂੰ ਸਿਮਰਿਆ ਕਰ, ਜਿਸ ਨੇ ਤੈਨੂੰ ਅਪਵਿਤਰ ਤੋਂ ਪਵਿਤਰ ਬਣਾ ਦਿੱਤਾ, ਤੇ ਤੈਨੂੰ ਸਾਰੀਆਂ ਜੂਨੀਆਂ ਦਾ ਸਰਦਾਰ ਬਣਾ ਦਿੱਤਾ। ਹੁਣ ਤੇਰੀ ਮਰਜ਼ੀ ਹੈ, ਕਿ ਤੂੰ ਉਸ ਨੂੰ ਯਾਦ ਕਰ ਕੇ ਜ਼ਿੰਦਗੀ ਵਿਚ ਕਾਮਯਾਬ ਹੋਣਾ ਹੈ ਜਾਂ ਅਕਿਰਤਘਣ ਬਣ ਕੇ ਆਪਣਾ ਮਨੁੱਖਾ ਜਨਮ ਵਿਅਰਥ ਗਵਾਉਣਾਂ ਹੈ। ਇਸ ਲਈ ਅਕਾਲ ਪੁਰਖੁ ਨੂੰ ਹਮੇਸ਼ਾਂ ਆਪਣੇ ਮਨ ਵਿਚ ਯਾਦ ਰੱਖਣਾਂ ਚਾਹੀਦਾ ਹੈ, ਕਿਉਂਕਿ ਉਸ ਨੂੰ ਚਿਤ ਵਿਚ ਰੱਖਣ ਨਾਲ ਹੀ ਮਨੁੱਖਾ ਜੀਵਨ ਦਾ ਮਨੋਰਥ ਸਫਲ ਹੁੰਦਾ ਹੈ। ਇਸ ਲੋਕ ਵਿਚ ਤੇ ਪਰਲੋਕ ਵਿਚ ਸਿਰਫ ਉਹ ਅਕਾਲ ਪੁਰਖੁ ਹੀ ਹੈ ਜੋ ਸਹਾਈ ਹੋ ਸਕਦਾ ਹੈ, ਜਿਸ ਪਾਸੇ ਵੀ ਝਾਤੀ ਮਾਰੀ ਜਾਏ, ਉਸੇ ਪਾਸੇ ਅਕਾਲ ਪੁਰਖੁ ਹੀ ਤੇਰੇ ਨਾਲ ਹੈ। ਪਰ ਵੇਖੋ ਮਨੁੱਖ ਦੇ ਮੰਦੇ ਭਾਗ, ਕਿ ਜਿਸ ਅਕਾਲ ਪੁਰਖੁ ਨੂੰ ਵਿਸਾਰਿਆਂ ਇਕ ਪਲ ਭਰ ਦਾ ਸਮਾ ਵੀ ਸੌਖਾ ਨਹੀਂ ਲੰਘ ਸਕਦਾ, ਉਸੇ ਅਕਾਲ ਪੁਰਖੁ ਨੂੰ ਯਾਦ ਲਈ ਮਨੁੱਖ ਆਪਣੇ ਮਨ ਵਿਚ ਆਲਸ ਕਰਦਾ ਹੈ। ਮਾਇਆ ਦੇ ਮੋਹ ਵਿਚ ਫਸ ਕੇ ਸੰਸਾਰੀ ਜੀਵ ਪਾਪੀ ਬਣ ਜਾਂਦੇ ਹਨ, ਬੁਧੀ ਹੋਣ ਦੇ ਬਾਵਜੂਦ ਗੁਣ-ਹੀਣ ਹੋ ਜਾਂਦੇ ਹਨ। ਅਸੀਂ ਨਾ ਤਾਂ ਕੋਈ ਸੇਵਾ-ਭਗਤੀ ਕਰਦੇ ਹਾਂ, ਤੇ ਨਾ ਹੀ ਸਾਡੇ ਕੰਮ ਚੰਗੇ ਹੁੰਦੇ ਹਨ। ਜਿਨ੍ਹਾਂ ਮਨੁੱਖਾਂ ਨੂੰ ਵੱਡੇ ਭਾਗਾਂ ਨਾਲ ਗੁਰੂ ਰੂਪੀ ਜਹਾਜ਼ ਮਿਲ ਗਿਆ, ਗੁਰਬਾਣੀ ਦੁਆਰਾ ਜੀਵਨ ਦੀ ਸਹੀ ਦਿਸ਼ਾ ਮਿਲ ਗਈ, ਉਹ ਗੁਰੂ ਦੀ ਸੰਗਤਿ ਵਿਚ ਵਿਚ ਮਿਲ ਬੈਠ ਕੇ ਆਪਣੇ ਅੰਦਰ ਅਕਾਲ ਪੁਰਖੁ ਵਰਗੇ ਗੁਣ ਪੈਦਾ ਕਰ ਲੈਂਦੇ ਹਨ। ਅਜੇਹਾ ਕਰਨ ਨਾਲ ਪੱਥਰ ਦਿਲ ਮਨੁੱਖ ਵੀ ਗੁਰੂ ਦੇ ਜਹਾਜ਼ ਵਿਚ ਬੈਠ ਕੇ ਇਸ ਸੰਸਾਰ-ਸਮੁੰਦਰ ਵਿਚੋਂ ਪਾਰ ਲੰਘ ਜਾਂਦੇ ਹਨ।

*ਅਪਵਿਤ੍ਰ ਪਵਿਤ੍ਰੁ ਜਿਨਿ ਤੂ ਕਰਿਆ ॥ ਸਗਲ ਜੋਨਿ ਮਹਿ ਤੂ ਸਿਰਿ ਧਰਿਆ ॥ ਅਬ ਤੂ ਸੀਝੁ ਭਾਵੈ ਨਹੀ ਸੀਝੈ ॥ ਕਾਰਜੁ ਸਵਰੈ ਮਨ ਪ੍ਰਭੁ ਧਿਆਈਜੈ ॥੬॥ (੯੧੩)*

ਅਕਾਲ ਪੁਰਖੁ, ਸਭ ਦਾ ਮੂਲ ਹੈ, ਤੇ ਉਹ ਆਪਣੇ ਹੁਕਮੁ ਅਨੁਸਾਰ ਸਾਰੀ ਸ੍ਰਿਸ਼ਟੀ ਪੈਦਾ ਕਰਦਾ ਹੈ। ਸਾਰੀਆਂ ਚੌਰਾਸੀ ਲੱਖ ਜੂਨਾਂ ਵਿਚੋਂ ਅਕਾਲ ਪੁਰਖੁ ਨੇ ਮਨੁੱਖਾ ਜਨਮ ਨੂੰ ਵਡਿਆਈ ਦਿੱਤੀ ਹੈ। ਪਰ ਜਿਹੜਾ ਮਨੁੱਖ ਇਸ ਪੌੜੀ ਤੋਂ ਖੁੰਝ ਜਾਂਦਾ ਹੈ, ਮਨੁੱਖਾ ਜਨਮ ਦਾ ਮੰਤਵ ਤੇ ਫਰਜ਼ ਨਹੀਂ ਸਮਝਦਾ, ਉਹ ਆਪਣਾ ਜੀਵਨ ਵਿਅਰਥ ਗਵਾ ਲੈਂਦਾ ਹੈ ਤੇ ਦੁਖ ਭੋਗਦਾ ਹੈ। ਗੁਰੂ ਦੀ ਸਰਨ ਪੈ ਕੇ ਅਕਾਲ ਪੁਰਖੁ ਦਾ ਕੀਮਤੀ ਨਾਮੁ ਪ੍ਰਾਪਤ ਕਰਨਾ ਚਾਹੀਦਾ ਹੈ, ਤੇ ਗੁਰਬਾਣੀ ਦੁਆਰਾ ਅਕਾਲ ਪੁਰਖੁ ਦੀ ਸਿਫ਼ਤਿ-ਸਾਲਾਹ ਕਰਨੀ ਚਾਹੀਦੀ ਹੈ, ਪਰੰਤੂ ਅਕਾਲ ਪੁਰਖੁ ਦੇ ਪੈਦਾ ਕੀਤੇ ਹੋਏ ਵਿਅਕਤੀ ਜਾਂ ਪਦਾਰਥਾਂ ਦੀ ਵਡਿਆਈ ਕਰਦੇ ਰਹਿਣਾ ਵਿਅਰਥ ਹੈ। ਪਰ ਜੀਵ ਦੇ ਵੱਸ ਦੀ ਗੱਲ ਨਹੀਂ ਹੈ, ਜਿਸ ਮਨੁੱਖ ਨੂੰ ਅਕਾਲ ਪੁਰਖੁ ਆਪ ਕੁਰਾਹੇ ਪਾ ਦੇਂਦਾ ਹੈ, ਉਹ ਮਨੁੱਖ ਕੁਰਾਹੇ ਪਿਆ ਰਹਿੰਦਾ ਹੈ। ਉਹੀ ਮਨੁੱਖ ਜੀਵਨ ਦਾ ਸਹੀ ਰਸਤਾ ਸਮਝਦਾ ਹੈ, ਜਿਸ ਨੂੰ ਅਕਾਲ ਪੁਰਖੁ ਆਪ ਸਮਝਾਂਦਾ ਹੈ। ਅਕਾਲ ਪੁਰਖੁ ਨੇ ਇਸ ਮਨੁੱਖਾ ਸਰੀਰ ਨੂੰ ਖ਼ੁਸ਼ੀ ਗ਼ਮੀ ਦਾ ਨਗਰ ਬਣਾ ਦਿੱਤਾ ਹੈ। ਉਹੀ ਮਨੁੱਖ ਇਨ੍ਹਾਂ ਦੇ ਪ੍ਰਭਾਵ ਤੋਂ ਬਚਦੇ ਹਨ, ਜਿਹੜੇ ਗੁਰੂ ਦੀ ਸਰਨ ਵਿਚ ਆ ਜਾਂਦੇ ਹਨ। ਜਿਹੜਾ ਮਨੁੱਖ ਗੁਰੂ ਦੇ ਸਨਮੁਖ ਹੋ ਕੇ ਮਾਇਆ ਦੇ ਤਿੰਨ ਗੁਣਾਂ ਤੋਂ ਨਿਰਾਲਾ ਰਹਿੰਦਾ ਹੈ, ਉਹ ਲੋਕ ਪਰਲੋਕ ਵਿਚ ਸ਼ੋਭਾ ਖੱਟਦਾ ਹੈ।

*ਲਖ ਚਉਰਾਸੀਹ ਜੋਨਿ ਸਬਾਈ ॥ ਮਾਣਸ ਕਉ ਪ੍ਰਭਿ ਦੀਈ ਵਡਿਆਈ ॥ ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ ॥੨॥ (੧੦੭੫)*

ਆਮ ਲੋਕਾਂ ਦਾ ਸਾਇੰਸ ਬਾਰੇ ਗਿਆਨ ਵੀ ਅਖਬਾਰਾਂ ਵਿਚ ਦਿੱਤੀ ਗਈ ਜਾਣਕਾਰੀ ਤਕ ਹੀ ਸੀਮਤ ਹੈ। ਅਖਬਾਰ ਜਾਂ ਟੀ.ਵੀ ਵਾਲੇ ਅਕਸਰ ਆਪਣੀ ਮਸ਼ਹੂਰੀ ਲਈ ਖ਼ਬਰ ਨੂੰ ਵਧਾ ਚੜ੍ਹਾ ਕੇ ਦਿੰਦੇ ਹਨ। ਸਚਾਈ ਜਾਨਣ ਲਈ ਮੁਢਲੀ ਜਾਣਕਾਰੀ ਜਰੂਰੀ ਹੈ, ਸਾਇੰਸਦਾਨ ਦਾ ਆਪਣਾ ਲੇਖ ਜੋ ਕਿ ਜਰਨਲ (Journal) ਵਿਚ ਛਪਿਆ ਹੈ, ਉਸ ਨੂੰ ਪੜ੍ਹਨਾਂ ਚਾਹੀਦਾ ਹੈ। ਜਰਨਲ ਵਿਚ ਛਪੇ ਲੇਖ ਵਿਚ ਅਕਸਰ ਗੁਣ ਤੇ ਖਾਮੀਆਂ ਦੋਵੇਂ ਸਾਂਝੀਆਂ ਕੀਤੀਆਂ ਜਾਂਦੀਆਂ ਹਨ, ਤਾਂ ਜੋ ਅਸਲੀਅਤ ਬਾਰੇ ਜਾਣਕਾਰੀ ਦਿਤੀ ਜਾ ਸਕੇ। ਅਖਬਾਰਾਂ ਲੱਖਾਂ ਦੀ ਗਿਣਤੀ ਵਿਚ ਛਪਦੀਆਂ ਹਨ, ਇਸ ਲਈ ਹਰੇਕ ਕੋਈ ਜਾਣ ਲੈਂਦਾ ਹੈ। ਪਰ ਜਰਨਲਾਂ ਦੀ ਗਿਣਤੀ ਤਾਂ ਕੁਝ ਸੈਂਕੜਿਆਂ ਵਿਚ ਹੁੰਦੀ ਹੈ, ਇਸ ਲਈ ਕੋਈ ਵਿਰਲਾ ਹੀ ਪੜ੍ਹਦਾ ਹੈ। ਜਿਸ ਕਰਕੇ ਲੋਕ ਸਚਾਈ ਤੋਂ ਦੂਰ ਹੀ ਰਹਿ ਜਾਂਦੇ ਹਨ। ਇਹੀ ਹਾਲ ਗੁਰਬਾਣੀ ਦਾ ਹੈ, ਕੋਈ ਵਿਰਲਾ ਹੀ ਗੁਰੂ ਗਰੰਥ ਸਾਹਿਬ ਨੂੰ ਪੜ੍ਹਦਾ ਤੇ ਫਿਰ ਖੋਜਦਾ ਹੈ। ਪਰ ਅੱਜਕਲ ਡੇਰੇ ਵਾਲੇ ਲੱਖਾਂ ਦੀ ਗਿਣਤੀ ਵਿਚ ਆਪਣੀਆਂ ਕਿਤਾਬਾਂ ਤੇ ਲਿਟਰੇਚਰ ਛਾਪ ਰਹੇ ਹਨ, ਪਰ ਕੋਈ ਵਿਰਲਾ ਹੀ ਕੋਈ ਛਪੀ ਹੋਈ ਵੀਚਾਰ ਨੂੰ ਗੁਰੂ ਗਰੰਥ ਸਾਹਿਬ ਦੀ ਕਸਵੱਟੀ ਤੇ ਪਰਖਦਾ ਹੈ। ਇਹੀ ਕਾਰਨ ਹੈ ਕਿ ਅੱਜਕਲ ਗੁਰਦੁਆਰਿਆਂ ਵਿਚ ਤੇ ਆਮ ਸਿੱਖਾਂ ਦੇ ਘਰਾਂ ਵਿਚ ਗੁਰਮਤਿ ਘੱਟ ਤੇ ਮਨਮਤਿ ਜਿਆਦਾ ਹੈ। ਜੇ ਕੋਈ ਵਿਰਲਾ ਸਚਾਈ ਦੱਸਣ ਦੀ ਕੋਸ਼ਿਸ਼ ਵੀ ਕਰਦਾ ਹੈ ਤਾਂ ਉਸ ਨੂੰ ਲੋਕਾਂ ਦੀਆਂ ਵੋਟਾਂ ਦੇ ਜੋਰ ਨਾਲ ਚੁੱਪ ਕਰਾ ਦਿੱਤਾ ਜਾਂਦਾ ਹੈ।

ਇਹ ਬੁਧੀ ਹੀ ਹੈ, ਜਿਸ ਨਾਲ ਮਨੁੱਖ ਠੀਕ ਅਤੇ ਗਲਤ ਵਿਚ ਅੰਤਰ ਪਤਾ ਕਰ ਸਕਦਾ ਹੈ। ਆਮ ਗਰੰਥੀਆਂ ਤੇ ਡੇਰੇ ਵਾਲਿਆਂ ਦਾ ਸਾਇੰਸ ਸਬੰਧੀ ਗਿਆਨ ਅਖਬਾਰਾਂ ਤਕ ਹੀ ਸੀਮਤ ਹੁੰਦਾ ਹੈ, ਅਸਲੀ ਸਾਇੰਸ ਤਕ ਨਹੀਂ। ਕਈ ਪਰਚਾਰਕ ਲੋਕਾਂ

ਨੂੰ ਭਾਵਕ ਬਣਾ ਕੇ, ਕੁਦਰਤ ਦੀ ਅਸਲੀਅਤ ਦਾ ਵੀ ਵਿਰੋਧ ਕਰਨਾ ਸ਼ੁਰੂ ਕਰ ਦਿੰਦੇ ਹਨ। ਹੋਰਨਾਂ ਧਰਮਾਂ ਦੇ ਸਾਇੰਸ ਨਾਲ ਮਤਭੇਦ ਹੋ ਸਕਦੇ ਹਨ, ਪਰੰਤੂ ਗੁਰੂ ਸਾਹਿਬਾਂ ਨੇ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਤਾਂ ਪੂਰਨ ਤੌਰ ਤੇ ਵਿਗਿਆਨਕ ਢੰਗ ਨਾਲ ਹੀ ਪੇਸ਼ ਕੀਤੀ ਹੈ।

ਗੁਰੂ ਸਾਹਿਬ ਮਨੁੱਖ ਨੂੰ ਸਮਝਾਂਉਂਦੇ ਹਨ, ਕਿ ਜਦੋਂ ਹਵਾ ਪਾਣੀ ਅੱਗ ਆਦਿਕ ਤੱਤਾਂ ਦਾ ਮਿਲਾਪ ਹੁੰਦਾ ਹੈ ਤਾਂ ਇਹ ਸਰੀਰ ਬਣਦਾ ਹੈ, ਤੇ ਇਸ ਵਿਚ ਚੰਚਲ ਤੇ ਇੱਕ ਥਾਂ ਨਾ ਟਿਕਣ ਵਾਲੀ ਬੁੱਧੀ ਦੀ ਦੌੜ-ਭੱਜ ਸ਼ੁਰੂ ਹੋ ਜਾਂਦੀ ਹੈ। ਸਰੀਰ ਦੀਆਂ ਨੌ ਗੋਲਕਾਂ ਇਸ ਦੌੜ-ਭੱਜ ਵਿਚ ਸ਼ਾਮਿਲ ਰਹਿੰਦੀਆਂ ਹਨ, ਸਿਰਫ਼ ਦਿਮਾਗ਼ ਹੀ ਹੈ, ਜਿਸ ਰਾਹੀਂ ਆਤਮਕ ਜੀਵਨ ਦੀ ਸੂਝ ਪੈ ਸਕਦੀ ਹੈ। ਜਿਹੜਾ ਮਨੁੱਖ ਗੁਰੂ ਦੀ ਸਰਨ ਪੈ ਕੇ ਆਪਣੇ ਆਤਮਕ ਜੀਵਨ ਨੂੰ ਪੜਤਾਲਦਾ ਰਹਿੰਦਾ ਹੈ, ਉਹ ਮਨੁੱਖ ਆਤਮਕ ਜੀਵਨ ਦੀ ਸੂਝ ਵਾਲਾ ਹੋ ਜਾਂਦਾ ਹੈ, ਉਸ ਨੂੰ ਇਹ ਸਮਝ ਆ ਜਾਂਦੀ ਹੈ, ਕਿ ਅਕਾਲ ਪੁਰਖੁ ਹਰੇਕ ਜੀਵ ਵਿਚ ਵਿਆਪਕ ਹੋ ਕੇ ਬੋਲਣ ਤੇ ਸੁਣਨ ਵਾਲਾ ਹੈ। ਜਦੋਂ ਮਨੁੱਖ ਨੂੰ ਗੁਰੂ ਮਿਲ ਜਾਂਦਾ ਹੈ, ਤਾਂ ਹੋਰ ਕੁਝ ਨਹੀਂ ਮਰਦਾ ਸਿਰਫ਼ ਮਨੁੱਖ ਦੇ ਅੰਦਰੋਂ ਹਉਮੈਂ ਦੀ ਮੌਤ ਹੁੰਦੀ ਹੈ, ਮਿੱਟੀ ਆਦਿਕ ਤੱਤਾਂ ਤੋਂ ਬਣੇ ਇਸ ਸਰੀਰ ਵਿਚ ਸੁਆਸ ਚਲਦਾ ਰਹਿੰਦਾ ਹੈ। ਗੁਰੂ ਨੂੰ ਮਿਲਣ ਨਾਲ ਮਨੁੱਖ ਦੇ ਅੰਦਰੋਂ ਮਾਇਆ ਦੀ ਖਿੱਚ ਖਤਮ ਹੋ ਜਾਂਦੀ ਹੈ, ਤੇ ਵਿਕਾਰ ਨਿਕਲ ਜਾਂਦੇ ਹਨ। ਪਰ ਉਹ ਆਤਮਾ ਨਹੀਂ ਮਰਦੀ ਜੋ ਸਭ ਦੀ ਸੰਭਾਲ ਕਰਨ ਵਾਲੇ ਅਕਾਲ ਪੁਰਖੁ ਦੀ ਅੰਸ਼ ਹੈ। ਕੀਮਤੀ ਨਾਮੁ ਰਤਨ ਮਨੁੱਖ ਦੇ ਹਿਰਦੇ ਵਿਚ ਹੀ ਵੱਸਦਾ ਹੈ, ਉਸ ਨੂੰ ਲੱਭਣ ਲਈ ਤੀਰਥਾਂ ਜਾਂ ਤਰ੍ਹਾਂ ਤਰ੍ਹਾਂ ਦੇ ਥਾਂਵਾਂ ਤੇ ਜਾ ਕੇ ਭਟਕਣ ਦੀ ਕੋਈ ਲੋੜ ਨਹੀਂ। ਜਿਸ ਮਨੁੱਖ ਨੂੰ ਗੁਰੂ ਨੇ ਅਕਾਲ ਪੁਰਖੁ ਦਾ ਦਰਸ਼ਨ ਕਰਾ ਦਿੱਤਾ, ਉਸ ਨੂੰ ਇਹ ਸਮਝ ਆ ਜਾਂਦੀ ਹੈ ਕਿ ਸਭ ਜੀਵਾਂ ਵਿਚ ਵਿਆਪਕ ਅਕਾਲ ਪੁਰਖੁ ਕਦੀ ਮਰਦਾ ਨਹੀਂ, ਸਿਰਫ ਮਨੁੱਖ ਦੇ ਅੰਦਰੋਂ ਮਾਇਆ ਦੀ ਮਮਤਾ ਰੂਪੀ ਚੁੜੇਲ ਹੀ ਮਰਦੀ ਹੈ।

*ਗਉੜੀ ਮਹਲਾ ੧ ॥ ਪਉਣੈ ਪਾਣੀ ਅਗਨੀ ਕਾ ਮੇਲੁ ॥ ਚੰਚਲ ਚਪਲ ਬੁਧਿ ਕਾ ਖੇਲੁ ॥ ਨਉ ਦਰਵਾਜੇ ਦਸਵਾ ਦੁਆਰੁ ॥ ਬੁਝੁ ਰੇ ਗਿਆਨੀ ਏਹੁ ਬੀਚਾਰੁ ॥ ੧॥ ਕਥਤਾ ਬਕਤਾ ਸੁਨਤਾ ਸੋਈ ॥ ਆਪੁ ਬੀਚਾਰੇ ਸੁ ਗਿਆਨੀ ਹੋਈ ॥੧॥ ਰਹਾਉ ॥ (੧੫੨)*

ਉਹ ਅਕਾਲ ਪੁਰਖੁ ਅਦ੍ਰਿੱਸ਼ ਹੈ, ਬੇਅੰਤ ਹੈ, ਅਪਹੁੰਚ ਹੈ, ਮਨੁੱਖ ਦੀਆਂ ਗਿਆਨ ਇੰਦ੍ਰੀਆਂ ਉਸ ਨੂੰ ਸਮਝ ਨਹੀਂ ਸਕਦੀਆਂ, ਮੌਤ ਉਸ ਨੂੰ ਪੋਹ ਨਹੀਂ ਸਕਦੀ, ਕਰਮਾਂ ਦਾ ਉਸ ਉਤੇ ਕੋਈ ਦਬਾਓ ਨਹੀਂ, ਆਮ ਜੀਵਾਂ ਦੀ ਤਰ੍ਹਾਂ ਉਹ ਕਰਮਾਂ ਦੇ ਅਧੀਨ ਨਹੀਂ। ਅਕਾਲ ਪੁਰਖੁ ਦੀ ਕੋਈ ਜਾਤ ਨਹੀਂ, ਉਹ ਜੂਨਾਂ ਵਿਚ ਨਹੀਂ ਪੈਂਦਾ, ਉਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੈ। ਨਾ ਉਸ ਨੂੰ ਕੋਈ ਮੋਹ ਹੈ, ਤੇ ਨਾ ਉਹ ਹੋਰ ਜੀਵਾਂ ਦੀ ਤਰ੍ਹਾਂ ਭਰਮਾਂ ਵਿਚ ਭਟਕਦਾ ਰਹਿੰਦਾ ਹੈ। ਉਹ ਅਕਾਲ ਪੁਰਖੁ ਸਦਾ ਕਾਇਮ ਰਹਿਣ ਵਾਲਾ ਹੈ ਤੇ ਸਚਾਈ ਦਾ ਸੋਮਾ ਹੈ। ਨਾ ਉਸ ਦਾ ਕੋਈ ਰੂਪ ਹੈ, ਨਾ ਰੰਗ ਹੈ ਤੇ ਨਾ ਕੋਈ ਚਿਹਨ ਚੱਕ੍ਰ ਹੈ। ਅਕਾਲ ਪੁਰਖੁ ਬਾਰੇ ਤੇ ਉਸ ਦੀ ਅਸਲੀਅਤ ਬਾਰੇ ਸੱਚੇ ਸ਼ਬਦ ਵਿਚ ਜੁੜਨ ਨਾਲ ਪਤਾ ਲੱਗਦਾ ਹੈ। ਉਸ ਅਕਾਲ ਪੁਰਖੁ ਦੀ ਨਾ ਕੋਈ ਮਾਂ ਹੈ, ਨਾ ਕੋਈ ਪਿਉ, ਨਾ ਕੋਈ ਉਸ ਦਾ ਪੁੱਤਰ ਹੈ, ਤੇ ਨਾ ਕੋਈ ਰਿਸ਼ਤੇਦਾਰ ਹੈ। ਨਾ ਉਸ ਨੂੰ ਕਾਮ ਦੀ ਵਾਸਨਾ ਹੈ ਤੇ ਨਾ ਹੀ ਉਸ ਦੀ ਕੋਈ ਵਹੁਟੀ ਹੈ। ਉਸ ਦੀ ਕੋਈ ਖ਼ਾਸ ਕੁਲ ਨਹੀਂ, ਉਹ ਮਾਇਆ ਦੇ ਪ੍ਰਭਾਵ ਤੋਂ ਪਰੇ ਹੈ, ਬੇਅੰਤ ਹੈ, ਪਰੇ ਤੋਂ ਪਰੇ ਹੈ। ਸਭ ਥਾਂ ਉਸ ਦੀ ਹੀ ਜੋਤਿ ਪ੍ਰਕਾਸ਼ ਕਰ ਰਹੀ ਹੈ, ਹਰੇਕ ਸਰੀਰ ਦੇ ਅੰਦਰ ਅਕਾਲ ਪੁਰਖੁ ਗੁਪਤ ਹੋ ਕੇ ਬੈਠਾ ਹੋਇਆ ਹੈ, ਹਰੇਕ ਘਟ ਵਿਚ, ਹਰ ਥਾਂ ਉਸੇ ਦੀ ਜੋਤਿ ਹੈ, ਪਰ ਮਾਇਆ ਦੇ ਮੋਹ ਦੇ ਕਰੜੇ ਕਵਾੜ ਲੱਗੇ ਹੋਣ ਕਰ ਕੇ ਜੀਵ ਨੂੰ ਇਹ ਸਮਝ ਨਹੀਂ ਆਉਂਦੀ। ਗੁਰੂ ਦੀ ਮਤਿ ਤੇ ਤੁਰ ਕੇ ਜਿਸ ਮਨੁੱਖ ਦੀ ਇਹ ਕੂੜ ਦੀ ਪਾਲ ਟੁਟ ਜਾਂਦੀ ਹੈ, ਉਸ ਨੂੰ ਇਹ ਸਮਝ ਆਉਂਦੀ ਹੈ, ਕਿ ਹਰੇਕ ਜੀਵ ਵਿਚ ਵਿਆਪਕ ਹੁੰਦਾ ਹੋਇਆ ਵੀ ਅਕਾਲ ਪੁਰਖੁ ਨਿਡਰ ਅਵਸਥਾ ਵਿਚ ਟਿਕਿਆ ਬੈਠਾ ਹੈ।

*ਘਟ ਘਟ ਅੰਤਰਿ ਬ੍ਰਹਮੁ ਲੁਕਾਇਆ ਘਟਿ ਘਟਿ ਜੋਤਿ ਸਬਾਈ ॥ ਬਜਰ ਕਪਾਟ ਮੁਕਤੇ ਗੁਰਮਤੀ ਨਿਰਭੈ ਤਾੜੀ ਲਾਈ ॥੩॥ (੫੯੭)*

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜਦੋਂ ਇਹ ਸਰੀਰ ਨਹੀਂ ਸੀ ਤਾਂ ਇਹ ਮਨ ਕਿਥੇ ਰਹਿੰਦਾਂ ਸੀ। ਗੁਰੂ ਸਾਹਿਬ ਜੋਗੀਆਂ ਨੂੰ ਸਮਝਾਂਉਂਦੇ ਹਨ ਕਿ ਜਦੋਂ ਨਾ ਹਿਰਦਾ ਸੀ, ਨਾ ਸਰੀਰ ਸੀ, ਤਦੋਂ ਵੈਰਾਗੀ ਮਨ ਨਿਰਗੁਣ ਅਕਾਲ ਪੁਰਖੁ ਵਿਚ ਟਿਕਿਆ ਹੋਇਆ ਸੀ। ਜਦੋਂ ਨਾਭੀ ਚੱਕਰ ਰੂਪ ਥੰਮੀ ਨਹੀਂ ਸੀ, ਤਦੋਂ ਪ੍ਰਾਣ ਅਕਾਲ ਪੁਰਖੁ ਦਾ ਪ੍ਰੇਮੀ ਹੋ ਕੇ ਆਪਣੇ ਅਸਲ ਘਰ ਅਕਾਲ ਪੁਰਖੁ ਵਿਚ ਵੱਸਦਾ ਸੀ। ਜਦੋਂ ਜਗਤ ਦਾ ਕੋਈ ਰੂਪ ਰੇਖ ਨਹੀਂ ਸੀ, ਤਦੋਂ ਉਹ ਸ੍ਰੇਸ਼ਟ ਸ਼ਬਦ ਜੋ ਦੁਤਰ ਸਾਗਰ ਤੋਂ ਤਾਰਦਾ ਹੈ, ਕੁਲ ਰਹਿਤ ਅਕਾਲ ਪੁਰਖੁ ਵਿਚ ਰਹਿੰਦਾ ਸੀ। ਜਦੋਂ ਜਗਤ ਦੀ ਹਸਤੀ ਨਹੀਂ ਸੀ, ਅਕਾਸ਼ ਨਹੀਂ ਸੀ, ਤਦੋਂ ਆਕਾਰ ਰਹਿਤ ਤ੍ਰਿਭਵਣੀ ਜੋਤਿ ਭਾਵ, ਤ੍ਰਿਲੋਕੀ ਵਿਚ ਵਿਆਪਕ ਹੋਣ ਵਾਲੀ ਜੋਤਿ, ਅਕਾਲ ਪੁਰਖੁ ਆਪ ਹੀ ਆਪ ਸੀ। ਇਕੋ ਅਸਚਰਜ ਸ਼ਬਦ-ਰੂਪ ਅਕਾਲ ਪੁਰਖੁ ਆਪ ਹੀ ਸੀ, ਉਹੀ ਜਗਤ ਦਾ ਰੰਗ ਭੇਖ ਤੇ ਰੂਪ ਸੀ। ਸਦਾ ਕਾਇਮ ਰਹਿਣ ਵਾਲੇ ਅਕਾਲ ਪੁਰਖੁ ਨੂੰ ਮਿਲਣ ਤੋਂ ਬਿਨਾ ਕੋਈ ਮਨੁੱਖ ਸੁੱਚਾ ਨਹੀਂ ਹੈ ਤੇ ਉਸ ਅਕਾਲ ਪੁਰਖੁ ਦਾ ਕੋਈ ਸਹੀ ਸਰੂਪ ਬਿਆਨ ਨਹੀਂ ਕੀਤਾ ਜਾ ਸਕਦਾ ਹੈ।

*ਹਿਰਦਾ ਦੇਹ ਨ ਹੋਤੀ ਅਉਧੂ ਤਉ ਮਨੁ ਸੁੰਨਿ ਰਹੈ ਬੈਰਾਗੀ ॥ ਨਾਭਿ ਕਮਲੁ ਅਸਥੰਭੁ ਨ ਹੋਤੋ ਤਾ ਨਿਜ ਘਰਿ ਬਸਤਉ ਪਵਨੁ ਅਨਰਾਗੀ ॥ ਰੂਪੁ ਨ ਰੇਖਿਆ ਜਾਤਿ ਨ ਹੋਤੀ ਤਉ ਅਕੁਲੀਣਿ ਰਹਤਉ ਸਬਦੁ ਸੁ ਸਾਰੁ ॥ ਗਉਨੁ ਗਗਨੁ ਜਬ ਤਬਹਿ ਨ ਹੋਤਉ*

*ਤ੍ਰਿਭਵਣ ਜੋਤਿ ਆਪੇ ਨਿਰੰਕਾਰੁ ॥ ਵਰਨੁ ਭੇਖੁ ਅਸਰੂਪੁ ਸੁ ਏਕੋ ਏਕੋ ਸਬਦੁ ਵਿਡਾਣੀ ॥ ਸਾਚ ਬਿਨਾ ਸੂਚਾ ਕੋ ਨਾਹੀ ਨਾਨਕ ਅਕਥ ਕਹਾਣੀ ॥੬੭॥ (੯੪੫, ੯੪੬)*

ਗੁਰੂ ਸਾਹਿਬ ਨੂੰ ਜੋਗੀਆਂ ਨੇ ਸਵਾਲ ਕੀਤਾ ਸੀ ਕਿ ਜਗਤ ਕਿਸ ਕਿਸ ਵਿਧੀ ਨਾਲ ਉਪਜਦਾ ਹੈ, ਕਿਸ ਤਰ੍ਹਾਂ ਦੁਖ ਵਿਚ ਪੈਂਦਾ ਹੈ ਤੇ ਕਿਵੇਂ ਨਾਸ ਹੋ ਜਾਂਦਾ ਹੈ? ਗੁਰੂ ਸਾਹਿਬ ਜੋਗੀਆਂ ਨੂੰ ਉੱਤਰ ਦੇ ਕੇ ਸਮਝਾਂਉਂਦੇ ਹਨ ਕਿ ਜਗਤ ਹਉਮੈ ਵਿਚ ਪੈਦਾ ਹੁੰਦਾ ਹੈ, ਜੇ ਇਸ ਨੂੰ ਅਕਾਲ ਪੁਰਖੁ ਦਾ ਨਾਮੁ ਵਿੱਸਰ ਜਾਏ ਤਾਂ ਦੁਖ ਪਾਂਦਾ ਹੈ। ਜੋ ਮਨੁੱਖ ਗੁਰੂ ਦੇ ਹੁਕਮੁ ਵਿਚ ਤੁਰਦਾ ਹੈ, ਉਹ ਤੱਤ-ਗਿਆਨ ਨੂੰ ਵਿਚਾਰਦਾ ਹੈ ਤੇ ਆਪਣੀ ਹਉਮੈ ਗੁਰੂ ਦੇ ਸ਼ਬਦ ਦੀ ਰਾਹੀਂ ਸਾੜਦਾ ਹੈ। ਇਥੇ ਸਾੜਨ ਦਾ ਭਾਵ ਅੱਗ ਨਾਲ ਸਾੜਨ ਦਾ ਨਹੀਂ ਹੈ, ਇਸ ਦਾ ਭਾਵ ਇਹ ਹੈ ਕਿ ਜਦੋਂ ਗੁਰਬਾਣੀ ਦੁਆਰਾ ਗਿਆਨ ਪ੍ਰਾਪਤ ਕਰਕੇ ਮਨੁੱਖ ਨੂੰ ਸੋਝੀ ਆਉਂਦੀ ਹੈ, ਤਾਂ ਉਸ ਦਾ ਹੰਕਾਰ ਘਟਨਾ ਸ਼ੁਰੂ ਹੋ ਜਾਂਦਾ ਹੈ ਤੇ ਉਸ ਮਨੁੱਖ ਨੂੰ ਹੰਕਾਰ ਤੇ ਹੋਰ ਵਿਕਾਰਾਂ ਤੇ ਕਾਬੂ ਪਾਉਂਣ ਦੀ ਜਾਚ ਆ ਜਾਂਦੀ ਹੈ। ਉਸ ਦਾ ਤਨ, ਮਨ ਤੇ ਬਾਣੀ ਪਵਿਤ੍ਰ ਹੋ ਜਾਂਦੇ ਹਨ, ਉਹ ਸਦਾ ਕਾਇਮ ਰਹਿਣ ਵਾਲੇ ਅਕਾਲ ਪੁਰਖੁ ਵਿਚ ਟਿਕਿਆ ਰਹਿੰਦਾ ਹੈ। ਉਹ ਮਨੁੱਖ ਅਕਾਲ ਪੁਰਖੁ ਦੇ ਚਰਨਾਂ ਦਾ ਮਤਵਾਲਾ ਹੋ ਕੇ ਨਿਰੋਲ ਅਕਾਲ ਪੁਰਖੁ ਦੇ ਨਾਮੁ ਵਿਚ ਜੁੜਿਆ ਰਹਿੰਦਾ ਹੈ, ਸਦਾ ਅਕਾਲ ਪੁਰਖੁ ਨੂੰ ਆਪਣੇ ਹਿਰਦੇ ਵਿਚ ਟਿਕਾਈ ਰੱਖਦਾ ਹੈ। ਜੇ ਕਰ ਗੁਰਬਾਣੀ ਦੁਆਰਾ ਪ੍ਰਾਪਤ ਕੀਤੇ ਗਏ ਗਿਆਨ ਦੁਆਰਾ ਆਪਣੇ ਹਿਰਦੇ ਵਿਚ ਵਿਚਾਰ ਕੇ ਵੇਖਾਂਗੇ ਤਾਂ ਸਮਝ ਆ ਜਾਵੇਗੀ ਕਿ ਅਕਾਲ ਪੁਰਖੁ ਦੇ ਨਾਮੁ ਤੋਂ ਬਿਨਾ, ਉਸ ਨਾਲ ਮਿਲਾਪ ਕਦੇ ਨਹੀਂ ਹੋ ਸਕਦਾ। ਜੇ ਕਰ ਅਸੀਂ ਚਾਹੀਏ ਤਾਂ ਗੁਰਬਾਣੀ ਦੁਆਰਾ ਦਿਤੀ ਗਈ ਸਿਖਿਆ ਅਨੁਸਾਰ ਚਲ ਕੇ ਆਪਣੇ ਜੀਵਨ ਵਿਚ ਇਸ ਸਚਾਈ ਨੂੰ ਵੇਖ ਸਕਦੇ ਹਾਂ ਤੇ ਖ਼ੁਦ ਆਪ ਤਜਰਬਾ ਹਾਸਲ ਕਰ ਸਕਦੇ ਹਾਂ। ਜੇ ਕਰ ਅਸੀਂ ਆਪਣੇ ਜੀਵਨ ਵਿਚ ਗੁਰਬਾਣੀ ਦੁਆਰਾ ਸਮਝਾਏ ਗਏ ਨਾਮੁ[ਕ੦੧] ਤੇ ਜੀਵਨ ਵਿਚ ਵਿਚਰਨ ਦੇ ਸਹੀ ਰਸਤੇ ਨੂੰ ਅਪਨਾ ਲਈਏ ਤਾਂ ਅਸੀਂ ਆਪਣੇ ਆਪ ਸਿੱਖੀ ਦੇ ਪ੍ਰਚਾਰਕ ਤੇ ਗਵਾਹ ਬਣ ਸਕਦੇ ਹਾਂ ਤੇ ਮਨੁੱਖਤਾ ਦਾ ਭਲਾ ਕਰ ਸਕਦੇ ਹਾਂ।

*ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ਕਿਤੁ ਕਿਤੁ ਦੁਖਿ ਬਿਨਸਿ ਜਾਈ ॥ ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ ॥ ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ ਹਉਮੈ ਸਬਦਿ ਜਲਾਏ ॥ ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਾਚੈ ਰਹੈ ਸਮਾਏ ॥ ਨਾਮੇ ਨਾਮਿ ਰਹੈ ਬੈਰਾਗੀ ਸਾਚੁ ਰਖਿਆ ਉਰਿ ਧਾਰੇ ॥ ਨਾਨਕ ਬਿਨੁ ਨਾਵੈ ਜੋਗੁ ਕਦੇ ਨ ਹੋਵੈ ਦੇਖਹੁ ਰਿਦੈ ਬੀਚਾਰੇ ॥੬੮॥ (੯੪੬)*

ਸਦੀਆਂ ਤੋਂ ਪੱਛੀ ਆਪਣੇ ਆਲ੍ਹਣੇ ਉਸੇ ਤਰ੍ਹਾਂ ਬਣਾਈ ਜਾ ਰਹੇ ਹਨ, ਉਨ੍ਹਾਂ ਨੇ ਕੋਈ ਨਵੀਂ ਈਜਾਦ ਨਹੀਂ ਕੀਤੀ, ਕੋਈ ਨਵਾਂ ਤਰੀਕਾ ਨਹੀਂ ਅਪਨਾਇਆ ਹੈ। ਜਾਨਵਰਾਂ ਤੇ ਪੱਛੀਆਂ ਦੀ ਦੁਨੀਆ ਵਿਚ ਸਭ ਕੁਝ ਉਸੇ ਤਰ੍ਹਾਂ ਹੀ ਚਲ ਰਿਹਾ ਹੈ। ਇਸ ਦੇ ਉਲਟ, ਮਨੁੱਖ ਪਹਿਲਾਂ ਜੰਗਲਾਂ ਵਿਚ ਰਹਿੰਦਾ ਸੀ, ਫਿਰ ਗੁਫਾਵਾਂ ਵਿਚ, ਤੇ ਹੁਣ ਵੱਡੀਆਂ ਵੱਡੀਆਂ ਬਿਲਡਿੰਗਾਂ ਵਿਚ ਰਹਿ ਰਿਹਾ ਹੈ। ਪਹਿਲਾਂ ਲਕੜੀ ਦੇ ਹਥਿਆਰ ਵਰਤਦਾ ਸੀ, ਤੇ ਹੁਣ ਕਈ ਗੁਣਾਂ ਤਰੱਕੀ ਕਰ ਲਈ ਹੈ, ਤੇ ਉਹ ਚੀਜ਼ਾ ਈਜ਼ਾਦ ਕੀਤੀਆਂ ਹਨ, ਜਿਨ੍ਹਾਂ ਦੇ ਉਹ ਪਹਿਲਾ ਸਿਰਫ ਸੁਪਨੇ ਲੈਂਦਾ ਸੀ। ਕੰਮਪਿਊਟਰ, ਕਾਰਾਂ, ਗੱਡੀਆਂ, ਹਵਾਈ ਜਹਾਜ਼, ਰਾਕਟ, ਆਦਿ ਕਈ ਤਰ੍ਹਾਂ ਦੀਆਂ ਨਵੀਆਂ ਕਾਢਾਂ ਕਢੀਆਂ ਹਨ, ਤੇ ਹੋਰ ਤਰੱਕੀ ਕਰੀ ਜਾ ਰਿਹਾ ਹੈ। ਮਨੁੱਖ ਦੇ ਅੰਦਰ ਬੁਧੀ ਹੈ, ਉਹ ਕੁਦਰਤ ਵਿਚ ਹੋ ਰਹੀਆਂ ਕਿਰਿਆਵਾਂ ਨੂੰ ਵੇਖਦਾ ਹੈ, ਉਸ ਦੇ ਕਾਰਨ ਬਾਰੇ ਸੋਚਦਾ ਹੈ, ਵਿਚਾਰਦਾ ਹੈ, ਤੇ ਕੁਝ ਨਵਾਂ ਲੱਭਣ ਦੀ ਤਰਕੀਬ ਸੋਚਦਾ ਹੈ। ਇਹ ਬੁਧੀ ਹੀ ਹੈ ਜਿਸ ਕਰਕੇ ਮਨੁੱਖ ਇਹ ਸਭ ਕੁਝ ਕਰ ਸਕਦਾ ਹੈ, ਜੋ ਕਿ ਦੂਸਰੇ ਜਾਨਵਰਾਂ ਕੋਲ ਨਹੀਂ ਹੈ।

ਪੰਛੀਆਂ ਤੇ ਜਾਨਵਰਾਂ ਨੂੰ ਤਾਂ ਅਕਾਲ ਪੁਰਖੁ ਤੇ ਭਰੋਸਾ ਹੈ, ਕਿ ਰਿਜਕ ਮਿਲ ਜਾਵੇਗਾ, ਪਰੰਤੂ ਮਨੁੱਖ ਨੂੰ ਨਹੀਂ। ਇਸੇ ਲਈ ਜਿਆਦਾ ਤਰ ਲੋਕ ਧਨ ਇਕੱਠਾ ਕਰਨ ਵਿਚ ਆਪਣਾ ਸਾਰਾ ਜੀਵਨ ਵਿਅਰਥ ਗਵਾ ਦਿੰਦੇ ਹਨ। ਬਾਕੀ ਜਾਨਵਰ ਤਾਂ ਅਕਾਲ ਪੁਰਖੁ ਦੇ ਹੁਕਮੁ ਤੇ ਰਜ਼ਾ ਅਨੁਸਾਰ ਚਲਦੇ ਹਨ, ਪਰ ਮਨੁੱਖ ਅਕਸਰ ਆਪਣੀ ਮਤ ਅਨੁਸਾਰ ਚਲਣ ਦੀ ਕੋਸ਼ਿਸ਼ ਕਰਦਾ ਹੈ। ਇਹੀ ਕਾਰਨ ਹੈ ਕਿ ਬਾਕੀ ਜਾਨਵਰ ਤਾਂ ਬਹੁਤ ਘੱਟ ਦੁਖੀ ਦਿਖਾਈ ਦਿੰਦੇ ਹਨ, ਪਰੰਤੂ ਮਨੁੱਖਾ ਵਿਚੋਂ ਕੋਈ ਵਿਰਲਾ ਹੀ ਹੋਵੇਗਾ, ਜਿਹੜਾ ਸੁਖੀ ਦਿਖਾਈ ਦਿੰਦਾ ਹੈ। ਉਸ ਦਾ ਕਾਰਨ ਇਹ ਹੈ ਕਿ ਬੁਧੀ ਦੇ ਨਾਲ ਕਾਮ ਕ੍ਰੋਧ ਲੋਭ ਮੋਹ ਤੇ ਹੰਕਾਰ ਵੀ ਨਾਲ ਮਿਲੇ ਹਨ, ਜਿਹੜੇ ਮਨੁੱਖ ਦੇ ਵਿਕਾਰਾਂ ਤੇ ਦੁਖਾਂ ਦਾ ਕਾਰਨ ਬਣਦੇ ਹਨ। ਇਸ ਲਈ ਬਿਬੇਕ ਬੁਧੀ ਦੀ ਲੋੜ ਹੈ, ਜਿਸ ਨਾਲ ਮਨੁੱਖ ਇਨ੍ਹਾਂ ਪੰਜ ਵਿਕਾਰਾਂ ਦਾ ਗੁਲਾਮ ਬਣਨ ਦੀ ਬਜਾਏ, ਇਨ੍ਹਾਂ ਨੂੰ ਆਪਣੇ ਆਤਮਿਕ ਤੇ ਮਾਨਸਿਕ ਵਿਕਾਸ ਲਈ ਵਰਤੇ। ਇਹ ਸਭ ਕੁਝ ਉਸ ਅਕਾਲ ਪੁਰਖੁ ਨੂੰ ਹਿਰਦੇ ਵਿਚ ਵਸਾਉਂਣ ਨਾਲ ਤੇ ਉਸ ਵਰਗੇ ਗੁਣ ਆਪਣੇ ਅੰਦਰ ਪੈਦਾ ਕਰਨ ਨਾਲ ਹੀ ਹੋ ਸਕਦੇ ਹਨ। ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ ਮੂਰਖ ਕਹੇ ਜਾਂਦੇ ਹਨ, ਤੇ ਉਹ ਆਤਮਕ ਜੀਵਨ ਵਲੋਂ ਬੇ-ਸਮਝ ਰਹਿ ਜਾਂਦੇ ਹਨ। ਫਿਰ ਸਮਝ ਲਵੋ ਕਿ ਅਜੇਹੇ ਮਨੁੱਖਾਂ ਦੇ ਮੱਥੇ ਉਤੇ ਮੰਦੀ ਕਿਸਮਤ ਲਿਖੀ ਹੋਈ ਹੈ। ਜਿਨ੍ਹਾਂ ਮਨੁੱਖਾਂ ਦੇ ਮੱਥੇ ਉਤੇ ਧੁਰੋਂ ਚੰਗਾ ਭਾਗ ਲਿਖਿਆ ਹੋਇਆ ਹੈ, ਉਹ ਗੁਰੂ ਪਾਸੋਂ ਅਕਾਲ ਪੁਰਖੁ ਦਾ ਨਾਮੁ ਪ੍ਰਾਪਤ ਕਰਕੇ, ਗੁਰੂ ਪਾਸੋਂ ਚੰਗੇ ਮੰਦੇ ਕੰਮ ਦੀ ਪਰਖ ਕਰਨ ਵਾਲੀ ਅਕਲ ਹਾਸਲ ਕਰਦੇ ਹਨ, ਤੇ ਅਕਾਲ ਪੁਰਖੁ ਦੇ ਮਿਲਾਪ ਵਾਸਤੇ ਗੁਰੂ ਪਾਸੋਂ ਆਤਮਕ ਜੀਵਨ ਦੀ ਸੂਝ ਪ੍ਰਾਪਤ ਕਰਦੇ ਹਨ। ਹੁਣ ਇਹ ਸਾਡੇ ਤੇ ਨਿਰਭਰ ਕਰਦਾ ਹੈ ਕਿ ਅਸੀ ਗੁਰਬਾਣੀ ਦਾ ਗਿਆਨ ਹਾਸਲ ਕਰਕੇ ਬਿਬੇਕ ਬੁਧੀ ਪ੍ਰਾਪਤ ਕਰਨੀ ਹੈ ਕਿ ਨਹੀਂ।

*ਬਿਬੇਕ ਬੁਧਿ ਸਤਿਗੁਰ ਤੇ ਪਾਈ ਗੁਰ ਗਿਆਨੁ ਗੁਰੂ ਪ੍ਰਭ ਕੇਰਾ ॥ ਜਨ ਨਾਨਕ ਨਾਮੁ ਗੁਰੂ ਤੇ ਪਾਇਆ ਧੁਰਿ ਮਸਤਕਿ ਭਾਗੁ ਲਿਖੇਰਾ ॥੪॥੧॥ (੭੧੧)*

ਗੁਰੂ ਦੀ ਸਰਨ ਵਿਚ ਆਏ ਮਨੁੱਖ ਅਕਾਲ ਪੁਰਖੁ ਦੇ ਚਰਨਾਂ ਵਿਚ ਟਿਕਾਣਾ ਪ੍ਰਾਪਤ ਕਰ ਲੈਂਦੇ ਹਨ। ਗੁਰੂ ਪਾਸੋਂ ਚੰਗੇ ਮੰਦੇ ਕੰਮ ਦੀ ਪਰਖ ਕਰ ਸਕਣ ਵਾਲੀ ਅਕਲ ਪ੍ਰਾਪਤ ਕਰ ਕੇ ਆਪਣੀ ਜੀਵਨ ਦੀ ਰਾਤ ਆਨੰਦ ਵਿਚ ਬਤੀਤ ਕਰਦੇ ਹਨ। ਗੁਰੂ ਦੀ ਮਤਿ ਸਦਕਾ ਅਕਾਲ ਪੁਰਖੁ ਦੇ ਨਾਮੁ ਦੁਆਰਾ ਉਨ੍ਹਾਂ ਦੇ ਅੰਦਰ ਆਤਮਕ ਜੀਵਨ ਦਾ ਚਾਨਣ ਹੋ ਜਾਂਦਾ ਹੈ। ਜਿਹੜੇ ਮਨੁੱਖ ਗੁਰੂ ਦੀ ਸਰਨ ਵਿਚ ਰਹਿੰਦੇ ਹਨ, ਉਨ੍ਹਾਂ ਨੂੰ ਅਕਾਲ ਪੁਰਖੁ ਦਾ ਨਾਮੁ ਪਿਆਰਾ ਲੱਗਣ ਲੱਗ ਪੈਂਦਾ ਹੈ, ਦਿਨ ਰਾਤ ਉਨ੍ਹਾਂ ਦੇ ਅੰਦਰ ਆਤਮਕ ਆਨੰਦ ਬਣਿਆ ਰਹਿੰਦਾ ਹੈ, ਉਹ ਮਨੁੱਖ ਅਕਾਲ ਪੁਰਖੁ ਦੇ ਨਾਮੁ ਵਿਚ ਲੀਨ ਰਹਿੰਦੇ ਹਨ।

*ਬਿਬੇਕ ਬੁਧੀ ਸੁਖਿ ਰੈਣਿ ਵਿਹਾਣੀ ਗੁਰਮਤਿ ਨਾਮਿ ਪ੍ਰਗਾਸਾ ॥ (੭੭੨)*

ਗੁਰੂ ਸਾਹਿਬ ਸਮਝਾਂਉਂਦੇ ਹਨ ਕਿ ਸਰਬ ਵਿਆਪਕ ਅਦ੍ਰਿਸ਼ਟ ਅਭੇਵ ਤੇ ਅਪਹੁੰਚ ਅਕਾਲ ਪੁਰਖੁ, ਸਤਿਗੁਰੂ ਦੇ ਬਚਨਾ ਨੂੰ ਵਿਚਾਰਨ ਤੇ ਜੀਵਨ ਵਿਚ ਅਪਨਾਉਂਣ ਨਾਲ ਲੱਭ ਪੈਂਦਾ ਹੈ। ਉਹ ਪੂਰਨ ਪੁਰਖ ਭਾਗਾਂ ਵਾਲੇ ਹਨ, ਕਿਸਮਤ ਵਾਲੇ ਹਨ, ਜਿਨ੍ਹਾਂ ਨੇ ਗੁਰੂ-ਸੰਤ ਦੀ ਸੰਗਤਿ ਵਿਚ ਮਿਲ ਬੈਠ ਕੇ ਅਕਾਲ ਪੁਰਖੁ ਦੇ ਗੁਣ ਵਿਚਾਰੇ ਤੇ ਯਾਦ ਕੀਤੇ ਹਨ। ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ ਚੰਗੇ ਮੰਦੇ ਕਰਮ ਦੀ ਪਰਖ ਕਰ ਸਕਣ ਵਾਲੀ ਅਕਲ ਹਾਸਲ ਕਰ ਲੈਂਦੇ ਹਨ, ਅਕਾਲ ਪੁਰਖੁ ਦੇ ਗੁਣਾਂ ਨੂੰ ਆਪਣੇ ਮਨ ਵਿਚ ਵਸਾ ਲੈਂਦੇ ਹਨ, ਤੇ ਗੁਰੂ ਦੇ ਸ਼ਬਦ ਦੀ ਬਰਕਤਿ ਨਾਲ ਅਕਾਲ ਪੁਰਖੁ ਦੇ ਗੁਣਾਂ ਨੂੰ ਸਦਾ ਹਰ ਸਮੇਂ ਯਾਦ ਕਰਦੇ ਰਹਿੰਦੇ ਹਨ। ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ ਉਠਦੇ, ਬੈਠਦੇ ਹਮੇਸ਼ਾਂ ਅਕਾਲ ਪੁਰਖੁ ਦਾ ਨਾਮੁ ਆਪਣੇ ਚਿਤ ਵਿਚ ਰੱਖਦੇ ਹਨ।

*ਬਿਬੇਕ ਬੁਧਿ ਬੀਚਾਰਿ ਗੁਰਮੁਖਿ ਗੁਰ ਸਬਦਿ ਖਿਨੁ ਖਿਨੁ ਹਰਿ ਨਿਤ ਚਵੇ ॥ (੧੧੧੪)*

ਗੁਰੂ ਸਾਹਿਬ ਸਮਝਾਂਉਂਦੇ ਹਨ ਕਿ ਜੇ ਕੋਈ ਮੇਰੇ ਹਿਰਦੇ ਵਿਚ ਗੁਰਮਤਿ ਦੁਆਰਾ ਅਕਾਲ ਪੁਰਖੁ ਦੇ ਨਾਮੁ ਦਾ ਆਨੰਦ ਤੇ ਆਤਮਕ ਜੀਵਨ ਦੀ ਸੂਝ ਪੱਕੀ ਕਰ ਦੇਵੇ ਤਾਂ ਮੈਂ ਆਪਣਾ ਮਨ ਤੇ ਤਨ, ਸਭ ਕੁਝ ਉਸ ਦੇ ਅੱਗੇ ਭੇਟਾ ਕਰ ਦਿਆਂ। ਅਕਾਲ ਪੁਰਖੁ ਹੀ ਪੂਜਣ-ਯੋਗ ਦੇਵਤਾ ਹੈ, ਅਕਾਲ ਪੁਰਖੁ ਦੇ ਨਾਮੁ ਰਸ ਵਿਚ ਲੀਨ ਹੋ ਕੇ ਸਦਾ ਸਰਬ-ਵਿਆਪਕ ਅਕਾਲ ਪੁਰਖੁ ਦੀ ਭਗਤੀ ਕਰਨੀ ਚਾਹੀਦੀ ਹੈ। ਅਕਾਲ ਪੁਰਖੁ ਦਾ ਨਾਮੁ, ਅਕਾਲ ਪੁਰਖੁ ਦੇ ਗੁਣ ਹੀ ਰੁੱਖਾਂ ਦੀਆਂ ਸ਼ਾਖ਼ਾਂ ਹਨ, ਜਿਨ੍ਹਾਂ ਨਾਲੋਂ ਨਾਮੁ ਤੇ ਸਿਫ਼ਤਿ-ਸਾਲਾਹ ਦੇ ਫੁੱਲ ਚੁਣ ਚੁਣ ਕੇ ਅਕਾਲ ਪੁਰਖੁ ਦੀ ਪੂਜਾ ਕਰਨੀ ਚਾਹੀਦੀ ਹੈ। ਹੋਰ ਸਭ ਚਤੁਰਾਈਆਂ ਨਾਲੋਂ ਜਗਤ ਵਿਚ ਚੰਗੇ ਮੰਦੇ ਕਰਮ[ਹ੨੧] ਦੀ ਪਰਖ ਕਰ ਸਕਣ ਵਾਲੀ ਅਕਲ ਹੀ ਸਭ ਤੋਂ ਪਵਿਤਰ ਹੈ। ਇਸ ਦੀ ਸਹਾਇਤਾ ਨਾਲ ਅਕਾਲ ਪੁਰਖੁ ਦੇ ਗੁਣ ਮਨ ਵਿਚ ਵਸਾ ਕੇ ਆਤਮਕ ਜੀਵਨ ਦੇਣ ਵਾਲਾ ਨਾਮੁ ਰਸ ਪੀਣਾ ਚਾਹੀਦਾ ਹੈ। ਇਹ ਨਾਮੁ ਰਸ ਗੁਰੂ ਦੀ ਕਿਰਪਾ ਨਾਲ ਮਿਲਦਾ ਹੈ, ਇਸ ਲਈ ਆਪਣਾ ਮਨ ਗੁਰੂ ਦੇ ਹਵਾਲੇ ਕਰ ਦੇਣਾ ਚਾਹੀਦਾ ਹੈ। ਅਕਾਲ ਪੁਰਖੁ ਦਾ ਨਾਮੁ ਰੂਪੀ ਹੀਰਾ ਬਹੁਤ ਹੀ ਕੀਮਤੀ ਤੇ ਸੋਹਣਾ ਹੈ, ਇਸ ਲਈ ਨਾਮੁ ਰੂਪੀ ਹੀਰੇ ਨਾਲ ਆਪਣੇ ਮਨ ਨੂੰ ਸਦਾ ਪਰੋ ਕੇ ਰੱਖਣਾ ਚਾਹੀਦਾ ਹੈ। ਗੁਰੂ ਦੇ ਸ਼ਬਦ[ਹ੧੦] ਦੁਆਰਾ ਇਹ ਮਨ ਸ੍ਰੇਸ਼ਟ ਮੋਤੀ ਬਣ ਸਕਦਾ ਹੈ, ਕਿਉਂਕਿ ਸ਼ਬਦ ਦੀ ਬਰਕਤ ਨਾਲ ਨਾਮੁ ਹੀਰੇ ਦੀ ਕਦਰ ਤੇ ਕੀਮਤ ਦੀ ਸਮਝ ਪੈ ਜਾਂਦੀ ਹੈ। ਗੁਰੂ ਦੀ ਸੰਗਤਿ[ਹ੧੭] ਵਿਚ ਰਹਿ ਕੇ ਗੁਰਬਾਣੀ ਦੇ ਚਰਨੀਂ ਲੱਗ ਕੇ ਉੱਚੇ ਜੀਵਨ ਵਾਲੇ ਬਣ ਸਕਦੇ ਹਾਂ। ਜਿਵੇਂ ਪਿੱਪਲ ਛਿਛਰਿਆਂ ਨੂੰ ਆਪਣੇ ਵਿਚ ਲੀਨ ਕਰ ਕੇ ਆਪਣੇ ਵਰਗਾ ਹੀ ਬਣਾ ਲੈਂਦਾ ਹੈ। ਇਸੇ ਤਰ੍ਹਾਂ ਜਿਸ ਮਨੁੱਖ ਵਿਚ ਅਕਾਲ ਪੁਰਖੁ ਦੇ ਨਾਮੁ ਦੀ ਸੁਗੰਧੀ ਵੱਸ ਜਾਂਦੀ ਹੈ, ਉਸ ਮਨੁੱਖ ਅੰਦਰ ਅਕਾਲ ਪੁਰਖੁ ਵਰਗੇ ਗੁਣ ਪੈਦਾ ਹੋਣੇ ਸ਼ੁਰੂ ਹੋ ਜਾਂਦੇ ਹਨ ਤੇ ਉਹ ਸਭ ਪ੍ਰਾਣੀਆਂ ਵਿਚੋਂ ਉੱਚੇ ਜੀਵਨ ਵਾਲਾ ਬਣ ਜਾਂਦਾ ਹੈ।

*ਬਿਬੇਕ ਬੁਧਿ ਸਭ ਜਗ ਮਹਿ ਨਿਰਮਲ ਬਿਚਰਿ ਬਿਚਰਿ ਰਸੁ ਪੀਜੈ ॥ ਗੁਰ ਪਰਸਾਦਿ ਪਦਾਰਥੁ ਪਾਇਆ ਸਤਿਗੁਰ ਕਉ ਇਹੁ ਮਨੁ ਦੀਜੈ ॥੨॥ (੧੩੨੫)*

ਗੁਰੂ ਸਾਹਿਬ ਆਪਣੇ ਸਰੀਰ ਨੂੰ ਸਮਝਾਂਉਂਦੇ ਹਨ ਕਿ ਹੇ ਮੇਰੇ ਸਰੀਰ! ਤੂੰ ਦੁਨੀਆ ਦੇ ਪਦਾਰਥਾਂ ਵਿਚੋਂ ਅਨੰਦ ਢੂੰਢਦਾ ਹੈਂ, ਪਰ ਆਨੰਦ ਦਾ ਸੋਮਾ ਤਾਂ ਅਕਾਲ ਪੁਰਖੁ ਆਪ ਹੈ, ਜੋ ਤੇਰੇ ਅੰਦਰ ਵੱਸਦਾ ਹੈ। ਜਦੋਂ ਅਕਾਲ ਪੁਰਖੁ ਨੇ ਆਪਣੀ ਜੋਤਿ ਤੇਰੇ ਅੰਦਰ ਰੱਖੀ, ਤਾਂ ਤੂੰ ਇਸ ਜਗਤ ਵਿਚ ਆਇਆ ਸੀ। ਗੁਰੂ ਸਾਹਿਬ ਦੁਬਾਰਾ ਪੱਕਾ ਕਰਨ ਲਈ ਇਹ ਸਮਝਾਂਉਂਦੇ ਹਨ, ਕਿ ਯਕੀਨ ਜਾਣ ਕਿ ਜਦੋਂ ਅਕਾਲ ਪੁਰਖੁ ਨੇ ਤੇਰੇ ਅੰਦਰ ਆਪਣੀ ਜੋਤਿ ਰੱਖੀ, ਤਾਂ ਹੀ ਤੂੰ ਜਗਤ ਵਿਚ ਜੰਮਿਆ। ਜਿਹੜਾ ਅਕਾਲ ਪੁਰਖੁ ਜੀਵ ਨੂੰ ਪੈਦਾ ਕਰਕੇ ਇਸ ਜਗਤ ਵਿਚ ਭੇਜਦਾ ਹੈ, ਉਹ ਆਪ ਹੀ ਉਸ ਦੀ ਮਾਂ ਹੈ ਤੇ ਆਪ ਹੀ ਉਸ ਦਾ ਪਿਤਾ ਹੈ। ਅਕਾਲ ਪੁਰਖੁ ਆਪ ਹੀ ਮਾਪਿਆਂ ਵਾਂਗ ਜੀਵ ਨੂੰ ਹਰ ਤਰ੍ਹਾਂ ਦੇ ਸੁਖ ਦਿੰਦਾ ਹੈ, ਕਿਉਂਕਿ ਅਕਾਲ ਪੁਰਖੁ ਆਪ ਹੀ ਸੁਖ ਤੇ ਆਨੰਦ ਦਾ ਦਾਤਾ ਹੈ। ਪਰੰਤੂ ਜੀਵ ਜਗਤ ਦੇ ਮਾਇਕ ਪਦਾਰਥਾਂ ਵਿਚੋਂ ਆਨੰਦ ਭਾਲਦਾ ਹੈ। ਜਦੋਂ ਗੁਰੂ ਦੀ ਮਿਹਰ ਨਾਲ ਜੀਵ ਨੂੰ ਗਿਆਨ ਹੁੰਦਾ ਹੈ ਤਾਂ ਇਸ ਨੂੰ ਸਮਝ ਆਉਂਦੀ ਹੈ ਕਿ ਇਹ ਜਗਤ ਤਾਂ ਇਕ ਖੇਡ ਹੈ, ਫਿਰ ਜੀਵ ਨੂੰ ਇਹ ਜਗਤ ਮਦਾਰੀ ਦਾ ਇਕ ਤਮਾਸ਼ਾ ਦਿੱਸਦਾ ਹੈ, ਤੇ ਪਤਾ ਲਗ ਜਾਂਦਾ ਹੈ ਕਿ ਸਦਾ-ਥਿਰ ਰਹਿਣ ਵਾਲਾ ਆਤਮਕ ਆਨੰਦ ਇਸ ਜਗਤ ਦੀ ਮਾਇਆ ਵਿਚ ਨਹੀਂ ਹੋ ਸਕਦਾ।

*ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ ॥ ਹਰਿ ਜੋਤਿ ਰਖੀ ਤੁਧੁ ਵਿਚਿ ਤਾ ਤੂ ਜਗ ਮਹਿ ਆਇਆ ॥ ਹਰਿ ਆਪੇ ਮਾਤਾ ਆਪੇ ਪਿਤਾ ਜਿਨਿ ਜੀਉ ਉਪਾਇ ਜਗਤੁ ਦਿਖਾਇਆ ॥ ਗੁਰ ਪਰਸਾਦੀ ਬੁਝਿਆ ਤਾ ਚਲਤੁ ਹੋਆ ਚਲਤੁ ਨਦਰੀ ਆਇਆ ॥ ਕਹੈ ਨਾਨਕੁ ਸ੍ਰਿਸਟਿ ਕਾ ਮੂਲੁ ਰਚਿਆ ਜੋਤਿ ਰਾਖੀ ਤਾ ਤੂ ਜਗ ਮਹਿ ਆਇਆ ॥੩੩॥ (੯੨੧)*

ਜਦੋਂ ਅਕਾਲ ਪੁਰਖੁ ਨੇ ਜਗਤ ਦੀ ਰਚਨਾ ਦਾ ਮੁੱਢ ਬੱਧਾ, ਜੀਵ ਦੇ ਸਰੀਰ ਅੰਦਰ ਆਪਣੀ ਜੋਤਿ ਪਾਈ, ਤਾਂ ਉਸ ਨੇ ਜਗਤ ਵਿਚ ਜਨਮ ਲਿਆ। ਜੇ ਕਰ ਅਕਾਲ ਪੁਰਖੁ ਨੇ ਇਹ ਸਰੀਰ ਦਿਤਾ ਹੈ, ਉਸ ਦੇ ਅੰਦਰ ਆਪਣੀ ਜੋਤਿ ਟਿਕਾਈ ਹੈ, ਇਹ ਬੁਧੀ ਵੀ ਸਮਝਣ ਤੇ ਵਿਚਾਰਨ ਲਈ ਦਿਤੀ ਹੈ, ਫਿਰ ਅਸੀਂ ਕਿਉਂ ਨਹੀਂ ਗੁਰੂ ਦੀ ਮਤ ਦੁਆਰਾ ਇਸ ਨੂੰ ਬਿਬੇਕ ਬੁਧੀ ਵਿਚ ਤਪਦੀਲ ਕਰਕੇ ਜੀਵਨ ਵਿਚ ਆਨੰਦ ਦੀ ਅਵਸਥਾ ਪ੍ਰਾਪਤ ਕਰਨ ਦਾ ਯਤਨ ਕਰਦੇ ਤਾਂ ਜੋ ਸਾਡਾ ਇਹ ਮਨੁੱਖਾ ਜਨਮ ਸਫਲ ਹੋ ਸਕੇ।

ਜੇ ਕਰ ਉਪਰ ਲਿਖੀਆਂ, ਗੁਰਬਾਣੀ ਦੀਆਂ ਸਿਖਿਆਵਾਂ, ਨੂੰ ਇਕੱਠਾ ਕਰੀਏ ਤਾਂ ਅਸੀਂ ਨਿਸਚੇ ਨਾਲ ਸਮਝ ਸਕਦੇ ਹਾਂ, ਕਿ ਅਕਾਲ ਪੁਰਖੁ ਨੇ ਮਨੁੱਖ ਨੂੰ ਇਹ ਬੁਧੀ ਮਨੁੱਖਾ ਜਨਮ ਸਫਲ ਕਰਨ ਲਈ ਦਿਤੀ ਹੈ।

- ਮਨੁੱਖ ਕੋਲ ਬੁਧੀ ਹੈ ਜੋ ਕਿ ਹੋਰ ਜੀਵਾਂ ਕੋਲ ਨਹੀਂ ਹੈ। ਮਨੁੱਖ ਸੋਚ ਸਕਦਾ ਹੈ, ਗਿਆਨ ਹਾਸਲ ਕਰ ਸਕਦਾ ਹੈ, ਨਵੀਆਂ ਕਾਢਾਂ ਕੱਢ ਸਕਦਾ ਹੈ, ਦੂਸਰਿਆਂ ਜੀਵਾਂ ਨੂੰ ਆਪਣੇ ਕਾਬੂ ਵਿਚ ਰੱਖ ਸਕਦਾ ਹੈ ਤੇ ਆਪਣੇ ਮਤਲਬ ਲਈ ਵਰਤ ਸਕਦਾ ਹੈ।
- ਅਕਾਲ ਪੁਰਖੁ ਨੇ ਮਨੁੱਖ ਨੂੰ ਸੁੰਦਰ ਰੂਪ, ਸਿਆਣਪ, ਚਤੁਰਾਈ, ਸੋਚ, ਭੋਜਨ, ਕੱਪੜੇ, ਸੁਗੰਧੀਆਂ, ਸੋਨਾ, ਚਾਂਦੀ ਤੇ ਅਨੇਕਾਂ ਧਨ ਪਦਾਰਥ ਦਿਤੇ ਹਨ। ਪਰ ਕਾਮ, ਕ੍ਰੋਧ, ਲੋਭ ਮੋਹ ਤੇ ਹੰਕਾਰ ਵਿਚ ਫਸੇ ਹੋਣ ਕਰਕੇ ਸੰਸਾਰ ਵਿਚ ਅਸ਼ਾਂਤੀ ਤੇ ਬਰਬਾਦੀ ਫੈਲਾ ਰੱਖੀ ਹੈ।
- ਗੁਰੂ ਸਾਹਿਬ ਸਮਝਾਂਉਂਦੇ ਹਨ ਕਿ ਜਿਸ ਅਕਾਲ ਪੁਰਖੁ ਨੇ ਤੈਨੂੰ ਇਤਨਾਂ ਕੁਝ ਦਿਤਾ ਹੈ, ਉਸ ਮਾਲਕ ਨੂੰ ਸਦਾ ਆਪਣੇ ਚਿੱਤ ਵਿਚ ਟਿਕਾਈ ਰੱਖ ਤੇ ਆਪਣੇ ਅੰਦਰ ਅਕਾਲ ਪੁਰਖੁ ਵਰਗੇ ਗੁਣ ਪੈਦਾ ਕਰ।
- ਜਿਹੜਾ ਮਨੁੱਖ ਇਸ ਮਨੁੱਖਾ ਜਨਮ ਦਾ ਮੰਤਵ ਤੇ ਫਰਜ਼ ਨਹੀਂ ਸਮਝਦਾ, ਉਹ ਆਪਣਾ ਜੀਵਨ ਵਿਅਰਥ ਗਵਾ ਲੈਂਦਾ ਹੈ ਤੇ ਦੁਖ ਭੋਗਦਾ ਹੈ।
- ਕੋਈ ਵਿਰਲਾ ਹੀ ਗੁਰੂ ਗਰੰਥ ਸਾਹਿਬ ਨੂੰ ਪੜ੍ਹਦਾ ਤੇ ਫਿਰ ਖੋਜਦਾ ਹੈ ਤਾਂ ਜੋ ਠੀਕ ਅਤੇ ਗਲਤ ਵਿਚ ਅੰਤਰ ਸਮਝ ਸਕੇ ਤੇ ਜੀਵਨ ਦੀ ਅਸਲੀਅਤ ਬਾਰੇ ਜਾਣਕਾਰੀ ਹਾਸਲ ਕਰ ਸਕੇ।
- ਹੋਰਨਾਂ ਧਰਮਾਂ ਦੇ ਸਾਇੰਸ ਨਾਲ ਮਤਭੇਦ ਹੋ ਸਕਦੇ ਹਨ, ਪਰੰਤੂ ਗੁਰੂ ਸਾਹਿਬਾਂ ਨੇ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਤਾਂ ਪੂਰਨ ਤੌਰ ਤੇ ਵਿਗਿਆਨਕ ਢੰਗ ਨਾਲ ਹੀ ਪੇਸ਼ ਕੀਤੀ ਹੈ।
- ਮਨੁੱਖ ਨੂੰ ਗੁਰੂ ਦੁਆਰਾ ਇਹ ਸਮਝ ਆ ਜਾਂਦੀ ਹੈ, ਕਿ ਸਭ ਜੀਵਾਂ ਵਿਚ ਵਿਆਪਕ ਅਕਾਲ ਪੁਰਖੁ ਕਦੀ ਮਰਦਾ ਨਹੀਂ, ਸਿਰਫ ਮਨੁੱਖ ਦੇ ਅੰਦਰੋਂ ਮਾਇਆ ਦੀ ਮਮਤਾ ਰੂਪੀ ਚੁੜੇਲ ਮਰਦੀ ਹੈ।
- ਗੁਰੂ ਸਾਹਿਬ ਸਮਝਾਂਉਂਦੇ ਹਨ ਕਿ ਜਦੋਂ ਨਾ ਹਿਰਦਾ ਸੀ, ਨਾ ਸਰੀਰ ਸੀ, ਨਾ ਜਗਤ ਸੀ, ਨਾ ਅਕਾਸ਼ ਸੀ, ਤਦੋਂ ਅਕਾਲ ਪੁਰਖੁ ਸਿਰਫ ਆਪ ਹੀ ਆਪ ਸੀ, ਤੇ ਉਸ ਅਕਾਲ ਪੁਰਖੁ ਦਾ ਕੋਈ ਸਹੀ ਸਰੂਪ ਬਿਆਨ ਨਹੀਂ ਕੀਤਾ ਜਾ ਸਕਦਾ ਹੈ।
- ਪੰਛੀਆਂ ਤੇ ਜਾਨਵਰਾਂ ਨੂੰ ਤਾਂ ਅਕਾਲ ਪੁਰਖੁ ਤੇ ਭਰੋਸਾ ਹੈ ਕਿ ਰਿਜਕ ਮਿਲ ਜਾਵੇਗਾ, ਪਰੰਤੂ ਮਨੁੱਖ ਨੂੰ ਨਹੀਂ। ਇਸੇ ਲਈ ਜਿਆਦਾ ਤਰ ਲੋਕ ਧਨ ਇਕੱਠਾ ਕਰਨ ਵਿਚ ਆਪਣਾ ਸਾਰਾ ਜੀਵਨ ਵਿਅਰਥ ਗਵਾ ਦਿੰਦੇ ਹਨ।
- ਕਾਮ ਕ੍ਰੋਧ ਲੋਭ ਮੋਹ ਤੇ ਹੰਕਾਰ ਮਨੁੱਖ ਦੇ ਦੁਖਾਂ ਦਾ ਕਾਰਨ ਬਣਦੇ ਹਨ। ਇਸ ਲਈ ਬਿਬੇਕ ਬੁਧੀ ਦੀ ਲੋੜ ਹੈ, ਜਿਸ ਨਾਲ ਮਨੁੱਖ ਇਨ੍ਹਾਂ ਪੰਜ ਵਿਕਾਰਾਂ ਦਾ ਗੁਲਾਮ ਬਣਨ ਦੀ ਬਜਾਏ, ਇਨ੍ਹਾਂ ਨੂੰ ਆਪਣੇ ਆਤਮਿਕ ਤੇ ਮਾਨਸਿਕ ਵਿਕਾਸ ਲਈ ਵਰਤੇ।
- ਜਿਹੜੇ ਮਨੁੱਖ ਗੁਰੂ ਦੀ ਸਰਨ ਵਿਚ ਰਹਿੰਦੇ ਹਨ, ਉਹ ਮਨੁੱਖ ਅਕਾਲ ਪੁਰਖੁ ਦੇ ਨਾਮੁ ਵਿਚ ਲੀਨ ਰਹਿੰਦੇ ਹਨ ਤੇ ਉਨ੍ਹਾਂ ਅੰਦਰ ਆਤਮਕ ਆਨੰਦ ਬਣਿਆ ਰਹਿੰਦਾ ਹੈ।
- ਗੁਰੂ ਦੇ ਸ਼ਬਦ ਦੁਆਰਾ ਇਹ ਮਨ ਸ੍ਰੇਸ਼ਟ ਮੋਤੀ ਬਣ ਸਕਦਾ ਹੈ, ਕਿਉਂਕਿ ਸ਼ਬਦ ਦੀ ਬਰਕਤ ਨਾਲ ਨਾਮੁ ਹੀਰੇ ਦੀ ਕਦਰ ਤੇ ਕੀਮਤ ਦੀ ਸਮਝ ਪੈ ਜਾਂਦੀ ਹੈ।
- ਅਕਾਲ ਪੁਰਖੁ ਨੇ ਸਾਨੂੰ ਇਹ ਸਰੀਰ, ਜੋਤਿ ਤੇ ਬੁਧੀ ਦਿਤੀ ਹੈ। ਇਸ ਲਈ ਆਓ ਅਸੀਂ ਗੁਰੂ ਦੀ ਮਤ ਦੁਆਰਾ ਇਸ ਨੂੰ ਬਿਬੇਕ ਬੁਧੀ ਵਿਚ ਤਪਦੀਲ ਕਰਕੇ ਆਪਣਾ ਮਨੁੱਖਾ ਜਨਮ ਸਫਲ ਕਰਈਏ।

**"ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ"**

ਤਤਕਰਾ

## ਗੁਰੂ ਗਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਅਨੁਸਾਰ ਬੇਅੰਤ ਖਾਣੀਆਂ ਹਨ (ਭਾਗ–੧੪)

## Countless are the modes of reproduction according to Guru Granth Sahib (Part-14)

ਪੁਰਾਤਨ ਲਿਖਤਾ ਵਿਚ ਸ੍ਰਿਸ਼ਟੀ ਦੀ ਉਤਪੱਤੀ ਦੇ ਚਾਰ ਤਰੀਕੇ (੪ ਖਾਣੀਆਂ) ਮੰਨੀਆਂ ਗਈਆਂ ਹਨ, ਅੰਡਜ ਜੇਰਜ ਸੇਤਜ ਉਤਭੁਜ। **ਅੰਡਜ**: ਆਂਡਿਆਂ ਤੋਂ ਪੈਦਾ ਹੋਣ ਵਾਲੇ ਜੀਵ, ਪੰਛੀ ਆਦਿ; **ਜੇਰਜ**: ਜਿਓਰ ਤੋਂ ਪੈਦਾ ਹੋਏ ਜੀਵ, ਪਸ਼ੂ, ਮਨੁੱਖ ਆਦਿ; **ਸੇਤਜ**: ਪਸੀਨੇ ਤੋਂ ਪੈਦਾ ਹੋਏ ਜੀਵ, ਜੂਆਂ ਆਦਿ; **ਉਤਭੁਜ**: ਧਰਤੀ ਵਿਚੋਂ ਉੱਗਣ ਵਾਲੇ, ਬਨਸਪਤੀ। ਜਿਆਦਾਤਰ ਆਮ ਲੋਕਾਂ ਦੁਆਰਾ ਪ੍ਰਚਾਰ ਵਿਚ ਵੀ ੪ ਖਾਣੀਆਂ ਹੀ ਕਹੀਆਂ ਜਾਂਦੀਆਂ ਹਨ, ਪਰੰਤੂ ਗੁਰੂ ਸਾਹਿਬਾਂ ਨੇ ਆਪਣੇ ਆਪ ਨੂੰ ੪ ਖਾਣੀਆਂ ਤਕ ਸੀਮਿਤ ਨਹੀਂ ਰੱਖਿਆ, ਬਲਕਿ ਕਈ ਪ੍ਰਕਾਰ ਦੀਆਂ ਖਾਣੀਆਂ ਬਾਰੇ ਕਿਹਾ ਹੈ।

ਅਕਾਲ ਪੁਰਖੁ ਸਭ ਤਾਕਤਾਂ ਦਾ ਮਾਲਕ ਹੈ, ਉਸ ਦਾ ਸਰੂਪ ਸਹੀ ਤਰ੍ਹਾਂ ਬਿਆਨ ਨਹੀਂ ਕੀਤਾ ਜਾ ਸਕਦਾ, ਉਹ ਗਿਆਨ ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਹੈ, ਉਹ ਨੂਰ ਹੀ ਨੂਰ ਹੈ। ਅਕਾਲ ਪੁਰਖੁ ਦੀ ਰਚਨਾ ਬੇਅੰਤ ਹੈ, ਜਿਸ ਨੇ ਸਾਰੇ ਸੰਸਾਰ ਵਿਚ ਅਨੇਕਾਂ ਹੀ ਜੀਵ ਜੰਤੂ ਤੇ ਪਦਾਰਥ ਰਚੇ ਹਨ। ਸਾਰੇ ਜੀਵ ਜੰਤੂਆਂ ਨੂੰ ਅਕਾਲ ਪੁਰਖੁ ਆਪ ਹੀ ਪੈਦਾ ਕਰਨ ਵਾਲਾ ਹੈ ਤੇ ਆਪ ਹੀ ਸਭ ਨੂੰ ਰਿਜ਼ਕ ਦੇਣ ਵਾਲਾ ਹੈ। ਅਕਾਲ ਪੁਰਖੁ ਆਪ ਹੀ ਸਭ ਦੀ ਸੰਭਾਲ ਕਰਦਾ ਹੈ ਤੇ ਸਭ ਨੂੰ ਆਸਰਾ ਦੇਣ ਵਾਲਾ ਹੈ। ਅੰਡਜ ਜੇਰਜ ਸੇਤਜ ਉਤਭੁਜ ਇਨ੍ਹਾਂ ਚੌਹਾਂ ਖਾਣੀਆਂ ਦੇ ਜੀਵਾਂ ਦੀ ਉਹ ਕਈ ਤਰੀਕਿਆਂ ਨਾਲ ਪਾਲਣਾ ਕਰਦਾ ਹੈ।

***ਸਮਰਥ ਅਕਥ ਅਗੋਚਰ ਦੇਵਾ ॥ ਜੀਅ ਜੰਤ ਸਭਿ ਤਾ ਕੀ ਸੇਵਾ ॥ ਅੰਡਜ ਜੇਰਜ ਸੇਤਜ ਉਤਭੁਜ ਬਹੁ ਪਰਕਾਰੀ ਪਾਲਕਾ ॥੪॥***

*(੧੦੮੪, ੧੦੮੫)*

ਅਕਾਲ ਪੁਰਖੁ ਆਪ ਸਦਾ ਥਿਰ ਰਹਿਣ ਵਾਲਾ ਹੈ, ਜਗਤ ਨੂੰ ਪੈਦਾ ਕਰਨ ਵਾਲਾ ਤੇ ਜੀਵਾਂ ਦੀ ਪਾਲਣਾ ਕਰਨ ਵਾਲਾ ਉਹ ਅਕਾਲ ਪੁਰਖੁ ਆਪ ਹੀ ਹੈ। ਜਿਸ ਅਕਾਲ ਪੁਰਖੁ ਨੇ ਆਪ ਹੀ ਆਪਣੇ ਆਪ ਨੂੰ ਜਗਤ ਦੇ ਰੂਪ ਵਿਚ ਪਰਗਟ ਕੀਤਾ ਹੋਇਆ ਹੈ, ਉਹ ਅਦ੍ਰਿਸ਼ਟ ਹੈ ਤੇ ਬੇਅੰਤ ਹੈ। ਧਰਤੀ ਤੇ ਆਕਾਸ਼ ਜਗਤ ਦੇ ਦੋਵੇਂ ਪੁੜ ਜੋੜ ਕੇ ਭਾਵ, ਸ੍ਰਿਸ਼ਟੀ ਦੀ ਰਚਨਾ ਕਰ ਕੇ, ਅਕਾਲ ਪੁਰਖੁ ਨੇ ਜੀਵਾਂ ਨੂੰ ਮਾਇਆ ਦੇ ਮੋਹ ਵਿਚ ਫਸਾ ਕੇ ਆਪਣੇ ਨਾਲੋਂ ਵਿਛੋੜ ਦਿੱਤਾ ਹੈ, ਭਾਵ, ਇਹ ਅਕਾਲ ਪੁਰਖੁ ਦੀ ਰਜ਼ਾ ਹੈ ਕਿ ਜੀਵ ਮਾਇਆ ਦੇ ਮੋਹ ਵਿਚ ਫਸ ਕੇ ਅਕਾਲ ਪੁਰਖੁ ਨੂੰ ਭੁਲਾ ਬੈਠੇ ਹਨ। ਗੁਰੂ ਦੇ ਗਿਆਨ ਤੋਂ ਬਿਨਾ, ਮਨੁੱਖ ਮਾਇਆ ਦੇ ਮੋਹ ਵਿਚ ਫਸਿਆ ਪਿਆ ਹੈ, ਆਪਣੇ ਅੰਦਰਲੇ ਹਉਮੈ ਕਰਕੇ ਸਬਦ ਗੁਰੂ ਕੋਲੋਂ ਸੋਝੀ ਲੈਣ ਲਈ ਤਿਆਰ ਨਹੀਂ, ਇਹੀ ਕਾਰਨ ਹੈ ਕਿ ਇਤਨੀ ਤਕਨੀਕੀ ਤਰੱਕੀ ਕਰਨ ਦੇ ਬਾਵਜੂਦ ਵੀ ਮਨੁੱਖ ਦੇ ਮਨ ਅੰਦਰ ਘੁੱਪ ਹਨੇਰਾ ਹੈ। ਉਸ ਅਕਾਲ ਪੁਰਖੁ ਨੇ ਹੀ ਸੂਰਜ ਤੇ ਚੰਦ੍ਰਮਾ ਬਣਾਏ ਹਨ, ਸੂਰਜ ਦਿਨ ਵੇਲੇ ਤੇ ਚੰਦ੍ਰਮਾ ਰਾਤ ਵੇਲੇ ਚਾਨਣ ਦੇਂਦਾ ਹੈ। ਸੂਰਜ ਤੇ ਚੰਦ੍ਰਮਾ ਦੋਵੇਂ ਬਾਹਰੀ ਚਾਨਣ ਤਾਂ ਦੇ ਸਕਦੇ ਹਨ, ਪਰੰਤੂ ਮਨ ਵਿਚ ਚਾਨਣ ਪੈਦਾ ਕਰਨ ਲਈ ਸਬਦ ਗੁਰੂ ਕੋਲ ਜਾਣਾ ਪਵੇਗਾ। ਇਹ ਹਮੇਸ਼ਾਂ ਚੇਤੇ ਰੱਖਣਾਂ ਚਾਹੀਦਾ ਹੈ, ਕਿ ਇਹ ਜਗਤ ਇਕ ਖੇਲ ਤਮਾਸ਼ਾ ਹੈ, ਜਿਸ ਨੂੰ ਅਕਾਲ ਪੁਰਖੁ ਨੇ ਆਪ ਬਣਾਇਆ ਹੈ, ਤੇ ਸਦਾ ਲਈ ਥਿਰ ਰਹਿਣ ਵਾਲਾ ਮਾਲਕ, ਸਿਰਫ ਉਹ ਆਪ ਹੀ ਹੈ। ਅਕਾਲ ਪੁਰਖੁ ਆਪ ਹੀ ਸਭ ਜੀਵਾਂ ਨੂੰ ਸਦਾ ਥਿਰ ਰਹਿਣ ਵਾਲੇ ਪਿਆਰ ਦੀ ਦਾਤ ਦੇਂਦਾ ਹੈ। ਅਕਾਲ ਪੁਰਖੁ ਨੇ ਆਪ ਸ੍ਰਿਸ਼ਟੀ ਪੈਦਾ ਕੀਤੀ ਹੈ, ਤੇ ਜੀਵਾਂ ਨੂੰ ਦੁਖ ਤੇ ਸੁਖ ਦੇਣ ਵਾਲਾ ਵੀ ਉਹ ਆਪ ਹੀ ਹੈ। ਜਗਤ ਵਿਚ ਇਸਤ੍ਰੀਆਂ ਤੇ ਮਰਦ ਵੀ ਅਕਾਲ ਪੁਰਖੁ ਨੇ ਹੀ ਪੈਦਾ ਕੀਤੇ ਹਨ। ਮਾਇਆ ਦਾ ਮੋਹ ਤੇ ਪਿਆਰ ਜੋ ਕਿ ਮਨੁੱਖ ਦੀ ਆਤਮਿਕ ਬਰਬਾਦੀ ਲਈ ਇਕ ਜ਼ਹਿਰ ਦਾ ਕੰਮ ਕਰਦਾ ਹੈ, ਉਹ ਵੀ ਉਸ ਅਕਾਲ ਪੁਰਖੁ ਨੇ ਹੀ ਬਣਾਇਆ ਹੈ। ਜੀਵ ਉਤਪੱਤੀ ਦੀਆਂ ਅਨੇਕਾਂ ਖਾਣੀਆਂ ਤੇ ਜੀਵਾਂ ਦੀਆਂ ਅਣਗਿਣਤ ਬੋਲੀਆਂ ਵੀ ਅਕਾਲ ਪੁਰਖੁ ਦੀਆਂ ਹੀ ਰਚੀਆਂ ਹੋਈਆਂ ਹਨ ਤੇ ਸਭ ਜੀਵਾਂ ਨੂੰ ਅਕਾਲ ਪੁਰਖੁ ਆਪ ਹੀ ਆਸਰਾ ਦੇਂਦਾ ਹੈ। ਕੁਦਰਤ ਦੀ ਇਹ ਸਾਰੀ ਰਚਨਾ ਕਰਨ ਅਤੇ ਕਰਮਾਂ[ਹ੨੧] ਅਨੁਸਾਰ ਫੈਸਲੇ ਕਰਨ ਲਈ ਸਦਾ ਥਿਰ ਰਹਿਣ ਵਾਲਾ ਤਖ਼ਤ, ਅਕਾਲ ਪੁਰਖੁ ਨੇ ਆਪ ਹੀ ਬਣਾਇਆ ਹੈ। ਅਕਾਲ ਪੁਰਖੁ ਆਪ ਹੀ ਸਦਾ ਥਿਰ ਰਹਿਣ ਵਾਲੇ ਨਾਮੁ ਤੇ ਹੁਕਮੁ ਅਨੁਸਾਰ ਜੀਵਾਂ ਦੇ ਕਰਮਾਂ ਦਾ ਲੇਖਾ ਕਰਨ ਵਾਲਾ ਹੈ।

***ਵਡਹੰਸੁ ਮਹਲਾ ੧ ਦਖਣੀ ॥ ਸਚੁ ਸਿਰੰਦਾ ਸਚਾ ਜਾਣੀਐ ਸਚੜਾ ਪਰਵਦਗਾਰੋ ॥ ਜਿਨਿ ਆਪੀਨੈ ਆਪੁ ਸਾਜਿਆ ਸਚੜਾ ਅਲਖ ਅਪਾਰੋ ॥ ਦੁਇ ਪੁੜ ਜੋੜਿ ਵਿਛੋੜਿਅਨੁ ਗੁਰ ਬਿਨੁ ਘੋਰੁ ਅੰਧਾਰੋ ॥ ਸੂਰਜ ਚੰਦੁ ਸਿਰਜਿਅਨੁ ਅਹਿਨਿਸਿ ਚਲਤੁ ਵੀਚਾਰੋ ॥੧॥ ਸਚੜਾ ਸਾਹਿਬੁ ਸਚੁ ਤੂ ਸਚੜਾ ਦੇਹਿ ਪਿਆਰੋ ॥ ਰਹਾਉ ॥ ਤੁਧੁ ਸਿਰਜੀ ਮੇਦਨੀ ਦੁਖੁ ਸੁਖੁ ਦੇਵਣਹਾਰੋ ॥ ਨਾਰੀ ਪੁਰਖ ਸਿਰਜਿਐ ਬਿਖੁ ਮਾਇਆ ਮੋਹੁ ਪਿਆਰੋ ॥ ਖਾਣੀ ਬਾਣੀ ਤੇਰੀਆ ਦੇਹਿ ਜੀਆ ਆਧਾਰੋ ॥ ਕੁਦਰਤਿ ਤਖਤੁ ਰਚਾਇਆ ਸਚਿ ਨਿਬੇੜਣਹਾਰੋ ॥੨॥ (੫੮੦)***

ਮਨੁੱਖਾਂ, ਰੁੱਖਾਂ, ਤੀਰਥਾਂ, ਤਟਾਂ (ਨਦੀਆਂ ਦੇ ਕਿਨਾਰਿਆਂ), ਬੱਦਲਾਂ, ਖੇਤਾਂ, ਦੀਪਾਂ (ਸਮੁੰਦਰ ਦੇ ਪਾਣੀ ਨਾਲ ਘਿਰੇ ਹੋਏ ਧਰਤੀ ਦੇ ਹਿਸੇ), ਲੋਕਾਂ (ਸੁਰਗ, ਪ੍ਰਿਥਵੀ ਅਤੇ ਪਤਾਲ, ਸੱਤ ਲੋਕ ਧਰਤੀ ਤੋਂ ਉੱਤੇ ਤੇ ਸੱਤ ਲੋਕ ਧਰਤੀ ਦੇ ਹੇਠਾਂ), ਮੰਡਲਾਂ (ਚੰਦ,

ਸੂਰਜ, ਧਰਤੀ, ਗ੍ਰੈਹਾਂ), ਖੰਡਾਂ (ਧਰਤੀ ਦੇ ਹਿੱਸੇ), ਵਰਭੰਡਾਂਹ (ਬ੍ਰਹਿਮੰਡਾਂ, ਸ੍ਰਿਸ਼ਟੀ), ਸਰਾਂ (ਸਰੋਵਰਾਂ), ਮੇਰਾਂ (ਮੇਰੂ ਵਰਗੇ ਪਰਬਤਾਂ), ਚਾਰੇ ਖਾਣੀਆਂ (ਅੰਡਜ, ਜੇਰਜ, ਉਤਭੁਜ, ਸੇਤਜ) ਦੇ ਸਾਰੇ ਜੀਵ ਜੰਤਾਂ, ਇਨ੍ਹਾਂ ਸਭਨਾਂ ਦੀ ਗਿਣਤੀ ਦਾ ਅੰਦਾਜ਼ਾ, ਉਹ ਅਕਾਲ ਪੁਰਖੁ ਆਪ ਹੀ ਜਾਣਦਾ ਹੈ, ਜਿਸ ਨੇ ਇਹ ਸਭ ਕੁਝ ਪੈਦਾ ਕੀਤੇ ਹਨ। ਸਾਰੇ ਜੀਅ ਜੰਤ ਪੈਦਾ ਕਰ ਕੇ, ਅਕਾਲ ਪੁਰਖੁ ਉਨ੍ਹਾਂ ਸਭਨਾਂ ਦੀ ਸੰਭਾਲ ਤੇ ਪਾਲਨਾ ਵੀ ਆਪ ਹੀ ਕਰਦਾ ਹੈ। ਜਿਸ ਕਰਤਾਰ ਨੇ ਇਹ ਸਾਰੀ ਸ੍ਰਿਸ਼ਟੀ ਰਚੀ ਹੈ, ਇਸ ਦੀ ਪਾਲਨਾ ਦਾ ਫ਼ਿਕਰ ਵੀ ਉਸੇ ਨੂੰ ਹੀ ਹੈ। ਗੁਰੂ ਸਾਹਿਬ ਸਮਝਾਂਉਂਦੇ ਹਨ ਕਿ ਮੈਂ ਉਸ ਅਕਾਲ ਪੁਰਖੁ ਤੋਂ ਸਦਕੇ ਜਾਂਦਾ ਹਾਂ, ਉਸ ਦੀ ਜੈ ਜੈਕਾਰ ਆਖਦਾ ਹਾਂ, ਭਾਵ, ਉਸ ਦੀ ਸਿਫ਼ਤਿ-ਸਾਲਾਹ ਕਰਦਾ ਹਾਂ, ਜਿਸ ਕਰਤਾਰ ਨੇ ਇਹ ਜਗਤ ਪੈਦਾ ਕੀਤਾ ਹੈ, ਇਨ੍ਹਾਂ ਸਭ ਦਾ ਖ਼ਿਆਲ ਵੀ ਉਹ ਆਪ ਹੀ ਰੱਖਦਾ ਹੈ, ਤੇ ਅਕਾਲ ਪੁਰਖੁ ਦਾ ਆਸਰਾ ਜੀਵਾਂ ਵਾਸਤੇ ਸਦਾ ਲਈ ਅਟੱਲ ਹੈ। ਉਸ ਅਕਾਲ ਪੁਰਖੁ ਦੇ ਸੱਚੇ ਨਾਮੁ ਦੀ ਯਾਦ ਤੋਂ ਬਿਨਾ, ਟਿੱਕਾ, ਜਨੇਊ ਆਦਿਕ ਧਾਰਮਕ ਭੇਖ ਜਾਂ ਤਰ੍ਹਾਂ ਤਰ੍ਹਾਂ ਦੇ ਕਰਮ ਕਾਂਡ ਕਰਨ ਦਾ ਕੋਈ ਫਾਇਦਾ ਨਹੀਂ ਹੈ।

*ਸਲੋਕ ਮਃ ੧ ॥ ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ ॥ ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ ॥ ਅੰਡਜ ਜੇਰਜ ਉਤਭੁਜਾਂ ਖਾਣੀ ਸੇਤਜਾਂਹ ॥ ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਹ ॥ ਨਾਨਕ ਜੰਤ ਉਪਾਇ ਕੈ ਸੰਮਾਲੇ ਸਭਨਾਹ ॥ ਜਿਨਿ ਕਰਤੈ ਕਰਣਾ ਕੀਆ ਚਿੰਤਾ ਭਿ ਕਰਣੀ ਤਾਹ ॥ ਸੋ ਕਰਤਾ ਚਿੰਤਾ ਕਰੇ ਜਿਨਿ ਉਪਾਇਆ ਜਗੁ ॥ ਤਿਸੁ ਜੋਹਾਰੀ ਸੁਅਸਤਿ ਤਿਸੁ ਤਿਸੁ ਦੀਬਾਣੁ ਅਭਗੁ ॥ ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ ॥੧॥ (੪੬੭)*

ਸਰਬ-ਵਿਆਪਕ ਅਕਾਲ ਪੁਰਖੁ ਨੇ ਜਗਤ ਦੀ ਉਤਪੱਤੀ ਕੀਤੀ ਹੈ, ਦਿਨ ਤੇ ਰਾਤ ਵੀ ਉਸੇ ਨੇ ਹੀ ਬਣਾਏ ਹਨ। ਜੰਗਲ, ਜੰਗਲ ਦਾ ਘਾਹ, ਦਰੱਖਤ, ਬੂਟੇ, ਤਿੰਨੇ ਭਵਨ, ਪਾਣੀ ਤੇ ਹੋਰ ਸਾਰੇ ਤੱਤ, ਚਾਰੇ ਵੇਦ, ਚਾਰੇ ਖਾਣੀਆਂ, ਸ੍ਰਿਸ਼ਟੀ ਦੇ ਵਖ ਵਖ ਹਿੱਸੇ, ਟਾਪੂ, ਸਾਰੇ ਲੋਕ, ਆਦਿ ਸਭ ਅਕਾਲ ਪੁਰਖੁ ਦੇ ਇਕ ਹੁਕਮੁ ਨਾਲ ਹੀ ਬਣੇ ਹਨ। ਇਸ ਲਈ ਸਿਰਜਣਹਾਰ ਅਕਾਲ ਪੁਰਖੁ ਬਾਰੇ ਜਾਨਣਾ ਚਾਹੀਦਾ ਹੈ ਤੇ ਉਸ ਨਾਲ ਡੂੰਘੀ ਸਾਂਝ ਪਾਉਣੀ ਚਾਹੀਦੀ ਹੈ। ਪਰ, ਇਹ ਸੂਝ ਉਦੋਂ ਮਿਲਦੀ ਹੈ, ਜਦੋਂ ਗੁਰੂ ਮਿਲ ਪਏ। ਸਬਦ ਗੁਰੂ ਨੂੰ ਮਿਲ ਕੇ ਆਤਮਕ ਜੀਵਨ ਦਾ ਸੱਚਾ ਗਿਆਨ ਹਾਸਲ ਕਰ ਸਕਦੇ ਹਾਂ ਤੇ ਆਪਣੇ ਅੰਦਰੋਂ ਅਗਿਆਨਤਾ ਦਾ ਹਨੇਰਾ ਬਾਹਰ ਕੱਢ ਸਕਦੇ ਹਾਂ। ਅਕਾਲ ਪੁਰਖੁ ਆਪਣੇ ਹੁਕਮੁ ਅਨੁਸਾਰ ਜੋ ਕੁਝ ਜੀਵ ਪਾਸੋਂ ਕਰਵਾਉਂਦਾ ਹੈ, ਉਸ ਦੇ ਅਨੁਸਾਰ ਉਸ ਦਾ ਨਾਂ ਮੂਰਖ ਜਾਂ ਗਿਆਨੀ ਪੈ ਜਾਂਦਾ ਹੈ। ਇਹ ਮਨੁੱਖਾ ਜਨਮ ਜੀਵਨ ਸਫਲ ਕਰਨ ਲਈ ਮਿਲਿਆ ਹੈ, ਤੇ ਇਹ ਸਾਡੇ ਤੇ ਨਿਰਭਰ ਕਰਦਾ ਹੈ, ਕਿ ਅਸੀਂ ਕੀ ਚੁਣਦੇ ਹਾਂ।

*ਓਅੰਕਾਰਿ ਉਤਪਾਤੀ ॥ ਕੀਆ ਦਿਨਸੁ ਸਭ ਰਾਤੀ ॥ ਵਣੁ ਤ੍ਰਿਣੁ ਤ੍ਰਿਭਵਣ ਪਾਣੀ ॥ ਚਾਰਿ ਬੇਦ ਚਾਰੇ ਖਾਣੀ ॥ ਖੰਡ ਦੀਪ ਸਭਿ ਲੋਆ ॥ ਏਕ ਕਵਾਵੈ ਤੇ ਸਭਿ ਹੋਆ ॥੧॥ ਕਰਣੈਹਾਰਾ ਬੂਝਹੁ ਰੇ ॥ ਸਤਿਗੁਰੁ ਮਿਲੈ ਤ ਸੂਝੈ ਰੇ ॥੧॥ ਰਹਾਉ ॥* (੧੦੦੩,੧੦੦੪)

ਮਨੁੱਖ ਦਾ ਗਿਆਨ ਪਹਿਲਾਂ ਬਹੁਤ ਸੀਮਿਤ ਸੀ, ਆਪਣੇ ਪਰਿਵਾਰ ਨੂੰ ਤੇ ਕੁਝ ਆਸੇ ਪਾਸੇ ਤਕ ਜਾਣਦਾ ਸੀ। ਪਰੰਤੂ ਮਨੁੱਖ ਦਾ ਸੁਭਾਅ ਰਿਹਾ ਹੈ ਕਿ ਉਹ ਆਪਣੀ ਬੁਧੀ ਨਾਲ ਸਮਝਣ ਤੇ ਆਪਣੀ ਵਾਕਫ਼ੀਅਤ ਨੂੰ ਵਧਾਣ ਦਾ ਜਤਨ ਕਰਦਾ ਰਿਹਾ ਹੈ। ਵਿੱਦਿਆ ਤੇ ਵਿਚਾਰ ਦੇ ਬਲ ਨਾਲ ਅਕਾਲ ਪੁਰਖ ਦੀ ਬੇਅੰਤ ਕੁਦਰਤ ਦਾ ਨਕਸ਼ਾ ਅੱਖਾਂ ਅੱਗੇ ਲਿਆਉਣ ਲੱਗ ਪਿਆ, ਸਾਇੰਸ ਦੀ ਜਾਣਕਾਰੀ ਨਾਲ ਭਰਮ ਵਹਿਮ ਘਟਨ ਲੱਗੇ। ਮਨੁੱਖ ਦਾ ਤਰ੍ਹਾਂ ਤਰ੍ਹਾਂ ਦੇ ਜੀਵਾਂ ਬਾਰੇ ਗਿਆਨ ਵਿਚ ਵਾਧਾ ਹੋਣ ਲੱਗਾ, ਪਰੰਤੂ ਮਨੁੱਖ ਦਾ ਗਿਆਨ, ਇਸ ਧਰਤੀ ਤੇ ਮਿਲਣ ਵਾਲੇ ਜੀਵਾਂ ਤਕ ਹੀ ਸੀਮਿਤ ਹੈ। ਇਹ ਵੀ ਹੋ ਸਕਦਾ ਹੈ ਕਿ ਹੋਰ ਅਨੇਕਾਂ ਧਰਤੀਆਂ ਹੋਣ ਜਿਥੇ ਹੋਰ ਕਈ ਤਰ੍ਹਾਂ ਦੇ ਜੀਵ ਵੀ ਹੋ ਸਕਦੇ ਹਨ, ਤੇ ਕਈ ਹੋਰ ਕਈ ਤਰ੍ਹਾਂ ਦੀਆਂ ਖਾਣੀਆਂ ਵੀ ਹੋਣ।

ਅੱਜ ਦੀ ਸਾਇੰਸ ਇਨ੍ਹਾਂ ਚਾਰ ਖਾਣੀਆਂ ਵਾਂਗੂ ਜੀਵਾਂ ਦੀ ਉਤਪਤੀ ਦਾ ਵਰਗੀਕਰਨ ਨਹੀਂ ਕਰਦੀ ਹੈ। ਸਾਇੰਸ ਅਨੁਸਾਰ ਮੁਢਲੇ ਤੌਰ ਤੇ ੨ ਤਰੀਕਿਆਂ ਨਾਲ ਉਤਪਤੀ ਹੁੰਦੀ ਹੈ, ਸੈਕਸੂਅਲ (Sexual) ਤੇ ਏਸੈਕਸੂਅਲ (Asexual)। ਸੈਕਸੂਅਲ ਉਤਪਤੀ ਲਈ ਨਰ ਤੇ ਮਾਦਾ ਦੋਵਾਂ ਦੀ ਜਰੂਰਤ ਹੈ। ਏਸੈਕਸੂਅਲ ਉਤਪਤੀ ਲਈ ਦੋ ਜਾਨਿਆਂ ਦੀ ਜਰੂਰਤ ਨਹੀਂ ਹੈ। ਜਿਸ ਤਰ੍ਹਾਂ ਕਿ ਬੈਕਟੀਰੀਆਂ ਦੇ ਸੈਲ ਇਕ ਤੋਂ ਦੋ ਬਣ ਜਾਂਦੇ ਹਨ। ਕਈ ਕੀੜੀਆਂ (Mycocepurus Smithii) ਵੀ ਏਸੈਕਸੂਅਲ ਤਰੀਕੇ ਨਾਲ ਪੈਦਾ ਹੁੰਦੀਆਂ ਹਨ ਅਤੇ ਕਈ ਪੌਦੇ ਵੀ ਹਨ ਜੋ ਕਿ ਸੈਕਸੂਅਲ ਤਰੀਕੇ ਨਾਲ ਪੈਦਾ ਹੁੰਦੇ ਹਨ। ਉਤਪਤੀ ਦੇ ਇਨ੍ਹਾਂ ਦੋਵੇ ਤਰੀਕਿਆਂ ਦੀਆਂ ਕਈ ਹੋਰ ਕਿਸਮਾਂ ਹਨ। ਇਸ ਲਈ ਸਾਇੰਸ ਅਨੁਸਾਰ ਵੀ ਉਤਪਤੀ ਦੀਆਂ ਅਨੇਕ ਪ੍ਰਕਾਰ ਦੀਆਂ ਕਿਸਮਾਂ ਹਨ।

ਸਾਇੰਸ ਦੀਆਂ ਖੋਜਾਂ ਪਦਾਰਥਾਂ ਤੇ ਆਧਾਰਤ ਹਨ। ਸਾਇੰਸਦਾਨ ਕੋਸ਼ਿਸ ਕਰ ਰਹੇ ਹਨ ਕਿ ਪ੍ਰਯੋਗਸ਼ਾਲਾ ਵਿਚ ਪਦਾਰਥ ਤੋਂ ਜੀਵਨ ਪੈਦਾ ਕੀਤਾ ਜਾ ਸਕੇ, ਪਰ ਅਜੇ ਤਕ ਕੋਈ ਸਫਲਤਾ ਨਹੀਂ ਮਿਲੀ ਹੈ। ਸਾਇੰਸਦਾਨ ਪਦਾਰਥ ਤੋਂ ਵਾਇਰਸ ਤਾਂ ਬਣਾ ਸਕੇ ਹਨ, ਜਿਹੜਾ ਕਿ ਕਈ ਵਾਰੀ ਜੀਵ ਨਹੀਂ ਗਿਣਿਆ ਜਾਂਦਾ ਹੈ। ਬੈਕਟੀਰੀਅਮ ਨਾਲ ਮਿਲਾ ਕੇ ਕੁਝ ਨਵਾਂ ਔਰਗੇਨਿਯਮ ਭਾਵੇ ਬਣਾ ਸਕੀਏ, ਪਰ ਪੂਰਨ ਤੌਰ ਤੇ ਪਦਾਰਥ ਤੋਂ ਨਵਾਂ ਜੀਵ ਬਣਾਉਣਾ ਬਹੁਤ ਦੂਰ ਹੈ।

ਅਕਾਲ ਪੁਰਖ ਦੀ ਰਚਨਾ ਵਿਚ ਕਈ ਪ੍ਰਕਾਰ ਦੇ ਪਉਣ, ਪਾਣੀ ਤੇ ਅਗਨੀਆਂ ਹਨ, ਕਈ ਕ੍ਰਿਸ਼ਨ ਹਨ ਤੇ ਕਈ ਸ਼ਿਵ ਹਨ। ਕਈ ਬ੍ਰਹਮਾ ਪੈਦਾ ਕੀਤੇ ਜਾ ਰਹੇ ਹਨ, ਜਿਨ੍ਹਾਂ ਦੇ ਕਈ ਰੂਪ, ਕਈ ਰੰਗ ਤੇ ਕਈ ਵੇਸ ਹਨ। ਅਕਾਲ ਪੁਰਖ ਦੀ ਕੁਦਰਤ ਵਿਚ ਬੇਅੰਤ ਧਰਤੀਆਂ ਹਨ, ਬੇਅੰਤ ਮੇਰੂ ਪਰਬਤ, ਬੇਅੰਤ ਧ੍ਰੂ ਭਗਤ ਤੇ ਉਨ੍ਹਾਂ ਦੇ ਉਪਦੇਸ਼ ਹਨ। ਬੇਅੰਤ ਇੰਦਰ ਦੇਵਤੇ, ਚੰਦ੍ਰਮਾ, ਬੇਅੰਤ ਸੂਰਜ ਅਤੇ ਬੇਅੰਤ ਭਵਨ ਹਨ। ਬੇਅੰਤ ਸਿੱਧ ਹਨ, ਬੇਅੰਤ ਬੁਧ ਅਵਤਾਰ ਹਨ, ਬੇਅੰਤ ਨਾਥ ਹਨ ਅਤੇ ਬੇਅੰਤ ਦੇਵੀਆਂ ਦੇ ਪਹਿਰਾਵੇ ਹਨ। ਬੇਅੰਤ ਦੇਵਤੇ ਅਤੇ ਦੈਂਤ ਹਨ, ਬੇਅੰਤ ਮੁਨੀ ਹਨ, ਬੇਅੰਤ ਪਰਕਾਰ ਦੇ ਰਤਨ ਤੇ ਰਤਨਾਂ ਦੇ ਸਮੁੰਦਰ ਹਨ। **ਆਮ ਰਵਾਇਤਾ ਅਨੁਸਾਰ ਭਾਂਵੇਂ ੪ ਖਾਣੀਆਂ ਹਨ, ਪਰ ਗੁਰਬਾਣੀ ਅਨੁਸਾਰ ਬੇਅੰਤ ਖਾਣੀਆਂ ਹਨ**, ਜੀਵਾਂ ਦੀਆਂ ਬੇਅੰਤ ਬੋਲੀਆਂ ਹਨ, ਬੇਅੰਤ ਪਾਤਸ਼ਾਹ ਤੇ ਰਾਜੇ ਹਨ, ਬੇਅੰਤ ਪਰਕਾਰ ਦੇ ਧਿਆਨ ਹਨ, ਜੋ ਜੀਵ ਆਪਣੇ ਮਨ ਦੁਆਰਾ ਲਾਉਂਦੇ ਹਨ, ਬੇਅੰਤ ਸੇਵਕ ਹਨ। ਅਕਾਲ ਪੁਰਖ ਦੀ ਇਸ ਕੁਦਰਤ ਦੀ ਰਚਨਾ ਦਾ ਕੋਈ ਅੰਤ ਨਹੀਂ ਹੈ।

***ਧਰਮ ਖੰਡ ਕਾ ਏਹੋ ਧਰਮੁ ॥ ਗਿਆਨ ਖੰਡ ਕਾ ਆਖਹੁ ਕਰਮੁ ॥ ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ ॥ ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥ ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ ॥ ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥ ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ ॥ ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ ॥ ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ॥ ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥੩੫॥ (੭)***

ਧਰਤੀ ਦੇ ਨੌਂ ਖੰਡ ਤੇ ਚਾਰ ਖਾਣੀਆਂ ਕਹੀਆਂ ਜਾਂਦੀਆਂ ਹਨ, ਪਰ ਕੁਦਰਤ ਵਿਚ ਕਰੋੜਾਂ ਹੀ ਖੰਡ ਤੇ ਖਾਣੀਆਂ ਹਨ, ਜਿਨ੍ਹਾਂ ਰਾਹੀਂ ਕਰੋੜਾਂ ਹੀ ਜੀਵ ਪੈਦਾ ਹੁੰਦੇ ਹਨ। ਕਰੋੜਾਂ ਹੀ ਆਕਾਸ਼ ਤੇ ਬ੍ਰਹਮੰਡ ਹਨ, ਜਿਨ੍ਹਾਂ ਵਿਚ ਕਰੋੜਾਂ ਹੀ ਜੀਵ ਹਨ ਤੇ ਕਰੋੜਾਂ ਹੀ ਪ੍ਰਾਣੀ ਪੈਦਾ ਹੋ ਰਹੇ ਹਨ। ਅਕਾਲ ਪੁਰਖੁ ਨੇ ਕਈ ਤਰੀਕਿਆਂ ਨਾਲ ਜਗਤ ਦੀ ਰਚਨਾ ਕੀਤੀ ਹੈ ਤੇ ਕਈ ਵਾਰੀ ਜਗਤ ਦੀ ਰਚਨਾ ਕੀਤੀ ਹੈ। ਫਿਰ ਇਸ ਨੂੰ ਸਮੇਟ ਕੇ ਇਕ ਆਪ ਹੀ ਆਪ ਹੋ ਜਾਂਦਾ ਹੈ। ਅਕਾਲ ਪੁਰਖੁ ਨੇ ਕਈ ਕਿਸਮਾਂ ਦੇ ਕਰੋੜਾਂ ਹੀ ਜੀਵ ਪੈਦਾ ਕੀਤੇ ਹੋਏ ਹਨ, ਜੋ ਅਕਾਲ ਪੁਰਖੁ ਤੋਂ ਪੈਦਾ ਹੋ ਕੇ ਫਿਰ ਉਸ ਵਿਚ ਲੀਨ ਹੋ ਜਾਂਦੇ ਹਨ। ਉਸ ਅਕਾਲ ਪੁਰਖੁ ਦਾ ਅੰਤ ਕੋਈ ਮਨੁੱਖ ਨਹੀਂ ਜਾਣਦਾ ਹੈ, ਕਿਉਂਕਿ ਉਸ ਅਕਾਲ ਪੁਰਖੁ ਵਰਗਾ ਉਹ ਆਪ ਹੀ ਆਪ ਹੈ।

***ਕਈ ਕੋਟਿ ਖਾਣੀ ਅਰੁ ਖੰਡ ॥ ਕਈ ਕੋਟਿ ਅਕਾਸ ਬ੍ਰਹਮੰਡ ॥ ਕਈ ਕੋਟਿ ਹੋਏ ਅਵਤਾਰ ॥ ਕਈ ਜੁਗਤਿ ਕੀਨੋ ਬਿਸਥਾਰ ॥ ਕਈ ਬਾਰ ਪਸਰਿਓ ਪਾਸਾਰ ॥ ਸਦਾ ਸਦਾ ਇਕੁ ਏਕੰਕਾਰ ॥ ਕਈ ਕੋਟਿ ਕੀਨੇ ਬਹੁ ਭਾਤਿ ॥ ਪ੍ਰਭ ਤੇ ਹੋਏ ਪ੍ਰਭ ਮਾਹਿ ਸਮਾਤਿ ॥ ਤਾ ਕਾ ਅੰਤੁ ਨ ਜਾਨੈ ਕੋਇ ॥ ਆਪੇ ਆਪਿ ਨਾਨਕ ਪ੍ਰਭੁ ਸੋਇ ॥੭॥ (੨੭੫,੨੭੬)***

ਅਕਾਲ ਪੁਰਖੁ ਦਾ ਦਰਬਾਰ ਹੈਰਾਨ ਕਰਨ ਵਾਲਾ ਹੈ, ਉਸ ਦੇ ਪੈਦਾ ਕੀਤੇ ਹੋਏ, ਅਨੇਕਾਂ ਰੂਪਾਂ ਰੰਗਾਂ ਦੇ ਖੰਡ ਬ੍ਰਹਮੰਡ ਹਨ, ਅਨੇਕਾਂ ਪੁਰੀਆਂ ਹਨ। ਉਸਦੇ ਪੈਦਾ ਕੀਤੇ ਹੋਏ ਅਨੇਕਾਂ ਜੰਗਲ ਤੇ ਉਨ੍ਹਾਂ ਵਿਚ ਉੱਗਣ ਵਾਲੇ ਅਨੇਕਾਂ ਕਿਸਮਾਂ ਦੇ ਫਲ ਅਤੇ ਕੰਦ ਮੂਲ ਹਨ। ਉਹ ਅਕਾਲ ਪੁਰਖੁ ਆਪ ਹੀ ਅਦ੍ਰਿਸ਼ਟ ਰੂਪ ਵਾਲਾ ਹੈ, ਤੇ ਉਹ ਆਪ ਹੀ ਇਸ ਜਗਤ-ਤਮਾਸ਼ੇ ਦੇ ਰੂਪ ਵਿਚ ਦਿਖਾਈ ਦੇ ਰਿਹਾ ਹੈ।

***ਅਨਿਕ ਪੁਰੀਆ ਅਨਿਕ ਤਹ ਖੰਡ ॥ ਅਨਿਕ ਰੂਪ ਰੰਗ ਬ੍ਰਹਮੰਡ ॥ ਅਨਿਕ ਬਨਾ ਅਨਿਕ ਫਲ ਮੂਲ ॥ ਆਪਹਿ ਸੂਖਮ ਆਪਹਿ ਅਸਥੂਲ ॥੮॥ (੧੨੩੬)***

ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਨੂੰ ਧਿਆਨ ਨਾਲ ਵਿਚਾਰਿਆ ਜਾਵੇ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਭਾਵੇ ਕਿਤੇ ਕਿਤੇ ੪ ਖਾਣੀਆਂ (ਅੰਡਜ ਜੇਰਜ ਸੇਤਜ ਉਤਭੁਜ) ਦਾ ਜਿਕਰ ਆਇਆ ਹੈ, ਪਰ ਨਾਲ ਦੀ ਨਾਲ ਇਹ ਵੀ ਸਮਝਾਂ ਦਿਤਾ ਹੈ ਕਿ ਅਨੇਕਾਂ ਪ੍ਰਕਾਰ ਦੀਆਂ ਖਾਣੀਆਂ ਹਨ, ਜਿਨ੍ਹਾਂ ਦਾ ਕੋਈ ਅੰਤ ਨਹੀਂ ਹੈ। ਆਮ ਲੋਕਾਂ ਨੂੰ ਸਮਝਾਂਉਣ ਲਈ ਪਰਚਲਤ ਮੁਹਾਵਰੇ ਦੀ ਤਰ੍ਹਾਂ ੪ ਖਾਣੀਆਂ ਵਾਲੇ ਸਬਦ ਦੀ ਵਰਤੋਂ ਕੀਤੀ ਗਈ ਹੈ। ਕਿਤੇ ੪ ਖਾਣੀਆਂ ਦੇ ਭੁਲੇਖੇ ਵਿਚ ਹੀ ਨਾ ਪਏ ਰਹੀਏ ਇਸ ਲਈ ਗੁਰੂ ਸਾਹਿਬ ਨੇ ਬਾਣੀ ਵਿਚ ਅਨੇਕਾਂ ਖਾਣੀਆਂ ਦਾ ਵੀ ਜਿਕਰ ਕੀਤਾ ਹੈ ਤਾਂ ਜੋ ਅਕਾਲ ਪੁਰਖੁ ਦੀ ਬਣਾਈ ਹੋਈ ਕੁਦਰਤ ਬਾਰੇ ਅਸਲੀਅਤ ਸਮਝ ਆ ਸਕੇ। ਜੇ ਕਰ ਅਕਾਲ ਪੁਰਖੁ ਦੀ ਬਣਾਈ ਹੋਈ ਕੁਦਰਤ ਬੇਅੰਤ ਹੈ ਤਾਂ ਸਮਝ ਲੈਣਾਂ ਚਾਹੀਦਾ ਹੈ ਕਿ ਖਾਣੀਆਂ ਵੀ ਬੇਅੰਤ ਹੋਣਗੀਆਂ। ਜਿਸ ਤਰ੍ਹਾਂ ਗੁਰਬਾਣੀ ਅਨੁਸਾਰ ਕੁਦਰਤ ਵਿਚ ਕਰੋੜਾਂ ਹੀ ਖਾਣੀਆਂ ਹਨ, ਇਸੇ ਤਰ੍ਹਾਂ ਸਾਇੰਸ ਅਨੁਸਾਰ ਵੀ ਕਈ ਪ੍ਰਕਾਰ ਦੀਆਂ ਖਾਣੀਆਂ ਮੰਨੀਆਂ ਜਾਂਦੀਆਂ ਹਨ। ਇਸ ਲਈ ਗੁਰਬਾਣੀ ਦਾ ਇਹ ਗਿਆਨ, ਅੱਜ ਦੀ ਸਾਇੰਸ ਨਾਲ ਬਿਲਕੁਲ ਪੂਰੀ ਤਰ੍ਹਾਂ ਮੇਲ ਖਾਂਦਾ ਹੈ, ਕਿ ਅਕਾਲ ਪੁਰਖੁ ਦੀ ਬਣਾਈ ਹੋਈ ਕੁਦਰਤ ਵਿਚ ਅਨੇਕਾਂ ਪ੍ਰਕਾਰ ਦੀਆਂ ਖਾਣੀਆਂ ਹਨ।

**"ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ"**

ਤਤਕਰਾ

# ਆਮ ਤੌਰ ਤੇ ੮੪ ਲੱਖ ਜੂਨਾਂ ਮੰਨੀਆਂ ਜਾਂਦੀਆਂ ਹਨ, ਪਰੰਤੂ ਗੁਰਬਾਣੀ ਅਨੁਸਾਰ ਬੇਅੰਤ ਜੂਨਾਂ ਹੋ ਸਕਦੀਆਂ ਹਨ (ਭਾਗ-੧੫)

# Generally it is believed that there are 84 lakh species of life, but according to Gurmat these can be unlimited (Part-15)

ਪੁਰਾਤਨ ਲਿਖਤਾ ਵਿਚ ਆਮ ਤੌਰ ਤੇ ੪ ਖਾਣੀਆਂ (ਅੰਡਜ ਜੇਰਜ ਸੇਤਜ ਉਤਭੁਜ), ਤੇ ੮੪ ਲੱਖ ਜੂਨਾਂ ਮੰਨੀਆਂ ਜਾਂਦੀਆਂ ਹਨ। ਪਰੰਤੂ ਗੁਰੂ ਸਾਹਿਬਾਂ ਨੇ ਆਪਣੇ ਆਪ ਨੂੰ ੪ ਖਾਣੀਆਂ ਤੇ ੮੪ ਲੱਖ ਜੂਨਾਂ ਤਕ ਸੀਮਿਤ ਨਹੀਂ ਰੱਖਿਆ, ਬਲਕਿ ਕਈ ਪ੍ਰਕਾਰ ਦੀਆਂ ਖਾਣੀਆਂ ਕਈ ਕ੍ਰੋੜ ਜੂਨਾਂ ਬਾਰੇ ਕਿਹਾ ਹੈ, ਜਿਨ੍ਹਾਂ ਦੀ ਗਿਣਤੀ ਨਹੀਂ ਹੋ ਸਕਦੀ ਹੈ। ਕਿਤੇ ਕਿਤੇ ਗੁਰਬਾਣੀ ਵਿਚ ਮੁਹਾਵਰੇ ਦੇ ਤੌਰ ਤੇ ੮੪ ਲੱਖ ਜੂਨਾਂ ਦੀ ਵਰਤੋਂ ਕੀਤੀ ਗਈ ਹੈ। ਗੁਰੂ ਸਾਹਿਬ ਸਮਝਾਉਂਦੇ ਹਨ ਕਿ ਅਕਾਲ ਪੁਰਖੁ ਨੇ ਚੌਰਾਸੀ ਲੱਖ ਜੂਨ ਪੈਦਾ ਕੀਤੀ ਹੈ, ਅਤੇ ਉਹ ਸਾਰਿਆਂ ਨੂੰ ਉਸ ਸਮੇਂ ਤੋਂ ਹੀ ਰਿਜ਼ਕ ਦੇ ਰਿਹਾ ਹੈ, ਜਦੋਂ ਤੋਂ ਇਹ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ।

*ਚਵਰਾਸੀਹ ਲਖ ਜੋਨਿ ਉਪਾਈ ਰਿਜਕ ਦੀਆ ਸਭ ਹੂ ਕਉ ਤਦ ਕਾ ॥ (੧੪੦੩)*

ਅਕਾਲ ਪੁਰਖੁ ਦੀ ਪੈਦਾ ਕੀਤੀ ਹੋਈ ਸ੍ਰਿਸ਼ਟੀ ਵਿਚ ਕਰੋੜਾਂ ਜੀਵ ਜੰਤੂ, ਕੀੜੇ ਮਕੌੜੇ, ਜਾਨਵਰ ਤੇ ਮਨੁੱਖ ਆਦਿ ਹਨ। ਸਮੁੰਦਰ ਵਿਚ ਕਰੋੜਾਂ ਰਤਨ ਪੈਦਾ ਕਰ ਦਿੱਤੇ ਹਨ ਅਤੇ ਕਈ ਕਿਸਮਾਂ ਦੇ ਸਮੁੰਦਰੀ ਜੀਵ ਜੰਤੂ ਬਣਾ ਦਿੱਤੇ ਹਨ, ਕਰੋੜਾਂ ਜੀਵ ਲੰਮੀਆਂ ਉਮਰਾਂ ਵਾਲੇ ਪੈਦਾ ਕੀਤੇ ਹਨ, ਕਰੋੜਾਂ ਹੀ ਪਰਬਤ ਬਣ ਗਏ ਹਨ। ਜੀਵ ਜੰਤੂਆਂ ਬਾਰੇ ਸਾਡਾ ਗਿਆਨ ਇਸ ਧਰਤੀ ਤਕ ਹੀ ਸੀਮਿੰਤ ਹੈ, ਪਰੰਤੂ ਬ੍ਰਹਿਮੰਡ ਵਿਚ ਅਜੇਹੀਆਂ ਅਨੇਕਾਂ ਹੀ ਧਰਤੀਆਂ ਹੋ ਸਕਦੀਆਂ ਹਨ, ਜਿਨ੍ਹਾਂ ਵਿਚ ਹੋਰ ਅਨੇਕਾਂ ਤਰ੍ਹਾਂ ਦੇ ਜੀਵ ਜੰਤੂ ਹੋ ਸਕਦੇ ਹਨ।

***ਕਈ ਕੋਟਿ ਕੀਏ ਰਤਨ ਸਮੁਦ ॥** ਕਈ ਕੋਟਿ ਨਾਨਾ ਪ੍ਰਕਾਰ ਜੰਤ ॥ (੨੭੬)*

ਉਪਰ ਲਿਖਿਆ ਸਬਦ ਸਪੱਸ਼ਟ ਕਰਦਾ ਹੈ ਕਿ ਗੁਰੂ ਸਾਹਿਬਾਂ ਨੇ ਜੀਵਾਂ ਜਾਂ ਜੂਨਾਂ ਦੀ ਗਿਣਤੀ ੮੪ ਲੱਖ ਤਕ ਸੀਮਿਤ ਨਹੀਂ ਕਹੀ ਹੈ, ਬਲਕਿ ਸਮਝਾ ਦਿਤਾ ਕਿ ਇਨ੍ਹਾਂ ਦੀ ਗਿਣਤੀ ਕਈ ਕਰੋੜ ਹੈ, ਭਾਵ ਅਣਗਿਣਤ ਹੈ। ਕਰੋੜਾਂ ਜੀਵ ਪਾਤਾਲ ਵਿਚ ਵੱਸਣ ਵਾਲੇ ਹਨ ਅਤੇ ਕਰੋੜਾਂ ਹੀ ਨਰਕਾਂ ਤੇ ਸੁਰਗਾਂ ਵਿਚ ਵੱਸਦੇ ਹਨ, ਭਾਵ, ਦੁਖੀ ਜਾਂ ਸੁਖੀ ਹਨ, ਕਰੋੜਾਂ ਜੀਵ ਜੰਮਦੇ ਹਨ ਤੇ ਕਰੋੜਾਂ ਜੀਵ ਕਈ ਜੂਨਾਂ ਵਿਚ ਭਟਕ ਰਹੇ ਹਨ, ਕਰੋੜਾਂ ਜੀਵ ਬੈਠੇ ਹੀ ਖਾਂਦੇ ਹਨ ਅਤੇ ਕਰੋੜਾਂ ਐਸੇ ਹਨ ਜੋ ਰੋਟੀ ਦੀ ਖ਼ਾਤਰ ਮੇਹਨਤ ਕਰਦੇ ਹਨ ਤੇ ਥੱਕ ਟੁੱਟ ਜਾਂਦੇ ਹਨ, ਕਰੋੜਾਂ ਜੀਵ ਅਕਾਲ ਪੁਰਖੁ ਨੇ ਧਨ ਵਾਲੇ ਬਣਾਏ ਹਨ ਅਤੇ ਕਰੋੜਾਂ ਐਸੇ ਹਨ ਜਿਨ੍ਹਾਂ ਨੂੰ ਮਾਇਆ ਦਾ ਫ਼ਿਕਰ ਲੱਗਾ ਹੋਇਆ ਹੈ। ਅਕਾਲ ਪੁਰਖੁ ਜਿਥੇ ਜਿਥੇ ਚਾਹੁੰਦਾ ਹੈ, ਜੀਵਾਂ ਨੂੰ ਓਥੇ ਓਥੇ ਹੀ ਰੱਖਦਾ ਹੈ। ਹਰੇਕ ਜੀਵ ਜਾਂ ਪਦਾਰਥ ਨਾਲ ਵਾਪਰਨ ਵਾਲੀ ਕਿਰਿਆ ਅਕਾਲ ਪੁਰਖੁ ਦੇ ਆਪਣੇ ਹੁਕਮੁ ਅਨੁਸਾਰ ਹੈ ਤੇ ਸਭ ਕੁਝ ਉਸ ਦੇ ਹੱਥ ਵਿਚ ਹੈ।

*ਕਈ ਕੋਟਿ ਪਾਤਾਲ ਕੇ ਵਾਸੀ ॥ ਕਈ ਕੋਟਿ ਨਰਕ ਸੁਰਗ ਨਿਵਾਸੀ ॥ ਕਈ ਕੋਟਿ ਜਨਮਹਿ ਜੀਵਹਿ ਮਰਹਿ ॥ ਕਈ ਕੋਟਿ ਬਹੁ ਜੋਨੀ ਫਿਰਹਿ ॥ ਕਈ ਕੋਟਿ ਬੈਠਤ ਹੀ ਖਾਹਿ ॥ ਕਈ ਕੋਟਿ ਘਾਲਹਿ ਥਕਿ ਪਾਹਿ ॥ ਕਈ ਕੋਟਿ ਕੀਏ ਧਨਵੰਤ ॥ ਕਈ ਕੋਟਿ ਮਾਇਆ ਮਹਿ ਚਿੰਤ ॥ ਜਹ ਜਹ ਭਾਣਾ ਤਹ ਤਹ ਰਾਖੇ ॥ ਨਾਨਕ ਸਭੁ ਕਿਛੁ ਪ੍ਰਭ ਕੈ ਹਾਥੈ ॥੫॥ (੨੭੬)*

ਜਿਨ੍ਹਾਂ ਨੂੰ ਸਬਦ ਗੁਰੂ ਦੀ ਬਖ਼ਸ਼ਸ ਨਾਲ ਸੰਤ ਜਨਾਂ ਦੀ ਚਰਨ-ਧੂੜ ਪ੍ਰਾਪਤ ਹੋ ਗਈ, ਉਨ੍ਹਾਂ ਨੇ ਮਾਇਆ ਦੇ ਹੱਥੋਂ ਹਾਰ ਨਹੀਂ ਖਾਧੀ, ਉਨ੍ਹਾਂ ਦੇ ਕ੍ਰੋੜਾਂ ਜਨਮਾਂ ਦੇ ਗੇੜ ਮੁੱਕ ਗਏ, ਉਨ੍ਹਾਂ ਨੇ ਮੁਸ਼ਕਲ ਨਾਲ ਮਿਲੇ ਇਸ ਮਨੁੱਖਾ ਜਨਮ ਦੀ ਬਾਜ਼ੀ ਜਿੱਤ ਲਈ। ਜਿਨ੍ਹਾਂ ਵਡ-ਭਾਗੀ ਮਨੁੱਖਾਂ ਨੂੰ ਗੁਰੂ ਦੇ ਚਰਨਾਂ ਦੀ ਧੂੜ ਮਿਲ ਗਈ, ਉਨ੍ਹਾਂ ਨੇ ਪੰਜਾਂ ਵਿਕਾਰਾਂ ਤੇ ਕਾਬੂ ਪਾ ਲਿਆ ਤੇ ਉਹ ਪਵਿਤ੍ਰ ਜੀਵਨ ਵਾਲੇ ਹੋ ਗਏ, ਤੇ ਵਾਰ ਵਾਰ ਆਤਮਿਕ ਮੌਤੇ ਮਰਨ ਤੋਂ ਬਚ ਗਏ।

*ਆਸਾ ਮਹਲਾ ੫ ॥ **ਕੋਟਿ ਜਨਮ ਕੇ ਰਹੇ ਭਵਾਰੇ ॥** ਦੁਲਭ ਦੇਹ ਜੀਤੀ ਨਹੀ ਹਾਰੇ ॥੧॥ ਕਿਲਬਿਖ ਬਿਨਾਸੇ ਦੁਖ ਦਰਦ ਦੂਰਿ ॥ ਭਏ ਪੁਨੀਤ ਸੰਤਨ ਕੀ ਧੂਰਿ ॥੧॥ ਰਹਾਉ ॥ (੩੮੭)*

ਗੁਰੂ ਸਾਹਿਬ ਸਮਝਾਉਂਦੇ ਹਨ ਕਿ ਮੇਰੇ ਮਨ ਵਿਚ ਤੇ ਮੇਰੇ ਹਿਰਦੇ ਵਿਚ ਸਦਾ ਅਕਾਲ ਪੁਰਖੁ ਦਾ ਹੀ ਆਸਰਾ ਹੈ, ਕਿਉਂਕਿ ਉਹ ਹੀ ਮਾਇਆ ਦੇ ਮੋਹ ਤੋਂ ਬਚਾਣ ਵਾਲਾ ਹੈ। ਉਹ ਇਕ ਅਕਾਲ ਪੁਰਖੁ ਹੀ ਹੈ ਜੋ ਸਭ ਦੇ ਦਿਲਾਂ ਦੀ ਜਾਣਨ ਵਾਲਾ ਹੈ। ਉਸ ਤੋਂ ਬਿਨਾ ਹੋਰ ਕੋਈ ਨਹੀਂ ਜੋ ਇਹ ਸਭ ਕੁਝ ਕਰਨ ਦੀ ਸਮਰਥਾ ਰੱਖਦਾ ਹੋਵੇ। ਅਨੇਕਾਂ ਜੂਨਾਂ ਦੇ ਦੁਖ ਸਹਾਰ ਕੇ, ਕ੍ਰੋੜਾਂ ਜਨਮਾਂ ਵਿਚ ਭਟਕ ਕੇ ਜੀਵ ਮਨੁੱਖਾ ਜਨਮ ਪ੍ਰਾਪਤ ਕਰਦਾ ਹੈ, ਪਰ ਇੱਥੇ ਇਸ ਨੂੰ ਸਦਾ ਕਾਇਮ ਰਹਿਣ ਵਾਲਾ ਮਾਲਕ ਭੁੱਲ ਜਾਂਦਾ ਹੈ, ਤੇ, ਜਿਸ ਦੀ ਇਸ ਨੂੰ ਬੜੀ ਸਜ਼ਾ ਮਿਲਦੀ ਹੈ। ਮਨੁੱਖ ਕੋਲ ਬੁਧੀ ਹੈ, ਸਭ ਤਰ੍ਹਾਂ ਦੇ ਸਾਧਨ ਹਨ, ਰਹਿਣ ਲਈ ਮਕਾਨ ਹਨ,

ਖਾਣ ਲਈ ਅਨੇਕਾਂ ਪ੍ਰਕਾਰ ਦੇ ਭੋਜਨ ਹਨ, ਪਰੰਤੂ ਫਿਰ ਵੀ ਅਨੇਕਾਂ ਮਨੁੱਖ ਮਾਨਸਕ ਤੇ ਸਰੀਰਕ ਰੋਗਾਂ ਵਿਚ ਫਸੇ ਹੋਏ ਹਨ ਤੇ ਇਤਨਾਂ ਸਭ ਕੁਝ ਹੋਣ ਦੇ ਬਾਵਜੂਦ ਵੀ ਦੁਖੀ ਹਨ। ਜਿਨ੍ਹਾਂ ਮਨੁੱਖਾਂ ਨੂੰ ਪੂਰਾ ਗੁਰੂ ਮਿਲ ਜਾਂਦਾ ਹੈ, ਉਹ ਸਦਾ ਥਿਰ ਰਹਿਣ ਵਾਲੇ ਅਕਾਲ ਪੁਰਖੁ ਦੇ ਨਾਮੁ ਵਿਚ ਸੁਰਤਿ ਜੋੜਦੇ ਹਨ। ਸਬਦ ਗੁਰੂ ਦੁਆਰਾ ਆਪਣੇ ਵਿਕਾਂਰਾ ਤੇ ਕਾਬੂ ਪਾਣ ਦੀ ਜਾਚ ਸਿਖ ਲੈਂਦੇ ਹਨ। ਜੇਹੜੇ ਮਨੁੱਖ ਸਦਾ ਥਿਰ ਅਕਾਲ ਪੁਰਖੁ ਦੀ ਸਰਨ ਪਏ ਰਹਿੰਦੇ ਹਨ, ਉਨ੍ਹਾਂ ਦੇ ਪੂਰਨਿਆਂ ਤੇ ਤੁਰ ਕੇ ਅਸੀਂ ਵੀ ਮਾਇਆ ਦੇ ਮੋਹ ਦੇ ਜ਼ਹਿਰ ਤੋਂ ਬਚ ਸਕਦੇ ਹਾਂ।

*ਮਨਿ ਤਨਿ ਤੇਰੀ ਟੇਕ ਹੈ ਪਿਆਰੇ ਮਨਿ ਤਨਿ ਤੇਰੀ ਟੇਕ ॥ ਤੁਧੁ ਬਿਨੁ ਅਵਰੁ ਨ ਕਰਨਹਾਰੁ ਪਿਆਰੇ ਅੰਤਰਜਾਮੀ ਏਕ ॥ ਰਹਾਉ ॥ ਕੋਟਿ ਜਨਮ ਭ੍ਰਮਿ ਆਇਆ ਪਿਆਰੇ ਅਨਿਕ ਜੋਨਿ ਦੁਖੁ ਪਾਇ ॥ ਸਾਚਾ ਸਾਹਿਬੁ ਵਿਸਰਿਆ ਪਿਆਰੇ ਬਹੁਤੀ ਮਿਲੈ ਸਜਾਇ ॥ ਜਿਨ ਭੇਟੈ ਪੂਰਾ ਸਤਿਗੁਰੂ ਪਿਆਰੇ ਸੇ ਲਾਗੇ ਸਾਚੈ ਨਾਇ ॥ ਤਿਨਾ ਪਿਛੈ ਛੁਟੀਐ ਪਿਆਰੇ ਜੋ ਸਾਚੀ ਸਰਣਾਇ ॥੨॥ (੬੪੦, ੬੪੧)*

ਇਸ ਲਈ ਇਹੋ ਜਿਹਾ ਨਾਮੁ ਦਾਨ ਮੰਗਣਾਂ ਚਾਹੀਦਾ ਹੈ, ਜੋ ਪੰਜ ਵੈਰੀਆਂ ਤੋਂ ਬਚਾ ਕੇ ਰੱਖੇ। ਇਹ ਜਿੰਦ ਹੰਕਾਰ ਵਿਚ ਮਸਤ ਰਹਿੰਦੀ ਹੈ, ਪੰਜ ਚੋਰਾਂ ਦੇ ਹੱਥੋਂ ਠੱਗੀ ਜਾਂਦੀ ਹੈ, ਉਨ੍ਹਾਂ ਪੰਜ ਵਿਕਾਰਾਂ ਵਿਚ ਫਸ ਕੇ ਉਨ੍ਹਾਂ ਦੇ ਹੀ ਨੇੜੇ ਟਿਕੀ ਰਹਿੰਦੀ ਹੈ। ਇਨ੍ਹਾਂ ਤੋਂ ਬਚਣ ਲਈ ਸੰਤ ਜਨਾਂ ਦੀ ਸ਼ਰਨ ਵਿਚ ਆਉਂਣ ਦੀ ਲੋੜ ਹੈ ਤੇ ਇਨ੍ਹਾਂ ਵਿਕਾਰਾਂ ਦੇ ਸਾਥ ਤੋਂ ਦੂਰ ਰਹਿਣ ਲਈ ਬੇਨਤੀ ਕਰਨੀ ਹੈ। ਇਨ੍ਹਾਂ ਪੰਜਾਂ ਵੈਰੀਆਂ ਦੇ ਪ੍ਰਭਾਵ ਹੇਠ ਰਹਿ ਕੇ ਮਨੁੱਖ ਦੀ ਜਿੰਦ ਕ੍ਰੋੜਾਂ ਜਨਮਾਂ ਤੇ ਜੂਨਾਂ ਵਿਚ ਭਟਕਦੀ ਰਹਿੰਦੀ ਹੈ। ਇਸ ਲਈ ਹੋਰ ਆਸਰੇ ਛੱਡ ਕੇ ਗੁਰੂ ਦੇ ਦਰ ਤੇ ਆਉਂਣਾ ਹੈ। ਜਿਸ ਮਨੁੱਖ ਉੱਤੇ ਅਕਾਲ ਪੁਰਖੁ ਦੀ ਮਿਹਰ ਹੁੰਦੀ ਹੈ, ਉਸ ਨੂੰ ਇਨ੍ਹਾਂ ਵੈਰੀਆਂ ਦਾ ਟਾਕਰਾ ਕਰਨ ਲਈ ਅਕਾਲ ਪੁਰਖੁ ਦੇ ਨਾਮੁ ਦਾ ਆਸਰਾ ਮਿਲ ਜਾਂਦਾ ਹੈ, ਉਨ੍ਹਾਂ ਦਾ ਇਹ ਦੁਰਲੱਭ ਮਨੁੱਖਾ ਜਨਮ ਸਫਲ ਹੋ ਜਾਂਦਾ ਹੈ। ਇਸ ਲਈ ਅਕਾਲ ਪੁਰਖੁ ਦੇ ਚਰਨਾਂ ਵਿਚ ਅਰਦਾਸ ਕਰਨੀ ਹੈ ਕਿ ਹੇ ਅਕਾਲ ਪੁਰਖੁ ਮੈਨੂੰ ਆਪਣੇ ਨਾਮੁ ਦਾ ਆਸਰਾ ਦੇ ਕੇ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਲੈ।

*ਕੋਟਿ ਜਨਮ ਜੋਨਿ ਭ੍ਰਮਿਓ ਹਾਰਿ ਪਰਿਓ ਦੁਆਰਿ ॥੧॥ (੧੩੦੨)*

ਅਕਾਲ ਪੁਰਖੁ ਦਾ ਨਾਮੁ ਗੁਰਬਾਣੀ ਦੁਆਰਾ ਯਾਦ ਕਰਨਾ ਹੈ, ਤਾਂ ਜੋ ਵਿਕਾਰਾਂ ਤੇ ਕਾਬੂ ਪਾਇਆ ਜਾ ਸਕੇ ਤੇ ਉੱਚਾ ਆਤਮਕ ਜੀਵਨ ਬਣ ਸਕੇ। ਅਨੇਕਾਂ ਕਿਸਮਾਂ ਦੇ ਕ੍ਰੋੜਾਂ ਜਨਮਾਂ ਵਿਚ ਭਟਕ ਕੇ ਇਹ ਮਨੁੱਖਾ ਜਨਮ ਪ੍ਰਾਪਤ ਹੋਇਆ ਹੈ, ਤੇ, ਇਥੇ ਵੱਡੀ ਕਿਸਮਤ ਨਾਲ ਸਬਦ ਗੁਰੂ ਦਾ ਸਾਥ ਮਿਲਦਾ ਹੈ। ਗੁਰੂ ਸਾਹਿਬ ਗੁਰਬਾਣੀ ਦੁਆਰਾ ਇਹੀ ਸਮਝਾਉਂਦੇ ਹਨ ਕਿ ਪੂਰੇ ਗੁਰੂ ਦੀ ਸਰਨ ਵਿਚ ਆਉਂਣ ਤੋਂ ਬਿਨਾ ਅਨੇਕਾਂ ਜੂਨਾਂ ਤੋਂ ਪਾਰ ਉਤਾਰਾ ਨਹੀਂ ਹੋ ਸਕਦਾ ਹੈ।

*ਕੋਟਿ ਜਨਮ ਭ੍ਰਮਿ ਭ੍ਰਮਿ ਭ੍ਰਮਿ ਆਇਓ ॥ ਬਡੈ ਭਾਗਿ ਸਾਧਸੰਗੁ ਪਾਇਓ ॥੧॥ ਬਿਨੁ ਗੁਰ ਪੂਰੇ ਨਾਹੀ ਉਧਾਰੁ ॥ ਬਾਬਾ ਨਾਨਕੁ ਆਖੈ ਏਹੁ ਬੀਚਾਰੁ ॥੨॥੧੧॥ (੮੮੫, ੮੮੬)*

ਅਕਾਲ ਪੁਰਖੁ ਦੇ ਨਾਮੁ ਤੋਂ ਬਿਨਾ ਜੀਵ ਵਿਕਾਰਾਂ ਨਾਲ ਭਰਿਆ ਰਹਿੰਦਾ ਹੈ। ਪਰ ਜੀਵ ਦੇ ਵੀ ਕੀ ਵੱਸ? ਸਦਾ ਥਿਰ ਰਹਿਣ ਵਾਲੇ ਅਕਾਲ ਪੁਰਖੁ ਨੇ ਆਪ ਹੀ ਇਸ ਨੂੰ ਕੁਰਾਹੇ ਪਾਇਆ ਹੋਇਆ ਹੈ, ਜੀਵ ਮਾਇਆ ਤੇ ਵਿਸ਼ਿਆਂ ਵਿਕਾਰਾਂ ਦੀ ਠਗ ਬੂਟੀ ਘੋਟ ਘੋਟ ਕੇ ਪੀਂਦਾ ਰਹਿੰਦਾ ਹੈ। ਅਕਾਲ ਪੁਰਖੁ ਨਾਲੋਂ ਟੁੱਟਾ ਹੋਇਆ ਮਨੁੱਖ ਜੀਵਨ ਦਾ ਸਹੀ ਰਸਤਾ ਨਹੀਂ ਲੱਭ ਸਕਦਾ ਹੈ, ਇਸ ਲਈ ਉਹ ਕਈ ਤਰੀਕਿਆਂ ਨਾਲ ਕ੍ਰੋੜਾਂ ਜਨਮਾਂ ਵਿਚ ਭਟਕਦਾ ਰਹਿੰਦਾ ਹੈ, ਤੇ ਕਿਤੇ ਵੀ ਇਸ ਜਨਮ ਮਰਨ ਦੇ ਗੇੜ ਵਿਚੋਂ ਇਸ ਨੂੰ ਟਿਕਾ ਨਹੀਂ ਮਿਲਦਾ ਹੈ। ਸੱਚ ਦਾ ਮਾਰਗ ਦੱਸਣ ਵਾਲਾ ਤੇ ਆਤਮਕ ਅਡੋਲਤਾ ਵਿਚ ਅਪੜਾਣ ਵਾਲਾ ਪੂਰਾ ਗੁਰੂ ਇਸ ਨੂੰ ਨਹੀਂ ਮਿਲਦਾ, ਇਸ ਲਈ ਅਕਾਲ ਪੁਰਖੁ ਨਾਲੋਂ ਟੁੱਟਾ ਹੋਇਆ ਮਨੁੱਖ ਸਦਾ ਜੰਮਦਾ ਮਰਦਾ ਰਹਿੰਦਾ ਹੈ।

*ਕੋਟਿ ਜਨਮ ਭ੍ਰਮਤੌ ਬਹੁ ਭਾਂਤੀ ਥਿਤਿ ਨਹੀ ਕਤਹੂ ਪਾਈ ॥ ਪੂਰਾ ਸਤਿਗੁਰੁ ਸਹਜਿ ਨ ਭੇਟਿਆ ਸਾਕਤੁ ਆਵੈ ਜਾਈ ॥੧॥ (੧੨੨੪)*

ਗੁਰੂ ਸਾਹਿਬ ਸਮਝਾਉਂਦੇ ਹਨ ਕਿ ਐ ਮਨੁੱਖ ਤੂੰ ਉਸ ਅਕਾਲ ਪੁਰਖੁ ਦੀ ਯਾਦ ਵਲੋਂ ਕਿਉਂ ਮੂੰਹ ਮੋੜੀ ਬੈਠਾ ਹੈਂ, ਜਿਸ ਨੇ ਤੈਨੂੰ ਜਿੰਦ ਦਿੱਤੀ, ਜਿਸ ਨੇ ਤੈਨੂੰ ਇਹ ਸਰੀਰ ਦਿੱਤਾ। ਯਾਦ ਰੱਖ, ਜੇ ਕਰ ਹੁਣ ਇਹ ਸਮਾਂ ਵਿਅਰਥ ਚਲਾ ਗਿਆ ਤਾਂ ਫਿਰ ਕ੍ਰੋੜਾਂ ਜਨਮਾਂ ਵਿਚ ਅਨੇਕਾਂ ਜੂਨਾਂ ਵਿਚ ਭਟਕਦਾ ਫਿਰੇਂਗਾ। ਜੇਹੜਾ ਮਨੁੱਖ ਅਕਾਲ ਪੁਰਖੁ ਦੀਆਂ ਬਖ਼ਸ਼ੀਆਂ ਦਾਤਾਂ ਖਾਂਦਾ ਰਹਿੰਦਾ ਹੈ, ਪਹਿਨਦਾ ਰਹਿੰਦਾ ਹੈ ਤੇ ਇਸ ਗੱਲੋਂ ਮੁਕਰਿਆ ਰਹਿੰਦਾ ਹੈ ਕਿ ਇਹ ਅਕਾਲ ਪੁਰਖੁ ਨੇ ਦਿੱਤੀਆਂ ਹਨ, ਉਹ ਮਨੁੱਖ ਸਦਾ ਆਤਮਕ ਮੌਤੇ ਮਰਿਆ ਰਹਿੰਦਾ ਹੈ। ਅਕਾਲ ਪੁਰਖੁ ਨਾਲੋਂ ਟੁੱਟੇ ਤੇ ਮਾਇਆ ਦੇ ਮੋਹ ਵਿਚ ਫਸੇ ਮਨੁੱਖ ਦੀ ਜੀਵਨ ਮਰਯਾਦਾ ਹੀ ਐਸੀ ਹੈ, ਕਿ ਉਹ ਜੋ ਕੁਝ ਕਰਦਾ ਹੈ, ਸਾਰਾ ਬੇ ਮੁਖ ਹੋਣ ਵਾਲਾ ਕੰਮ ਹੀ ਕਰਦਾ ਹੈ। ਜਿਸ ਅਕਾਲ ਪੁਰਖੁ ਨੇ ਜੀਵ ਦੀ ਜਿੰਦ, ਮਨ ਤੇ ਸਰੀਰ ਨੂੰ ਆਪਣੀ ਜੋਤਿ ਦਾ ਸਹਾਰਾ ਦਿੱਤਾ ਹੋਇਆ ਹੈ, ਉਸ ਪਾਲਣਹਾਰ ਅਕਾਲ ਪੁਰਖੁ ਨੂੰ ਸਾਕਤ ਮਨੁੱਖ ਆਪਣੇ ਮਨ ਵਿਚੋਂ ਭੁਲਾਈ ਰੱਖਦਾ ਹੈ। ਇਸ ਤਰ੍ਹਾਂ, ਉਸ ਸਾਕਤ ਮਨੁੱਖ ਦੇ ਵਿਕਾਰ ਵਧਦੇ ਜਾਂਦੇ ਹਨ। ਇਸ ਲਈ ਬੇਨਤੀ ਕਰਨੀ ਹੈ ਕਿ ਹੇ

ਅਕਾਲ ਪੁਰਖੁ ਸਾਨੂੰ ਜੀਵਾਂ ਨੂੰ ਵਿਕਾਰਾਂ ਤੋਂ ਬਚਾ ਕੇ ਰੱਖ। ਜੇਹੜੇ ਮਨੁੱਖ ਅਕਾਲ ਪੁਰਖੁ ਦੀ ਮਿਹਰ ਨਾਲ ਉਸ ਦੀ ਸ਼ਰਨ ਵਿਚ ਆਉਂਦੇ ਹਨ, ਉਹ ਹਰਿ ਨਾਮੁ ਦੀ ਬਰਕਤ ਨਾਲ ਆਪਣੇ ਮਾਇਆ ਦੇ ਬੰਧਨ ਕੱਟ ਕੇ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦੇ ਹਨ।

*ਤਿਸੁ ਸਿਉ ਬੇਮੁਖੁ ਜਿਨਿ ਜੀਉ ਪਿੰਡੁ ਦੀਨਾ ॥ ਕੋਟਿ ਜਨਮ ਭਰਮਹਿ ਬਹੁ ਜੂਨਾ ॥੧॥ ਰਹਾਉ ॥ ਸਾਕਤ ਕੀ ਐਸੀ ਹੈ ਰੀਤਿ ॥ ਜੋ ਕਿਛੁ ਕਰੈ ਸਗਲ ਬਿਪਰੀਤਿ ॥੨॥ (੧੯੫)*

ਅਕਾਲ ਪੁਰਖੁ ਦੀ ਉੱਚੀ ਆਤਮਕ ਅਵਸਥਾ ਅਪਹੁੰਚ ਹੈ ਤੇ ਬੇਅੰਤ ਹੈ। ਵੱਡੇ ਵੱਡੇ ਪਾਪੀਆਂ ਨੂੰ ਉਹ ਸੰਸਾਰ ਸਮੁੰਦਰ ਤੋਂ ਪਾਰ ਲੰਘਾਂਦਾ ਆ ਰਿਹਾ ਹੈ। ਜਿਹੜੇ ਜੀਵ ਕ੍ਰੋੜਾਂ ਜਨਮਾਂ ਤੇ ਜੂਨਾਂ ਵਿਚ ਭਟਕਦੇ ਫਿਰਦੇ ਰਹਿੰਦੇ ਸਨ, ਉਹ ਅਕਾਲ ਪੁਰਖੁ ਦਾ ਨਾਮੁ ਯਾਦ ਕਰਨ ਨਾਲ ਕਈ ਜੂਨਾਂ ਦੇ ਗੇੜਾਂ ਵਿਚੋਂ ਪਾਰ ਲੰਘ ਜਾਂਦੇ ਹਨ। ਇਸ ਲਈ ਅਕਾਲ ਪੁਰਖੁ ਦੇ ਦਰਸ਼ਨਾ ਦੀ ਤਾਂਘ ਮਨ ਵਿਚ ਪੈਦਾ ਕਰੋ ਤੇ ਉਸ ਨੂੰ ਆਪਣਾ ਬਣਾਉਣ ਲਈ ਸਦਾ ਬੇਨਤੀ ਕਰਦੇ ਰਹੋ, ਕਿ ਸਾਨੂੰ ਬਖਸ਼ ਦਿਉ ਤੇ ਜੀਵਨ ਦੇ ਸਹੀ ਰਸਤੇ ਤੇ ਚਲਣ ਦਾ ਮਰਗ ਦਰਸ਼ਨ ਕਰੋ।

*ਕੋਟਿ ਜਨਮ ਭ੍ਰਮੰਤ ਜੋਨੀ ਤੇ ਨਾਮ ਸਿਮਰਤ ਤਾਰੇ ॥ ਨਾਨਕ ਦਰਸ ਪਿਆਸ ਹਰਿ ਜੀਉ ਆਪਿ ਲੇਹੁ ਸਮ੍ਾਰੇ ॥੨॥ (੧੨੨੮)*

ਸ੍ਰਿਸ਼ਟੀ ਦੇ ਪਾਲਣਹਾਰ ਅਕਾਲ ਪੁਰਖੁ ਅੱਗੇ ਬੇਨਤੀ ਕਰਨੀ ਹੈ ਕਿ ਮੈਂ ਤੇਰੇ ਚਰਨਾਂ ਦੀ ਸ਼ਰਨ ਵਿਚ ਆਇਆ ਹਾਂ, ਮੇਰੇ ਅੰਦਰੋਂ ਮੋਹ, ਹੰਕਾਰ, ਠੱਗੀ, ਭਟਕਣਾ ਆਦਿ ਦੀਆਂ ਫਾਹੀਆਂ ਕੱਟ ਕੇ ਮੇਰੀ ਰੱਖਿਆ ਕਰੋ। ਅਕਾਲ ਪੁਰਖੁ ਗ਼ਰੀਬਾਂ ਦੇ ਦੁਖ ਦੂਰ ਕਰ ਕੇ ਉਨ੍ਹਾਂ ਨੂੰ ਦੁਖਾਂ ਦੇ ਸਮੁੰਦਰ ਵਿਚੋਂ ਪਾਰ ਲੰਘਾਣ ਵਾਲਾ ਹੈ। ਅਕਾਲ ਪੁਰਖੁ ਦਇਆ ਦਾ ਖ਼ਜ਼ਾਨਾ ਹੈ, ਵਿਕਾਰੀਆਂ ਨੂੰ ਵਿਕਾਰਾਂ ਵਿਚੋਂ ਬਚਾਣ ਵਾਲਾ ਹੈ। ਮਨੁੱਖ ਕ੍ਰੋੜਾਂ ਜਨਮਾਂ ਦੇ ਦੁਖ ਸਹਾਰ ਕੇ ਇਹ ਮਨੁੱਖਾ ਜਨਮ ਪ੍ਰਾਪਤ ਕਰਦਾ ਹੈ, ਪਰ ਸੁਖੀ ਉਹੀ ਹੈ ਜਿਸ ਨੇ ਆਪਣੇ ਹਿਰਦੇ ਵਿਚ ਸਬਦ ਗੁਰੂ ਦੁਆਰਾ ਅਕਾਲ ਪੁਰਖੁ ਦਾ ਦੱਸਿਆ ਨਾਮੁ ਦ੍ਰਿੜ ਕਰ ਲਿਆ ਹੈ।

*ਕੋਟਿ ਜਨਮ ਦੂਖ ਕਰਿ ਪਾਇਓ ॥ ਸੁਖੀ ਨਾਨਕ ਗੁਰਿ ਨਾਮੁ ਦ੍ਰਿੜਾਇਓ ॥੪॥੬॥੧੨॥ (੧੩੦੧)*

ਜੇ ਕੋਈ ਮਨੁੱਖ ਗੁਰੂ ਵਲੋਂ ਆਪਣਾ ਮੂੰਹ ਮੋੜ ਲਏ ਤਾਂ ਉਸ ਨੂੰ ਆਤਮਕ ਆਨੰਦ ਨਸੀਬ ਨਹੀਂ ਹੋ ਸਕਦਾ ਕਿਉਂਕਿ, ਗੁਰੂ ਤੋਂ ਬਿਨਾ ਮਾਇਆ ਦੇ ਪ੍ਰਭਾਵ ਤੋਂ ਖ਼ਲਾਸੀ ਨਹੀਂ ਮਿਲਦੀ। ਗੁਰੂ ਸਾਹਿਬ ਫਿਰ ਦੁਬਾਰਾ ਸਮਝਾਉਂਦੇ ਹਨ ਕਿ ਬੇਸ਼ੱਕ ਕਿਸੇ ਵਿਚਾਰਵਾਨ ਤੋਂ ਜਾ ਕੇ ਪੁੱਛ ਲਵੋ ਤੇ ਤਸੱਲੀ ਕਰ ਲਵੋ, ਇਹ ਪੱਕੀ ਗੱਲ ਹੈ ਕਿ ਗੁਰੂ ਤੋਂ ਬਿਨਾ ਕਿਸੇ ਵੀ ਹੋਰ ਥਾਂ ਤੋਂ ਮਾਇਕ ਬੰਧਨਾਂ ਤੋਂ ਖ਼ਲਾਸੀ ਨਹੀਂ ਮਿਲਦੀ। ਮਾਇਆ ਦੇ ਮੋਹ ਵਿਚ ਫਸਿਆ ਮਨੁੱਖ ਅਨੇਕਾਂ ਜੂਨਾਂ ਵਿਚ ਭਟਕਦਾ ਰਹਿੰਦਾ ਹੈ, ਗੁਰੂ ਦੀ ਸਰਨ ਵਿਚ ਆਉਣ ਤੋਂ ਬਿਨਾ ਇਸ ਨੂੰ ਮਾਇਆ ਦੇ ਮੋਹ ਤੋਂ ਖ਼ਲਾਸੀ ਨਹੀਂ ਮਿਲਦੀ। ਆਖ਼ਰ ਸਬਦ ਗੁਰੂ ਦੀ ਚਰਨੀਂ ਲੱਗ ਕੇ ਹੀ ਮਾਇਆ ਦੇ ਮੋਹ ਤੋਂ ਛੁਟਕਾਰਾ ਮਿਲਦਾ ਹੈ, ਕਿਉਂਕਿ ਗੁਰੂ ਹੀ ਜੀਵਨ ਦੇ ਸਹੀ ਮਾਰਗ ਦਾ ਉਪਦੇਸ਼ ਸੁਣਾਂਦਾ ਹੈ। ਇਹ ਭਾਂਵੇ ਚੰਗੀ ਤਰ੍ਹਾਂ ਸੋਚ ਵਿਚਾਰ ਕੇ ਵੇਖ ਲਵੋ, ਸਬਦ ਗੁਰੂ ਤੋਂ ਬਿਨਾ ਮਾਇਆ ਦੇ ਬੰਧਨ ਤੋਂ ਆਜ਼ਾਦੀ ਨਹੀਂ ਮਿਲਦੀ, ਤੇ ਇਸ ਮੁਕਤੀ ਤੋਂ ਬਿਨਾ ਆਤਮਕ ਆਨੰਦ ਦੀ ਪ੍ਰਾਪਤੀ ਨਹੀਂ ਹੋ ਸਕਦੀ। ਮਾਇਆ ਦਾ ਮੋਹ ਤੇ ਆਤਮਕ ਆਨੰਦ, ਇਹ ਦੋਵੇਂ ਇਕੋ ਹਿਰਦੇ ਵਿਚ ਇਕੱਠੇ ਨਹੀਂ ਵਸ ਸਕਦੇ ਹਨ। ਮਾਇਆ ਦੇ ਮੋਹ ਤੋਂ ਖ਼ਲਾਸੀ ਉਦੋਂ ਮਿਲਦੀ ਹੈ, ਜਦੋਂ ਮਨੁੱਖ ਸਬਦ ਗੁਰੂ ਦੀ ਸਰਨ ਵਿਚ ਪੈਂਦਾ ਹੈ, ਤਾਂ ਫਿਰ ਗੁਰੂ ਮਨੁੱਖ ਨੂੰ ਜੀਵਨ ਦਾ ਸਹੀ ਰਸਤਾ ਦੱਸਦਾ ਹੈ।

*ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ ॥ ਪਾਵੈ ਮੁਕਤਿ ਨ ਹੋਰ ਥੈ ਕੋਈ ਪੁਛਹੁ ਬਿਬੇਕੀਆ ਜਾਏ ॥ ਅਨੇਕ ਜੂਨੀ ਭਰਮਿ ਆਵੈ ਵਿਣੁ ਸਤਿਗੁਰ ਮੁਕਤਿ ਨ ਪਾਏ ॥ ਫਿਰਿ ਮੁਕਤਿ ਪਾਏ ਲਾਗਿ ਚਰਣੀ ਸਤਿਗੁਰੂ ਸਬਦੁ ਸੁਣਾਏ ॥ ਕਹੈ ਨਾਨਕੁ ਵੀਚਾਰਿ ਦੇਖਹੁ ਵਿਣੁ ਸਤਿਗੁਰ ਮੁਕਤਿ ਨ ਪਾਏ ॥੨੨॥ (੯੨੦)*

ਗੁਰੂ ਸਾਹਿਬ ਜੀਵਨ ਨੂੰ ਸੇਧ ਦੇਣ ਲਈ ਸਮਝਾਉਂਦੇ ਹਨ, ਕਿ ਆਪਣੇ ਮਨ ਵਿਚ ਅਕਾਲ ਪੁਰਖੁ ਦੇ ਚਰਨਾਂ ਦਾ ਧਿਆਨ ਧਰਨਾ ਹੀ ਸਾਰੇ ਤੀਰਥਾਂ ਦਾ ਇਸ਼ਨਾਨ ਹੈ। ਅਕਾਲ ਪੁਰਖੁ ਨੂੰ ਸਦਾ ਯਾਦ ਕਰਨਾ ਚਾਹੀਦਾ ਹੈ, ਤੇ ਜੇਹੜਾ ਮਨੁੱਖ ਅਕਾਲ ਪੁਰਖੁ ਨੂੰ ਹਮੇਸ਼ਾਂ ਆਪਣੇ ਧਿਆਨ ਵਿਚ ਰੱਖਦਾ ਹੈ, ਉਸ ਦੇ ਕ੍ਰੋੜਾਂ ਜਨਮਾਂ ਦੇ ਵਿਕਾਰਾਂ ਦੀ ਮੈਲ ਲਹਿ ਜਾਂਦੀ ਹੈ। ਜੇਹੜਾ ਮਨੁੱਖ ਅਕਾਲ ਪੁਰਖੁ ਦੀ ਸਿਫ਼ਤਿ-ਸਾਲਾਹ ਆਪਣੇ ਹਿਰਦੇ ਵਿਚ ਵਸਾਂਦਾ ਹੈ, ਉਹ ਮਨ ਚਾਹੇ ਫਲ ਪ੍ਰਾਪਤ ਕਰ ਲੈਂਦਾ ਹੈ। ਜਿਸ ਮਨੁੱਖ ਦੇ ਹਿਰਦੇ ਵਿਚ ਅਕਾਲ ਪੁਰਖੁ ਆ ਵੱਸਦਾ ਹੈ, ਉਸ ਮਨੁੱਖ ਦਾ ਸਾਰਾ ਜੀਵਨ, ਜਨਮ ਤੋਂ ਲੈ ਕੇ ਮੌਤ ਤਕ, ਅਕਾਲ ਪੁਰਖੁ ਦੀ ਹਜ਼ੂਰੀ ਵਿਚ ਕਬੂਲ ਹੋ ਜਾਂਦਾ ਹੈ। ਅਸਲ ਵਿਚ ਉਹੀ ਮਨੁੱਖ ਪੂਰੇ ਹਨ, ਤੇ ਸਫਲ ਜੀਵਨ ਵਾਲੇ ਬਣਦੇ ਹਨ, ਜਿਨ੍ਹਾਂ ਨੂੰ ਗੁਰੂ ਦੇ ਚਰਨਾਂ ਦੀ ਧੂੜ ਮਿਲ ਜਾਂਦੀ ਹੈ।

*ਹਰਿ ਦਿਨੁ ਹਰਿ ਸਿਮਰਨੁ ਮੇਰੇ ਭਾਈ ॥ ਕੋਟਿ ਜਨਮ ਕੀ ਮਲੁ ਲਹਿ ਜਾਈ ॥੧॥ ਰਹਾਉ ॥ (੧੯੫)*

ਅਕਾਲ ਪੁਰਖੁ ਦੇ ਨਾਮੁ ਰੂਪੀ ਸਰੋਵਰ ਵਿਚ ਸਦਾ ਇਸ਼ਨਾਨ ਕਰਨਾ ਚਾਹੀਦਾ ਹੈ, ਕਿਉਂਕਿ ਅਕਾਲ ਪੁਰਖੁ ਦੇ ਨਾਮੁ ਦਾ ਰਸ ਸਭ ਤੋਂ ਸ੍ਰੇਸ਼ਟ ਰਸ ਹੈ। ਅਕਾਲ ਪੁਰਖੁ ਦੇ ਨਾਮੁ ਰਸ ਗੁਰਬਾਣੀ ਦੁਆਰਾ ਬੜੇ ਪ੍ਰੇਮ ਨਾਲ ਪੀਣਾ ਚਾਹੀਦਾ ਹੈ, ਤਾਂ ਜੋ ਆਤਮਕ ਆਨੰਦ ਪ੍ਰਾਪਤ ਕੀਤਾ ਜਾ ਸਕੇ। ਅਕਾਲ ਪੁਰਖੁ ਦਾ ਨਾਮੁ ਇਕ ਅਜੇਹਾ ਪਵਿਤ੍ਰ ਜਲ ਹੈ, ਜਿਸ ਵਿਚ ਇਸ਼ਨਾਨ ਕਰਨ ਨਾਲ ਸਾਰੇ ਮਨੋਰਥ ਪੂਰੇ ਹੋ ਜਾਂਦੇ ਹਨ, ਸਾਰੀਆਂ ਵਾਸ਼ਨਾਂ ਮੁੱਕ ਜਾਂਦੀਆਂ ਹਨ। ਸਬਦ ਗੁਰੂ ਗਰੰਥ ਸਾਹਿਬ ਦੀ ਸੰਗਤ ਕਰਨੀ ਚਾਹੀਦੀ ਹੈ।

ਗੁਰਬਾਣੀ ਵੀਚਾਰ ਦੁਆਰਾ ਹਰਿ ਦੇ ਨਾਮੁ ਰੂਪੀ ਜਲ ਵਿਚ ਚੁੱਭੀ ਲਾਉਂਣ ਨਾਲ ਅਕਾਲ ਪੁਰਖੁ ਨਾਲ ਮਿਲਾਪ ਹੋ ਜਾਂਦਾ ਹੈ ਤੇ, ਮਨੁੱਖ ਆਪਣੇ ਕ੍ਰੋੜਾਂ ਜਨਮਾਂ ਦੇ ਕੀਤੇ ਹੋਏ ਪਾਪ ਦੂਰ ਕਰ ਲੈਂਦਾ ਹੈ ਤੇ ਜੀਵਨ ਵਿਚ ਆਤਮਕ ਆਨੰਦ ਮਾਣਦਾ ਰਹਿੰਦਾ ਹੈ।

*ਸੰਤਸੰਗਿ ਤਹ ਗੋਸਟਿ ਹੋਇ ॥ ਕੋਟਿ ਜਨਮ ਕੇ ਕਿਲਵਿਖ ਖੋਇ ॥੨॥ (੧੯੮, ੧੯੯)*

ਜੇਹੜੇ ਮਨੁੱਖ ਗੁਰਬਾਣੀ ਦੁਆਰਾ ਅਕਾਲ ਪੁਰਖੁ ਦਾ ਨਾਮੁ ਸੁਣਦੇ ਹਨ, ਉਨ੍ਹਾਂ ਦੇ ਅੰਦਰੋਂ ਅਗਿਆਨਤਾ ਦੇ ਹਨੇਰੇ ਕਾਰਨ ਪੈਦਾ ਹੋਈ ਮਾਇਆ ਦੀ ਤ੍ਰਿਸ਼ਨਾ ਮਿਟ ਜਾਂਦੀ ਹੈ, ਤੇ ਸਬਦ ਗੁਰੂ ਅਨੁਸਾਰ ਦੱਸੀ ਸੇਵਾ[੭੦੩] ਕਰਨ ਨਾਲ ਉਨ੍ਹਾਂ ਦੇ ਅਨੇਕਾਂ ਹੀ ਪਾਪ ਕੱਟੇ ਜਾਂਦੇ ਹਨ। ਉਨ੍ਹਾਂ ਦੇ ਮਨ ਪਵਿਤ੍ਰ ਹੋ ਜਾਂਦੇ ਹਨ, ਤੇ ਬੜਾ ਅਨੰਦ ਪ੍ਰਾਪਤ ਹੁੰਦਾ ਹੈ, ਮਨੁੱਖ ਅਡੋਲ ਅਵਸਥਾ ਵਿਚ ਰਹਿੰਦਾ ਹੈ ਤੇ ਜੀਵਨ ਵਿਚ ਸੁਖ ਪ੍ਰਾਪਤ ਕਰਦਾ ਹੈ। ਜਿਨ੍ਹਾਂ ਮਨੁੱਖਾਂ ਨੇ ਪੂਰੇ ਗੁਰੂ ਦੇ ਚਰਨ ਫੜ ਲਏ ਹਨ, ਉਨ੍ਹਾਂ ਦੇ ਪਿਛਲੇ ਕ੍ਰੋੜਾਂ ਜਨਮਾਂ ਦੇ ਕੀਤੇ ਪਾਪ ਲਹਿ ਜਾਂਦੇ ਹਨ ਤੇ ਉਨ੍ਹਾਂ ਦਾ ਇਹ ਕੀਮਤੀ ਮਨੁੱਖਾ ਜਨਮ ਸਫਲ ਹੋ ਜਾਂਦਾ ਹੈ।

*ਗੁਰ ਪੂਰੇ ਕੇ ਚਰਣ ਗਹੇ ॥ ਕੋਟਿ ਜਨਮ ਕੇ ਪਾਪ ਲਹੇ ॥੩॥ (੩੮੭)*

ਹੰਕਾਰ ਇਕ ਬੜਾ ਲੰਮਾ ਰੋਗ ਹੈ, ਮਾਇਆ ਨਾਲ ਡੂੰਘਾ ਪਿਆਰ ਬੜਾ ਪੁਰਾਣਾ ਰੋਗ ਹੈ, ਇਨ੍ਹਾਂ ਰੋਗਾਂ ਤੋਂ ਉਸ ਵਡਭਾਗੀ ਮਨੁੱਖ ਨੂੰ ਹੀ ਖ਼ਲਾਸੀ ਮਿਲਦੀ ਹੈ, ਜਿਸ ਨੂੰ ਗੁਰੂ ਨੇ ਅਕਾਲ ਪੁਰਖੁ ਦਾ ਨਾਮੁ ਰੂਪੀ ਦਾਰੂ ਦੇ ਦਿੱਤਾ। ਮਾਇਕ ਪਦਾਰਥਾਂ ਦੀ ਆਸ ਜੀਵ ਵਾਸਤੇ ਆਤਮਕ ਮੌਤ ਦਾ ਜਾਲ ਖਿਲਾਰੀ ਰੱਖਦੀ ਹੈ, ਇਸ ਲਈ ਆਪਣੇ ਮਨ ਤੇ ਹਿਰਦੇ ਵਿਚ, ਅਕਾਲ ਪੁਰਖੁ ਦੇ ਸੇਵਕਾਂ ਦੀ ਚਰਨ-ਧੂੜ ਦੀ ਪ੍ਰਾਪਤੀ ਲਈ ਬੇਨਤੀ ਕਰਦੇ ਰਹਿਣਾ ਚਾਹੀਦਾ ਹੈ। ਅਕਾਲ ਪੁਰਖੁ ਦੇ ਚਰਨਾਂ ਵਿਚ ਅਰਦਾਸ ਕਰਨੀ ਚਾਹੀਦੀ ਹੈ, ਕਿਉਂਕਿ ਗੁਰਮੁਖਾਂ ਦੀ ਸੰਗਤ ਨਾਲ ਚੰਗੇ ਗੁਣ ਪੈਦਾ ਹੁੰਦੇ ਹਨ, ਜਿਸ ਸਦਕਾ ਕ੍ਰੋੜਾਂ ਜਨਮਾਂ ਦੇ ਪਾਪ ਲਹਿ ਜਾਂਦੇ ਹਨ। ਗੁਰੂ ਦੇ ਦਿੱਤੇ ਗਿਆਨ ਤੇ ਆਤਮਕ ਜੀਵਨ ਬਾਰੇ ਸਹੀ ਸੂਝ ਨਾਲ ਆਤਮਕ ਮੌਤ ਦਾ ਇਹ ਜਾਲ ਕੱਟਿਆ ਜਾ ਸਕਦਾ ਹੈ।

*ਮਨਿ ਤਨਿ ਬਾਛੀਐ ਜਨ ਧੂਰਿ ॥ ਕੋਟਿ ਜਨਮ ਕੇ ਲਹਹਿ ਪਾਤਿਕ ਗੋਬਿੰਦ ਲੋਚਾ ਪੂਰਿ ॥੧॥ ਰਹਾਉ ॥ (੫੦੨)*

ਗੁਰਬਾਣੀ ਦੁਆਰਾ ਅਕਾਲ ਪੁਰਖੁ ਦਾ ਨਾਮੁ ਯਾਦ ਕਰਨ ਨਾਲ ਮਨ ਦਾ ਸੁਖ ਇਤਨਾ ਉੱਚਾ ਹੋ ਜਾਂਦਾ ਹੈ, ਕਿ ਇਉਂ ਜਾਪਦਾ ਹੈ, ਜਿਵੇਂ ਮਨ ਕ੍ਰੋੜਾਂ ਆਨੰਦ ਮਾਣ ਰਿਹਾ ਹੈ, ਕ੍ਰੋੜਾਂ ਬਾਦਸ਼ਾਹੀਆਂ ਦਾ ਸੁਖ ਮਾਣ ਰਿਹਾ ਹੈ। ਅਕਾਲ ਪੁਰਖੁ ਦਾ ਨਾਮੁ ਯਾਦ ਕਰਨ ਨਾਲ ਤਨ ਮਨ ਪਵਿਤ੍ਰ ਹੋ ਜਾਂਦੇ ਹਨ, ਤੇ ਸਾਰੇ ਦੁਖ ਦੂਰ ਹੋ ਜਾਂਦੇ ਹਨ। ਕ੍ਰੋੜਾਂ ਜਨਮਾਂ ਦੇ ਕੀਤੇ ਹੋਏ ਪਾਪ ਨਾਸ ਹੋ ਜਾਂਦੇ ਹਨ ਤੇ ਆਤਮਕ ਆਨੰਦ ਪ੍ਰਾਪਤ ਹੁੰਦਾ ਹੈ। ਗੁਰਬਾਣੀ ਦੁਆਰਾ ਅਕਾਲ ਪੁਰਖੁ ਦੇ ਦਰਸਨ ਕਰਨ ਨਾਲ ਮਾਇਆ ਦੀ ਭੁੱਖ ਦੂਰ ਹੋ ਜਾਂਦੀ ਹੈ ਤੇ ਮਨ ਦੀ ਹਰੇਕ ਮੁਰਾਦ ਪੂਰੀ ਹੋ ਜਾਂਦੀ ਹੈ।

*ਕੋਟਿ ਜਨਮ ਕੇ ਕਿਲਬਿਖ ਨਾਸਹਿ ਸਿਮਰਤ ਪਾਵਨ ਤਨ ਮਨ ਸੁਖ ॥ ਦੇਖਿ ਸਰੂਪੁ ਪੂਰਨੁ ਭਈ ਆਸਾ ਦਰਸਨੁ ਭੇਟਤ ਉਤਰੀ ਭੁਖ ॥੧॥ (੭੧੭)*

ਅਕਾਲ ਪੁਰਖੁ ਆਪਣੇ ਸੇਵਕਾਂ ਦੀ ਸਦਾ ਰੱਖਿਆ ਕਰਦਾ ਹੈ, ਤੇ ਆਪਣੀ ਮੇਹਰ ਸਦਕਾ ਆਪਣੇ ਸੇਵਕਾਂ ਨੂੰ ਨਾਮੁ ਦੀ ਦਾਤ ਬਖ਼ਸ਼ਦਾ ਹੈ, ਜਿਸ ਸਦਕਾ ਉਨ੍ਹਾਂ ਦੇ ਸਾਰੇ ਚਿੰਤਾ, ਫ਼ਿਕਰ, ਦੁਖ ਤੇ ਕਲੇਸ਼ ਨਾਸ ਹੋ ਜਾਂਦੇ ਹਨ। ਇਸ ਲਈ ਸਾਰੇ ਰਲ ਕੇ ਗੁਰਬਾਣੀ ਦੁਆਰਾ ਅਕਾਲ ਪੁਰਖੁ ਦੇ ਗੁਣ ਗਾਇਨ ਕਰੋ, ਆਪਣੀ ਰਸਨਾ ਰਾਹੀਂ ਸੋਹਣੇ ਰਾਗਾਂ ਦੁਆਰਾ ਉਸ ਦੇ ਗੁਣਾਂ ਦਾ ਉਚਾਰਣ ਕਰੋ ਤੇ ਗੁਰਬਾਣੀ ਨੂੰ ਆਪਣੇ ਜੀਵਨ ਦਾ ਹਿਸਾ ਬਣਾ ਲਉ। ਜੇਹੜੇ ਮਨੁੱਖ ਅਕਾਲ ਪੁਰਖੁ ਦੇ ਗੁਣਾਂ ਦਾ ਉਚਾਰਨ ਕਰਦੇ ਹਨ, ਉਨ੍ਹਾਂ ਦੀ ਕ੍ਰੋੜਾਂ ਜਨਮਾਂ ਦੀ ਮਾਇਆ ਦੀ ਤ੍ਰਿਸ਼ਨਾ ਦੂਰ ਹੋ ਜਾਂਦੀ ਹੈ, ਸ੍ਰੇਸ਼ਟ ਨਾਮੁ ਰਸ ਦੀ ਬਰਕਤ ਨਾਲ ਉਨ੍ਹਾਂ ਦਾ ਮਨ ਰੱਜ ਜਾਂਦਾ ਹੈ, ਉਨ੍ਹਾਂ ਦੇ ਸਾਰੇ ਡਰ ਭਰਮ ਨਾਸ ਹੋ ਜਾਂਦੇ ਹਨ ਤੇ ਉਹ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਂਦੇ ਹਨ।

*ਗੁਣ ਗੋਵਿੰਦ ਗਾਵਹੁ ਸਭਿ ਹਰਿ ਜਨ ਰਾਗ ਰਤਨ ਰਸਨਾ ਆਲਾਪ ॥ ਕੋਟਿ ਜਨਮ ਕੀ ਤ੍ਰਿਸਨਾ ਨਿਵਰੀ ਰਾਮ ਰਸਾਇਣਿ ਆਤਮ ਧ੍ਰਾਪ ॥੧॥ (੮੨੧)*

ਅਕਾਲ ਪੁਰਖੁ ਦਾ ਨਾਮੁ ਜੀਵਾਂ ਨੂੰ ਇਸ ਸੰਸਾਰ ਸਮੁੰਦਰ ਵਿਚੋਂ ਪਾਰ ਲੰਘਾਣ ਲਈ ਜਹਾਜ਼ ਹੈ। ਇਸ ਲਈ ਅਕਾਲ ਪੁਰਖੁ ਦਾ ਨਾਮੁ ਜਪਣਾ ਹੀ ਪੂਰੇ ਗੁਰੂ ਦੀ ਪਵਿਤਰ ਜੀਵਨ ਮਰਯਾਦਾ ਹੈ, ਜਿਹੜਾ ਮਨੁੱਖ ਇਹ ਮਰਯਾਦਾ ਧਾਰਨ ਕਰਦਾ ਹੈ, ਉਸ ਦਾ ਪਿਆਰ ਅਕਾਲ ਪੁਰਖੁ ਦੇ ਸੋਹਣੇ ਚਰਨਾਂ ਨਾਲ ਬਣ ਜਾਂਦਾ ਹੈ। ਹਮੇਸ਼ਾਂ ਅਕਾਲ ਪੁਰਖੁ ਦਾ ਨਾਮੁ ਯਾਦ ਰੱਖਣ ਨਾਲ ਡਰ-ਰਹਿਤ ਅਕਾਲ ਪੁਰਖੁ, ਮਨੁੱਖ ਦੇ ਮਨ ਵਿਚ ਵੱਸ ਜਾਂਦਾ ਹੈ, ਤੇ ਅਜੇਹੇ ਭਗਤੀ ਕਰਨ ਵਾਲੇ ਬੰਦੇ ਅਕਾਲ ਪੁਰਖੁ ਦੇ ਦਰ ਤੇ ਸੋਭਾ ਪਾਂਦੇ ਹਨ। ਭਗਤੀ ਸਦਕਾ ਉਨ੍ਹਾਂ ਦੇ ਪਹਿਲੇ ਕ੍ਰੋੜਾਂ ਜਨਮਾਂ ਦੇ ਮਾਇਆ ਦੇ ਬੰਧਨ ਕੱਟੇ ਜਾਂਦੇ ਹਨ। ਜੀਵ ਦਾ ਇਸ ਜਗਤ ਵਿਚ ਆਉਂਣ ਦਾ ਮੰਤਵ ਸਿਰਫ ਅਕਾਲ ਪੁਰਖੁ ਦੇ ਨਾਮੁ ਧਨ ਦਾ ਵਾਪਾਰ ਕਰਨਾ ਹੀ ਹੈ। ਅਕਾਲ ਪੁਰਖੁ ਦੀ ਭਗਤੀ ਕਰਨ ਵਾਲੇ ਬੰਦੇ ਸਦਾ ਕਾਇਮ ਰਹਿਣ ਵਾਲੇ ਨਾਮੁ ਧਨ ਦਾ ਨਫ਼ਾ ਖੱਟ ਲੈਂਦੇ ਹਨ, ਉਨ੍ਹਾਂ ਪਾਸ ਇਸ ਨਾਮੁ ਧਨ ਦੇ ਕਦੇ ਨਾ ਮੁੱਕਣ ਵਾਲੇ ਖ਼ਜ਼ਾਨੇ ਭਰ ਜਾਂਦੇ ਹਨ, ਤੇ ਜੀਵਨ ਵਿਚ ਕਦੇ ਘਾਟਾ ਨਹੀਂ ਪੈਂਦਾ।

*ਕੋਟਿ ਜਨਮ ਕੇ ਕਾਟੇ ਫਾਹੇ ॥ ਪਾਇਆ ਲਾਭੁ ਸਚਾ ਧਨੁ ਲਾਹੇ ॥ ਤੋਟਿ ਨ ਆਵੈ ਅਖੁਟ ਭੰਡਾਰ ॥ ਨਾਨਕ ਭਗਤ ਸੋਹਹਿ ਹਰਿ ਦੁਆਰ ॥੪॥੨੩॥੩੪॥ (੮੯੩)*

ਅਕਾਲ ਪੁਰਖੁ ਦਾ ਨਾਮੁ ਜਪਣ ਸਦਕਾ ਕੋਈ ਦੁਖ-ਕਲੇਸ਼ ਪੋਹ ਨਹੀਂ ਸਕਦਾ, ਪਿਛਲੇ ਕ੍ਰੋੜਾਂ ਜਨਮਾਂ ਦੇ ਕੀਤੇ ਹੋਏ ਪਾਪ ਵੀ ਨਾਸ ਹੋ ਜਾਂਦੇ ਹਨ। ਜਿਸ ਮਨੁੱਖ ਦੇ ਮਨ ਵਿਚ ਗੁਰੂ ਦੇ ਸੋਹਣੇ ਚਰਨ ਆ ਵੱਸਦੇ ਹਨ, ਉਸ ਦੇ ਸਰੀਰ ਵਿਚੋਂ ਵੱਡੇ ਵੱਡੇ ਵਿਕਾਰ ਵੀ ਨੱਸ ਜਾਂਦੇ ਹਨ। ਇਸ ਲਈ ਸ੍ਰਿਸ਼ਟੀ ਦੇ ਪਾਲਣਹਾਰ ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਦੇ ਗੀਤ ਗਾਇਨ ਕਰਨੇ ਚਾਹੀਦੇ ਹਨ। ਜਿਹੜਾ ਮਨੁੱਖ ਸਰਬ ਵਿਆਪਕ ਅਕਾਲ ਪੁਰਖੁ ਦੀ ਸਦਾ ਕਾਇਮ ਰਹਿਣ ਵਾਲੀ ਤੇ ਨਾ ਖਤਮ ਹੋਣ ਵਾਲੀ ਸਿਫ਼ਤਿ ਸਾਲਾਹ ਕਰਦਾ ਰਹਿੰਦਾ ਹੈ, ਉਸ ਦੀ ਜਿੰਦ ਅਕਾਲ ਪੁਰਖੁ ਦੀ ਜੋਤਿ ਵਿਚ ਲੀਨ ਰਹਿੰਦੀ ਹੈ। ਉਸ ਦੇ ਅੰਦਰੋਂ ਮਾਇਆ ਦੀ ਤ੍ਰਿਸ਼ਨਾ ਨਾਸ ਹੋ ਜਾਂਦੀ ਹੈ, ਮਾਇਆ ਤੇ ਮੋਹ ਦੇ ਬੰਧਨ ਟੁੱਟ ਜਾਂਦੇ ਹਨ ਅਤੇ ਸਬਦ ਗੁਰੂ ਦਾ ਦਰਸ਼ਨ ਕਰ ਕੇ ਉਹ ਸਦਾ ਚੜ੍ਹਦੀ ਕਲਾ ਵਿਚ ਰਹਿੰਦੇ ਹਨ।

*ਰਾਮਕਲੀ ਮਹਲਾ ੫ ॥ **ਕੋਟਿ ਜਨਮ ਕੇ ਬਿਨਸੇ ਪਾਪ ॥ ਹਰਿ ਹਰਿ ਜਪਤ ਨਾਹੀ ਸੰਤਾਪ ॥ ਗੁਰ ਕੇ ਚਰਨ ਕਮਲ ਮਨਿ ਵਸੇ ॥ ਮਹਾ ਬਿਕਾਰ ਤਨ ਤੇ ਸਭਿ ਨਸੇ** ॥੧॥ (੮੯੨)*

ਅਕਾਲ ਪੁਰਖੁ ਦੇ ਚਰਨ ਹਿਰਦੇ ਵਿਚ ਟਿਕਾ ਕੇ ਉਸ ਦੇ ਗੁਣ ਗਾਇਨ ਕਰਨੇ ਚਾਹੀਦੇ ਹਨ। ਉਹ ਅਕਾਲ ਪੁਰਖੁ ਜੋ ਕਿ ਠੰਢ-ਸਰੂਪ, ਸੁਖ-ਸਰੂਪ ਹੈ, ਤੇ ਸ਼ਾਂਤੀ-ਸਰੂਪ ਹੈ, ਉਸ ਦਾ ਸਦਾ ਧਿਆਨ ਧਰਨਾ ਚਾਹੀਦਾ ਹੈ, ਤੇ ਉਸ ਨੂੰ ਸਦਾ ਯਾਦ ਕਰਦੇ ਰਹਿਣਾ ਚਾਹੀਦਾ ਹੈ, ਕਿਉਂਕਿ ਸਿਮਰਨ ਦੀ ਬਰਕਤਿ ਨਾਲ ਮਨੁੱਖ ਦੀ ਸਾਰੀਆਂ ਆਸਾਂ ਪੂਰੀਆਂ ਹੋ ਜਾਂਦੀ ਹੈ, ਤੇ ਕ੍ਰੋੜਾਂ ਜਨਮਾਂ ਦੇ ਦੁਖ ਦੂਰ ਹੋ ਜਾਂਦੇ ਹਨ। ਸਬਦ ਗੁਰੂ ਦੀ ਸੰਗਤਿ ਵਿਚ ਟਿਕੇ ਰਹਿਣਾਂ ਅਨੇਕਾਂ ਪੁੰਨ ਦਾਨ ਆਦਿਕ ਕਰਮਾਂ ਦੇ ਬਰਾਬਰ ਹੈ। ਸਤਿਸੰਗਤਿ ਦੀ ਬਰਕਤਿ ਨਾਲ ਸਾਰੇ ਦੁਖ ਕਲੇਸ਼ ਮਿਟ ਜਾਂਦੇ ਹਨ, ਤੇ ਮਨੁੱਖ ਵਾਰ ਵਾਰ ਆਤਮਕ ਮੌਤ ਨਹੀਂ ਮਰਦਾ ਹੈ।

*ਕਾਨੜਾ ਮਹਲਾ ੫ ॥ **ਹਰਿ ਕੇ ਚਰਨ ਹਿਰਦੈ ਗਾਇ ॥ ਸੀਤਲਾ ਸੁਖ ਸਾਂਤਿ ਮੂਰਤਿ ਸਿਮਰਿ ਸਿਮਰਿ ਨਿਤ ਧਿਆਇ ॥੧॥ ਰਹਾਉ ॥ ਸਗਲ ਆਸ ਹੋਤ ਪੂਰਨ ਕੋਟਿ ਜਨਮ ਦੁਖੁ ਜਾਇ** ॥੧॥ (੧੩੦੦)*

ਅਕਾਲ ਪੁਰਖੁ ਦੇ ਨਾਮੁ ਸਿਮਰਨ ਨਾਲ ਸਾਰੇ ਪਾਪ ਨਾਸ ਹੋ ਜਾਂਦੇ ਹਨ। ਜਿਨ੍ਹਾਂ ਨੂੰ ਗੁਰੂ ਨੇ ਸਦਾ-ਥਿਰ ਰਹਿਣ ਵਾਲਾ ਹਰਿ-ਨਾਮੁ ਦਾ ਸਰਮਾਇਆ ਬਖ਼ਸ਼ਿਆ, ਉਹ ਅਕਾਲ ਪੁਰਖੁ ਦੀ ਦਰਗਾਹ ਵਿਚ ਇੱਜ਼ਤ ਵਾਲੇ ਬਣ ਗਏ। ਅਕਾਲ ਪੁਰਖੁ ਦੇ ਭਗਤ ਲੋਕ ਪਰਲੋਕ ਵਿਚ ਸੋਹਣੇ ਲੱਗਦੇ ਹਨ। ਇਸ ਲਈ ਅਕਾਲ ਪੁਰਖੁ ਦਾ ਨਾਮੁ ਹਮੇਸ਼ਾਂ ਜਪਦੇ ਰਹੋ। ਸਿਮਰਨ ਦੀ ਬਰਕਤਿ ਨਾਲ ਮਨ ਦੇ ਸਾਰੇ ਰੋਗ ਦੂਰ ਹੋ ਜਾਂਦੇ ਹਨ, ਸਾਰੇ ਪਾਪ ਨਾਸ ਹੋ ਜਾਂਦੇ ਹਨ, ਮਨ ਵਿਚੋਂ ਅਗਿਆਨਤਾ ਦਾ ਹਨੇਰਾ ਦੂਰ ਹੋ ਜਾਂਦਾ ਹੈ। ਸਬਦ ਗੁਰੂ ਦੀ ਸਰਨ ਪੈ ਕੇ, ਜਿਨ੍ਹਾਂ ਮਨੁੱਖਾਂ ਦਾ ਅਕਾਲ ਪੁਰਖੁ ਦੇ ਨਾਮੁ ਨਾਲ ਪਿਆਰ ਬਣ ਗਿਆ, ਉਨ੍ਹਾਂ ਦੇ ਜਨਮ ਮਰਨ ਦੇ ਗੇੜ ਮੁਕ ਗਏ। ਅਕਾਲ ਪੁਰਖੁ ਦੇ ਨਾਮੁ ਨਾਲ ਪ੍ਰੀਤ ਕਰਨ ਨਾਲ ਉਨ੍ਹਾਂ ਮਨੁੱਖਾਂ ਦੇ ਕ੍ਰੋੜਾਂ ਜਨਮਾਂ ਦੇ ਦੁਖ ਤੇ ਕਲੇਸ਼ ਦੂਰ ਹੋ ਗਏ। ਅਜੇਹੇ ਮਨੁੱਖਾਂ ਨੂੰ ਉਹ ਸਭ ਕੁਝ ਭਲਾ ਜਾਪਦਾ ਹੈ, ਜੋ ਅਕਾਲ ਪੁਰਖੁ ਨੂੰ ਚੰਗਾ ਲੱਗਦਾ ਹੈ।

***ਹਰਿ ਹਰਿ ਨਾਮੁ ਜਪਹੁ ਮੇਰੇ ਭਾਈ ॥ ਸਗਲੇ ਰੋਗ ਦੋਖ ਸਭਿ ਬਿਨਸਹਿ ਅਗਿਆਨੁ ਅੰਧੇਰਾ ਮਨ ਤੇ ਜਾਈ ॥੧॥ ਰਹਾਉ ॥ ਜਨਮ ਮਰਨ ਗੁਰਿ ਰਾਖੇ ਮੀਤ ॥ ਹਰਿ ਕੇ ਨਾਮ ਸਿਉ ਲਾਗੀ ਪ੍ਰੀਤਿ ॥ ਕੋਟਿ ਜਨਮ ਕੇ ਗਏ ਕਲੇਸ ॥ ਜੋ ਤਿਸੁ ਭਾਵੈ ਸੋ ਭਲ ਹੋਸ*** *॥੨॥ (੧੩੩੯)*

ਜਦੋਂ ਤੋਂ ਪੂਰੇ ਗੁਰੂ ਨੇ ਮੇਹਰ ਕੀਤੀ ਹੈ, ਅਕਾਲ ਪੁਰਖੁ ਨੇ ਸਾਡੀ ਨਾਮੁ ਸਿਮਰਨ ਦੀ ਚਾਹਤ ਪੂਰੀ ਕਰ ਦਿੱਤੀ ਹੈ। ਨਾਮੁ ਸਿਮਰਨ ਦੀ ਬਰਕਤ ਨਾਲ ਆਤਮਕ ਇਸ਼ਨਾਨ ਕਰ ਕੇ ਅਸੀਂ ਅੰਤਰ ਆਤਮੇ ਟਿਕੇ ਰਹਿੰਦੇ ਹਾਂ। ਆਤਮਕ ਆਨੰਦ, ਆਤਮਕ ਖ਼ੁਸ਼ੀਆਂ, ਤੇ ਆਤਮਕ ਸੁਖ ਮਾਣ ਰਹੇ ਹਾਂ। ਅਕਾਲ ਪੁਰਖੁ ਦੇ ਨਾਮੁ ਵਿਚ ਜੁੜਿਆਂ ਹੀ ਸੰਸਾਰ ਸਮੁੰਦਰ ਵਿਚੋਂ ਪਾਰ ਲੰਘ ਸਕਦੇ ਹਾਂ। ਇਸ ਵਾਸਤੇ ਉਠਦਿਆਂ ਬੈਠਦਿਆਂ ਹਰ ਵੇਲੇ ਅਕਾਲ ਪੁਰਖੁ ਦਾ ਨਾਮੁ ਯਾਦ ਕਰਨਾ ਚਾਹੀਦਾ ਹੈ, ਅਕਾਲ ਪੁਰਖੁ ਦੇ ਨਾਮੁ ਸਿਮਰਨ ਦੀ ਇਹ ਨੇਕ ਕਮਾਈ ਹਰ ਵੇਲੇ ਕਰਨੀ ਚਾਹੀਦੀ ਹੈ। ਸਦਾ ਸਿਮਰਨ ਕਰਨਾ ਹੀ ਗੁਰੂ ਸਾਹਿਬ ਦਾ ਦੱਸਿਆ ਹੋਇਆ ਸਹੀ ਰਸਤਾ ਹੈ। ਸਿਮਰਨ ਹੀ ਧਰਮ ਦੀ ਪਉੜੀ ਹੈ, ਜਿਸ ਰਾਹੀਂ ਮਨੁੱਖ ਅਕਾਲ ਪੁਰਖੁ ਦੇ ਚਰਨਾਂ ਵਿਚ ਪਹੁੰਚ ਸਕਦਾ ਹੈ, ਪਰ ਕੋਈ ਵਿਰਲਾ ਭਾਗਾਂ ਵਾਲਾ ਹੀ ਇਹ ਪਉੜੀ ਲੱਭਦਾ ਹੈ। ਜੇਹੜਾ ਮਨੁੱਖ ਸਿਮਰਨ ਰਾਹੀਂ ਅਕਾਲ ਪੁਰਖੁ ਦੇ ਚਰਨਾਂ ਵਿਚ ਚਿੱਤ ਜੋੜਦਾ ਹੈ, ਉਸ ਦੇ ਕ੍ਰੋੜਾਂ ਜਨਮਾਂ ਦੇ ਪਾਪ ਨਾਸ ਹੋ ਜਾਂਦੇ ਹਨ। ਜਿਸ ਅਕਾਲ ਪੁਰਖੁ ਨੇ ਸਾਰੇ ਸੰਸਾਰ ਵਿਚ ਆਪਣੀ ਪੂਰੀ ਸਤਿਆ ਟਿਕਾ ਰੱਖੀ ਹੈ, ਉਸ ਦੀ ਸਿਫ਼ਤਿ-ਸਾਲਾਹ ਸਦਾ ਕਰਦੇ ਰਹਿਣਾਂ ਚਾਹੀਦਾ ਹੈ। ਜੇਹੜੇ ਮਨੁੱਖ ਸਦਾ-ਥਿਰ ਹਰਿ-ਨਾਮੁ ਸਿਮਰਨ ਵਾਲੀ ਗੁਰੂ ਦੀ ਸਿੱਖਿਆ ਨੂੰ ਗ੍ਰਹਿਣ ਕਰਦੇ ਹਨ, ਉਹ ਸਾਰੇ ਸੁੱਚੇ ਜੀਵਨ ਵਾਲੇ ਬਣ ਜਾਂਦੇ ਹਨ। ਜੀਵਨ ਦੇ ਰਸਤੇ ਵਿਚੋਂ ਸਾਰੀਆਂ ਰੁਕਾਵਟਾਂ ਦੂਰ ਕਰਨ ਵਾਲਾ, ਸਾਰੇ ਦੁਖ ਨਾਸ ਕਰਨ ਵਾਲਾ ਅਕਾਲ ਪੁਰਖੁ ਦਾ ਨਾਮੁ, ਗੁਰੂ ਨੇ ਜਿਨ੍ਹਾਂ ਮਨੁੱਖਾਂ ਦੇ ਹਿਰਦੇ ਵਿਚ ਪੱਕਾ ਕਰ ਦਿੱਤਾ, ਉਨ੍ਹਾਂ ਦੇ ਸਾਰੇ ਪਾਪ ਨਾਸ ਹੋ ਜਾਂਦੇ ਹਨ, ਉਹ ਸਾਰੇ ਪਵਿਤ੍ਰ ਜੀਵਨ ਵਾਲੇ ਬਣ ਜਾਂਦੇ ਹਨ, ਉਹ ਆਤਮਕ ਆਨੰਦ ਨਾਲ ਅੰਤਰ-ਆਤਮੇ ਟਿਕੇ ਰਹਿੰਦੇ ਹਨ।

*ਸੋਰਠਿ ਮਹਲਾ ੫ ॥ ਗੁਰਿ ਪੂਰੈ ਕਿਰਪਾ ਧਾਰੀ ॥ ਪ੍ਰਭਿ ਪੂਰੀ ਲੋਚ ਹਮਾਰੀ ॥ ਕਰਿ ਇਸਨਾਨੁ ਗ੍ਰਿਹਿ ਆਏ ॥ ਅਨਦ ਮੰਗਲ ਸੁਖ ਪਾਏ ॥੧॥ **ਸੰਤਹੁ ਰਾਮ ਨਾਮਿ ਨਿਸਤਰੀਐ ॥ ਊਠਤ ਬੈਠਤ ਹਰਿ ਹਰਿ ਧਿਆਈਐ ਅਨਦਿਨੁ ਸੁਕ੍ਰਿਤੁ ਕਰੀਐ ॥੧॥ ਰਹਾਉ ॥***

*ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ ॥ ਕੋਟਿ ਜਨਮ ਕੇ ਕਿਲਬਿਖ ਨਾਸੇ ਹਰਿ ਚਰਣੀ ਚਿਤੁ ਲਾਏ ॥੨॥ ਉਸਤਤਿ ਕਰਹੁ ਸਦਾ ਪ੍ਰਭ ਅਪਨੇ ਜਿਨਿ ਪੂਰੀ ਕਲ ਰਾਖੀ ॥ ਜੀਅ ਜੰਤ ਸਭਿ ਭਏ ਪਵਿਤ੍ਰਾ ਸਤਿਗੁਰ ਕੀ ਸਚੁ ਸਾਖੀ ॥੩॥ ਬਿਘਨ ਬਿਨਾਸਨ ਸਭਿ ਦੁਖ ਨਾਸਨ ਸਤਿਗੁਰਿ ਨਾਮੁ ਦ੍ਰਿੜਾਇਆ ॥ ਖੋਏ ਪਾਪ ਭਏ ਸਭਿ ਪਾਵਨ ਜਨ ਨਾਨਕ ਸੁਖਿ ਘਰਿ ਆਇਆ ॥੪॥੩॥੫੩॥ (੬੨੧, ੬੨੨)*

ਜਿਸ ਵੀ ਮਨੁੱਖ ਨੇ ਗੁਰਮੁਖਾਂ ਦੀ ਸੰਗਤਿ ਵਿਚ ਮਿਲ ਬੈਠ ਕੇ ਅਕਾਲ ਪੁਰਖੁ ਦੀ ਸਿਫ਼ਤਿ-ਸਾਲਾਹ ਦਾ ਗੀਤ ਗਾਇਆ ਹੈ, ਉਸ ਨੇ ਆਪਣੇ ਕ੍ਰੋੜਾਂ ਜਨਮਾਂ ਦੇ ਦੁਖ ਦੂਰ ਕਰ ਲਏ ਹਨ। ਅਕਾਲ ਪੁਰਖੁ ਦੀ ਸਿਫ਼ਤਿ-ਸਾਲਾਹ ਕਰਨ ਵਾਲੇ ਮਨੁੱਖ ਨੇ ਜੋ ਕੁਝ ਵੀ ਆਪਣੇ ਮਨ ਵਿਚ ਚਾਹਿਆ, ਉਸ ਨੂੰ ਉਹੀ ਪ੍ਰਾਪਤ ਹੋ ਗਿਆ। ਗੁਰੂ ਨੇ ਕਿਰਪਾ ਸਦਕਾ ਉਸ ਨੂੰ ਅਕਾਲ ਪੁਰਖੁ ਦਾ ਨਾਮੁ ਵੀ ਮਿਲ ਜਾਂਦਾ ਹੈ। ਅਕਾਲ ਪੁਰਖੁ ਦੇ ਨਾਮੁ ਵਿਚ ਜੁੜਿਆਂ ਸਾਰੇ ਸੁਖ ਪ੍ਰਾਪਤ ਹੋ ਜਾਂਦੇ ਹਨ, ਲੋਕ ਪਰਲੋਕ ਵਿਚ ਇੱਜ਼ਤ ਵੀ ਮਿਲ ਜਾਂਦੀ ਹੈ। ਅਕਾਲ ਪੁਰਖੁ ਦੇ ਨਾਮੁ ਵਿਚ ਜੁੜਨ ਦੀ ਇਹ ਅਕਲ ਸਬਦ ਗੁਰੂ, ਗੁਰੂ ਗਰੰਥ ਸਾਹਿਬ ਦੀ ਕਿਰਪਾ ਨਾਲ ਹੀ ਮਿਲਦੀ ਹੈ।

*ਰਾਗੁ ਬੈਰਾੜੀ ਮਹਲਾ ੫ ਘਰੁ ੧ ॥ ੧ੴ ਸਤਿਗੁਰ ਪ੍ਰਸਾਦਿ ॥ ਸੰਤ ਜਨਾ ਮਿਲਿ ਹਰਿ ਜਸੁ ਗਾਇਓ ॥ ਕੋਟਿ ਜਨਮ ਕੇ ਦੂਖ ਗਵਾਇਓ ॥੧॥ ਰਹਾਉ ॥ ਜੋ ਚਾਹਤ ਸੋਈ ਮਨਿ ਪਾਇਓ ॥ ਕਰਿ ਕਿਰਪਾ ਹਰਿ ਨਾਮੁ ਦਿਵਾਇਓ ॥੧॥ ਸਰਬ ਸੁਖ ਹਰਿ ਨਾਮਿ ਵਡਾਈ ॥ ਗੁਰ ਪ੍ਰਸਾਦਿ ਨਾਨਕ ਮਤਿ ਪਾਈ ॥੨॥੧॥੭॥ (੭੨੦)*

ਜੇ ਕਰ ਉਪਰ ਲਿਖੀਆਂ, ਗੁਰਬਾਣੀ ਦੀਆਂ ਸਿਖਿਆਵਾਂ, ਨੂੰ ਇਕੱਠਾ ਕਰੀਏ ਤਾਂ ਅਸੀਂ ਨਿਸਚੇ ਨਾਲ ਸਮਝ ਸਕਦੇ ਹਾਂ, ਕਿ ਗੁਰੂ ਸਾਹਿਬਾਂ ਨੇ ਆਪਣੇ ਆਪ ਨੂੰ ੪ ਖਾਣੀਆਂ ਤੇ ੮੪ ਲੱਖ ਜੂਨਾਂ ਤਕ ਸੀਮਿਤ ਨਹੀਂ ਰੱਖਿਆ, ਬਲਕਿ ਕਈ ਪ੍ਰਕਾਰ ਦੀਆਂ ਖਾਣੀਆਂ ਕਈ ਕ੍ਰੋੜ ਜੂਨਾਂ ਬਾਰੇ ਕਿਹਾ ਹੈ, ਜਿਨ੍ਹਾਂ ਦੀ ਗਿਣਤੀ ਨਹੀਂ ਹੋ ਸਕਦੀ ਹੈ।

- ਅਕਾਲ ਪੁਰਖੁ ਦੀ ਪੈਦਾ ਕੀਤੀ ਹੋਈ ਸ੍ਰਿਸ਼ਟੀ ਵਿਚ ਕਰੋੜਾਂ ਜੀਵ ਜੰਤੂ, ਕੀੜੇ ਮਕੌੜੇ, ਜਾਨਵਰ ਤੇ ਮਨੁੱਖ ਆਦਿ ਹਨ।
- ਜੀਵ ਜੰਤੂ ਇਸ ਧਰਤੀ ਤਕ ਹੀ ਸੀਮਿੰਤ ਨਹੀਂ, ਪਰੰਤੂ ਬ੍ਰਹਿਮੰਡ ਵਿਚ ਅਜੇਹੀਆਂ ਅਨੇਕਾਂ ਧਰਤੀਆਂ ਹੋ ਸਕਦੀਆਂ ਹਨ।
- ਮਨੁੱਖ ਕੋਲ ਬੁਧੀ ਹੈ, ਸਭ ਤਰ੍ਹਾਂ ਦੇ ਸਾਧਨ ਹਨ, ਰਹਿਣ ਲਈ ਮਕਾਨ ਹਨ, ਖਾਣ ਲਈ ਅਨੇਕਾਂ ਪ੍ਰਕਾਰ ਦੇ ਭੋਜਨ ਹਨ, ਪਰੰਤੂ ਫਿਰ ਵੀ ਅਨੇਕਾਂ ਮਨੁੱਖ ਮਾਨਸਕ ਤੇ ਸਰੀਰਕ ਰੋਗਾਂ ਵਿਚ ਫਸੇ ਹੋਏ ਹਨ।
- ਜਿਨ੍ਹਾਂ ਮਨੁੱਖਾਂ ਨੂੰ ਪੂਰਾ ਗੁਰੂ ਮਿਲ ਜਾਂਦਾ ਹੈ, ਉਹ ਸਬਦ ਗੁਰੂ ਦੁਆਰਾ ਆਪਣੇ ਵਿਕਾਂਰਾ ਤੇ ਕਾਬੂ ਪਾਣ ਦੀ ਜਾਚ ਸਿਖ ਲੈਂਦੇ ਹਨ।
- ਇਹੋ ਜਿਹਾ ਨਾਮੁ ਦਾਨ ਮੰਗਣਾਂ ਚਾਹੀਦਾ ਹੈ, ਜੋ ਪੰਜ ਵੈਰੀਆਂ ਤੋਂ ਬਚਾ ਕੇ ਰੱਖੇ।
- ਅਕਾਲ ਪੁਰਖੁ ਦਾ ਨਾਮੁ ਗੁਰਬਾਣੀ ਦੁਆਰਾ ਯਾਦ ਕਰਨਾ ਹੈ, ਤਾਂ ਜੋ ਵਿਕਾਰਾਂ ਤੇ ਕਾਬੂ ਪਾਇਆ ਜਾ ਸਕੇ ਤੇ ਉੱਚਾ ਆਤਮਕ ਜੀਵਨ ਬਣ ਸਕੇ।
- ਅਕਾਲ ਪੁਰਖੁ ਗ਼ਰੀਬਾਂ ਦੇ ਦੁਖ ਦੂਰ ਕਰ ਕੇ ਉਨ੍ਹਾਂ ਨੂੰ ਦੁਖਾਂ ਦੇ ਸਮੁੰਦਰ ਵਿਚੋਂ ਪਾਰ ਲੰਘਾਣ ਵਾਲਾ ਹੈ। ਪਰ ਸੁਖੀ ਉਹੀ ਹੈ ਜਿਸ ਦੇ ਆਪਣੇ ਹਿਰਦੇ ਵਿਚ ਸਬਦ ਗੁਰੂ ਦੁਆਰਾ ਅਕਾਲ ਪੁਰਖੁ ਦਾ ਦੱਸਿਆ ਨਾਮੁ ਦ੍ਰਿੜ ਕਰ ਲਿਆ ਹੈ।
- ਸਬਦ ਗੁਰੂ ਤੋਂ ਬਿਨਾ ਮਾਇਆ ਦੇ ਬੰਧਨ ਤੋਂ ਆਜ਼ਾਦੀ ਨਹੀਂ ਮਿਲਦੀ, ਤੇ ਇਸ ਮੁਕਤੀ ਤੋਂ ਬਿਨਾ ਆਤਮਕ ਆਨੰਦ ਦੀ ਪ੍ਰਾਪਤੀ ਨਹੀਂ ਹੋ ਸਕਦੀ।
- ਆਪਣੇ ਮਨ ਵਿਚ ਅਕਾਲ ਪੁਰਖੁ ਦੇ ਚਰਨਾਂ ਦਾ ਧਿਆਨ ਧਰਨਾਂ ਹੀ ਸਾਰੇ ਤੀਰਥਾਂ ਦਾ ਇਸ਼ਨਾਨ ਹੈ। ਜੇਹੜਾ ਮਨੁੱਖ ਅਕਾਲ ਪੁਰਖੁ ਦੀ ਸਿਫ਼ਤਿ-ਸਾਲਾਹ ਆਪਣੇ ਹਿਰਦੇ ਵਿਚ ਵਸਾਂਦਾ ਹੈ, ਉਹ ਮਨ ਚਾਹੇ ਫਲ ਪ੍ਰਾਪਤ ਕਰ ਲੈਂਦਾ ਹੈ।
- ਅਕਾਲ ਪੁਰਖੁ ਦਾ ਨਾਮੁ ਰਸ ਗੁਰਬਾਣੀ ਦੁਆਰਾ ਬੜੇ ਪ੍ਰੇਮ ਨਾਲ ਪੀਣਾ ਚਾਹੀਦਾ ਹੈ, ਤਾਂ ਜੋ ਆਤਮਕ ਆਨੰਦ ਪ੍ਰਾਪਤ ਕੀਤਾ ਜਾ ਸਕੇ।
- ਜੇਹੜੇ ਮਨੁੱਖ ਗੁਰਬਾਣੀ ਦੁਆਰਾ ਅਕਾਲ ਪੁਰਖੁ ਦਾ ਨਾਮੁ ਸੁਣਦੇ ਹਨ, ਉਨ੍ਹਾਂ ਦੇ ਅੰਦਰੋਂ ਅਗਿਆਨਤਾ ਦੇ ਹਨੇਰੇ ਕਾਰਨ ਪੈਦਾ ਹੋਈ ਮਾਇਆ ਦੀ ਤ੍ਰਿਸ਼ਨਾ ਮਿਟ ਜਾਂਦੀ ਹੈ।
- ਹੰਕਾਰ ਇਕ ਬੜਾ ਲੰਮਾ ਰੋਗ ਹੈ, ਮਾਇਆ ਨਾਲ ਡੂੰਘਾ ਪਿਆਰ ਬਹੁਤ ਪੁਰਾਣਾ ਰੋਗ ਹੈ, ਇਨ੍ਹਾਂ ਰੋਗਾਂ ਤੋਂ ਉਸ ਵਡਭਾਗੀ ਮਨੁੱਖ ਨੂੰ ਹੀ ਖ਼ਲਾਸੀ ਮਿਲਦੀ ਹੈ, ਜਿਸ ਨੂੰ ਗੁਰੂ ਨੇ ਅਕਾਲ ਪੁਰਖੁ ਦਾ ਨਾਮੁ ਰੂਪੀ ਦਾਰੂ ਦੇ ਦਿੱਤਾ।

- ਗੁਰਬਾਣੀ ਦੁਆਰਾ ਅਕਾਲ ਪੁਰਖੁ ਦਾ ਨਾਮੁ ਯਾਦ ਕਰਨ ਨਾਲ ਕ੍ਰੋੜਾਂ ਜਨਮਾਂ ਦੇ ਕੀਤੇ ਹੋਏ ਪਾਪ ਨਾਸ ਹੋ ਜਾਂਦੇ ਹਨ ਤੇ ਆਤਮਕ ਆਨੰਦ ਪ੍ਰਾਪਤ ਹੁੰਦਾ ਹੈ।
- ਜੇਹੜੇ ਮਨੁੱਖ ਅਕਾਲ ਪੁਰਖੁ ਦੇ ਗੁਣਾਂ ਦਾ ਉਚਾਰਨ ਕਰਦੇ ਹਨ, ਉਨ੍ਹਾਂ ਦੀ ਕ੍ਰੋੜਾਂ ਜਨਮਾਂ ਦੀ ਮਾਇਆ ਦੀ ਤ੍ਰਿਸ਼ਨਾ ਦੂਰ ਹੋ ਜਾਂਦੀ ਹੈ, ਮਨ ਰੱਜ ਜਾਂਦਾ ਹੈ, ਉਨ੍ਹਾਂ ਦੇ ਸਾਰੇ ਡਰ ਭਰਮ ਨਾਸ ਹੋ ਜਾਂਦੇ ਹਨ।
- ਅਕਾਲ ਪੁਰਖੁ ਦਾ ਨਾਮੁ ਯਾਦ ਰੱਖਣ ਨਾਲ ਡਰ-ਰਹਿਤ ਅਕਾਲ ਪੁਰਖੁ, ਮਨੁੱਖ ਦੇ ਮਨ ਵਿਚ ਵੱਸ ਜਾਂਦਾ ਹੈ, ਤੇ ਅਜੇਹੇ ਭਗਤੀ ਕਰਨ ਵਾਲੇ ਬੰਦੇ ਅਕਾਲ ਪੁਰਖੁ ਦੇ ਦਰ ਤੇ ਸੋਭਾ ਪਾਂਦੇ ਹਨ।
- ਅਕਾਲ ਪੁਰਖੁ ਦਾ ਨਾਮੁ ਜਪਣ ਸਦਕਾ ਪਿਛਲੇ ਕ੍ਰੋੜਾਂ ਜਨਮਾਂ ਦੇ ਕੀਤੇ ਹੋਏ ਪਾਪ ਵੀ ਨਾਸ ਹੋ ਜਾਂਦੇ ਹਨ ਅਤੇ ਸਬਦ ਗੁਰੂ ਦਾ ਦਰਸ਼ਨ ਕਰ ਕੇ ਉਹ ਸਦਾ ਚੜ੍ਹਦੀ ਕਲਾ ਵਿਚ ਰਹਿੰਦੇ ਹਨ।
- ਗੁਰੂ ਦੀ ਸੰਗਤਿ ਵਿਚ ਟਿਕੇ ਰਹਿਣਾਂ ਅਨੇਕਾਂ ਪੁੰਨ ਦਾਨ ਆਦਿਕ ਕਰਮਾਂ ਦੇ ਬਰਾਬਰ ਹੈ। ਸਤਿਸੰਗਤਿ ਦੀ ਬਰਕਤ ਨਾਲ ਸਾਰੇ ਦੁਖ ਕਲੇਸ਼ ਮਿਟ ਜਾਂਦੇ ਹਨ, ਤੇ ਮਨੁੱਖ ਵਾਰ ਵਾਰ ਆਤਮਕ ਮੌਤ ਨਹੀਂ ਮਰਦਾ ਹੈ।
- ਅਕਾਲ ਪੁਰਖੁ ਦੇ ਭਗਤ ਲੋਕ ਪਰਲੋਕ ਵਿਚ ਸੋਹਣੇ ਲੱਗਦੇ ਹਨ। ਸਬਦ ਗੁਰੂ ਦੀ ਸਰਨ ਪੈ ਕੇ, ਜਿਨ੍ਹਾਂ ਮਨੁੱਖਾਂ ਦਾ ਅਕਾਲ ਪੁਰਖੁ ਦੇ ਨਾਮੁ ਨਾਲ ਪਿਆਰ ਬਣ ਗਿਆ, ਉਨ੍ਹਾਂ ਦੇ ਜਨਮ ਮਰਨ ਦੇ ਗੇੜ ਮੁਕ ਗਏ।
- ਉਠਦਿਆਂ ਬੈਠਦਿਆਂ ਹਰ ਵੇਲੇ ਅਕਾਲ ਪੁਰਖੁ ਦਾ ਨਾਮੁ ਯਾਦ ਕਰਨਾ ਚਾਹੀਦਾ ਹੈ। ਜੇਹੜੇ ਮਨੁੱਖ ਗੁਰੂ ਦੀ ਸਿੱਖਿਆ ਨੂੰ ਗ੍ਰਹਿਣ ਕਰਦੇ ਹਨ, ਉਹ ਸਾਰੇ ਸੁੱਚੇ ਜੀਵਨ ਵਾਲੇ ਬਣ ਜਾਂਦੇ ਹਨ।
- ਜਿਸ ਵੀ ਮਨੁੱਖ ਨੇ ਗੁਰਮੁਖਾਂ ਦੀ ਸੰਗਤਿ ਵਿਚ ਮਿਲ ਬੈਠ ਕੇ ਅਕਾਲ ਪੁਰਖੁ ਦੀ ਸਿਫ਼ਤਿ-ਸਾਲਾਹ ਦਾ ਗੀਤ ਗਾਇਆ ਹੈ, ਉਸ ਨੇ ਆਪਣੇ ਕ੍ਰੋੜਾਂ ਜਨਮਾਂ ਦੇ ਦੁਖ ਦੂਰ ਕਰ ਲਏ ਹਨ।
- ਅਕਾਲ ਪੁਰਖੁ ਦੇ ਨਾਮੁ ਵਿਚ ਜੁੜਿਆਂ ਸਾਰੇ ਸੁਖ ਪ੍ਰਾਪਤ ਹੋ ਜਾਂਦੇ ਹਨ, ਲੋਕ ਪਰਲੋਕ ਵਿਚ ਇੱਜ਼ਤ ਵੀ ਮਿਲ ਜਾਂਦੀ ਹੈ। ਅਕਾਲ ਪੁਰਖੁ ਦੇ ਨਾਮੁ ਵਿਚ ਜੁੜਨ ਦੀ ਇਹ ਅਕਲ ਸਬਦ ਗੁਰੂ, ਗੁਰੂ ਗਰੰਥ ਸਾਹਿਬ ਦੀ ਕਿਰਪਾ ਨਾਲ ਹੀ ਮਿਲਦੀ ਹੈ।

ਇਸ ਲਈ ਆਓ ਸਾਰੇ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਨੂੰ ਪੜ੍ਹੀਏ, ਸਮਝੀਏ, ਵੀਚਾਰੀਏ ਤੇ ਆਪਣੇ ਜੀਵਨ ਵਿਚ ਅਪਨਾ ਕੇ ਆਪਣਾ ਇਹ ਮਨੁੱਖਾ ਜਨਮ ਸਫਲ ਕਰੀਏ।

**"ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ"**

ਤਤਕਰਾ

# ਅਕਾਲ ਪੁਰਖੁ ਜੀਵ ਨੂੰ ਬਿਨਾ ਸੁਆਸ ਦੇ ਵੀ ਰੱਖ ਸਕਦਾ ਹੈ (ਭਾਗ-੧੬)

# Akal Purkh can preserve a living being without any breath (Part-16)

ਅੱਜਕਲ ਆਮ ਵੇਖਣ ਵਿਚ ਆਉਂਦਾ ਹੈ ਕਿ ਕਈ ਮਨੁੱਖ ਕਿਸੇ ਦੁਰਘਟਨਾ ਜਾਂ ਬੀਮਾਰੀ ਕਰਕੇ ਕੋਮਾਂ ਵਿਚ ਚਲੇ ਜਾਂਦੇ ਹਨ। ਕਈ ਕਈ ਘੰਟੇ ਜਾਂ ਦਿਨ ਉਸ ਨੂੰ ਕੋਈ ਹੋਸ਼ ਨਹੀਂ ਹੁੰਦੀ ਹੈ। ਉਸ ਨੂੰ ਨਾ ਤਾਂ ਜਗਾਇਆ ਜਾ ਸਕਦਾ ਹੈ ਤੇ ਨਾ ਹੀ ਉਹ ਦਰਦ, ਰੌਸ਼ਨੀ ਜਾਂ ਆਵਾਜ਼ ਦਾ ਪ੍ਰਭਾਵ ਦੱਸ ਸਕਦਾ ਹੈ, ਅਤੇ ਨਾ ਹੀ ਇਨ੍ਹਾਂ ਦਾ ਉਸ ਤੇ ਕੋਈ ਅਸਰ ਹੁੰਦਾ ਹੈ। ਅਕਸਰ ਅਸੀਂ ਵੇਖਦੇ ਹਾਂ ਕਿ ਕੋਮਾਂ ਵਿਚ ਗਿਆ ਹੋਇਆ ਮਰੀਜ਼ ਕਈ ਵਾਰੀ ਫਿਰ ਠੀਕ ਵੀ ਹੋ ਜਾਂਦਾ ਹੈ। ਇਹ ਅਕਾਲ ਪੁਰਖੁ ਦੀ ਰਜ਼ਾ ਹੈ ਕਿ ਉਹ ਚਾਹੇ ਤਾਂ ਦੁਬਾਰਾ ਠੀਕ ਕਰ ਸਕਦਾ ਹੈ, ਜੇ ਚਾਹੇ ਤਾਂ ਉਸ ਦੇ ਸੁਆਸ ਖਤਮ ਕਰ ਸਕਦਾ ਹੈ।

ਵਾਇਰਸ (Virus) ਵੀ ਜੀਵਨ ਦੀ ਇਕ ਇਸੇ ਤਰ੍ਹਾਂ ਦੀ ਹੀ ਇਕ ਹੋਰ ਉਦਾਹਰਣ ਹੈ। ਵਾਇਰਸ ਇਕ ਛੋਟਾ ਜਿਹਾ ਏਜੈਂਟ ਹੈ, ਜਿਹੜਾ ਕਿ ਦੂਸਰੇ ਜਿਉਂਦੇ ਸੈਲਾਂ ਵਿਚ ਵਧਦਾ ਹੈ। ਇਹ ਨੁਕਸਾਨ ਕਰਨ ਵਾਲੇ ਤੇਜ਼ਾਬ ਬਣਾਉਂਦਾ ਹੈ, ਜਿਸ ਨਾਲ ਸਿਹਤਮੰਦ ਸੈਲ ਬਰਬਾਦ ਹੁੰਦੇ ਹਨ। ਵਾਇਰਸ ਆਮ ਸੈਲਾਂ ਦੀ ਤਰ੍ਹਾਂ ਵਧਦੇ ਹਨ, ਪਰ ਇਨ੍ਹਾਂ ਦੀ ਬਣਤਰ ਸੈਲਾਂ ਵਰਗੀ ਨਹੀਂ ਹੁੰਦੀ। ਇਸ ਲਈ ਕੁਝ ਲੋਕ ਇਸ ਨੂੰ ਜੀਵ ਸਮਝਦੇ ਹਨ ਤੇ ਕੁਝ ਨਹੀਂ। ਵਾਇਰਸ ਜਾਨਵਰਾਂ, ਪੌਦਿਆਂ, ਜਾਂ ਹੋਰ ਕਈ ਤਰ੍ਹਾਂ ਦੇ ਜੀਵਾਂ ਦਾ ਨੁਕਸਾਨ ਕਰ ਸਕਦਾ ਹੈ। ਕਈ ਵਾਇਰਸ ਤਾਂ ਇਤਨੇ ਛੋਟੇ ਹੁੰਦੇ ਹਨ ਕਿ ਆਮ ਖੁਰਦਬੀਨ ਨਾਲ ਨਹੀਂ ਵੇਖੇ ਜਾ ਸਕਦੇ, ਉਨ੍ਹਾਂ ਲਈ ਇਲੈਕਟਰੌਨ ਖੁਰਦਬੀਨ (Electron Microscope) ਵਰਤਣੀ ਪੈਂਦੀ ਹੈ, ਤੇ ਕਈ ਉਸ ਤੋਂ ਵੀ ਛੋਟੇ ਹੁੰਦੇ ਹਨ।

ਤੰਬਾਕੂ ਦਾ ਵਾਇਰਸ ਵੀ ਇਕ ਨਿਰਜੀਵ ਦੀ ਤਰ੍ਹਾਂ ਹੁੰਦਾ ਹੈ। ਪਰ ਜਦੋਂ ਇਹ ਪਾਣੀ ਵਿਚ ਘੋਲ ਕੇ ਤੰਬਾਕੂ ਦੇ ਪੱਤੇ ਤੇ ਪਾਇਆ ਜਾਂਦਾ ਹੈ ਤਾਂ ਇਹ ਜੀਵ ਦੀ ਤਰ੍ਹਾਂ ਬਣ ਜਾਂਦਾ ਹੈ ਤੇ ਵਧਣਾ ਸ਼ੁਰੂ ਹੋ ਜਾਂਦਾ ਹੈ। ਤੰਬਾਕੂ ਦਾ ਵਾਇਰਸ ਇਕ ਕ੍ਰਿਸਟਲ (Crystal) ਦੀ ਤਰ੍ਹਾਂ ਹੁੰਦਾ ਹੈ, ਜਿਸ ਦੀ ਬਣਤਰ ਵੇਖੀ ਜਾ ਸਕਦੀ ਹੈ। ਆਮ ਬੀਮਾਰੀਆਂ ਜਿਸ ਤਰ੍ਹਾਂ ਕਿ ਸਰਦੀ, ਜ਼ੁਕਾਮ, ਫਲੂ (Influenza), ਛੋਟੀ ਮਾਤਾ (ਚੇਚਕ) (Chicken pox), ਆਦਿ, ਵਾਇਰਸ ਕਰਕੇ ਹੀ ਹੁੰਦੀਆਂ ਹਨ। ਏਡਜ਼ ਵਰਗੀ ਖਤਰਨਾਕ ਬੀਮਾਰੀ ਵੀ ਵਾਇਰਸ ਕਰਕੇ ਹੁੰਦੀ ਹੈ।

ਜਿਥੇ ਵੀ ਕੋਈ ਜੀਵ ਹੈ, ਉਥੇ ਵਾਇਰਸ ਮਿਲਦੇ ਹਨ, ਤੇ ਹੋ ਸਕਦਾ ਹੈ ਜਦੋਂ ਜੀਵਾਂ ਦੇ ਸੈਲ ਬਣੇ ਹੋਣਗੇ, ਇਹ ਵੀ ਉਦੋਂ ਦੇ ਬਣੇ ਹੋਣਗੇ। ਇਨ੍ਹਾਂ ਦੇ ਆਰੰਭ ਬਾਰੇ ਪੂਰੀ ਤਰ੍ਹਾਂ ਪਤਾ ਨਹੀਂ ਕਿਉਂਕਿ ਵਾਇਰਸ ਦੇ ਕੋਈ ਅਵਸ਼ੇਸ਼ (fossils) ਨਹੀਂ ਹੁੰਦੇ।

ਦੁਨੀਆ ਦਾ ਹਰੇਕ ਕਾਰਜ ਅਕਾਲ ਪੁਰਖੁ ਦੇ ਹੁਕਮੁ ਅਨੁਸਾਰ ਹੋ ਰਿਹਾ ਹੈ। ਜੇ ਅਕਾਲ ਪੁਰਖੁ ਨੂੰ ਚੰਗਾ ਲੱਗੇ ਤਾਂ ਮਨੁੱਖ ਨੂੰ ਉੱਚੀ ਆਤਮਕ ਅਵਸਥਾ ਦਿੰਦਾ ਹੈ ਅਤੇ ਪੱਥਰ ਦਿਲ ਵਰਗੇ ਮਨੁੱਖਾਂ ਨੂੰ ਵੀ ਤਾਰ ਦਿੰਦਾ ਹੈ। ਜੇ ਅਕਾਲ ਪੁਰਖੁ ਚਾਹੇ ਤਾਂ ਸੁਆਸਾਂ ਤੋਂ ਬਿਨਾ ਵੀ ਪ੍ਰਾਣੀ ਨੂੰ ਜਿਉਂਦਾ ਰੱਖ ਸਕਦਾ ਹੈ। ਉਸ ਦੀ ਮੇਹਰ ਹੋਵੇ ਤਾਂ ਜੀਵ ਅਕਾਲ ਪੁਰਖੁ ਦੇ ਗੁਣ ਗਾਉਂਦਾ ਹੈ। ਜੇ ਅਕਾਲ ਪੁਰਖ ਦੀ ਰਜ਼ਾ ਹੋਵੇ ਤਾਂ ਗਿਰੇ ਹੋਏ ਚਾਲ ਚਲਨ ਵਾਲਿਆਂ ਨੂੰ ਵਿਕਾਰਾਂ ਤੋਂ ਬਚਾ ਲੈਂਦਾ ਹੈ। ਅਕਾਲ ਪੁਰਖੁ ਜੋ ਕੁਝ ਵੀ ਕਰਦਾ ਹੈ, ਆਪਣੇ ਹੁਕਮੁ ਤੇ ਰਜ਼ਾ ਅਨੁਸਾਰ ਕਰਦਾ ਹੈ। ਅਕਾਲ ਪੁਰਖੁ ਆਪ ਹੀ ਲੋਕ ਤੇ ਪਰਲੋਕ ਦਾ ਮਾਲਕ ਹੈ, ਉਹ ਸਭ ਦੇ ਦਿਲਾਂ ਦੀ ਜਾਣਨ ਵਾਲਾ ਹੈ, ਉਹ ਆਪ ਜਗਤ ਦੀ ਖੇਡ ਖੇਡਦਾ ਹੈ ਤੇ ਆਪ ਹੀ ਇਸ ਨੂੰ ਵੇਖ ਕੇ ਖ਼ੁਸ਼ ਹੁੰਦਾ ਹੈ। ਅਕਾਲ ਪੁਰਖੁ ਨੂੰ ਜੋ ਚੰਗਾ ਲੱਗਦਾ ਹੈ, ਉਹ ਉਹੀ ਕੰਮ ਕਰਦਾ ਹੈ। ਅਕਾਲ ਪੁਰਖੁ ਤੋਂ ਇਲਾਵਾ ਉਸ ਵਰਗਾ ਹੋਰ ਕੋਈ ਨਹੀਂ ਦਿਸਦਾ ਜੋ ਇਹ ਸਭ ਕੁਝ ਕਰਨ ਦੇ ਸਮਰੱਥ ਹੈ।

*ਪ੍ਰਭ ਭਾਵੈ ਮਾਨੁਖ ਗਤਿ ਪਾਵੈ ॥ ਪ੍ਰਭ ਭਾਵੈ ਤਾ ਪਾਥਰ ਤਰਾਵੈ ॥ ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ ॥ ਪ੍ਰਭ ਭਾਵੈ ਤਾ ਹਰਿ ਗੁਣ ਭਾਖੈ ॥ ਪ੍ਰਭ ਭਾਵੈ ਤਾ ਪਤਿਤ ਉਧਾਰੈ ॥ ਆਪਿ ਕਰੈ ਆਪਨ ਬੀਚਾਰੈ ॥ ਦੁਹਾ ਸਿਰਿਆ ਕਾ ਆਪਿ ਸੁਆਮੀ ॥ ਖੇਲੈ ਬਿਗਸੈ ਅੰਤਰਜਾਮੀ ॥ ਜੋ ਭਾਵੈ ਸੋ ਕਾਰ ਕਰਾਵੈ ॥ ਨਾਨਕ ਦ੍ਰਿਸਟੀ ਅਵਰੁ ਨ ਆਵੈ ॥੭॥ (੨੭੭)*

ਆਮ ਲੋਕਾਂ ਨੂੰ ਇਹ ਬੜੀ ਅਨਹੋਣੀ ਗੱਲ ਲਗਦੀ ਹੈ, ਕਿ ਜੀਵ ਸੁਆਸਾਂ ਤੋਂ ਬਿਨਾ ਕਿਸ ਤਰ੍ਹਾਂ ਜਿਉਂਦਾ ਰਹਿ ਸਕਦਾ ਹੈ। ਪਰੰਤੂ ਗੁਰੂ ਅਰਜਨ ਸਾਹਿਬ ਨੇ ਇਹ ਗੁਰਬਾਣੀ ਵਿਚ ਕਈ ਸਾਲ ਪਹਿਲਾਂ ਅੰਕਿਤ ਕੀਤਾ ਹੈ। ਅੱਜ ਦੀ ਸਇੰਸ ਅਨੁਸਾਰ ਇਹ ਲਿਖਤ ਹੁਣ ਅਨਹੋਣੀ ਨਹੀਂ ਲਗਦੀ। ਹੋ ਸਕਦਾ ਹੈ ਕਿ ਗੁਰੂ ਸਾਹਿਬ ਨੇ ਵਾਇਰਸ ਜਾਂ ਕਿਸੇ ਹੋਰ ਤਰ੍ਹਾਂ ਦੇ ਜੀਵਾਂ ਬਾਰੇ ਕਿਹਾ ਹੋਵੇ ਜੋ ਕਿ ਬਿਨਾਂ ਸਵਾਸ ਦੇ ਜੀਵਤ ਰਹਿ ਸਕਦੇ ਹਨ।

ਆਮ ਜੀਵਾਂ ਅਤੇ ਮਨੁੱਖ ਵਿਚ ਇਹੀ ਫਰਕ ਹੈ ਕਿ ਮਨੁੱਖ ਕੋਲ ਬੁਧੀ ਹੈ, ਜੋ ਕਿ ਹੋਰ ਜੀਵਾਂ ਕੋਲ ਨਹੀਂ ਹੈ। ਮਨੁੱਖ ਸੋਚ ਸਕਦਾ ਹੈ, ਹੋਰ ਗਿਆਨ ਹਾਸਲ ਕਰ ਸਕਦਾ ਹੈ, ਨਵੀਆਂ ਕਾਢਾਂ ਕੱਢ ਸਕਦਾ ਹੈ, ਦੂਸਰਿਆਂ ਜੀਵਾਂ ਨੂੰ ਆਪਣੇ ਕਾਬੂ ਵਿਚ ਰੱਖ ਸਕਦਾ ਹੈ ਤੇ ਆਪਣੇ ਮਤਲਬ ਲਈ ਵਰਤ ਸਕਦਾ ਹੈ। ਮਨੁੱਖ ਨਵੀਆਂ ਚੀਜਾਂ ਬਣਾ ਸਕਦਾ ਹੈ, ਉਨ੍ਹਾਂ ਤੇ ਆਪਣਾ ਕਬਜਾ ਕਰ ਸਕਦਾ ਹੈ, ਅਦਲਾ ਬਦਲੀ ਤੇ ਹੇਰਾਫੇਰੀ ਕਰ ਸਕਦਾ ਹੈ। ਸੱਚ ਜਾਂ ਝੂਠ ਜਾਣ ਸਕਦਾ ਹੈ ਤੇ ਬੋਲ ਸਕਦਾ ਹੈ।

ਅੱਜ ਦੀ ਸਇੰਸ ਇਸ ਵਿਚਾਰ ਨਾਲ ਸਹਿਮਤ ਹੈ ਕਿ ਜੀਵਨ ਕਈ ਸਟੇਜਾਂ ਵਿਚੋਂ ਲੰਘਿਆ ਹੈ। ਮਨੁੱਖੀ ਵਿਕਾਸ ਦੇ ਆਧਾਰ ਤੇ ਇਸ ਨੂੰ ਤਿੰਨ ਹਿਸਿਆਂ ਵਿਚ ਵੰਡਿਆ ਜਾ ਸਕਦਾ ਹੈ: ਪੱਥਰ ਕਾਲ, ਕਹਿੰ ਕਾਲ, ਲੋਹਾ ਕਾਲ (Stone Age, Bronze Age and Iron Age)। ਪੱਥਰ ਕਾਲ ਦੇ ਸਮੇਂ ਵਿਚ ਮਨੁੱਖ ਨੇ ਪੱਥਰ ਨੂੰ ਘੜ ਕੇ ਤਿਖੇ ਤੇ ਨੁਕੀਲੇ ਹਥਿਆਰ ਬਣਾਉਂਣੇ ਸਿਖ ਲਏ। ਕਹਿੰ ਕਾਲ ਵਿਚ ਮਨੁੱਖ ਨੇ ਤਾਂਬੇ, ਪਿੱਤਲ ਤੇ ਕਹਿੰ ਦੇ ਬਰਤਨ ਅਤੇ ਔਜ਼ਾਰ ਬਣਾਉਂਣੇ ਸ਼ੁਰੂ ਕਰ ਦਿਤੇ। ਲੋਹਾ ਕਾਲ ਦੇ ਸਮੇਂ ਵਿਚ ਮਨੁੱਖ ਨੇ ਲੋਹੇ ਤੇ ਸਟੀਲ ਦੀ ਵਰਤੋਂ ਸ਼ੁਰੂ ਕਰ ਦਿੱਤੀ, ਜਿਸ ਕਰਕੇ ਮਨੁੱਖੀ ਵਿਕਾਸ ਵਿਚ ਬਹੁਤ ਵਾਧਾ ਹੋਣਾ ਸ਼ੁਰੂ ਹੋ ਗਿਆ ਤੇ ਕਈ ਤਰ੍ਹਾਂ ਦੀਆਂ ਨਵੀਆਂ ਤਕਨੀਕਾਂ ਈਜ਼ਾਦ ਕੀਤੀਆਂ ਗਈਆਂ ਤੇ ਇਨ੍ਹਾਂ ਦੀ ਆਮ ਜੀਵਨ ਵਿਚ ਵਰਤੋਂ ਹੋਣ ਲੱਗ ਪਈ।

ਕੁਦਰਤ ਨੇ ਚਟਾਨਾਂ ਵਿਚ ਜੀਵ ਪੈਦਾ ਕੀਤੇ ਹਨ, ਸਮੁੰਦਰ ਦੇ ਤਲ ਤੇ ਵੀ ਕੋਰਲ, ਐਲਗੀ, ਮੱਛੀਆਂ, ਕੇਕੜੇ, ਪੌਦੇ ਤੇ ਅਨੇਕਾਂ ਪ੍ਰਕਾਰ ਦੀ ਬਨਸਪਤੀ ਪੈਦਾ ਕੀਤੀ ਹੈ। ਡੂੰਘੇ ਸਮੁੰਦਰ ਵਿਚ ਵੀ ਜੀਵ ਪਾਏ ਗਏ ਹਨ। ਅਕਾਲ ਪੁਰਖੁ ਜੀਵਾਂ ਨੂੰ ਪੈਦਾ ਕਰਨ ਵਾਲਾ ਹੈ ਤੇ ਆਪ ਹੀ ਉਨ੍ਹਾਂ ਸਭ ਦੀ ਸੰਭਾਲ ਕਰਦਾ ਹੈ।

ਅੱਜਕਲ ਦੀਆਂ ਖੋਜ਼ਾ ਮੁਤਾਬਕ ਡੂੰਘੇ ਸਮੁੰਦਰ ਵਿਚ ਜਵਾਲਾਮੁੱਖੀ ਨਾਲ ਪੈਦਾ ਹੋਈਆਂ ਚਟਾਨਾਂ ਦੀਆਂ ਤਰੇੜਾਂ ਵਿਚ ਵੀ ਜੀਵ (ਮਾਈਕਰੋਬ) ਪਾਏ ਗਏ ਹਨ। ਅਜੇਹੇ ਸਥਾਨ ਬਹੁਤ ਗਰਮ ਹਨ ਤੇ ਇਨ੍ਹਾਂ ਦਾ ਤਾਪਮਾਨ 350°C ਤਕ ਹੋ ਸਕਦਾ ਹੈ। ਅਜੇਹੇ ਮਾਈਕਰੋਬ ਹਾਈਡਰੋਜ਼ਨ ਅਤੇ ਕਾਰਬਨ ਡਾਈਔਕਸਾਈਡ ਲੈ ਕੇ ਮੀਥੇਂਨ ਗੈਸ ਪੈਦਾ ਕਰਦੇ ਹਨ।

ਮਨੁੱਖਾਂ, ਰੁੱਖਾਂ, ਤੀਰਥਾਂ, ਤਟਾਂ (ਨਦੀਆਂ ਦੇ ਕਿਨਾਰਿਆਂ), ਬੱਦਲਾਂ, ਖੇਤਾਂ, ਦੀਪਾਂ (ਸਮੁੰਦਰ ਦੇ ਪਾਣੀ ਨਾਲ ਘਿਰੇ ਹੋਏ ਧਰਤੀ ਦੇ ਹਿਸੇ), ਲੋਕਾਂ (ਸੁਰਗ, ਪ੍ਰਿਥਵੀ ਅਤੇ ਪਤਾਲ, ਸੱਤ ਲੋਕ ਧਰਤੀ ਤੋਂ ਉੱਤੇ ਤੇ ਸੱਤ ਲੋਕ ਧਰਤੀ ਦੇ ਹੇਠਾਂ), ਮੰਡਲਾਂ (ਚੰਦ, ਸੂਰਜ, ਧਰਤੀ, ਗ੍ਰੈਹਾਂ), ਖੰਡਾਂ (ਧਰਤੀ ਦੇ ਹਿੱਸੇ), ਵਰਭੰਡਾਂਹ (ਬ੍ਰਹਿਮੰਡਾਂ, ਸ੍ਰਿਸ਼ਟੀ), ਸਰਾਂ (ਸਰੋਵਰਾਂ), ਮੇਰਾਂ (ਮੇਰੂ ਵਰਗੇ ਪਰਬਤਾਂ), ਚਾਰੇ ਖਾਣੀਆਂ (ਅੰਡਜ, ਜੇਰਜ, ਉਤਭੁਜ, ਸੇਤਜ) ਦੇ ਸਾਰੇ ਜੀਵ ਜੰਤਾਂ, ਇਨ੍ਹਾਂ ਸਭਨਾਂ ਦੀ ਗਿਣਤੀ ਦਾ ਅੰਦਾਜ਼ਾ, ਉਹ ਅਕਾਲ ਪੁਰਖੁ ਆਪ ਹੀ ਜਾਣਦਾ ਹੈ, ਜਿਸ ਨੇ ਇਹ ਸਭ ਕੁਝ ਪੈਦਾ ਕੀਤੇ ਹਨ। ਸਾਰੇ ਜੀਅ ਜੰਤ ਪੈਦਾ ਕਰ ਕੇ, ਅਕਾਲ ਪੁਰਖੁ ਉਨ੍ਹਾਂ ਸਭਨਾਂ ਦੀ ਸੰਭਾਲ ਤੇ ਪਾਲਨਾ ਵੀ ਆਪ ਹੀ ਕਰਦਾ ਹੈ। ਜਿਸ ਕਰਤਾਰ ਨੇ ਇਹ ਸਾਰੀ ਸ੍ਰਿਸ਼ਟੀ ਰਚੀ ਹੈ, ਇਸ ਦੀ ਪਾਲਨਾ ਦਾ ਫ਼ਿਕਰ ਵੀ ਉਸੇ ਨੂੰ ਹੀ ਹੈ। ਗੁਰੂ ਸਾਹਿਬ ਸਮਝਾਉਂਦੇ ਹਨ ਕਿ ਮੈਂ ਉਸ ਅਕਾਲ ਪੁਰਖੁ ਤੋਂ ਸਦਕੇ ਜਾਂਦਾ ਹਾਂ, ਉਸ ਦੀ ਜੈ ਜੈਕਾਰ ਆਖਦਾ ਹਾਂ, ਭਾਵ, ਉਸ ਦੀ ਸਿਫ਼ਤਿ-ਸਾਲਾਹ ਕਰਦਾ ਹਾਂ, ਜਿਸ ਕਰਤਾਰ ਨੇ ਇਹ ਜਗਤ ਪੈਦਾ ਕੀਤਾ ਹੈ, ਇਨ੍ਹਾਂ ਸਭ ਦਾ ਖ਼ਿਆਲ ਵੀ ਉਹ ਆਪ ਹੀ ਰੱਖਦਾ ਹੈ, ਤੇ ਅਕਾਲ ਪੁਰਖੁ ਦਾ ਆਸਰਾ ਜੀਵਾਂ ਵਾਸਤੇ ਸਦਾ ਲਈ ਅਟੱਲ ਹੈ। ਉਸ ਅਕਾਲ ਪੁਰਖੁ ਦੇ ਸੱਚੇ ਨਾਮੁ ਦੀ ਯਾਦ ਤੋਂ ਬਿਨਾ, ਟਿੱਕਾ, ਜਨੇਊ ਆਦਿਕ ਧਾਰਮਕ ਭੇਖ ਜਾਂ ਤਰ੍ਹਾਂ ਤਰ੍ਹਾਂ ਦੇ ਕਰਮ ਕਾਂਡ ਕਰਨ ਦਾ ਕੋਈ ਫਾਇਦਾ ਨਹੀਂ ਹੈ।

*ਸਲੋਕ ਮਃ ੧ ॥ ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ ॥ ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ ॥ ਅੰਡਜ ਜੇਰਜ ਉਤਭੁਜਾਂ ਖਾਣੀ ਸੇਤਜਾਂਹ ॥ ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਹ ॥ ਨਾਨਕ ਜੰਤ ਉਪਾਇ ਕੈ ਸੰਮਾਲੇ ਸਭਨਾਹ ॥ ਜਿਨਿ ਕਰਤੈ ਕਰਣਾ ਕੀਆ ਚਿੰਤਾ ਭਿ ਕਰਣੀ ਤਾਹ ॥ ਸੋ ਕਰਤਾ ਚਿੰਤਾ ਕਰੇ ਜਿਨਿ ਉਪਾਇਆ ਜਗੁ ॥ ਤਿਸੁ ਜੋਹਾਰੀ ਸੁਅਸਤਿ ਤਿਸੁ ਤਿਸੁ ਦੀਬਾਣੁ ਅਭਗੁ ॥ ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ ॥੧॥ (੪੬੭)*

ਗੁਰੂ ਸਾਹਿਬ ਸਮਝਾਉਂਦੇ ਹਨ ਕਿ ਜੇਕਰ ਅਕਾਲ ਪੁਰਖੁ ਮੇਰੇ ਨਾਲ, ਮੇਰੇ ਹਿਰਦੇ ਵਿਚ ਵੱਸ ਰਿਹਾ ਹੈ ਤਾਂ ਉਸ ਦੀ ਬਰਕਤ ਨਾਲ ਜਮਦੂਤ ਨੇੜੇ ਨਹੀਂ ਢੁੱਕਦੇ, ਇਸ ਲਈ ਮੈਨੂੰ ਸਰੀਰਕ ਮੌਤ ਜਾਂ ਆਤਮਕ ਮੌਤ ਦਾ ਕੋਈ ਡਰ ਨਹੀਂ ਰਹਿ ਗਿਆ ਹੈ। ਜਿਸ ਮਨੁੱਖ ਨੂੰ ਗੁਰੂ ਗਰੰਥ ਸਾਹਿਬ ਦੁਆਰਾ ਦਿੱਤੀ ਸੱਚੀ ਸਿੱਖਿਆ ਮਿਲ ਜਾਂਦੀ ਹੈ, ਉਹ ਸਦਾ ਥਿਰ ਰਹਿੰਣ ਵਾਲੇ ਅਕਾਲ ਪੁਰਖੁ ਦੇ ਨਾਮੁ ਨੂੰ ਹਮੇਸ਼ਾਂ ਯਾਦ ਰੱਖਦਾ ਹੈ, ਤੇ ਅਕਾਲ ਪੁਰਖੁ ਅਜੇਹੇ ਮਨੁੱਖ ਨੂੰ ਆਪਣੇ ਗਲ ਨਾਲ ਲਾ ਕੇ ਰੱਖਦਾ ਹੈ। ਜਿਹੜਾ ਮਨੁੱਖ ਪੂਰੇ ਗੁਰੂ ਨੂੰ ਆਪਣੇ ਜੀਵਨ ਵਿਚ ਅਪਨਾ ਲੈਂਦਾ ਹੈ, ਉਸ ਨੂੰ ਜੀਵਨ ਵਿਚ ਸਫਲਤਾ ਮਿਲਦੀ ਹੈ। ਪੂਰਾ ਗੁਰੂ ਮਨੁੱਖ ਨੂੰ ਨਾਮੁ ਜਪਣ ਤੇ ਅਕਾਲ ਪੁਰਖੁ ਦੇ ਹੁਕਮੁ ਅਨੁਸਾਰ ਚਲਣ ਦੀ ਚੰਗੀ ਮੱਤ ਦਿੰਦਾ ਹੈ, ਜਿਸ ਸਦਕਾ ਉਸ ਦੇ ਵਿਕਾਰ ਪੈਦਾ ਕਰਨ ਵਾਲੇ ਸਾਰੇ ਵੈਰੀ ਖਤਮ ਹੋ ਜਾਂਦੇ ਹਨ। ਜਿਨ੍ਹਾਂ ਮਨੁੱਖਾਂ ਨੂੰ ਪੂਰੇ ਗੁਰੂ ਨੇ ਜੀਵਨ ਜਾਚ ਸਿਖਾਈ, ਅਕਾਲ ਪੁਰਖੁ ਨੇ ਉਨ੍ਹਾਂ ਦੇ ਸਾਰੇ ਗਿਆਨ ਇੰਦ੍ਰੇ ਆਤਮਕ ਗੁਣਾਂ ਨਾਲ ਭਰਪੂਰ ਕਰ ਦਿੱਤੇ, ਫਿਰ ਉਹ ਮਨੁੱਖ ਵਿਕਾਰੀ ਜੀਵਨ ਤਿਆਗ ਕੇ ਆਤਮਕ ਆਨੰਦ ਵਿਚ ਆ ਕੇ ਟਿਕ ਜਾਂਦੇ ਹਨ। ਗੁਰੂ ਸਾਹਿਬ ਸਮਝਾਉਂਦੇ ਹਨ ਕਿ ਉਸ ਅਕਾਲ ਪੁਰਖੁ ਦੀ ਸ਼ਰਨ ਪਿਆ ਰਹਿ, ਜਿਸ ਦੇ ਸ਼ਰਨ ਪਿਆਂ ਸਾਰੇ ਰੋਗ ਦੂਰ ਹੋ ਜਾਂਦੇ ਹਨ।

*ਸੋਰਠਿ ਮਹਲਾ ੫ ॥ ਨਾਲਿ ਨਰਾਇਣੁ ਮੇਰੈ ॥ ਜਮਦੂਤੁ ਨ ਆਵੈ ਨੇਰੈ ॥ ਕੰਠਿ ਲਾਇ ਪ੍ਰਭ ਰਾਖੈ ॥ ਸਤਿਗੁਰ ਕੀ ਸਚੁ ਸਾਖੈ ॥੧॥ ਗੁਰਿ ਪੂਰੈ ਪੂਰੀ ਕੀਤੀ ॥ ਦੁਸਮਨ ਮਾਰਿ ਵਿਡਾਰੇ ਸਗਲੇ ਦਾਸ ਕਉ ਸੁਮਤਿ ਦੀਤੀ ॥੧॥ ਰਹਾਉ ॥ ਪ੍ਰਭਿ ਸਗਲੇ ਥਾਨ ਵਸਾਏ ॥ ਸੁਖਿ ਸਾਂਦਿ ਫਿਰਿ ਆਏ ॥ ਨਾਨਕ ਪ੍ਰਭ ਸਰਣਾਏ ॥ ਜਿਨਿ ਸਗਲੇ ਰੋਗ ਮਿਟਾਏ ॥੨॥੨੪॥੮੮॥ (੬੩੦)*

ਗੁਰੂ ਸਾਹਿਬ ਸਮਝਾਉਂਦੇ ਹਨ ਕਿ ਆਪਣੀ ਰੋਜ਼ੀ ਲਈ ਫ਼ਿਕਰ ਚਿੰਤਾ ਨਾ ਕਰੋ, ਇਹ ਫ਼ਿਕਰ ਉਸ ਅਕਾਲ ਪੁਰਖੁ ਨੂੰ ਆਪ ਹੀ ਹੈ। ਉਸ ਨੇ ਪਾਣੀ ਵਿਚ ਜੀਵ ਪੈਦਾ ਕੀਤੇ ਹਨ, ਉਨ੍ਹਾਂ ਨੂੰ ਵੀ ਰਿਜ਼ਕ ਦੇਂਦਾ ਹੈ। ਪਾਣੀ ਵਿਚ ਨਾ ਕੋਈ ਦੁਕਾਨ ਚੱਲਦੀ ਹੈ ਨਾ ਓਥੇ ਕੋਈ ਵਾਹੀ ਦਾ ਕੰਮ ਕਰਦਾ ਹੈ, ਨਾ ਓਥੇ ਕੋਈ ਸਉਦਾ ਵੇਚਿਆ ਜਾ ਰਿਹਾ ਹੈ, ਨਾ ਕੋਈ ਲੈਣ ਦੇਣ ਦਾ ਵਪਾਰ ਹੋ ਰਿਹਾ ਹੈ। ਪਰ ਅਕਾਲ ਪੁਰਖੁ ਨੇ ਓਥੇ ਵੀ ਇਨ੍ਹਾਂ ਸਭ ਲਈ ਖ਼ੁਰਾਕ ਦਾ ਸਾਧਨ ਬਣਾ ਦਿੱਤਾ ਹੈ, ਤੇ ਜੀਵਾਂ ਦਾ ਖਾਣਾ ਦੂਸਰੇ ਜੀਵ ਹੀ ਹਨ, ਭਾਵੇਂ ਉਹ ਚਲਣ ਵਾਲੇ ਹੋਣ ਜਾਂ ਬੂਟਿਆ ਦੀ ਤਰ੍ਹਾਂ ਇਕ ਥਾਂ ਟਿਕੇ ਰਹਿਣ ਵਾਲੇ ਹੋਣ। ਅਕਾਲ ਪੁਰਖੁ ਨੇ ਜਿਨ੍ਹਾਂ ਜੀਵਾਂ ਨੂੰ ਸਮੁੰਦਰਾਂ ਵਿਚ ਪੈਦਾ ਕੀਤਾ ਹੈ, ਉਨ੍ਹਾਂ ਦੀ ਸੰਭਾਲ ਵੀ ਉਹ ਆਪ ਹੀ ਕਰਦਾ ਹੈ। ਇਸ ਲਈ ਰੋਜ਼ੀ ਲਈ ਚਿੰਤਾ ਨਾ ਕਰੋ, ਕਿਉਂਕਿ ਅਕਾਲ ਪੁਰਖੁ ਨੂੰ ਆਪ ਸਭ ਦਾ ਫ਼ਿਕਰ ਹੈ।

***ਸਲੋਕ ਮਃ ੨ ॥ ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ ॥ ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ ॥ ਓਥੈ ਹਟੁ ਨ ਚਲਈ ਨਾ ਕੋ ਕਿਰਸ ਕਰੇਇ ॥ ਸਉਦਾ ਮੂਲਿ ਨ ਹੋਵਈ ਨਾ ਕੋ ਲਏ ਨ ਦੇਇ ॥ ਜੀਆ ਕਾ ਆਹਾਰੁ ਜੀਅ ਖਾਣਾ ਏਹੁ ਕਰੇਇ ॥ ਵਿਚਿ ਉਪਾਏ ਸਾਇਰਾ ਤਿਨਾ ਭਿ ਸਾਰ ਕਰੇਇ ॥ ਨਾਨਕ ਚਿੰਤਾ ਮਤ ਕਰਹੁ ਚਿੰਤਾ ਤਿਸ ਹੀ ਹੇਇ ॥੧॥ (੯੫੫)***

ਗੁਰੂ ਸਾਹਿਬ ਸਮਝਾਉਂਦੇ ਹਨ ਕਿ ਹੇ ਮਨ ਤੂੰ ਕਿਉਂ ਸਦਾ ਸੋਚਦਾ ਰਹਿੰਦਾ ਹੈ ਤੇ ਫ਼ਿਕਰ ਕਰਦਾ ਰਹਿੰਦਾ ਹੈ? ਜਦ ਕਿ, ਤੇਰੀ ਖਾਤਰ ਅਕਾਲ ਪੁਰਖੁ ਇਸ ਆਹਰ ਵਿਚ ਆਪ ਲੱਗਾ ਹੋਇਆ ਹੈ। ਜਿਹੜੇ ਜੀਵ ਅਕਾਲ ਪੁਰਖੁ ਨੇ ਚਟਾਨਾਂ ਤੇ ਪੱਥਰਾਂ ਵਿਚ ਪੈਦਾ ਕੀਤੇ ਹਨ, ਉਨ੍ਹਾਂ ਦਾ ਰਿਜ਼ਕ ਵੀ ਉਸ ਨੇ ਉਨ੍ਹਾਂ ਨੂੰ ਪੈਦਾ ਕਰਨ ਤੋਂ ਪਹਿਲਾਂ ਹੀ ਬਣਾ ਕੇ ਰਖਿਆ ਹੈ। ਜਿਹੜੇ ਮਨੁੱਖ ਗੁਰੂ ਦੀ ਸੰਗਤਿ ਵਿਚ ਮਿਲ ਬੈਠ ਕੇ ਸੱਚ ਦਾ ਗਿਆਨ ਹਾਸਲ ਕਰਦੇ ਹਨ, ਉਹ ਇਨ੍ਹਾਂ ਵਿਅਰਥ ਸੋਚਾਂ ਤੇ ਫ਼ਿਕਰਾਂ ਤੋਂ ਬਚ ਜਾਂਦੇ ਹਨ। ਗੁਰੂ ਦੀ ਕਿਰਪਾ ਨਾਲ ਜਿਸ ਮਨੁੱਖ ਨੂੰ ਇਹ ਅਡੋਲਤਾ ਵਾਲੀ ਉੱਚੀ ਆਤਮਕ ਅਵਸਥਾ ਮਿਲ ਜਾਂਦੀ ਹੈ, ਉਹ ਮਾਨੋ ਸੁੱਕੀ ਲਕੜੀ ਵਰਗਾ ਵੀ ਹਰਿਆ ਭਰਿਆ ਹੋ ਜਾਂਦਾ ਹੈ, ਭਾਵ ਕਿ ਇਕ ਅਗਿਆਨੀ ਵੀ ਗੁਰਬਾਣੀ ਦਾ ਸੱਚਾਂ ਗਿਆਨ ਪ੍ਰਾਪਤ ਕਰਕੇ ਸੂਝਵਾਨ ਤੇ ਗਿਆਨ ਵਾਲਾ ਹੋ ਜਾਂਦਾ ਹੈ। ਮਾਤਾ, ਪਿਤਾ, ਪੁੱਤਰ, ਧੀ, ਪਤਨੀ, ਦੋਸਤ, ਤੇ ਹੋਰ ਸਾਰੇ ਲੋਕ, ਇਨ੍ਹਾਂ ਵਿਚੋਂ ਕੋਈ ਵੀ ਕਿਸੇ ਦਾ ਆਸਰਾ ਨਹੀਂ ਹੈ। ਇਹ ਸਭ ਉਸ ਅਕਾਲ ਪੁਰਖੁ ਤੋਂ ਰਿਜਕ ਲੈ ਰਹੇ ਹਨ। ਇਸ ਲਈ ਹੇ ਮਨ ਤੂੰ ਕਿਉਂ ਡਰਦਾ ਹੈ? ਪਾਲਣਹਾਰ ਅਕਾਲ ਪੁਰਖੁ ਹਰੇਕ ਜੀਵ ਨੂੰ ਆਪ ਹੀ ਰਿਜ਼ਕ ਪਹੁੰਚਾਂਦਾ ਹੈ। ਗੁਰੂ ਸਾਹਿਬ ਉਦਾਹਰਣ ਦੇ ਕੇ ਸਮਝਾਉਂਦੇ ਹਨ ਕਿ ਹੇ ਮਨ! ਵੇਖ! ਕੂੰਜ ਉੱਡ ਉੱਡ ਕੇ ਸੈਂਕੜੇ ਕੋਹਾਂ ਮੀਲ ਪੈਂਡਾ ਕਰਕੇ ਆ ਜਾਂਦੀ ਹੈ, ਪਿੱਛੇ ਉਸ ਦੇ ਬੱਚੇ ਇਕੱਲੇ ਛੱਡੇ ਹੋਏ ਹੁੰਦੇ ਹਨ। ਉਨ੍ਹਾਂ ਨੂੰ ਕੋਈ ਖੁਆਣ ਵਾਲਾ ਨਹੀਂ, ਕੋਈ ਉਨ੍ਹਾਂ ਨੂੰ ਚੋਗਾ ਨਹੀਂ ਦਿੰਦਾ। ਉਹ ਕੂੰਜ ਆਪਣੇ ਬੱਚਿਆਂ ਦਾ ਧਿਆਨ ਆਪਣੇ ਮਨ ਵਿਚ ਧਰਦੀ ਰਹਿੰਦੀ ਹੈ, ਸਭ ਦੀ ਪਾਲਣਾ ਕਰਨ ਵਾਲੇ ਅਕਾਲ ਪੁਰਖੁ ਤੇ ਭਰੋਸਾ ਰੱਖਦੀ ਹੈ, ਇਸੇ ਭਰੋਸੇ ਨੂੰ ਅਕਾਲ ਪੁਰਖੁ ਉਨ੍ਹਾਂ ਦੇ ਪਾਲਣ ਦਾ ਵਸੀਲਾ ਬਣਾਂਦਾ ਹੈ। ਪੰਛੀਆਂ ਨੂੰ ਤਾਂ ਅਕਾਲ ਪੁਰਖੁ ਤੇ ਭਰੋਸਾ ਹੈ, ਕਿ ਰਿਜਕ ਮਿਲ ਜਾਵੇਗਾ, ਪਰੰਤੂ ਮਨੁੱਖ ਨੂੰ ਨਹੀਂ। ਇਸੇ ਲਈ ਜਿਆਦਾ ਤਰ ਲੋਕ ਧਨ ਇਕੱਠਾ ਕਰਨ ਵਿਚ ਆਪਣਾ ਸਾਰਾ ਜੀਵਨ ਵਿਅਰਥ ਗਵਾ ਦਿੰਦੇ ਹਨ।

***ਰਾਗੁ ਗੂਜਰੀ ਮਹਲਾ ੫ ॥ ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ ॥ ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ ॥੧॥*** **ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ ॥ ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ ॥੧॥ ਰਹਾਉ ॥** ***(੧੦)***

ਪੱਥਰ ਕੀ ਹੈ ਤੇ ਜੀਵ ਕੀ ਹੈ। ਜੀਵਨ ਕਿਉਂ ਹੈ ਤੇ ਮੌਤ ਕਿਉਂ ਹੈ। ਇਹ ਸਾਇੰਸ ਨਹੀਂ ਦੱਸ ਸਕਦੀ ਹੈ। ਹੋ ਸਕਦਾ ਹੈ ਕਿ ਇਹ ਭੇਦ ਕਈ ਸਦੀਆਂ ਬਾਅਦ ਪਤਾ ਲੱਗੇ ਕਿ ਸਭ ਵਿਚ ਅਕਾਲ ਪੁਰਖੁ ਹੀ ਹੈ।

ਗੁਰੂ ਸਾਹਿਬ ਸਮਝਾਉਂਦੇ ਹਨ ਕਿ ਜਗਤ ਦੀ ਰੱਖਿਆ ਕਰਨ ਵਾਲਾ ਅਕਾਲ ਪੁਰਖੁ ਬਹੁਤ ਸੋਹਣਾ, ਸੁੰਦਰ, ਤੇ ਮਨ ਨੂੰ ਮੋਹ ਲੈਣ ਵਾਲਾ ਹੈ। ਕੀੜੇ, ਹਾਥੀ, ਪੱਥਰਾਂ ਦੇ ਵਿਚ ਵੱਸਦੇ ਜੀਵ ਜੰਤੂਆਂ, ਤੇ ਹੋਰ ਸਭਨਾਂ ਵਿਚ ਅਕਾਲ ਪੁਰਖੁ ਆਪ ਮੌਜੂਦ ਹੈ ਤੇ ਉਹ ਸਭ ਦਾ ਪਾਲਣਹਾਰ ਹੈ। ਅਕਾਲ ਪੁਰਖੁ ਕਿਸੇ ਜੀਵ ਤੋਂ ਦੂਰ ਨਹੀਂ ਹੈ, ਤੇ ਉਹ ਸਭ ਵਿਚ ਵਿਆਪਕ ਹੈ, ਪਰਤੱਖ ਦਿਸਦਾ ਹੈ, ਤੇ ਸਭ ਜੀਵਾਂ ਦੇ ਨਾਲ ਹੈ। ਅਕਾਲ ਪੁਰਖੁ ਸੋਹਣਾ ਹੈ, ਤੇ ਸਭ ਰਸਾਂ ਦਾ ਸੋਮਾ ਹੈ। ਲੋਕਾਂ ਦੇ ਮਿਥੇ ਹੋਏ ਵਰਣਾਂ ਵਿਚੋਂ ਅਕਾਲ ਪੁਰਖੁ ਦਾ ਕੋਈ ਵਰਣ ਨਹੀਂ ਹੈ, ਲੋਕਾਂ ਦੀਆਂ ਮਿਥੀਆਂ ਕੁਲਾਂ ਵਿਚੋਂ ਉਸ ਦੀ ਕੋਈ ਕੁਲ ਨਹੀਂ ਹੈ। ਅਕਾਲ ਪੁਰਖੁ ਕਿਸੇ ਖ਼ਾਸ ਕੁਲ ਜਾਂ ਖ਼ਾਸ ਵਰਣ ਦਾ ਪੱਖ ਨਹੀਂ ਕਰਦਾ ਅਤੇ ਸਭਨਾਂ ਉਤੇ ਸਦਾ ਦਇਆਵਾਨ ਰਹਿੰਦਾ ਹੈ।

***ਸਾਰਗ ਮਹਲਾ ੫ ॥ ਲਾਲ ਲਾਲ ਮੋਹਨ ਗੋਪਾਲ ਤੂ ॥ ਕੀਟ ਹਸਤਿ ਪਾਖਾਣ ਜੰਤ ਸਰਬ ਮੈ ਪ੍ਰਤਿਪਾਲ ਤੂ ॥੧॥ ਰਹਾਉ ॥ ਨਹ ਦੂਰਿ ਪੂਰਿ ਹਜੂਰਿ ਸੰਗੇ ॥ ਸੁੰਦਰ ਰਸਾਲ ਤੂ ॥੧॥ ਨਹ ਬਰਨ ਬਰਨ ਨਹ ਕੁਲਹ ਕੁਲ ॥ ਨਾਨਕ ਪ੍ਰਭ ਕਿਰਪਾਲ ਤੂ ॥੨॥੯॥੧੩੮॥ (੧੨੩੧)***

ਜੇ ਕਰ ਉਪਰ ਲਿਖੀਆਂ, ਗੁਰਬਾਣੀ ਦੀਆਂ ਸਿਖਿਆਵਾਂ, ਨੂੰ ਇਕੱਠਾ ਕਰੀਏ ਤਾਂ ਅਸੀਂ ਨਿਸਚੇ ਨਾਲ ਸਮਝ ਸਕਦੇ ਹਾਂ, ਕਿ ਗੁਰੂ ਸਾਹਿਬਾਂ ਨੇ ਸਪੱਸ਼ਟ ਕਰਕੇ ਸਮਝਾ ਦਿੱਤਾ ਹੈ ਕਿ ਜੀਵਨ ਅਕਾਲ ਪੁਰਖੁ ਦੇ ਹੱਥ ਵਿਚ ਉਹ ਚਾਹੇ ਤਾ ਜੀਵ ਨੂੰ ਬਿਨਾ ਸੁਆਸ ਦੇ ਵੀ ਰੱਖ ਸਕਦਾ ਹੈ, ਤੇ ਜਦੋਂ ਚਾਹੇ ਤਾਂ ਆਪਣੇ ਹੁਕਮੁ ਤੇ ਰਜ਼ਾ ਅਨੁਸਾਰ ਜੀਵਨ ਵਿਚ ਵੀ ਬਦਲ ਸਕਦਾ ਹੈ।

- ਕੋਮਾਂ ਵਿਚ ਗਏ ਮਰੀਜ਼ ਨੂੰ ਕਈ ਕਈ ਘੰਟੇ ਜਾਂ ਦਿਨ ਕੋਈ ਹੋਸ਼ ਨਹੀਂ ਹੁੰਦੀ ਹੈ।
- ਵਾਇਰਸ ਆਮ ਸੈਲਾਂ ਦੀ ਤਰ੍ਹਾਂ ਵਧਦੇ ਹਨ, ਪਰ ਇਨ੍ਹਾਂ ਦੀ ਬਣਤਰ ਸੈਲਾਂ ਵਰਗੀ ਨਹੀਂ ਹੁੰਦੀ ਹੈ। ਇਸ ਲਈ ਕੁਝ ਲੋਕ ਇਸ ਨੂੰ ਜੀਵ ਸਮਝਦੇ ਹਨ ਤੇ ਕੁਝ ਨਹੀਂ।
- ਤੰਬਾਕੂ ਦਾ ਵਾਇਰਸ ਵੀ ਇਕ ਨਿਰਜੀਵ ਦੀ ਤਰ੍ਹਾਂ ਹੁੰਦਾ ਹੈ, ਪਰ ਜਦੋਂ ਇਹ ਪਾਣੀ ਵਿਚ ਘੋਲ ਕੇ ਤੰਬਾਕੂ ਦੇ ਪੱਤੇ ਤੇ ਪਾਇਆ ਜਾਂਦਾ ਹੈ ਤਾਂ ਇਹ ਜੀਵ ਦੀ ਤਰ੍ਹਾਂ ਬਣ ਜਾਂਦਾ ਹੈ ਤੇ ਵਧਣਾ ਸ਼ੁਰੂ ਹੋ ਜਾਂਦਾ ਹੈ।
- ਜਿਥੇ ਵੀ ਕੋਈ ਜੀਵ ਹੈ, ਉਥੇ ਵਾਇਰਸ ਮਿਲਦੇ ਹਨ, ਤੇ ਹੋ ਸਕਦਾ ਹੈ ਜਦੋਂ ਜੀਵਾਂ ਦੇ ਸੈਲਾਂ ਬਣੇ ਹੋਣਗੇ, ਇਹ ਵੀ ਉਦੋਂ ਦੇ ਬਣੇ ਹੋਣਗੇ।
- ਗੁਰੂ ਅਰਜਨ ਸਾਹਿਬ ਨੇ ਗੁਰਬਾਣੀ ਵਿਚ ਕਈ ਸਾਲ ਪਹਿਲਾਂ ਅੰਕਿਤ ਕੀਤਾ ਹੈ, ਕਿ ਅਕਾਲ ਪੁਰਖੁ ਜੀਵ ਨੂੰ ਸੁਆਸਾਂ ਤੋਂ ਬਿਨਾ ਜਿਉਂਦਾ ਰੱਖ ਸਕਦਾ ਹੈ।
- ਆਮ ਜੀਵਾਂ ਅਤੇ ਮਨੁੱਖ ਵਿਚ ਇਹੀ ਫਰਕ ਹੈ ਕਿ ਮਨੁੱਖ ਕੋਲ ਬੁਧੀ ਹੈ ਜੋ ਕਿ ਹੋਰ ਜੀਵਾਂ ਕੋਲ ਨਹੀਂ ਹੈ।
- ਅਕਾਲ ਪੁਰਖੁ ਨੇ ਚਟਾਨਾਂ ਵਿਚ, ਸਮੁੰਦਰ ਦੇ ਤਲ, ਤੇ ਡੂੰਘੇ ਸਮੁੰਦਰ ਵਿਚ ਵੀ ਜੀਵ ਪੈਦਾ ਕੀਤੇ ਹਨ।
- ਡੂੰਘੇ ਸਮੁੰਦਰ ਵਿਚ ਜਵਾਲਾਮੁੱਖੀ ਨਾਲ ਪੈਦਾ ਹੋਈਆਂ ਚਟਾਨਾਂ ਦੀਆਂ ਤਰੇੜਾਂ ਵਿਚ ਵੀ ਜੀਵ (ਮਾਈਕਰੋਬ) ਪਾਏ ਗਏ ਹਨ।
- ਦੁਨੀਆ ਦਾ ਹਰੇਕ ਕਾਰਜ ਅਕਾਲ ਪੁਰਖੁ ਦੇ ਹੁਕਮੁ ਅਨੁਸਾਰ ਹੋ ਰਿਹਾ ਹੈ, ਅਕਾਲ ਪੁਰਖੁ ਜੀਵਾਂ ਨੂੰ ਪੈਦਾ ਕਰਨ ਵਾਲਾ ਹੈ ਤੇ ਆਪ ਹੀ ਉਨ੍ਹਾਂ ਸਭ ਦੀ ਸੰਭਾਲ ਕਰਦਾ ਹੈ।
- ਜਿਨ੍ਹਾਂ ਮਨੁੱਖਾਂ ਨੂੰ ਪੂਰੇ ਗੁਰੂ ਨੇ ਜੀਵਨ ਜਾਚ ਸਿਖਾਈ, ਅਕਾਲ ਪੁਰਖੁ ਨੇ ਉਨ੍ਹਾਂ ਦੇ ਸਾਰੇ ਗਿਆਨ ਇੰਦ੍ਰੇ ਆਤਮਕ ਗੁਣਾਂ ਨਾਲ ਭਰਪੂਰ ਕਰ ਦਿੱਤੇ, ਫਿਰ ਉਹ ਮਨੁੱਖ ਵਿਕਾਰੀ ਜੀਵਨ ਤਿਆਗ ਕੇ ਆਤਮਕ ਆਨੰਦ ਵਿਚ ਆ ਕੇ ਟਿਕ ਜਾਂਦੇ ਹਨ।
- ਅਕਾਲ ਪੁਰਖੁ ਨੇ ਜਿਥੇ ਪਾਣੀ ਵਿਚ ਜੀਵ ਪੈਦਾ ਕੀਤੇ ਹਨ, ਓਥੇ ਉਨ੍ਹਾਂ ਸਭ ਲਈ ਖ਼ੁਰਾਕ ਵੀ ਬਣਾ ਦਿੱਤੀ ਹੈ, ਤੇ ਜੀਵਾਂ ਦਾ ਖਾਣਾ ਦੂਸਰੇ ਜੀਵ ਹੀ ਹਨ।
- ਜਿਹੜੇ ਜੀਵ ਅਕਾਲ ਪੁਰਖੁ ਨੇ ਚਟਾਨਾਂ ਤੇ ਪੱਥਰਾਂ ਵਿਚ ਪੈਦਾ ਕੀਤੇ ਹਨ, ਉਨ੍ਹਾਂ ਦਾ ਰਿਜ਼ਕ ਵੀ ਉਸ ਨੇ ਉਨ੍ਹਾਂ ਨੂੰ ਪੈਦਾ ਕਰਨ ਤੋਂ ਪਹਿਲਾਂ ਹੀ ਬਣਾ ਕੇ ਰਖਿਆ ਹੈ।
- ਪੰਛੀਆਂ ਨੂੰ ਤਾਂ ਅਕਾਲ ਪੁਰਖੁ ਤੇ ਭਰੋਸਾ ਹੈ ਕਿ ਰਿਜਕ ਮਿਲ ਜਾਵੇਗਾ, ਪਰੰਤੂ ਮਨੁੱਖ ਨੂੰ ਨਹੀਂ।
- ਅਕਾਲ ਪੁਰਖੁ ਕਿਸੇ ਜੀਵ ਤੋਂ ਦੂਰ ਨਹੀਂ ਹੈ, ਤੇ ਉਹ ਸਭ ਵਿਚ ਵਿਆਪਕ ਹੈ, ਪ੍ਰਤੱਖ ਦਿੱਸਦਾ ਹੈ, ਤੇ ਸਭ ਜੀਵਾਂ ਦੇ ਨਾਲ ਹੈ।

ਇਸ ਲਈ ਜੇ ਕਰ ਸਾਡਾ ਜੀਵਨ ਅਕਾਲ ਪੁਰਖੁ ਦੇ ਹੱਥ ਵਿਚ ਹੈ, ਸੁਆਸ ਉਸ ਦੇ ਹੁਕਮੁ ਤੇ ਰਜ਼ਾ ਅਨੁਸਾਰ ਚਲ ਰਹੇ ਹਨ, ਫਿਰ ਜੀਵਨ ਨੂੰ ਸਫਲ ਕਰਨ ਦਾ ਇਹੀ ਰਸਤਾ ਹੈ ਕਿ ਗੁਰਬਾਣੀ ਦੁਆਰਾ ਅਕਾਲ ਪੁਰਖੁ ਦਾ ਹੁਕਮੁ ਸਮਝਈਏ ਤੇ ਆਪਣਾ ਮਨੁੱਖਾ ਜਨਮ ਅਨੰਦ ਦੀ ਅਵਸਥਾ ਵਿਚ ਬਤੀਤ ਕਰੀਏ।

"ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ"

ਤਤਕਰਾ

# ਪੌਦੇ ਵੀ ਜੀਵ ਹਨ ਤੇ ਸਭ ਦੇ ਜੀਵਨ ਦਾ ਆਧਾਰ ਪਾਣੀ ਹੈ (ਭਾਗ-੧੭)

## Plants are also living beings and water is the basic requirement for life (Part-17)

ਆਮ ਲੋਕ ਇਹੀ ਸਮਝਦੇ ਹਨ ਕਿ ਪੌਦੇ ਨਿਰਜੀਵ ਹਨ ਤੇ ਉਨ੍ਹਾਂ ਦੀ ਸੋਚ ਜਾਂ ਵਤੀਰਾ ਵੀ ਜੀਵਾਂ ਤੇ ਪੌਦਿਆਂ ਸਬੰਧੀ ਅਕਸਰ ਵੱਖਰਾ ਹੁੰਦਾ ਹੈ। ਸਾਇੰਸ ਦੇ ਅਨੁਸਾਰ ਜਿਹੜੀ ਚੀਜ਼ ਵਧਦੀ ਹੈ ਉਸ ਨੂੰ ਜਿਊਂਦਾ ਗਿਣਿਆ ਜਾਂਦਾ ਹੈ। ਜਿਊਦੀਆਂ ਚੀਜਾਂ ਚਲ ਜਾਂ ਵਧ ਸਕਦੀਆਂ ਹਨ, ਤੇ ਨਿਰਜੀਵ ਚੀਜਾਂ ਉਥੇ ਹੀ ਟਿਕੀਆਂ ਰਹਿੰਦੀਆਂ ਹਨ। ਜਿਊਦੀਆਂ ਚੀਜਾਂ ਨੂੰ ਵਧਣ ਲਈ ਊਰਜਾ ਦੀ ਲੋੜ ਹੈ, ਜਦੋਂ ਕਿ ਨਿਰਜੀਵਾਂ ਨੂੰ ਨਹੀਂ। ਜਿਊਦੀਆਂ ਚੀਜਾਂ ਅਕਸਰ ਸਾਹ ਲੈਂਦੀਆਂ ਹਨ, ਜਦ ਕਿ ਨਿਰਜੀਵ ਨਹੀਂ।

ਪਰੌਸਪੈਰੋ ਅਲਪੀਨੀ (Prospero Alpini) ਨੇ 1580 ਵਿਚ ਦੱਸਿਆ ਕਿ ਪੌਦਿਆਂ ਦੇ ਵੀ ਨਰ ਤੇ ਮਾਦਾ ਹੁੰਦੇ ਹਨ, ਜਿਸ ਤਰ੍ਹਾਂ ਕਿ ਖਜ਼ੂਰ (Date Palm), ਇਨ੍ਹਾਂ ਨੂੰ ਨਰ ਅਤੇ ਮਾਦਾ ਦੇ ਮੇਲ ਨਾਲ ਹੀ ਫਲ ਲਗਦੇ ਹਨ।

ਸਰ ਜਗਦੀਸ਼ ਚੰਦਰ ਬੋਸ (1858 - 1937) ਨੇ ਆਪਣੇ ਬਣਾਏ ਹੋਏ ਜੰਤਰ (Crescograph) ਨਾਲ ਵਿਖਾਇਆ ਕਿ ਪੌਦਿਆਂ ਦੇ ਵਾਧੇ ਉਪਰ ਤਾਪਮਾਨ, ਰਸਾਇਣ, ਬਿਜਲੀ ਤੇ ਗੈਸਾਂ ਦਾ ਅਸਰ ਪੈਂਦਾ ਹੈ। ਆਮ ਜਾਨਵਰਾਂ ਦੀ ਤਰ੍ਹਾਂ ਪੌਦਿਆਂ ਦੇ ਵੀ ਟਿਸ਼ੂ ਹੁੰਦੇ ਹਨ ਤੇ ਉਹ ਮਹਿਸੂਸ ਕਰ ਸਕਦੇ ਹਨ।

**ਵਿਗਿਆਨ ਨੂੰ ਤਾਂ 100 ਸਾਲ ਪਹਿਲਾਂ ਹੀ ਪਤਾ ਲੱਗਾ ਕਿ ਪੌਦੇ ਵੀ ਜੀਵ ਹਨ, ਪਰੰਤੂ ਗੁਰੂ ਸਾਹਿਬਾਂ ਨੇ ਗੁਰਬਾਣੀ ਵਿਚ ਇਹ ਕਈ ਸਾਲ ਪਹਿਲਾਂ ਅੰਕਿਤ ਕਰ ਦਿਤਾ ਸੀ, ਕਿ ਸਾਰੇ ਦਾਣਿਆਂ ਵਿਚ ਜੀਵ ਹਨ।**

ਗੁਰੂ ਨਾਨਕ ਸਾਹਿਬਾਂ ਨੇ ਲੋਕਾਂ ਨੂੰ ਸੂਤਕ ਦੇ ਭਰਮਾਂ ਤੇ ਵਹਿਮਾਂ ਵਿਚੋਂ ਕੱਢਣ ਲਈ ਕਈ ਨਿਵੇਕਲੀਆਂ ਵਿਗਿਆਨਕ ਖੋਜ਼ਾਂ ਵੀ ਸਮਝਾ ਦਿਤੀਆਂ। ਗੁਰੂ ਸਾਹਿਬਾਂ ਨੇ ਸਮਝਾਇਆ ਕਿ ਜੇਕਰ ਮੰਨ ਲਈਏ ਕਿ ਸੂਤਕ ਦਾ ਭਰਮ ਰੱਖਣਾ ਚਾਹੀਦਾ ਹੈ, ਤਾਂ ਇਹ ਵੀ ਧਿਆਨ ਵਿਚ ਰੱਖਣਾਂ ਪਵੇਗਾ ਕਿ ਇਸ ਤਰ੍ਹਾਂ ਦਾ ਸੂਤਕ ਫਿਰ ਸਭ ਥਾਈਂ ਹੁੰਦਾ ਹੈ। ਗੋਹੇ ਤੇ ਲਕੜੀ ਦੇ ਅੰਦਰ ਵੀ ਜੀਵ ਹਨ, ਜਿਹੜੇ ਕਿ ਕਈ ਵਾਰੀ ਕੀੜਿਆਂ ਦੀ ਸ਼ਕਲ ਵਿਚ ਬਾਹਰ ਵੀ ਦਿਖਾਈ ਦਿੰਦੇ ਹਨ। ਅਜੇਹੇ ਜੀਵ ਗੋਹੇ ਤੇ ਲਕੜੀਆਂ ਦੇ ਅੰਦਰ ਜੰਮਦੇ ਮਰਦੇ ਰਹਿੰਦੇ ਹਨ। ਅੰਨ ਦੇ ਜਿਤਨੇ ਵੀ ਦਾਣੇ ਹਨ, ਇਨ੍ਹਾਂ ਵਿਚੋਂ ਕੋਈ ਦਾਣਾ ਵੀ ਜੀਵ ਤੋਂ ਬਿਨਾ ਨਹੀਂ ਹੈ। ਅੰਨ ਦੇ ਅੰਦਰਲੇ ਜੀਵ ਅਸੀਂ ਹੁਣ ਖ਼ੁਰਦਬੀਨ ਦੀ ਸਹਾਇਤਾ ਨਾਲ ਵੇਖ ਸਕਦੇ ਹਾਂ। ਪਰ ਇਹ ਸਚਾਈ ਗੁਰੂ ਸਾਹਿਬ ਨੇ ੫੦੦ ਸਾਲ ਪਹਿਲਾ ਸਪੱਸ਼ਟ ਕਰ ਦਿਤੀ ਸੀ। ਗੁਰੂ ਸਾਹਿਬ ਨੇ ਪਾਣੀ ਨੂੰ ਵੀ ਜੀਵ ਦਰਸਾਇਆ ਹੈ, ਕਿਉਂਕਿ ਇਹ ਜੀਵਨ ਦਾ ਆਧਾਰ ਹੈ। ਕੋਈ ਵੀ ਜੀਵ ਜੰਤੂ ਜਾਂ ਪੌਦਾ ਪਾਣੀ ਤੋਂ ਬਿਨਾ ਜਿੰਦਾ ਨਹੀਂ ਰਹਿ ਸਕਦਾ ਹੈ। ਇਹ ਪਾਣੀ ਹੀ ਹੈ ਜਿਸ ਕਰਕੇ ਹਰੇਕ ਜੀਵ ਹਰਾ ਭਰਾ ਤੇ ਜਿੰਦਾ ਰਹਿੰਦਾ ਹੈ। ਇਸ ਲਈ ਸੂਤਕ ਕਿਵੇਂ ਰੱਖਿਆ ਜਾ ਸਕਦਾ ਹੈ? ਕਿਉਂਕਿ ਸੂਤਕ ਤਾਂ ਹਰ ਵੇਲੇ ਰਸੋਈ ਵਿਚ ਹੀ ਪਿਆ ਰਹਿੰਦਾ ਹੈ। ਰਸੋਈ ਵਿਚ ਪਏ ਹੋਏ ਅੰਨ ਤੇ ਪਾਣੀ ਵਿਚ ਜੀਵ ਜੰਮਦੇ ਮਰਦੇ ਰਹਿੰਦੇ ਹਨ। ਸੂਤਕ ਦਾ ਭਰਮ ਪੂਰੇ ਤੌਰ ਤੇ ਮੰਨਣਾ ਬੜਾ ਕਠਨ ਹੈ। ਗੁਰੂ ਸਾਹਿਬ ਸਮਝਾਂਉਂਦੇ ਹਨ ਕਿ ਇਸ ਤਰ੍ਹਾਂ ਦੇ ਭਰਮਾਂ ਵਿਚ ਪਿਆਂ ਸੂਤਕ ਮਨ ਤੋਂ ਨਹੀਂ ਉਤਰਦਾ, ਇਸ ਨੂੰ ਗੁਰਬਾਣੀ ਦੇ ਗਿਆਨ ਨਾਲ ਹੀ ਧੋ ਕੇ ਉਤਾਰਿਆ ਜਾ ਸਕਦਾ ਹੈ।

***ਸਲੋਕੁ ਮਃ ੧ ॥ ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ ॥ ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ ॥ ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥ ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥ ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ ॥ ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ ॥੧॥ (੪੭੨-੪੭੩)***

ਗੁਰੂ ਗਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਸਾਬਤ ਕਰਦੀ ਹੈ ਕਿ ਗੁਰੂ ਨਾਨਕ ਸਾਹਿਬ[ਗ੦੧] ਨੂੰ ਜਿਥੇ 100 ਤੋਂ ਵੱਧ ਭਾਸ਼ਾਵਾ ਦਾ ਗਿਆਨ ਸੀ, ਉਥੇ ਰੋਜਾਨਾ ਜੀਵਨ ਦੀ ਸਿਖਿਆ ਤੋ ਇਲਾਵਾ, ਹੋਰ ਬਹੁਤ ਸਾਰੇ ਵਿਸ਼ਿਆਂ ਸਬੰਧੀ ਡੂੰਘੀ ਜਾਣਕਾਰੀ ਸੀ, ਜਿਸ ਤਰ੍ਹਾਂ ਕਿ ਭੌਤਿਕ ਵਿਗਿਆਨ (Physics), ਰਸਾਨਿਕ ਵਿਗਿਆਨ (Chemistry), ਭੂਗੋਲ ਵਿਗਿਆਨ (Geography), ਆਕਾਸ਼ ਮੰਡਲ (Astronomy), ਜੀਵ ਵਿਗਿਆਨ (Biology), ਬਨਸਪਤੀ ਵਿਗਿਆਨ (Botony), ਮਨੋਵਿਗਿਆਨ (Psychology), ਆਦਿ।

ਕਬੀਰ ਸਾਹਿਬ ਗੁਰਬਾਣੀ ਦੇ ਹੇਠ ਲਿਖੇ ਸਬਦ ਵਿਚ ਜੀਵਨ ਸਬੰਧੀ ਮਾਲਣ ਨੂੰ ਉਪਦੇਸ਼ ਦਿੰਦੇ ਹਨ। ਮੂਰਤੀ ਅੱਗੇ ਭੇਟਾ ਧਰਨ ਲਈ ਮਾਲਣ ਪੱਤੇ ਤੋੜਦੀ ਹੈ, ਪਰ ਇਹ ਨਹੀਂ ਜਾਣਦੀ ਕਿ ਹਰੇਕ ਪੱਤੇ ਵਿਚ ਜਿੰਦ ਹੈ। ਜਿਸ ਪੱਥਰ ਦੀ ਮੂਰਤੀ ਦੀ ਖ਼ਾਤਰ ਮਾਲਣ ਪੱਤੇ ਤੋੜਦੀ ਹੈ, ਉਹ ਪੱਥਰ ਦੀ ਮੂਰਤੀ ਨਿਰਜੀਵ ਹੈ। ਇਕ ਨਿਰਜੀਵ ਮੂਰਤੀ ਦੀ ਸੇਵਾ ਕਰ ਕੇ ਇਹ ਮਾਲਣ ਭੁੱਲ ਰਹੀ ਹੈ, ਅਸਲੀ ਇਸ਼ਟ ਸਤਿਗੁਰੂ ਤਾਂ ਜੀਉਂਦਾ ਜਾਗਦਾ ਦੇਵਤਾ ਹੈ।

***"ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ ॥ ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ ॥੧॥ ਭੂਲੀ ਮਾਲਨੀ ਹੈ ਏਉ ॥ ਸਤਿਗੁਰੁ ਜਾਗਤਾ ਹੈ ਦੇਉ ॥੧॥ ਰਹਾਉ ॥" (੪੭੯)***

ਕਬੀਰ ਸਾਹਿਬ ਫੁੱਲ ਪੱਤਿਆਂ ਨੂੰ ਤੋੜਨ ਦਾ ਗੁਨਾਹ ਵੀ ਉਤਨਾ ਹੀ ਦੱਸਦੇ ਹਨ, ਜਿਤਨਾ ਕਿ ਕਿਸੇ ਜਾਨਵਰ ਨੂੰ ਮਾਰਨ ਦਾ ਹੈ। ਕੋਈ ਜਾਨਵਰ ਨੂੰ ਮਾਰ ਕੇ ਖੁਸ਼ ਕਰ ਰਿਹਾ ਹੈ ਤੇ ਕੋਈ ਫੁੱਲ ਪੱਤਿਆਂ ਨਾਲ। ਕਬੀਰ ਸਾਹਿਬ ਆਪਣੀ ਰਚਨਾ ਵਿਚ ਮਾਸ ਦੀ ਨਿਦਿਆ ਨਹੀਂ ਕਰ ਰਹੇ ਹਨ, ਸਿਰਫ ਕੁਰਬਾਨੀ ਸਬੰਧੀ ਭਰਮ ਦੂਰ ਕਰ ਰਹੇ ਹਨ। ਕਬੀਰ ਸਾਹਿਬ ਸਮਝਾਂਉਂਦੇ ਹਨ ਕਿ ਮਾਲਣ ਮੂਰਤੀ ਪੂਜਣ ਦੇ ਭੁਲੇਖੇ ਵਿਚ ਪਈ ਹੈ, ਤੇ ਲੋਕ ਵੀ ਇਨ੍ਹਾਂ ਭੁਲੇਖਿਆ ਵਿਚ ਪਏ ਹੋਏ ਹਨ, ਪਰ ਅਸੀਂ ਇਹ ਗ਼ਲਤੀ ਨਹੀਂ ਕੀਤੀ, ਕਿਉਂਕਿ ਅਕਾਲ ਪੁਰਖ ਨੇ ਆਪਣੀ ਮਿਹਰ ਕਰ ਕੇ ਸਾਨੂੰ ਇਨ੍ਹਾਂ ਭੁਲੇਖਿਆਂ ਤੋਂ ਬਚਾ ਲਿਆ ਹੈ। ਅੱਜਕਲ ਕਈ ਥਾਂਵਾਂ ਤੇ ਇਹ ਨਵੀਂ ਰੀਤ ਚਲ ਰਹੀ ਹੈ, ਕਿ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਰੋਟੀ ਦਾ ਥਾਲ ਲਿਆ ਕੇ ਰੱਖਿਆ ਜਾਂਦਾ ਹੈ, ਤੇ ਭੋਗ ਲਵਾਇਆ ਜਾਂਦਾ ਹੈ। ਕੀ ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਨੂੰ ਮੂਰਤੀ ਦਾ ਦਰਜਾ ਦੇ ਕੇ ਨਿਰਾਦਰੀ ਨਹੀਂ ਕੀਤੀ ਜਾ ਰਹੀ? ਪੰਥ ਨੂੰ ਸੁਚੇਤ ਹੋਣ ਦੀ ਲੋੜ ਹੈ।

ਲੋਕ ਜੀਊਂਦੇ ਮਾਪਿਆਂ ਦਾ ਤਾਂ ਆਦਰ ਸਤਿਕਾਰ ਕਰਦੇ ਨਹੀਂ, ਪਰ ਮਰ ਗਏ ਪਿਤਰਾਂ ਨਿਮਿਤ ਹਰ ਸਾਲ ਭੋਜਨ ਖੁਆਉਂਦੇ ਰਹਿੰਦੇ ਹਨ। ਵਿਚਾਰੇ ਪਿਤਰ ਭਲਾ ਸਰਾਧਾਂ ਦਾ ਭੋਜਨ ਕਿਵੇਂ ਖਾ ਸਕਦੇ ਹਨ? ਉਸ ਨੂੰ ਤਾਂ ਕਾਂ ਜਾਂ ਕੁੱਤੇ ਹੀ ਖਾ ਜਾਂਦੇ ਹਨ। ਕਬੀਰ ਸਾਹਿਬ ਸਵਾਲ ਪੁਛਦੇ ਹਨ ਕਿ ਮੈਨੂੰ ਕੋਈ ਦੱਸੇ ਕਿ ਪਿਤਰਾਂ ਦੇ ਨਮਿਤ ਸਰਾਧ ਖੁਆਉਣ ਨਾਲ ਪਿਛੇ ਘਰ ਵਿਚ ਸੁਖ ਜਾਂ ਆਨੰਦ ਕਿਵੇਂ ਹੋ ਜਾਂਦਾ ਹੈ। ਲੋਕ ਇਸੇ ਭਰਮ ਤੇ ਵਹਿਮ ਵਿਚ ਖਜਲ ਖ਼ੁਆਰ ਹੋ ਰਹੇ ਹਨ ਕਿ ਪਿਤਰਾਂ ਨਿਮਿਤ ਸਰਾਧ ਕਰਨ ਨਾਲ ਘਰ ਵਿਚ ਸੁਖ ਬਣਿਆ ਰਹਿੰਦਾ ਹੈ। ਮਿੱਟੀ ਦੇ ਦੇਵੀ-ਦੇਵਤੇ ਬਣਾ ਕੇ ਲੋਕ ਉਸ ਦੇਵੀ ਜਾਂ ਦੇਵਤੇ ਅੱਗੇ ਬੱਕਰੇ ਆਦਿਕ ਦੀ ਕੁਰਬਾਨੀ ਦੇਂਦੇ ਹਨ, ਇਸੇ ਤਰ੍ਹਾਂ ਦੇ ਮਿੱਟੀ ਦੇ ਬਣਾਏ ਹੋਏ ਤੁਹਾਡੇ ਪਿਤਰ ਅਖਵਾਉਂਦੇ ਹਨ, ਉਨ੍ਹਾਂ ਅੱਗੇ ਵੀ ਜੋ ਤੁਹਾਡਾ ਚਿੱਤ ਕਰਦਾ ਹੈ ਧਰ ਦੇਂਦੇ ਹੋ, ਉਹ ਆਪਣੇ ਮੂੰਹੋਂ ਮੰਗ ਕੇ ਤੇ ਕੁਝ ਲੈ ਨਹੀਂ ਸਕਦੇ। ਲੋਕਾਚਾਰੀ ਤੇ ਰਸਮਾਂ ਦੇ ਡਰ ਕਰਕੇ ਬਹੁਤ ਸਾਰੇ ਲੋਕ ਆਪਣਾ ਆਤਮਕ ਜੀਵਨ ਬਰਬਾਦ ਕਰ ਰਹੇ ਹਨ, ਉਹ ਜੀਉਂਦੇ ਜੀਵਾਂ ਨੂੰ ਤਾਂ ਦੇਵੀ ਦੇਵਤਿਆਂ ਅੱਗੇ ਭੇਟ ਕਰਨ ਲਈ ਮਾਰਦੇ ਹਨ, ਤੇ ਮਿੱਟੀ ਆਦਿਕ ਦੇ ਬਣਾਏ ਹੋਏ ਨਿਰਜਿੰਦ ਦੇਵਤਿਆਂ ਨੂੰ ਪੂਜਦੇ ਹਨ, ਇਸ ਤਰ੍ਹਾਂ ਉਹ ਆਪਣਾ ਭਵਿੱਖ ਬਰਬਾਦ ਕਰ ਰਹੇ ਹਨ। ਐਸੇ ਲੋਕਾਂ ਨੂੰ ਉਸ ਆਤਮਕ ਅਵਸਥਾ ਦੀ ਸਮਝ ਨਹੀਂ ਪੈਂਦੀ, ਜੋ ਅਕਾਲ ਪੁਰਖ ਦਾ ਨਾਮੁ ਯਾਦ ਕਰਨ ਨਾਲ ਬਣਦੀ ਹੈ। ਅਜਿਹੇ ਲੋਕ ਮਿੱਟੀ ਦੇ ਬਣਾਏ ਹੋਏ ਦੇਵੀ-ਦੇਵਤਿਆਂ ਨੂੰ ਪੂਜਦੇ ਹਨ ਤੇ ਸਹਿਮੇ ਵੀ ਰਹਿੰਦੇ ਹਨ, ਕਿਉਂਕਿ ਅਸਲ 'ਕੁਸ਼ਲ' ਦੇਣ ਵਾਲੇ ਅਕਾਲ ਪੁਰਖ ਨੂੰ ਉਹ ਜਾਣਦੇ ਹੀ ਨਹੀਂ, ਉਹ ਕੁਲ ਰਹਿਤ ਅਕਾਲ ਪੁਰਖ ਨੂੰ ਚੇਤੇ ਨਹੀਂ ਕਰਦੇ ਤੇ ਸਦਾ ਮਾਇਆ ਨਾਲ ਲਪਟੇ ਰਹਿੰਦੇ ਹਨ।

***ਸਰਜੀਉ ਕਾਟਹਿ ਨਿਰਜੀਉ ਪੂਜਹਿ ਅੰਤ ਕਾਲ ਕਉ ਭਾਰੀ ॥ ਰਾਮ ਨਾਮ ਕੀ ਗਤਿ ਨਹੀ ਜਾਨੀ ਭੈ ਡੂਬੇ ਸੰਸਾਰੀ ॥੩॥ ਦੇਵੀ ਦੇਵਾ ਪੂਜਹਿ ਡੋਲਹਿ ਪਾਰਬ੍ਰਹਮ ਨਹੀ ਜਾਨਾ ॥ ਕਹਤ ਕਬੀਰ ਅਕੁਲੁ ਨਹੀ ਚੇਤਿਆ ਬਿਖਿਆ ਸਿਉ ਲਪਟਾਨਾ ॥੪॥੧॥੪੫॥ (੩੩੨)***

ਗੁਰੂ ਗਰੰਥ ਸਾਹਿਬ ਦੇ ਪੰਨਾਂ 1289-1290 ਤੇ ਮਾਸ[{ਹ੧੯}] ਦੇ ਵਿਸ਼ੇ ਸਬੰਧੀ ਗੁਰੂ ਨਾਨਕ ਸਾਹਿਬ ਨੇ ਪੂਰੀ ਤਰਾਂ ਸਪੱਸ਼ਟ ਕਰ ਦਿਤਾ ਸੀ, ਕਿ ਮਾਸ ਤੋਂ ਬਿਨਾ ਮਨੁੱਖ ਦਾ ਕਿਸੇ ਤਰਾਂ ਵੀ ਛੁਟਕਾਰਾ ਨਹੀਂ ਹੋ ਸਕਦਾ। ਜੀਵ ਦਾ ਆਰੰਭ ਹੀ ਮਾਸ ਤੋਂ ਹੁੰਦਾ ਹੈ। ਸਭ ਤੋਂ ਪਹਿਲਾਂ ਪਿਤਾ ਦੇ ਰਕਤ ਤੇ ਮਾਤਾ ਦੇ ਬਿੰਦ ਤੋਂ ਜੀਵ ਦੀ ਹਸਤੀ ਦਾ ਮੁੱਢ ਬੱਝਦਾ ਹੈ। ਇਹ ਦੋਵੇ ਹੀ ਮਾਸ ਹਨ। ਜਦੋਂ ਇਸ ਪੁਤਲੇ ਵਿਚ ਜਾਨ ਪੈਂਦੀ ਹੈ ਤਾਂ ਵੀ ਜੀਭ-ਰੂਪੀ ਮਾਸ ਮੂੰਹ ਵਿਚ ਮਿਲਦਾ ਹੈ। ਇਸ ਮਾਸ ਦਾ ਵਾਸਾ ਮਾਂ ਦੇ ਪੇਟ ਵਿਚ ਨੌਂ ਮਹੀਨੇ ਰਹਿੰਦਾ ਹੈ। ਜਦੋਂ ਬੱਚਾ ਮਾਂ ਦੇ ਪੇਟ ਵਿਚ ਹੁੰਦਾ ਹੈ ਤਾਂ ਉਹ ਰੋਟੀ ਦਾਲ ਖਾਣ ਦੇ ਸਮਰੱਥ ਨਹੀਂ ਹੁੰਦਾਂ ਹੈ। ਮਾਤਾ ਜੋ ਵੀ ਖਾਣਾ ਖਾਂਦੀ ਹੈ। ਉਸ ਦੇ ਪੇਟ ਵਿਚ ਹਜ਼ਮ ਹੋਣ ਤੋਂ ਬਾਅਦ ਉਸ ਦੇ ਜੂਸ ਬਣਦੇ ਹਨ ਜੋ ਕਿ ਖੂਨ ਰਾਹੀਂ ਪੂਰੇ ਸਰੀਰ ਵਿਚ ਜਾਂਦੇ ਹਨ। ਇਸ ਜੂਸ ਸਦਕਾ ਮਾਤਾ ਦੇ ਸਰੀਰ ਵਿਚ ਨਵੇਂ ਸੈਲ ਬਣਦੇ ਹਨ, ਜੋ ਕਿ ਮਾਸ ਹੀ ਹਨ। ਇਹੀ ਜੂਸ ਮਾਤਾ ਦੇ ਖੂਨ ਰਾਹੀਂ ਬੱਚੇ ਦੇ ਸਰੀਰ ਦੀ ਬਣਤਰ ਲਈ ਸਹਾਈ ਹੁੰਦੇ ਹਨ। ਮਨੁੱਖ ਦੇ ਸਰੀਰ ਦੀ ਸਾਰੀ ਬਣਤਰ ਭਾਵ ਹੱਡੀਆਂ, ਚਮੜੀ ਤੇ ਹੋਰ ਸਭ ਸਰੀਰ ਦੇ ਅੰਗ, ਸਭ ਕੁਝ ਮਾਸ ਹੀ ਹਨ। ਜਦੋਂ ਬੱਚਾ ਮਾਂ ਦੇ ਪੇਟ ਰੂਪੀ ਮਾਸ ਵਿਚੋਂ ਬਾਹਰ ਭੇਜਿਆ ਜਾਂਦਾ ਹੈ ਤਾਂ ਵੀ ਉਹ ਖ਼ੁਰਾਕ ਲਈ ਦੁੱਧ, ਮਾਂ ਦੇ ਸਰੀਰ ਤੋਂ ਲੈਂਦਾ ਹੈ, ਜੋ ਕਿ ਮਾਸ ਹੀ ਹੈ। ਇਸ ਦਾ ਮੂੰਹ ਵੀ ਮਾਸ ਦਾ ਹੈ, ਜੀਭ ਵੀ ਮਾਸ ਦੀ ਹੈ, ਮਾਸ ਵਿਚ ਸਾਹ ਲੈਂਦਾ ਹੈ। ਜਦੋਂ ਜਵਾਨ ਹੁੰਦਾ ਹੈ ਤੇ ਵਿਆਹਿਆ ਜਾਂਦਾ ਹੈ ਤਾਂ ਵੀ ਇਸਤ੍ਰੀ-ਰੂਪੀ ਮਾਸ ਹੀ ਘਰ ਵਿਚ ਲਿਆਉਂਦਾ ਹੈ। ਫਿਰ ਮਾਸ ਤੋਂ ਹੀ ਮਾਸ ਰੂਪੀ ਬੱਚਾ ਜੰਮਦਾ ਹੈ। ਇਸ ਲਈ ਸਾਰੇ ਜਗਤ ਦੇ ਸਾਕ-ਸੰਬੰਧੀ ਮਾਸ ਕਰਕੇ ਹੀ ਹਨ। **ਮਾਸ ਖਾਣ ਜਾਂ ਨਾ ਖਾਣ ਦਾ ਨਿਰਣਾ ਸਮਝਣ ਦੀ ਬਜਾਏ, ਜੇਕਰ ਸਤਿਗੁਰੂ ਨੂੰ ਮਿਲ ਕੇ ਉਸ ਅਕਾਲ ਪੁਰਖ ਦੇ ਹੁਕਮੁ[{ਹ੨੫}{E05}] ਤੇ ਉਸ ਦੀ ਰਜ਼ਾ ਸਮਝੀਏ ਤਾਂ ਜੀਵ ਦਾ ਜਗਤ ਵਿਚ ਆਉਣਾ ਸਫਲ ਹੋ ਸਕਦਾ ਹੈ।** ਜੀਵ ਦਾ ਮਾਸ ਨਾਲ ਜਨਮ ਤੋਂ ਲੈ ਕੇ ਮਰਨ ਤਕ ਇਤਨਾ ਡੂੰਘਾ ਵਾਸਤਾ ਪੈਂਦਾ ਹੈ, ਕਿ ਆਪਣੇ ਜ਼ੋਰ ਨਾਲ ਵੀ ਇਸ ਤੋਂ ਬਚਿਆਂ ਖ਼ਲਾਸੀ ਨਹੀਂ ਹੁੰਦੀ। ਗੁਰੂ ਨਾਨਕ ਸਾਹਿਬ ਸਪੱਸ਼ਟ ਕਰਕੇ ਸਮਝਾਉਂਦੇ ਹਨ ਕਿ ਇਸ ਕਿਸਮ ਦੀ ਚਰਚਾ ਕਰਨ ਨਾਲ ਸਿਰਫ ਨੁਕਸਾਨ ਹੀ ਹੈ।

*ਸਲੋਕ ਮਃ ੧ ॥ ਪਹਿਲਾਂ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸੁ ॥ ਜੀਉ ਪਾਇ ਮਾਸੁ ਮੁਹਿ ਮਿਲਿਆ ਹਡੁ ਚੰਮੁ ਤਨੁ ਮਾਸੁ ॥ ਮਾਸਹੁ ਬਾਹਰਿ ਕਢਿਆ ਮੰਮਾ ਮਾਸੁ ਗਿਰਾਸੁ ॥ ਮੁਹੁ ਮਾਸੈ ਕਾ ਜੀਭ ਮਾਸੈ ਕੀ ਮਾਸੈ ਅੰਦਰਿ ਸਾਸੁ ॥ ਵਡਾ ਹੋਆ ਵੀਆਹਿਆ ਘਰਿ ਲੈ ਆਇਆ ਮਾਸੁ ॥ ਮਾਸਹੁ ਹੀ ਮਾਸੁ ਊਪਜੈ ਮਾਸਹੁ ਸਭੋ ਸਾਕੁ ॥ ਸਤਿਗੁਰਿ ਮਿਲਿਐ ਹੁਕਮੁ ਬੁਝੀਐ ਤਾਂ ਕੋ ਆਵੈ ਰਾਸਿ ॥ ਆਪਿ ਛੁਟੇ ਨਹ ਛੂਟੀਐ ਨਾਨਕ ਬਚਨਿ ਬਿਣਾਸੁ ॥੧॥ (੧੨੮੯)*

ਆਪਣੇ ਵੱਲੋਂ ਮਾਸ ਦਾ ਤਿਆਗੀ ਮੂਰਖ, ਮਾਸ ਮਾਸ ਆਖ ਕੇ ਚਰਚਾ ਕਰਦਾ ਹੈ, ਬਹਿਸ ਕਰਦਾ ਹੈ, ਪਰ ਨਾ ਤਾਂ ਇਸ ਨੂੰ ਆਤਮਕ ਜੀਵਨ ਦੀ ਸਮਝ ਹੈ ਤੇ ਨਾ ਹੀ ਇਸ ਨੂੰ ਸੁਰਤ ਹੈ। ਗੁਰੂ ਸਾਹਿਬ ਤਾਂ ਵਿਗਿਆਨਿਕ ਤਰੀਕੇ ਨਾਲ ਸਮਝਾਉਂਦੇ ਹਨ, ਕਿ ਗਹੁ ਨਾਲ ਵਿਚਾਰ ਕੇ ਵੇਖੋ ਕਿ ਮਾਸ ਤੇ ਸਾਗ ਵਿਚ ਕੀ ਫ਼ਰਕ ਹੈ ਤੇ ਕਿਸ ਦੇ ਖਾਣ ਵਿਚ ਪਾਪ ਹੈ। ਅੱਜਕਲ ਤਾਂ ਪਹਿਲੀ ਕਲਾਸ ਦੀ ਕਿਤਾਬ ਵਿਚ ਪੜ੍ਹਾ ਦਿਤਾ ਜਾਂਦਾ ਹੈ ਕਿ ਜਾਨਦਾਰ ਤੇ ਬੇਜਾਨਦਾਰ ਵਿਚ ਕੀ ਫਰਕ ਹੈ? ਜੀਵ ਜੰਤੂ ਤੇ ਪੌਦੇ ਦੋਵੇਂ ਜਾਨਦਾਰ ਦੀ ਸ਼੍ਰੇਣੀ ਵਿਚ ਆਉਂਦੇ ਹਨ। ਇਹੀ ਸਚਾਈ ਗੁਰੂ ਸਾਹਿਬ ਨੇ 500 ਸਾਲ ਪਹਿਲਾਂ ਸਮਝਾਈ ਸੀ, ਕਿ ਮਾਸ ਤੇ ਸਾਗ ਵਿਚ ਕੋਈ ਅੰਤਰ ਨਹੀਂ। ਪਰੰਤੂ ਅਫਸੋਸ ਕਿ ਕਈਆਂ ਨੂੰ ਅਜੇ ਵੀ ਸਮਝ ਨਹੀਂ ਆਈ ਹੈ। ਅਜੇਹੇ ਲੋਕ ਆਪਣੇ ਆਪ ਨੂੰ ਕਹਾਉਂਦੇ ਤਾਂ ਸਿੱਖ ਹਨ, ਪਰੰਤੂ ਨਾ ਤਾਂ ਗੁਰਬਾਣੀ ਦਾ ਗਿਆਨ ਸਮਝ ਸਕੇ ਹਨ ਤੇ ਨਾ ਹੀ ਸਾਇੰਸ ਦਾ।

*ਮਃ ੧ ॥ ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ ॥ ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ ॥ (੧੨੮੯)*

ਪੁਰਾਣੇ ਸਮੇਂ ਵਿਚ ਵੀ ਲੋਕ ਦੇਵਤਿਆਂ ਦੇ ਸੁਭਾਉ ਅਨੁਸਾਰ, ਉਨ੍ਹਾਂ ਨੂੰ ਖ਼ੁਸ਼ ਕਰਨ ਲਈ ਗੈਂਡਾ ਮਾਰ ਕੇ ਹੋਮ ਤੇ ਜੱਗ ਕਰਦੇ ਸਨ। ਜੇ ਕਰ ਇਨ੍ਹਾਂ ਲੋਕਾਂ ਅਨੁਸਾਰ ਮਾਸ ਪਾਪ ਹੈ ਤਾਂ ਗੈਂਡੇ ਨੂੰ ਮਾਰਨਾ ਕਿਸ ਤਰ੍ਹਾਂ ਪੁੰਨ ਹੋ ਸਕਦਾ ਹੈ। ਆਪਣੇ ਆਪ ਨੂੰ ਮਾਸ ਦੇ ਤਿਆਗੀ ਅਖਵਾਉਂਣ ਵਾਲੇ ਮਨੁੱਖ ਜਦੋਂ ਕਦੇ ਕਿਤੇ ਮਾਸ ਨੂੰ ਵੇਖਣ ਤਾਂ ਆਪਣਾ ਨੱਕ ਬੰਦ ਕਰ ਲੈਂਦੇ ਹਨ ਕਿ ਮਾਸ ਦੀ ਬੋ ਆ ਰਹੀ ਹੈ। ਇਹੀ ਲੋਕ ਰਾਤ ਨੂੰ ਮਨੁੱਖਾਂ ਨੂੰ ਖਾਣ ਦੇ ਮਨਸੂਬੇ ਬਣਾਉਂਦੇ ਹਨ, ਭਾਵ ਰਾਤੀਂ, ਧੋਖਾ, ਹੇਰਾਫੇਰੀ, ਚਲਾਕੀ ਨਾਲ ਮਨੁੱਖਾਂ ਦੇ ਲਹੂ ਪੀਣ ਦੀਆਂ ਵਿਉਂਤਾਂ ਬਣਾਉਂਦੇ ਹਨ। ਮਾਸ ਨਾ ਖਾਣ ਦਾ ਇਹ ਪਖੰਡ ਕਰਕੇ ਲੋਕਾਂ ਨੂੰ ਵਿਖਾਉਂਦੇ ਹਨ, ਕਿ ਉਹ ਬਹੁਤ ਧਰਮੀ ਮਨੁੱਖ ਹਨ। ਅਸਲੀਅਤ ਇਹ ਹੈ ਕਿ ਇਨ੍ਹਾਂ ਨੂੰ ਨਾ ਤਾਂ ਸਚਾਈ ਦੀ ਸਮਝ ਹੈ ਤੇ ਨਾ ਹੀ ਉਸ ਅਕਾਲ ਪੁਰਖ ਨਾਲ ਸੁਰਤ ਜੁੜੀ ਹੋਈ ਹੈ। ਗੁਰੂ ਸਾਹਿਬ ਤਾਂ ਸਪੱਸ਼ਟ ਕਹਿੰਦੇ ਹਨ ਕਿ ਕਿਸੇ ਅੰਨ੍ਹੇ ਮਨੁੱਖ ਨੂੰ ਸਮਝਾਉਂਣ ਦਾ ਕੋਈ ਲਾਭ ਨਹੀਂ, ਜੇ ਕੋਈ ਇਸ ਨੂੰ ਸਮਝਾਵੇ, ਤਾਂ ਵੀ ਇਹ ਸਮਝਾਇਆ ਸਮਝਦਾ ਨਹੀਂ। ਜਿਸ ਮਨੁੱਖ ਨੇ ਸੱਚ ਸੁਣਨ ਲਈ ਆਪਣੇ ਕੰਨ ਬੰਦ ਕਰ ਲਏ ਹੋਣ, ਉਸ ਨੂੰ ਕਿਨ੍ਹਾਂ ਵੀ ਸਮਝਾਉਂਣ ਦੀ ਕੋਸ਼ਿਸ਼ ਕਰੋ, ਉਹ ਸੁਣੇਗਾ ਨਹੀਂ। ਸੁਤੇ ਮਨੁੱਖ ਨੂੰ ਜਗਾਣਾ ਤਾਂ ਆਸਾਨ ਹੈ ਪਰ ਜਾਗੇ ਨੂੰ ਜਗਾਣਾ ਬਹੁਤ ਮੁਸ਼ਕਲ ਹੈ।

*ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ ॥ ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ ॥ ਫੜੁ ਕਰਿ ਲੋਕਾਂ ਨੋ ਦਿਖਲਾਵਹਿ ਗਿਆਨੁ ਧਿਆਨੁ ਨਹੀ ਸੂਝੈ ॥ ਨਾਨਕ ਅੰਧੇ ਸਿਉ ਕਿਆ ਕਹੀਐ ਕਹੈ ਨ ਕਹਿਆ ਬੂਝੈ ॥ (੧੨੮੯)*

ਅੰਨ੍ਹਾ ਉਹ ਹੈ ਜੋ ਅੰਨ੍ਹਿਆਂ ਵਾਲੇ ਕੰਮ ਕਰਦਾ ਹੈ, ਜਿਸ ਦੇ ਹਿਰਦੇ ਵਿਚ ਗਿਆਨ ਦੀਆਂ ਅੱਖਾਂ ਨਹੀਂ ਹਨ। ਭਾਵ, ਜੋ ਸੂਝਬੂਝ ਤੇ ਸਮਝ ਤੋਂ ਸੱਖਣਾ ਹੈ। ਸਰੀਰ ਨਾਲ ਅੱਖਾਂ ਤਾਂ ਹਨ, ਪਰ ਗੁਰੂ ਦੀ ਮੱਤ ਦੀ ਸੋਝੀ ਨਹੀਂ। ਸੋਚਣ ਵਾਲੀ ਗੱਲ ਹੈ ਕਿ ਆਪ ਵੀ ਤਾਂ ਮਾਂ ਤੇ ਪਿਉ ਦੀ ਰੱਤ ਤੋਂ ਹੀ ਪੈਦਾ ਹੋਏ ਹਨ ਤੇ ਫਿਰ ਮੱਛੀ ਮਾਸ ਤੋਂ ਕਿਸ ਲਈ ਪਰਹੇਜ਼ ਕਰਦੇ ਹਨ। ਮਨੁੱਖ ਦਾ ਸਰੀਰ ਤਾਂ ਮਾਂ ਪਿਉ ਦੇ ਮਾਸ ਤੋਂ ਹੀ ਬਣਿਆ ਹੈ। ਫਿਰ ਮਾਸ ਤੋਂ ਹੀ ਪੈਦਾ ਹੋ ਕੇ ਮਾਸ ਤੋਂ ਪਰਹੇਜ਼ ਕਰਨ ਦਾ ਕੀ ਭਾਵ ਹੋਇਆ?

*ਅੰਧਾ ਸੋਇ ਜਿ ਅੰਧੁ ਕਮਾਵੈ ਤਿਸੁ ਰਿਦੈ ਸਿ ਲੋਚਨ ਨਾਹੀ ॥ ਮਾਤ ਪਿਤਾ ਕੀ ਰਕਤੁ ਨਿਪੰਨੇ ਮਛੀ ਮਾਸੁ ਨ ਖਾਂਹੀ ॥ (੧੨੮੯, (੧੨੯੦)*

ਜਦੋਂ ਰਾਤ ਨੂੰ ਜ਼ਨਾਨੀ ਤੇ ਮਰਦ ਇਕੱਠੇ ਹੁੰਦੇ ਹਨ ਤਦੋਂ ਵੀ ਮਾਸ ਨਾਲ ਹੀ ਮੰਦ, ਭਾਵ, ਭੋਗ ਕਰਦੇ ਹਨ। ਅਸੀਂ ਸਾਰੇ ਮਾਸ ਦੇ ਪੁਤਲੇ ਹਾਂ, ਸਾਡਾ ਮੁੱਢ ਮਾਸ ਤੋਂ ਹੀ ਬੱਝਾ ਹੈ, ਅਸੀਂ ਮਾਸ ਤੋਂ ਹੀ ਪੈਦਾ ਹੋਏ ਹਾਂ। ਮਾਸ ਦਾ ਤਿਆਗੀ ਪੰਡਿਤ ਮਾਸ ਦੀ ਚਰਚਾ ਛੇੜ ਕੇ ਐਵੇਂ ਆਪਣੇ ਆਪ ਨੂੰ ਸਿਆਣਾ ਅਖਵਾਉਂਦਾ ਹੈ। ਅਸਲ ਵਿਚ ਇਸ ਨੂੰ ਨਾ ਤਾਂ ਇਸ ਦਾ ਗਿਆਨ, ਤੇ ਨਾ ਹੀ ਸੁਰਤ ਹੈ ਕਿ ਸਚਾਈ ਨਾਲ ਜੁੜ ਸਕੇ। ਗੁਰੂ ਸਾਹਿਬ ਤਾਂ ਸੁਆਲ ਕਰਦੇ ਹਨ ਕਿ ਭਲਾ ਦੱਸੋ, ਪੰਡਿਤ ਜੀ! ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਬਾਹਰੋਂ ਲਿਆਂਦਾ ਹੋਇਆ ਮਾਸ ਮਾੜਾ ਹੈ ਤੇ ਘਰ ਦਾ ਵਰਤਿਆ ਮਾਸ ਚੰਗਾ? ਸਾਰੇ ਜੀਅ ਜੰਤ ਮਾਸ ਤੋਂ ਪੈਦਾ ਹੋਏ ਹਨ, ਜਿੰਦ ਨੇ ਮਾਸ ਵਿਚ ਹੀ ਡੇਰਾ ਲਾਇਆ ਹੋਇਆ ਹੈ। ਜਿਨ੍ਹਾਂ ਨੂੰ ਰਾਹ ਦੱਸਣ ਵਾਲਾ ਆਪ ਅੰਨ੍ਹਾ ਹੈ, ਉਹ ਨਾ ਖਾਣ-ਜੋਗ ਚੀਜਾਂ ਭਾਵ, ਪਰਾਇਆ ਹੱਕ ਤਾਂ ਖਾਂਦੇ ਹਨ ਤੇ ਖਾਣ-ਜੋਗ ਚੀਜ਼ ਜਿਨ੍ਹਾਂ ਤੋਂ ਜ਼ਿੰਦਗੀ ਦਾ ਮੁੱਢ ਬੱਝਾ ਹੈ, ਤਿਆਗਦੇ ਹਨ।

*ਇਸਤ੍ਰੀ ਪੁਰਖੈ ਜਾਂ ਨਿਸਿ ਮੇਲਾ ਓਥੈ ਮੰਧੁ ਕਮਾਹੀ ॥ ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥ ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ॥ ਬਾਹਰ ਕਾ ਮਾਸੁ ਮੰਦਾ ਸੁਆਮੀ ਘਰ ਕਾ ਮਾਸੁ ਚੰਗੇਰਾ ॥ ਜੀਅ ਜੰਤ ਸਭਿ ਮਾਸਹੁ ਹੋਏ ਜੀਇ ਲਇਆ ਵਾਸੇਰਾ ॥ ਅਭਖੁ ਭਖਹਿ ਭਖੁ ਤਜਿ ਛੋਡਹਿ ਅੰਧੁ ਗੁਰੂ ਜਿਨ ਕੇਰਾ ॥* (੧੨੯੦)

ਅਸੀਂ ਸਾਰੇ ਮਾਸ ਦੇ ਪੁਤਲੇ ਹਾਂ, ਸਾਡਾ ਮੁੱਢ ਮਾਸ ਤੋਂ ਹੀ ਬੱਝਾ ਹੈ ਤੇ ਅਸੀਂ ਮਾਸ ਤੋਂ ਹੀ ਪੈਦਾ ਹੋਏ ਹਾਂ। ਮਾਸ ਦਾ ਤਿਆਗੀ ਪੰਡਿਤ ਮਾਸ ਦੀ ਚਰਚਾ ਛੇੜ ਕੇ ਐਵੇਂ ਆਪਣੇ ਆਪ ਨੂੰ ਸਿਆਣਾ ਅਖਵਾਉਂਦਾ ਹੈ। ਅਸਲ ਵਿਚ ਇਸ ਨੂੰ ਨਾ ਤਾਂ ਇਸ ਦਾ ਗਿਆਨ, ਤੇ ਨਾ ਹੀ ਸੁਰਤ ਹੈ ਕਿ ਸਚਾਈ ਨਾਲ ਜੁੜ ਸਕੇ। ਪੁਰਾਣਾਂ ਵਿਚ ਮਾਸ ਦਾ ਜ਼ਿਕਰ ਹੈ, ਮੁਸਲਮਾਨੀ ਮਜ਼ਹਬੀ ਕਿਤਾਬਾਂ ਵਿਚ ਵੀ ਮਾਸ ਵਰਤਣ ਦਾ ਜ਼ਿਕਰ ਹੈ, ਜਗਤ ਵਿਚ ਸ਼ੁਰੂ ਤੋਂ ਹੀ ਮਾਸ ਵਰਤਿਆ ਚਲਿਆ ਆਇਆ ਹੈ। ਆਦਿ ਮਨੁੱਖ ਸ਼ਿਕਾਰ ਕਰਕੇ ਕੱਚਾ ਮਾਸ ਹੀ ਖਾ ਜਾਂਦਾ ਸੀ। ਸਮਾਂ ਪਾ ਕੇ ਮਨੁੱਖ ਨੇ ਅੱਗ ਬਾਲਣੀ ਸਿੱਖੀ ਤੇ ਫਿਰ ਪਕਾ ਕੇ ਖਾਣਾ ਆਰੰਭ ਕੀਤਾ। ਜੱਗ ਵਿਚ, ਵਿਆਹ ਆਦਿਕ ਕਾਜ ਵਿਚ ਮਾਸ ਦੀ ਵਰਤੋਂ ਪ੍ਰਧਾਨ ਹੈ, ਆਮ ਤੌਰ ਤੇ ਇਨ੍ਹਾਂ ਸਮਿਆਂ ਵੇਲੇ ਮਾਸ ਵਰਤਿਆ ਜਾਂਦਾ ਹੈ।

*ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥ ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ॥ ਮਾਸੁ ਪੁਰਾਣੀ ਮਾਸੁ ਕਤੇਬੀ ਚਹੁ ਜੁਗਿ ਮਾਸੁ ਕਮਾਣਾ ॥ ਜਜਿ ਕਾਜਿ ਵੀਆਹਿ ਸੁਹਾਵੈ ਓਥੈ ਮਾਸੁ ਸਮਾਣਾ ॥* (੧੨੯੦)

ਜ਼ਨਾਨੀ, ਮਰਦ, ਸ਼ਾਹ, ਪਾਤਿਸ਼ਾਹ, ਆਦਿ ਸਾਰੇ ਮਾਸ ਤੋਂ ਹੀ ਪੈਦਾ ਹੁੰਦੇ ਹਨ। ਜੇ ਇਹ ਸਾਰੇ ਮਾਸ ਤੋਂ ਬਣਨ ਕਰਕੇ ਨਰਕ ਵਿਚ ਪੈਂਦੇ ਦਿਸਦੇ ਹਨ ਤਾਂ ਮਾਸ ਦੇ ਤਿਆਗੀ ਪੰਡਿਤ ਨੂੰ ਇਨ੍ਹਾਂ ਲੋਕਾਂ ਤੋਂ ਦਾਨ ਵੀ ਨਹੀਂ ਲੈਣਾ ਚਾਹੀਦਾ। ਨਹੀਂ ਤਾਂ ਵੇਖੋ, ਕਿ ਇਹ ਕਿੰਨੀ ਅਜੀਬ ਤੇ ਧੱਕੇ ਵਾਲੀ ਗੱਲ ਹੈ ਕਿ ਦਾਨ ਦੇਣ ਵਾਲੇ ਤਾਂ ਨਰਕਾਂ ਵਿਚ ਪੈਣ ਤੇ ਲੈਣ ਵਾਲੇ ਸੁਰਗ ਵਿਚ। ਪੰਡਿਤ ਬਹੁਤ ਚਤੁਰ ਹੈ, ਉਸ ਨੂੰ ਆਪ ਤਾਂ ਮਾਸ ਖਾਣ ਦੇ ਬਾਰੇ ਸਮਝ ਨਹੀਂ, ਪਰ ਲੋਕਾਂ ਨੂੰ ਸਮਝਾਉਂਦਾ ਹੈ।

*ਇਸਤ੍ਰੀ ਪੁਰਖ ਨਿਪਜਹਿ ਮਾਸਹੁ ਪਾਤਿਸਾਹ ਸੁਲਤਾਨਾਂ ॥ ਜੇ ਓਇ ਦਿਸਹਿ ਨਰਕਿ ਜਾਂਦੇ ਤਾਂ ਉਨ੍ ਕਾ ਦਾਨੁ ਨ ਲੈਣਾ ॥ ਦੇਂਦਾ ਨਰਕਿ ਸੁਰਗਿ ਲੈਦੇ ਦੇਖਹੁ ਏਹੁ ਧਿਙਾਣਾ ॥ ਆਪਿ ਨ ਬੂਝੈ ਲੋਕ ਬੁਝਾਏ ਪਾਂਡੇ ਖਰਾ ਸਿਆਣਾ ॥* (੧੨੯੦)

ਹੇ ਪੰਡਿਤ! ਤੈਨੂੰ ਇਹ ਹੀ ਪਤਾ ਨਹੀਂ ਕਿ ਮਾਸ ਕਿਥੋਂ ਪੈਦਾ ਹੋਇਆ। ਪਾਣੀ ਤੋਂ ਅੰਨ ਪੈਦਾ ਹੁੰਦਾ ਹੈ, ਕਮਾਦ ਗੰਨਾ ਉੱਗਦਾ ਹੈ ਤੇ ਕਪਾਹ ਉੱਗਦੀ ਹੈ, ਪਾਣੀ ਤੋਂ ਹੀ ਸਾਰਾ ਸੰਸਾਰ ਪੈਦਾ ਹੁੰਦਾ ਹੈ। ਪਾਣੀ ਆਖਦਾ ਹੈ ਕਿ ਮੈਂ ਕਈ ਤਰੀਕਿਆਂ ਨਾਲ ਭਲਾਈ ਕਰਦਾ ਹਾਂ ਭਾਵ, ਜੀਵ ਦੇ ਪਾਲਣ ਲਈ ਕਈ ਤਰੀਕਿਆਂ ਦੀ ਖ਼ੁਰਾਕ ਤੇ ਪੁਸ਼ਾਕ ਪੈਦਾ ਕਰਦਾ ਹਾਂ, ਇਹ ਸਾਰੀਆਂ ਤਬਦੀਲੀਆਂ ਭਾਵ, ਬੇਅੰਤ ਕਿਸਮਾਂ ਦੇ ਪਦਾਰਥ ਪਾਣੀ ਵਿਚ ਹੀ ਹਨ। ਗੁਰੂ ਸਾਹਿਬ ਸਮਝਾਉਂਦੇ ਹਨ ਕਿ ਜੇ ਕਰ ਸੱਚਾ ਤਿਆਗੀ ਬਣਨਾ ਹੈ ਤਾਂ ਇਨ੍ਹਾਂ ਸਾਰੇ ਪਦਾਰਥਾਂ ਦੇ ਚਸਕੇ ਛੱਡ ਕੇ ਤਿਆਗੀ ਬਣ, ਕਿਉਂਕਿ ਮਾਸ ਦੀ ਉਤਪਤੀ ਵੀ ਪਾਣੀ ਤੋਂ ਹੈ ਤੇ ਅੰਨ ਕਮਾਦ ਆਦਿਕ ਦੀ ਉਤਪੱਤੀ ਵੀ ਪਾਣੀ ਤੋਂ ਹੀ ਹੈ। ਗੁਰਬਾਣੀ ਦੀ ਇਹ ਪੰਗਤੀ ਸਪੱਸ਼ਟ ਕਰਦੀ ਹੈ ਕਿ ਜੀਵਨ ਜਾਨਵਰਾਂ ਵਿਚ ਵੀ ਹੈ ਤੇ ਪੌਦਿਆਂ ਵਿਚ ਵੀ ਅਤੇ ਇਨ੍ਹਾਂ ਦੋਵਾਂ ਦਾ ਆਧਾਰ ਪਾਣੀ ਹੀ ਹੈ। ਸਾਇੰਸ ਵੀ ਚੰਨ ਤੇ ਪਾਣੀ ਲੱਭਣ ਦੀ ਕੋਸ਼ਿਸ਼ ਕਰ ਰਹੀ ਹੈ ਤਾਂ ਜੋ ਉਥੇ ਜੀਵਨ ਸੰਭਵ ਹੋ ਸਕੇ।

*ਪਾਂਡੇ ਤੂ ਜਾਣੈ ਹੀ ਨਾਹੀ ਕਿਥਹੁ ਮਾਸੁ ਉਪੰਨਾ ॥ ਤੋਇਅਹੁ ਅੰਨੁ ਕਮਾਦੁ ਕਪਾਹਾਂ ਤੋਇਅਹੁ ਤ੍ਰਿਭਵਣੁ ਗੰਨਾ ॥ ਤੋਆ ਆਖੈ ਹਉ ਬਹੁ ਬਿਧਿ ਹਛਾ ਤੋਐ ਬਹੁਤੁ ਬਿਕਾਰਾ ॥ ਏਤੇ ਰਸ ਛੋਡਿ ਹੋਵੈ ਸੰਨਿਆਸੀ ਨਾਨਕੁ ਕਹੈ ਵਿਚਾਰਾ ॥੨॥* (੧੨੯੦)

ਜਿਸ ਤਰ੍ਹਾਂ ਗੁਰੂ ਨਾਨਕ ਸਾਹਿਬ ਨੇ ਪੂਰੀ ਤਰਾਂ ਸਪੱਸ਼ਟ ਕਰ ਦਿਤਾ ਹੈ ਕਿ ਮਾਸ[{ਹ੧੯}] ਅਤੇ ਸਬਜੀਆਂ ਵਿਚ ਫਰਕ ਕਰਨਾ ਮੁਸ਼ਕਲ ਹੈ। ਠੀਕ ਉਸੇ ਤਰ੍ਹਾਂ ਸਾਇੰਸ ਨੇ ਵੀ ਇਊਗਲੀਨਾ (Euglena) ਵਰਗੀ ਉਦਾਹਰਣ ਲੱਭੀ ਹੈ, ਜੋ ਕਿ ਜੀਵ ਤੇ ਪੌਦੇ ਦੋਹਾਂ ਦੀ ਤਰ੍ਹਾਂ ਵਿਵਿਹਾਰ ਕਰਦੀ ਹੈ। ਬਹੁਤ ਸਾਰੀਆਂ ਕਿਸਮਾਂ ਦੀਆਂ ਇਊਗਲੀਨਾ ਦੇ ਸੈਲਾਂ ਵਿਚ ਕਲੋਰੋਪਲਾਸਟ (Chloroplast) ਹੁੰਦਾ ਹੈ, ਜਿਸ ਨਾਲ ਉਹ ਪੋਦਿਆਂ ਦੀ ਤਰ੍ਹਾਂ ਫੋਟੋਸਿੰਨਥਸਿਜ਼ (Photosynthesis) ਰਾਹੀ ਖੁਰਾਕ ਲੈਂਦੇ ਹਨ। ਇਹ ਮਿਠੇ ਤੇ ਲੂਣ ਵਾਲੇ ਪਾਣੀਆਂ ਵਿਚ ਪਾਈਆਂ ਜਾਂਦੀਆਂ ਹਨ। ਤਲਾਵਾਂ ਤੇ ਖੱਡਿਆਂ ਥੱਲੇ ਨੂੰ ਵਧ ਕੇ ਹਰਾ ਕਰ ਦਿੰਦੀਆਂ ਹਨ। ਇਹ ਜਾਨਵਰਾਂ ਦੀ ਤਰ੍ਹਾਂ ਹੈਟਰੋਪਰੌਫੀਕਲੀ (heterotrophically) ਖੁਰਾਕ ਵੀ ਲੈ ਸਕਦੀਆਂ ਹਨ। ਇਨ੍ਹਾਂ ਵਿਚ ਜਾਨਵਰਾਂ ਤੇ ਪੋਦਿਆਂ ਦੋਹਾਂ ਦੇ ਗੁਣ ਹਨ।

ਜਾਨਵਰਾਂ ਦੀ ਤਰ੍ਹਾਂ ਖਾਣ ਸਮੇਂ ਇਊਗਲੀਨਾ ਖੁਰਾਕ ਦੇ ਦਾਣਿਆਂ ਨੂੰ ਘੇਰ ਕੇ ਆਪਣੇ ਅੰਦਰ ਸਮੇਟ ਲੈਂਦੀ ਹੈ। ਜਦੋਂ ਸੂਰਜ ਦੀ ਰੌਸ਼ਨੀ ਹੁੰਦੀ ਹੈ, ਤਾਂ ਇਹ ਕਲੋਰੋਪਲਾਸਟ (Chloroplast) ਦੀ ਸਹਾਇਤਾ ਨਾਲ ਪੋਦਿਆਂ ਦੀ ਤਰ੍ਹਾਂ ਫੋਟੋਸਿੰਨਥਸਿਜ਼ (Photosynthesis) ਰਾਹੀ ਸ਼ੂਗਰ ਬਣਾ ਲੈਂਦੀ ਹੈ। ਇਊਗਲੀਨਾ ਦੇ ਕਲੋਰੋਪਲਾਸਟ (Chloroplast) ਦੀਆਂ 3 ਪਰਤਾਂ ਹੁੰਦੀਆਂ ਹਨ ਜਦੋਂ ਕਿ ਪੋਦਿਆਂ ਤੇ ਹਰੀ ਕਾਈ (green algae) ਦੇ ਕਲੋਰੋਪਲਾਸਟ (Chloroplast) ਦੀਆਂ 2 ਪਰਤਾਂ ਹੁੰਦੀਆਂ ਹਨ। ਇਹੀ ਕਾਰਨ ਹੈ ਕਿ ਇਊਗਲੀਨਾ ਘਟ ਰੌਸ਼ਨੀ ਵਿਚ ਵੀ ਜੀਵਤ ਰਹਿ ਸਕਦੀ ਹੈ। ਇਊਗਲੀਨਾ ਦੇ ਸਰੀਰ ਤੇ ਲਾਲ ਅੱਖ

ਦੀ ਤਰ੍ਹਾਂ (Eyespot) ਬਣਿਆ ਹੁੰਦਾ ਹੈ, ਜਿਸ ਦੀ ਸਹਾਇਤਾ ਨਾਲ ਇਨ੍ਹਾਂ ਨੂੰ ਰੌਸ਼ਨੀ ਬਾਰੇ ਪਤਾ ਲਗ ਜਾਂਦਾ ਹੈ ਤੇ ਉਸ ਤਰਫ ਜਾ ਸਕਦੀ ਹੈ।

ਜੇ ਕਰ ਉਪਰ ਲਿਖੀਆਂ, ਗੁਰਬਾਣੀ ਦੀਆਂ ਸਿਖਿਆਵਾਂ, ਨੂੰ ਇਕੱਠਾ ਕਰੀਏ ਤਾਂ ਅਸੀਂ ਨਿਸਚੇ ਨਾਲ ਸਮਝ ਸਕਦੇ ਹਾਂ, ਕਿ ਗੁਰੂ ਸਾਹਿਬਾਂ ਨੇ ਸਪੱਸ਼ਟ ਕਰਕੇ ਸਮਝਾ ਦਿੱਤਾ ਸੀ, ਕਿ ਜਿਸ ਤਰ੍ਹਾਂ ਆਮ ਜੀਵਾਂ ਵਿਚ ਜੀਵਨ ਹੈ, ਉਸੇ ਤਰ੍ਹਾਂ ਪੌਦੇ ਵੀ ਜੀਵ ਹਨ ਤੇ ਸਭ ਦੇ ਜੀਵਨ ਦਾ ਆਧਾਰ ਪਾਣੀ ਹੈ।

- ਸਾਇੰਸ ਦੇ ਅਨੁਸਾਰ ਜਿਹੜੀ ਚੀਜ਼ ਵਧਦੀ ਹੈ ਉਸ ਨੂੰ ਜਿਊਂਦਾ ਗਿਣਿਆ ਜਾਂਦਾ ਹੈ, ਜਿਊਦੀਆਂ ਚੀਜਾਂ ਚਲ ਜਾਂ ਵਧ ਸਕਦੀਆਂ ਹਨ, ਤੇ ਨਿਰਜੀਵ ਚੀਜਾਂ ਉਥੇ ਹੀ ਟਿਕੀਆਂ ਰਹਿੰਦੀਆਂ ਹਨ।
- ਪਰੌਸਪੈਰੋ ਅਲਪੀਨੀ (Prospero Alpini) ਨੇ 1580 ਵਿਚ ਦੱਸਿਆ ਕਿ ਪੌਦਿਆਂ ਦੇ ਵੀ ਨਰ ਤੇ ਮਾਦਾ ਹੁੰਦੇ ਹਨ।
- ਸਰ ਜਗਦੀਸ਼ ਚੰਦਰ ਬੋਸ (1858 - 1937) ਨੇ ਆਪਣੇ ਬਣਾਏ ਹੋਏ ਜੰਤਰ (Crescograph) ਨਾਲ ਵਿਖਾਇਆ ਕਿ ਆਮ ਜਾਨਵਰਾਂ ਦੀ ਤਰ੍ਹਾਂ ਪੌਦਿਆਂ ਦੇ ਵੀ ਟਿਸ਼ੂ ਹੁੰਦੇ ਹਨ ਤੇ ਉਹ ਮਹਿਸੂਸ ਕਰ ਸਕਦੇ ਹਨ।
- ਵਿਗਿਆਨ ਨੂੰ ਤਾਂ 100 ਸਾਲ ਪਹਿਲਾਂ ਹੀ ਪਤਾ ਲੱਗਾ ਕਿ ਪੌਦੇ ਵੀ ਜੀਵ ਹਨ, ਪਰੰਤੂ ਗੁਰੂ ਨਾਨਕ ਸਾਹਿਬ ਨੇ ਗੁਰਬਾਣੀ ਵਿਚ ਇਹ ਕਈ ਸਾਲ ਪਹਿਲਾਂ ਅੰਕਿਤ ਕਰ ਦਿਤਾ ਸੀ ਕਿ ਸਾਰੇ ਦਾਣਿਆਂ ਵਿਚ ਜੀਵ ਹਨ।
- ਗੁਰੂ ਨਾਨਕ ਸਾਹਿਬ ਨੇ ਲੋਕਾਂ ਨੂੰ ਸੂਤਕ ਦੇ ਭਰਮਾਂ ਤੇ ਵਹਿਮਾਂ ਵਿਚੋਂ ਕੱਢਣ ਲਈ ਸਮਝਾਇਆ ਕਿ ਹਰੇਕ ਦਾਣੇ ਵਿਚ ਜੀਵ ਹਨ, ਤੇ ਸਭ ਦੇ ਜੀਵਨ ਦਾ ਆਧਾਰ ਪਾਣੀ ਹੈ।
- ਕਬੀਰ ਸਾਹਿਬ ਗੁਰਬਾਣੀ ਵਿਚ ਸਮਝਾਉਂਦੇ ਹਨ ਕਿ ਹਰੇਕ ਪੱਤੇ ਵਿਚ ਜਿੰਦ ਹੈ, ਜਿਸ ਪੱਥਰ ਦੀ ਮੂਰਤੀ ਦੀ ਖ਼ਾਤਰ ਮਾਲਣ ਪੱਤੇ ਤੋੜਦੀ ਹੈ, ਉਹ ਪੱਥਰ ਦੀ ਮੂਰਤੀ ਨਿਰਜੀਵ ਹੈ।
- ਗੁਰੂ ਗਰੰਥ ਸਾਹਿਬ ਦੇ ਪੰਨਾਂ 1289-1290 ਤੇ ਮਾਸ ਦੇ ਵਿਸ਼ੇ ਸਬੰਧੀ ਗੁਰੂ ਨਾਨਕ ਸਾਹਿਬ ਨੇ ਪੂਰੀ ਤਰਾਂ ਸਪੱਸ਼ਟ ਕਰ ਦਿਤਾ ਸੀ, ਕਿ ਮਾਸ ਤੋਂ ਬਿਨਾ ਮਨੁੱਖ ਦਾ ਕਿਸੇ ਤਰਾਂ ਵੀ ਛੁਟਕਾਰਾ ਨਹੀਂ ਹੋ ਸਕਦਾ।
- ਮਾਸ ਖਾਣ ਜਾਂ ਨਾ ਖਾਣ ਦਾ ਨਿਰਣਾ ਸਮਝਣ ਦੀ ਬਜਾਏ, ਜੇਕਰ ਸਤਿਗੁਰੂ ਨੂੰ ਮਿਲ ਕੇ ਉਸ ਅਕਾਲ ਪੁਰਖ ਦੇ ਹੁਕਮੁ ਤੇ ਉਸ ਦੀ ਰਜ਼ਾ ਸਮਝੀਏ ਤਾਂ ਜੀਵ ਦਾ ਜਗਤ ਵਿਚ ਆਉਣਾ ਸਫਲ ਹੋ ਸਕਦਾ ਹੈ।
- ਗੁਰੂ ਸਾਹਿਬ ਨੇ 500 ਸਾਲ ਪਹਿਲਾਂ ਇਹ ਸਚਾਈ ਸਮਝਾਈ ਸੀ, ਕਿ ਮਾਸ ਤੇ ਸਾਗ ਵਿਚ ਕੋਈ ਅੰਤਰ ਨਹੀਂ।
- ਗੁਰੂ ਗਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਸਪੱਸ਼ਟ ਕਰਦੀ ਹੈ ਕਿ ਜੀਵਨ ਜਾਨਵਰਾਂ ਵਿਚ ਵੀ ਹੈ ਤੇ ਪੌਦਿਆਂ ਵਿਚ ਵੀ ਅਤੇ ਇਨ੍ਹਾਂ ਦੋਵਾਂ ਦਾ ਆਧਾਰ ਪਾਣੀ ਹੈ।

**"ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ"**

ਤਤਕਰਾ

## ਅਕਾਲ ਪੁਰਖ ਅਤੇ ਉਸ ਦੀ ਰਚਨਾ ਦਾ ਅੰਤ ਨਹੀਂ ਪਾਇਆ ਜਾ ਸਕਦਾ (ਭਾਗ-੧੮)

## The limit of Akal Purkh and His creation is beyond human comprehension (Part-18)

ਕੁਦਰਤ (universe) ਦੀ ਰਚਨਾ ਵਿਚ ਗ੍ਰਹਿ, ਤਾਰੇ, ਗਲੈਕਸੀਆਂ, ਵਿਚਲੀ ਖਾਲੀ ਥਾਂ, ਜੀਵ ਜੰਤੂ, ਪਦਾਰਥ ਤੇ ਉਨ੍ਹਾਂ ਦੇ ਛੋਟੇ ਤੋਂ ਛੋਟੇ ਅੰਸ਼, ਆਦਿ ਸਭ ਕੁਝ ਆ ਜਾਂਦੇ ਹਨ। ਅੱਜ ਦੀ ਸਾਇੰਸ ਅਜੇ ਗਲੈਕਸੀਆਂ ਤਕ ਹੀ ਸਮਝ ਸਕੀ ਹੈ, ਜਿਥੋ ਕਿ ਰੋਸ਼ਨੀ ਹੁਣ ਤਕ ਪਹੁੰਚ ਸਕੀ ਹੈ। ਜਿਸ ਤਰ੍ਹਾਂ ਸਾਇੰਸ ਤਰੱਕੀ ਕਰਦੀ ਗਈ ਨਵੀਆਂ ਥਿਊਰੀਆਂ ਬਣਦੀਆਂ ਗਈਆਂ। ਅੱਜ ਦੀ ਸਾਇੰਸ ਦੇ ਮੁਤਾਬਕ ਕੁਦਰਤ ਦਾ ਰੇਡੀਅਸ ੪੬ ਬਿਲਿਅਨ ਪ੍ਰਕਾਸ਼ ਸਾਲ ਹੈ। ਬਿਗ ਬੈਂਗ ਸਿਧਾਤ ਮੁਤਾਬਕ ਕੁਦਰਤ ੧੩.੮ ਬਿਲਿਅਨ ਸਾਲ ਪਹਿਲਾਂ ਬਣੀ ਸੀ ਤੇ ਇਹ ਫੈਲਦੀ ਜਾ ਰਹੀ ਹੈ। ਹੁਣ ਸਵਾਲ ਪੈਦਾ ਹੁੰਦਾਂ ਹੈ ਕਿ ਇਸ ਬਿਗ ਬੈਂਗ ਤੋਂ ਪਹਿਲਾਂ ਕੀ ਸੀ ਤੇ ਕਿਉਂ ਸੀ। ਇਹ ਅੱਜ ਦੀ ਸਾਇੰਸ ਦੀ ਪਹੁੰਚ ਤੋਂ ਬਾਹਰ ਹੈ।

ਅੱਜ ਦੀ ਸਾਇੰਸ ਅਨੁਸਾਰ ਕੁਦਰਤ ਆਮ ਪਦਾਰਥ (Ordinary matter = 5%), ਨਾ ਦਿਖਾਈ ਦੇਣ ਵਾਲਾ ਪਦਾਰਥ (Dark matter = 25%) ), ਨਾ ਦਿਖਾਈ ਦੇਣ ਵਾਲੀ ਉਰਜਾ (Dark energy = 70%) ਜਿਹੜੀ ਕਿ ਸੁਨ (Vaccum) ਵਿਚ ਵੀ ਹੋ ਸਕਦੀ ਹੈ, ਦੀ ਬਣੀ ਹੈ। ਅੱਜ ਦੀ ਸਾਇੰਸ ਨੂੰ 95% ਕੁਦਰਤ ਬਾਰੇ ਕੁਝ ਪਤਾ ਨਹੀਂ। ਜਨਰਲ ਰੈਲੇਟਿਵਟੀ (General relativity) ਦੇ ਅਨੁਸਾਰ, ਕੁਦਰਤ ਪ੍ਰਕਾਸ਼ ਦੀ ਗਤੀ ਤੋਂ ਵੀ ਤੇਜੀ ਨਾਲ ਫੈਲ ਸਕਦੀ ਹੈ, ਇਸ ਲਈ ਕੁਦਰਤ ਦਾ ਅੰਤ ਪਾਣਾਂ ਆਸਾਨ ਨਹੀਂ, ਕਿਉਂਕਿ ਸਾਇੰਸ ਕੋਲ ਅਜੇ ਤਕ ਪ੍ਰਕਾਸ਼ ਦੀ ਗਤੀ ਤੋਂ ਤੇਜ ਮਾਪਣ ਦਾ ਹੋਰ ਕੋਈ ਸਾਧਨ ਨਹੀਂ ਹੈ।

ਗੁਰਬਾਣੀ ਅਨੁਸਾਰ ਅਕਾਲ ਪੁਰਖ ਸਦਾ ਕਾਇਮ ਰਹਿਣ ਵਾਲਾ ਮਾਲਕ ਹੈ, ਤੇ ਉਸ ਨੇ ਆਪਣਾ ਸਦਾ ਅਟੱਲ ਰਹਿਣ ਵਾਲਾ ਨਿਯਮ ਹਰ ਥਾਂ ਕਾਇਮ ਕੀਤਾ ਹੋਇਆ ਹੈ। ਅਕਾਲ ਪੁਰਖ ਨੇ ਜਗਤ ਪੈਦਾ ਕਰ ਕੇ ਆਪ ਹੀ ਇਹ ਨਿਯਮ ਵੀ ਬਣਾ ਦਿੱਤਾ ਕਿ ਜੀਵਨ ਸਫਲ ਕਰਨ ਲਈ ਮਨੁੱਖ ਨੂੰ ਗੁਰੂ ਦੇ ਦੱਸੇ ਰਸਤੇ ਉਤੇ ਤੁਰਨਾ ਚਾਹੀਦਾ ਹੈ। ਅਕਾਲ ਪੁਰਖ ਨੇ ਇਹ ਨੌਂ ਹਿੱਸਿਆਂ ਵਾਲੀ ਧਰਤੀ ਸਾਜ ਕੇ ਇਸ ਵਿਚ ਅਨੇਕਾਂ ਤਰ੍ਹਾਂ ਦੇ ਜੀਵ ਤੇ ਪਦਾਰਥ ਕਾਇਮ ਕੀਤੇ ਹਨ। ਅਕਾਲ ਪੁਰਖ ਨੇ ਵੱਖ ਵੱਖ ਤਰ੍ਹਾਂ ਦੇ ਜੀਵ ਪੈਦਾ ਕਰ ਕੇ ਉਨ੍ਹਾਂ ਦੇ ਅੰਦਰ ਆਪਣੀ ਸੱਤਿਆ ਕਾਇਮ ਕੀਤੀ। ਇਸ ਸ੍ਰਿਸ਼ਟੀ ਦਾ ਸਿਰਜਣਹਾਰ ਸਦਾ ਥਿਰ ਰਹਿੰਣ ਵਾਲਾ ਹੈ ਤੇ ਕੋਈ ਵੀ ਜੀਵ ਉਸ ਦੇ ਗੁਣਾਂ ਦਾ ਅੰਤ ਨਹੀਂ ਜਾਣ ਸਕਦਾ। ਅਕਾਲ ਪੁਰਖ ਆਪ ਹੀ ਸਭ ਤਰ੍ਹਾਂ ਦੇ ਭੇਤ ਜਾਣਦਾ ਹੈ, ਤੇ ਜੀਵਾਂ ਨੂੰ ਗੁਰੂ ਦੇ ਰਸਤੇ ਉਤੇ ਤੋਰ ਕੇ ਸੰਸਾਰ ਸਮੁੰਦਰ ਤੋਂ ਪਾਰ ਲੰਘਾਉਂਣ ਵਾਲਾ ਵੀ ਉਹ ਆਪ ਹੀ ਹੈ।

***ਨਵ ਖੰਡ ਪ੍ਰਿਥਮੀ ਸਾਜਿ ਹਰਿ ਰੰਗ ਸਵਾਰਿਆ ॥ ਵੇਕੀ ਜੰਤ ਉਪਾਇ ਅੰਤਰਿ ਕਲ ਧਾਰਿਆ ॥ ਤੇਰਾ ਅੰਤੁ ਨ ਜਾਣੈ ਕੋਇ ਸਚੁ ਸਿਰਜਣਹਾਰਿਆ ॥ ਤੂ ਜਾਣਹਿ ਸਭ ਬਿਧਿ ਆਪਿ ਗੁਰਮੁਖਿ ਨਿਸਤਾਰਿਆ ॥੧॥*** *(੧੦੯੪)*

ਅਕਾਲ ਪੁਰਖ ਦੀ ਪੈਦਾ ਕੀਤੀ ਹੋਈ ਸ੍ਰਿਸ਼ਟੀ ਬੇਅੰਤ ਹੈ, ਉਸ ਦੇ ਭੰਡਾਰੇ ਵੀ ਬੇਅੰਤ ਹਨ, ਤੇ ਕਦੀ ਮੁੱਕ ਨਹੀਂ ਸਕਦੇ। ਅਕਾਲ ਪੁਰਖ ਦੇ ਭੰਡਾਰਿਆਂ ਦਾ ਟਿਕਾਣਾ ਹਰੇਕ ਭਵਨ ਵਿਚ ਹੈ, ਭਾਵ, ਸਾਰੀ ਸ੍ਰਿਸ਼ਟੀ ਵਿਚ ਅਕਾਲ ਪੁਰਖ ਦੇ ਭੰਡਾਰੇ ਚਲ ਰਹੇ ਹਨ। ਜੋ ਕੁਝ ਅਕਾਲ ਪੁਰਖ ਨੇ ਉਨ੍ਹਾਂ ਭੰਡਾਰਿਆਂ ਵਿਚ ਪਾਇਆ ਹੈ, ਉਹ ਇਕੋ ਵਾਰੀ ਪਾ ਦਿੱਤਾ ਹੈ, ਭਾਵ, ਉਸ ਦੇ ਭੰਡਾਰੇ ਸਦਾ ਵਾਸਤੇ ਕਾਇਮ ਹਨ ਤੇ ਕਦੀ ਖਤਮ ਹੋਣ ਵਾਲੇ ਨਹੀਂ ਹਨ। ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਅਕਾਲ ਪੁਰਖ, ਜੀਵਾਂ ਨੂੰ ਪੈਦਾ ਕਰ ਕੇ ਉਨ੍ਹਾਂ ਦੀ ਸੰਭਾਲ ਵੀ ਆਪ ਹੀ ਕਰ ਰਿਹਾ ਹੈ। ਸਦਾ ਥਿਰ ਰਹਿਣ ਵਾਲੇ ਅਕਾਲ ਪੁਰਖ ਦੀ ਸ੍ਰਿਸ਼ਟੀ ਦੀ ਸੰਭਾਲ ਵਾਲੀ ਇਹ ਕਾਰ ਸਦਾ ਅਟੱਲ ਹੈ, ਤੇ ਉਸ ਵਿਚ ਕੋਈ ਉਕਾਈ ਨਹੀਂ ਹੁੰਦੀ। ਇਸ ਲਈ ਕੇਵਲ ਉਸ ਅਕਾਲ ਪੁਰਖ ਨੂੰ ਧਿਆਉਣਾਂ ਚਾਹੀਦਾ ਹੈ, ਜੋ ਸਭ ਦਾ ਮੁੱਢ ਹੈ, ਜਿਸ ਦਾ ਸਰੂਪ ਪੂਰਨ ਤੌਰ ਤੇ ਸ਼ੁੱਧ ਹੈ, ਉਸ ਦਾ ਕੋਈ ਮੁੱਢ ਨਹੀਂ ਲੱਭ ਸਕਦਾ, ਉਹ ਨਾਸ ਰਹਿਤ ਹੈ, ਤੇ ਸਦਾ ਇਕੋ ਜਿਹਾ ਰਹਿੰਦਾ ਹੈ। ਆਪਣੇ ਅੰਦਰ ਅਜੇਹੀ ਸੋਚ ਕਾਇਮ ਕਰਨ ਨਾਲ ਉਸ ਅਕਾਲ ਪੁਰਖ ਨਾਲੋਂ ਦੂਰੀ ਮਿਟ ਸਕਦੀ ਹੈ।

***ਆਸਣੁ ਲੋਇ ਲੋਇ ਭੰਡਾਰ ॥ ਜੋ ਕਿਛੁ ਪਾਇਆ ਸੁ ਏਕਾ ਵਾਰ ॥ ਕਰਿ ਕਰਿ ਵੇਖੈ ਸਿਰਜਣਹਾਰੁ ॥*** *ਨਾਨਕ ਸਚੇ ਕੀ ਸਾਚੀ ਕਾਰ ॥ ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੩੧॥ (੭)*

ਸੱਚ ਖੰਡ ਦੀ ਅਵਸਥਾ ਵਿਚ ਭਾਵ, ਅਕਾਲ ਪੁਰਖ ਨਾਲ ਇੱਕ ਰੂਪ ਹੋਣ ਵਾਲੀ ਅਵਸਥਾ ਵਿਚ ਮਨੁੱਖ ਦੇ ਅੰਦਰ, ਉਹ ਅਕਾਲ ਪੁਰਖ ਆਪ ਹੀ ਵੱਸਦਾ ਹੈ, ਜੋ ਸ੍ਰਿਸ਼ਟੀ ਨੂੰ ਰਚ ਰਚ ਕੇ ਮਿਹਰ ਦੀ ਨਜ਼ਰ ਨਾਲ ਉਸ ਦੀ ਸੰਭਾਲ ਕਰਦਾ ਹੈ। ਅਕਾਲ ਪੁਰਖ ਨਾਲ ਇੱਕ-ਰੂਪ ਹੋਣ ਵਾਲੀ ਅਵਸਥਾ ਵਿਚ ਮਨੁੱਖ ਨੂੰ ਬੇਅੰਤ ਖੰਡ, ਮੰਡਲ ਤੇ ਬੇਅੰਤ ਬ੍ਰਹਿਮੰਡ ਦਿੱਸਦੇ ਹਨ, ਇਤਨੇ ਬੇਅੰਤ ਕਿ ਜੇ ਕੋਈ ਮਨੁੱਖ ਇਸ ਦਾ ਕਥਨ ਕਰਨ ਲੱਗੇ, ਤਾਂ ਉਨ੍ਹਾਂ ਦੀ ਗਿਣਤੀ ਖਤਮ ਨਹੀਂ ਹੁੰਦੀ। ਸੱਚ ਖੰਡ ਦੀ ਅਵਸਥਾ ਵਿਚ ਜੀਵ ਨੂੰ ਬੇਅੰਤ ਭਵਣ ਤੇ ਅਕਾਰ ਦਿਸਦੇ ਹਨ, ਜਿਨ੍ਹਾਂ ਸਭਨਾ ਵਿਚ ਉਸੇ ਤਰ੍ਹਾਂ ਕਾਰ ਵਿਹਾਰ ਚੱਲ ਰਹੀ ਹੈ, ਜਿਵੇਂ ਅਕਾਲ ਪੁਰਖ ਦਾ ਹੁਕਮੁ ਹੁੰਦਾ ਹੈ, ਭਾਵ, ਇਸ ਅਵਸਥਾ ਵਿਚ ਪਹੁੰਚ ਕੇ ਮਨੁੱਖ ਨੂੰ ਹਰ ਥਾਂ ਅਕਾਲ ਪੁਰਖ ਦੀ ਰਜ਼ਾ ਵਰਤਦੀ ਦਿਖਾਈ ਦਿੰਦੀ

ਹੈ। ਉਸ ਨੂੰ ਪਰਤੱਖ ਦਿਸਦਾ ਹੈ ਕਿ ਅਕਾਲ ਪੁਰਖ ਆਪਣੇ ਵੀਚਾਰ ਅਨੁਸਾਰ ਸਭ ਜੀਵਾਂ ਦੀ ਸੰਭਾਲ ਕਰਦਾ ਹੈ ਤੇ ਖ਼ੁਸ਼ ਹੋ ਰਿਹਾ ਹੈ। ਸੱਚ ਖੰਡ ਦੀ ਇਹ ਅਵਸਥਾ ਬਿਆਨ ਨਹੀਂ ਕੀਤੀ ਜਾ ਸਕਦੀ, ਸਿਰਫ ਅਨੁਭਵ ਕੀਤੀ ਜਾ ਸਕਦੀ ਹੈ। ਮਨੁੱਖ ਦੀ ਸੋਚ ਅਜੇਹੀ ਹੋ ਜਾਂਦੀ ਹੈ ਕਿ ਉਸ ਨੂੰ ਸਭ ਆਪਣੇ ਦਿਸਦੇ ਹਨ, ਹਰ ਪਾਸੇ ਤੇ ਹਰੇਕ ਦੇ ਅੰਦਰ ਅਕਾਲ ਪੁਰਖ ਹੀ ਨਜ਼ਰ ਆਉਂਦਾ ਹੈ। ਅਜਿਹੇ ਮਨੁੱਖ ਦੀ ਸੁਰਤ ਸਦਾ ਅਕਾਲ ਪੁਰਖ ਦੀ ਸਿਫ਼ਤਿ ਸਾਲਾਹ ਵਿਚ ਜੁੜੀ ਰਹਿੰਦੀ ਹੈ, ਉਸ ਨੂੰ ਮਾਇਆ ਠੱਗ ਨਹੀਂ ਸਕਦੀ, ਉਸ ਦੀ ਆਤਮਾ ਬਲਵਾਨ ਹੋ ਜਾਂਦੀ ਹੈ, ਤੇ ਹਮੇਸ਼ਾਂ ਅਕਾਲ ਪੁਰਖ ਨਾਲ ਨੇੜਤਾ ਬਣੀ ਰਹਿੰਦੀ ਹੈ। ਮਨੁੱਖ ਨੂੰ ਪਰਤੱਖ ਜਾਪਣ ਲਗ ਜਾਂਦਾ ਹੈ ਕਿ ਅਕਾਲ ਪੁਰਖ ਬੇਅੰਤ ਕੁਦਰਤ ਰਚ ਕੇ ਸਭ ਨੂੰ ਆਪਣੇ ਹੁਕਮੁ ਤੇ ਰਜ਼ਾ ਅਨੁਸਾਰ ਤੋਰ ਰਿਹਾ ਹੈ।

***ਸਚ ਖੰਡਿ ਵਸੈ ਨਿਰੰਕਾਰੁ ॥ ਕਰਿ ਕਰਿ ਵੇਖੈ ਨਦਰਿ ਨਿਹਾਲ ॥ ਤਿਥੈ ਖੰਡ ਮੰਡਲ ਵਰਭੰਡ ॥ ਜੇ ਕੋ ਕਥੈ ਤ ਅੰਤ ਨ ਅੰਤ ॥ ਤਿਥੈ ਲੋਅ ਲੋਅ ਆਕਾਰ ॥ ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥ ਵੇਖੈ ਵਿਗਸੈ ਕਰਿ ਵੀਚਾਰੁ ॥ ਨਾਨਕ ਕਥਨਾ ਕਰੜਾ ਸਾਰੁ ॥੩੭॥ (੮)***

ਅਕਾਲ ਪੁਰਖ ਆਪ ਸਦਾ ਕਾਇਮ ਰਹਿਣ ਵਾਲਾ ਹੈ, ਤੇ ਇਹ ਬ੍ਰਹਮੰਡ ਉਸ ਨੇ ਆਪਣੇ ਹੁਕਮੁ ਅਨੁਸਾਰ ਆਪ ਹੀ ਪੈਦਾ ਕੀਤਾ ਹੈ। ਅਕਾਲ ਪੁਰਖ ਜਿਸ ਤਰ੍ਹਾਂ ਚਾਹੇ ਇਸ ਬ੍ਰਹਮੰਡ ਨੂੰ ਨਾਸ ਕਰ ਸਕਦਾ ਹੈ, ਫਿਰ ਪੈਦਾ ਕਰ ਸਕਦਾ ਹੈ, ਤੇ ਫਿਰ ਨਾਸ ਕਰ ਕੇ ਫਿਰ ਆਪ ਹੀ ਪੈਦਾ ਕਰ ਸਕਦਾ ਹੈ। ਇਹ ਧਰਤੀ ਅਤੇ ਆਕਾਸ਼ ਅਕਾਲ ਪੁਰਖ ਨੇ ਜੀਵਾਂ ਦੇ ਵੱਸਣ ਵਾਸਤੇ ਬਣਾਏ ਹਨ। ਉਸ ਨੇ ਆਪ ਹੀ ਦਿਨ ਤੇ ਰਾਤ ਬਣਾਏ ਹਨ, ਜੀਵਾਂ ਦੇ ਅੰਦਰ ਡਰ ਅਤੇ ਪਿਆਰ ਵੀ ਅਕਾਲ ਪੁਰਖ ਨੇ ਆਪ ਹੀ ਪੈਦਾ ਕੀਤਾ ਹੈ। ਜਿਸ ਅਕਾਲ ਪੁਰਖ ਨੇ ਸਾਰੇ ਜੀਵ ਜੰਤੂ ਪੈਦਾ ਕੀਤੇ ਹਨ, ਇਨ੍ਹਾਂ ਦੀ ਸੰਭਾਲ ਕਰਨ ਵਾਲਾ ਵੀ ਉਹ ਆਪ ਹੀ ਹੈ। ਇਕ ਅਕਾਲ ਪੁਰਖ ਤੋਂ ਬਿਨਾ ਕੋਈ ਹੋਰ ਦੂਜਾ ਇਸ ਬ੍ਰਹਮੰਡ ਨੂੰ ਪੈਦਾ ਕਰਨ ਵਾਲਾ ਨਹੀਂ ਹੈ।

*ਆਪੇ ਸਚੁ ਕੀਆ ਕਰ ਜੋੜਿ ॥ ਅੰਡਜ ਫੋੜਿ ਜੋੜਿ ਵਿਛੋੜਿ ॥* ***ਧਰਤਿ ਅਕਾਸੁ ਕੀਏ ਬੈਸਣ ਕਉ ਥਾਉ ॥ ਰਾਤਿ ਦਿਨੰਤੁ ਕੀਏ ਭਉ ਭਾਉ ॥ ਜਿਨਿ ਕੀਏ ਕਰਿ ਵੇਖਣਹਾਰਾ ॥ ਅਵਰੁ ਨ ਦੂਜਾ ਸਿਰਜਣਹਾਰਾ ॥੩॥*** *(੮੩੯)*

ਅਕਾਲ ਪੁਰਖ ਨੇ ਹਵਾ ਪਾਣੀ ਤੇ ਅੱਗ ਆਦਿਕ ਤੱਤਾਂ ਨੂੰ ਮਿਲਾ ਕੇ ਅਤੇ ਉਸ ਵਿਚ ਜੀਵ ਆਤਮਾ ਪਾ ਕੇ ਅਣਗਿਣਤ ਜੀਵ ਬਣਾਏ ਹਨ। ਸਭ ਜੀਵਾਂ ਵਿਚ ਤੱਤ ਤੇ ਇਕੋ ਜਿਹੇ ਹਨ, ਪਰ ਵੇਖੋ ਕਿ ਇਹ ਅਚਰਜ ਖੇਡ ਹੈ, ਕਿ ਇਨ੍ਹਾਂ ਵਿਚੋਂ ਕਈਆਂ ਨੂੰ ਦੁਖ ਤੇ ਕਈਆਂ ਨੂੰ ਸੁਖ ਮਿਲ ਰਹੇ ਹਨ। ਕਈ ਧਰਤੀ ਤੇ ਹਨ ਭਾਵ, ਸਾਧਾਰਨ ਜਿਹੀ ਹਾਲਤ ਵਿਚ ਹਨ, ਤੇ ਕਈ ਮਾਨੋ ਪਤਾਲ ਵਿਚ ਪਏ ਹਨ ਭਾਵ, ਕਈ ਨਿੱਘਰੇ ਹੋਏ ਹਨ। ਕਈ ਮਾਨੋ ਅਕਾਸ਼ ਵਿਚ ਹਨ ਭਾਵ, ਕਈ ਹੁਕਮ ਕਰ ਰਹੇ ਹਨ, ਤੇ ਕਈ ਰਾਜਿਆਂ ਦੇ ਦਰਬਾਰ ਵਿਚ ਵਜ਼ੀਰ ਬਣੇ ਹੋਏ ਹਨ। ਕਈ ਬੰਦਿਆਂ ਦੀ ਵੱਡੀ ਉਮਰ ਹੈ, ਕਈ ਘਟ ਉਮਰੇ ਮਰ ਕੇ ਦੁਖੀ ਹੁੰਦੇ ਰਹਿੰਦੇ ਹਨ। ਕਈ ਬੰਦੇ ਹੋਰਨਾਂ ਨੂੰ ਦੇ ਕੇ ਆਪ ਵੀ ਵਰਤਦੇ ਹਨ, ਪਰ ਉਨ੍ਹਾਂ ਦਾ ਧਨ ਮੁੱਕਦਾ ਨਹੀਂ, ਅਤੇ ਕਈ ਸਦਾ ਕੰਗਾਲ ਬਣੇ ਰਹਿੰਦੇ ਹਨ। ਅਕਾਲ ਪੁਰਖ ਆਪਣੇ ਹੁਕਮੁ ਅਨੁਸਾਰ ਇਕ ਪਲਕ ਵਿਚ ਲੱਖਾਂ ਜੀਵ ਪੈਦਾ ਕਰਦਾ ਹੈ ਤੇ ਲੱਖਾਂ ਹੀ ਨਾਸ ਕਰਦਾ ਹੈ, ਅਤੇ ਹਰੇਕ ਜੀਵ ਆਪਣੇ ਕੀਤੇ ਕਰਮਾਂ ਅਨੁਸਾਰ ਅਕਾਲ ਪੁਰਖ ਦੀ ਰਜ਼ਾ ਰੂਪੀ ਨੱਥ ਵਿਚ ਜਕੜਿਆ ਹੋਇਆ ਹੈ। ਜਿਸ ਉਪਰ ਅਕਾਲ ਪੁਰਖ ਬਖ਼ਸ਼ਸ਼ ਕਰਦਾ ਹੈ, ਉਸ ਦੇ ਮਾਇਆ ਦੇ ਬੰਧਨ ਤੋੜ ਦਿੰਦਾ ਹੈ। ਪਰ ਅਕਾਲ ਪੁਰਖ ਆਪ ਕਰਮਾਂ ਦੇ ਲੇਖੇ ਤੋਂ ਉਪਰ ਹੈ, ਉਸ ਦਾ ਕੋਈ ਰੰਗ ਰੂਪ ਨਹੀਂ ਹੈ ਤੇ ਕੋਈ ਚੱਕ੍ਰ ਚਿਹਨ ਨਹੀਂ ਹੈ। ਉਸ ਦਾ ਸਰੂਪ ਬਿਆਨ ਨਹੀਂ ਕੀਤਾ ਜਾ ਸਕਦਾ, ਪਰ ਵੈਸੇ ਉਹ ਹਰ ਥਾਂ ਹੋਂਦ ਵਾਲਾ ਦਿਸਦਾ ਹੈ। ਜੀਵ ਜੋ ਕੁਝ ਕਰ ਰਹੇ ਹਨ ਤੇ ਬੋਲ ਰਹੇ ਹਨ, ਉਹ ਸਭ ਅਕਾਲ ਪੁਰਖ ਦੀ ਆਪਣੀ ਚਲਾਈ ਹੋਈ ਕਾਰ ਅਨੁਸਾਰ ਹੀ ਹੈ। ਅਕਾਲ ਪੁਰਖ ਆਪ ਐਸਾ ਹੈ ਕਿ ਉਹ ਬਿਆਨ ਨਹੀਂ ਕੀਤਾ ਜਾ ਸਕਦਾ। ਜਿਹੜਾ ਮਨੁੱਖ ਉਸ ਅਕੱਥ ਅਕਾਲ ਪੁਰਖ ਦੀਆਂ ਗੱਲਾਂ ਸੁਣਦਾ ਹੈ, ਭਾਵ, ਉਸ ਦੇ ਗੁਣ ਗਾਇਨ ਕਰਦਾ ਹੈ, ਉਸ ਨੂੰ ਉੱਚੀ ਸਮਝ ਪ੍ਰਾਪਤ ਹੁੰਦੀ ਹੈ, ਜਿਸ ਸਦਕਾ ਉਸ ਨੂੰ ਆਤਮਕ ਸੁਖ ਮਿਲਦਾ ਹੈ, ਤੇ ਸਮਝ ਲਉ ਕਿ ਉਸ ਨੂੰ ਰਿੱਧੀਆਂ ਸਿੱਧੀਆਂ ਮਿਲ ਗਈਆਂ ਹਨ।

*ਸਲੋਕ ਮਃ ੧ ॥ ਪਉਣੈ ਪਾਣੀ ਅਗਨਿ ਜੀਉ ਤਿਨ ਕਿਆ ਖੁਸੀਆ ਕਿਆ ਪੀੜ ॥* ***ਧਰਤੀ ਪਾਤਾਲੀ ਆਕਾਸੀ ਇਕਿ ਦਰਿ ਰਹਨਿ ਵਜੀਰ ॥ ਇਕਨਾ ਵਡੀ ਆਰਜਾ ਇਕਿ ਮਰਿ ਹੋਹਿ ਜਹੀਰ ॥*** *ਇਕਿ ਦੇ ਖਾਹਿ ਨਿਖੁਟੈ ਨਾਹੀ ਇਕਿ ਸਦਾ ਫਿਰਹਿ ਫਕੀਰ ॥ ਹੁਕਮੀ ਸਾਜੇ ਹੁਕਮੀ ਢਾਹੇ ਏਕ ਚਸੇ ਮਹਿ ਲਖ ॥ ਸਭੁ ਕੋ ਨਥੈ ਨਥਿਆ ਬਖਸੇ ਤੋੜੇ ਨਥ ॥ ਵਰਨਾ ਚਿਹਨਾ ਬਾਹਰਾ ਲੇਖੇ ਬਾਝੁ ਅਲਖੁ ॥ ਕਿਉ ਕਥੀਐ ਕਿਉ ਆਖੀਐ ਜਾਪੈ ਸਚੋ ਸਚੁ ॥ ਕਰਣਾ ਕਥਨਾ ਕਾਰ ਸਭ ਨਾਨਕ ਆਪਿ ਅਕਥੁ ॥ ਅਕਥ ਕੀ ਕਥਾ ਸੁਣੇਇ ॥ ਰਿਧਿ ਬੁਧਿ ਸਿਧਿ ਗਿਆਨੁ ਸਦਾ ਸੁਖੁ ਹੋਇ ॥੧॥ (੧੨੮੯)*

ਜੇ ਕਰ ਉਪਰ ਲਿਖੀਆਂ, ਗੁਰਬਾਣੀ ਦੀਆਂ ਸਿਖਿਆਵਾਂ, ਨੂੰ ਇਕੱਠਾ ਕਰੀਏ ਤਾਂ ਅਸੀਂ ਨਿਸਚੇ ਨਾਲ ਸਮਝ ਸਕਦੇ ਹਾਂ, ਕਿ ਗੁਰੂ ਗਰੰਥ ਸਾਹਿਬ ਅਨੁਸਾਰ ਅਕਾਲ ਪੁਰਖ ਦੀ ਰਚਨਾ ਬੇਅੰਤ ਹੈ ਤੇ ਉਸ ਦੀ ਰਚਨਾ ਦਾ ਅੰਤ ਨਹੀਂ ਪਾਇਆ ਜਾ ਸਕਦਾ।

- ਕੁਦਰਤ (universe) ਦੀ ਰਚਨਾ ਵਿਚ ਗ੍ਰਹਿ, ਤਾਰੇ, ਗਲੈਕਸੀਆਂ, ਵਿਚਲੀ ਖਾਲੀ ਥਾਂ, ਜੀਵ ਜੰਤੂ, ਪਦਾਰਥ ਤੇ ਉਨ੍ਹਾਂ ਦੇ ਛੋਟੇ ਤੋਂ ਛੋਟੇ ਅੰਸ਼, ਆਦਿ ਸਭ ਕੁਝ ਆ ਜਾਂਦੇ ਹਨ।

- ਕੁਦਰਤ ਦਾ ਅੰਤ ਪਾਣਾਂ ਆਸਾਨ ਨਹੀਂ, ਕਿਉਂਕਿ ਸਾਇੰਸ ਕੋਲ ਅਜੇ ਤਕ ਪ੍ਰਕਾਸ਼ ਦੀ ਗਤੀ ਤੋਂ ਤੇਜ ਮਾਪਣ ਦਾ ਹੋਰ ਕੋਈ ਸਾਧਨ ਨਹੀਂ ਹੈ।
- ਗੁਰਬਾਣੀ ਅਨੁਸਾਰ ਅਕਾਲ ਪੁਰਖ ਸਦਾ ਕਾਇਮ ਰਹਿਣ ਵਾਲਾ ਮਾਲਕ ਹੈ, ਤੇ ਉਸ ਨੇ ਆਪਣਾ ਸਦਾ ਅਟੱਲ ਰਹਿਣ ਵਾਲਾ ਨਿਯਮ ਹਰ ਥਾਂ ਕਾਇਮ ਕੀਤਾ ਹੋਇਆ ਹੈ।
- ਅਕਾਲ ਪੁਰਖ ਦੀ ਪੈਦਾ ਕੀਤੀ ਹੋਈ ਸ੍ਰਿਸ਼ਟੀ ਬੇਅੰਤ ਹੈ, ਉਸ ਦੇ ਭੰਡਾਰੇ ਵੀ ਬੇਅੰਤ ਹਨ, ਕਦੀ ਮੁੱਕ ਨਹੀਂ ਸਕਦੇ।
- ਸੱਚ ਖੰਡ ਦੀ ਅਵਸਥਾ ਵਿਚ ਮਨੁੱਖ ਨੂੰ ਪਰਤੱਖ ਜਾਪਣ ਲਗ ਜਾਂਦਾ ਹੈ ਕਿ ਅਕਾਲ ਪੁਰਖ ਬੇਅੰਤ ਕੁਦਰਤ ਰਚ ਕੇ ਸਭ ਨੂੰ ਆਪਣੇ ਹੁਕਮੁ ਤੇ ਰਜ਼ਾ ਅਨੁਸਾਰ ਤੋਰ ਰਿਹਾ ਹੈ।
- ਅਕਾਲ ਪੁਰਖ ਜਿਸ ਤਰ੍ਹਾਂ ਚਾਹੇ ਇਸ ਬ੍ਰਹਮੰਡ ਨੂੰ ਨਾਸ ਕਰ ਸਕਦਾ ਹੈ, ਫਿਰ ਪੈਦਾ ਕਰ ਸਕਦਾ ਹੈ, ਤੇ ਫਿਰ ਨਾਸ ਕਰ ਕੇ ਫਿਰ ਆਪ ਹੀ ਪੈਦਾ ਕਰ ਸਕਦਾ ਹੈ।
- ਅਕਾਲ ਪੁਰਖ ਦਾ ਸਰੂਪ ਬਿਆਨ ਨਹੀਂ ਕੀਤਾ ਜਾ ਸਕਦਾ, ਪਰ ਵੈਸੇ ਉਹ ਹਰ ਥਾਂ ਹੋਂਦ ਵਾਲਾ ਦਿਸਦਾ ਹੈ।
- ਜਿਹੜਾ ਮਨੁੱਖ ਅਕਾਲ ਪੁਰਖ ਦੇ ਗੁਣ ਗਾਇਨ ਕਰਦਾ ਹੈ, ਉਸ ਨੂੰ ਉੱਚੀ ਸਮਝ ਪ੍ਰਾਪਤ ਹੁੰਦੀ ਹੈ, ਜਿਸ ਸਦਕਾ ਉਸ ਨੂੰ ਆਤਮਕ ਸੁਖ ਮਿਲਦਾ ਹੈ।
- ਅਕਾਲ ਪੁਰਖ ਦੀ ਰਚਨਾ ਬੇਅੰਤ ਹੈ ਤੇ ਉਸ ਦੀ ਰਚਨਾ ਦਾ ਅੰਤ ਨਹੀਂ ਪਾਇਆ ਜਾ ਸਕਦਾ ਹੈ, ਪਰੰਤੂ ਫਿਰ ਵੀ ਅਸੀਂ ਗੁਰਬਾਣੀ ਦੁਆਰਾ ਅਕਾਲ ਪੁਰਖ ਦਾ ਹੁਕਮੁ ਸਮਝ ਕੇ ਆਪਣਾ ਇਹ ਮਨੁੱਖਾ ਜਨਮ ਸਫਲ ਕਰ ਸਕਦੇ ਹਾਂ।

**"ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ"**

## ਜੋ ਵੀ ਪੈਦਾ ਹੋਇਆ ਹੈ ਉਸ ਨੇ ਇਕ ਦਿਨ ਮਰਨਾ ਹੈ (ਭਾਗ-੧੯)

## Whatever is born must die, we only wait for our turn (Part-19)

ਜਦੋਂ ਵੀ ਕਿਸੇ ਜੀਵ ਦਾ ਸਾਹ ਲੈਣਾਂ, ਸਰੀਰ ਦੀ ਹਰਕਤ ਜਾਂ ਹੋਰ ਕਿਰਿਆਵਾਂ ਬੰਦ ਹੋ ਜਾਂਦੀਆਂ ਹਨ ਤਾਂ ਉਸ ਨੂੰ ਮਰਿਆ ਕਿਹਾ ਜਾਂਦਾ ਹੈ। ਜੀਵ ਦੇ ਸੈਲ, ਟਿਸ਼ੂ, ਅੰਗ ਕੰਮ ਕਰਨਾ ਬੰਦ ਕਰ ਦਿੰਦੇ ਹਨ, ਤੇ ਜੀਵ ਦਾ ਸਰੀਰਕ ਵਾਧਾ ਜਾਂ ਤਬਦੀਲੀਆਂ ਹੋਣੀਆਂ ਵੀ ਬੰਦ ਹੋ ਜਾਂਦੀਆਂ ਹਨ। ਜਿਆਦਾ ਤਰ ਮੌਤਾਂ ਬੁਢਾਪੇ (biological aging) ਕਰਕੇ ਹੁੰਦੀਆਂ ਹਨ, ਜਾਂ ਕਿਸੇ ਬੀਮਾਰੀ, ਕਤਲ, ਘਟਨਾ, ਆਤਮ ਹੱਤਿਆ, ਆਦਿ ਨਾਲ ਵੀ ਹੋ ਸਕਦੀਆਂ ਹਨ। ਜਦੋਂ ਮਨੁੱਖ ਦੇ ਦਿਲ ਦੀ ਧੜਕਣ ਜਾਂ ਦਿਮਾਗ ਕੰਮ ਕਰਨਾ ਬੰਦ ਕਰ ਦਿੰਦੇ ਹਨ ਤਾਂ ਉਸ ਨੂੰ ਮਰਿਆ ਕਿਹਾ ਜਾਂਦਾ ਹੈ। ਮਰਨ ਤੋਂ ਬਾਅਦ ਸਰੀਰ ਗਲ ਸੜ ਕੇ ਤੇ ਅਖੀਰ ਮਿੱਟੀ ਵਿਚ ਮਿਲ ਜਾਂਦਾ ਹੈ।

ਮਰਨ ਤੋਂ ਬਾਅਦ ਜੀਵ ਆਤਮਾ ਕਿਥੇ ਜਾਂਦੀ ਹੈ, ਇਸ ਬਾਰੇ ਸਾਇੰਸ ਕੁਝ ਨਹੀਂ ਕਹਿ ਸਕਦੀ। ਵੱਖ ਵੱਖ ਧਰਮਾਂ ਦੀ ਆਪਣੀ ਆਪਣੀ ਰਾਏ ਹੈ। ਮਨ ਦੀ ਸੋਚ, ਚੇਤਨਾਂ, ਸਖਸ਼ੀਅਤ, ਸਹਿਣਸ਼ੀਲਤਾ, ਮਹਿਸੂਸ ਕਰਨਾ, ਆਦਿ ਸਭ ਦਿਮਾਗ ਕਰਕੇ ਹੁੰਦੇ ਹਨ। ਦਿਮਾਗ ਦੀ ਮੌਤ ਤੋਂ ਬਾਅਦ ਇਹ ਸਭ ਤੇ ਬਾਕੀ ਅੰਗ ਹੌਲੀ ਹੌਲੀ ਕੰਮ ਕਰਨਾ ਬੰਦ ਕਰ ਦਿੰਦੇ ਹਨ। ਜੇ ਕਰ ਦਿਲ ਦੀ ਧੜਕਣ ਬੰਦ ਹੋ ਜਾਵੇ ਤਾਂ ਉਸ ਤੋਂ ਕੁਝ ਸਮੇਂ ਬਾਅਦ, ਔਕਸੀਜਨ ਨਾ ਮਿਲਣ ਕਰਕੇ ਦਿਮਾਗ ਦੀ ਮੌਤ ਵੀ ਹੋ ਜਾਂਦੀ ਹੈ।

ਅਕਾਲ ਪੁਰਖ ਦੀ ਬਣਾਈ ਹੋਈ ਇਹ ਕੁਦਰਤ ਬਹੁਤ ਅਸਚਰਜ ਹੈ, ਜੋ ਕਿ ਉਸ ਦੇ ਹੁਕਮੁ ਤੇ ਰਜ਼ਾ ਅਨੁਸਾਰ ਚਲ ਰਹੀ ਹੈ। ਜੋ ਵੀ ਜੀਵ ਇਸ ਦੁਨੀਆ ਵਿਚ ਆਇਆ ਹੈ, ਉਸ ਨੇ ਇਕ ਦਿਨ ਮਰਨਾ ਹੈ। ਪਰ ਫਿਰ ਵੀ ਲੋਕ ਸਮਝਦੇ ਹਨ, ਕਿ ਉਹ ਇਥੇ ਸਦਾ ਲਈ ਰਹਿ ਸਕਣਗੇ, ਲੋਕ ਅਕਾਲ ਪੁਰਖ ਦੇ ਨਾਮੁ ਨੂੰ ਵਿਸਾਰ ਕੇ ਵਿਕਾਰਾਂ ਵਿਚ ਫਸ ਜਾਂਦੇ ਹਨ। ਜਦੋਂ ਮਾਇਆ ਮਿਲਦੀ ਹੈ, ਤਾਂ ਜੀਵ ਬਹੁਤ ਖ਼ੁਸ਼ ਹੁੰਦਾ, ਤੇ ਆਕਾਸ਼ ਵਿਚ ਉਡਾਰੀਆਂ ਮਾਰਨ ਲਗ ਪੈਂਦਾ ਹੈ, ਤੇ ਜਦੋਂ ਮਾਇਆ ਚਲੀ ਜਾਂਦੀ ਹੈ, ਤਾਂ ਬੁਰੀ ਤਰ੍ਹਾਂ ਡਾਵਾਂ-ਡੋਲ ਹੋ ਜਾਂਦਾ ਹੈ, ਜਿਸ ਤਰ੍ਹਾਂ ਕਿ ਪਾਤਾਲ ਵਿਚ ਡਿੱਗ ਪਿਆ ਹੋਵੇ। ਲੋਭ ਦੇ ਵੱਸ ਪਿਆ ਹੋਇਆ ਮਨੁੱਖ ਟਿਕ ਕੇ ਨਹੀਂ ਬੈਠਦਾ, ਉਹ ਚਾਰੇ ਪਾਸੇ ਮਾਇਆ ਦੀ ਭਾਲ ਵਿਚ ਭਟਕਦਾ ਰਹਿੰਦਾ ਹੈ। ਜੋ ਵੀ ਜੀਵ ਇਸ ਜਗਤ ਵਿਚ ਆਉਂਦਾ ਹੈ, ਉਹ ਇਹ ਲੇਖ ਮੱਥੇ ਤੇ ਲਿਖਵਾ ਕੇ ਆਉਂਦਾ ਹੈ, ਕਿ ਇਕ ਦਿਨ ਮੌਤ ਜ਼ਰੂਰ ਆਵੇਗੀ, ਪਰ ਲੋਕ ਉਸ ਮਾਲਕ ਨੂੰ ਵਿਸਾਰ ਕੇ ਇਥੇ ਸਦਾ ਲਈ ਜੀਉਂਦੇ ਰਹਿਣ ਦਾ ਪ੍ਰਬੰਧ ਕਰਦੇ ਰਹਿੰਦੇ ਹਨ। ਗੁਰੂ ਸਾਹਿਬ ਸਮਝਾਂਉਂਦੇ ਹਨ ਕਿ ਸਾਡੀਆਂ ਅੱਖਾਂ ਦੇ ਸਾਹਮਣੇ ਅਨੇਕਾਂ ਜੀਵ ਇਥੋਂ ਤੁਰੇ ਜਾ ਰਹੇ ਹਨ, ਮੌਤ ਦੀ ਅੱਗ ਲਗਾਤਾਰ ਬਲ ਰਹੀ ਹੈ, ਸਭ ਦੇ ਸਰੀਰ ਇਕ ਦਿਨ ਭਸਮ ਹੋ ਜਾਣੇ ਹਨ, ਪਰ ਲੋਕ ਅਕਾਲ ਪੁਰਖ ਦੇ ਨਾਮੁ ਤੋਂ ਬਿਨਾ ਸਦਾ ਲਈ ਜੀਉਣਾ ਚਾਹੁੰਦੇ ਹਨ। ਇਸ ਜਗਤ ਵਿਚ ਸਦੀਵੀ ਕਾਲ ਲਈ ਨਾ ਕਿਸੇ ਦਾ ਕੋਈ ਮਿੱਤਰ ਹੈ, ਨਾ ਕਿਸੇ ਦਾ ਕੋਈ ਭਰਾ, ਨਾ ਕਿਸੇ ਦਾ ਪਿਉ ਤੇ ਨਾ ਕਿਸੇ ਦੀ ਮਾਂ ਹੈ, ਅਤੇ ਨਾ ਹੀ ਹੋਰ ਕੋਈ ਸਦੀਵੀ ਕਾਲ ਲਈ ਕਿਸੇ ਦਾ ਸਾਥ ਨਿਬਾਹ ਸਕਦਾ ਹੈ। ਗੁਰੂ ਸਾਹਿਬ ਅਕਾਲ ਪੁਰਖ ਦੇ ਦਰ ਤੇ ਨਾਮੁ ਦੀ ਦਾਤ ਲਈ ਬੇਨਤੀ ਕਰਦੇ ਹਨ, ਕਿਉਂਕਿ ਸਿਰਫ਼ ਨਾਮੁ ਹੀ ਅੰਤ ਵੇਲੇ ਸਹਾਈ ਹੋ ਸਕਦਾ ਹੈ।

*ਮਰਣੁ ਲਿਖਾਇ ਮੰਡਲ ਮਹਿ ਆਏ ਜੀਵਣੁ ਸਾਜਹਿ ਮਾਈ ॥ ਏਕਿ ਚਲੇ ਹਮ ਦੇਖਹ ਸੁਆਮੀ ਭਾਹਿ ਬਲੰਤੀ ਆਈ ॥੩॥ ਨ ਕਿਸੀ ਕਾ ਮੀਤੁ ਨ ਕਿਸੀ ਕਾ ਭਾਈ ਨਾ ਕਿਸੈ ਬਾਪੁ ਨ ਮਾਈ ॥ ਪ੍ਰਣਵਤਿ ਨਾਨਕ ਜੇ ਤੂ ਦੇਵਹਿ ਅੰਤੇ ਹੋਇ ਸਖਾਈ ॥੪॥੧॥ (੮੭੬)*

ਗੁਰੂ ਸਾਹਿਬ ਤਾਂ ਉਨ੍ਹਾਂ ਤੋਂ ਕੁਰਬਾਨ ਜਾਂਦੇ ਹਨ, ਜਿਹੜੇ ਉਸ ਅਕਾਲ ਪੁਰਖ ਨੂੰ ਆਪਣੇ ਮਨ ਵਿਚ ਵਸਾਂਦੇ ਹਨ। ਜਿਨ੍ਹਾਂ ਨੇ ਗੁਰੂ ਦੀ ਕਿਰਪਾ ਨਾਲ ਨਿਰਭਉ ਅਕਾਲ ਪੁਰਖ ਦਾ ਧਿਆਨ ਧਰਿਆ ਹੈ, ਅਕਾਲ ਪੁਰਖ ਉਨ੍ਹਾਂ ਨੂੰ ਗੁਰੂ ਦੇ ਸ਼ਬਦ ਵਿਚ ਜੋੜ ਕੇ ਸੰਸਾਰ ਸਮੁੰਦਰ ਤੋਂ ਪਾਰ ਲੰਘਾਂ ਦਿੰਦਾ ਹੈ। ਅਕਾਲ ਪੁਰਖ ਅਜੇਹੇ ਗੁਰਮੁਖਾਂ ਨੂੰ ਆਤਮਕ ਜੀਵਨ ਬਰਬਾਦ ਕਰਨ ਵਾਲੇ ਮੋਹ ਤੋਂ ਬਚਾ ਲੈਂਦਾ ਹੈ। ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮੂਰਖ ਮਨੁੱਖ ਚਤੁਰਾਈਆਂ ਕਰਦੇ ਹਨ, ਤੇ ਆਖਦੇ ਹਨ, ਕਿ ਅਸੀਂ ਤੀਰਥ ਇਸ਼ਨਾਨ ਤੇ ਪੁੰਨ ਦਾਨ ਕਰਦੇ ਹਾਂ, ਪਰ ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਮਨੁੱਖ ਬਾਹਰੋਂ ਕਿਤਨਾ ਵੀ ਪਵਿਤਰ ਕਰਮ ਕਰਨ ਵਾਲਾ ਹੋਵੇ, ਅਕਾਲ ਪੁਰਖ ਦੀ ਹਜ਼ੂਰੀ ਵਿਚ ਪਰਵਾਨ ਨਹੀਂ ਹੁੰਦਾ। ਉਹ ਜਗਤ ਵਿਚ ਆਤਮਕ ਜੀਵਨ ਵਲੋਂ ਖ਼ਾਲੀ ਆਉਂਦਾ ਹੈ ਤੇ ਖ਼ਾਲੀ ਚਲਾ ਜਾਂਦਾ ਹੈ, ਜਗਤ ਵਿਚ ਔਗੁਣ ਕਰ ਕੇ ਆਖ਼ਰ ਪਛਤਾਂਦਾ ਚਲਾ ਜਾਂਦਾ ਹੈ। ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਮਨੁੱਖ ਮਾਇਆ ਦੇ ਮੋਹ ਵਿਚ ਅੰਨ੍ਹਾਂ ਹੋ ਜਾਂਦਾ ਹੈ ਤੇ ਉਸ ਮਨੁੱਖ ਨੂੰ, ਸਹੀ ਜੀਵਨ ਜੁਗਤਿ ਬਾਰੇ ਕੁਝ ਨਹੀਂ ਸੁਝਦਾ। ਆਪਣੇ ਮਨ ਦੇ ਅਧੀਨ ਰਹਿ ਕੇ ਕੀਤੇ ਕਰਮਾਂ ਅਨੁਸਾਰ ਆਤਮਕ ਮੌਤ ਦੇ ਸੰਸਕਾਰ ਆਪਣੇ ਮਨ ਦੀ ਪੱਟੀ ਉੱਤੇ ਲਿਖਾ ਕੇ ਉਹ ਜਗਤ ਵਿਚ ਆਉਂਦਾ ਹੈ, ਇਥੇ ਵੀ ਉਸ ਨੂੰ ਕੁਝ ਸਮਝ ਨਹੀਂ ਪੈਂਦੀ, ਇਸ ਲਈ ਆਪਣੇ ਮਨ ਦੇ ਪਿੱਛੇ ਤੁਰ ਕੇ ਹੀ ਕਰਮ ਕਰਦਾ ਰਹਿੰਦਾ ਹੈ।

ਅਜੇਹਾ ਮਨਮੁਖ ਸਹੀ ਜੀਵਨ ਜਾਚ ਬਾਰੇ ਸੂਝ ਹਾਸਲ ਨਹੀਂ ਕਰਦਾ, ਤੇ ਅਕਾਲ ਪੁਰਖ ਦੇ ਨਾਮੁ ਤੋਂ ਵਾਂਝਿਆ ਰਹਿ ਕੇ ਮਨੁੱਖਾ ਜਨਮ ਵਿਅਰਥ ਗਵਾ ਲੈਂਦਾ ਹੈ।

*ਹਉ ਵਾਰੀ ਜੀਉ ਵਾਰੀ ਨਿਰਭਉ ਮੰਨਿ ਵਸਾਵਣਿਆ ॥ ਗੁਰ ਕਿਰਪਾ ਤੇ ਹਰਿ ਨਿਰਭਉ ਧਿਆਇਆ ਬਿਖੁ ਭਉਜਲੁ ਸਬਦਿ ਤਰਾਵਣਿਆ ॥੧॥ਰਹਾਉ॥ ਮਨਮੁਖ ਮੁਗਧ ਕਰਹਿ ਚਤੁਰਾਈ ॥ ਨਾਤਾ ਧੋਤਾ ਥਾਇ ਨ ਪਾਈ ॥ ਜੇਹਾ ਆਇਆ ਤੇਹਾ ਜਾਸੀ ਕਰਿ ਅਵਗਣ ਪਛੋਤਾਵਣਿਆ ॥੨॥ ਮਨਮੁਖ ਅੰਧੇ ਕਿਛੂ ਨ ਸੂਝੈ ॥ ਮਰਣੁ ਲਿਖਾਇ ਆਏ ਨਹੀ ਬੂਝੈ ॥ ਮਨਮੁਖ ਕਰਮ ਕਰੇ ਨਹੀ ਪਾਏ ਬਿਨੁ ਨਾਵੈ ਜਨਮੁ ਗਵਾਵਣਿਆ ॥੩॥ (੧੧੪)*

ਜਿਸ ਦਿਨ ਜੀਵ ਇਸਤ੍ਰੀ ਵਿਆਹੀ ਜਾਵੇਗੀ, ਉਹ ਸਮਾਂ ਪਹਿਲਾਂ ਹੀ ਲਿਖਿਆ ਹੋਇਆ ਹੈ, ਭਾਵ, ਜੀਵ ਦੇ ਜਗਤ ਵਿਚ ਆਉਣ ਤੋਂ ਪਹਿਲਾਂ ਹੀ ਉਸ ਦੀ ਮੌਤ ਦਾ ਸਮਾਂ ਮਿਥਿਆ ਹੋਇਆ ਹੈ, ਮੌਤ ਦਾ ਫ਼ਰਿਸਤਾ ਜਿਸ ਬਾਰੇ ਕੰਨਾਂ ਨਾਲ ਸੁਣਿਆ ਸੀ, ਆ ਕੇ ਮੂੰਹ ਵਿਖਾਂਦਾ ਹੈ, ਭਾਵ, ਜਿਸ ਬਾਰੇ ਪਹਿਲਾਂ ਹੋਰਨਾਂ ਦੀ ਮੌਤ ਲਈ ਸੁਣਿਆ ਸੀ, ਹੁਣ ਉਸ ਜੀਵ ਇਸਤ੍ਰੀ ਨੂੰ ਲੈਂਣ ਵਾਸਤੇ ਆ ਜਾਂਦਾ ਹੈ। ਹੱਡਾਂ ਨੂੰ ਭੰਨ ਭੰਨ ਕੇ, ਭਾਵ, ਸਰੀਰ ਨੂੰ ਰੋਗਾਂ ਨਾਲ ਨਿਤਾਣਾ ਕਰ ਕੇ, ਵਿਚਾਰੀ ਜਿੰਦ ਨੂੰ ਉਸ ਵਿਚੋਂ ਕੱਢ ਲੈਂਦਾ ਹੈ। ਫਰੀਦ ਸਾਹਿਬ ਸਮਝਾਂਉਂਦੇ ਹਨ, ਕਿ ਆਪਣੀ ਜਿੰਦ ਨੂੰ ਇਹ ਗੱਲ ਸਮਝਾ ਕਿ ਮੌਤ ਦਾ ਇਹ ਮਿਥਿਆ ਹੋਇਆ ਸਮਾਂ ਟਲ ਨਹੀਂ ਸਕਦਾ। ਜਿੰਦ, ਮਾਨੋ, ਵਹੁਟੀ ਹੈ, ਤੇ ਮੌਤ ਦਾ ਫ਼ਰਿਸਤਾ ਇਸ ਦਾ ਲਾੜਾ ਹੈ। ਮੌਤ ਦਾ ਫ਼ਰਿਸਤਾ ਇਕ ਦਿਨ ਜਿੰਦ ਨੂੰ ਵਿਆਹ ਕੇ ਜ਼ਰੂਰ ਲੈ ਜਾਵੇਗਾ। ਇਹ ਸਰੀਰ ਜਿੰਦ ਨੂੰ ਆਪਣੀ ਹੱਥੀਂ ਤੋਰ ਕੇ ਹੁਣ ਕਿਸ ਦੇ ਗਲ ਲੱਗੇਗਾ? ਭਾਵ ਇਹ ਸਰੀਰ ਹੁਣ ਜਿੰਦ ਤੋਂ ਬਿਨਾ ਕੁਝ ਕਰਨ ਜੋਗਾ ਨਹੀਂ ਰਹਿ ਜਾਵੇਗਾ। ਇਸ ਜਗਤ ਰੂਪੀ ਸਮੁੰਦਰ ਵਿਚ ਵਿਕਾਰਾਂ ਦੀਆਂ ਲਹਿਰਾਂ ਉੱਠਦੀਆਂ ਰਹਿੰਦੀਆਂ ਹਨ, ਇਨ੍ਹਾਂ ਵਿਕਾਰਾਂ ਵਿਚੋਂ ਸਹੀ ਸਲਾਮਤ ਪਾਰ ਲੰਘਣ ਲਈ ਦਰਵੇਸ਼ੀ ਦਾ ਪੁਲ ਵਾਲ ਤੋਂ ਵੀ ਬਹੁਤ ਬਾਰੀਕ ਹੈ, ਭਾਵ ਜੀਵਨ ਵਿਚ ਦਰਵੇਸ਼ੀ ਕਮਾਣੀ ਬਹੁਤ ਔਖੀ ਹੈ, ਪਰੰਤੂ ਦੁਨੀਆ ਦੇ ਵਿਕਾਰਾਂ ਤੋਂ ਬਚਣ ਲਈ ਸਿਰਫ਼ ਇਹੀ ਇਕ ਤਰੀਕਾ ਹੈ। ਫਰੀਦ ਸਾਹਿਬ ਸਮਝਾਂਉਂਦੇ ਹਨ, ਧਾਰਮਕ ਪੁਸਤਕਾਂ ਰਾਹੀਂ ਗੁਰੂ ਪੈਗ਼ੰਬਰ ਵਿਕਾਰਾਂ ਦੀਆਂ ਲਹਿਰਾਂ ਦੇ ਖ਼ਤਰਿਆਂ ਤੋਂ ਬਚਣ ਲਈ ਸੁਚੇਤ ਕਰ ਰਹੇ ਹਨ। ਇਸ ਲਈ ਉਨ੍ਹਾਂ ਨੂੰ ਧਿਆਨ ਨਾਲ ਸੁਣ ਤੇ ਇਹ ਮਨੁੱਖਾ ਜੀਵਨ ਵਿਅਰਥ ਨਾ ਗਵਾ। ਗੁਰਬਾਣੀ ਤਾਂ ਸਾਨੂੰ ਜੀਵਨ ਦਾ ਸਹੀ ਰਸਤਾ ਦਿਖਾ ਰਹੀ ਹੈ, ਪਰੰਤੂ ਅਸੀਂ ਗੁਰਬਾਣੀ ਦੇ ਸਬਦਾਂ ਨੂੰ ਕੰਨਾਂ ਰਾਹੀਂ ਸੁਣਨ ਤੇ ਆਪਣੇ ਹਿਰਦੇ ਵਿਚ ਵਸਾਣ ਦੀ ਬਜਾਏ ਆਪਣਾ ਮਨੁੱਖਾ ਜੀਵਨ ਆਪ ਹੀ ਬਰਬਾਦ ਕਰੀ ਜਾ ਰਹੇ ਹਾਂ।

*ਸਲੋਕ ਸੇਖ ਫਰੀਦ ਕੇ ॥ ੧ੴ ਸਤਿਗੁਰ ਪ੍ਰਸਾਦਿ ॥ ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ ॥ ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ ॥ ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ ॥ ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ ॥ ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ ॥ ਆਪਣ ਹਥੀ ਜੋਲਿ ਕੈ ਕੈ ਗਲਿ ਲਗੈ ਧਾਇ ॥ ਵਾਲਹੁ ਨਿਕੀ ਪੁਰਸਲਾਤ ਕੰਨੀ ਨ ਸੁਣੀ ਆਇ ॥ ਫਰੀਦਾ ਕਿੜੀ ਪਵੰਦੀਈ ਖੜਾ ਨ ਆਪੁ ਮੁਹਾਇ ॥੧॥ (੧੩੭੭)*

ਅਕਾਲ ਪੁਰਖ ਨੇ ਆਪ ਹੀ ਇਹ ਸ੍ਰਿਸ਼ਟੀ ਰਚੀ ਹੈ, ਤੇ ਇਸ ਵਿਚ ਜਿੰਦ ਰੂਪੀ ਸੱਤਿਆ ਵੀ ਆਪ ਹੀ ਪਾਈ ਹੈ। ਚੰਗੇ ਮੰਦੇ ਜੀਵਾਂ ਨੂੰ ਪੈਦਾ ਕਰ ਕੇ, ਉਨ੍ਹਾਂ ਦੀ ਸੰਭਾਲ ਵੀ ਉਹ ਆਪ ਹੀ ਕਰ ਰਿਹਾ ਹੈ। ਹਰੇਕ ਜੀਵ ਜੋ ਵੀ ਇਸ ਦੁਨੀਆ ਵਿਚ ਪੈਦਾ ਹੁੰਦਾ ਹੈ, ਉਸ ਨੇ ਇਕ ਦਿਨ ਮਰ ਜਾਣਾ ਹੈ, ਤੇ ਇਸ ਦੁਨੀਆ ਤੋਂ ਕੂਚ ਕਰਨ ਦੀ ਵਾਰੀ ਹਰੇਕ ਜੀਵ ਦੀ ਆਪਣੇ ਆਪਣੇ ਮਿਥੇ ਸਮੇਂ ਅਨੁਸਾਰ ਆਉਂਣੀ ਹੈ। ਜਿਸ ਅਕਾਲ ਪੁਰਖ ਦੇ ਦਿੱਤੇ ਹੋਏ, ਇਹ ਜਿੰਦ ਤੇ ਪ੍ਰਾਣ ਹਨ, ਉਸ ਮਾਲਕ ਨੂੰ ਆਪਣੇ ਮਨ ਤੋਂ ਕਦੇ ਭੁਲਾਣਾ ਨਹੀਂ ਚਾਹੀਦਾ। ਜਿਤਨਾ ਚਿਰ ਇਹ ਜਿੰਦ ਤੇ ਪ੍ਰਾਣ ਮਿਲੇ ਹੋਏ ਹਨ, ਉੱਦਮ ਕਰ ਕੇ ਆਪਣੇ ਹੱਥਾਂ ਨਾਲ ਆਪਣਾ ਕਾਰਜ ਆਪ ਸੁਆਰਨਾ ਚਾਹੀਦਾ ਹੈ, ਕਿਉਂਕਿ, ਇਹ ਮਨੁੱਖਾ ਜਨਮ ਅਕਾਲ ਪੁਰਖ ਦੇ ਹੁਕਮੁ ਅਨੁਸਾਰ ਚਲ ਕੇ ਸਫਲ ਕਰਨ ਲਈ ਮਿਲਿਆ ਹੈ।

*ਪਉੜੀ ॥ ਆਪੇ ਹੀ ਕਰਣਾ ਕੀਓ ਕਲ ਆਪੇ ਹੀ ਤੈ ਧਾਰੀਐ ॥ ਦੇਖਹਿ ਕੀਤਾ ਆਪਣਾ ਧਰਿ ਕਚੀ ਪਕੀ ਸਾਰੀਐ ॥ ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ ॥ ਜਿਸ ਕੇ ਜੀਅ ਪਰਾਣ ਹਹਿ ਕਿਉ ਸਾਹਿਬੁ ਮਨਹੁ ਵਿਸਾਰੀਐ ॥ ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥੨੦॥ (੪੭੪)*

ਬੁਢੇਪਾ ਆ ਜਾਣ ਤੇ ਮਨੁੱਖ ਦਾ ਸਿਰ ਕੰਬਣ ਲੱਗ ਪੈਂਦਾ ਹੈ, ਤੁਰਨ ਲਗਿਆਂ ਪੈਰ ਥਿੜਕਣ ਲਗਦੇ ਹਨ, ਅੱਖਾਂ ਦੀ ਜੋਤਿ ਚਲੀ ਜਾਂਦੀ ਹੈ, ਤੇ ਬੁਢੇਪੇ ਨਾਲ ਸਰੀਰ ਦੀ ਹਾਲਤ ਬਹੁਤ ਮਾੜੀ ਹੋ ਜਾਂਦੀ ਹੈ। ਅਜੇਹੀ ਹਾਲਤ ਹੋਣ ਦੇ ਬਾਵਜੂਦ ਮਨੁੱਖ ਦੇ ਅੰਦਰ ਮਾਇਆ ਦਾ ਮੋਹ ਇਤਨਾ ਜਿਆਦਾ ਹੁੰਦਾ ਹੈ, ਕਿ ਮਨੁੱਖ ਅਕਾਲ ਪੁਰਖ ਦੇ ਨਾਮੁ ਦਾ ਸੁਆਦ ਲੈਂਣ ਲਈ ਆਪਣੇ ਆਪ ਨੂੰ ਉਸ ਵਿਚ ਅਭੇਦ ਕਰਨ ਲਈ ਤਿਆਰ ਨਹੀਂ ਹੁੰਦਾ। ਗੁਰੂ ਸਾਹਿਬ ਸਮਝਾਂਉਂਦੇ ਹਨ, ਕਿ ਜਦੋਂ ਮੈਂ ਇਸ ਜਗਤ ਨੂੰ ਆਪਣਾ ਸਮਝ ਕੇ ਧਿਆਨ ਨਾਲ ਵੇਖਿਆ ਤਾਂ, ਪਤਾ ਲੱਗਾ, ਕਿ ਇਥੇ ਤਾਂ ਕੋਈ ਵੀ ਕਿਸੇ ਦਾ ਸਦਾ ਲਈ ਆਪਣਾ ਨਹੀਂ। ਸਿਰਫ ਅਕਾਲ ਪੁਰਖ ਦੀ ਭਗਤੀ ਹੀ ਹੈ, ਜੋ ਸਦਾ ਕਾਇਮ ਰਹਿਣ ਵਾਲੀ ਹੈ, ਇਸ ਲਈ ਅਕਾਲ ਪੁਰਖ ਦੇ ਨਾਮੁ ਨੂੰ ਹਮੇਸ਼ਾਂ ਆਪਣੇ ਮਨ ਵਿਚ ਰੱਖਿਆ ਕਰੋ। ਗੁਰੂ ਸਾਹਿਬ ਇਕ ਮਿੱਤਰ ਦੀ ਤਰ੍ਹਾਂ ਸਮਝਾਂਦੇ ਹਨ ਕਿ ਇਹ ਗੱਲ ਸੱਚੀ ਜਾਣ ਕਿ ਜਗਤ ਦੀ ਸਾਰੀ ਦੀ ਸਾਰੀ ਰਚਨਾ

ਨਾਸਵੰਤ ਹੈ। ਰੇਤ ਦੀ ਕੰਧ ਵਾਂਗੂੰ ਇਸ ਜਗਤ ਵਿਚ ਕੋਈ ਵੀ ਚੀਜ਼ ਸਦਾ ਕਾਇਮ ਰਹਿਣ ਵਾਲੀ ਨਹੀਂ। ਰਾਜਾ ਰਾਮ ਚੰਦ੍ਰ ਕੂਚ ਕਰ ਗਿਆ, ਰਾਵਨ ਵੀ ਚੱਲ ਵੱਸਿਆ, ਜਿਨ੍ਹਾਂ ਨੂੰ ਬਹੁਤ ਵੱਡੇ ਪਰਵਾਰ ਵਾਲੇ ਕਿਹਾ ਜਾਂਦਾ ਸੀ। ਇਹ ਜਗਤ ਇਕ ਸੁਪਨੇ ਦੀ ਤਰ੍ਹਾਂ ਹੈ, ਤੇ ਇਥੇ ਕੋਈ ਵੀ ਪਦਾਰਥ ਸਦਾ ਕਾਇਮ ਰਹਿਣ ਵਾਲਾ ਨਹੀਂ। ਚਿੰਤਾ ਤਾਂ ਉਸ ਘਟਨਾ ਦੀ ਕਰਨੀ ਚਾਹੀਦੀ ਹੈ, ਜਿਹੜੀ ਕਦੇ ਵਾਪਰਨ ਵਾਲੀ ਨਾ ਹੋਵੇ, ਪਰੰਤੂ ਮੌਤ ਨੇ ਤਾਂ ਹਰ ਹਾਲਤ ਵਿਚ ਇਕ ਦਿਨ ਆਉਂਣਾ ਹੈ, ਫਿਰ ਇਸ ਦੀ ਚਿੰਤਾ ਕਿਉਂ ਕਰਨੀ ਹੈ। ਜਗਤ ਦਾ ਇਹ ਨਿਯਮ ਹੈ ਕਿ ਇਥੇ ਕੋਈ ਵੀ ਜੀਵ ਸਦਾ ਲਈ ਕਾਇਮ ਰਹਿਣ ਵਾਲਾ ਨਹੀਂ। ਜਗਤ ਵਿਚ ਜਿਹੜਾ ਵੀ ਪੈਦਾ ਹੋਇਆ ਹੈ, ਉਸ ਨੇ ਇਕ ਦਿਨ ਜ਼ਰੂਰ ਖਤਮ ਹੋ ਜਾਣਾ ਹੈ, ਅੱਜ ਹੋਵੇ ਜਾਂ ਭਲਕੇ ਸਭ ਨੇ ਆਪਣੀ ਆਪਣੀ ਵਾਰੀ ਅਨੁਸਾਰ ਇਥੋਂ ਕੂਚ ਕਰ ਜਾਣਾ ਹੈ। ਇਸ ਵਾਸਤੇ ਗੁਰੂ ਸਾਹਿਬ ਸਮਝਾਂਉਦੇ ਹਨ ਕਿ ਮਾਇਆ ਦੇ ਮੋਹ ਦੇ ਝਮੇਲਿਆ ਵਿਚੋਂ ਨਿਕਲ ਕੇ ਗੁਰਬਾਣੀ ਦੁਆਰਾ ਅਕਾਲ ਪੁਰਖ ਦੇ ਗੁਣ ਗਾਇਨ ਕਰਿਆ ਕਰੋ।

***ਸਿਰੁ ਕੰਪਿਓ ਪਗ ਡਗਮਗੇ ਨੈਨ ਜੋਤਿ ਤੇ ਹੀਨ ॥ ਕਹੁ ਨਾਨਕ ਇਹ ਬਿਧਿ ਭਈ ਤਊ ਨ ਹਰਿ ਰਸਿ ਲੀਨ ॥੪੭॥ ਨਿਜ ਕਰਿ ਦੇਖਿਓ ਜਗਤੁ ਮੈ ਕੋ ਕਾਹੂ ਕੋ ਨਾਹਿ ॥ ਨਾਨਕ ਥਿਰੁ ਹਰਿ ਭਗਤਿ ਹੈ ਤਿਹ ਰਾਖੋ ਮਨ ਮਾਹਿ ॥੪੮॥ ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥ ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ ॥੪੯॥ ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ ॥ ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ ॥੫੦॥ ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ ॥ ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ ॥੫੧॥ ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥ ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ ॥੫੨॥ (੧੪੨੯)***

ਮਨੁੱਖ ਲਈ ਇਕ ਪਾਸੇ ਇਹ ਸੰਸਾਰ ਸਮੁੰਦਰ ਹੈ, ਜਿਸ ਵਿਚ ਉਹ ਡੁੱਬ ਸਕਦਾ ਹੈ ਤੇ ਦੂਜੇ ਪਾਸੇ, ਇਸ ਸੰਸਾਰ ਸਮੁੰਦਰ ਵਿਚੋਂ ਪਾਰ ਲੰਘਣ ਲਈ ਗੁਰਮੁਖਾਂ ਵਾਲਾ ਰਸਤਾ ਹੈ। ਪਰੰਤੂ ਜੀਵਨ ਸਫਲ ਕਰਨ ਲਈ ਗੁਰਮੁਖਾਂ ਵਾਲਾ ਰਸਤਾ, ਇਕ ਪਹਾੜੀ ਰਸਤੇ ਦੀ ਤਰ੍ਹਾਂ ਬਹੁਤ ਮੁਸ਼ਕਲ ਰਸਤਾ ਹੈ। ਮਾਂ ਪਿਉ ਭੈਣ ਭਰਾ ਆਦਿਕ ਦੇ ਮੋਹ ਵਿਚ ਫਸਿਆ ਮਨੁੱਖ ਮੌਤ ਤੋਂ ਡਰ ਜਾਂਦਾ ਹੈ, ਕਿਉਂਕਿ, ਜਗਤ ਦਾ ਮੋਹ ਦੂਰ ਕਰਨਾ ਆਸਾਨ ਨਹੀਂ, ਤੇ ਆਪਾ ਵਾਰਨਾ ਹੋਰ ਵੀ ਬਹੁਤ ਮੁਸ਼ਕਲ ਹੈ। ਗੁਰੂ ਦੇ ਸਨਮੁਖ ਰਹਿਣ ਨਾਲ ਜਿਸ ਮਨੁੱਖ ਅੰਦਰ ਸੋਝੀ ਆ ਜਾਂਦੀ ਹੈ, ਉਹ ਆਪਣੇ ਅੰਦਰ ਵੱਸਦੇ ਅਕਾਲ ਪੁਰਖ ਨੂੰ ਪਛਾਣ ਲੈਂਦਾ ਹੈ। ਜਿਸ ਮਨੁੱਖ ਨੂੰ ਪੂਰਾ ਗੁਰੂ ਮਿਲ ਜਾਂਦਾ ਹੈ, ਉਸ ਮਨੁੱਖ ਨੂੰ ਗੁਰੂ ਅਕਾਲ ਪੁਰਖ ਦਾ ਨਾਮੁ ਦੇ ਕੇ, ਇਸ ਸਮੁੰਦਰ ਵਿਚੋਂ ਪਾਰ ਲੰਘਾ ਲੈਂਦਾ ਹੈ। ਇਹ ਚੰਗੀ ਤਰ੍ਹਾਂ ਸਮਝ ਲੈਂਣਾਂ ਚਾਹੀਦਾ ਹੈ ਕਿ ਸਾਰਾ ਜਗਤ ਹੀ ਚਲੇ ਜਾਣ ਵਾਲਾ ਹੈ, ਜਗਤ ਵਿਚ ਜੋ ਵੀ ਆਇਆ ਹੈ, ਉਹ ਅਖ਼ੀਰ ਇਕ ਦਿਨ ਚਲਾ ਜਾਵੇਗਾ, ਸਿਰਫ ਇਕ ਅਕਾਲ ਪੁਰਖ ਹੀ ਹੈ, ਜਿਹੜਾ ਕਿ ਮੌਤ ਰਹਿਤ ਹੈ। ਇਸ ਲਈ ਸਤਸੰਗਤਿ ਵਿਚ ਅਕਾਲ ਪੁਰਖ ਦੇ ਚਰਨਾਂ ਨਾਲ ਪਿਆਰ ਪਾ ਕੇ ਸਦਾ ਥਿਰ ਰਹਿਣ ਵਾਲੇ ਅਕਾਲ ਪੁਰਖ ਦੀ ਸਿਫ਼ਤਿ ਸਾਲਾਹ ਕਰਨੀ ਚਾਹੀਦੀ ਹੈ, ਸਿਰਫ ਇਹੀ ਸੰਸਾਰ ਸਮੁੰਦਰ ਦੇ ਵਿਕਾਰਾਂ ਦੀਆਂ ਲਹਿਰਾਂ ਤੋਂ ਬਚਣ ਦਾ ਤਰੀਕਾ ਹੈ। ਜਿਨ੍ਹਾਂ ਨੇ ਗੁਰੂ ਦੇ ਸ਼ਬਦ ਰਾਹੀਂ ਤ੍ਰਿਸ਼ਨਾ ਦੀ ਅੱਗ ਦੂਰ ਕਰ ਲਈ, ਉਹ ਇਸ ਬੇਅੰਤ ਡੂੰਘੇ ਸਮੁੰਦਰ ਤੋਂ ਪਾਰ ਲੰਘ ਗਏ।

***ਚਲਾ ਚਲਾ ਜੇ ਕਰੀ ਜਾਣਾ ਚਲਣਹਾਰੁ ॥ ਜੋ ਆਇਆ ਸੋ ਚਲਸੀ ਅਮਰੁ ਸੁ ਗੁਰੁ ਕਰਤਾਰੁ ॥ ਭੀ ਸਚਾ ਸਾਲਾਹਣਾ ਸਚੈ ਥਾਨਿ ਪਿਆਰੁ ॥੨॥ (੬੩)***

ਜਿਹੜਾ ਵੀ ਜੀਵ ਇਸ ਜਗਤ ਵਿਚ ਜੰਮਦਾ ਹੈ, ਉਹ ਜ਼ਰੂਰ ਇਸ ਜਗਤ ਤੋਂ ਕੂਚ ਕਰ ਜਾਵੇਗਾ। ਮਾਇਆ ਦੇ ਮੋਹ ਵਿਚ ਫਸਿਆ ਮਨੁੱਖ ਆਤਮਕ ਮੌਤ ਦੀ ਫਾਹੀ ਵਿਚ ਫਸ ਜਾਂਦਾ ਹੈ। ਗੁਰੂ ਨੇ ਜਿਨ੍ਹਾਂ ਦੀ ਰੱਖਿਆ ਕੀਤੀ, ਉਹ ਮਨੁੱਖ ਮਾਇਆ ਦੇ ਮੋਹ ਵਿਚ ਨਹੀਂ ਫਸਦੇ ਹਨ, ਉਹ ਸਦਾ ਥਿਰ ਰਹਿੰਣ ਵਾਲੇ ਅਕਾਲ ਪੁਰਖ ਵਿਚ ਲੀਨ ਰਹਿੰਦੇ ਹਨ। ਇਹ ਸਾਰਾ ਖੇਲ ਅਕਾਲ ਪੁਰਖ ਆਪ ਹੀ ਕਰ ਕੇ ਵੇਖ ਰਿਹਾ ਹੈ। ਜਿਸ ਮਨੁੱਖ ਉੱਪਰ ਅਕਾਲ ਪੁਰਖ ਮਿਹਰ ਦੀ ਨਜ਼ਰ ਕਰਦਾ ਹੈ, ਉਹ ਮਨੁੱਖ ਉਸ ਦੇ ਦਰ ਤੇ ਪਰਵਾਨ ਹੋ ਜਾਂਦਾ ਹੈ। ਗਿਆਨ ਤੋਂ ਸੱਖਣਾ ਮਨੁੱਖ ਅੰਨ੍ਹਿਆਂ ਵਾਲੇ ਕੰਮ ਕਰਦਾ ਰਹਿੰਦਾ ਹੈ। ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ ਅਕਾਲ ਪੁਰਖ ਦੇ ਨਾਮੁ ਵਿਚ ਰੰਗੇ ਰਹਿੰਦੇ ਹਨ, ਤੇ ਆਤਮਕ ਆਨੰਦ ਮਾਣਦੇ ਹਨ।

***ਮਾਰੂ ਮਹਲਾ ੩ ॥ ਜੋ ਆਇਆ ਸੋ ਸਭੁ ਕੋ ਜਾਸੀ ॥ ਦੂਜੈ ਭਾਇ ਬਾਧਾ ਜਮ ਫਾਸੀ ॥ ਸਤਿਗੁਰਿ ਰਾਖੇ ਸੇ ਜਨ ਉਬਰੇ ਸਾਚੇ ਸਾਚਿ ਸਮਾਈ ਹੇ ॥੧॥ (੧੦੪੭)***

ਜਿਹੜੇ ਮਨੁੱਖ ਮਾਇਆ ਦੀ ਮਮਤਾ ਦੇ ਬੱਧੇ ਹੋਏ ਜਗਤ ਵਿਚ ਆਉਂਦੇ ਹਨ, ਉਹ ਇਸ ਮਾਇਆ ਵਿਚ ਫਸੇ ਹੋਏ ਹੀ ਇਥੋਂ ਚਲੇ ਜਾਂਦੇ ਹਨ, ਉਹ ਮੁੜ ਜੰਮਦੇ ਮਰਦੇ ਹਨ ਤੇ ਦੁਖੀ ਹੁੰਦੇ ਹਨ, ਉਨ੍ਹਾਂ ਵਾਸਤੇ ਇਹ ਚੌਰਾਸੀ ਲੱਖ ਜੂਨਾਂ ਵਾਲੀ ਸ੍ਰਿਸ਼ਟੀ ਰਤਾ ਵੀ ਘਟਦੀ ਵਧਦੀ ਨਹੀਂ। ਉਹੀ ਮਨੁੱਖ ਸਿਰਫ਼ ਬਚਦੇ ਹਨ, ਜਿਨ੍ਹਾਂ ਨੂੰ ਅਕਾਲ ਪੁਰਖ ਪਿਆਰਾ ਲੱਗਦਾ ਹੈ, ਕਿਉਂਕਿ ਉਨ੍ਹਾਂ ਦੀ ਮਾਇਆ ਪਿੱਛੇ ਭਟਕਣਾ ਮੁੱਕ ਜਾਂਦੀ ਹੈ। ਉਲਟਾ ਮਾਇਆ ਉਨ੍ਹਾਂ ਵਲ ਆ ਕੇ ਖ਼ੁਆਰ ਹੁੰਦੀ ਹੈ, ਕਿਉਂਕਿ ਮਾਇਆ ਉਨ੍ਹਾਂ ਨੂੰ ਮੋਹ ਨਹੀਂ ਸਕਦੀ। ਗੁਰੂ ਸਾਹਿਬ ਸਮਝਾਂਉਦੇ ਹਨ ਕਿ ਜਗਤ ਵਿਚ ਜੋ ਵੀ ਦਿਸਦਾ ਹੈ, ਸਭ ਨਾਸਵੰਤ ਹੈ, ਇਸ ਲਈ ਕਿਸ ਨੂੰ ਮਿੱਤਰ ਬਣਾਇਆ ਜਾਵੇ? ਸਦੀਵੀ ਸਾਥ ਨਿਬਾਹੁਣ ਵਾਲਾ ਮਿੱਤਰ ਤਾਂ ਸਿਰਫ਼ ਅਕਾਲ ਪੁਰਖ ਹੀ ਹੈ, ਇਸ ਲਈ ਬਿਹਤਰ ਇਹੀ ਹੈ ਕਿ

ਉਸ ਦੇ ਅੱਗੇ ਹੀ ਮੈਂ ਆਪਣੀ ਜਿੰਦ ਤੇ ਤਨ ਮਨ ਭੇਟ ਕਰ ਦੇਵਾਂ। ਅਕਾਲ ਪੁਰਖ ਸਦਾ ਕਾਇਮ ਰਹਿਣ ਵਾਲਾ ਮਾਲਕ ਹੈ, ਇਸ ਲਈ ਮੈਨੂੰ ਉਸ ਅਕਾਲ ਪੁਰਖ ਦਾ ਹੀ ਆਸਰਾ ਹੈ। ਅਕਾਲ ਪੁਰਖ ਦੇ ਗੁਣ ਗਾਉਂਣ ਨਾਲ ਆਪਣੇ ਅੰਦਰਲੀ ਹਉਮੈ ਮਰਦੀ ਹੈ, ਕਿਉਂਕਿ ਸਤਿਗੁਰੂ ਦੇ ਸ਼ਬਦ ਵਿਚ ਰੰਗਣ ਨਾਲ ਹੀ ਮਨ ਤੇ ਸਬਦ ਦੀ ਚੋਟ ਵੱਜਦੀ ਹੈ, ਜਿਸ ਸਦਕਾ ਸੱਚ ਦੇ ਮਾਰਗ ਦਾ ਪਤਾ ਲਗਦਾ ਹੈ।

***ਜੋ ਆਵਹਿ ਸੇ ਜਾਹਿ ਫੁਨਿ ਆਇ ਗਏ ਪਛੁਤਾਹਿ ॥ ਲਖ ਚਉਰਾਸੀਹ ਮੇਦਨੀ ਘਟੈ ਨ ਵਧੈ ਉਤਾਹਿ ॥ ਸੇ ਜਨ ਉਬਰੇ ਜਿਨ ਹਰਿ ਭਾਇਆ ॥ ਧੰਧਾ ਮੁਆ ਵਿਗੂਤੀ ਮਾਇਆ ॥ ਜੋ ਦੀਸੈ ਸੋ ਚਾਲਸੀ ਕਿਸ ਕਉ ਮੀਤੁ ਕਰੇਉ ॥ ਜੀਉ ਸਮਪਉ ਆਪਣਾ ਤਨੁ ਮਨੁ ਆਗੈ ਦੇਉ ॥ ਅਸਥਿਰੁ ਕਰਤਾ ਤੂ ਧਣੀ ਤਿਸ ਹੀ ਕੀ ਮੈ ਓਟ ॥ ਗੁਣ ਕੀ ਮਾਰੀ ਹਉ ਮੁਈ ਸਬਦਿ ਰਤੀ ਮਨਿ ਚੋਟ ॥੪੩॥*** *(੯੩੬)*

ਪਤਾ ਨਹੀਂ ਮਨੁੱਖ ਕਿਉਂ ਆਪਣਾ ਜੀਵਨ ਵਿਅਰਥ ਬਰਬਾਦ ਕਰਦਾ ਹੈ। ਮਾਇਆ ਦੀ ਮਸਤੀ ਵਿਚ ਤੇ ਮਾਇਆ ਦੇ ਜਹਿਰ ਭਰੇ ਸੁਆਦ ਵਿਚ ਮਗਨ ਰਹਿੰਦਾ ਹੈ, ਤੇ ਅਕਾਲ ਪੁਰਖ ਦੀ ਸਰਨ ਵਿਚ ਨਹੀਂ ਆਉਂਦਾ। ਇਹ ਸਾਰਾ ਜਗਤ ਇਕ ਸੁਪਨੇ ਦੀ ਤਰ੍ਹਾਂ ਹੈ, ਪਰ ਪਤਾ ਨਹੀਂ, ਮਨੁੱਖ ਕਿਉਂ ਇਸ ਮਾਇਆ ਨੂੰ ਵੇਖ ਕੇ ਉਸ ਦੇ ਲੋਭ ਵਿਚ ਫਸਦਾ ਰਹਿੰਦਾ ਹੈ। ਇਸ ਸੰਸਾਰ ਵਿਚ ਜਿਹੜੇ ਵੀ ਜੀਵ ਪੈਦਾ ਹੁੰਦੇ ਹਨ, ਜਾਂ ਪਦਾਰਥ ਬਣਦੇ ਹਨ, ਉਹ ਸਾਰੇ ਹੀ ਇਕ ਦਿਨ ਨਾਸ ਹੋ ਜਾਂਦੇ ਹਨ, ਇਥੇ ਕੋਈ ਵੀ ਸਦਾ ਲਈ ਨਹੀਂ ਟਿਕ ਸਕਦਾ ਹੈ। ਇਹ ਸਰੀਰ ਨਾਸਵੰਤ ਹੈ, ਪਰ ਜੀਵ ਇਸ ਨੂੰ ਸਦਾ ਕਾਇਮ ਰਹਿਣ ਵਾਲਾ ਸਮਝਦਾ ਰਹਿੰਦਾ ਹੈ, ਤੇ ਇਸ ਤਰ੍ਹਾਂ ਆਪਣੇ ਆਪ ਨੂੰ ਮੋਹ ਦੇ ਬੰਧਨ ਵਿਚ ਬੰਧੀ ਰੱਖਦਾ ਹੈ। ਗੁਰੂ ਸਾਹਿਬ ਸਮਝਾਂਉਦੇ ਹਨ ਕਿ ਉਹੀ ਮਨੁੱਖ ਮੋਹ ਦੇ ਬੰਧਨਾਂ ਤੋਂ ਮੁਕਤ ਹੁੰਦਾ ਹੈ, ਜਿਹੜਾ ਅਕਾਲ ਪੁਰਖ ਦੇ ਗੁਣ ਗਾਇਨ ਕਰਨ ਤੇ ਆਪਣੇ ਜੀਵਨ ਵਿਚ ਅਪਨਾਉਂਣ ਲਈ ਗੁਰਬਾਣੀ ਦੁਆਰਾ ਆਪਣਾ ਚਿੱਤ ਅਕਾਲ ਪੁਰਖ ਨਾਲ ਜੋੜੀ ਰੱਖਦਾ ਹੈ।

***ਸਾਰੰਗ ਮਹਲਾ ੯ ॥ ਕਹਾ ਨਰ ਅਪਨੋ ਜਨਮੁ ਗਵਾਵੈ ॥ ਮਾਇਆ ਮਦਿ ਬਿਖਿਆ ਰਸਿ ਰਚਿਓ ਰਾਮ ਸਰਨਿ ਨਹੀ ਆਵੈ ॥੧॥ ਰਹਾਉ ॥ ਇਹੁ ਸੰਸਾਰੁ ਸਗਲ ਹੈ ਸੁਪਨੋ ਦੇਖਿ ਕਹਾ ਲੋਭਾਵੈ ॥ ਜੋ ਉਪਜੈ ਸੋ ਸਗਲ ਬਿਨਾਸੈ ਰਹਨੁ ਨ ਕੋਊ ਪਾਵੈ ॥੧॥ ਮਿਥਿਆ ਤਨੁ ਸਾਚੋ ਕਰਿ ਮਾਨਿਓ ਇਹ ਬਿਧਿ ਆਪੁ ਬੰਧਾਵੈ ॥ ਜਨ ਨਾਨਕ ਸੋਊ ਜਨੁ ਮੁਕਤਾ ਰਾਮ ਭਜਨ ਚਿਤੁ ਲਾਵੈ ॥੨॥੩॥ (੧੨੩੧)***

ਜਿਸ ਮਨੁੱਖ ਨੂੰ ਗੁਰੂ ਮਿਲ ਪੈਂਦਾ ਹੈ, ਉਸ ਨੂੰ ਉਹ ਜਿਊਦਿਆਂ ਹੀ ਮੌਤ ਵਿਖਾ ਦੇਂਦਾ ਹੈ। ਜਦੋਂ ਮਨੁੱਖ ਜਿਊਦਿਆਂ ਹੀ ਮੌਤ ਦਾ ਤਜਰਬਾ ਕਰ ਲੈਂਦਾ ਹੈ, ਤਾਂ ਉਹ ਜੀਵਨ ਵਿਚ ਵਿਕਾਰਾਂ ਵਲੋਂ ਮੁਕਤ ਹੋਣਾ ਸ਼ੁਰੂ ਹੋ ਜਾਂਦਾ ਹੈ। ਸਰੀਰਕ ਮੌਤ ਦਾ ਡਰ ਆਮ ਲੋਕਾਂ ਨੂੰ ਰਹਿੰਦਾ ਹੈ, ਪਰੰਤੂ ਇਕ ਗੁਰਸਿੱਖ ਨੂੰ ਮੌਤ ਤੋਂ ਡਰ ਪੈਦਾ ਹੋਣ ਦੀ ਬਜਾਏ, ਸਦੀਵੀ ਆਤਮਕ ਜੀਵਨ ਦਾ ਆਨੰਦ ਪਿਆਰਾ ਲੱਗਣ ਪੈਂਦਾ ਹੈ। ਗੁਰਸਿੱਖ ਆਪਣੇ ਸਰੀਰ ਤੇ ਮਾਇਆ ਦਾ ਹੰਕਾਰ ਦੂਰ ਕਰ ਕੇ, ਆਤਮਕ ਅਵਸਥਾ ਪ੍ਰਾਪਤ ਕਰ ਲੈਂਦਾ ਹੈ, ਜਿੱਥੇ ਸੁਰਤਿ ਉੱਚੀਆਂ ਉਡਾਰੀਆਂ ਲਾਉਂਦੀ ਰਹਿੰਦੀ ਹੈ। ਸਾਰੇ ਜੀਵ ਆਪਣੀ ਸਰੀਰਕ ਮੌਤ ਸਬੰਧੀ ਹੁਕਮੁ ਅਕਾਲ ਪੁਰਖ ਦੀ ਹਜ਼ੂਰੀ ਵਿਚੋਂ ਲਿਖਾ ਕੇ ਜੰਮਦੇ ਹਨ, ਭਾਵ, ਇਹੀ ਰੱਬੀ ਨਿਯਮ ਹੈ ਕਿ ਜੋ ਜੰਮਦਾ ਹੈ ਉਸ ਨੇ ਇਕ ਦਿਨ ਮਰਨਾ ਵੀ ਜ਼ਰੂਰ ਹੈ। ਇਥੇ ਸਰੀਰਕ ਤੌਰ ਤੇ ਕਿਸੇ ਨੇ ਸਦਾ ਲਈ ਟਿਕੇ ਨਹੀਂ ਰਹਿਣਾ ਹੈ। ਪਰ ਅਕਾਲ ਪੁਰਖ ਦੀ ਸਿਫ਼ਤਿ-ਸਾਲਾਹ ਕਰ ਕੇ, ਅਕਾਲ ਪੁਰਖ ਦੀ ਸਰਨ ਵਿਚ ਰਹਿ ਕੇ ਸਦੀਵੀ ਆਤਮਕ ਜੀਵਨ ਮਿਲ ਸਕਦਾ ਹੈ। ਗੁਰਸਿੱਖ ਦੁਨੀਆ ਵਿਚ ਕਿਰਤ ਕਰਦਾ ਹੋਇਆ ਵੀ ਮਾਇਆ ਦੇ ਮੋਹ ਤੋਂ ਨਿਰਲੇਪ ਰਹਿੰਦਾ ਹੈ, ਤੇ ਗੁਰੂ ਉਸ ਮਨੁੱਖ ਦੀ ਹਉਮੈ ਦੂਰ ਕਰ ਕੇ ਉਸ ਨੂੰ ਅਕਾਲ ਪੁਰਖ ਨਾਲ ਇਕਮਿਕ ਕਰ ਦੇਂਦਾ ਹੈ।

***ਗਉੜੀ ਮਹਲਾ ੧ ॥ ਸਤਿਗੁਰੁ ਮਿਲੈ ਸੁ ਮਰਣੁ ਦਿਖਾਏ ॥ ਮਰਣੁ ਰਹਣ ਰਸੁ ਅੰਤਰਿ ਭਾਏ ॥ ਗਰਬੁ ਨਿਵਾਰਿ ਗਗਨ ਪੁਰੁ ਪਾਏ ॥੧॥ ਮਰਣੁ ਲਿਖਾਇ ਆਏ ਨਹੀ ਰਹਣਾ ॥ ਹਰਿ ਜਪਿ ਜਾਪਿ ਰਹਣੁ ਹਰਿ ਸਰਣਾ ॥੧॥ ਰਹਾਉ ॥ (੧੫੩)***

ਜਿਹੜਾ ਵੀ ਮਨੁੱਖ ਗੁਰੂ ਦੇ ਸ਼ਬਦ ਨੂੰ ਆਪਣੇ ਹਿਰਦੇ ਵਿਚ ਨਹੀਂ ਵਸਾਂਦਾ, ਉਹ ਮੌਤ ਦੇ ਸਹਮ ਕਰਕੇ ਆਪਣਾ ਆਤਮਕ ਜੀਵਨ ਬਰਬਾਦ ਕਰ ਲੈਂਦਾ ਹੈ। ਗੁਰੂ ਸਾਹਿਬ ਸਮਝਾਂਉਦੇ ਹਨ ਕਿ ਮੇਰੇ ਆਤਮਕ ਜੀਵਨ ਨੂੰ ਅਕਾਲ ਪੁਰਖ ਨੇ ਆਪ ਬਚਾ ਲਿਆ, ਕਿਉਂਕਿ ਉਸ ਦੀ ਮਿਹਰ ਨਾਲ, ਮੈਂ ਗੁਰੂ ਦੇ ਸ਼ਬਦ ਨੂੰ ਆਪਣੇ ਹਿਰਦੇ ਵਿਚ ਵਸਾ ਲਿਆ। ਇਸ ਆਤਮਕ ਮੌਤ ਤੋਂ ਬਚਿਆ ਹੋਇਆ ਸਿਰਫ਼ ਇਕ ਅਕਾਲ ਪੁਰਖ ਹੀ ਹੈ, ਜਿਸ ਦੇ ਗੁਣ ਬਿਆਨ ਨਹੀਂ ਕੀਤੇ ਜਾ ਸਕਦੇ, ਤੇ ਨਾ ਹੀ ਉਸ ਦਾ ਭੇਤ ਪਾਇਆ ਜਾ ਸਕਦਾ ਹੈ।

***ਜੋ ਉਪਜੈ ਸੋ ਕਾਲਿ ਸੰਘਾਰਿਆ ॥ ਹਮ ਹਰਿ ਰਾਖੇ ਗੁਰ ਸਬਦੁ ਬੀਚਾਰਿਆ ॥੧॥ ਰਹਾਉ ॥*** *(੨੨੭)*

ਜਿਸ ਮਨੁੱਖ ਨੇ ਮਨ ਨੂੰ ਆਪਣੇ ਵੱਸ ਵਿਚ ਕਰ ਲਿਆ, ਉਸ ਲਈ ਘਰ ਤੇ ਜੰਗਲ ਇੱਕ ਸਮਾਨ ਹੋ ਜਾਂਦੇ ਹਨ, ਤੇ ਉਹ ਅਡੋਲ ਅਵਸਥਾ ਵਿਚ ਅਕਾਲ ਪੁਰਖ ਦੇ ਪਿਆਰ ਵਿਚ ਮਸਤ ਰਹਿੰਦਾ ਹੈ। ਉਸ ਮਨੁੱਖ ਦੀ ਭੈੜੀ ਮਤਿ ਦੂਰ ਹੋ ਜਾਂਦੀ ਹੈ, ਤੇ ਅਕਾਲ ਪੁਰਖ ਦੀ ਸਿਫ਼ਤਿ ਸਾਲਾਹ ਹਿਰਦੇ ਅੰਦਰ ਵੱਸ ਜਾਂਦੀ ਹੈ। ਅਕਾਲ ਪੁਰਖ ਦਾ ਸਦਾ ਥਿਰ ਰਹਿਣ ਵਾਲਾ ਨਾਮੁ ਉਸ ਦੇ ਹਿਰਦੇ ਵਿਚ ਰਹਿੰਦਾ ਹੈ, ਤੇ ਸਤਿਗੁਰੂ ਦੇ ਦੱਸੇ ਰਸਤੇ ਉਤੇ ਚਲ ਕੇ ਉਹ ਮਨੁੱਖ ਆਤਮਕ ਟਿਕਾਣਾ ਪ੍ਰਾਪਤ ਕਰ ਲੈਂਦਾ ਹੈ। ਮਨ ਨੂੰ

ਮਾਰ ਕੇ ਆਤਮਕ ਆਨੰਦ ਲੈਣ ਵਾਲੇ ਮਨੁੱਖ ਨੂੰ ਝੂਠ ਤੇ ਵਿਕਾਰ ਸਰੀਰ ਲਈ ਭਾਰੀ ਕਸ਼ਟ ਪੈਦਾ ਕਰਨ ਦਾ ਮੂਲ ਜਾਪਦੇ ਹਨ, ਉਸ ਨੂੰ ਲੋਕ ਵਿਖਾਵੇ ਕਰਨ ਵਾਲੇ ਸਾਰੇ ਧਾਰਮਿਕ ਭੇਖ ਫਜ਼ੂਲ ਲੱਗਦੇ ਹਨ। ਉਸ ਨੂੰ ਯਕੀਨ ਰਹਿੰਦਾ ਹੈ ਕਿ ਜਗਤ ਤਾਂ ਪੈਦਾ ਅਤੇ ਨਾਸ ਹੁੰਦਾ ਰਹਿੰਦਾ ਹੈ, ਪਰੰਤੂ ਅਕਾਲ ਪੁਰਖ ਦਾ ਨਾਮੁ ਸਦਾ ਥਿਰ ਰਹਿਣ ਵਾਲਾ ਹੈ, ਇਸ ਵਾਸਤੇ ਹਮੇਸ਼ਾਂ ਉਸ ਦੇ ਹੁਕਮੁ ਤੇ ਰਜਾ ਵਿਚ ਰਹਿੰਣਾਂ ਚਾਹੀਦਾ ਹੈ।

***ਝੂਠ ਵਿਕਾਰ ਮਹਾ ਦੁਖੁ ਦੇਹ ॥ ਭੇਖ ਵਰਨ ਦੀਸਹਿ ਸਭਿ ਖੇਹ ॥ ਜੋ ਉਪਜੈ ਸੋ ਆਵੈ ਜਾਇ ॥ ਨਾਨਕ ਅਸਥਿਰੁ ਨਾਮੁ ਰਜਾਇ ॥੪॥੧੧॥ (੩੫੧, ੩੫੨)***

ਜੇ ਕਰ ਉਪਰ ਲਿਖੀਆਂ, ਗੁਰਬਾਣੀ ਦੀਆਂ ਸਿਖਿਆਵਾਂ, ਨੂੰ ਇਕੱਠਾ ਕਰੀਏ ਤਾਂ ਅਸੀਂ ਨਿਸਚੇ ਨਾਲ ਸਮਝ ਸਕਦੇ ਹਾਂ, ਕਿ ਗੁਰੂ ਗਰੰਥ ਸਾਹਿਬ ਅਨੁਸਾਰ ਜੋ ਵੀ ਜੀਵ ਪੈਦਾ ਹੋਇਆ ਹੈ, ਉਸ ਨੇ ਇਕ ਦਿਨ ਮਰਨਾ ਹੈ।

- ਜਦੋਂ ਵੀ ਕਿਸੇ ਜੀਵ ਦਾ ਸਾਹ ਲੈਣਾਂ, ਸਰੀਰ ਦੀ ਹਰਕਤ ਜਾਂ ਹੋਰ ਕਿਰਿਆਵਾਂ ਬੰਦ ਹੋ ਜਾਂਦੀਆਂ ਹਨ ਤਾਂ ਉਸ ਨੂੰ ਮਰਿਆ ਕਿਹਾ ਜਾਂਦਾ ਹੈ।
- ਮਰਨ ਤੋਂ ਬਾਅਦ ਜੀਵ ਆਤਮਾ ਕਿਥੇ ਜਾਂਦੀ ਹੈ, ਇਸ ਬਾਰੇ ਸਾਇੰਸ ਕੁਝ ਨਹੀਂ ਕਹਿ ਸਕਦੀ।
- ਇਸ ਜਗਤ ਵਿਚ ਨਾ ਕਿਸੇ ਦਾ ਕੋਈ ਮਿੱਤਰ, ਭਰਾ, ਪਿਉ, ਮਾਂ, ਤੇ ਨਾ ਹੀ ਕੋਈ ਹੋਰ ਸਦੀਵੀ ਕਾਲ ਲਈ ਸਾਥ ਨਿਭਾਅ ਸਕਦਾ ਹੈ।
- ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਮਨੁੱਖ ਮਾਇਆ ਦੇ ਮੋਹ ਵਿਚ ਅੰਨ੍ਹਾਂ ਹੋ ਜਾਂਦਾ ਹੈ ਤੇ ਉਸ ਨੂੰ ਸਹੀ ਜੀਵਨ ਜੁਗਤਿ ਬਾਰੇ ਕੁਝ ਨਹੀਂ ਸੁਝਦਾ, ਤੇ ਅਕਾਲ ਪੁਰਖ ਦੇ ਨਾਮੁ ਤੋਂ ਵਾਂਝਿਆ ਰਹਿ ਕੇ ਮਨੁੱਖਾ ਜਨਮ ਵਿਅਰਥ ਗਵਾ ਲੈਂਦਾ ਹੈ।
- ਇਸ ਜਗਤ ਰੂਪੀ ਸਮੁੰਦਰ ਵਿਚ ਵਿਕਾਰਾਂ ਦੀਆਂ ਲਹਿਰਾਂ ਉੱਠ ਰਹੀਆਂ ਹਨ, ਇਨ੍ਹਾਂ ਵਿਕਾਰਾਂ ਵਿਚੋਂ ਸਹੀ ਸਲਾਮਤ ਪਾਰ ਲੰਘਣ ਬੜਾ ਔਖਾ ਹੈ।
- ਜਿਸ ਅਕਾਲ ਪੁਰਖ ਦੇ ਦਿੱਤੇ ਹੋਏ, ਇਹ ਜਿੰਦ ਤੇ ਪ੍ਰਾਣ ਹਨ, ਉਸ ਮਾਲਕ ਨੂੰ ਆਪਣੇ ਮਨ ਤੋਂ ਕਦੇ ਭੁਲਾਣਾ ਨਹੀਂ ਚਾਹੀਦਾ, ਉੱਦਮ ਕਰ ਕੇ ਆਪਣੇ ਹੱਥਾਂ ਨਾਲ ਆਪਣਾ ਕਾਰਜ ਆਪ ਸੁਆਰਨਾ ਚਾਹੀਦਾ ਹੈ।
- ਗੁਰੂ ਸਾਹਿਬ ਇਕ ਮਿੱਤਰ ਦੀ ਤਰ੍ਹਾਂ ਸਮਝਾਂਦੇ ਹਨ ਕਿ ਇਸ ਜਗਤ ਵਿਚ ਰੇਤ ਦੀ ਕੰਧ ਵਾਂਗੂੰ ਕੋਈ ਵੀ ਚੀਜ਼ ਸਦਾ ਕਾਇਮ ਰਹਿਣ ਵਾਲੀ ਨਹੀਂ ਹੈ।
- ਸਤਸੰਗਤਿ ਵਿਚ ਅਕਾਲ ਪੁਰਖ ਦੇ ਚਰਨਾਂ ਨਾਲ ਪਿਆਰ ਪਾ ਕੇ ਸਦਾ ਥਿਰ ਰਹਿਣ ਵਾਲੇ ਅਕਾਲ ਪੁਰਖ ਦੀ ਸਿਫ਼ਤਿ ਸਾਲਾਹ ਕਰਨੀ ਚਾਹੀਦੀ ਹੈ, ਸਿਰਫ ਇਹੀ ਸੰਸਾਰ ਸਮੁੰਦਰ ਦੇ ਵਿਕਾਰਾਂ ਦੀਆਂ ਲਹਿਰਾਂ ਤੋਂ ਬਚਣ ਦਾ ਤਰੀਕਾ ਹੈ।
- ਗਿਆਨ ਤੋਂ ਸੱਖਣਾ ਮਨੁੱਖ ਅੰਨ੍ਹਿਆਂ ਵਾਲੇ ਕੰਮ ਕਰਦਾ ਰਹਿੰਦਾ ਹੈ। ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ ਅਕਾਲ ਪੁਰਖ ਦੇ ਨਾਮੁ ਵਿਚ ਰੰਗੇ ਰਹਿੰਦੇ ਹਨ, ਤੇ ਆਤਮਕ ਆਨੰਦ ਮਾਣਦੇ ਹਨ।
- ਅਕਾਲ ਪੁਰਖ ਦੇ ਗੁਣ ਗਾਉਂਣ ਨਾਲ ਹੀ ਆਪਣੇ ਅੰਦਰਲੀ ਹਉਮੈ ਮਰਦੀ ਹੈ, ਕਿਉਂਕਿ ਸਤਿਗੁਰੂ ਦੇ ਸ਼ਬਦ ਵਿਚ ਰੰਗਣ ਨਾਲ ਹੀ ਮਨ ਤੇ ਸਬਦ ਦੀ ਚੋਟ ਵੱਜਦੀ ਹੈ, ਜਿਸ ਸਦਕਾ ਸੱਚ ਦੇ ਮਾਰਗ ਦਾ ਪਤਾ ਲਗਦਾ ਹੈ।
- ਇਹ ਸਾਰਾ ਜਗਤ ਇਕ ਸੁਪਨੇ ਦੀ ਤਰ੍ਹਾਂ ਹੈ, ਪਰ ਉਹੀ ਮਨੁੱਖ ਮੋਹ ਦੇ ਬੰਧਨਾਂ ਤੋਂ ਮੁਕਤ ਹੁੰਦਾ ਹੈ, ਜਿਹੜਾ ਗੁਰਬਾਣੀ ਦੁਆਰਾ ਅਕਾਲ ਪੁਰਖ ਦੇ ਗੁਣ ਗਾਇਨ ਕਰਦਾ ਹੈ ਤੇ ਆਪਣੇ ਜੀਵਨ ਵਿਚ ਅਪਨਾਉਂਦਾ ਹੈ।
- ਜਿਸ ਮਨੁੱਖ ਨੂੰ ਗੁਰੂ ਮਿਲ ਪੈਂਦਾ ਹੈ, ਉਸ ਨੂੰ ਗੁਰੂ ਜਿਊਦਿਆਂ ਹੀ ਮੌਤ ਵਿਖਾ ਦੇਂਦਾ ਹੈ। ਜਦੋਂ ਮਨੁੱਖ ਜਿਊਦਿਆਂ ਹੀ ਮੌਤ ਦਾ ਤਜਰਬਾ ਕਰ ਲੈਂਦਾ ਹੈ, ਤਾਂ ਉਹ ਜੀਵਨ ਵਿਚ ਵਿਕਾਰਾਂ ਵਲੋਂ ਮੁਕਤ ਹੋਣਾ ਸ਼ੁਰੂ ਹੋ ਜਾਂਦਾ ਹੈ।
- ਗੁਰਸਿੱਖ ਦੁਨੀਆ ਵਿਚ ਕਿਰਤ ਕਰਦਾ ਹੋਇਆ ਵੀ ਮਾਇਆ ਦੇ ਮੋਹ ਤੋਂ ਉੱਚਾ ਰਹਿੰਦਾ ਹੈ, ਤੇ ਗੁਰੂ ਉਸ ਮਨੁੱਖ ਦੀ ਹਉਮੈ ਦੂਰ ਕਰ ਕੇ ਉਸ ਨੂੰ ਅਕਾਲ ਪੁਰਖ ਨਾਲ ਇਕਮਿਕ ਕਰ ਦੇਂਦਾ ਹੈ।
- ਇਸ ਆਤਮਕ ਮੌਤ ਤੋਂ ਬਚਿਆ ਹੋਇਆ ਸਿਰਫ਼ ਇਕ ਅਕਾਲ ਪੁਰਖ ਹੀ ਹੈ, ਜਿਸ ਦੇ ਗੁਣ ਬਿਆਨ ਨਹੀਂ ਕੀਤੇ ਜਾ ਸਕਦੇ, ਤੇ ਨਾ ਹੀ ਉਸ ਦਾ ਭੇਤ ਪਾਇਆ ਜਾ ਸਕਦਾ ਹੈ।
- ਮਨ ਨੂੰ ਮਾਰ ਕੇ ਆਤਮਕ ਆਨੰਦ ਲੈਣ ਵਾਲੇ ਮਨੁੱਖ ਨੂੰ ਲੋਕ ਵਿਖਾਵੇ ਕਰਨ ਵਾਲੇ ਸਾਰੇ ਧਾਰਮਿਕ ਭੇਖ ਫਜ਼ੂਲ ਲੱਗਦੇ ਹਨ।

- ਸਤਿਗੁਰੂ ਦੇ ਸ਼ਬਦ ਅਨੁਸਾਰ ਚਲਣ ਵਾਲੇ ਗੁਰਸਿੱਖ ਨੂੰ ਪੱਕਾ ਯਕੀਨ ਹੋ ਜਾਂਦਾ ਹੈ ਕਿ ਇਹ ਜਗਤ ਪੈਦਾ ਤੇ ਨਾਸ ਹੁੰਦਾ ਰਹਿੰਦਾ ਹੈ, ਅਤੇ ਅਕਾਲ ਪੁਰਖ ਦਾ ਨਾਮੁ ਸਦਾ ਥਿਰ ਰਹਿਣ ਵਾਲਾ ਹੈ, ਇਸ ਲਈ ਗੁਰਸਿੱਖ ਹਮੇਸ਼ਾਂ ਅਕਾਲ ਪੁਰਖ ਦੇ ਹੁਕਮੁ ਤੇ ਰਜਾ ਵਿਚ ਰਹਿੰਦਾ ਹੈ।

**"ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ"**

ਤਤਕਰਾ

# ਗੁਰਬਾਣੀ ਸੱਚ ਅਤੇ ਸੱਚੇ ਜੀਵਨ ਦੀ ਜਾਚ ਸਿਖਾਉਂਦੀ ਹੈ, ਪਰੰਤੂ ਸਾਇੰਸ ਸਿਰਫ ਵੇਖ ਸਕਣ ਵਾਲੇ ਸੱਚ ਦੀ ਗੱਲ ਕਰਦੀ ਹੈ (ਭਾਗ-੨੦)

## Gurbani teaches truth and truthful living whereas science deals with observable realities only (Part-20)

ਤਰਤੀਬ ਅਨੁਸਾਰ ਕੁਦਰਤ, ਉਸ ਦੇ ਨਿਯਮ ਅਤੇ ਵਿਧੀਆਂ ਦੇ ਬਾਰੇ ਇਕੱਠੇ ਕੀਤੇ ਗਏ ਗਿਆਨ ਨੂੰ ਸਾਇੰਸ ਕਿਹਾ ਜਾਂਦਾ ਹੈ। ਸਾਇੰਸ ਪਦਾਰਥ ਤੇ ਉਸ ਨਾਲ ਹੋ ਰਹੀਆਂ ਕਿਰਿਆਵਾਂ ਨੂੰ ਸਮਝ ਕੇ ਦੁਨੀਆ ਦੀ ਅਸਲੀਅਤ, ਭਾਵ ਅਕਾਲ ਪੁਰਖ ਨੂੰ ਖੋਜਣ ਦਾ ਯਤਨ ਕਰਦੀ ਹੈ। ਸਾਇੰਸ ਪੰਜ ਇੰਦਰੀਆਂ, ਜਾਨਵਰਾਂ ਤੇ ਜੰਤਰਾਂ ਦੀ ਸਹਾਇਤਾ ਨਾਲ ਪਦਾਰਥ ਦੀ ਖੋਜ ਕਰਦੀ ਹੈ। ਸੀਮਿਤ ਸਾਧਨ ਅਤੇ ਪੰਜ ਇੰਦਰੀਆਂ (ਅੱਖ, ਕੰਨ, ਨੱਕ, ਜਬਾਨ ਅਤੇ ਚਮੜੀ) ਸਦਕਾ, ਸਾਇੰਸ ਸਚਾਈ ਦੀ ਕੁਝ ਹੱਦ ਤਕ ਹੀ ਪਹੁੰਚ ਸਕੀ ਹੈ।

ਸਾਇੰਸ ਦੇ ਸਾਰੇ ਨਿਯਮ ਪਦਾਰਥ ਨਾਲ ਹੋ ਰਹੀਆਂ ਕਿਰਿਆਵਾਂ ਦੇ ਆਧਾਰ ਤੇ ਹੁੰਦੇ ਹਨ। ਮਨ ਦੀਆਂ ਕਿਰਿਆਵਾਂ ਨੂੰ ਪਦਾਰਥੀ ਯੰਤਰਾਂ ਨਾਲ ਮਾਪਿਆ ਨਹੀਂ ਜਾ ਸਕਦਾ। ਇਹੀ ਕਾਰਣ ਹੈ ਕਿ ਸਾਇੰਸ ਦੀਆਂ ਖੋਜਾਂ ਨਾਲ ਤਕਨੀਕੀ ਤਰੱਕੀ ਤਾਂ ਬਹੁਤ ਹੋਈ ਪਰ ਮਾਨਸਿਕ ਵਿਕਾਸ ਨਹੀਂ। ਐਟਮ ਬੰਬ ਦੀ ਕਾਢ ਜਪਾਨ ਦੀ ਬਰਬਾਦੀ ਦਾ ਕਾਰਣ ਬਣੀ, ਅਧੁਨਿਕ ਹਥਿਆਰਾ ਨਾਲ ਤਬਾਹੀ ਮਚਾਈ ਜਾ ਰਹੀ ਹੈ। ਕੰਮਪਿਊਟਰ, ਮੋਬਾਈਅਲ, ਇੰਨਟਰਨੇਟ, ਟੀ.ਵੀ., ਆਦਿ ਦੇ ਫਾਇਦੇ ਵੀ ਬਹੁਤ ਹਨ ਤੇ ਦੁਰਵਰਤੋਂ ਵੀ ਬਹੁਤ ਹੋ ਰਹੀ ਹੈ। ਇਨ੍ਹਾਂ ਦੀ ਵਰਤੋਂ ਮਨੁੱਖਤਾ ਦੇ ਭਲੇ ਲਈ ਵਰਤਣੀ ਹੈ ਕਿ ਬਰਬਾਦੀ ਲਈ, ਇਸ ਦੀ ਸੇਧ ਸਾਇੰਸ ਨਹੀਂ ਦੇ ਸਕਦੀ, ਪਰੰਤੂ ਧਰਮ ਇਸ ਕਾਰਜ ਲਈ ਬਹੁਤ ਸਹਾਈ ਹੋ ਸਕਦਾ ਹੈ।

ਧਰਮ ਅਕਾਲ ਪੁਰਖ ਬਾਰੇ ਨਿਯਮ ਅਤੇ ਅਸੂਲਾਂ ਨੂੰ ਬਿਆਨ ਕਰਕੇ ਜੀਵਨ ਦੀ ਰੌਂ, ਮਨੁੱਖਤਾ ਅਤੇ ਦੁਨਿਆਵੀ ਜੀਵਨ ਤਕ ਪਹੁੰਚਦਾ ਹੈ। ਧਰਮ ਉਹੀ ਸਫਲ ਹੈ ਜਿਹੜਾ ਅਕਾਲ ਪੁਰਖ ਤੋਂ ਇਕ ਸਫਲ ਮਨੁੱਖਾ ਜੀਵਨ ਤਕ ਪੂਰਨ ਤੌਰ ਤੇ ਲਿਜਾ ਸਕਦਾ ਹੈ। **ਸਿੱਖ ਧਰਮ ਸੱਚ ਅਤੇ ਸੱਚਾ ਜੀਵਨ ਜਿਉਣ ਦੀ ਜਾਚ ਸਿਖਾਂਉਂਦਾ ਹੈ। ਸਾਇੰਸ ਸਿਰਫ ਦਿਸਣ ਵਾਲੇ ਜਾਂ ਵੇਖ ਸਕਣ ਵਾਲੇ ਸੱਚ ਦੀ ਗੱਲ ਕਰਦੀ ਹੈ। ਅਸਲੀ ਸੱਚ ਜਾਨਣ ਲਈ ਸੱਚਾ ਜੀਵਨ ਜਿਉਣਾਂ ਬਹੁਤ ਜਰੂਰੀ ਹੈ।**

ਅਕਾਲ ਪੁਰਖ ਦੇ ਨਿਯਮ ਹਰੇਕ ਪਦਾਰਥਾਂ ਤੇ ਹਰੇਕ ਜੀਵ ਤੇ ਲਾਗੂ ਹੁੰਦੇ ਹਨ। ਅਕਾਲ ਪੁਰਖ ਦੇ ਨਿਯਮ ਪਦਾਰਥਾਂ ਲਈ ਵੀ ਹਨ ਤੇ ਮਨ ਲਈ ਵੀ ਹਨ। ਸਾਇੰਸ ਪਦਾਰਥਾਂ ਵਾਲੇ ਨਿਯਮ ਤਾਂ ਆਸਾਨੀ ਨਾਲ ਸਮਝ ਸਕਦੀ ਹੈ, ਪਰ ਮਨ ਦੇ ਨਿਯਮ ਸਾਇੰਸ ਦੀ ਪਹੁੰਚ ਤੋਂ ਬਾਹਰ ਹਨ।

ਜਿਸ ਮਨੁੱਖ ਦਾ ਮਨ ਅਕਾਲ ਪੁਰਖ ਦੇ ਨਾਮੁ ਵਿਚ ਰੰਗਿਆ ਜਾਂਦਾ ਹੈ, ਉਸ ਨੂੰ ਆਤਮਕ ਸੁਖ ਮਿਲਦਾ ਹੈ। ਜਿਸ ਮਨੁੱਖ ਦੀ ਸੁਰਤਿ ਗੁਰਬਾਣੀ ਵਿਚਾਰ ਨਾਲ ਜੁੜੀ ਜਾਂਦੀ ਹੈ, ਉਸ ਦੇ ਅੰਦਰ ਅਨੰਦ ਪੈਦਾ ਹੋ ਜਾਂਦਾ ਹੈ। ਅਕਾਲ ਪੁਰਖ ਦੇ ਨਾਮੁ ਨੂੰ ਜੀਵਨ ਦਾ ਆਸਰਾ ਬਣਾਣ ਲਈ, ਉਸ ਦੇ ਹੁਕਮੁ ਨੂੰ ਸਮਝਣਾ ਤੇ ਉਸ ਅਨੁਸਾਰ ਚਲਣਾਂ ਬਹੁਤ ਜਰੂਰੀ ਹੈ। ਗੁਰੂ ਸਾਹਿਬ ਸਮਝਾਂਉਂਦੇ ਹਨ, ਕਿ ਅਕਾਲ ਪੁਰਖ ਦੇ ਹੁਕਮੁ ਤੇ ਰਜ਼ਾ ਵਿਚ ਚਲਣਾਂ ਹੀ ਸਹੀ ਕਾਰ ਹੈ। ਇਸ ਲਈ ਉਸ ਅਕਾਲ ਪੁਰਖ ਦੇ ਚਰਨਾਂ ਨਾਲ ਆਪਣੀ ਲਿਵ ਜੋੜਨੀ ਚਾਹੀਦੀ ਹੈ, ਜਿਸ ਨੇ ਇਹ ਮਨੁੱਖਾ ਸਰੀਰ ਤੇ ਮਨ ਪੈਦਾ ਕਰ ਕੇ ਇਨ੍ਹਾਂ ਨੂੰ ਇਤਨਾ ਸੁੰਦਰ ਬਣਾਇਆ ਹੈ। ਆਪਣੇ ਸਰੀਰ ਨੂੰ ਕਸ਼ਟ ਦੇ ਕੇ, ਜਾਂ ਹੋਰ ਲੱਖਾਂ ਕ੍ਰੋੜਾਂ ਕਰਮ ਕਾਂਡ ਕਰਕੇ, ਕੋਈ ਵੀ ਕਰਮ ਅਕਾਲ ਪੁਰਖ ਦੇ ਨਾਮੁ ਦੀ ਬਰਾਬਰੀ ਤਕ ਨਹੀਂ ਪਹੁੰਚ ਸਕਦਾ। ਸਿਰ ਉੱਤੇ ਆਰਾ ਚਲਵਾਉਣ ਨਾਲ ਜਾਂ ਹੋਰ ਸਰੀਰਕ ਕਸ਼ਟ ਸਹਿਣ ਨਾਲ ਮਨ ਵਿਚੋਂ ਹਉਮੈ ਦਾ ਰੋਗ ਦੂਰ ਨਹੀਂ ਹੁੰਦਾ। ਸੋਨੇ ਦੇ ਕਿਲ੍ਹੇ, ਹਾਥੀ, ਘੋੜੇ, ਗਾਂਵਾਂ, ਜ਼ਮੀਨ ਆਦਿ ਦਾਨ ਕਰਨ ਨਾਲ ਸਗੋਂ ਉਲਟਾ ਮਨ ਵਿਚ ਹੰਕਾਰ ਵਧਦਾ ਹੈ। ਜਿਸ ਮਨੁੱਖ ਨੂੰ ਸਤਿਗੁਰੂ ਨੇ ਸਦਾ ਥਿਰ ਰਹਿੰਣ ਵਾਲੇ ਅਕਾਲ ਪੁਰਖ ਦੇ ਨਾਮੁ ਦੀ ਬਖ਼ਸ਼ਸ਼ ਕੀਤੀ ਹੈ, ਉਸ ਦਾ ਮਨ ਅਕਾਲ ਪੁਰਖ ਦੇ ਨਾਮੁ ਵਿਚ ਪਰੋਇਆ ਰਹਿੰਦਾ ਹੈ। ਅਨੇਕਾਂ ਲੋਕ ਤਪੱਸਿਆ ਆਦਿਕ ਕਰਮਾਂ ਵਲ ਪ੍ਰੇਰੇ ਜਾਂਦੇ ਹਨ, ਜੋ ਕਿ ਮਨ ਦੇ ਹਠ ਨਾਲ ਕੀਤੇ ਜਾਂਦੇ ਹਨ, ਅਨੇਕਾਂ ਲੋਕ ਵੇਦ ਆਦਿਕ ਧਾਰਮਿਕ ਪੁਸਤਕਾਂ ਦੇ ਵਿਚਾਰ ਕਰਦੇ ਹਨ ਤੇ ਇਸ ਵਾਦ-ਵਿਵਾਦ ਨੂੰ ਹੀ ਆਪਣੇ ਜੀਵਨ ਦਾ ਸਹੀ ਰਸਤਾ ਤੇ ਮੰਤਵ ਸਮਝਦੇ ਹਨ। ਪਰੰਤੂ ਹਉਮੈ ਦੇ ਬੰਧਨਾਂ ਤੋਂ ਮੁਕਤੀ ਦਾ ਦਰਵਾਜ਼ਾ ਗੁਰੂ ਦੇ ਸਨਮੁਖ ਹੋਇਆਂ ਹੀ ਖੁਲਦਾ ਹੈ, ਕਿਉਂਕਿ ਗੁਰੂ ਹੀ ਅਕਾਲ ਪੁਰਖ ਦੇ ਨਾਮੁ ਦੁਆਰਾ ਜੀਵਨ ਸਫਲ ਕਰਨ ਦਾ ਸਹੀ ਰਸਤਾ ਦੱਸਦਾ ਹੈ। ਹਰੇਕ ਕਰਮ ਸਦਾ ਥਿਰ ਰਹਿੰਣ ਵਾਲੇ ਅਕਾਲ ਪੁਰਖ ਦੇ ਨਾਮੁ ਤੋਂ ਘਟੀਆ ਹੈ, ਤੇ ਸਭ ਕਰਮਾਂ ਨਾਲੋਂ ਸ੍ਰੇਸ਼ਟ ਕਰਮ, ਗੁਰਬਾਣੀ ਦੁਆਰਾ ਸਮਝਾਇਆ ਗਿਆ ਅਕਾਲ ਪੁਰਖ ਦਾ ਨਾਮੁ ਰੂਪੀ ਕਰਮ ਹੀ ਹੈ। ਇਕ ਅਕਾਲ ਪੁਰਖ ਨੇ ਹੀ ਇਹ ਸਾਰੇ ਜੀਵ ਰਚੇ ਹਨ, ਤੇ ਤਿੰਨਾਂ ਲੋਕਾਂ ਦੇ ਸਾਰੇ ਜੀਵਾਂ ਵਿਚ ਉਸੇ ਅਕਾਲ ਪੁਰਖ ਦੀ ਜੋਤਿ ਦਾ ਚਾਨਣ ਹੈ, ਇਸ ਲਈ ਜਾਤ ਪਾਤ ਦੇ ਆਧਾਰ ਤੇ ਦੂਸਰਿਆਂ ਨੂੰ ਨਿੰਦਣਾ ਠੀਕ ਨਹੀਂ, ਇਸ ਲਈ ਹਰੇਕ ਜੀਵ ਨੂੰ ਚੰਗਾ ਹੀ ਆਖਣਾ ਚਾਹੀਦਾ ਹੈ। ਜੇਹੜਾ ਮਨੁੱਖ ਗੁਰਮੁਖਾਂ ਦੀ

ਸੰਗਤਿ ਵਿਚ ਮਿਲ ਬੈਠਦਾ ਹੈ, ਅਤੇ ਗੁਰੂ ਆਸ਼ੇ ਅਨੁਸਾਰ ਚਲਦਾ ਹੈ, ਉਸ ਦੇ ਮਨ ਵਿਚ ਸੰਤੋਖ ਕਾਇਮ ਹੋ ਜਾਂਦਾ ਹੈ। ਗੁਰੂ ਦੇ ਸ਼ਬਦ ਦੁਆਰਾ ਅਕਾਲ ਪੁਰਖ ਵਰਗਾ ਸੁਭਾਉ ਬਣਾਉਂਣ ਨਾਲ ਇਹ ਯਕੀਨ ਬਣ ਜਾਂਦਾ ਹੈ ਕਿ ਅਕਾਲ ਪੁਰਖ ਹਰੇਕ ਸਰੀਰ ਵਿਚ ਵਸ ਰਿਹਾ ਹੈ। ਪਰ ਇਹ ਸਮਝ ਕਿਸੇ ਵਿਰਲੇ ਨੂੰ ਹੀ ਪੈਂਦੀ ਹੈ। ਜੇਹੜੇ ਮਨੁੱਖ ਗੁਰੂ ਦੀ ਸਰਨ ਵਿਚ ਆ ਕੇ ਆਪਣੇ ਮਨ ਨੂੰ ਇਸ ਤਰ੍ਹਾਂ ਸਮਝਾ ਲੈਂਦੇ ਹਨ, ਉਹ ਗੁਰੂ ਦੇ ਉਪਦੇਸ਼ ਨੂੰ ਕਮਾ ਕੇ, ਤੇ ਗੁਰਬਾਣੀ ਅਨੁਸਾਰ ਆਪਣਾ ਜੀਵਨ ਵਿਚਰ ਕੇ, ਆਪਣਾ ਹਉਮੈ ਦਾ ਰੋਗ ਦੂਰ ਕਰ ਲੈਂਦੇ ਹਨ।

***ਮਨਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ ॥ ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰ ॥ ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥੫॥ (੬੨)***

ਜੇਕਰ ਕਿਸੇ ਮਨੁੱਖ ਦੀ ਉਮਰ ਚਾਰ ਜੁਗਾਂ ਜਿਤਨੀ ਲੰਮੀ ਹੋ ਜਾਏ, ਨਿਰੀ ਇਤਨੀ ਹੀ ਨਹੀਂ, ਸਗੋਂ ਜੇ ਇਸ ਤੋਂ ਵੀ ਦਸ ਗੁਣਾ ਹੋਰ ਉਮਰ ਹੋ ਜਾਏ। ਜੇ ਉਹ ਸਾਰੇ ਸੰਸਾਰ ਵਿਚ ਪਰਗਟ ਵੀ ਹੋ ਜਾਏ ਅਤੇ ਹਰੇਕ ਮਨੁੱਖ ਉਸ ਦੇ ਪਿੱਛੇ ਵੀ ਲੱਗ ਤੁਰੇ। ਜੇ ਉਹ ਚੰਗਾ ਨਾਮਣਾ ਖੱਟ ਕੇ ਸਾਰੇ ਸੰਸਾਰ ਵਿਚ ਸ਼ੋਭਾ ਵੀ ਪ੍ਰਾਪਤ ਕਰ ਲਏ। ਪਰੰਤੂ ਜੇਕਰ ਅਕਾਲ ਪੁਰਖ ਦੀ ਮਿਹਰ ਦੀ ਨਜ਼ਰ ਵਿਚ ਨਹੀਂ ਆ ਸਕਦਾ, ਤਾਂ ਉਹ ਉਸ ਬੰਦੇ ਵਰਗਾ ਹੈ, ਜਿਸ ਦੀ ਕੋਈ ਖ਼ਬਰ ਵੀ ਨਹੀਂ ਪੁੱਛਦਾ। ਇਤਨਾ ਮਾਣ ਵਡਿਆਈ ਵਾਲਾ ਹੁੰਦਿਆਂ ਹੋਇਆਂ ਵੀ ਅਸਲ ਵਿਚ ਉਹ ਨਿਆਸਰਾ ਹੀ ਰਹਿ ਜਾਂਦਾ ਹੈ। ਅਜੇਹਾ ਮਨੁੱਖ ਅਕਾਲ ਪੁਰਖ ਦੇ ਸਾਹਮਣੇ ਇਕ ਮਮੂਲੀ ਜਿਹਾ ਕੀੜਾ ਹੈ। ਅਕਾਲ ਪੁਰਖ ਉਸ ਨੂੰ ਦੋਸ਼ੀ ਥਾਪ ਕੇ ਉਸ ਉੱਪਰ ਨਾਮੁ ਨੂੰ ਭੁੱਲਣ ਦਾ ਦੋਸ਼ ਲਾਉਂਦਾ ਹੈ। ਅਕਾਲ ਪੁਰਖ ਗੁਣਹੀਨ ਮਨੁੱਖ ਵਿੱਚ ਗੁਣ ਪੈਦਾ ਕਰ ਸਕਦਾ ਹੈ ਤੇ ਗੁਣੀ ਮਨੁੱਖਾਂ ਨੂੰ ਗੁਣ ਵੀ ਅਕਾਲ ਪੁਰਖ ਆਪ ਹੀ ਬਖ਼ਸ਼ਦਾ ਹੈ। ਇਹੋ ਜਿਹਾ ਕੋਈ ਹੋਰ ਨਹੀਂ ਦਿਸਦਾ, ਜੋ ਨਿਰਗੁਣ ਜੀਵ ਨੂੰ ਕੋਈ ਗੁਣ ਦੇ ਸਕਦਾ ਹੋਵੇ। ਅਕਾਲ ਪੁਰਖ ਦੀ ਮਿਹਰ ਦੀ ਨਜ਼ਰ ਹੀ ਉਸ ਨੂੰ ਉੱਚਾ ਕਰ ਸਕਦੀ ਹੈ। ਪ੍ਰਾਣਾਯਾਮ ਦੀ ਸਹਾਇਤਾ ਨਾਲ ਲੰਮੀ ਉਮਰ ਕਰਕੇ ਆਮ ਲੋਕਾਂ ਨੂੰ ਤਾਂ ਪ੍ਰਭਾਵਤ ਤਾਂ ਕੀਤਾ ਜਾ ਸਕਦਾ ਹੈ, ਪਰੰਤੂ ਅਕਾਲ ਪੁਰਖ ਦੇ ਹੁਕਮੁ ਅਨੁਸਾਰ ਪਰਵਾਣ ਹੋਣ ਤੋਂ ਬਿਨਾਂ, ਅਕਾਲ ਪੁਰਖ ਦੀ ਮਿਹਰ ਦਾ ਪਾਤਰ ਨਹੀਂ ਬਣਿਆ ਜਾ ਸਕਦਾ। ਅਕਾਲ ਪੁਰਖ ਦੀਆਂ ਨਜ਼ਰਾਂ ਵਿਚ ਤਾਂ ਸਗੋਂ ਅਜੇਹਾ ਨਾਮ-ਹੀਣ ਜੀਵ ਇਕ ਨਿੱਕਾ ਜਿਹਾ ਕੀੜਾ ਹੀ ਹੈ। ਸੱਚਾਈ ਤਾਂ ਇਹ ਹੈ ਕਿ ਜਿਨ੍ਹਾਂ ਨੇ ਅਕਾਲ ਪੁਰਖ ਦੀ ਯਾਦ ਵਿਚ ਆਪਣਾ ਚਿੱਤ ਜੋੜ ਲਿਆ, ਉਨ੍ਹਾਂ ਦਾ ਮਨ ਸਦਾ ਖਿੜਿਆ ਰਹਿੰਦਾ ਹੈ।

***ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ ॥ ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ ॥ ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ ॥ ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ ॥ ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ ॥ ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ ॥ ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ ॥੭॥ (੨)***

**ਜਪੁਜੀ ਸਾਹਿਬ ਦੇ ਆਰੰਭ ਵਿਚ ਹੀ ਸਪੱਸ਼ਟ ਕਰ ਦਿੱਤਾ ਗਿਆ ਹੈ ਕਿ ਅਕਾਲ ਪੁਰਖ ਕੋਈ ਪਦਾਰਥ ਜਾਂ ਜੀਵ ਨਹੀਂ ਹੈ, ਜਿਸ ਨੂੰ ਅਸੀਂ ਆਮ ਅੱਖਾਂ ਨਾਲ ਵੇਖ ਸਕਦੇ ਹਾਂ। ਅਕਾਲ ਪੁਰਖ ਨੂੰ ਆਪਣੇ ਹਿਰਦੇ ਵਿਚ ਵੇਖਣ ਲਈ ਆਪਣੇ ਅੰਦਰ ਉਸ ਵਰਗੇ ਗੁਣ ਪੈਦਾ ਕਰਨੇ ਹਨ, ਉਸ ਵਰਗੇ ਉਚੇ ਬਣਨ ਦਾ ਲਗਾਤਾਰ ਉਪਰਾਲਾ ਕਰਨਾ ਹੈ।**

ਅਕਾਲ ਪੁਰਖ ਦੇ ਗੁਣਾਂ ਦਾ ਕੋਈ ਹੱਦ ਬੰਨਾ ਨਹੀਂ, ਗਿਣਨ ਨਾਲ ਵੀ ਗੁਣਾਂ ਦਾ ਅੰਤ ਨਹੀਂ ਪਾਇਆ ਜਾ ਸਕਦਾ ਕਿਉਂਕਿ ਉਸ ਦੇ ਗੁਣ ਅਣਗਿਣਤ ਹਨ। ਅਕਾਲ ਪੁਰਖ ਦੀ ਬੇਅੰਤ ਰਚਨਾ ਤੇ ਅਣਗਿਣਤ ਦਾਤਾਂ ਦਾ ਅੰਤ ਨਹੀਂ ਪਾਇਆ ਜਾ ਸਕਦਾ। ਵੇਖਣ ਤੇ ਸੁਣਨ ਨਾਲ ਵੀ ਉਸ ਦੇ ਗੁਣਾਂ ਦਾ ਅੰਤ ਨਹੀਂ ਪਾਇਆ ਜਾ ਸਕਦਾ। ਉਸ ਅਕਾਲ ਪੁਰਖ ਦੇ ਮਨ ਵਿਚ ਕਿਹੜੀ ਸਾਲਾਹ ਜਾਂ ਵਿਚਾਰ ਚਲ ਰਹੀ ਹੈ, ਇਸ ਗੱਲ ਦਾ ਵੀ ਅੰਤ ਨਹੀਂ ਪਾਇਆ ਜਾ ਸਕਦਾ। ਇਹ ਜਗਤ ਜੋ ਸਾਨੂੰ ਦਿੱਸ ਰਿਹਾ ਹੈ, ਉਹ ਸਭ ਅਕਾਲ ਪੁਰਖ ਨੇ ਬਣਾਇਆ ਹੈ, ਪਰ ਇਸ ਦਾ ਅਖ਼ੀਰ, ਇਸ ਦਾ ਉਰਲਾ ਤੇ ਪਰਲਾ ਬੰਨਾ ਕੋਈ ਨਹੀਂ ਦਿਸਦਾ। ਕਈ ਮਨੁੱਖ ਅਕਾਲ ਪੁਰਖ ਦਾ ਹੱਦ ਬੰਨਾ ਲੱਭਣ ਲਈ ਵਿਲਕਦੇ ਰਹੇ ਸਨ, ਪਰ ਉਸ ਦੇ ਹੱਦ ਬੰਨੇ ਨੂੰ ਲੱਭ ਨਹੀਂ ਸਕੇ। ਅੱਜਕਲ ਸਾਇੰਸ ਵੀ ਬਹੁਤ ਕੋਸ਼ਿਸ਼ ਕਰ ਰਹੀ ਹੈ ਕਿ ਸ੍ਰਿਸ਼ਟੀ ਦੇ ਆਰੰਭ ਬਾਰੇ ਪਤਾ ਲੱਗ ਸਕੇ, ਪਰ ਉਹ ਸਾਰੀ ਖੋਜ਼ ਕੁਝ ਹੱਦ ਤਕ ਹੀ ਸੀਮਿਤ ਹੈ। ਸ੍ਰਿਸ਼ਟੀ ਦਾ ਹੱਦ ਬੰਨਾ ਲੱਭਣਾਂ ਵੀ ਆਸਾਨ ਨਹੀਂ, ਕਿਉਂਕਿ ਉਸ ਨੂੰ ਮਿਣਨ ਲਈ ਅਜੇ ਤਕ ਸਿਰਫ ਰੌਸ਼ਨੀ ਦੀ ਰਫਤਾਰ ਹੀ ਹੈ ਤੇ ਇਹ ਸ੍ਰਿਸ਼ਟੀ ਵੀ ਲਗਾਤਾਰ ਫੈਲ ਰਹੀ ਹੈ। ਅਕਾਲ ਪੁਰਖ ਦੇ ਗੁਣਾਂ ਦਾ ਇਹ ਹੱਦ-ਬੰਨਾ ਜਿਸ ਦੀ ਬੇਅੰਤ ਜੀਵ ਭਾਲ ਕਰ ਰਹੇ ਹਨ, ਕੋਈ ਮਨੁੱਖ ਨਹੀਂ ਪਾ ਸਕਿਆ। ਅੱਜਕਲ ਹੁਣ ਸਇੰਸ ਦੀਆਂ ਖੋਜਾਂ ਨਾਲ ਵੀ ਸਮਝ ਆ ਰਹੀ ਹੈ, ਕਿ ਕੁਦਰਤ ਦਾ ਅੰਤ ਨਹੀਂ ਪਾਇਆ ਜਾ ਸਕਦਾ। ਜਿਉਂ ਜਿਉਂ ਇਹ ਗੱਲ ਆਖੀ ਜਾਈਏ ਕਿ ਉਹ ਵੱਡਾ ਹੈ, ਤਿਉਂ ਤਿਉਂ ਉਹ ਹੋਰ ਵੱਡਾ, ਹੋਰ ਵੱਡਾ ਪਰਤੀਤ ਹੋਣ ਲੱਗਦਾ ਹੈ। ਅਕਾਲ ਪੁਰਖ ਆਪ ਵੱਡਾ ਹੈ, ਤੇ ਉਸ ਦਾ ਟਿਕਾਣਾ ਵੀ ਉੱਚਾ ਹੈ। ਉਸ ਦਾ ਨਾਮੁ ਵੀ ਬਹੁਤ ਉੱਚਾ ਹੈ। ਜਿਸ ਤਰ੍ਹਾਂ ਕਿਸੇ ਚੀਜ ਨੂੰ ਮਾਪਣ ਲਈ ਉਸ ਤੋਂ ਵੱਡੀ ਸਕੇਲ ਲੈਣੀ ਪੈਦੀ ਹੈ, ਠੀਕ ਉਸੇ ਤਰ੍ਹਾਂ ਉਸ ਉੱਚੇ ਅਕਾਲ ਪੁਰਖ ਨੂੰ ਉਹੀ ਸਮਝ ਸਕਦਾ ਹੈ, ਜਿਹੜਾ ਉਸ ਜਿਨ੍ਹਾਂ ਵੱਡਾ ਹੋਵੇ। ਇਸ ਲਈ ਇਹ ਪਤਾ ਨਹੀਂ ਲਗ ਸਕਦਾ ਹੈ ਕਿ ਉਹ ਕਿਡਾ ਵੱਡਾ ਹੈ। ਅਕਾਲ ਪੁਰਖ ਆਪ ਹੀ ਜਾਣਦਾ ਹੈ, ਕਿ ਉਹ ਆਪ ਕਿਡਾ ਵੱਡਾ ਹੈ। ਜੀਵਨ ਵਿਚ ਮਿਲਣ ਵਾਲੀ ਹਰੇਕ ਦਾਤ,

ਅਕਾਲ ਪੁਰਖ ਦੀ ਮਿਹਰ ਦੀ ਨਜ਼ਰ ਤੇ ਉਸ ਦੀ ਬਖ਼ਸ਼ਸ਼ ਨਾਲ ਹੀ ਮਿਲਦੀ ਹੈ, ਇਸ ਲਈ ਉਸ ਅਕਾਲ ਪੁਰਖ ਦਾ ਹਮੇਸ਼ਾਂ ਧੰਨਵਾਦ ਕਰਦੇ ਰਹਿੰਣਾਂ ਚਾਹੀਦਾ ਹੈ।

***ਵਡਾ ਸਾਹਿਬੁ ਊਚਾ ਥਾਉ ॥ ਊਚੇ ਉਪਰਿ ਊਚਾ ਨਾਉ ॥ ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ ॥ ਜੇਵਡੁ ਆਪਿ ਜਾਣੈ ਆਪਿ ਆਪਿ ॥ ਨਾਨਕ ਨਦਰੀ ਕਰਮੀ ਦਾਤਿ ॥੨੪॥ (੫)***

ਜੇਹੜਾ ਮਨੁੱਖ ਅਕਾਲ ਪੁਰਖ ਨੂੰ ਆਪਣੇ ਅੰਦਰ ਵੱਸਦਾ ਨਹੀਂ ਵੇਖਦਾ, ਤੇ ਅਕਾਲ ਪੁਰਖ ਨੂੰ ਆਪਣੇ ਹਿਰਦੇ ਵਿਚ ਨਹੀਂ ਵਸਾਂਦਾ, ਉਸ ਦੀ ਮਾਇਆ ਦੀ ਤ੍ਰਿਸ਼ਨਾ ਮੁੱਕਦੀ ਨਹੀਂ, ਉਸ ਦਾ ਮਨ ਵਿਕਾਰਾਂ ਵਲੋਂ ਨਹੀਂ ਹਟਦਾ, ਤੇ ਉਸ ਦਾ ਮਨ ਹਉਮੈ ਕਰਕੇ ਭਟਕਦਾ ਰਹਿੰਦਾ ਹੈ। ਜਿਹੜਾ ਮਨੁੱਖ ਅਕਾਲ ਪੁਰਖ ਦੇ ਸੱਚੇ ਨਾਮੁ ਦਾ ਵਾਪਾਰ ਕਰਦਾ ਹੈ, ਉਸ ਦਾ ਜੀਵਨ ਰੂਪੀ ਬੇੜਾ ਸੰਸਾਰ ਸਮੁੰਦਰ ਦੇ ਵਿਕਾਰਾਂ ਦੀਆਂ ਲਹਿਰਾਂ ਦੇ ਪਾਣੀ ਉੱਪਰ ਤਰਦਾ ਰਹਿੰਦਾ ਹੈ ਤੇ ਉਸ ਦਾ ਮਨ ਅਕਾਲ ਪੁਰਖ ਚਰਨਾਂ ਵਿਚ ਟਿਕਿਆ ਰਹਿੰਦਾ ਹੈ। ਜਿਸ ਮਨ ਵਿਚ ਕੀਮਤੀ ਮੋਤੀ ਵਰਗਾ ਨਾਮੁ ਵੱਸਦਾ ਹੈ, ਉਸ ਮਨ ਨੂੰ ਨਾਮੁ ਵਿਕਾਰਾਂ ਤੋਂ ਬਚਾ ਲੈਂਦਾ ਹੈ। ਅਕਾਲ ਪੁਰਖ ਦੇ ਸੱਚੇ ਨਾਮੁ ਨਾਲ ਜੁੜੇ ਰਹਿਣ ਕਰਕੇ, ਉਸ ਮਨ ਵਿਚ ਕੋਈ ਤਰੇੜ ਨਹੀਂ ਪੈਂਦੀ, ਤੇ ਮਾਇਆ ਕਰਕੇ ਮਨ ਕਦੇ ਡੋਲਦਾ ਨਹੀਂ। ਅਕਾਲ ਪੁਰਖ ਦੇ ਪ੍ਰੇਮ ਵਿਚ ਰੰਗਿਆ ਹੋਇਆ ਮਨੁੱਖ ਅਕਾਲ ਪੁਰਖ ਦੇ ਗੁਣ ਗਾਇਨ ਕਰਦਾ ਹੋਇਆ ਆਪਣੇ ਅੰਦਰਲੇ ਆਤਮਿਕ ਤਲ ਤੇ ਟਿਕਿਆ ਰਹਿੰਦਾ ਹੈ। ਇਸ ਲਈ ਗੁਰੂ ਸਾਹਿਬ ਸਮਝਾਂਉਂਦੇ ਹਨ, ਕਿ ਸਦਾ ਕਾਇਮ ਰਹਿਣ ਵਾਲੇ ਅਕਾਲ ਪੁਰਖ ਨੂੰ ਆਪਣੇ ਆਪ ਤੋਂ ਦੂਰ ਵੱਸਦਾ ਨਾ ਸਮਝ, ਕਿਉਂਕਿ ਉਹ ਸੱਚਾ ਮਾਲਕ ਤੇਰੇ ਆਪਣੇ ਅੰਦਰ ਵੱਸ ਰਿਹਾ ਹੈ। ਸਾਰੇ ਜਗਤ ਨੂੰ ਆਸਰਾ ਦੇਣ ਵਾਲੇ ਅਕਾਲ ਪੁਰਖ ਦੀ ਜੋਤਿ ਸਭ ਜੀਵਾਂ ਦੇ ਅੰਦਰ ਮੌਜੂਦ ਹੈ ਤੇ ਅਕਾਲ ਪੁਰਖ ਦਾ ਹੁਕਮੁ ਹਰੇਕ ਜੀਵ ਉਤੇ ਸਦਾ ਅਟੱਲ ਹੈ। ਉਹੀ ਮਨੁੱਖ ਅਕਾਲ ਪੁਰਖ ਦੇ ਦਰ ਤੇ ਸ਼ੋਭਾ ਪਾਂਦਾ ਹੈ, ਜਿਹੜਾ ਅਕਾਲ ਪੁਰਖ ਦੇ ਹੁਕਮੁ ਨੂੰ ਮੰਨਦਾ ਹੈ, ਤੇ ਅਕਾਲ ਪੁਰਖ ਦੀ ਰਜ਼ਾ ਅਨੁਸਾਰ ਚਲਦਾ ਹੈ। ਆਪਣੀ ਮਨ ਮਰਜ਼ੀ ਕਰਨ ਵਾਲੇ ਹੰਕਾਰੀ ਮਨੁੱਖ ਆਤਮਕ ਮੌਤੇ ਮਰਦੇ ਰਹਿੰਦੇ ਹਨ। ਗੁਰਬਾਣੀ ਦੁਆਰਾ ਆਪਣੇ ਮਨ ਨੂੰ ਅਕਾਲ ਪੁਰਖ ਦੇ ਨਾਮੁ ਨਾਲ ਧੋਣਾ ਤੇ ਲਿਸ਼ਕਾਣਾ ਚਾਹੀਦਾ ਹੈ, ਤਾਂ ਜੋ ਇਹ ਵਿਕਾਰਾਂ ਨਾਲ ਮੈਲਾ ਨਾ ਹੋਵੇ। ਸਦਾ ਕਾਇਮ ਰਹਿਣ ਵਾਲੇ ਅਕਾਲ ਪੁਰਖ ਨੂੰ ਸਦਾ ਵਡਿਆਉਂਦੇ ਰਹਿੰਣਾ ਚਾਹੀਦਾ ਹੈ, ਤਾਂ ਜੋ ਸੱਚੇ ਨਾਮੁ ਦੀ ਬਰਕਤਿ ਨਾਲ ਸੰਤੋਖੀ ਜੀਵਨ ਬਤੀਤ ਕਰ ਸਕੀਏ। ਆਪਣੇ ਆਪ ਨੂੰ ਗਵਾਇਆਂ ਹੀ ਹਉਮੈ ਦੂਰ ਹੁੰਦਾ ਹੈ ਤੇ ਵਿਕਾਰਾਂ ਤੋਂ ਖ਼ਲਾਸੀ ਮਿਲਦੀ ਹੈ, ਤੇ ਮਨ ਅਕਾਲ ਪੁਰਖ ਦਾ ਨਾਮੁ ਵਿਚ ਟਿਕਿਆ ਰਹਿੰਦਾ ਹੈ।

***ਬਾਬਾ ਸਾਚਾ ਸਾਹਿਬੁ ਦੂਰਿ ਨ ਦੇਖੁ ॥ ਸਰਬ ਜੋਤਿ ਜਗਜੀਵਨਾ ਸਿਰਿ ਸਿਰਿ ਸਾਚਾ ਲੇਖੁ ॥੧॥ ਰਹਾਉ ॥ (੯੯੨)***

ਨਿਰਾ ਮੂੰਹ ਨਾਲ ਬੋਲੀ ਜਾਣਾ ਵਿਅਰਥ ਹੈ ਤੇ ਉਸ ਦਾ ਕੋਈ ਲਾਭ ਨਹੀਂ ਹੁੰਦਾ ਹੈ। ਗੁਰਬਾਣੀ ਦੁਆਰਾ ਅਕਾਲ ਪੁਰਖ ਦੇ ਸੱਚੇ ਨਾਮੁ ਨੂੰ ਆਪਣੇ ਹਿਰਦੇ ਵਿਚ ਜਾਚਣਾ, ਪਰਖਣਾ, ਤੋਲਣਾ ਤੇ ਵਸਾਣਾਂ ਵੀ ਹੈ। ਗੁਰਬਾਣੀ ਦੀ ਵੀਚਾਰ ਨਾਲ ਆਪਣੇ ਮਨ ਅੰਦਰ ਝਾਤੀ ਮਾਰ ਕੇ ਵੇਖਣਾ ਹੈ, ਕਿ ਉਹ ਅਕਾਲ ਪੁਰਖ ਕਿਤੇ ਸਾਡੇ ਤੋਂ ਦੂਰ ਤੇ ਨਹੀਂ। ਆਪਣੇ ਕਰਮਾਂ ਨੂੰ ਗੁਰਬਾਣੀ ਦੀ ਕਸਵੱਟੀ ਤੇ ਪਰਖਣਾ ਹੈ, ਤੇ ਵੇਖਣਾ ਹੈ ਕਿ ਸਦਾ ਕਾਇਮ ਰਹਿੰਣ ਵਾਲਾ ਅਕਾਲ ਪੁਰਖ ਸਾਡੇ ਅੰਦਰ ਵੱਸਦਾ ਹੈ ਕਿ ਨਹੀਂ?

***ਮਃ ੫ ॥ ਸਜਣ ਸਚੁ ਪਰਖਿ ਮੁਖਿ ਅਲਾਵਣੁ ਥੋਥਰਾ ॥ ਮੰਨ ਮਝਾਹੂ ਲਖਿ ਤੁਧਹੁ ਦੂਰਿ ਨ ਸੁ ਪਿਰੀ ॥੩॥ (੧੧੦੦)***

**ਅਕਾਲ ਪੁਰਖ ਦੇ ਅੰਦਰ ਸਿਆਣਪ, ਬੁਧੀ, ਤਾਕਤ, ਸਭ ਤੋਂ ਉਤਮ ਹੈ, ਜੋ ਕਿ ਆਮ ਜੀਵਾਂ ਵਿਚ ਨਹੀਂ ਹੈ।** ਜਿਤਨੇ ਵੀ ਜੀਵ ਜੰਤੂ ਹਨ, ਇਨ੍ਹਾਂ ਸਭਨਾਂ ਦੇ ਅੰਦਰ ਇਕ ਅਕਾਲ ਪੁਰਖ ਦੀ ਬਖ਼ਸ਼ੀ ਹੋਈ ਸੋਝੀ ਕੰਮ ਕਰ ਰਹੀ ਹੈ, ਅਕਾਲ ਪੁਰਖ ਨੇ ਕੋਈ ਵੀ ਐਸਾ ਜੀਵ ਪੈਦਾ ਨਹੀਂ ਕੀਤਾ, ਜਿਸ ਨੂੰ ਸੋਝੀ ਨਾ ਬਖਸ਼ੀ ਹੋਵੇ। ਜਿਸ ਤਰ੍ਹਾਂ ਦੀ ਸੋਝੀ ਅਕਾਲ ਪੁਰਖ ਜੀਵਾਂ ਨੂੰ ਦੇਂਦਾ ਹੈ, ਉਹੋ ਜਿਹੇ ਜੀਵਨ ਦਾ ਉਹ ਰਸਤਾ ਅਪਨਾ ਲੈਂਦੇ ਹਨ। ਉਸੇ ਮਿਲੀ ਸੋਝੀ ਅਨੁਸਾਰ ਜੀਵ ਜਗਤ ਵਿਚ ਆਉਂਦੇ ਹਨ ਤੇ ਇੱਥੋਂ ਚਲੇ ਜਾਂਦੇ ਹਨ। ਇਹ ਸਾਰੀ ਸ੍ਰਿਸ਼ਟੀ ਦੀ ਮਰਯਾਦਾ ਚਲਾਉਂਣ ਵਾਲਾ ਅਕਾਲ ਪੁਰਖ ਆਪ ਹੀ ਹੈ। ਪਤਾ ਨਹੀਂ ਮਨੁੱਖ ਆਪਣੀ ਚੰਗੀ ਸੋਝੀ ਜਾਂ ਅਕਲ ਵਿਖਾਣ ਲਈ ਕਿਉਂ ਚਲਾਕੀਆਂ ਕਰਦਾ ਰਹਿੰਦਾ ਹੈਂ? ਜਦੋਂ ਕਿ ਅਕਾਲ ਪੁਰਖ ਆਪ ਹੀ ਜੀਵਾਂ ਨੂੰ ਸੋਝੀ ਦੇਂਦਾ ਹੈ ਤੇ ਆਪ ਹੀ ਵਾਪਿਸ ਵੀ ਲੈ ਲੈਂਦਾ ਹੈ, ਅਤੇ ਇਸ ਦੇਣ ਜਾਂ ਵਾਪਿਸ ਲੈਣ ਵਾਸਤੇ ਰਤਾ ਭਰ ਵੀ ਢਿਲ ਨਹੀਂ ਕਰਦਾ। ਗੁਰੂ ਦੇ ਦੱਸੇ ਰਾਹ ਉੱਤੇ ਤੁਰ ਕੇ ਮਨੁੱਖ ਦੇ ਅੰਦਰ ਉੱਚਾ ਆਚਰਨ ਬਣ ਜਾਂਦਾ ਹੈ। ਅਸਲੀ ਗਿਆਨਵਾਨ ਮਨੁੱਖ ਉਹੀ ਹੈ, ਜੋ ਆਪਣੇ ਅੰਦਰ ਦੀ ਅਸਲੀਅਤ ਨੂੰ ਪਛਾਣਦਾ ਹੈ।

***ਸਿਰੀਰਾਗੁ ਮਹਲਾ ੧ ਘਰੁ ੪ ॥ ਏਕਾ ਸੁਰਤਿ ਜੇਤੇ ਹੈ ਜੀਅ ॥ ਸੁਰਤਿ ਵਿਹੂਣਾ ਕੋਇ ਨ ਕੀਅ ॥ ਜੇਹੀ ਸੁਰਤਿ ਤੇਹਾ ਤਿਨ ਰਾਹੁ ॥ ਲੇਖਾ ਇਕੋ ਆਵਹੁ ਜਾਹੁ ॥੧॥ ਕਾਹੇ ਜੀਅ ਕਰਹਿ ਚਤੁਰਾਈ ॥ ਲੇਵੈ ਦੇਵੈ ਢਿਲ ਨ ਪਾਈ ॥੧॥ ਰਹਾਉ ॥ (੨੪, ੨੫)***

**ਅਕਾਲ ਪੁਰਖ ਨੂੰ ਪਾਣ ਲਈ ਆਪਣੇ ਅੰਦਰ ਦੀ ਖੋਜ਼ (ਆਤਮੁ ਚੀਨਿ) ਕਰਨੀ ਪੈਣੀ ਹੈ।** ਗੁਰੂ ਦਾ ਦਰਸਨ ਕਰ ਕੇ ਅਤੇ ਅਕਾਲ ਪੁਰਖ ਦੇ ਦਾਸ ਬਣਨ ਸਦਕਾ ਮਨੁੱਖ ਨੂੰ ਪੂਰਨ ਸੋਝੀ ਆ ਜਾਂਦੀ ਹੈ। ਸਬਦ ਗੁਰੂ ਦੇ ਚਰਨਾਂ ਦੀ ਧੂੜ ਹੀ ਅਠਾਹਠ ਤੀਰਥਾਂ ਦਾ ਇਸ਼ਨਾਨ ਹੈ। ਜਿਸ ਮਨੁੱਖ ਨੂੰ ਅਕਾਲ ਪੁਰਖ ਦਾ ਇਹੋ ਜਿਹਾ ਦਾਸ ਮਿਲ ਜਾਂਦਾ ਹੈ, ਉਸ ਦੇ ਅੰਦਰ ਵੀ ਆਤਮਕ ਆਨੰਦ ਪੈਦਾ ਹੋਣਾ ਸ਼ੁਰੂ ਹੋ ਜਾਂਦਾ ਹੈ। ਅਜੇਹਾ ਮਨੁੱਖ ਸਦਾ ਥਿਰ ਰਹਿੰਣ ਵਾਲੇ ਅਕਾਲ ਪੁਰਖ ਦੇ ਨਾਮੁ ਦੀ ਪ੍ਰਾਪਤੀ ਕਰਨ ਲਈ ਉਪਰਾਲੇ

ਕਰਦਾ ਰਹਿੰਦਾ ਹੈ, ਜਿਸ ਸਦਕਾ ਦੁਖ ਉਸ ਦੇ ਨੇੜੇ ਨਹੀਂ ਲਗਦੇ। ਉਸ ਦੀਆਂ ਅੱਖਾਂ ਪਰਾਇਆ ਰੂਪ ਤੱਕਣਾਂ ਬੰਦ ਕਰ ਦਿੰਦੀਆਂ ਹਨ, ਉਸ ਦੀ ਸੁਰਤਿ ਇੱਕ ਅਕਾਲ ਪੁਰਖ ਨਾਲ ਜੁੜੀ ਰਹਿੰਦੀ ਹੈ। ਅਕਾਲ ਪੁਰਖ ਦੇ ਨਾਮੁ ਦਾ ਸ੍ਰੇਸ਼ਟ ਰਸ ਚੱਖ ਕੇ ਉਸ ਦੀ ਜੀਭ ਵੀ ਪਵਿਤਰ ਹੋ ਜਾਂਦੀ ਹੈ। ਅਕਾਲ ਪੁਰਖ ਨੇ ਮਨੁੱਖਾਂ ਨੂੰ ਇਕ ਗੁਰਮੁਖ ਬਣਾਣ ਲਈ ਇਹ ਸ੍ਰਿਸ਼ਟੀ ਰਚੀ ਹੈ। ਗੁਰੂ ਸਾਹਿਬ ਸਮਝਾਂਉਂਦੇ ਹਨ, ਕਿ ਜੇਹੜਾ ਮਨੁੱਖ ਗੁਰੂ ਦੀ ਸਰਨ ਪੈ ਕੇ ਆਪਣੇ ਆਪ ਨੂੰ ਪਛਾਣਦਾ ਹੈ, ਉਹ ਕੁਦਰਤ ਦੀ ਇਸ ਅਸਲੀਅਤ ਨੂੰ ਸਮਝ ਲੈਂਦਾ ਹੈ। ਅਜੇਹਾ ਮਨੁੱਖ ਸਬਦ ਗੁਰੂ ਦਾ ਦੀਦਾਰ ਕਰ ਕੇ ਸਦਾ ਥਿਰ ਰਹਿਣ ਵਾਲੇ ਅਕਾਲ ਪੁਰਖ ਦਾ ਨਿਵਾਸ ਤੇ ਉਸ ਲਈ ਪਿਆਰ ਆਪਣੇ ਹਿਰਦੇ ਵਿਚ ਸਦਾ ਟਿਕਾਈ ਰੱਖਦਾ ਹੈ। ਗੁਰੂ ਸਾਹਿਬ ਨਿਮਰਤਾ ਸਾਹਿਤ ਸਮਝਾਂਉਂਦੇ ਹਨ ਕਿ ਮੈਂ ਆਪਣੇ ਹਿਰਦੇ ਵਿਚ ਪ੍ਰੇਮ ਰੱਖਣ ਵਾਲੇ ਅਜੇਹੇ ਗੁਰਮੁਖ ਨੂੰ ਨਮਸਕਾਰ ਕਰਦਾ ਹਾਂ ਤੇ ਉਸ ਦਾ ਦਾਸ ਹਾਂ।

*ਸੰਤ ਹੇਤਿ ਪ੍ਰਭਿ ਤ੍ਰਿਭਵਣ ਧਾਰੇ ॥ ਆਤਮੁ ਚੀਨੈ ਸੁ ਤਤੁ ਬੀਚਾਰੇ ॥੮॥ ਸਾਚੁ ਰਿਦੈ ਸਚੁ ਪ੍ਰੇਮ ਨਿਵਾਸ ॥ ਪ੍ਰਣਵਤਿ ਨਾਨਕ ਹਮ ਤਾ ਕੇ ਦਾਸ ॥੯॥੮॥ (੨੨੪)*

ਮਨੁੱਖ ਦਾ ਸਰੀਰ ਉਸ ਦੇ ਮਨ ਦੇ ਕਹਿੰਣ ਅਨੁਸਾਰ ਚਲਦਾ ਹੈ, ਜੋ ਕੁਝ ਵੀ ਉਸ ਦਾ ਮਨ ਚਾਹੁੰਦਾ ਹੈ, ਮਨੁੱਖ ਦਾ ਸਰੀਰ ਉਸੇ ਰਸਤੇ ਤੇ ਚਲਦਾ ਹੈ। ਇਸੇ ਲਈ ਗੁਰੂ ਸਾਹਿਬ ਮਨ ਨੂੰ ਖਾਸ ਤੌਰ ਤੇ ਸਮਝਾਂਉਂਦੇ ਹਨ ਕਿ ਹੇ ਮੇਰੇ ਮਨ ! ਤੂੰ ਉਸ ਅਕਾਲ ਪੁਰਖ ਦਾ ਅੰਸ਼ ਹੈਂ, ਜੋ ਨਿਰਾ ਨੂਰ ਹੀ ਨੂਰ ਹੈ, ਇਸ ਲਈ ਆਪਣੇ ਉਸ ਅਸਲੇ ਨੂੰ ਸਮਝ ਤੇ ਉਸ ਨਾਲ ਆਪਣੀ ਸਾਂਝ ਕਾਇਮ ਕਰ। ਉਹ ਅਕਾਲ ਪੁਰਖ ਸਦਾ ਤੇਰੇ ਨਾਲ ਰਹਿੰਦਾ ਹੈ, ਇਸ ਲਈ ਗੁਰੂ ਦੀ ਮਤਿ ਲੈ ਕੇ ਉਸ ਦਾ ਮਿਲਾਪ ਕਰ ਤੇ ਆਪਣੇ ਜੀਵਨ ਦਾ ਆਨੰਦ ਮਾਣ। ਜੇਕਰ ਤੂੰ ਆਪਣੇ ਅਸਲੀ ਮੁੱਢ ਨੂੰ ਸਮਝ ਲਏਂਗਾ ਤਾਂ ਉਸ ਅਕਾਲ ਪੁਰਖ ਨਾਲ ਤੇਰੀ ਡੂੰਘੀ ਜਾਣ ਪਛਾਣ ਹੋ ਜਾਏਗੀ। ਫਿਰ ਤਾਂ ਹੀ ਤੈਨੂੰ ਸਮਝ ਆਇਗੀ, ਕਿ ਆਤਮਕ ਮੌਤ ਕੀ ਹੈ, ਤੇ ਆਤਮਕ ਜ਼ਿੰਦਗੀ ਕਿਸ ਤਰ੍ਹਾਂ ਦੀ ਹੁੰਦੀ ਹੈ। ਜੇਕਰ ਗੁਰੂ ਦੀ ਕਿਰਪਾ ਨਾਲ ਇਕ ਅਕਾਲ ਪੁਰਖ ਨਾਲ ਡੂੰਘੀ ਸਾਂਝ ਪਾ ਲਏਂਗਾ, ਤਾਂ ਤੇਰੇ ਅੰਦਰ ਅਕਾਲ ਪੁਰਖ ਦਾ ਵਾਸਾ ਹੋ ਜਾਏਗਾ, ਫਿਰ ਤੇਰੇ ਉੱਪਰ ਮਾਇਆ ਦੇ ਮੋਹ ਦਾ ਪ੍ਰਭਾਵ ਨਹੀਂ ਪਵੇਗਾ। ਜਦੋਂ ਮਨੁੱਖ ਦੇ ਮਨ ਅੰਦਰ ਸ਼ਾਂਤੀ ਪੈਦਾ ਹੋ ਜਾਂਦੀ ਹੈ, ਤਾਂ ਉਸ ਅੰਦਰ ਚੜ੍ਹਦੀ ਕਲਾ ਵਾਲੀ ਅਵਸਥਾ ਬਣ ਜਾਂਦੀ ਹੈ, ਤੇ ਅਜੇਹਾ ਮਨੁੱਖ ਅਕਾਲ ਪੁਰਖ ਦੀ ਹਜ਼ੂਰੀ ਵਿਚ ਕਬੂਲ ਹੋ ਜਾਂਦਾ ਹੈ। ਇਸੇ ਲਈ ਗੁਰੂ ਸਾਹਿਬ ਗੁਰਬਾਣੀ ਦੁਆਰਾ ਮਨ ਨੂੰ ਵਾਰ ਵਾਰ ਸਮਝਾਂਉਂਦੇ ਹਨ ਕਿ ਹੇ ਮੇਰੇ ਮਨ ! ਤੂੰ ਉਸ ਅਕਾਲ ਪੁਰਖ ਦਾ ਅੰਸ ਹੈਂ ਜੋ ਨਿਰਾ ਚਾਨਣ ਹੀ ਚਾਨਣ ਹੈ, ਇਸ ਲਈ ਤੂੰ ਉਸ ਅਕਾਲ ਪੁਰਖ ਨਾਲ ਆਪਣੀ ਸਾਂਝ ਬਣਾ ਜੋ ਕਿ ਸਦਾ ਤੇਰੇ ਨਾਲ ਹੈ।

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥ ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥ ਮੂਲੁ ਪਛਾਣਹਿ ਤਾਂ ਸਹੁ ਜਾਣਹਿ ਮਰਣ ਜੀਵਣ ਕੀ ਸੋਝੀ ਹੋਈ ॥ ਗੁਰ ਪਰਸਾਦੀ ਏਕੋ ਜਾਣਹਿ ਤਾਂ ਦੂਜਾ ਭਾਉ ਨ ਹੋਈ ॥ ਮਨਿ ਸਾਂਤਿ ਆਈ ਵਜੀ ਵਧਾਈ ਤਾ ਹੋਆ ਪਰਵਾਣੁ ॥ ਇਉ ਕਹੈ ਨਾਨਕੁ ਮਨ ਤੂੰ ਜੋਤਿ ਸਰੂਪੁ ਹੈ ਅਪਣਾ ਮੂਲੁ ਪਛਾਣੁ ॥੫॥ (੪੪੧)*

ਜਿਸ ਮਨੁੱਖ ਦੇ ਮਨ ਅੰਦਰੋਂ ਹਉਮੈ ਤੇ ਮੇਰ ਤੇਰ ਦੀ ਭਾਵਨਾ ਦੂਰ ਹੋ ਜਾਂਦੀ ਹੈ, ਉਸ ਨੂੰ ਯਕੀਨ ਹੋ ਜਾਂਦਾ ਹੈ ਕਿ ਅਕਾਲ ਪੁਰਖ ਦੀ ਹਸਤੀ ਨੂੰ ਮਿਣਿਆ ਨਹੀਂ ਜਾ ਸਕਦਾ, ਉਸ ਦੇ ਬਰਾਬਰ ਦਾ ਕੋਈ ਹੋਰ ਦੱਸਿਆ ਨਹੀਂ ਜਾ ਸਕਦਾ। ਉਸ ਨੂੰ ਨਿਸਚਾ ਹੋ ਜਾਂਦਾ ਹੈ ਕਿ ਅਕਾਲ ਪੁਰਖ ਤੋਂ ਵੱਖਰਾ ਹੋਰ ਕੋਈ ਨਹੀਂ, ਇਸ ਲਈ ਅਕਾਲ ਪੁਰਖ ਦੇ ਬਰਾਬਰ ਦੀ ਹੋਰ ਕੋਈ ਹਸਤੀ ਹੋ ਨਹੀਂ ਸਕਦੀ। ਅਕਾਲ ਪੁਰਖ ਆਪ ਹੀ ਸਹੀ ਜੀਵਨ ਦੀ ਸੂਝ ਬਖ਼ਸ਼ਦਾ ਹੈ, ਤੇ ਆਪ ਹੀ ਜੀਵਾਂ ਵਿਚ ਵਿਆਪਕ ਹੋ ਕੇ ਆਪਣਾ ਨਾਮੁ ਜਪਦਾ ਹੈ। ਅਕਾਲ ਪੁਰਖ ਆਪ ਹੀ ਗੁਰੂ ਹੈ, ਤੇ ਆਪ ਹੀ ਗੁਰੂ ਦਾ ਸ਼ਬਦ ਹੈ। ਜਦੋਂ ਗੁਰੂ ਦੀ ਕਿਰਪਾ ਨਾਲ ਕਿਸੇ ਵਡਭਾਗੀ ਮਨੁੱਖ ਦੇ ਮਨ ਵਿਚ ਅਕਾਲ ਪੁਰਖ ਵੱਸ ਜਾਂਦਾ ਹੈ, ਤਾਂ ਉਹ ਮਨੁੱਖ ਅਕਾਲ ਪੁਰਖ ਨਾਲ ਡੂੰਘੀ ਸਾਂਝ ਪਾ ਲੈਂਦਾ ਹੈ, ਤੇ, ਉਸ ਦੇ ਅੰਦਰੋਂ ਦਵੈਤ ਭਾਵ ਤੇ ਭਟਕਣਾ ਦੂਰ ਹੋ ਜਾਂਦੀ ਹੈ। ਉਸ ਨੂੰ ਯਕੀਨ ਹੋ ਜਾਂਦਾ ਹੈ ਕਿ ਅਕਾਲ ਪੁਰਖ ਆਪ ਹੀ ਉੱਚੇ ਜੀਵਨ ਮਿਆਰ ਦੀ ਕਸਵੱਟੀ ਅਨੁਸਾਰ ਜੀਵਾਂ ਦੇ ਜੀਵਨ ਦੀ ਪਰਖ ਕਰਦਾ ਹੈ। ਜਿਸ ਮਨੁੱਖ ਨੂੰ ਅਕਾਲ ਪੁਰਖ ਆਪਣੇ ਨਾਲ ਮਿਲਾ ਲੈਂਦਾ ਹੈ, ਉਹ ਮਾਇਆ ਤੋਂ ਨਿਰਲੇਪ ਰਹਿ ਕੇ ਪਵਿਤਰ ਜੀਵਨ ਵਾਲਾ ਬਣ ਜਾਂਦਾ ਹੈ।

*ਬਿਲਾਵਲੁ ਮਹਲਾ ੩ ॥ ਅਤੁਲੁ ਕਿਉ ਤੋਲਿਆ ਜਾਇ ॥ ਦੂਜਾ ਹੋਇ ਤ ਸੋਝੀ ਪਾਇ ॥ ਤਿਸ ਤੇ ਦੂਜਾ ਨਾਹੀ ਕੋਇ ॥ ਤਿਸ ਦੀ ਕੀਮਤਿ ਕਿਕੂ ਹੋਇ ॥੨॥ ਗੁਰ ਪਰਸਾਦਿ ਵਸੈ ਮਨਿ ਆਇ ॥ ਤਾ ਕੋ ਜਾਣੈ ਦੁਬਿਧਾ ਜਾਇ ॥੧॥ ਰਹਾਉ ॥ (੭੯੭)*

ਗੁਰਮੁਖਾਂ ਦੇ ਮੂੰਹ ਵਿਚ ਸਬਦ ਗੁਰੂ ਦੀ ਆਤਮਕ ਜੀਵਨ ਦੇਣ ਵਾਲੀ ਬਾਣੀ ਹਮੇਸ਼ਾਂ ਟਿਕੀ ਰਹਿੰਦੀ ਹੈ। ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ ਅਕਾਲ ਪੁਰਖ ਦਾ ਨਾਮੁ ਆਪ ਉਚਾਰਦਾ ਹੈ, ਤੇ ਹੋਰਨਾਂ ਨੂੰ ਵੀ ਸੁਣਾਂਦਾ ਹੈ। ਅਕਾਲ ਪੁਰਖ ਦਾ ਨਾਮੁ ਯਾਦ ਰੱਖਣ ਨਾਲ ਮਨ ਹਮੇਸ਼ਾਂ ਖਿੜਿਆ ਰਹਿੰਦਾ ਹੈ, ਤੇ ਮਨੁੱਖ ਅਕਾਲ ਪੁਰਖ ਦੇ ਚਰਨਾਂ ਵਿਚ ਆਪਣਾ ਮਨ ਜੋੜੀ ਰੱਖਦਾ ਹੈ। ਜਿਸ ਮਨੁੱਖ ਨੇ ਸਬਦ ਗੁਰੂ ਨਾਲ ਸਾਂਝ ਪਾ ਲਈ, ਉਹ ਇਕ ਅਕਾਲ ਪੁਰਖ ਨੂੰ ਸਮਝ ਤੇ ਪਹਿਚਾਣ ਲੈਂਦਾ ਹੈ। ਅਜੇਹੇ ਮਨੁੱਖ ਨੂੰ ਸਮਝ ਆ ਜਾਂਦੀ ਹੈ ਕਿ ਉਹੀ ਅਕਾਲ ਪੁਰਖ ਸਾਰਿਆਂ ਦੇ ਸੁਖਾਂ ਦਾ ਦਾਤਾ ਹੈ ਤੇ ਉਹੀ ਅਕਾਲ ਪੁਰਖ ਸਾਰਿਆਂ ਵਿਚ ਵੱਸ ਰਿਹਾ ਹੈ। ਅਜੇਹਾ ਮਨੁੱਖ ਆਪਣੇ ਜੀਵਨ ਨੂੰ ਪੜਤਾਲ ਕੇ ਸਭ ਤੋਂ ਉੱਚਾ ਆਤਮਕ ਦਰਜਾ ਪ੍ਰਾਪਤ ਕਰ ਲੈਂਦਾ ਹੈ। ਅਜੇਹੇ ਮਨੁੱਖ ਦੀ ਸੁਰਤਿ ਹਮੇਸ਼ਾਂ "*ਗੁਰ ਕੀ ਸੇਵਾ ਸਬਦੁ ਵੀਚਾਰੁ*" ਅਨੁਸਾਰ ਅਕਾਲ ਪੁਰਖ ਦੇ ਨਾਮੁ ਵਿਚ ਟਿਕੀ ਰਹਿੰਦੀ ਹੈ।

*ਜਿਨਿ ਸਤਿਗੁਰੁ ਜਾਤਾ ਤਿਨਿ ਏਕੁ ਪਛਾਤਾ ॥ ਸਰਬੇ ਰਵਿ ਰਹਿਆ ਸੁਖਦਾਤਾ ॥ ਆਤਮੁ ਚੀਨਿ ਪਰਮ ਪਦੁ ਪਾਇਆ ਸੇਵਾ ਸੁਰਤਿ ਸਮਾਈ ਹੇ ॥੧੫॥ (੧੦੭੦)*

ਗੁਰੂ ਸਾਹਿਬ ਸਮਝਾਂਉਂਦੇ ਹਨ ਕਿ ਮੈਂ ਅਕਾਲ ਪੁਰਖ ਨਾਲ ਜੁੜੇ ਗੁਰਮੁਖਾਂ ਦੇ ਚਰਨਾਂ ਦੀ ਧੂੜ ਬਣਿਆ ਰਹਿੰਦਾ ਹਾਂ। ਗੁਰਮੁਖਾਂ ਦੀ ਸੰਗਤਿ ਵਿਚ ਮਿਲ ਬੈਠ ਕੇ ਸਭ ਤੋਂ ਉੱਚਾ ਆਤਮਕ ਦਰਜਾ ਪ੍ਰਾਪਤ ਕੀਤਾ ਜਾ ਸਕਦਾ ਹੈ, ਤੇ ਸਮਝ ਆ ਜਾਂਦੀ ਹੈ ਕਿ ਅਕਾਲ ਪੁਰਖ ਸਭ ਥਾਈਂ ਤੇ ਸਭਨਾਂ ਵਿਚ ਵੱਸਦਾ ਹੈ। ਜਦੋਂ ਗੁਰੂ ਸੰਤ ਮਿਲ ਪੈਂਦਾ ਹੈ, ਤਾਂ ਆਤਮਕ ਠੰਢ ਪ੍ਰਾਪਤ ਹੋ ਜਾਂਦੀ ਹੈ, ਗੁਰੂ ਮਨੁੱਖ ਦੇ ਸਾਰੇ ਪਾਪ ਕੱਟ ਦੇਂਦਾ ਹੈ, ਜਿਸ ਸਦਕਾ ਸਾਰੇ ਦੁਖ ਆਪਣੇ ਆਪ ਦੂਰ ਹੋ ਜਾਂਦੇ ਹਨ। ਗੁਰੂ ਨੂੰ ਮਿਲਿਆਂ ਮਨੁੱਖ ਦੀ ਜਿੰਦ ਖਿੜ ਜਾਂਦੀ ਹੈ, ਤੇ ਉਸ ਨੂੰ ਨਿਰਲੇਪ ਅਤੇ ਸਰਬ ਵਿਆਪਕ ਅਕਾਲ ਪੁਰਖ ਅੰਗ ਸੰਗ ਵੱਸਦਾ ਵਿਖਾਈ ਦਿੰਦਾ ਹੈ। ਜਿਸ ਮਨੁੱਖ ਨੇ ਵੱਡੀ ਕਿਸਮਤ ਨਾਲ ਸਬਦ ਗੁਰੂ ਦੀ ਸੰਗਤਿ ਪ੍ਰਾਪਤ ਕਰ ਲਈ, ਉਹ ਸਭ ਥਾਂਈ ਭਰਪੂਰ ਤੇ ਵਿਆਪਕ ਰਹਿੰਣ ਵਾਲੇ ਅਕਾਲ ਪੁਰਖ ਦਾ ਨਾਮੁ ਆਪਣੇ ਹਿਰਦੇ ਵਿਚ ਵਸਾ ਲੈਂਦਾ ਹੈ।

*ਸਾਰੰਗ ਮਹਲਾ ੪ ਘਰੁ ੧ ॥ ੧ੴ ਸਤਿਗੁਰ ਪ੍ਰਸਾਦਿ ॥ ਹਰਿ ਕੇ ਸੰਤ ਜਨਾ ਕੀ ਹਮ ਧੂਰਿ ॥ ਮਿਲਿ ਸਤਸੰਗਤਿ ਪਰਮ ਪਦੁ ਪਾਇਆ ਆਤਮ ਰਾਮੁ ਰਹਿਆ ਭਰਪੂਰਿ ॥੧॥ ਰਹਾਉ ॥ ਸਤਿਗੁਰੁ ਸੰਤੁ ਮਿਲੈ ਸਾਂਤਿ ਪਾਈਐ ਕਿਲਵਿਖ ਦੁਖ ਕਾਟੇ ਸਭਿ ਦੂਰਿ ॥ ਆਤਮ ਜੋਤਿ ਭਈ ਪਰਫੂਲਤਿ ਪੁਰਖੁ ਨਿਰੰਜਨੁ ਦੇਖਿਆ ਹਜੂਰਿ ॥੧॥ (੧੧੯੮)*

ਜੇ ਕਰ ਉਪਰ ਲਿਖੀਆਂ, ਗੁਰਬਾਣੀ ਦੀਆਂ ਸਿਖਿਆਵਾਂ, ਨੂੰ ਇਕੱਠਾ ਕਰੀਏ ਤਾਂ ਅਸੀਂ ਨਿਸਚੇ ਨਾਲ ਸਮਝ ਸਕਦੇ ਹਾਂ, ਕਿ ਜੀਵਨ ਵਿਚ ਤਕਨੀਕੀ ਤਰੱਕੀ ਵੀ ਚਾਹੀਦੀ ਹੈ ਤੇ ਸੱਚਾ ਅਤੇ ਸੁਚਾ ਜੀਵਨ ਵੀ ਚਾਹੀਦਾ ਹੈ। ਸਾਇੰਸ ਨਾਲ ਸਹੂਲਤਾਂ ਤਾਂ ਪਾਈਆਂ ਜਾ ਸਕਦੀਆਂ ਹਨ, ਪਰੰਤੂ ਆਤਮਿਕ ਸੁਖ ਲਈ ਗੁਰੂ ਗਰੰਥ ਸਾਹਿਬ ਅੰਦਰ ਅੰਕਿਤ ਬਾਣੀ ਦਾ ਓਟ ਆਸਰਾ ਲੈਣਾਂ ਪਵੇਗਾ।

- ਸਾਇੰਸ ਦੀਆਂ ਖੋਜਾਂ ਨਾਲ ਤਕਨੀਕੀ ਤਰੱਕੀ ਤਾਂ ਬਹੁਤ ਹੋਈ ਪਰ ਮਾਨਸਿਕ ਵਿਕਾਸ ਨਹੀਂ। ਐਟਮ ਬੰਬ ਦੀ ਕਾਢ ਜਪਾਨ ਦੀ ਬਰਬਾਦੀ ਦਾ ਕਾਰਣ ਬਣੀ, ਅਧੁਨਿਕ ਹਥਿਆਰਾ ਨਾਲ ਤਬਾਹੀ ਮਚਾਈ ਜਾ ਰਹੀ ਹੈ।
- ਧਰਮ ਉਹੀ ਸਫਲ ਹੈ ਜਿਹੜਾ ਅਕਾਲ ਪੁਰਖ ਤੋਂ ਇਕ ਸਫਲ ਮਨੁੱਖਾ ਜੀਵਨ ਤਕ ਲਿਜਾ ਸਕਦਾ ਹੈ।
- ਸਿੱਖ ਧਰਮ ਸੱਚ ਅਤੇ ਸੱਚਾ ਜੀਵਨ ਜਿਉਣ ਦੀ ਜਾਚ ਸਿਖਾਂਉਂਦਾ ਹੈ, ਸਾਇੰਸ ਸਿਰਫ ਦਿਸਣ ਵਾਲੇ ਸੱਚ ਦੀ ਗੱਲ ਕਰਦੀ ਹੈ।
- ਅਕਾਲ ਪੁਰਖ ਦੇ ਨਾਮੁ ਨੂੰ ਜੀਵਨ ਦਾ ਆਸਰਾ ਬਣਾਣ ਲਈ, ਉਸ ਦੇ ਹੁਕਮੁ ਨੂੰ ਸਮਝਣਾ ਤੇ ਉਸ ਅਨੁਸਾਰ ਚਲਣਾਂ ਜਰੂਰੀ ਹੈ।
- ਆਪਣੇ ਸਰੀਰ ਨੂੰ ਕਸ਼ਟ ਦੇ ਕੇ, ਜਾਂ ਹੋਰ ਲੱਖਾਂ ਕ੍ਰੋੜਾਂ ਕਰਮ ਕਾਂਡ ਕਰਕੇ, ਕੋਈ ਵੀ ਕਰਮ ਅਕਾਲ ਪੁਰਖ ਦੇ ਨਾਮੁ ਦੀ ਬਰਾਬਰੀ ਨਹੀਂ ਕਰ ਸਕਦਾ।
- ਹਰੇਕ ਕਰਮ ਅਕਾਲ ਪੁਰਖ ਦੇ ਨਾਮੁ ਤੋਂ ਘਟੀਆ ਹੈ, ਤੇ ਸਭ ਕਰਮਾਂ ਨਾਲੋਂ ਸ੍ਰੇਸ਼ਟ ਕਰਮ, ਗੁਰਬਾਣੀ ਦੁਆਰਾ ਸਮਝਾਇਆ ਗਿਆ ਅਕਾਲ ਪੁਰਖ ਦਾ ਨਾਮੁ ਰੂਪੀ ਕਰਮ ਹੀ ਹੈ।
- ਪ੍ਰਾਣਾਯਾਮ ਦੀ ਸਹਾਇਤਾ ਨਾਲ ਲੰਮੀ ਉਮਰ ਕਰਕੇ ਆਮ ਲੋਕਾਂ ਨੂੰ ਤਾਂ ਪ੍ਰਭਾਵਤ ਤਾਂ ਕੀਤਾ ਜਾ ਸਕਦਾ ਹੈ, ਪਰੰਤੂ ਅਕਾਲ ਪੁਰਖ ਦੇ ਹੁਕਮੁ ਅਨੁਸਾਰ ਪਰਵਾਣ ਹੋਣ ਤੋਂ ਬਿਨਾਂ, ਅਕਾਲ ਪੁਰਖ ਦੀ ਮਿਹਰ ਦਾ ਪਾਤਰ ਨਹੀਂ ਬਣਿਆ ਜਾ ਸਕਦਾ।
- ਅਕਾਲ ਪੁਰਖ ਨੂੰ ਆਪਣੇ ਹਿਰਦੇ ਵਿਚ ਵੇਖਣ ਲਈ ਆਪਣੇ ਅੰਦਰ ਉਸ ਵਰਗੇ ਗੁਣ ਪੈਦਾ ਕਰਨੇ ਹਨ, ਉਸ ਵਰਗੇ ਉਚੇ ਬਣਨ ਦਾ ਲਗਾਤਾਰ ਉਪਰਾਲਾ ਕਰਨਾ ਹੈ।
- ਅੱਜਕਲ ਸਾਇੰਸ ਵੀ ਬਹੁਤ ਕੋਸ਼ਿਸ਼ ਕਰ ਰਹੀ ਹੈ ਕਿ ਸ੍ਰਿਸ਼ਟੀ ਦੇ ਆਰੰਭ ਬਾਰੇ ਪਤਾ ਲੱਗ ਸਕੇ, ਪਰ ਉਹ ਸਾਰੀ ਖੋਜ਼ ਕੁਝ ਹੱਦ ਤਕ ਹੀ ਸੀਮਿਤ ਹੈ।
- ਜਿਸ ਤਰ੍ਹਾਂ ਕਿਸੇ ਚੀਜ ਨੂੰ ਮਾਪਣ ਲਈ ਉਸ ਤੋਂ ਵੱਡੀ ਸਕੇਲ ਲੈਣੀ ਪੈਦੀ ਹੈ, ਠੀਕ ਉਸੇ ਤਰ੍ਹਾਂ ਉਸ ਉੱਚੇ ਅਕਾਲ ਪੁਰਖ ਨੂੰ ਉਹੀ ਸਮਝ ਸਕਦਾ ਹੈ, ਜਿਹੜਾ ਉਸ ਜਿਨ੍ਹਾਂ ਵੱਡਾ ਹੋਵੇ।
- ਜਿਹੜਾ ਮਨੁੱਖ ਅਕਾਲ ਪੁਰਖ ਦੇ ਸੱਚੇ ਨਾਮੁ ਦਾ ਵਾਪਾਰ ਕਰਦਾ ਹੈ, ਉਸ ਦਾ ਜੀਵਨ ਰੂਪੀ ਬੇੜਾ ਸੰਸਾਰ ਸਮੁੰਦਰ ਦੇ ਵਿਕਾਰਾਂ ਦੀਆਂ ਲਹਿਰਾਂ ਦੇ ਪਾਣੀ ਉੱਪਰ ਤਰਦਾ ਰਹਿੰਦਾ ਹੈ ਤੇ ਅਕਾਲ ਪੁਰਖ ਚਰਨਾਂ ਵਿਚ ਟਿਕਿਆ ਰਹਿੰਦਾ ਹੈ।
- ਉਹੀ ਮਨੁੱਖ ਅਕਾਲ ਪੁਰਖ ਦੇ ਦਰ ਤੇ ਸੋਭਾ ਪਾਂਦਾ ਹੈ, ਜਿਹੜਾ ਅਕਾਲ ਪੁਰਖ ਦੇ ਹੁਕਮੁ ਨੂੰ ਮੰਨਦਾ ਹੈ, ਤੇ ਅਕਾਲ ਪੁਰਖ ਦੀ ਰਜ਼ਾ ਵਿਚ ਰਹਿੰਦਾ ਹੈ। ਆਪਣੀ ਮਨ ਮਰਜ਼ੀ ਕਰਨ ਵਾਲੇ ਹੰਕਾਰੀ ਮਨੁੱਖ ਆਤਮਕ ਮੌਤੇ ਮਰਦੇ ਰਹਿੰਦੇ ਹਨ।

- ਨਿਰਾ ਮੂੰਹ ਨਾਲ ਬੋਲੀ ਜਾਣਾ ਵਿਅਰਥ ਹੈ ਤੇ ਉਸ ਦਾ ਕੋਈ ਲਾਭ ਨਹੀਂ, ਗੁਰਬਾਣੀ ਦੁਆਰਾ ਅਕਾਲ ਪੁਰਖ ਦੇ ਸੱਚੇ ਨਾਮੁ ਨੂੰ ਆਪਣੇ ਹਿਰਦੇ ਵਿਚ ਜਾਚਣਾ, ਪਰਖਣਾ, ਤੋਲਣਾ ਤੇ ਵਸਾਣਾਂ ਵੀ ਹੈ।
- ਅਕਾਲ ਪੁਰਖ ਦੇ ਅੰਦਰ ਸਿਆਣਪ, ਬੁਧੀ, ਤਾਕਤ, ਸਭ ਤੋਂ ਉਤਮ ਹੈ, ਜੋ ਕਿ ਆਮ ਜੀਵਾਂ ਵਿਚ ਨਹੀਂ।
- ਗੁਰੂ ਦੇ ਦੱਸੇ ਰਾਹ ਉੱਤੇ ਤੁਰ ਕੇ ਮਨੁੱਖ ਦੇ ਅੰਦਰ ਉੱਚਾ ਆਚਰਨ ਬਣ ਜਾਂਦਾ ਹੈ।
- ਅਕਾਲ ਪੁਰਖ ਨੂੰ ਪਾਉਣ ਲਈ ਆਪਣੇ ਅੰਦਰ ਦੀ ਖੋਜ਼ ਕਰਨੀ ਹੈ।
- ਜਿਹੜਾ ਮਨੁੱਖ ਅਕਾਲ ਪੁਰਖ ਦੇ ਨਾਮੁ ਦੀ ਪ੍ਰਾਪਤੀ ਕਰਨ ਲਈ ਉਪਰਾਲੇ ਕਰਦਾ ਰਹਿੰਦਾ ਹੈ, ਉਸ ਦੀਆਂ ਅੱਖਾਂ ਪਰਾਇਆ ਰੂਪ ਨਹੀਂ ਤੱਕਦੀਆਂ, ਸੁਰਤਿ ਅਕਾਲ ਪੁਰਖ ਨਾਲ ਜੁੜ ਜਾਂਦੀ ਹੈ, ਤੇ ਜੀਭ ਪਵਿਤਰ ਹੋ ਜਾਂਦੀ ਹੈ।
- ਮਨੁੱਖ ਦਾ ਸਰੀਰ ਉਸ ਦੇ ਮਨ ਦੇ ਕਹਿੰਣ ਅਨੁਸਾਰ ਚਲਦਾ ਹੈ, ਇਸੇ ਲਈ ਗੁਰੂ ਸਾਹਿਬ ਮਨ ਨੂੰ ਖਾਸ ਤੌਰ ਤੇ ਸਮਝਾਂਉਂਦੇ ਹਨ ਕਿ ਤੂੰ ਉਸ ਅਕਾਲ ਪੁਰਖ ਦਾ ਅੰਸ ਹੈ, ਇਸ ਲਈ ਆਪਣੇ ਉਸ ਅਸਲੇ ਨੂੰ ਸਮਝ ਤੇ ਉਸ ਨਾਲ ਸਾਂਝ ਪਾ।
- ਅਕਾਲ ਪੁਰਖ ਆਪ ਹੀ ਗੁਰੂ ਹੈ, ਤੇ ਆਪ ਹੀ ਗੁਰੂ ਦਾ ਸ਼ਬਦ ਹੈ। ਜਦੋਂ ਮਨੁੱਖ ਅਕਾਲ ਪੁਰਖ ਨਾਲ ਡੂੰਘੀ ਸਾਂਝ ਪਾ ਲੈਂਦਾ ਹੈ, ਤਾਂ ਉਸ ਦੇ ਅੰਦਰੋਂ ਦਵੈਤ ਭਾਵ ਤੇ ਭਟਕਣਾ ਦੂਰ ਹੋ ਜਾਂਦੀ ਹੈ, ਤੇ ਪਵਿਤਰ ਜੀਵਨ ਵਾਲਾ ਬਣ ਜਾਂਦਾ ਹੈ।
- ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ ਅਕਾਲ ਪੁਰਖ ਦਾ ਨਾਮੁ ਆਪ ਉਚਾਰਦਾ ਹੈ, ਤੇ ਹੋਰਨਾਂ ਨੂੰ ਵੀ ਸੁਣਾਂਦਾ ਹੈ।
- ਜਿਸ ਮਨੁੱਖ ਨੇ ਸਬਦ ਗੁਰੂ ਨਾਲ ਸਾਂਝ ਪਾ ਲਈ, ਉਹ ਇਕ ਅਕਾਲ ਪੁਰਖ ਨੂੰ ਸਮਝ ਤੇ ਪਹਿਚਾਣ ਲੈਂਦਾ ਹੈ। ਅਜੇਹੇ ਮਨੁੱਖ ਦੀ ਸੁਰਤਿ ਹਮੇਸ਼ਾਂ "***ਗੁਰ ਕੀ ਸੇਵਾ ਸਬਦੁ ਵੀਚਾਰੁ***" ਅਨੁਸਾਰ ਅਕਾਲ ਪੁਰਖ ਦੇ ਨਾਮੁ ਵਿਚ ਟਿਕੀ ਰਹਿੰਦੀ ਹੈ।
- ਗੁਰਮੁਖਾਂ ਦੀ ਸੰਗਤਿ ਵਿਚ ਮਿਲ ਬੈਠ ਕੇ ਸਭ ਤੋਂ ਉੱਚਾ ਆਤਮਕ ਦਰਜਾ ਪ੍ਰਾਪਤ ਕੀਤਾ ਜਾ ਸਕਦਾ ਹੈ।
- ਜਿਸ ਮਨੁੱਖ ਨੇ ਵੱਡੀ ਕਿਸਮਤ ਨਾਲ ਸਬਦ ਗੁਰੂ ਦੀ ਸੰਗਤਿ ਪ੍ਰਾਪਤ ਕਰ ਲਈ, ਉਹ ਸਭ ਥਾਂਈ ਭਰਪੂਰ ਤੇ ਵਿਆਪਕ ਰਹਿੰਣ ਵਾਲੇ ਅਕਾਲ ਪੁਰਖ ਦਾ ਨਾਮੁ ਆਪਣੇ ਹਿਰਦੇ ਵਿਚ ਵਸਾ ਲੈਂਦਾ ਹੈ।

**"ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ"**

ਤਤਕਰਾ

# ਸ੍ਰਿਸ਼ਟੀ ਦੀ ਸਾਜਨਾ ਕਿਸ ਨੇ ਕੀਤੀ (ਭਾਗ-੨੧)

## Who created the universe (Part-21)

ਇਹ ਇਕ ਬਹੁਤ ਮੁਸ਼ਕਲ ਸਵਾਲ ਹੈ, ਕਿ ਇਹ ਸਾਰੀ ਸ੍ਰਿਸ਼ਟੀ ਕਿਸ ਨੇ ਪੈਦਾ ਕੀਤੀ ਤੇ ਕਿਸ ਤਰ੍ਹਾਂ ਪੈਦਾ ਕੀਤੀ? ਕੀ ਅਸੀਂ ਇਸ ਦਾ ਕਾਰਣ ਜਾਣ ਸਕਦੇ ਹਾਂ? ਅਸੀਂ ਇਸ ਵਾਸਤੇ ਸਿਰਫ ਅੰਦਾਜ਼ੇ ਲਗਾ ਸਕਦੇ ਹਾਂ। ਸਾਇੰਸ ਬਿਗ ਬੈਂਗ ਥਿਉਰੀ (Big Bang Theory), ਬਲੈਕ ਹੋਲ (Black hole) ਤੋਂ ਬਣਨਾਂ ਆਦਿ ਦੇ ਅੰਦਾਜੇ ਲਗਾ ਰਹੀ ਹੈ। ਪਰੰਤੂ ਇਸ ਦੇ ਪਿਛੇ ਜੇ ਕਰ ਕੋਈ ਕਾਰਣ ਪੁਛਿਆ ਜਾਵੇ ਤਾਂ ਸਾਇੰਸ ਵੀ ਇਸ ਦਾ ਠੋਸ ਉੱਤਰ ਨਹੀਂ ਦੇ ਸਕਦੀ। ਇਹ ਬਲੈਕ ਹੋਲ ਕਿਸ ਨੇ ਬਣਾਇਆ, ਕਿਸ ਤਰ੍ਹਾਂ ਬਣਿਆ, ਕਿਉਂ ਬਣਿਆ, ਉਸ ਤੋਂ ਸਾਰੀ ਸ੍ਰਿਸ਼ਟੀ ਕਿਸ ਤਰ੍ਹਾਂ ਬਣ ਗਈ? ਸਾਇੰਸ ਵੀ ਕਈ ਤਰ੍ਹਾਂ ਦੇ ਅੰਦਾਜ਼ੇ ਆਦਿ ਦੀਆਂ ਗੱਲਾਂ ਕਰ ਰਹੀ ਹੈ। ਜਿਸ ਤਰ੍ਹਾਂ ਸਾਇੰਸ ਦੀਆਂ ਨਵੀਆਂ ਨਵੀਆਂ ਥਿਉਰੀਆਂ ਲੱਭੀਆਂ ਜਾ ਰਹੀਆਂ ਹਨ, ਉਹ ਇਸ ਵਿਸ਼ੇ ਸਬੰਧੀ ਗਿਆਨ ਵਿਚ ਹੋਰ ਵਾਧਾ ਤਾਂ ਕਰ ਰਹੀਆਂ ਹਨ, ਪਰੰਤੂ ਕੁਦਰਤ ਦਾ ਅੰਤ ਪਾਉਣਾਂ ਅਜੇ ਬਹੁਤ ਹੀ ਦੂਰ ਹੈ।

ਨਿਸ਼ਚਤ ਤੌਰ ਤੇ ਅਕਾਲ ਪੁਰਖ ਦਾ ਕੋਈ ਨਿਯਮ ਸੀ, ਜਿਸ ਨੇ ਅਨੇਕਾਂ ਖੰਡ ਬ੍ਰਹਿਮੰਡ ਪੈਦਾ ਕਰ ਦਿਤੇ। ਗੁਰੂ ਨਾਨਕ ਸਾਹਿਬ ਨੇ ਜਪੁਜੀ ਸਾਹਿਬ ਵਿਚ ਇਸ ਸ੍ਰਿਸ਼ਟੀ ਦੇ ਪੈਦਾ ਹੋਣ ਬਾਰੇ ਇਹੀ ਕਿਹਾ ਹੈ ਕਿ ਅਕਾਲ ਪੁਰਖ ਨੇ ਆਪਣੇ ਇਕੋ ਹੁਕਮੁ ਨਾਲ ਸਾਰਾ ਸੰਸਾਰ ਬਣਾ ਦਿੱਤਾ, ਉਸ ਦੇ ਹੁਕਮੁ ਨਾਲ ਹੀ ਜ਼ਿੰਦਗੀ ਦੇ ਲੱਖਾਂ ਦਰਿਆ ਬਣ ਗਏ।

ਸਿੱਖ ਧਰਮ ਅਨੁਸਾਰ ਪੂਰੀ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਅਕਾਲ ਪੁਰਖ ਆਪ ਹੀ ਹੈ। ਇਸ ਜਗਤ ਦੀ ਰਚਨਾ ਤੋਂ ਪਹਿਲਾਂ ਬੇਅੰਤ ਸਮਾਂ ਅਕਾਲ ਪੁਰਖ ਨੇ ਸ੍ਰਿਸ਼ਟੀ ਦੀ ਅਜਿਹੀ ਹਾਲਤ ਬਣਾਈ ਰੱਖੀ ਸੀ, ਜੋ ਕਿ ਮਨੁੱਖ ਦੀ ਸਮਝ ਤੋਂ ਬਹੁਤ ਪਰੇ ਹੈ। ਉਹ ਹਾਲਤ ਕਿਸ ਤਰ੍ਹਾਂ ਦੀ ਸੀ, ਉਸ ਗੁਬਾਰ ਬਾਰੇ ਕੋਈ ਜੀਵ ਕੁਝ ਵੀ ਨਹੀਂ ਕਹਿ ਸਕਦਾ, ਤੇ ਨਾ ਹੀ ਕੋਈ ਜੀਵ ਬਿਆਨ ਕਰ ਸਕਦਾ ਹੈ। ਸਿਰਫ ਅਕਾਲ ਪੁਰਖ ਆਪ ਹੀ ਜਾਣਦਾ ਕਿ ਅਸਲੀਅਤ ਕੀ ਸੀ। ਅਕਾਲ ਪੁਰਖ ਨੇ ਆਪ ਸਾਰੀ ਸ੍ਰਿਸ਼ਟੀ ਪੈਦਾ ਕੀਤੀ, ਤੇ ਇਹ ਜਗਤ ਦਾ ਸਾਰਾ ਖੇਲ ਤਮਾਸ਼ਾ ਆਪ ਹੀ ਰਚਿਆ ਹੈ, ਇਹ ਸਭ ਉਸ ਦੀ ਹੀ ਵਡਿਆਈ ਹੈ। ਵੱਖ ਵੱਖ ਕਿਸਮ ਦੇ ਇਹ ਸਾਰੇ ਜੀਵਾਂ ਨੂੰ ਅਕਾਲ ਪੁਰਖ ਆਪ ਹੀ ਬਣਾਉਂਦਾ ਹੈ, ਤੇ ਆਪ ਹੀ ਨਾਸ ਕਰ ਕੇ, ਫਿਰ ਹੋਰ ਆਪ ਹੀ ਪੈਦਾ ਕਰਦਾ ਹੈ। ਹਰੇਕ ਸਰੀਰ ਵਿਚ ਅਕਾਲ ਪੁਰਖ ਦਾ ਬਣਾਇਆ ਹੋਇਆ ਸੁਆਸ, ਪਉਣ (ਹਵਾ, ਆਕਸੀਜਨ) ਦੀ ਸਹਾਇਤਾ ਨਾਲ ਚੱਲ ਰਿਹਾ ਹੈ। ਜਿਸ ਮਨੁੱਖ ਨੂੰ ਪੂਰੇ ਗੁਰੂ ਪਾਸੋਂ ਇਹ ਸਮਝ ਆ ਗਈ, ਉਹ ਮਨੁੱਖ ਗੁਰੂ ਦੇ ਸ਼ਬਦ ਵਿਚ ਜੁੜ ਕੇ ਇਸ ਜਗਤ ਦੇ ਤਮਾਸ਼ੇ ਵਿਚ ਨਿਰਲੇਪ ਰਹਿੰਦਾ ਹੈ, ਤੇ ਸਦਾ ਥਿਰ ਅਕਾਲ ਪੁਰਖ ਨਾਲ ਆਪਣਾ ਮਨ ਜੋੜੀ ਰੱਖਦਾ ਹੈ।

*ਮਾਰੂ ਮਹਲਾ ੩ ॥ ਜੁਗ ਛਤੀਹ ਕੀਓ ਗੁਬਾਰਾ ॥ ਤੂ ਆਪੇ ਜਾਣਹਿ ਸਿਰਜਣਹਾਰਾ ॥ ਹੋਰ ਕਿਆ ਕੋ ਕਹੈ ਕਿ ਆਖਿ ਵਖਾਣੈ ਤੂ ਆਪੇ ਕੀਮਤਿ ਪਾਇਦਾ ॥੧॥ ਓਅੰਕਾਰਿ ਸਭ ਸ੍ਰਿਸਟਿ ਉਪਾਈ ॥ ਸਭੁ ਖੇਲੁ ਤਮਾਸਾ ਤੇਰੀ ਵਡਿਆਈ ॥ ਆਪੇ ਵੇਕ ਕਰੇ ਸਭਿ ਸਾਚਾ ਆਪੇ ਭੰਨਿ ਘੜਾਇਦਾ ॥੨॥ (੧੦੬੧)*

ਕੁਦਰਤ (Universe) ਦੀ ਰਚਨਾ ਵਿਚ ਗ੍ਰਹਿ, ਤਾਰੇ, ਗਲੈਕਸੀਆਂ, ਵਿਚਲੀ ਖਾਲੀ ਥਾਂ, ਜੀਵ ਜੰਤੂ, ਪਦਾਰਥ ਤੇ ਉਨ੍ਹਾਂ ਦੇ ਛੋਟੇ ਤੋਂ ਛੋਟੇ ਅੰਸ਼, ਆਦਿ ਸਭ ਕੁਝ ਆ ਜਾਂਦੇ ਹਨ। ਅੱਜ ਦੀ ਸਾਇੰਸ ਅਜੇ ਗਲੈਕਸੀਆਂ ਤਕ ਹੀ ਸਮਝ ਸਕੀ ਹੈ, ਜਿਥੋਂ ਕਿ ਰੌਸ਼ਨੀ ਹੁਣ ਤਕ ਪਹੁੰਚ ਸਕੀ ਹੈ। ਜਿਸ ਤਰ੍ਹਾਂ ਸਾਇੰਸ ਤਰੱਕੀ ਕਰਦੀ ਗਈ ਨਵੀਆਂ ਥਿਊਰੀਆਂ ਬਣਦੀਆਂ ਗਈਆਂ। ਅੱਜ ਦੀ ਸਾਇੰਸ ਦੇ ਮੁਤਾਬਕ ਕੁਦਰਤ ਦਾ ਰੇਡੀਅਸ ੪੬ ਬਿਲਿਅਨ ਪ੍ਰਕਾਸ਼ ਸਾਲ ਹੈ। ਬਿਗ ਬੈਂਗ ਸਿਧਾਤ ਮੁਤਾਬਕ ਕੁਦਰਤ ੧੩.੮ ਬਿਲਿਅਨ ਸਾਲ ਪਹਿਲਾਂ ਇਕ ਇਕਾਈ (singularity) ਤੋਂ ਬਣੀ ਸੀ ਤੇ ਇਹ ਫੈਲਦੀ ਜਾ ਰਹੀ ਹੈ। ਹੁਣ ਸਵਾਲ ਪੈਦਾ ਹੁੰਦਾਂ ਹੈ ਕਿ ਇਸ ਬਿਗ ਬੈਂਗ ਤੋਂ ਪਹਿਲਾਂ ਕੀ ਸੀ ਤੇ ਕਿਉਂ ਸੀ? ਇਹ ਅੱਜ ਦੀ ਸਾਇੰਸ ਦੀ ਪਹੁੰਚ ਤੋਂ ਬਾਹਰ ਹੈ।

ਅੱਜ ਦੀ ਸਾਇੰਸ ਅਨੁਸਾਰ ਕੁਦਰਤ ਆਮ ਪਦਾਰਥ (Ordinary matter = 5%), ਨਾ ਦਿਖਾਈ ਦੇਣ ਵਾਲਾ ਪਦਾਰਥ (Dark matter = 25%), ਨਾ ਦਿਖਾਈ ਦੇਣ ਵਾਲੀ ਊਰਜਾ (Dark energy = 70%) ਜਿਹੜੀ ਕਿ ਸੁੰਨ (Vacuum) ਅਵਸਥਾ ਵਿਚ ਵੀ ਹੋ ਸਕਦੀ ਹੈ, ਦੀ ਬਣੀ ਹੈ। ਅੱਜ ਦੀ ਸਾਇੰਸ ਨੂੰ 95% ਕੁਦਰਤ ਬਾਰੇ ਕੁਝ ਪਤਾ ਨਹੀਂ। ਜਨਰਲ ਰੈਲੇਟਿਵਟੀ (General relativity) ਦੇ ਅਨੁਸਾਰ, ਕੁਦਰਤ ਪ੍ਰਕਾਸ਼ ਦੀ ਗਤੀ ਤੋਂ ਵੀ ਤੇਜੀ ਨਾਲ ਫੈਲ ਸਕਦੀ ਹੈ, ਇਸ ਲਈ ਕੁਦਰਤ ਦਾ ਅੰਤ ਪਾਣਾਂ ਆਸਾਨ ਨਹੀਂ, ਕਿਉਂਕਿ ਸਾਇੰਸ ਕੋਲ ਅਜੇ ਤਕ ਪ੍ਰਕਾਸ਼ ਦੀ ਗਤੀ ਤੋਂ ਤੇਜ ਮਾਪਣ ਦਾ ਹੋਰ ਕੋਈ ਸਾਧਨ ਨਹੀਂ ਹੈ।

ਗੁਰੂ ਸਾਹਿਬਾਂ ਨੇ ਕਈ ਸਾਲ ਪਹਿਲਾਂ ਹੀ ਸਮਝਾ ਦਿਤਾ ਸੀ, ਕਿ ਅਕਾਲ ਪੁਰਖ ਨੇ ਇਹ ਕੁਦਰਤ ਸੁੰਨ ਤੋਂ ਪੈਦਾ ਕੀਤੀ। ਅਕਾਲ ਪੁਰਖ ਤੋਂ ਪਰੇ ਹੋਰ ਕੁਝ ਵੀ ਨਹੀਂ ਤੇ ਉਹ ਨਿਰੋਲ ਆਪ ਹੀ ਆਪ ਹੈ, ਤੇ ਆਪਣੀ ਤਾਕਤ ਆਪ ਹੀ ਬਣਾਈ ਹੋਈ ਹੈ। ਅਕਾਲ ਪੁਰਖ ਆਪ ਹੀ ਸੁੰਨ ਅਵਸਥਾ ਤੋਂ ਹਵਾ, ਪਾਣੀ ਆਦਿਕ ਤੱਤ ਪੈਦਾ ਕਰਦਾ ਹੈ। ਆਪ ਹੀ ਸੁੰਨ ਅਵਸਥਾ ਤੋਂ ਸ੍ਰਿਸ਼ਟੀ, ਅਨੇਕਾਂ ਸਰੀਰ ਤੇ ਜੀਵ ਪੈਦਾ ਕਰਦਾ ਹੈ।

*ਮਾਰੂ ਮਹਲਾ ੧ ॥ ਸੁੰਨ ਕਲਾ ਅਪਰੰਪਰਿ ਧਾਰੀ ॥ ਆਪਿ ਨਿਰਾਲਮੁ ਅਪਰ ਅਪਾਰੀ ॥ ਆਪੇ ਕੁਦਰਤਿ ਕਰਿ ਕਰਿ ਦੇਖੈ ਸੁੰਨਹੁ ਸੁੰਨੁ ਉਪਾਇਦਾ ॥੧॥ ਪਉਣੁ ਪਾਣੀ ਸੁੰਨੈ ਤੇ ਸਾਜੇ ॥ ਸ੍ਰਿਸਟਿ ਉਪਾਇ ਕਾਇਆ ਗੜ ਰਾਜੇ ॥ ਅਗਨਿ ਪਾਣੀ ਜੀਉ ਜੋਤਿ ਤੁਮਾਰੀ ਸੁੰਨੇ ਕਲਾ ਰਹਾਇਦਾ ॥੨॥*

*ਸੁੰਨਹੁ ਚੰਦੁ ਸੂਰਜੁ ਗੈਣਾਰੇ ॥ ਤਿਸ ਕੀ ਜੋਤਿ ਤ੍ਰਿਭਵਣ ਸਾਰੇ ॥ ਸੁੰਨੇ ਅਲਖ ਅਪਾਰ ਨਿਰਾਲਮੁ ਸੁੰਨੇ ਤਾੜੀ ਲਾਇਦਾ ॥੫॥ ਸੁੰਨਹੁ ਧਰਤਿ ਅਕਾਸੁ ਉਪਾਏ ॥ ਬਿਨੁ ਥੰਮਾ ਰਾਖੇ ਸਚੁ ਕਲ ਪਾਏ ॥ ਤ੍ਰਿਭਵਣ ਸਾਜਿ ਮੇਖੁਲੀ ਮਾਇਆ ਆਪਿ ਉਪਾਇ ਖਪਾਇਦਾ ॥੬॥ ਸੁੰਨਹੁ ਖਾਣੀ ਸੁੰਨਹੁ ਬਾਣੀ ॥ ਸੁੰਨਹੁ ਉਪਜੀ ਸੁੰਨਿ ਸਮਾਣੀ ॥ ਉਤਭੁਜੁ ਚਲਤੁ ਕੀਆ ਸਿਰਿ ਕਰਤੈ ਬਿਸਮਾਦੁ ਸਬਦਿ ਦੇਖਾਇਦਾ ॥੭॥ (੧੦੩੭, ੧੦੩੮)*

ਗੁਰੂ ਨਾਨਕ ਸਾਹਿਬਾਂ ਨੇ ਕਈ ਸਾਲ ਪਹਿਲਾਂ ਅਕਾਲ ਪੁਰਖ ਦੀ ਸੁੰਨ ਅਵਸਥਾ ਬਾਰੇ ਜਿਕਰ ਕੀਤਾ ਸੀ, ਤੇ ਅੱਜ ਦੀ ਸਾਇੰਸ ਵੀ ਹੁਣ ਸ੍ਰਿਸ਼ਟੀ ਦੇ ਪੈਦਾ ਹੋਣ ਬਾਰੇ ਇਹੀ ਕਹਿ ਰਹੀ ਹੈ, ਕਿ ਇਹ ਇਕ ਇਕਾਈ (Singularity) ਤੋਂ ਬਣੀ ਹੈ। ਗੁਰੂ ਨਾਨਕ ਸਾਹਿਬਾਂ ਨੇ ਗੁਰਬਾਣੀ ਵਿਚ ਸਮਝਾਇਆ ਹੈ ਕਿ ਅਕਾਲ ਪੁਰਖ ਨੇ ਇਹ ਕੁਦਰਤ ਸੁੰਨ{ਸਾ੦੮} ਤੋਂ ਪੈਦਾ ਕੀਤੀ।

ਗੁਰੂ ਨਾਨਕ ਸਾਹਿਬ ਨੇ ਅੱਜ ਤੋਂ ੫੦੦ ਸਾਲ ਪਹਿਲਾਂ ਸਮਝਾ ਦਿੱਤਾ ਸੀ ਕਿ ਅਕਾਲ ਪੁਰਖ ਨੇ ਆਪ ਹੀ ਆਪਣੇ ਆਪ ਨੂੰ ਸਾਜਿਆ, ਤੇ ਆਪ ਹੀ ਆਪਣਾ ਨਾਮਣਾ ਬਣਾਇਆ। ਫਿਰ, ਉਸ ਨੇ ਕੁਦਰਤ ਰਚੀ ਤੇ ਉਸ ਵਿਚ ਆਸਣ ਜਮਾ ਕੇ, ਭਾਵ, ਕੁਦਰਤ ਵਿਚ ਵਿਆਪਕ ਹੋ ਕੇ, ਇਸ ਜਗਤ ਦਾ ਤਮਾਸ਼ਾ ਵੇਖਣ ਲੱਗ ਪਿਆ। ਅਕਾਲ ਪੁਰਖ ਆਪ ਹੀ ਜੀਵਾਂ ਨੂੰ ਦਾਤਾਂ ਦੇਣ ਵਾਲਾ ਹੈ ਤੇ ਆਪ ਹੀ ਇਨ੍ਹਾਂ ਨੂੰ ਸਾਜਣ ਵਾਲਾ ਹੈ। ਆਪ ਹੀ ਖੁਸ਼ ਹੋ ਕੇ ਜੀਵਾਂ ਨੂੰ ਦਿੰਦਾ ਹੈ ਤੇ ਬਖ਼ਸ਼ਸ਼ ਕਰਦਾ ਹੈ। ਉਹ ਸਭਨਾਂ ਜੀਆਂ ਦਾ ਜਾਣਨਹਾਰ ਹੈ। ਜਿੰਦ ਅਤੇ ਸਰੀਰ ਦੇ ਕੇ ਆਪ ਹੀ ਵਾਪਸ ਲੈ ਲੈਂਦਾ ਹੈ, ਭਾਵ, ਆਪ ਹੀ ਜਿੰਦ ਤੇ ਸਰੀਰ ਦਿੰਦਾ ਹੈ, ਆਪ ਹੀ ਮੁੜ ਜਿੰਦ ਸਰੀਰ ਵਿਚੋਂ ਕੱਢ ਕੇ ਵਾਪਸ ਲੈ ਲੈਂਦਾ ਹੈ। ਅਕਾਲ ਪੁਰਖ ਆਪਣੀ ਬਣਾਈ ਹੋਈ ਕੁਦਰਤ ਵਿਚ ਆਪਣਾ ਆਸਣ ਜਮਾ ਕੇ ਇਹ ਸਾਰਾ ਜਗਤ ਤਮਾਸ਼ਾ ਵੇਖ ਰਿਹਾ ਹੈ।

*ਪਉੜੀ ॥ ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥ ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥ ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥ ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥ ਕਰਿ ਆਸਣੁ ਡਿਠੋ ਚਾਉ ॥੧॥ (੪੬੩)*

ਜਗਤ ਦਾ ਇਹ ਸਾਰਾ ਖਿਲਾਰਾ ਉਸ ਇੱਕ ਅਕਾਲ ਪੁਰਖ ਦਾ ਹੀ ਰਚਿਆ ਹੋਇਆ ਹੈ, ਤੇ ਸਾਰੇ ਜੀਵ ਜੰਤੂ ਉਸ ਦੇ ਹੀ ਅਨੇਕਾਂ ਰੂਪ ਹਨ। ਸਭ ਜੀਵਾਂ ਵਿਚ ਵਿਆਪਕ ਹੋ ਕੇ ਅਕਾਲ ਪੁਰਖ ਆਪ ਹੀ ਜਗਤ ਦਾ ਵਾਪਾਰ ਤੇ ਵਿਹਾਰ ਕਰ ਰਿਹਾ ਹੈ। ਸਾਰੇ ਸੰਸਾਰ ਵਿਚ ਕਿਸੇ ਪਾਸੇ ਵੀ ਚਲੇ ਜਾਈਏ, ਸਭ ਪਾਸੇ ਅਕਾਲ ਪੁਰਖ ਹੀ ਨਜ਼ਰ ਆਉਂਦਾ ਹੈ, ਪਰੰਤੂ ਇਹ ਸੋਝੀ ਕੋਈ ਵਿਰਲਾ ਗੁਰਮੁਖ ਹੀ ਪ੍ਰਾਪਤ ਕਰਦਾ ਹੈ। ਅਕਾਲ ਪੁਰਖ ਆਪ ਹੀ ਪਾਣੀ ਹੈ, ਤੇ, ਆਪ ਹੀ ਪਾਣੀ ਵਿਚ ਉਠ ਰਹੀਆਂ ਲਹਿਰਾਂ ਹੈ। ਜਿਸ ਤਰ੍ਹਾਂ ਪਾਣੀ ਅਤੇ ਪਾਣੀ ਦੀਆਂ ਲਹਿਰਾਂ ਇੱਕੋ ਰੂਪ ਹਨ, ਇਸੇ ਤਰ੍ਹਾਂ ਜਗਤ ਦੇ ਅਨੇਕਾਂ ਰੂਪ ਰੰਗ ਅਕਾਲ ਪੁਰਖ ਤੋਂ ਹੀ ਬਣੇ ਹਨ। ਸਭ ਜੀਵਾਂ ਵਿਚ ਵਿਆਪਕ ਹੁੰਦਾ ਹੋਇਆ ਵੀ ਅਕਾਲ ਪੁਰਖ ਸਦਾ ਨਿਰਲੇਪ ਹੈ।

*ਏਕ ਰੂਪ ਸਗਲੋ ਪਾਸਾਰਾ ॥ ਆਪੇ ਬਨਜੁ ਆਪਿ ਬਿਉਹਾਰਾ ॥੧॥ ਐਸੋ ਗਿਆਨੁ ਬਿਰਲੋ ਈ ਪਾਏ ॥ ਜਤ ਜਤ ਜਾਈਐ ਤਤ ਦ੍ਰਿਸਟਾਏ ॥੧॥ ਰਹਾਉ ॥ (੮੦੩)*

ਸਦਾ ਥਿਰ ਰਹਿਣ ਵਾਲਾ ਅਕਾਲ ਪੁਰਖ ਆਪ ਹੀ ਜਗਤ ਦਾ ਰਚਣਹਾਰ ਹੈ, ਜਿਸ ਨੇ ਆਪਣੀ ਵੀਚਾਰ ਅਨੁਸਾਰ ਸਾਰੀਆਂ ਧਰਤੀਆਂ, ਚੰਦ, ਤਾਰੇ ਆਪੋ ਆਪਣੇ ਥਾਂ ਤੇ ਟਿਕਾਏ ਹੋਏ ਹਨ। ਅਕਾਲ ਪੁਰਖ ਆਪ ਹੀ ਜਗਤ ਦੀ ਰਚਨਾ ਕਰਕੇ, ਉਸ ਦੀ ਸੰਭਾਲ ਵੀ ਕਰਦਾ ਹੈ। ਅਕਾਲ ਪੁਰਖ ਸਦਾ ਕਾਇਮ ਰਹਿਣ ਵਾਲਾ ਹੈ, ਤੇ ਜਗਤ ਦਾ ਇਤਨਾ ਖਿਲਾਰਾ ਹੁੰਦਿਆਂ ਹੋਇਆਂ ਵੀ ਉਹ ਸਦਾ ਬੇਫ਼ਿਕਰ ਹੈ। ਅਕਾਲ ਪੁਰਖ ਨੇ ਕਈ ਤਰ੍ਹਾਂ ਦੇ ਜੀਵ ਪੈਦਾ ਕਰ ਦਿੱਤੇ ਹਨ। ਉਨ੍ਹਾਂ ਵਿਚੋਂ ਕਈ ਗੁਰਮੁਖ ਬਣਾ ਦਿੱਤੇ, ਤੇ ਕਈ ਮਨਮੁਖ ਬਣਾ ਦਿੱਤੇ ਹਨ, ਪਰੰਤੂ ਪੂਰੇ ਗੁਰੂ ਦੀ ਸਰਨ ਵਿਚ ਆਉਂਣ ਤੋਂ ਬਿਨਾ ਠੀਕ ਤੇ ਗਲਤ ਰਸਤੇ ਦਾ ਪਤਾ ਨਹੀਂ ਲਗਦਾ। ਗੁਰਬਾਣੀ ਦੀ ਸਹਾਇਤਾ ਨਾਲ ਅਕਾਲ ਪੁਰਖ ਦਾ ਨਾਮੁ ਹਿਰਦੇ ਵਿਚ ਵਸਾ ਕੇ ਹੀ ਮਨੁੱਖਾ ਜੀਵਨ ਵਿਚ ਆਤਮਕ ਲਾਭ ਖੱਟਿਆ ਜਾ ਸਕਦਾ ਹੈ।

*ਮਾਰੂ ਮਹਲਾ ੧ ॥ ਸਾਚੇ ਸਾਹਿਬ ਸਿਰਜਣਹਾਰੇ ॥ ਜਿਨਿ ਧਰ ਚਕ੍ਰ ਧਰੇ ਵੀਚਾਰੇ ॥ ਆਪੇ ਕਰਤਾ ਕਰਿ ਕਰਿ ਵੇਖੈ ਸਾਚਾ ਵੇਪਰਵਾਹਾ ਹੇ ॥੧॥ (੧੦੩੨)*

ਅਕਾਲ ਪੁਰਖ ਆਪ ਹੀ ਆਪਣੇ ਆਪ ਨੂੰ ਜਗਤ ਦੇ ਰੂਪ ਵਿਚ ਪੈਦਾ ਕਰ ਕੇ, ਮਾਇਆ ਦੇ ਮੋਹ ਤੋਂ ਨਿਰਲੇਪ ਰਹਿੰਦਾ ਹੈ। ਹਵਾ, ਪਾਣੀ, ਅੱਗ, ਆਦਿ ਤੱਤਾਂ ਦਾ ਮੇਲ ਕਰ ਕੇ, ਅਕਾਲ ਪੁਰਖ ਇਹ ਸਰੀਰ ਰੂਪੀ ਕਿਲ੍ਹਾ ਰਚਦਾ ਹੈ ਤੇ ਉਹ ਸਦਾ ਥਿਰ ਰਹਿਣ ਵਾਲਾ ਦਇਆਲ ਅਕਾਲ ਪੁਰਖੁ, ਇਸ ਸਰੀਰ ਨੂੰ ਆਪਣੇ ਰਹਿਣ ਲਈ ਥਾਂ ਬਣਾਂਦਾ ਹੈ। ਬਣਾਣ ਦੀ ਤਾਕਤ ਰੱਖਣ ਵਾਲੇ ਅਕਾਲ ਪੁਰਖ ਨੇ ਇਸ ਸਰੀਰ ਦੇ ਨੌ ਘਰ (ਇੰਦ੍ਰੇ) ਬਣਾਏ ਹਨ। ਦਸਵੇਂ ਦੁਆਰ ਵਿਚ ਉਸ ਅਦ੍ਰਿਸ਼ਟ ਤੇ ਬੇਅੰਤ ਅਕਾਲ ਪੁਰਖ

ਆਪ ਰਹਿੰਦਾ ਹੈ। ਜੀਵ ਮਾਇਆ ਦੇ ਮੋਹ ਵਿਚ ਫਸ ਕੇ ਆਪਣੇ ਆਪ ਨੂੰ ਮਲੀਨ ਕਰ ਲੈਂਦੇ ਹਨ, ਪਰ ਜਿਹੜਾ ਮਨੁੱਖ ਗੁਰੂ ਦੇ ਸਨਮੁਖ ਹੁੰਦਾ ਹੈ, ਉਸ ਦੇ ਪੰਜੇ ਗਿਆਨ ਇੰਦ੍ਰੇ, ਉਸ ਦਾ ਮਨ ਤੇ ਬੁੱਧੀ, ਇਹ ਸੱਤੇ (੫+੨=੭) ਹੀ ਸਰੋਵਰ ਅਕਾਲ ਪੁਰਖ ਦੇ ਨਾਮੁ ਦੇ ਪਵਿਤਰ ਜਲ ਨਾਲ ਭਰੇ ਰਹਿੰਦੇ ਹਨ, ਇਸ ਲਈ ਗੁਰਮੁਖ ਨੂੰ ਮਾਇਆ ਦੀ ਮੈਲ ਨਹੀਂ ਲੱਗਦੀ। ਅਕਾਲ ਪੁਰਖ ਆਪ ਹੀ ਸੂਰਜ ਤੇ ਚੰਦ੍ਰਮਾ, ਜਗਤ ਦੇ ਦੀਵੇ ਬਣਾ ਕੇ, ਆਪਣੀ ਵਡਿਆਈ ਵੇਖਦਾ ਹੈ, ਇਨ੍ਹਾਂ ਸੂਰਜ, ਚੰਦ੍ਰਮਾ ਆਦਿ ਦੀਵਿਆਂ ਵਿਚ, ਤੇ ਸਾਰੀ ਸ੍ਰਿਸ਼ਟੀ ਵਿਚ, ਉਸ ਦੀ ਆਪਣੀ ਜੋਤਿ ਚਾਨਣ ਕਰ ਰਹੀ ਹੈ। ਉਹ ਅਕਾਲ ਪੁਰਖ ਸਦਾ ਚਾਨਣ ਹੀ ਚਾਨਣ ਹੈ, ਤੇ ਸਦਾ ਜੀਵਾਂ ਨੂੰ ਸੁਖ ਦੇਣ ਵਾਲਾ ਹੈ। ਜਿਹੜਾ ਜੀਵ ਉਸ ਦਾ ਰੂਪ ਹੋ ਜਾਂਦਾ ਹੈ, ਉਸ ਨੂੰ ਅਕਾਲ ਪੁਰਖ ਆਪ ਸੋਭਾ ਦਿੰਦਾ ਹੈ। ਅਕਾਲ ਪੁਰਖ ਆਪਣੇ ਹੁਕਮੁ ਵਿਚ ਹੀ ਜਗਤ ਦੇ ਸਾਰੇ ਕੌਤਕ ਵਰਤਾ ਰਿਹਾ ਹੈ। ਅਕਾਲ ਪੁਰਖ ਆਪਣੇ ਹੁਕਮੁ ਅਨੁਸਾਰ ਜੀਵਾਂ ਨੂੰ ਸਾਹ ਦਿੰਦਾ ਹੈ, ਸਦਾ ਰਿਜ਼ਕ ਦਿੰਦਾ ਹੈ, ਤੇ ਸੰਭਾਲ ਕਰਦਾ ਹੈ।

***ਮਾਰੂ ਮਹਲਾ ੧ ॥ ਆਪੇ ਆਪੁ ਉਪਾਇ ਨਿਰਾਲਾ ॥ ਸਾਚਾ ਥਾਨੁ ਕੀਓ ਦਇਆਲਾ ॥ ਪਉਣ ਪਾਣੀ ਅਗਨੀ ਕਾ ਬੰਧਨੁ ਕਾਇਆ ਕੋਟੁ ਰਚਾਇਦਾ ॥੧॥ ਨਉ ਘਰੁ ਥਾਪੇ ਥਾਪਣਹਾਰੈ ॥ ਦਸਵੈ ਵਾਸਾ ਅਲਖ ਅਪਾਰੈ ॥ ਸਾਇਰ ਸਪਤ ਭਰੇ ਜਲਿ ਨਿਰਮਲਿ ਗੁਰਮੁਖਿ ਮੈਲੁ ਨ ਲਾਇਦਾ ॥੨॥ ਰਵਿ ਸਸਿ ਦੀਪਕ ਜੋਤਿ ਸਬਾਈ ॥ ਆਪੇ ਕਰਿ ਵੇਖੈ ਵਡਿਆਈ ॥ ਜੋਤਿ ਸਰੂਪ ਸਦਾ ਸੁਖਦਾਤਾ ਸਚੇ ਸੋਭਾ ਪਾਇਦਾ ॥੩॥ (੧੦੩੬)***

ਜਿਸ ਮਨੁੱਖ ਨੇ ਆਪਣੇ ਜੀਵਨ ਨੂੰ ਪੜਤਾਲਿਆ ਹੈ, ਉਹ ਜਾਣਦਾ ਹੈ, ਕਿ ਅਕਾਲ ਪੁਰਖ ਆਪ ਹੀ ਆਪਣੇ ਆਪ ਨੂੰ ਪੈਦਾ ਕਰ ਕੇ ਪਰਗਟ ਹੋਇਆ, ਅਕਾਲ ਪੁਰਖ ਆਪ ਹੀ ਸਭ ਅੰਦਰ ਗੁਪਤ ਰੂਪ ਵਿਚ ਵਿਆਪਕ ਹੈ, ਤੇ ਉਹ ਅਕਾਲ ਪੁਰਖ ਸਭ ਜੀਵਾਂ ਦੀ ਸੰਭਾਲ ਵੀ ਕਰਦਾ ਹੈ। ਜਿਸ ਮਨੁੱਖ ਨੇ ਗੁਰੂ ਦੀ ਸਰਨ ਪੈ ਕੇ ਇਕ ਅਕਾਲ ਪੁਰਖ ਨੂੰ ਹਰ ਥਾਂ ਵੱਸਦਾ ਜਾਣ ਲਿਆ, ਉਹ ਸਮਝ ਲੈਂਦਾ ਹੈ, ਕਿ ਜਿਸ ਅਕਾਲ ਪੁਰਖ ਨੇ ਬ੍ਰਹਮਾ ਵਿਸ਼ਨੂ ਸ਼ਿਵ ਪੈਦਾ ਕੀਤੇ ਹਨ, ਉਹ ਆਪ ਹੀ ਹਰੇਕ ਜੀਵ ਨੂੰ ਧੰਧੇ ਵਿਚ ਲਾਉਂਦਾ ਹੈ, ਤੇ, ਜਿਹੜਾ ਮਨੁੱਖ ਅਕਾਲ ਪੁਰਖ ਨੂੰ ਚੰਗਾ ਲੱਗਦਾ ਹੈ, ਉਸ ਨੂੰ ਉਹ ਆਪ ਹੀ ਆਪਣੇ ਚਰਨਾਂ ਨਾਲ ਜੋੜ ਲੈਂਦਾ ਹੈ। ਜਿਸ ਮਨੁੱਖ ਨੇ ਗੁਰੂ ਦੇ ਸ਼ਬਦ ਨਾਲ ਸਾਂਝ ਪਾ ਲਈ, ਉਹ ਜਾਣਦਾ ਹੈ, ਕਿ ਇਹ ਜਗਤ ਜਨਮ ਮਰਨ ਦਾ ਚੱਕਰ ਹੀ ਹੈ, ਇਥੇ ਮਾਇਆ ਦਾ ਮੋਹ ਪ੍ਰਬਲ ਹੈ, ਜਿਸ ਕਰਕੇ ਜੀਵ ਵਿਕਾਰਾਂ ਵਿਚ ਫਸਿਆ ਰਹਿੰਦਾ ਹੈ। ਜਿਨ੍ਹਾਂ ਨੇ ਗੁਰੂ ਦੇ ਸ਼ਬਦ ਨੂੰ ਪਛਾਣ ਲਿਆ ਉਨ੍ਹਾਂ ਨੂੰ ਸਮਝ ਆ ਜਾਂਦੀ ਹੈ, ਕਿ ਜੀਵਨ ਸਫਲ ਕਰਨ ਲਈ ਸਦਾ ਕਾਇਮ ਰਹਿਣ ਵਾਲੇ ਅਕਾਲ ਪੁਰਖ ਦੀ ਸਦਾ ਉਸਤਤ ਕਰਨੀ ਚਾਹੀਦੀ ਹੈ। ਕਈ ਜੀਵ ਐਸੇ ਹਨ, ਜੋ ਜਗਤ ਦੇ ਰਚਨਹਾਰ ਅਕਾਲ ਪੁਰਖ ਦੀ ਯਾਦ ਵਿਚ ਜੁੜੇ ਰਹਿੰਦੇ ਹਨ, ਤੇ ਫਿਰ ਉਹ ਆਤਮਕ ਆਨੰਦ ਮਾਣਦੇ ਰਹਿੰਦੇ ਹਨ। ਪਰ ਜਿਹੜੇ ਮਨੁੱਖ ਮਾਇਕ ਪਦਾਰਥਾਂ ਵਿਚ ਲੱਗੇ ਰਹਿੰਦੇ ਹਨ, ਉਹ ਆਪਣਾ ਮਨੁੱਖਾ ਜੀਵਨ ਵਿਅਰਥ ਗਵਾ ਲੈਂਦੇ ਹਨ। ਆਤਮਕ ਜੀਵਨ ਦੇਣ ਵਾਲੇ ਫਲ, ਉਨ੍ਹਾਂ ਨੂੰ ਹੀ ਮਿਲਦੇ ਹਨ, ਜਿਹੜੇ ਆਤਮਕ ਜੀਵਨ ਦੇਣ ਵਾਲੇ ਅਕਾਲ ਪੁਰਖ ਦੀ ਸਿਫ਼ਤਿ ਸਾਲਾਹ ਕਰਦੇ ਰਹਿੰਦੇ ਹਨ।

*ਮਾਰੂ ਮਹਲਾ ੩ ॥ **ਆਪੇ ਆਪੁ ਉਪਾਇ ਉਪੰਨਾ ॥ ਸਭ ਮਹਿ ਵਰਤੈ ਏਕੁ ਪਰਛੰਨਾ ॥ ਸਭਨਾ ਸਾਰ ਕਰੇ ਜਗਜੀਵਨੁ ਜਿਨਿ ਅਪਣਾ ਆਪੁ ਪਛਾਤਾ ਹੇ** ॥੧॥ ਜਿਨਿ ਬ੍ਰਹਮਾ ਬਿਸਨੁ ਮਹੇਸੁ ਉਪਾਏ ॥ ਸਿਰਿ ਸਿਰਿ ਧੰਧੈ ਆਪੇ ਲਾਏ ॥ ਜਿਸੁ ਭਾਵੈ ਤਿਸੁ ਆਪੇ ਮੇਲੇ ਜਿਨਿ ਗੁਰਮੁਖਿ ਏਕੋ ਜਾਤਾ ਹੇ ॥੨॥ ਆਵਾ ਗਉਣੁ ਹੈ ਸੰਸਾਰਾ ॥ ਮਾਇਆ ਮੋਹੁ ਬਹੁ ਚਿਤੈ ਬਿਕਾਰਾ ॥ ਥਿਰੁ ਸਾਚਾ ਸਾਲਾਹੀ ਸਦ ਹੀ ਜਿਨਿ ਗੁਰ ਕਾ ਸਬਦੁ ਪਛਾਤਾ ਹੇ ॥੩॥ ਇਕਿ ਮੂਲਿ ਲਗੇ ਓਨੀ ਸੁਖੁ ਪਾਇਆ ॥ ਡਾਲੀ ਲਾਗੇ ਤਿਨੀ ਜਨਮੁ ਗਵਾਇਆ ॥ ਅੰਮ੍ਰਿਤ ਫਲ ਤਿਨ ਜਨ ਕਉ ਲਾਗੇ ਜੋ ਬੋਲਹਿ ਅੰਮ੍ਰਿਤ ਬਾਤਾ ਹੇ ॥੪॥ (੧੦੫੧)*

ਅਕਾਲ ਪੁਰਖ ਨੇ ਆਪ ਹੀ ਆਪਣੇ ਆਪ ਨੂੰ ਪਰਗਟ ਕਰ ਕੇ, ਆਪ ਹੀ ਆਪਣੇ ਆਪ ਨੂੰ ਸਮਝਿਆ ਹੈ। ਆਕਾਸ਼ ਤੇ ਧਰਤੀ ਨੂੰ ਵਖੋ ਵਖ ਕਰ ਕੇ ਬਣਾਇਆ, ਤੇ ਇਹ ਆਕਾਸ਼ ਉਸ ਨੇ ਮਾਨੋ, ਆਪਣੇ ਤਖ਼ਤ ਉਤੇ ਚੰਦੋਆ ਤਾਣਿਆ ਹੋਇਆ ਹੈ। ਸਾਰੇ ਜਗਤ ਰੂਪੀ ਦਰਬਾਰ ਉੱਤੇ ਆਕਾਸ਼ ਨੂੰ ਥੰਮ੍ਹਾਂ ਤੋਂ ਬਿਨਾ ਟਿਕਾ ਕੇ (gravitation), ਆਪਣੇ ਸਬਦ ਰੂਪੀ ਹੁਕਮੁ ਅਨੁਸਾਰ ਬਣਾਇਆ ਹੈ। ਸੂਰਜ ਤੇ ਚੰਦਰਮਾਂ ਨੂੰ ਪੈਦਾ ਕਰਕੇ ਉਨ੍ਹਾਂ ਵਿਚ ਆਪਣੀ ਜੋਤਿ ਟਿਕਾਈ ਹੋਈ ਹੈ, ਤੇ ਜੀਵਾਂ ਦੇ ਕਾਰ ਵਿਹਾਰ ਲਈ ਰਾਤ ਤੇ ਦਿਨ ਰੂਪੀ ਅਚਰਜ ਤਮਾਸ਼ੇ ਬਣਾ ਦਿੱਤੇ ਹਨ।

***ਪਉੜੀ ॥ ਆਪੀਨੈ ਆਪੁ ਸਾਜਿ ਆਪੁ ਪਛਾਣਿਆ ॥ ਅੰਬਰੁ ਧਰਤਿ ਵਿਛੋੜਿ ਚੰਦੋਆ ਤਾਣਿਆ ॥ ਵਿਣੁ ਥੰਮ੍ਹਾ ਗਗਨੁ ਰਹਾਇ ਸਬਦੁ ਨੀਸਾਣਿਆ ॥ ਸੂਰਜੁ ਚੰਦੁ ਉਪਾਇ ਜੋਤਿ ਸਮਾਣਿਆ ॥ ਕੀਏ ਰਾਤਿ ਦਿਨੰਤੁ ਚੋਜ ਵਿਡਾਣਿਆ ॥ (੧੨੭੯)***

ਅਕਾਲ ਪੁਰਖ ਜਿਸ ਤਰ੍ਹਾਂ ਦੀ ਸੋਝੀ ਕਿਸੇ ਮਨੁੱਖ ਨੂੰ ਦਿੰਦਾ ਹੈ, ਉਹ ਉਸ ਤਰ੍ਹਾਂ ਦਾ ਗਿਆਨ ਪ੍ਰਾਪਤ ਕਰਦਾ ਹੈ। ਉਸ ਸੋਝੀ ਅਨੁਸਾਰ ਮਨੁੱਖ ਅਕਾਲ ਪੁਰਖ ਨਾਲ ਡੂੰਘੀ ਸਾਂਝ ਪਾ ਲੈਂਦਾ ਹੈ, ਤੇ, ਉਸ ਦਾ ਬਖ਼ਸ਼ਿਆ ਹੋਇਆ ਨਾਮੁ ਉਚਾਰਦਾ ਹੈ ਅਤੇ ਅਕਾਲ ਪੁਰਖ ਦੇ ਦਿਤੇ ਹੋਏ ਨਾਮੁ ਅਨੁਸਾਰ ਮਨੁੱਖਾ ਜੀਵਨ ਵਿਚ ਵਿਚਰਦਾ ਹੈ। ਅਕਾਲ ਪੁਰਖ ਆਪ ਹੈਰਾਨ ਕਰ ਦੇਣ ਵਾਲੀ ਹਸਤੀ ਹੈ, ਤੇ ਉਸ ਦੀ ਰਚੀ ਰਚਨਾ ਵੀ ਹੈਰਾਨਗੀ ਪੈਦਾ ਕਰਨ ਵਾਲੀ ਹੈ। ਅਕਾਲ ਪੁਰਖ ਆਪ ਹੀ ਜਗਤ ਦੀ ਰਚਨਾ ਲਈ

ਵਸੀਲਾ ਬਣਾਣ ਵਾਲਾ ਹੈ, ਤੇ ਇਹ ਸਾਰਾ ਜਗਤ ਅਕਾਲ ਪੁਰਖ ਦਾ ਹੀ ਸਰੂਪ ਹੈ। ਅਕਾਲ ਪੁਰਖ ਦੇ ਹੁਕਮੁ ਅਨੁਸਾਰ ਜੀਵਾਂ ਦਾ ਜਨਮ ਹੁੰਦਾ ਹੈ, ਤੇ ਹੁਕਮੁ ਅਨੁਸਾਰ ਹੀ ਮੌਤ ਹੁੰਦੀ ਹੈ। ਅਕਾਲ ਪੁਰਖ ਦਾ ਨਾਮੁ ਮਨੁੱਖ ਦੇ ਮਨ ਤੇ ਸਰੀਰ ਲਈ ਆਸਰਾ ਹੈ, ਇਸ ਲਈ ਅਕਾਲ ਪੁਰਖ ਅੱਗੇ ਬੇਨਤੀ ਕਰਨੀ ਹੈ ਕਿ ਆਪਣਾ ਨਾਮੁ ਬਖ਼ਸ਼ੇ, ਤਾਂ ਜੋ ਜੀਵਨ ਸਫਲ ਕਰਨ ਦੀ ਜਾਚ ਆ ਜਾਵੇ।

***ਵਡਹੰਸੁ ਮਃ ੫ ॥ ਤੂ ਜਾਣਾਇਹਿ ਤਾ ਕੋਈ ਜਾਣੈ ॥ ਤੇਰਾ ਦੀਆ ਨਾਮੁ ਵਖਾਣੈ ॥੧॥ ਤੂ ਅਚਰਜੁ ਕੁਦਰਤਿ ਤੇਰੀ ਬਿਸਮਾ ॥੧॥ ਰਹਾਉ ॥ ਤੁਧੁ ਆਪੇ ਕਾਰਣੁ ਆਪੇ ਕਰਣਾ ॥ ਹੁਕਮੇ ਜੰਮਣੁ ਹੁਕਮੇ ਮਰਣਾ ॥੨॥ ਨਾਮੁ ਤੇਰਾ ਮਨ ਤਨ ਆਧਾਰੀ ॥ ਨਾਨਕ ਦਾਸ ਬਖਸੀਸ ਤੁਮਾਰੀ ॥੩॥੮॥ (੫੬੩, ੫੬੪)***

ਉਹੀ ਮਨੁੱਖ ਅਕਾਲ ਪੁਰਖ ਦਾ ਭਗਤ ਆਖਿਆ ਜਾਂਦਾ ਹੈ, ਜਿਹੜਾ ਹਰੇਕ ਹੋ ਰਹੀ ਕਾਰ ਨੂੰ ਅਕਾਲ ਪੁਰਖ ਦੇ ਹੁਕਮੁ ਅਨੁਸਾਰ ਹੋ ਰਹੀ ਸਮਝਦਾ ਹੈ ਤੇ, ਇਹ ਨਿਸ਼ਚਾ ਰੱਖਦਾ ਹੈ ਕਿ ਦੁਖ ਆਵੇ ਜਾਂ ਸੁਖ, ਦੋਹਾਂ ਨੂੰ ਇਕੋ ਜਿਹਾ ਸਮਝਣਾ ਹੈ। ਪਰੰਤੂ ਮਨੁੱਖ ਅਕਾਲ ਪੁਰਖ ਨੂੰ ਉਦੋਂ ਹੀ ਸਭ ਕੁਝ ਕਰਨ ਕਰਾਣ ਵਾਲਾ ਸਮਝਦਾ ਹੈ, ਜਦੋਂ ਉਸ ਦੇ ਅੰਦਰੋਂ ਹਉਮੈ ਦੂਰ ਹੋ ਜਾਂਦੀ ਹੈ। ਅਜੇਹਾ ਮਨੁੱਖ ਗੁਰੂ ਦੇ ਸਨਮੁਖ ਰਹਿ ਕੇ ਆਤਮਕ ਅਡੋਲਤਾ ਵਿਚ ਟਿਕਿਆ ਰਹਿੰਦਾ ਹੈ। ਅਕਾਲ ਪੁਰਖ ਦੇ ਭਗਤ ਸਦਾ ਵੈਰ-ਵਿਰੋਧ ਤੋਂ ਪਰੇ ਰਹਿੰਦੇ ਹਨ, ਤੇ ਮਾਇਆ ਦੇ ਮੋਹ ਤੋਂ ਉਤਾਂਹ ਰਹਿੰਦੇ ਹਨ, ਜਿਸ ਸਦਕਾ ਉਹ ਸਦਾ ਆਤਮਕ ਆਨੰਦ ਮਾਣਦੇ ਰਹਿੰਦੇ ਹਨ। ਅਕਾਲ ਪੁਰਖ ਆਪ ਹੀ ਸਭ ਕੁਝ ਪੈਦਾ ਕਰਨ ਵਾਲਾ ਹੈ, ਤੇ ਆਪ ਹੀ ਜਗਤ ਦਾ ਮੂਲ ਹੈ। ਅਕਾਲ ਪੁਰਖ ਨੇ ਆਪ ਹੀ ਸਾਰੀ ਸ੍ਰਿਸ਼ਟੀ ਨੂੰ ਪੈਦਾ ਕਰ ਕੇ ਆਪਣੇ ਆਪਣੇ ਥਾਂ ਤੇ ਟਿਕਾਇਆ ਹੋਇਆ ਹੈ, ਤੇ ਸਾਰੀਆਂ ਧਰਤੀਆਂ ਨੂੰ ਸਹਾਰਾ ਦਿੱਤਾ ਹੋਇਆ ਹੈ। ਗੁਰੂ ਸਾਹਿਬ ਅਕਾਲ ਪੁਰਖ ਅੱਗੇ ਬੇਨਤੀ ਕਰਕੇ ਸਮਝਾਂਉਂਦੇ ਹਨ, ਕਿ ਦਾਸ ਨਾਨਕ ਉਸ ਅਕਾਲ ਪੁਰਖ ਦੇ ਦਰ ਤੇ ਡਿੱਗਾ ਹੋਇਆ ਹੈ, ਹੁਣ ਅਕਾਲ ਪੁਰਖ ਦੀ ਆਪਣੀ ਰਜ਼ਾ ਹੈ, ਜੇ ਕਰ ਉਹ ਚਾਹੇ ਤਾਂ ਆਪਣੇ ਸੇਵਕ ਦੀ ਲੋਕ ਪਰਲੋਕ ਵਿਚ ਇੱਜ਼ਤ ਰੱਖ ਸਕਦਾ ਹੈ।

***ਤੂ ਆਪੇ ਕਰਤਾ ਕਾਰਣ ਕਰਣਾ ॥ ਸ੍ਰਿਸਟਿ ਉਪਾਇ ਧਰੀ ਸਭ ਧਰਣਾ ॥ ਜਨ ਨਾਨਕੁ ਸਰਣਿ ਪਇਆ ਹਰਿ ਦੁਆਰੈ ਹਰਿ ਭਾਵੈ ਲਾਜ ਰਖਾਇਦਾ ॥੧੬॥੧॥੫॥ (੧੦੭੬)***

ਅਕਾਲ ਪੁਰਖ ਆਪ ਹੀ ਆਪਣੇ ਆਪ ਨੂੰ ਮਾਇਆ ਅਖਵਾ ਰਿਹਾ ਹੈ, ਤੇ ਉਹ ਸੂਰਮਾ ਅਕਾਲ ਪੁਰਖ ਆਪ ਹੀ ਸਾਰੇ ਜਗਤ ਵਿਚ ਹੁਕਮੁ ਚਲਾ ਰਿਹਾ ਹੈ। ਸਭ ਜੀਵਾਂ ਦੇ ਅੰਦਰ ਉਸਨੇ ਆਪ ਹੀ ਸ਼ਾਂਤੀ ਵਰਤਾਈ ਹੋਈ ਹੈ, ਕਿਉਂਕਿ ਉਹ ਆਪ ਮੀਂਹ ਦੇ ਗੜਿਆਂ ਵਰਗਾ ਸੀਤਲ ਤੇ ਠੰਢਾ ਠਾਰ ਹੈ। ਜਿਸ ਮਨੁੱਖ ਉਤੇ ਅਕਾਲ ਪੁਰਖ ਮਿਹਰ ਕਰਦਾ ਹੈ, ਉਸ ਨੂੰ ਗੁਰੂ ਦੀ ਸਰਨ ਪਾ ਕੇ ਉਸ ਦੀ ਨਵੀਂ ਆਤਮਕ ਘਾੜਤ ਘੜਦਾ ਹੈ। ਅਜੇਹੇ ਗੁਰਮੁਖ ਦੇ ਅੰਦਰ ਅਕਾਲ ਪੁਰਖ ਦਾ ਨਾਮੁ ਵੱਸ ਜਾਂਦਾ ਹੈ, ਤੇ ਉਸ ਗੁਰਮੁਖ ਨੂੰ ਫਿਰ ਮੌਤ ਦਾ ਡਰ ਨਹੀਂ ਰਹਿੰਦਾ, ਤੇ ਸਦੀਵੀ ਆਤਮਕ ਆਨੰਦ ਤੇ ਮਾਣ ਸਤਿਕਾਰ ਪ੍ਰਾਪਤ ਹੁੰਦਾ ਰਹਿੰਦਾ ਹੈ।

***ਆਪੇ ਸਕਤੀ ਸਬਲੁ ਕਹਾਇਆ ॥ ਆਪੇ ਸੂਰਾ ਅਮਰੁ ਚਲਾਇਆ ॥ ਆਪੇ ਸਿਵ ਵਰਤਾਈਅਨੁ ਅੰਤਰਿ ਆਪੇ ਸੀਤਲੁ ਠਾਰੁ ਗੜਾ ॥੧੩॥ (੧੦੮੧, ੧੦੮੨)***

ਅਕਾਲ ਪੁਰਖ ਸਾਰੀ ਦੁਨੀਆ ਦਾ ਪਾਤਿਸ਼ਾਹ ਹੈ, ਸਾਰੀ ਸ੍ਰਿਸ਼ਟੀ ਦੀ ਰਚਨਾ ਕਰਕੇ, ਆਪਣੇ ਸਰਗੁਣ ਰੂਪ ਵਿਚ ਵਿਚਰ ਵੀ ਰਿਹਾ ਹੈ, ਉਸ ਦੇ ਹੁਕਮੁ ਵਿਚ ਸਾਰਾ ਜਗਤ ਨੱਥਿਆ ਹੋਇਆ ਹੈ ਤੇ ਉਸ ਤੋਂ ਬਿਨਾ ਕਿਸੇ ਹੋਰ ਦਾ ਹੁਕਮੁ ਨਹੀਂ ਚੱਲ ਸਕਦਾ। ਇਸ ਲਈ ਜੇ ਕਰ ਕੋਈ ਮਨੁੱਖ ਸਚਮੁੱਚ ਦਾ ਗੁਰਮੁਖ ਬਣਨਾ ਚਾਹੁੰਦਾ ਹੈ ਤਾਂ ਉਸ ਨੂੰ ਗੁਰੂ ਦੇ ਸਬਦ ਦੁਆਰਾ ਅਕਾਲ ਪੁਰਖ ਦੀ ਸਿਫ਼ਤਿ ਸਾਲਾਹ ਕਰਨੀ ਚਾਹੀਦੀ ਹੈ।

***ਖਧੈ ਖੁੰਦਕਾਰੁ ਸਾਹ ਆਲਮੁ ਕਰਿ ਖਰੀਦਿ ਜਿਨਿ ਖਰਚੁ ਦੀਆ ॥ ਬੰਧਨਿ ਜਾ ਕੈ ਸਭੁ ਜਗੁ ਬਾਧਿਆ ਅਵਰੀ ਕਾ ਨਹੀ ਹੁਕਮੁ ਪਇਆ ॥੬॥ (੪੩੨)***

ਜੇ ਕਰ ਉਪਰ ਲਿਖੀਆਂ, ਗੁਰਬਾਣੀ ਦੀਆਂ ਸਿਖਿਆਵਾਂ, ਨੂੰ ਇਕੱਠਾ ਕਰੀਏ ਤਾਂ ਅਸੀਂ ਨਿਸਚੇ ਨਾਲ ਸਮਝ ਸਕਦੇ ਹਾਂ, ਕਿ ਸ੍ਰਿਸ਼ਟੀ ਨੂੰ ਪੈਦਾ ਕਰਨਾ ਵਾਲਾ ਤੇ ਸੰਭਾਲਣ ਵਾਲਾ ਉਹ ਅਕਾਲ ਪੁਰਖ ਆਪ ਹੀ ਹੈ।

- ਸਾਇੰਸ ਬਿਗ ਬੈਂਗ ਥਿਉਰੀ (Big Bang Theory) ਤੇ ਬਲੈਕ ਹੋਲ (Black hole) ਤੋਂ ਕੁਦਰਤ ਦੀ ਰਚਨਾ ਬਾਰੇ ਅੰਦਾਜੇ ਲਗਾ ਰਹੀ ਹੈ।
- ਸਾਇੰਸ ਦੀਆਂ ਨਵੀਆਂ ਨਵੀਆਂ ਥਿਉਰੀਆਂ ਇਸ ਵਿਸ਼ੇ ਸਬੰਧੀ ਗਿਆਨ ਵਿਚ ਹੋਰ ਵਾਧਾ ਤਾਂ ਕਰ ਰਹੀਆਂ ਹਨ, ਪਰੰਤੂ ਕੁਦਰਤ ਦਾ ਅੰਤ ਪਾਉਣਾਂ ਅਜੇ ਬਹੁਤ ਹੀ ਦੂਰ ਹੈ।
- ਗੁਰੂ ਨਾਨਕ ਸਾਹਿਬ ਨੇ ਜਪੁਜੀ ਸਾਹਿਬ ਵਿਚ ਇਸ ਸ੍ਰਿਸ਼ਟੀ ਦੇ ਪੈਦਾ ਹੋਣ ਬਾਰੇ ਇਹੀ ਕਿਹਾ ਹੈ ਕਿ ਅਕਾਲ ਪੁਰਖ ਨੇ ਆਪਣੇ ਇਕੋ ਹੁਕਮੁ ਨਾਲ ਸਾਰਾ ਸੰਸਾਰ ਬਣਾ ਦਿੱਤਾ, ਤੇ ਉਸ ਦੇ ਹੁਕਮੁ ਨਾਲ ਹੀ ਜ਼ਿੰਦਗੀ ਦੇ ਲੱਖਾਂ ਦਰਿਆ ਬਣ ਗਏ।

- ਸਿੱਖ ਧਰਮ ਅਨੁਸਾਰ ਪੂਰੀ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਅਕਾਲ ਪੁਰਖ ਆਪ ਹੀ ਹੈ ਤੇ ਉਹ ਆਪ ਹੀ ਜਾਣਦਾ ਕਿ ਕੁਦਰਤ ਦੀ ਅਸਲੀਅਤ ਕੀ ਸੀ।
- ਬਿਗ ਬੈਂਗ ਸਿਧਾਤ ਮੁਤਾਬਕ ਕੁਦਰਤ ੧੩.੮ ਬਿਲਿਅਨ ਸਾਲ ਪਹਿਲਾਂ ਇਕ ਇਕਾਈ (singularity) ਤੋਂ ਬਣੀ ਸੀ ਤੇ ਇਹ ਫੈਲਦੀ ਜਾ ਰਹੀ ਹੈ। ਇਸ ਬਿਗ ਬੈਂਗ ਤੋਂ ਪਹਿਲਾਂ ਕੀ ਸੀ ਤੇ ਕਿਉਂ ਸੀ, ਅੱਜ ਦੀ ਸਾਇੰਸ ਦੀ ਪਹੁੰਚ ਤੋਂ ਬਾਹਰ ਹੈ।
- ਗੁਰੂ ਸਾਹਿਬਾਂ ਨੇ ਕਈ ਸਾਲ ਪਹਿਲਾਂ ਹੀ ਸਮਝਾ ਦਿਤਾ ਸੀ, ਕਿ ਅਕਾਲ ਪੁਰਖ ਨੇ ਇਹ ਕੁਦਰਤ ਸੁੰਨ ਤੋਂ ਪੈਦਾ ਕੀਤੀ।
- ਅੱਜ ਦੀ ਸਾਇੰਸ ਵੀ ਹੁਣ ਸ੍ਰਿਸ਼ਟੀ ਦੇ ਪੈਦਾ ਹੋਣ ਬਾਰੇ ਇਹ ਕਹਿ ਰਹੀ ਹੈ, ਕਿ ਇਹ ਇਕ ਇਕਾਈ (singularity) ਤੋਂ ਬਣੀ ਹੈ।
- ਗੁਰੂ ਨਾਨਕ ਸਾਹਿਬ ਨੇ ਅੱਜ ਤੋਂ ੫੦੦ ਸਾਲ ਪਹਿਲਾਂ ਸਮਝਾ ਦਿੱਤਾ ਸੀ ਕਿ ਅਕਾਲ ਪੁਰਖ ਨੇ ਆਪ ਹੀ ਆਪਣੇ ਆਪ ਨੂੰ ਸਾਜਿਆ, ਤੇ ਆਪ ਹੀ ਉਸ ਨੇ ਕੁਦਰਤ ਰਚੀ ਤੇ ਉਸ ਵਿਚ ਆਸਣ ਜਮਾ ਕੇ ਜਗਤ ਤਮਾਸ਼ਾ ਵੇਖਣ ਲੱਗ ਪਿਆ।
- ਜਿਸ ਤਰ੍ਹਾਂ ਪਾਣੀ ਅਤੇ ਪਾਣੀ ਦੀਆਂ ਲਹਿਰਾਂ ਇੱਕੋ ਰੂਪ ਹਨ, ਇਸੇ ਤਰ੍ਹਾਂ ਜਗਤ ਦੇ ਅਨੇਕਾਂ ਰੂਪ ਰੰਗ ਅਕਾਲ ਪੁਰਖ ਤੋਂ ਹੀ ਬਣੇ ਹਨ।
- ਅਕਾਲ ਪੁਰਖ ਆਪ ਹੀ ਜਗਤ ਦੀ ਰਚਨਾ ਕਰਕੇ, ਉਸ ਦੀ ਸੰਭਾਲ ਕਰਦਾ ਹੈ। ਅਕਾਲ ਪੁਰਖ ਸਦਾ ਕਾਇਮ ਰਹਿਣ ਵਾਲਾ ਹੈ, ਤੇ ਜਗਤ ਦਾ ਇਤਨਾ ਖਿਲਾਰਾ ਹੁੰਦਿਆਂ ਹੋਇਆਂ ਵੀ ਉਹ ਸਦਾ ਬੇਫ਼ਿਕਰ ਹੈ।
- ਜਿਹੜਾ ਮਨੁੱਖ ਗੁਰੂ ਦੇ ਸਨਮੁਖ ਹੁੰਦਾ ਹੈ, ਉਸ ਦੇ ਪੰਜੇ ਗਿਆਨ ਇੰਦ੍ਰੇ, ਉਸ ਦਾ ਮਨ ਤੇ ਬੁੱਧੀ, ਅਕਾਲ ਪੁਰਖ ਦੇ ਨਾਮੁ ਦੇ ਪਵਿਤਰ ਜਲ ਨਾਲ ਭਰੇ ਰਹਿੰਦੇ ਹਨ, ਇਸ ਲਈ ਗੁਰਮੁਖ ਨੂੰ ਮਾਇਆ ਦੀ ਮੈਲ ਨਹੀਂ ਲੱਗਦੀ।
- ਅਕਾਲ ਪੁਰਖ ਆਪ ਹੀ ਆਪਣੇ ਆਪ ਨੂੰ ਪੈਦਾ ਕਰ ਕੇ ਪਰਗਟ ਹੋਇਆ, ਅਕਾਲ ਪੁਰਖ ਆਪ ਹੀ ਸਭ ਅੰਦਰ ਗੁਪਤ ਰੂਪ ਵਿਚ ਵਿਆਪਕ ਹੈ, ਤੇ ਉਹ ਅਕਾਲ ਪੁਰਖ ਸਭ ਜੀਵਾਂ ਦੀ ਸੰਭਾਲ ਵੀ ਕਰਦਾ ਹੈ।
- ਜਿਨ੍ਹਾਂ ਨੇ ਗੁਰੂ ਦੇ ਸ਼ਬਦ ਨੂੰ ਪਛਾਣ ਲਿਆ ਉਨ੍ਹਾਂ ਨੂੰ ਸਮਝ ਆ ਜਾਂਦੀ ਹੈ, ਕਿ ਜੀਵਨ ਸਫਲ ਕਰਨ ਲਈ ਸਦਾ ਕਾਇਮ ਰਹਿਣ ਵਾਲੇ ਅਕਾਲ ਪੁਰਖ ਦੀ ਸਦਾ ਉਸਤਤ ਕਰਨੀ ਚਾਹੀਦੀ ਹੈ।
- ਅਕਾਲ ਪੁਰਖ ਨੇ ਸਾਰੇ ਜਗਤ ਰੂਪੀ ਦਰਬਾਰ ਉੱਤੇ ਆਕਾਸ਼ ਨੂੰ ਥੰਮ੍ਹਾਂ ਤੋਂ ਬਿਨਾ ਟਿਕਾ ਕੇ (gravitation), ਆਪਣੇ ਸਬਦ ਰੂਪੀ ਹੁਕਮੁ ਅਨੁਸਾਰ ਬਣਾਇਆ ਹੈ।
- ਸੂਰਜ ਤੇ ਚੰਦਰਮਾਂ ਨੂੰ ਪੈਦਾ ਕਰਕੇ ਉਨ੍ਹਾਂ ਵਿਚ ਆਪਣੀ ਜੋਤਿ ਟਿਕਾਈ ਹੋਈ ਹੈ, ਤੇ ਜੀਵਾਂ ਦੇ ਕਾਰ ਵਿਹਾਰ ਲਈ ਰਾਤ ਤੇ ਦਿਨ ਰੂਪੀ ਅਚਰਜ ਤਮਾਸ਼ੇ ਬਣਾ ਦਿੱਤੇ ਹਨ।
- ਅਕਾਲ ਪੁਰਖ ਦੇ ਹੁਕਮੁ ਅਨੁਸਾਰ ਜੀਵਾਂ ਦਾ ਜਨਮ ਹੁੰਦਾ ਹੈ, ਤੇ ਹੁਕਮੁ ਅਨੁਸਾਰ ਹੀ ਮੌਤ ਹੁੰਦੀ ਹੈ।
- ਉਹੀ ਮਨੁੱਖ ਅਕਾਲ ਪੁਰਖ ਦਾ ਭਗਤ ਆਖਿਆ ਜਾਂਦਾ ਹੈ, ਜਿਹੜਾ ਹਰੇਕ ਹੋ ਰਹੀ ਕਾਰ ਨੂੰ ਅਕਾਲ ਪੁਰਖ ਦੇ ਹੁਕਮੁ ਅਨੁਸਾਰ ਹੋ ਰਹੀ ਸਮਝਦਾ ਹੈ ਤੇ, ਇਹ ਨਿਸ਼ਚਾ ਰੱਖਦਾ ਹੈ ਕਿ ਦੁਖ ਆਵੇ ਜਾਂ ਸੁਖ, ਦੋਹਾਂ ਨੂੰ ਇਕੋ ਜਿਹਾ ਸਮਝਣਾ ਹੈ।
- ਸਭ ਜੀਵਾਂ ਦੇ ਅੰਦਰ ਉਸਨੇ ਆਪ ਹੀ ਸ਼ਾਂਤੀ ਵਰਤਾਈ ਹੋਈ ਹੈ, ਕਿਉਂਕਿ ਉਹ ਆਪ ਮੀਂਹ ਦੇ ਗੜਿਆਂ ਵਰਗਾ ਸੀਤਲ ਤੇ ਠੰਢਾ ਠਾਰ ਹੈ।
- ਅਕਾਲ ਪੁਰਖ ਸਾਰੀ ਸ੍ਰਿਸ਼ਟੀ ਦੀ ਰਚਨਾ ਕਰਕੇ, ਆਪਣੇ ਸਰਗੁਣ ਤੇ ਨਿਰਗੁਣ ਰੂਪ ਵਿਚ ਵਿਚਰ ਵੀ ਰਿਹਾ ਹੈ, ਉਸ ਦੇ ਹੁਕਮੁ ਵਿਚ ਸਾਰਾ ਜਗਤ ਨੱਥਿਆ ਹੋਇਆ ਹੈ ਤੇ ਉਸ ਤੋਂ ਬਿਨਾ ਕਿਸੇ ਹੋਰ ਦਾ ਹੁਕਮੁ ਨਹੀਂ ਚੱਲ ਸਕਦਾ।

ਗੁਰੂ ਸਾਹਿਬਾਂ ਨੇ ਤਾਂ ਕਈ ਸਾਲ ਪਹਿਲਾ ਕੁਦਰਤ ਦੀ ਰਚਨਾ ਬਾਰੇ ਤੇ ਇਸ ਮਨੁੱਖਾ ਜੀਵਨ ਦੀ ਅਸਲੀਆਤ ਬਾਰੇ ਸਮਝਾ ਦਿਤਾ ਹੈ। ਹੁਣ ਇਹ ਸਾਡਾ ਫਰਜ਼ ਬਣ ਜਾਂਦਾ ਹੈ, ਕਿ ਅਸੀਂ ਵੀ ਗੁਰਬਾਣੀ ਦੁਆਰਾ ਅਕਾਲ ਪੁਰਖ ਦੇ ਹੁਕਮੁ ਨੂੰ ਸਮਝੀਏ ਤੇ ਉਸ ਅਨੁਸਾਰ ਵਿਚਰ ਕੇ ਆਪਣਾ ਇਹ ਮਨੁੱਖਾ ਜਨਮ ਸਫਲ ਕਰੀਏ।

**"ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ"**

ਤਤਕਰਾ

# ਗੁਰੂ ਸਾਹਿਬਾਂ ਨੇ ਅਕਾਲ ਪੁਰਖ ਨੂੰ ਅੰਦਰ ਖੋਜ਼ਣ ਲਈ ਕਿਹਾ ਹੈ, ਜੋ ਬਾਹਰ ਹੈ, ਉਹੀ ਅੰਦਰ ਹੈ (ਭਾਗ-੨੨)

## Guru Sahib has taught to discover Akal Purk wihin ourselves. Whatever is in the cosmos is also present within every matter (Part-22)

ਕੁਦਰਤ ਨੇ ਮਨੁੱਖ ਨੂੰ ਬੁਧੀ ਦਿੱਤੀ ਹੈ, ਜੋ ਕਿ ਹੋਰ ਜਾਨਵਰਾਂ ਵਿਚ ਨਹੀਂ ਹੈ। ਇਹੀ ਕਾਰਣ ਹੈ ਕਿ ਆਦਿ ਕਾਲ ਤੋਂ ਮਨੁੱਖ ਹਮੇਸ਼ਾਂ ਤਰੱਕੀ ਲਈ ਉਪਰਾਲੇ ਕਰਦਾ ਰਿਹਾ। ਰੋਜ਼ੀ ਰੋਟੀ ਲਈ ਨਵੀਂ ਨਵੀਂ ਤਰ੍ਹਾਂ ਦੇ ਖੇਤੀ ਦੇ ਢੰਗ ਅਪਨਾਉਂਦਾ ਰਿਹਾ, ਸ਼ਿਕਾਰ ਕਰਨ ਲਈ ਵਧੀਆ ਔਜ਼ਾਰ ਤਿਆਰ ਕਰਨ ਲਗ ਪਿਆ। ਰਹਿੰਣ ਲਈ ਚੰਗੇ ਘਰ ਉਸਾਰਨ ਲਗ ਪਿਆ, ਆਪਣੀਆਂ ਸਹੂਲਤਾਂ ਵਿਚ ਲਗਾਤਾਰ ਵਾਧਾ ਕਰਦਾ ਗਿਆ। ਵਰਤਮਾਨ ਯੁਗ ਸਾਇੰਸ ਦਾ ਯੁਗ ਹੈ, ਤੇ ਮਨੁੱਖ ਨਵੀਆਂ ਤੋਂ ਨਵੀਆਂ ਤਕਨੀਕਾਂ ਈਜ਼ਾਦ ਕਰ ਰਿਹਾ ਹੈ। ਸਾਇੰਸ ਦਾ ਆਧਾਰ ਤੇ ਮੰਤਵ ਖੋਜ ਹੀ ਹੈ। ਜੇ ਕਰ ਮਨੁੱਖ ਨੇ ਨਵੀਂ ਤੋਂ ਨਵੀਂ ਖੋਜ ਨਾ ਕੀਤੀ ਹੁੰਦੀ ਤਾਂ ਵਰਤਮਾਨ ਸਥਿੱਤੀ ਤਕ ਕਦੇ ਨਾ ਪਹੁੰਚ ਸਕਦਾ। ਸਾਇੰਸ ਦੀ ਖੋਜ ਪਦਾਰਥ ਤਕ ਸੀਮਿਤ ਹੈ, ਇਸੇ ਲਈ ਮਨੁੱਖ ਨੇ ਤਕਨੀਕੀ ਤਰੱਕੀ ਤਾਂ ਬਹੁਤ ਕਰ ਲਈ, ਸਰੀਰ ਦੀ ਬਣਤਰ ਬਾਰੇ ਬਹੁਤ ਖੋਜ ਕਰ ਲਈ ਤੇ ਬਹੁਤ ਸਾਰੀਆਂ ਬੀਮਾਰੀਆਂ ਤੇ ਇਲਾਜ ਵੀ ਲੱਭ ਲਏ। ਪਰੰਤੂ ਇਤਨੀ ਤਰੱਕੀ ਹੋਣ ਦੇ ਬਾਵਜੂਦ ਮਨ ਦੀਆਂ ਬੀਮਾਰੀਆਂ ਦੇ ਕਾਰਣ ਤੇ ਇਲਾਜ ਨਹੀਂ ਲੱਭ ਸਕਿਆ। ਇਸ ਨੂੰ ਦੂਸਰੇ ਲੱਫਜ਼ਾਂ ਵਿਚ ਕਹਿ ਲਉ ਕਿ ਮਨੁੱਖ ਨੇ ਅਕਾਲ ਪੁਰਖ ਨੂੰ ਬਾਹਰੋਂ ਖੋਜ਼ਣ ਲਈ ਤਾਂ ਬਹੁਤ ਉਪਰਾਲੇ ਕੀਤੇ ਪਰੰਤੂ ਅੰਦਰੋਂ ਖੋਜ਼ਣ ਲਈ ਕੁਝ ਨਹੀਂ ਕੀਤਾ। ਮਨੁੱਖ ਜਿਆਦਾ ਤਰ ਮਨ ਕਰਕੇ ਦੁਖੀ ਹੁੰਦਾ ਹੈ। ਜੀਵਨ ਤਾਂ ਹੀ ਸੁਖੀ ਤੇ ਸਫਲ ਹੈ, ਜੇ ਕਰ ਮਨ ਦੀਆਂ ਬੀਮਾਰੀਆਂ ਦੇ ਕਾਰਣ ਤੇ ਇਲਾਜ ਵੀ ਲੱਭੇ ਜਾ ਸਕਣ। ਇਹੀ ਕਾਰਣ ਹੈ ਕਿ ਗੁਰੂ ਸਾਹਿਬਾਂ ਨੇ ਅਕਾਲ ਪੁਰਖ ਨੂੰ ਅੰਦਰੋਂ ਖੋਜ਼ਣ ਲਈ ਵੀ ਕਿਹਾ ਹੈ, ਕਿਉਂਕਿ ਜਿਸ ਤਰ੍ਹਾਂ ਅਕਾਲ ਪੁਰਖ ਬਾਹਰ ਦਿਖਾਈ ਦਿੰਦਾ ਹੈ, ਉਸੇ ਤਰ੍ਹਾਂ ਉਹ ਸਭ ਦੇ ਅੰਦਰ ਵੀ ਹੈ।

ਪਾਣੀ ਦਾ ਇਕ ਤੁਬਕਾ ਸਮੁੰਦਰ ਦੇ ਪਾਣੀ ਵਰਗਾ ਹੀ ਹੁੰਦਾ ਹੈ। ਜੋ ਕੁਝ ਪਾਣੀ ਦੇ ਤੁਬਕੇ ਦੇ ਅੰਦਰ ਹੈ, ਉਹੀ ਕੁਝ ਸਾਰੇ ਸਮੁੰਦਰ ਦੇ ਪਾਣੀ ਦੇ ਅੰਦਰ ਹੈ। ਹਰੇਕ ਪਦਾਰਥ ਦਾ ਛੋਟਾ ਹਿਸਾ ਉਸ ਵਰਗਾ ਹੁੰਦਾ ਹੈ। ਇਸੇ ਤਰ੍ਹਾਂ ਗੁਰੂ ਸਾਹਿਬਾਂ ਨੇ ਸਮਝਾਇਆ ਹੈ, ਕਿ ਜੋ ਅਕਾਲ ਪੁਰਖ ਪੂਰੀ ਸ੍ਰਿਸ਼ਟੀ ਦੇ ਅੰਦਰ ਬਾਹਰੀ ਰੂਪ ਵਿਚ ਵਿਖਾਈ ਦਿੰਦਾ ਹੈ, ਉਹੀ ਅਕਾਲ ਪੁਰਖ ਹਰੇਕ ਪਦਾਰਥ ਦੇ ਅੰਦਰ ਵੀ ਹੈ। ਇਹੀ ਕਾਰਣ ਹੈ ਕਿ ਗੁਰੂ ਸਾਹਿਬਾਂ ਨੇ ਮਨੁੱਖ ਨੂੰ ਆਪਣੇ ਮੂਲ ਅਕਾਲ ਪੁਰਖ ਨੂੰ ਪਹਿਚਾਨਣ ਲਈ ਤੇ ਉਸ ਨਾਲ ਸਦੀਵੀ ਸਬੰਧ ਜੋੜਨ ਲਈ ਸਮਝਾਇਆ ਹੈ।

ਜਿਹੜਾ ਮਨੁੱਖ ਅਕਾਲ ਪੁਰਖ ਨਾਲ ਆਪਣੀ ਦੂਰੀ ਨੂੰ ਘਟਾ ਕੇ ਆਪਣੇ ਮਨ ਨੂੰ ਅਕਾਲ ਪੁਰਖ ਦੀ ਯਾਦ ਵਿਚ ਜੋੜ ਲੈਂਦਾ ਹੈ, ਉਸ ਅੰਦਰ ਅਕਾਲ ਪੁਰਖ ਵਰਗੇ ਗੁਣ ਪੈਂਦਾ ਹੋਣੇ ਸ਼ੁਰੂ ਹੋ ਜਾਂਦੇ ਹਨ। ਅਕਾਲ ਪੁਰਖ ਦੀ ਯਾਦ ਸਦਕਾ ਮਨੁੱਖ ਦਾ ਸੰਸਾਰਕ ਡਰ ਦੂਰ ਹੋ ਜਾਂਦਾ ਹੈ ਤੇ ਉਸ ਅੰਦਰ ਅਕਾਲ ਪੁਰਖ ਲਈ ਭਰੋਸਾ ਤੇ ਸ਼ਰਧਾ ਕਾਇਮ ਹੋ ਜਾਂਦੀ ਹੈ। ਮਨੁੱਖ ਉਸ ਅਕਾਲ ਪੁਰਖ ਨੂੰ ਆਪਣੇ ਅੰਦਰ ਵੱਸਦਾ ਜਾਨਣ ਲਗ ਪੈਂਦਾ ਹੈ, ਜਿਹੜਾ ਕਿ ਸਾਰੇ ਜਗਤ ਵਿਚ ਵਿਆਪਕ ਹੈ। ਜਿਉਂ ਜਿਉਂ ਇਹ ਭੇਦ ਹੋਰ ਹੋਰ ਖੁਲ੍ਹਦਾ ਜਾਂਦਾ ਹੈ, ਉਸ ਮਨੁੱਖ ਨੂੰ ਹੋਰ ਸਮਝ ਆਉਂਣੀ ਸ਼ੁਰੂ ਹੋ ਜਾਂਦੀ ਹੈ, ਕਿ ਅਕਾਲ ਪੁਰਖ ਅੰਦਰ ਬਾਹਰ ਹਰ ਥਾਂ ਵੱਸ ਰਿਹਾ ਹੈ। ਗੁਰਬਾਣੀ ਦੁਆਰਾ ਅਕਾਲ ਪੁਰਖ ਦੇ ਗੁਣ ਗਾਉਂਣ ਸਦਕਾ ਮਨੁੱਖ ਸ੍ਰਿਸ਼ਟੀ ਦੇ ਮਾਲਕ ਅਕਾਲ ਪੁਰਖ ਨਾਲ ਸਦੀਵੀ ਸਬੰਧ ਕਾਇਮ ਕਰ ਲੈਂਦਾ ਹੈ।

***ਭਭਾ ਭੇਦਹਿ ਭੇਦ ਮਿਲਾਵਾ ॥ ਅਬ ਭਉ ਭਾਨਿ ਭਰੋਸਉ ਆਵਾ ॥ ਜੋ ਬਾਹਰਿ ਸੋ ਭੀਤਰਿ ਜਾਨਿਆ ॥ ਭਇਆ ਭੇਦੁ ਭੂਪਤਿ ਪਹਿਚਾਨਿਆ ॥੩੦॥ (੩੪੨)***

ਅਕਾਲ ਪੁਰਖ ਦੀ ਰਜ਼ਾ ਅਨੁਸਾਰ ਸਭ ਜੀਵਾਂ ਦੇ ਮੱਥੇ ਉਤੇ ਆਪੋ ਆਪਣੇ ਕੀਤੇ ਕਰਮਾਂ ਅਨੁਸਾਰ ਲੇਖ ਲਿਖਿਆ ਜਾਂਦਾ ਹੈ। ਸਿਰਫ਼ ਅਕਾਲ ਪੁਰਖ ਆਪ ਇਨ੍ਹਾਂ ਕਰਮਾ ਦੇ ਲੇਖਾਂ ਤੋਂ ਮੁਕਤ ਹੈ, ਬਾਕੀ ਹੋਰ ਕੋਈ ਜੀਵ ਅਜੇਹਾ ਨਹੀਂ ਹੈ, ਜਿਸ ਉਪਰ ਲੇਖਾਂ ਦਾ ਪ੍ਰਭਾਵ ਨਹੀਂ ਹੈ। ਅਕਾਲ ਪੁਰਖ ਆਪ ਕੁਦਰਤ ਦੀ ਰਚਨਾ ਕਰਕੇ, ਉਸ ਦੀ ਸੰਭਾਲ ਵੀ ਆਪ ਹੀ ਕਰਦਾ ਹੈ, ਤੇ ਆਪਣੇ ਹੁਕਮੁ ਅਨੁਸਾਰ ਜਗਤ ਦੀ ਸਾਰੀ ਕਾਰ ਵਿਹਾਰ ਚਲਾ ਰਿਹਾ ਹੈ। ਗੁਰੂ ਸਾਹਿਬ ਆਪਣੇ ਮਨ ਨੂੰ ਸਮਝਾਂਦੇ ਹਨ ਕਿ ਹੇ ਮੇਰੇ ਮਨ! ਸਦਾ ਅਕਾਲ ਪੁਰਖ ਦਾ ਨਾਮੁ ਜਪਿਆ ਕਰ, ਕਿਉਂਕਿ ਅਕਾਲ ਪੁਰਖ ਦਾ ਨਾਮੁ ਜਪਣ ਨਾਲ ਹੀ ਆਤਮਕ ਸੁਖ ਮਿਲ ਸਕਦਾ ਹੈ। ਦਿਨ ਰਾਤ ਅਕਾਲ ਪੁਰਖ ਦੇ ਚਰਨਾਂ ਦਾ ਧਿਆਨ ਧਰਿਆ ਕਰ, ਕਿਉਂਕਿ ਅਕਾਲ ਪੁਰਖ ਆਪ ਹੀ ਸਭ ਜੀਵਾਂ ਨੂੰ ਦਾਤਾਂ ਦੇਣ ਵਾਲਾ ਹੈ, ਤੇ ਆਪ ਹੀ ਸਭ ਵਿਚ ਵਿਆਪਕ ਹੋ ਕੇ ਉਨ੍ਹਾਂ ਦਾਤਾ ਨੂੰ ਭੋਗਣ ਵਾਲਾ ਹੈ। ਗੁਰੂ ਸਾਹਿਬ ਸਮਝਾਂਦੇ ਹਨ ਕਿ ਜਿਹੜਾ ਅਕਾਲ ਪੁਰਖ ਤੇਰੇ ਅੰਦਰ ਵੱਸ ਰਿਹਾ ਹੈ ਉਸ ਨੂੰ ਬਾਹਰ ਸਾਰੀ ਕੁਦਰਤ ਵਿਚ ਵੇਖ, ਕਿਉਂਕਿ ਉਸ ਅਕਾਲ ਪੁਰਖ ਤੋਂ ਇਲਾਵਾ ਉਸ ਵਰਗਾ ਹੋਰ ਕੋਈ ਨਹੀਂ ਹੈ। ਗੁਰਬਾਣੀ ਅਨੁਸਾਰ ਦਰਸਾਏ ਗਏ ਰਸਤੇ ਤੇ ਚਲ ਕੇ ਉਸ ਇੱਕ ਅਕਾਲ ਪੁਰਖ ਨੂੰ ਵੇਖਣ ਵਾਲੀ

ਆਪਣੀ ਦ੍ਰਿਸ਼ਟੀ ਬਣਾ ਤੇ ਫਿਰ ਤੈਨੂੰ ਆਪਣੇ ਆਪ ਪਤਾ ਲੱਗ ਜਾਏਗਾ ਕਿ ਹਰੇਕ ਸਰੀਰ ਵਿਚ ਅਕਾਲ ਪੁਰਖ ਦੀ ਜੋਤਿ ਮੌਜੂਦ ਹੈ। ਪਰੰਤੂ ਇਹ ਧਿਆਨ ਵਿਚ ਰੱਖਣਾਂ ਹੈ ਕਿ ਗੁਰੂ ਨੂੰ ਮਿਲਿਆਂ ਹੀ ਅਕਾਲ ਪੁਰਖ ਦੇ ਗੁਣ ਗਾਇਨ ਕਰਨ ਦੀ ਅਕਲ ਆਉਂਦੀ ਹੈ। ਗੁਰੂ ਦੀ ਕਿਰਪਾ ਨਾਲ ਅਸੀਂ ਉਸ ਅਕਾਲ ਪੁਰਖ ਨੂੰ ਸਭ ਵਿਚ ਵੱਸਦਾ ਵੇਖਣ ਦੀ ਸਮਰਥਾ ਪ੍ਰਾਪਤ ਕਰ ਸਕਦੇ ਹਾਂ। ਆਤਮਕ ਜੀਵਨ ਦੇਣ ਵਾਲਾ ਨਾਮੁ ਰਸ ਪੀਣ ਨਾਲ ਆਤਮਕ ਆਨੰਦ ਮਿਲਦਾ ਹੈ, ਅਤੇ ਆਪਣੇ ਹਿਰਦੇ ਘਰ ਵਿਚ ਅਕਾਲ ਪੁਰਖ ਦਾ ਟਿਕਾਣਾ ਹੋ ਜਾਂਦਾ ਹੈ, ਜਿਸ ਸਦਕਾ ਮਨ ਦੀ ਬਾਹਰੀ ਭਟਕਣਾ ਘਟ ਜਾਂਦੀ ਹੈ।

*ਮਨ ਰੇ ਰਾਮ ਜਪਹੁ ਸੁਖੁ ਹੋਈ ॥ ਅਹਿਨਿਸਿ ਗੁਰ ਕੇ ਚਰਨ ਸਰੇਵਹੁ ਹਰਿ ਦਾਤਾ ਭੁਗਤਾ ਸੋਈ ॥ ਰਹਾਉ ॥ ਜੋ ਅੰਤਰਿ ਸੋ ਬਾਹਰਿ ਦੇਖਹੁ ਅਵਰੁ ਨ ਦੂਜਾ ਕੋਈ ਜੀਉ ॥ ਗੁਰਮੁਖਿ ਏਕ ਦ੍ਰਿਸਟਿ ਕਰਿ ਦੇਖਹੁ ਘਟਿ ਘਟਿ ਜੋਤਿ ਸਮੋਈ ਜੀਉ ॥੨॥ (੫੯੮, ੫੯੯)*

ਭਗਤ ਪੀਪਾ ਜੀ ਸਮਝਾਂਦੇ ਹਨ ਕਿ ਦੇਸ ਦੇਸਾਂਤਰਾਂ ਨੂੰ ਖੋਜ ਕੇ ਆਖ਼ਰ ਆਪਣੇ ਸਰੀਰ ਦੇ ਅੰਦਰ ਹੀ ਮੈਂ ਅਕਾਲ ਪੁਰਖ ਦਾ ਨਾਮੁ ਰੂਪੀ ਨੌ ਨਿਧ ਖਜ਼ਾਨਾ ਲੱਭ ਲਿਆ ਹੈ, ਹੁਣ ਮੇਰੇ ਸਰੀਰ ਵਿਚ ਅਕਾਲ ਪੁਰਖ ਦੀ ਯਾਦ ਦਾ ਹੀ ਤੇਜ ਪ੍ਰਤਾਪ ਹੈ, ਉਸ ਦੀ ਬਰਕਤ ਨਾਲ ਮੇਰੇ ਲਈ ਨਾ ਕੁਝ ਜੰਮਦਾ ਹੈ, ਨਾ ਮਰਦਾ ਹੈ ਭਾਵ, ਮੇਰਾ ਜਨਮ ਮਰਨ ਮਿਟ ਗਿਆ ਹੈ। ਭਗਤ ਪੀਪਾ ਜੀ ਨੇ ਵੀ ਆਪਣੇ ਅੰਦਰੋਂ ਖੋਜਣ ਦੀ ਸਿਖਿਆ ਦਿੱਤੀ ਹੈ। ਜੋ ਸ੍ਰਿਸ਼ਟੀ ਦਾ ਰਚਣਹਾਰ ਅਕਾਲ ਪੁਰਖ ਸਾਰੇ ਬ੍ਰਹਮੰਡ ਵਿਚ ਵਿਆਪਕ ਹੈ, ਉਹੀ ਮਨੁੱਖਾ ਸਰੀਰ ਵਿਚ ਹੈ, ਜੋ ਮਨੁੱਖ ਖੋਜ ਕਰਦਾ ਹੈ, ਉਹ ਉਸ ਨੂੰ ਲੱਭ ਲੈਂਦਾ ਹੈ, ਜੇ ਸਤਿਗੁਰੂ ਮਿਲ ਪਏ ਤਾਂ ਅੰਦਰ ਹੀ ਦਰਸ਼ਨ ਕਰਾ ਦਿੰਦਾ ਹੈ। ਇਸ ਸ਼ਬਦ ਵਿਚ ਭਗਤ ਪੀਪਾ ਜੀ ਮੂਰਤੀ ਪੂਜਾ ਦੀ ਬਜਾਏ ਸਰੀਰ ਮੰਦਰ ਵਿਚ ਵੱਸਦੇ ਅਕਾਲ ਪੁਰਖ ਨੂੰ ਯਾਦ ਕਰਨ ਲਈ ਕਹਿੰਦੇ ਹਨ। ਜਿਸ ਮਨੁੱਖ ਦੇ ਸਰੀਰ ਵਿਚ ਅਕਾਲ ਪੁਰਖ ਦੀ ਯਾਦ ਵਸ ਜਾਂਦੀ ਹੈ, ਉਹ ਦੇਸ ਦੇਸਾਂਤਰਾਂ ਦੇ ਵੱਖ ਵੱਖ ਤੀਰਥ ਸਥਾਨਾਂ ਅਤੇ ਮੰਦਰਾਂ ਉੱਪਰ ਭਟਕਣ ਦੀ ਬਜਾਏ ਅਕਾਲ ਪੁਰਖ ਨੂੰ ਆਪਣੇ ਸਰੀਰ ਵਿਚੋਂ ਹੀ ਲੱਭ ਲੈਂਦਾ ਹੈ। ਇਸ ਲਈ ਉਸ ਅਕਾਲ ਪੁਰਖ ਨੂੰ ਆਪਣੇ ਸਰੀਰ ਦੇ ਅੰਦਰ ਲੱਭੋ, ਇਹੀ ਅਸਲ ਦੇਵਤੇ ਦੀ ਭਾਲ ਹੈ, ਇਹੀ ਅਸਲ ਮੰਦਰ ਹੈ, ਇਹੀ ਅਸਲ ਪੂਜਾ ਹੈ। ਇਹ ਧਿਆਨ ਵਿਚ ਰੱਖਣਾਂ ਹੈ ਕਿ ਉਸ ਪਰਮ ਤੱਤ ਅਕਾਲ ਪੁਰਖ ਨੂੰ ਨਿਰਾ ਆਪਣੇ ਸਰੀਰ ਵਿਚ ਹੀ ਨਾ ਸਮਝ ਰੱਖਣਾ, ਉਸ ਨੂੰ ਸਾਰੇ ਬ੍ਰਹਮੰਡ ਵਿਚ, ਹਰੇਕ ਹਿਰਦੇ ਵਿਚ ਵੀ ਵੱਸਦਾ ਵੇਖਣਾ ਹੈ। ਇਹ ਸੂਝ ਸਾਨੂੰ ਸਰਬ ਸਾਂਝੀ ਗੁਰਬਾਣੀ ਤੋਂ ਹੀ ਮਿਲ ਸਕਦੀ ਹੈ।

*ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥ ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥੨॥੩॥ (੬੯੫)*

ਗੁਰੂ ਸਾਹਿਬਾਂ ਨੇ ਬੜੇ ਸਰਲ ਤਰੀਕੇ ਨਾਲ ਸਮਝਾਂਇਆ ਹੈ ਕਿ ਜੇਕਰ ਧਰਮ ਦੀ ਸਿਖਿਆ ਲੈਂਣਾਂ ਚਾਹੁੰਦੇ ਹਾਂ ਤਾਂ ਸਾਨੂੰ ਕਿਤੇ ਜਾਣ ਦੀ ਲੋੜ ਨਹੀਂ, ਅਸੀਂ ਆਪਣੇ ਸਰੀਰ ਕੋਲੋ ਹੀ ਲੈ ਸਕਦੇ ਹਾਂ। ਇਹ ਮਨੁੱਖਾ ਸਰੀਰ ਧਰਮ ਕਮਾਉਣ ਦੀ ਥਾਂ ਹੈ, ਇਸ ਵਿਚ ਸੱਚੇ ਪ੍ਰਭੂ ਦੀ ਜੋਤਿ ਲੁਕੀ ਹੋਈ ਹੈ। ਇਸ ਸਰੀਰ ਵਿਚ ਦੈਵੀ ਗੁਣ, ਰੂਪ, ਤੇ ਗੁੱਝੇ ਲਾਲ ਰਤਨ ਲੁਕੇ ਹੋਏ ਹਨ। ਸਰੀਰ ਦਾ ਹਰੇਕ ਅੰਗ ਬਾਕੀ ਸਭ ਦੂਸਰੇ ਅੰਗਾਂ ਲਈ ਕੰਮ ਕਰਦਾ ਹੈ ਜਾਂ ਉਨ੍ਹਾਂ ਦੀ ਸਹਾਇਤਾ ਕਰਦਾ ਹੈ, ਪਰੰਤੂ ਬਦਲੇ ਵਿਚ ਕੁਝ ਨਹੀਂ ਮੰਗਦਾ ਹੈ। ਸਾਡੇ ਪੈਰ ਸਾਰੇ ਸਰੀਰ ਨੂੰ ਇਕ ਥਾਂ ਤੋਂ ਦੂਸਰੀ ਥਾਂ ਤੇ ਲਿਜਾਂਦੇ ਹਨ, ਲੱਤਾਂ ਸਰੀਰ ਨੂੰ ਖੜਾ ਹੋਣ ਵਿਚ ਸਹਾਇਤਾ ਕਰਦੀਆਂ ਹਨ, ਮੂੰਹ ਸਰੀਰ ਅੰਦਰ ਖਾਣਾਂ ਲਿਜਾਣ ਲਈ ਸਹਾਈ ਹੁੰਦਾ ਹੈ, ਦੰਦ ਖਾਣਾਂ ਚਬਾਉਂਦੇ ਹਨ ਤਾਂ ਜੋ ਪੇਟ ਨੂੰ ਹਜ਼ਮ ਕਰਨ ਵਿਚ ਮੁਸ਼ਕਲ ਨਾ ਹੋਵੇ, ਜੀਭ ਸੰਤਰੀ ਦਾ ਕੰਮ ਕਰਦੀ ਹੈ, ਕਿ ਕਿਤੇ ਸਰੀਰ ਅੰਦਰ ਗਲਤ ਪਦਾਰਥ ਨਾ ਚਲੇ ਜਾਣ, ਅੱਖਾਂ ਰਸਤਾ ਵੇਖਣ ਵਿਚ ਸਹਾਈ ਹੁੰਦੀਆਂ ਹਨ, ਕੰਨ ਸੁਣਨ ਤੇ ਸਬੰਧ ਕਾਇਮ ਕਰਨ ਲਈ ਸਹਾਈ ਹੁੰਦੇ ਹਨ, ਦਿਮਾਗ ਜੀਵਨ ਵਿਚ ਸੋਚ ਵੀਚਾਰ ਕੇ ਚਲਣ ਲਈ ਸਹਾਈ ਹੁੰਦਾਂ ਹੈ, ਆਦਿ। ਸਰੀਰ ਦਾ ਕੋਈ ਅੰਗ ਵੀ ਦੂਸਰੇ ਅੰਗ ਦੀ ਨਿੰਦਾ, ਚੁਗਲੀ ਜਾਂ ਵਿਰੋਧਤਾ ਨਹੀਂ ਕਰਦਾ ਹੈ, ਬਲਕਿ ਦੂਸਰੇ ਅੰਗਾਂ ਦੀ ਸਹਾਇਤਾ ਕਰਦਾ ਹੈ ਜਾਂ ਠੀਕ ਮਾਰਗ ਦਰਸ਼ਨ ਕਰਦਾ ਹੈ। ਸਰੀਰ ਦਾ ਹਰੇਕ ਅੰਗ ਦੂਸਰੇ ਅੰਗ ਲਈ ਬਿਨਾਂ ਕਾਮਨਾਂ ਦੇ ਸੇਵਾ ਕਰਦਾ ਹੈ। ਸਤਿਗੁਰੂ ਦੇ ਸਨਮੁਖ ਹੋ ਕੇ ਕੋਈ ਵਿਰਲਾ ਸੇਵਕ ਹੀ ਇਨ੍ਹਾਂ ਗੁਣਾਂ ਨੂੰ ਗੁਰਬਾਣੀ ਦੀ ਡੂੰਘੀ ਵਿਚਾਰ ਨਾਲ ਸਮਝ ਕੇ ਆਪਣੇ ਜੀਵਨ ਵਿਚ ਅਪਨਾਂਦਾ ਹੈ। ਜਦੋਂ ਉਹ ਸੇਵਕ ਇਹ ਲਾਲ ਰਤਨ ਲੱਭ ਲੈਂਦਾ ਹੈ, ਤਾਂ ਉਹ ਇਕ ਅਕਾਲ ਪੁਰਖ ਨੂੰ ਸਾਰੀ ਸ੍ਰਿਸ਼ਟੀ ਵਿਚ ਰਵਿਆ ਹੋਇਆ ਪਛਾਣ ਲੈਂਦਾ ਹੈ, ਜਿਵੇਂ ਤਾਣੇ ਤੇ ਪੇਟੇ ਵਿਚ ਇੱਕੋ ਸੂਤਰ ਹੁੰਦਾ ਹੈ। ਇਸੇ ਤਰ੍ਹਾਂ ਉਹ ਸੇਵਕ ਸਾਰੇ ਸੰਸਾਰ ਵਿਚ ਇਕ ਅਕਾਲ ਪੁਰਖ ਨੂੰ ਹੀ ਵੇਖਦਾ ਹੈ, ਤੇ ਇਕ ਅਕਾਲ ਪੁਰਖ ਤੇ ਹੀ ਭਰੋਸਾ ਰੱਖਦਾ ਹੈ ਤੇ ਆਪਣੇ ਕੰਨਾਂ ਨਾਲ ਇਕ ਅਕਾਲ ਪੁਰਖ ਦੀਆਂ ਹੀ ਸਿਫਤ ਸਾਲਾਹ ਦੀਆਂ ਗੱਲਾਂ ਸੁਣਦਾ ਹੈ।

***ਪਉੜੀ*** *॥ ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥ ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥ (੩੦੯, ੩੧੦)*

ਗੁਰਬਾਣੀ ਦੀ ਸਹਾਇਤਾ ਨਾਲ ਜਿਸ ਸਰੀਰ ਵਿਚ ਅਕਾਲ ਪੁਰਖ ਵੱਸ ਜਾਂਦਾ ਹੈ, ਉਹ ਜੀਵ ਇਸਤ੍ਰੀ ਬਹੁਤ ਸੁੰਦਰ ਬਣ ਜਾਂਦੀ ਹੈ। ਜੇਹੜੀ ਜੀਵ ਇਸਤ੍ਰੀ ਗੁਰੂ ਦੇ ਸ਼ਬਦ ਨੂੰ ਆਪਣੇ ਹਿਰਦੇ ਵਿਚ ਵਸਾ ਲੈਂਦੀ ਹੈ, ਉਹ ਅਕਾਲ ਪੁਰਖ ਦੇ ਮਿਲਾਪ ਸਦਕਾ ਸਦਾ ਲਈ ਸੁਹਾਗਣ ਬਣ ਜਾਂਦੀ ਹੈ। ਜੇਹੜਾ ਮਨੁੱਖ ਗੁਰਬਾਣੀ ਦੁਆਰਾ ਆਪਣੇ ਅੰਦਰੋਂ ਹਉਮੈ ਸਾੜ ਲੈਂਦਾ ਹੈ, ਉਹ ਸਦਾ ਵਾਸਤੇ

ਅਕਾਲ ਪੁਰਖ ਦੀ ਭਗਤੀ ਦੇ ਰੰਗ ਵਿਚ ਰੰਗਿਆ ਰਹਿੰਦਾ ਹੈ। ਪੂਰੇ ਗੁਰੂ ਦੀ ਬਾਣੀ ਧੰਨ ਹੈ। ਇਹ ਬਾਣੀ ਪੂਰੇ ਗੁਰੂ ਦੇ ਹਿਰਦੇ ਵਿਚੋਂ ਪੈਦਾ ਹੁੰਦੀ ਹੈ, ਤੇ ਜੇਹੜਾ ਮਨੁੱਖ ਇਸ ਬਾਣੀ ਨੂੰ ਆਪਣੇ ਹਿਰਦੇ ਵਿਚ ਵਸਾ ਲੈਂਦਾ ਹੈ, ਉਸ ਨੂੰ ਗੁਰਬਾਣੀ ਸਦਾ ਥਿਰ ਰਹਿਣ ਵਾਲੇ ਅਕਾਲ ਪੁਰਖ ਵਿਚ ਲੀਨ ਕਰ ਦਿੰਦੀ ਹੈ। ਇਸ ਸਰੀਰ ਦੇ ਅੰਦਰ ਵੀ ਉਹ ਸਭ ਕੁਝ ਵੱਸ ਰਿਹਾ ਹੈ ਜੋ ਕਿ ਸਾਰੇ ਜਗਤ ਦੇ ਖੰਡਾਂ ਮੰਡਲਾਂ ਪਾਤਾਲਾਂ ਵਿਚ ਵੱਸ ਰਿਹਾ ਹੈ। ਸਾਰੇ ਜਗਤ ਨੂੰ ਦਾਤਾ ਦੇਣ ਵਾਲਾ ਤੇ ਸਾਰੇ ਜੀਵਾਂ ਦੀ ਪਾਲਣਾ ਕਰਨ ਵਾਲਾ ਅਕਾਲ ਪੁਰਖ ਇਸ ਮਨੁੱਖਾ ਸਰੀਰ ਅੰਦਰ ਵੀ ਵੱਸ ਰਿਹਾ ਹੈ। ਜਿਹੜੀ ਜੀਵ ਇਸਤ੍ਰੀ ਗੁਰੂ ਦੀ ਸਰਨ ਵਿਚ ਪੈ ਕੇ ਅਕਾਲ ਪੁਰਖ ਦਾ ਨਾਮੁ ਆਪਣੇ ਹਿਰਦੇ ਵਿਚ ਵਸਾ ਲੈਂਦੀ ਹੈ, ਉਹ ਜੀਵ ਇਸਤ੍ਰੀ ਸਦਾ ਸੁਖੀ ਰਹਿੰਦੀ ਹੈ ਤੇ ਆਤਮਕ ਆਨੰਦ ਮਾਣਦੀ ਰਹਿੰਦੀ ਹੈ।

*ਵਾਹੁ ਵਾਹੁ ਪੂਰੇ ਗੁਰ ਕੀ ਬਾਣੀ ॥ ਪੂਰੇ ਗੁਰ ਤੇ ਉਪਜੀ ਸਾਚਿ ਸਮਾਣੀ ॥੧॥ ਰਹਾਉ ॥ ਕਾਇਆ ਅੰਦਰਿ ਸਭੁ ਕਿਛੁ ਵਸੈ ਖੰਡ ਮੰਡਲ ਪਾਤਾਲਾ ॥ ਕਾਇਆ ਅੰਦਰਿ ਜਗਜੀਵਨ ਦਾਤਾ ਵਸੈ ਸਭਨਾ ਕਰੇ ਪ੍ਰਤਿਪਾਲਾ ॥ ਕਾਇਆ ਕਾਮਣਿ ਸਦਾ ਸੁਹੇਲੀ ਗੁਰਮੁਖਿ ਨਾਮੁ ਸਮ੍ਹਾਲਾ ॥੨॥ (੭੫੪)*

ਪਾਣੀ ਦੀਆਂ ਬਹੁਤ ਸਾਰੀਆਂ ਬੂੰਦਾਂ ਇਕੱਠੀਆਂ ਹੋ ਕੇ ਸਮੁੰਦਰ ਬਣਾਂਦੀਆਂ ਹਨ, ਜਾਂ ਦੂਸਰੇ ਲਫਜ਼ਾ ਵਿਚ ਕਹਿ ਲਉ ਕਿ ਸਮੁੰਦਰ ਵਿਚ ਪਾਣੀ ਦੀਆਂ ਬੂੰਦਾਂ ਮਾਜੂਦ ਹਨ ਤੇ ਪਾਣੀ ਦੀਆਂ ਬੂੰਦਾਂ ਵਿਚ ਸਮੁੰਦਰ ਵਿਆਪਕ ਹੈ। ਇਸੇ ਤਰ੍ਹਾਂ ਕਹਿ ਸਕਦੇ ਹਾਂ ਕਿ ਸਾਰੇ ਜੀਅ ਜੰਤ ਅਕਾਲ ਪੁਰਖ ਵਿਚ ਜੀ ਰਹੇ ਹਨ ਤੇ ਸਾਰੇ ਜੀਵਾਂ ਵਿਚ ਅਕਾਲ ਪੁਰਖ ਆਪ ਵਿਆਪਕ ਹੈ। ਅਨੇਕਾਂ ਖਾਣੀਆਂ ਰਾਹੀਂ ਅਕਾਲ ਪੁਰਖ ਜੀਵਾਂ ਦੀ ਉਤਪੱਤੀ ਦਾ ਇਹ ਅਸਚਰਜ ਤਮਾਸ਼ਾ ਰਚ ਕੇ, ਅਕਾਲ ਪੁਰਖ ਆਪ ਹੀ ਇਹ ਸਭ ਕੁਝ ਵੇਖ ਰਿਹਾ ਹੈ। ਸਿਰਫ ਅਕਾਲ ਪੁਰਖ ਆਪ ਹੀ ਇਸ ਸਾਰੀ ਅਸਲੀਅਤ ਨੂੰ ਸਮਝਦਾ ਹੈ ਤੇ ਕੋਈ ਵਿਰਲਾ ਮਨੁੱਖ ਹੀ ਹੈ, ਜਿਹੜਾ ਕਿ ਕੁਦਰਤ ਦੇ ਇਸ ਭੇਤ ਨੂੰ ਸਮਝਦਾ ਹੈ। ਉਸ ਸਰਬ ਵਿਆਪਕ ਅਤੇ ਸਭ ਦੀ ਸਿਰਜਣਾ ਕਰਨ ਵਾਲੇ ਅਕਾਲ ਪੁਰਖ ਦੀ ਸਿਫ਼ਤਿ-ਸਾਲਾਹ ਸਦਕਾ ਮਨੁੱਖ ਨੂੰ ਵਿਕਾਰਾਂ ਤੋਂ ਖਲਾਸੀ ਮਿਲਦੀ ਹੈ ਤੇ ਸਭ ਤੋਂ ਉੱਚੀ ਆਤਮਕ ਅਵਸਥਾ ਹਾਸਲ ਹੁੰਦੀ ਹੈ, ਪਰੰਤੂ ਅਜੇਹਾ ਗਿਆਨ ਕੋਈ ਵਿਰਲਾ ਗੁਰਮੁਖ ਹੀ ਵਿਚਾਰਦਾ ਹੈ। ਦਿਨ ਦੇ ਚਾਨਣ ਵਿਚ ਰਾਤ ਦਾ ਹਨੇਰਾ ਅਲੋਪ ਹੋ ਜਾਂਦਾ ਹੈ, ਤੇ ਰਾਤ ਦੇ ਹਨੇਰੇ ਵਿਚ ਸੂਰਜ ਦਾ ਚਾਨਣ ਮੁੱਕ ਜਾਂਦਾ ਹੈ। ਇਹੀ ਹਾਲਤ ਗਰਮੀ ਦੀ ਤੇ ਠੰਢ ਦੀ ਹੈ, ਕਦੇ ਗਰਮੀ ਤੇ ਕਦੇ ਠੰਢ ਹੁੰਦੀ ਹੈ, ਕਿਤੇ ਗਰਮੀ ਤੇ ਕਿਤੇ ਠੰਢ ਹੁੰਦੀ ਹੈ। ਇਹ ਸਾਰੀ ਖੇਡ ਉਸ ਅਕਾਲ ਪੁਰਖ ਦੀ ਰਚੀ ਹੋਈ ਕੁਦਰਤ ਦੀ ਹੈ। ਉਹ ਅਕਾਲ ਪੁਰਖ ਕਿਹੋ ਜਿਹਾ ਹੈ ਤੇ ਕਿਡਾ ਵੱਡਾ ਹੈ, ਉਸ ਅਕਾਲ ਪੁਰਖ ਤੋਂ ਬਿਨਾ ਕੋਈ ਹੋਰ ਨਹੀਂ ਜਾਣਦਾ। ਗੁਰੂ ਤੋਂ ਬਿਨਾ ਇਹ ਸਮਝ ਨਹੀਂ ਆਉਂਦੀ ਕਿ ਅਕਾਲ ਪੁਰਖ ਬੇਅੰਤ ਹੈ ਤੇ ਅਕੱਥ ਹੈ। ਅਕਾਲ ਪੁਰਖ ਦੀ ਇਹ ਅਚਰਜ ਖੇਡ ਹੈ ਕਿ, ਮਨੁੱਖਾਂ ਦੇ ਵੀਰਜ ਤੋਂ ਇਸਤ੍ਰੀਆਂ ਪੈਦਾ ਹੁੰਦੀਆਂ ਹਨ ਤੇ ਇਸਤ੍ਰੀਆਂ ਤੋਂ ਮਨੁੱਖ ਜੰਮਦੇ ਹਨ। ਅਕਾਲ ਪੁਰਖ ਦੀ ਕੁਦਰਤ ਤੇ ਉਸ ਦੀ ਰਚਨਾ ਦੀਆਂ ਅਨੇਕਾਂ ਅਜੇਹੀਆਂ ਕਹਾਣੀਆਂ ਹਨ, ਜੋ ਕਿ ਬਿਆਨ ਨਹੀਂ ਕੀਤੀ ਜਾ ਸਕਦੀਆਂ ਹਨ। ਪਰ ਜੇਹੜਾ ਮਨੁੱਖ ਗੁਰੂ ਦੇ ਦੱਸੇ ਰਾਹ ਤੇ ਚਲਦਾ ਹੈ, ਉਹ ਸਮਝ ਲੈਂਦਾ ਹੈ ਕਿ ਅਕਾਲ ਪੁਰਖ ਦੇ ਗੁਣ ਅਨਮੋਲ ਤੇ ਬੇਅੰਤ ਹਨ। ਅਕਾਲ ਪੁਰਖ ਦੇ ਗੁਣਾਂ ਨੂੰ ਆਪਣੇ ਜੀਵਨ ਵਿਚ ਅਪਨਾਉਂਣ ਲਈ ਉਹ ਗੁਰਬਾਣੀ ਦੁਆਰਾ ਅਕਾਲ ਪੁਰਖ ਦੀ ਸਿਫ਼ਤਿ-ਸਾਲਾਹ ਵਿਚ ਆਪਣੀ ਸੁਰਤਿ ਜੋੜ ਲੈਂਦਾ ਹੈ ਤੇ ਅਕਾਲ ਪੁਰਖ ਨਾਲ ਆਪਣੀ ਜਾਣ-ਪਛਾਣ ਕਾਇਮ ਕਰ ਲੈਂਦਾ ਹੈ।

*ਰਾਮਕਲੀ ਮਹਲਾ ੧ ॥ ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ ਕਵਣੁ ਬੁਝੈ ਬਿਧਿ ਜਾਣੈ ॥ ਉਤਭੁਜ ਚਲਤ ਆਪਿ ਕਰਿ ਚੀਨੈ ਆਪੇ ਤਤੁ ਪਛਾਣੈ ॥੧॥ ਐਸਾ ਗਿਆਨੁ ਬੀਚਾਰੈ ਕੋਈ ॥ ਤਿਸ ਤੇ ਮੁਕਤਿ ਪਰਮ ਗਤਿ ਹੋਈ ॥੧॥ ਰਹਾਉ ॥ (੮੭੮, ੮੭੯)*

ਸੰਸਾਰ ਸਮੁੰਦਰ ਤੋਂ ਪਾਰ ਲੰਘਣ ਲਈ ਗੁਰੂ ਜਹਾਜ਼ ਹੈ, ਗੁਰੂ ਬੇੜੀ ਹੈ, ਗੁਰੂ ਤੁਲਹਾ ਹੈ, ਇਸ ਲਈ ਗੁਰੂ ਦੀ ਸਰਨ ਪੈ ਕੇ ਅਕਾਲ ਪੁਰਖ ਦਾ ਨਾਮੁ ਜਪ, ਕਿਉਂਕਿ ਅਜੇਹਾ ਕਰਨ ਨਾਲ ਗੁਰੂ ਉਸ ਮਨੁੱਖ ਨੂੰ ਪਾਰ ਲੰਘਾ ਦਿੰਦਾ ਹੈ। ਅਕਾਲ ਪੁਰਖ ਦਾ ਨਾਮੁ ਹਉਮੈ ਮਮਤਾ ਤੇ ਲੋਭ ਦਾ ਨਾਸ ਕਰਨ ਵਾਲਾ ਹੈ, ਜਿਸ ਸਦਕਾ ਮਨੁੱਖ ਨੂੰ ਆਪਣੇ ਸਰੀਰ ਦੀਆਂ ਨੌ ਗੋਲਕਾਂ ਦੇ ਵਿਸ਼ਿਆਂ ਤੋਂ ਖ਼ਲਾਸੀ ਮਿਲੀ ਰਹਿੰਦੀ ਹੈ, ਤੇ ਸੁਰਤ ਦਸਵੇਂ ਦੁਆਰ ਵਿਚ ਟਿਕੀ ਰਹਿੰਦੀ ਹੈ ਤੇ ਅਕਾਲ ਪੁਰਖ ਨਾਲ ਸੰਬੰਧ ਬਣਿਆ ਰਹਿੰਦਾ ਹੈ। ਗੁਰੂ ਦਾ ਸ਼ਬਦ ਸਦਾ ਥਿਰ ਰਹਿਣ ਵਾਲਾ ਵਸੀਲਾ ਹੈ, ਤੇ ਸ਼ਬਦ ਵਿਚ ਜੁੜ ਕੇ ਹੀ ਮਨੁੱਖ ਸੰਸਾਰ ਸਮੁੰਦਰ ਤੋਂ ਪਾਰ ਲੰਘ ਸਕਦਾ ਹੈ। ਗੁਰੂ ਦੀ ਸ਼ਰਨ ਤੋਂ ਬਿਨਾ ਮਨੁੱਖ ਨੂੰ ਵਿਕਾਰਾਂ ਤੋਂ ਖ਼ਲਾਸੀ ਨਹੀਂ ਮਿਲਦੀ, ਤੇ ਮਨੁੱਖ ਜਨਮ ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ। ਜੇਹੜਾ ਮਨੁੱਖ ਗੁਰੂ ਦੀ ਸ਼ਰਨ ਪੈ ਕੇ ਨਾਮੁ ਚੇਤੇ ਰਖਦਾ ਹੈ, ਉਸ ਨੂੰ ਪੂਰਨ ਅਕਾਲ ਪੁਰਖੁ ਮਿਲ ਪੈਂਦਾ ਹੈ। ਜਿਨ੍ਹਾਂ ਬੰਦਿਆਂ ਦੇ ਗਲ ਵਿਚ ਹਉਮੈ ਤੇ ਮਾਇਆ ਦੇ ਮੋਹ ਦੇ ਫਾਹੇ ਪਏ ਰਹਿੰਦੇ ਹਨ, ਉਹ ਇਨ੍ਹਾਂ ਬੰਧਨਾਂ ਵਿਚ ਬੱਝੇ ਹੋਏ ਜਨਮ ਮਰਨ ਦੇ ਗੇੜ ਵਿਚ ਪਏ ਰਹਿੰਦੇ ਹਨ। ਗੁਰੂ ਦੀ ਮਤਿ ਤੇ ਤੁਰ ਕੇ ਨਾਮੁ ਸਿਮਰਿਆਂ ਬੜੀ ਉੱਚੀ ਆਤਮਕ ਅਵਸਥਾ ਹਾਸਲ ਹੋ ਜਾਂਦੀ ਹੈ, ਤੇ ਬੜਾ ਆਤਮਕ ਬਲ ਪ੍ਰਾਪਤ ਹੋ ਜਾਂਦਾ ਹੈ। ਗੁਰੂ ਦੀ ਮਤਿ ਤੇ ਤੁਰਿਆਂ ਸਤ, ਸੰਤੋਖ, ਦਯਾ, ਧਰਮ, ਧੀਰਜ, ਆਦਿਕ ਪੰਜੇ ਮਨੁੱਖ ਦੇ ਆਤਮਕ ਸਾਥੀ ਬਣ ਜਾਂਦੇ ਹਨ। ਗੁਰੂ ਦੀ ਮਤਿ ਮਨੁੱਖ ਦੇ ਅੰਦਰੋਂ ਤ੍ਰਿਸ਼ਨਾ ਦੀ ਅੱਗ ਨੂੰ ਦੂਰ ਕਰ ਦਿੰਦੀ ਹੈ ਤੇ ਮਨੁੱਖ ਨੂੰ ਅਕਾਲ ਪੁਰਖ ਦੇ ਨਾਮੁ ਨਾਲ ਜੋੜ ਦੇਂਦੀ ਹੈ। ਜੇਹੜਾ ਮਨੁੱਖ ਗੁਰੂ ਦੀ ਸਰਨ ਪੈ ਕੇ ਇਹ ਮਨੁੱਖਾ ਜੀਵਨ ਦੀ ਜੁਗਤਿ ਸਮਝ ਲੈਂਦਾ ਹੈ, ਉਹ

ਗੁਰੂ ਦੇ ਸ਼ਬਦ ਵਿਚ ਜੁੜ ਕੇ ਆਤਮਕ ਸ਼ਾਂਤੀ ਹਾਸਲ ਕਰ ਲੈਂਦਾ ਹੈ। ਫਿਰ ਅਜੇਹਾ ਮਨੁੱਖ ਨਾ ਕਿਸੇ ਦੀ ਖ਼ੁਸ਼ਾਮਦ ਕਰਦਾ ਹੈ, ਨਾ ਕਿਸੇ ਦੀ ਨਿੰਦਿਆ ਕਰਦਾ ਹੈ। ਇਸ ਲਈ ਜੇਹੜਾ ਅਕਾਲ ਪੁਰਖ ਸਾਰੀ ਸ੍ਰਿਸ਼ਟੀ ਵਿਚ ਵੱਸਦਾ ਹੈ, ਉਸ ਨੂੰ ਆਪਣੇ ਸਰੀਰ ਵਿਚ ਵੱਸਦਾ ਪਛਾਣੋ। ਗੁਰੂ ਦੀ ਸਰਨ ਪੈ ਕੇ ਇਹ ਭੇਤ ਸਮਝੋ, ਗੁਰੂ ਦੇ ਸ਼ਬਦ ਵਿਚ ਜੁੜ ਕੇ ਇਸ ਅਸਲੀਅਤ ਨੂੰ ਪਛਾਣੋ। ਦੁਨੀਆ ਦੇ ਸਾਰੇ ਪਦਾਰਥਾਂ ਨੂੰ ਮਾਣ ਸਕਣ ਵਾਲਾ ਅਕਾਲ ਪੁਰਖ ਹਰੇਕ ਸਰੀਰ ਵਿਚ ਵਿਆਪਕ ਹੋ ਕੇ ਸਾਰੇ ਭੋਗ ਭੋਗ ਰਿਹਾ ਹੈ, ਪਰੰਤੂ ਫਿਰ ਵੀ ਉਹ ਸਾਰੀ ਸ੍ਰਿਸ਼ਟੀ ਤੋਂ ਨਿਰਲੇਪ ਰਹਿੰਦਾ ਹੈ। ਗੁਰੂ ਦੀ ਮਤਿ ਦੁਆਰਾ ਅਕਾਲ ਪੁਰਖ ਦੀ ਸਿਫ਼ਤਿ-ਸਾਲਾਹ ਕਰੋ, ਜੋ ਕਿ ਮਨੁੱਖਾ ਜੀਵਨ ਨੂੰ ਪਵਿੱਤ੍ਰ ਬਣਾ ਦੇਂਦੀ ਹੈ। ਗੁਰੂ ਦੀ ਸਿੱਖਿਆ ਤੇ ਤੁਰ ਕੇ, ਸਭ ਤੋਂ ਉੱਚੇ ਅਕਾਲ ਪੁਰਖ ਨੂੰ ਆਪਣੀਆਂ ਅੱਖਾਂ ਨਾਲ ਅੰਦਰ ਬਾਹਰ ਹਰ ਥਾਂ ਵੇਖੋ। ਜੇਹੜਾ ਮਨੁੱਖ ਆਪਣੇ ਕੰਨਾਂ ਨਾਲ ਅਕਾਲ ਪੁਰਖ ਦਾ ਨਾਮੁ ਸੁਣਦਾ ਹੈ, ਅਕਾਲ ਪੁਰਖ ਦੀ ਸਿਫ਼ਤਿ ਸਾਲਾਹ ਸੁਣਦਾ ਹੈ, ਉਹ ਅਕਾਲ ਪੁਰਖ ਦੇ ਪ੍ਰੇਮ ਵਿਚ ਰੰਗਿਆ ਜਾਂਦਾ ਹੈ।

*ਮਾਰੂ ਮਹਲਾ ੧ ॥ **ਜੋ ਬ੍ਰਹਮੰਡਿ ਖੰਡਿ ਸੋ ਜਾਣਹੁ ॥ ਗੁਰਮੁਖਿ ਬੂਝਹੁ ਸਬਦਿ ਪਛਾਣਹੁ** ॥ ਘਟਿ ਘਟਿ ਭੋਗੇ ਭੋਗਣਹਾਰਾ ਰਹੈ ਅਤੀਤੁ ਸਬਾਇਆ ॥੧੪॥ ਗੁਰਮਤਿ ਬੋਲਹੁ ਹਰਿ ਜਸੁ ਸੂਚਾ ਗੁਰਮਤਿ ਆਖੀ ਦੇਖਹੁ ਊਚਾ ॥ ਸ੍ਰਵਣੀ ਨਾਮੁ ਸੁਣੈ ਹਰਿ ਬਾਣੀ ਨਾਨਕ ਹਰਿ ਰੰਗਿ ਰੰਗਾਇਆ ॥੧੫॥੩॥੨੦॥ (੧੦੪੧)*

ਗੁਰੂ ਸਾਹਿਬ ਚਿਤਾਵਨੀ ਦਿੰਦੇ ਹਨ ਤੇ ਸਮਝਾਂਦੇ ਹਨ, ਕਿ ਹੇ ਚਤੁਰ ਤੇ ਸਿਆਣੇ ਮਨੁੱਖ! ਤੂੰ ਜਾਣਦਾ ਹੈਂ ਕਿ ਤੇਰਾ ਇਹ ਮਨੁੱਖਾ ਸਰੀਰ ਅਕਾਲ ਪੁਰਖ ਨੇ ਪੰਜ ਤੱਤਾਂ ਤੋਂ ਬਣਾਇਆ ਹੈ। ਇਹ ਵੀ ਯਕੀਨ ਜਾਣ ਕਿ ਜਿਨ੍ਹਾਂ ਤੱਤਾਂ ਤੋਂ ਇਹ ਸਰੀਰ ਬਣਿਆ ਹੈ, ਉਹ ਸਰੀਰ ਮੁੜ ਉਨ੍ਹਾਂ ਤੱਤਾਂ ਵਿਚ ਹੀ ਲੀਨ ਹੋ ਜਾਇਗਾ, ਇਸ ਲਈ ਇਸ ਮਨੁੱਖਾ ਸਰੀਰ ਦੇ ਝੂਠੇ ਮੋਹ ਵਿਚ ਫਸ ਕੇ ਅਕਾਲ ਪੁਰਖ ਦਾ ਚੇਤਾ ਕਿਉਂ ਭੁਲਾ ਰਿਹਾ ਹੈਂ? ਅਕਾਲ ਪੁਰਖ ਨਾਲ ਜੁੜੇ ਹੋਏ ਸੰਤ ਜਨ ਤਾਂ ਉੱਚੀ ਕੂਕ ਕੇ ਦੱਸਦੇ ਹਨ ਕਿ ਅਕਾਲ ਪੁਰਖ ਹਰੇਕ ਸਰੀਰ ਵਿਚ ਵੱਸ ਰਿਹਾ ਹੈ। ਇਸ ਲਈ ਤੂੰ ਉਸ ਅਕਾਲ ਪੁਰਖ ਨੂੰ ਚੇਤੇ ਕਰਿਆ ਕਰ, ਕਿਉਂਕਿ ਉਸ ਅਕਾਲ ਪੁਰਖ ਦੀ ਯਾਦ ਸਦਕਾ ਹੀ ਤੂੰ ਇਸ ਸੰਸਾਰ ਰੂਪੀ ਸਮੁੰਦਰ ਤੋਂ ਪਾਰ ਲੰਘ ਸਕੇਂਗਾ।

***ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ ॥ ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ ॥੧੧॥ ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥ ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ ॥੧੨॥ (੧੪੨੭)***

ਜੇ ਕਰ ਉਪਰ ਲਿਖੀਆਂ, ਗੁਰਬਾਣੀ ਦੀਆਂ ਸਿਖਿਆਵਾਂ, ਨੂੰ ਇਕੱਠਾ ਕਰੀਏ ਤਾਂ ਅਸੀਂ ਨਿਸਚੇ ਨਾਲ ਸਮਝ ਸਕਦੇ ਹਾਂ, ਕਿ ਸ੍ਰਿਸ਼ਟੀ ਨੂੰ ਪੈਦਾ ਕਰਨਾ ਵਾਲਾ ਅਕਾਲ ਪੁਰਖ, ਜਿਸ ਤਰ੍ਹਾਂ ਬਾਹਰ ਦਿਖਾਈ ਦਿੰਦਾ ਹੈ, ਉਸੇ ਤਰ੍ਹਾਂ ਉਹ ਇਸ ਮਨੁੱਖਾ ਸਰੀਰ ਦੇ ਅੰਦਰ ਵੀ ਹੈ। ਮਨੁੱਖਾ ਜੀਵਨ ਸਫਲ ਕਰਨ ਲਈ ਉਸ ਅਕਾਲ ਪੁਰਖ ਨੂੰ ਆਪਣੇ ਅੰਦਰੋਂ ਖੋਜਣਾ ਹੈ।

- ਕੁਦਰਤ ਨੇ ਮਨੁੱਖ ਨੂੰ ਬੁਧੀ ਦਿੱਤੀ ਹੈ, ਜੋ ਕਿ ਹੋਰ ਜਾਨਵਰਾਂ ਵਿਚ ਨਹੀਂ ਹੈ।
- ਮਨੁੱਖ ਨੇ ਬਹੁਤ ਸਾਰੀਆਂ ਬੀਮਾਰੀਆਂ ਤੇ ਇਲਾਜ ਵੀ ਲੱਭ ਲਏ, ਪਰੰਤੂ ਮਨ ਦੀਆਂ ਬੀਮਾਰੀਆਂ ਦੇ ਕਾਰਣ ਤੇ ਇਲਾਜ ਨਹੀਂ ਲੱਭ ਸਕਿਆ।
- ਜੋ ਅਕਾਲ ਪੁਰਖ ਪੂਰੀ ਸ੍ਰਿਸ਼ਟੀ ਦੇ ਅੰਦਰ ਬਾਹਰੀ ਰੂਪ ਵਿਚ ਵਿਖਾਈ ਦਿੰਦਾ ਹੈ, ਉਹੀ ਅਕਾਲ ਪੁਰਖ ਹਰੇਕ ਪਦਾਰਥ ਦੇ ਅੰਦਰ ਵੀ ਹੈ।
- ਗੁਰਬਾਣੀ ਦੁਆਰਾ ਅਕਾਲ ਪੁਰਖ ਦੇ ਗੁਣ ਗਾਉਂਣ ਸਦਕਾ ਮਨੁੱਖ ਅਕਾਲ ਪੁਰਖ ਨਾਲ ਸਦੀਵੀ ਸਬੰਧ ਕਾਇਮ ਕਰ ਲੈਂਦਾ ਹੈ।
- ਗੁਰੂ ਸਾਹਿਬ ਸਮਝਾਂਦੇ ਹਨ ਕਿ ਜਿਹੜਾ ਅਕਾਲ ਪੁਰਖ ਤੇਰੇ ਅੰਦਰ ਵੱਸ ਰਿਹਾ ਹੈ ਉਸ ਨੂੰ ਬਾਹਰ ਸਾਰੀ ਕੁਦਰਤ ਵਿਚ ਵੇਖ, ਕਿਉਂਕਿ ਉਸ ਅਕਾਲ ਪੁਰਖ ਤੋਂ ਇਲਾਵਾ ਉਸ ਵਰਗਾ ਹੋਰ ਕੋਈ ਨਹੀਂ ਹੈ।
- ਗੁਰਬਾਣੀ ਅਨੁਸਾਰ ਦਰਸਾਏ ਗਏ ਰਸਤੇ ਤੇ ਚਲ ਕੇ ਉਸ ਇੱਕ ਅਕਾਲ ਪੁਰਖ ਨੂੰ ਵੇਖਣ ਵਾਲੀ ਆਪਣੀ ਦ੍ਰਿਸ਼ਟੀ ਬਣਾ ਤੇ ਫਿਰ ਤੈਨੂੰ ਆਪਣੇ ਆਪ ਪਤਾ ਲੱਗ ਜਾਏਗਾ ਕਿ ਹਰੇਕ ਸਰੀਰ ਵਿਚ ਅਕਾਲ ਪੁਰਖ ਦੀ ਜੋਤਿ ਮੌਜੂਦ ਹੈ।
- ਭਗਤ ਪੀਪਾ ਜੀ ਨੇ ਵੀ ਆਪਣੇ ਅੰਦਰੋਂ ਖੋਜਣ ਦੀ ਸਿਖਿਆ ਦਿੱਤੀ ਹੈ, ਜਿਹੜਾ ਮਨੁੱਖ ਖੋਜ ਕਰਦਾ ਹੈ, ਉਹ ਉਸ ਅਕਾਲ ਪੁਰਖੁ ਨੂੰ ਲੱਭ ਲੈਂਦਾ ਹੈ।
- ਗੁਰੂ ਸਾਹਿਬਾਂ ਨੇ ਬੜੇ ਸਰਲ ਤਰੀਕੇ ਨਾਲ ਸਮਝਾਇਆ ਹੈ ਕਿ ਜੇਕਰ ਧਰਮ ਦੀ ਸਿਖਿਆ ਲੈਂਣਾਂ ਚਾਹੁੰਦੇ ਹਾਂ ਤਾਂ ਸਾਨੂੰ ਕਿਤੇ ਜਾਣ ਦੀ ਲੋੜ ਨਹੀਂ, ਅਸੀਂ ਆਪਣੇ ਸਰੀਰ ਕੋਲੋਂ ਹੀ ਲੈ ਸਕਦੇ ਹਾਂ।
- ਜੇਹੜਾ ਮਨੁੱਖ ਬਾਣੀ ਨੂੰ ਆਪਣੇ ਹਿਰਦੇ ਵਿਚ ਵਸਾ ਲੈਂਦਾ ਹੈ, ਉਸ ਨੂੰ ਗੁਰਬਾਣੀ ਸਦਾ ਥਿਰ ਰਹਿਣ ਵਾਲੇ ਅਕਾਲ ਪੁਰਖ ਵਿਚ ਲੀਨ ਕਰ ਦਿੰਦੀ ਹੈ।
- ਇਸ ਸਰੀਰ ਦੇ ਅੰਦਰ ਵੀ ਉਹ ਸਭ ਕੁਝ ਵੱਸ ਰਿਹਾ ਹੈ ਜੋ ਕਿ ਸਾਰੇ ਜਗਤ ਦੇ ਖੰਡਾਂ ਮੰਡਲਾਂ ਪਾਤਾਲਾਂ ਵਿਚ ਵੱਸ ਰਿਹਾ ਹੈ।

- ਸਮੁੰਦਰ ਵਿਚ ਪਾਣੀ ਦੀਆਂ ਬੂੰਦਾਂ ਮਾਜੂਦ ਹਨ ਤੇ ਪਾਣੀ ਦੀਆਂ ਬੂੰਦਾਂ ਵਿਚ ਸਮੁੰਦਰ ਵਿਆਪਕ ਹੈ। ਇਸੇ ਤਰ੍ਹਾਂ ਸਾਰੇ ਜੀਅ ਜੰਤ ਅਕਾਲ ਪੁਰਖ ਵਿਚ ਜੀ ਰਹੇ ਹਨ ਤੇ ਸਾਰੇ ਜੀਵਾਂ ਵਿਚ ਅਕਾਲ ਪੁਰਖ ਆਪ ਵਿਆਪਕ ਹੈ।
- ਜੇਹੜਾ ਮਨੁੱਖ ਗੁਰੂ ਦੇ ਦੱਸੇ ਰਾਹ ਤੇ ਚਲਦਾ ਹੈ, ਉਹ ਸਮਝ ਲੈਂਦਾ ਹੈ ਕਿ ਅਕਾਲ ਪੁਰਖ ਦੇ ਗੁਣ ਅਨਮੋਲ ਤੇ ਬੇਅੰਤ ਹਨ।
- ਜਿਨ੍ਹਾਂ ਤੱਤਾਂ ਤੋਂ ਇਹ ਸਰੀਰ ਬਣਿਆ ਹੈ, ਉਹ ਸਰੀਰ ਮੁੜ ਉਹਨਾਂ ਤੱਤਾਂ ਵਿਚ ਹੀ ਲੀਨ ਹੋ ਜਾਇਗਾ, ਇਸ ਲਈ ਇਸ ਮਨੁੱਖਾ ਸਰੀਰ ਦੇ ਝੂਠੇ ਮੋਹ ਵਿਚ ਫਸ ਕੇ ਅਕਾਲ ਪੁਰਖ ਦਾ ਚੇਤਾ ਕਿਉਂ ਭੁਲਾ ਰਿਹਾ ਹੈਂ?
- ਅਕਾਲ ਪੁਰਖ ਹਰੇਕ ਸਰੀਰ ਵਿਚ ਵੱਸ ਰਿਹਾ ਹੈ। ਇਸ ਲਈ ਤੂੰ ਉਸ ਅਕਾਲ ਪੁਰਖ ਨੂੰ ਚੇਤੇ ਕਰਿਆ ਕਰ, ਉਸ ਯਾਦ ਸਦਕਾ ਤੂੰ ਇਸ ਸੰਸਾਰ ਰੂਪੀ ਸਮੁੰਦਰ ਤੋਂ ਪਾਰ ਲੰਘ ਸਕੇਗਾ।

**"ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ"**

## ਅਕਾਲ ਪੁਰਖ ਦੇ ਨਿਰਗੁਨ ਸਰਗੁਨ ਸਰੂਪ (ਭਾਗ–੨੩)

## Manifested forms of Akal Purkh as *Nirgun and Sargun* (Part-23)

ਗੁਰਮਤਿ ਵਿਚਾਰਧਾਰਾ ਦਾ ਮੂਲ ਮਿਸ਼ਨ ਜਾਂ ਨਿਸ਼ਾਨਾਂ ਸਪੱਸ਼ਟ ਤੌਰ ਤੇ ਜਪੁ ਜੀ ਸਾਹਿਬ ਦੀ ਬਾਣੀ ਵਿਚ ਸੰਖੇਪ ਨਾਲ ਅੰਕਿਤ ਕੀਤਾ ਗਿਆ ਹੈ। ਬਾਕੀ ਦੀ ਸਾਰੀ ਵਿਸਥਾਰ ਗੁਰੂ ਗਰੰਥ ਸਾਹਿਬ ਵਿਚ ਸਮਝਾ ਦਿਤੀ ਗਈ ਹੈ। ਅਕਾਲ ਪੁਰਖ ਕਿਸ ਤਰ੍ਹਾਂ ਦਾ ਹੈ, ਤੇ ਉਸ ਨੂੰ ਕਿਸ ਤਰ੍ਹਾਂ ਪਾਉਣਾਂ ਹੈ, ਉਹ ਗੁਰੂ ਗਰੰਥ ਸਾਹਿਬ ਦੇ ਆਰੰਭ ਦੇ ਸਿਰਲੇਖ ਵਿਚ ਹੀ ਸਪੱਸ਼ਟ ਕਰ ਦਿਤਾ ਗਿਆ ਹੈ।

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ (੧)*

ੴ ਅਨੁਸਾਰ ਅਕਾਲ ਪੁਰਖ ਇਕ ਹੈ, ਜੋ ਹਰ ਥਾਂ ਇਕ ਰਸ ਵਿਆਪਕ ਹੈ। ਉਹ ਸਭ ਥਾਂ ਇਕੋ ਜਿਹਾ ਹੈ, ਕਿਤੇ ਵੱਧ ਜਾਂ ਘੱਟ ਨਹੀਂ ਹੈ। ਬਾਕੀ ਧਰਮਾਂ ਅਨੁਸਾਰ ਅਨੇਕਾਂ ਅਕਾਲ ਪੁਰਖੁ ਹੋ ਸਕਦੇ ਹਨ ਜਾਂ ਉਹ ਖਾਸ ਫਿਰਕੇ ਲਈ ਵਿਸ਼ੇਸ਼ ਤੌਰ ਤੇ ਉਨ੍ਹਾਂ ਲਈ ਹੋ ਸਕਦੇ ਹਨ। ਪਰੰਤੂ ਸਿੱਖ ਧਰਮ ਅਨੁਸਾਰ ਅਕਾਲ ਪੁਰਖੁ ਇਕ ਹੈ, ਤੇ ਉਹ ਸਭ ਦਾ ਸਾਂਝਾ ਹੈ। ਇਕ ਓਅੰਕਾਰੁ (ੴ) ਵਿਚ ਕਾਰੁ ਦੀ ਲਾਈਨ ਗੁਰੂ ਗਰੰਥ ਸਾਹਿਬ (ਅੱਜਕਲ ਦੇ ਸਰੂਪ) ਵਿਚ ਸਤਿ ਅਤੇ ਨਾਮੁ ਦੇ ਵਿਚਕਾਰ ਤਕ ਆਉਂਦੀ ਹੈ। ਪੁਰਾਤਨ ਲਿਖਤਾਂ ਵਿਚ ਤਾਂ ਕਾਰੁ ਦੀ ਲਾਈਨ ਹੋਰ ਵੀ ਲੰਮੀ ਲਿਖੀ ਹੋਈ ਮਿਲਦੀ ਹੈ। ਇਸ ਲਈ ਇਸ ਨੂੰ ਕਦੇ ਵੀ ਛੋਟਾ ਕਰਕੇ ਨਹੀਂ ਲਿਖਣਾਂ ਹੈ। ਪਰੰਤੂ ਬੜੇ ਅਫਸੋਸ ਦੀ ਗਲ ਹੈ ਕਿ ਅੱਜਕਲ ਦੇ ਬਜਾਰਾਂ ਵਿਚ ਮਿਲਣ ਵਾਲੇ ਇਕ ਓਅੰਕਾਰੁ ਦੇ ਮੋਮੈਂਟੋ (Memento) ਵਿਚ ਤਾਂ ਕਾਰ ਦੀ ਲਾਈਨ ਬਹੁਤ ਛੋਟੀ ਹੁੰਦੀ ਹੈ, ਜਾਂ ਅਲੋਪ ਹੀ ਹੋ ਗਈ ਹੈ। ਅਸੀਂ ਅਜੇਹੇ ਮਾਡਲਾਂ ਖਰੀਦ ਕੇ ਸਿੱਖੀ ਦੇ ਵਿਰੁਧ ਪਰਚਾਰ ਲਈ ਆਪ ਹੀ ਗੁਨਾਹਗਾਰ ਬਣ ਰਹੇ ਹਾਂ। ਕਾਰੁ ਦੀ ਲਾਈਨ ਅਕਾਲ ਪੁਰਖੁ ਦੀ ਇਕ ਰਸ ਵਿਆਪਕਤਾ ਦੀ ਪ੍ਰਤੀਕ ਹੈ। ਇਹ ਸਿੱਖੀ ਦੀ ਬਾਕੀ ਧਰਮਾਂ ਨਾਲੋਂ ਵਿਲੱਖਣਤਾ ਦੀ ਪਹਿਲੀ ਨਿਸ਼ਾਨੀ ਹੈ।

**ਸਤਿਨਾਮੁ** ਅਨੁਸਾਰ ਉਸ ਦਾ ਨਾਮੁ ਸਦਾ ਹੋਂਦ ਵਾਲਾ ਹੈ, ਅਕਾਲ ਪੁਰਖ ਸਦਾ ਕਾਇਮ ਰਹਿਣ ਵਾਲਾ ਹੈ। ਮਨੁੱਖਾ ਜੀਵਨ ਸੀਮਿਤ ਹੈ, ਪਦਾਰਥਾਂ ਦੀ ਹੋਂਦ ਸੀਮਿਤ ਹੈ, ਧਰਤੀ, ਸੂਰਜ ਤੇ ਤਾਰਿਆਂ ਦੀ ਹੋਂਦ ਸੀਮਿਤ ਹੈ। ਇਸ ਲਈ ਕੋਈ ਮਨੁੱਖ, ਜੀਵ, ਜੰਤੂ, ਵਸਤੂ, ਆਦਿ ਅਕਾਲ ਪੁਰਖ ਜਾਂ ਉਸ ਦੇ ਬਰਾਬਰ ਨਹੀਂ ਹੋ ਸਕਦੇ।

**ਕਰਤਾ ਪੁਰਖੁ** ਅਨੁਸਾਰ ਉਹ ਸ੍ਰਿਸ਼ਟੀ ਦਾ ਰਚਣਹਾਰ ਹੈ ਤੇ ਸਭ ਵਿਚ ਵਿਆਪਕ ਭਾਵ ਰਮਿਆ ਹੋਇਆ ਹੈ। ਸਾਡੇ ਆਸ ਪਾਸ ਦੀ ਦੁਨੀਆ ਵਿਚ ਅਸੀਂ ਬਹੁਤ ਕੁਝ ਬਣਿਆ ਹੋਇਆ ਵੇਖਦੇ ਹਾਂ। ਇਹ ਸਭ ਕੁਝ ਕਿਸੇ ਨਾ ਕਿਸੇ ਨੇ ਬਣਾਇਆ ਹੋਵੇਗਾ ਜਾਂ ਕਿਸੇ ਨਾ ਕਿਸੇ ਤਰੀਕੇ ਨਾਲ ਬਣਿਆ ਹੋਵੇਗਾ। ਦੁਨੀਆ ਦੇ ਜਿਤਨੇ ਵੀ ਪਦਾਰਥ ਜਾਂ ਜੀਵ ਹਨ, ਉਹ ਸਭ ਕਿਸੇ ਨਿਯਮ, ਅਸੂਲ, ਜਾਂ ਧਰਮ ਅਨੁਸਾਰ ਚਲ ਰਹੇ ਹਨ। ਹਰੇਕ ਕਾਰਜ ਜਾਂ ਕਾਰਜ ਕਰਨ ਵਾਲੇ ਪਿਛੇ ਕੋਈ ਨਿਯਮ ਜਰੂਰ ਹੁੰਦਾ ਹੈ। ਦੁਨੀਆ ਦੇ ਹਰੇਕ ਨਿਯਮ, ਅਸੂਲ ਅਤੇ ਧਰਮ ਵਿਚ ਉਸ ਅਕਾਲ ਪੁਰਖ ਦੀ ਹੋਂਦ ਹੈ ਤੇ ਉਸ ਵਿਚ ਵਿਆਪਕ ਹੈ। ਅਕਾਲ ਪੁਰਖ ਦੇ ਹੁਕਮੁ ਅਨੁਸਾਰ ਦੁਨੀਆ ਅਤੇ ਜੀਵ ਆਪਣੇ ਆਪ ਚਲਦੇ ਰਹਿੰਦੇ ਹਨ। ਜੀਵ ਪੈਦਾ ਹੁੰਦੇ ਹਨ, ਵੱਡੇ ਹੁੰਦੇ ਹਨ ਤੇ ਇਕ ਦਿਨ ਖਤਮ ਹੋ ਜਾਂਦੇ ਹਨ। ਹਰ ਕਾਰਜ ਪਿਛੇ ਅਕਾਲ ਪੁਰਖ ਦਾ ਹੁਕਮੁ ਚਲ ਰਿਹਾ ਹੈ। ਇਹ ਸਭ ਅਕਾਲ ਪੁਰਖ ਦੇ ਅਧੀਨ ਹਨ, ਪਰੰਤੂ ਅਕਾਲ ਪੁਰਖ ਕਿਸੇ ਦੇ ਅਧੀਨ ਨਹੀਂ ਹੈ।

ਉਹ ਅਕਾਲ ਪੁਰਖ **ਨਿਰਭਉ** ਹੈ, ਉਹ ਹਰੇਕ ਤਰ੍ਹਾਂ ਦੇ ਭੈ ਤੋਂ ਰਹਿਤ ਹੈ। ਕਿਉਂਕਿ ਜੇ ਕਰ ਕਰ ਉਹ ਆਪ ਭੈ ਵਿਚ ਹੁੰਦਾ ਤਾਂ ਕਿਸੇ ਦੇ ਅਧੀਨ ਕਾਰਜ ਕਰਦਾ। ਅਕਾਲ ਪੁਰਖ ਦੇ ਅਸੂਲ ਸਭ ਲਈ ਇਕੋ ਜਿਹੇ ਹਨ, ਕਿਉਂਕਿ ਉਹ **ਨਿਰਵੈਰੁ** ਹੈ, ਉਹ ਵੈਰ ਰਹਿਤ ਹੈ, ਉਸ ਦਾ ਕਿਸੇ ਖਾਸ ਫਿਰਕੇ ਜਾਂ ਜੀਵ ਨਾਲ ਕੋਈ ਵੈਰ ਨਹੀਂ ਹੈ, ਕੋਈ ਭੇਦ ਭਾਵ ਨਹੀਂ। ਭਾਵੇਂ ਰਾਜਾ ਹੋਵੇ ਜਾਂ ਪਰਜਾ, ਸਭ ਲਈ ਇਕੋ ਨਿਯਮ ਅਸੂਲ ਜਾਂ ਧਰਮ ਹੈ, ਜਿਸ ਅਨੁਸਾਰ ਸਾਰੀ ਸ੍ਰਿਸ਼ਟੀ ਚਲਦੀ ਹੈ। ਕਿਉਂਕਿ ਅਕਾਲ ਪੁਰਖ ਕਿਸੇ ਦੇ ਅਧੀਨ ਨਹੀਂ ਹੈ, ਤੇ ਨਾ ਹੀ ਉਸ ਨੂੰ ਕੋਈ ਹੋਰ ਪੈਦਾ ਕਰਨ ਵਾਲਾ ਹੈ, ਇਸ ਲਈ ਉਹ ਆਪ ਹੀ ਆਪਣੇ ਆਪ ਨੂੰ ਪੈਦਾ ਕਰਨ ਵਾਲਾ ਹੈ (**ਸੈਭੰ**) ਸਵੈ ਪ੍ਰਕਾਸ਼।

ਇਨ੍ਹਾਂ ਵਿਚੋਂ **"ਸਤਿ ਨਾਮੁ, ਕਰਤਾ, ਪੁਰਖੁ"** ਵਾਲੇ ਗੁਣ ਜੋ ਕਿ ਅਕਾਲ ਪੁਰਖੁ ਦੇ ਹਨ, ਉਹ ਮਨੁੱਖ ਦੇ ਨਹੀਂ ਹੋ ਸਕਦੇ ਹਨ। ਪਰ ਉਸ ਵਰਗਾ ਹੋਣ ਲਈ ਉਪਰਾਲਾ ਕੀਤਾ ਸਕਦਾ ਹੈ। **"ਨਿਰਭਉ ਨਿਰਵੈਰੁ"** ਵਾਲੇ ਗੁਣ ਜੋ ਕਿ ਅਕਾਲ ਪੁਰਖੁ ਦੇ ਹਨ, ਉਹ ਮਨੁੱਖ ਦੇ ਵੀ ਹੋ ਸਕਦੇ ਹਨ। ਇਸ ਲਈ ਮਨੁੱਖ ਨੂੰ **"ਨਿਰਭਉ ਨਿਰਵੈਰੁ"** ਹੋਣ ਦਾ ਉਪਰਾਲਾ ਕਰਨਾ ਬਹੁਤ ਜਰੂਰੀ ਹੈ। ਇਸ ਲਈ ਨਾ ਕਿਸੇ ਨੂੰ ਡਰਾਉਣਾਂ ਹੈ ਅਤੇ ਨਾ ਹੀ ਕਿਸੇ ਤੋਂ ਡਰਨਾ ਹੈ। ਇਹ ਸਿਖਿਆ ਗੁਰੂ ਤੇਗ ਬਹਾਦਰ ਸਾਹਿਬ ਨੇ ਸਪੱਸ਼ਟ ਤੌਰ ਤੇ ਗੁਰਬਾਣੀ ਵਿੱਚ ਦਿਤੀ ਹੈ।

*ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥੧੬॥ (੧੪੨੭)*

**"ਅਕਾਲ ਮੂਰਤਿ ਅਜੂਨੀ ਸੈਭੰ"** ਵਾਲੇ ਗੁਣ ਜੋ ਕਿ ਅਕਾਲ ਪੁਰਖੁ ਦੇ ਹਨ, ਉਹ ਮਨੁੱਖ ਦੇ ਨਹੀਂ ਹੋ ਸਕਦੇ ਹਨ। **ਗੁਰ ਪ੍ਰਸਾਦਿ,** ਇਹ ਕਿਰਪਾ ਅਕਾਲ ਪੁਰਖੁ ਦੇ ਹੱਥ ਵਿੱਚ ਹੈ, ਜੋ ਕਿ ਗੁਰੂ ਰਾਹੀ ਹੀ ਪ੍ਰਾਪਤ ਹੋ ਸਕਦੀ ਹੈ।

ਅਕਾਲ ਪੁਰਖ ਨੇ ਭਾਵੇਂ ਕਈ ਰੰਗਾਂ ਤੇ ਕਿਸਮਾਂ ਦੀ ਦੁਨੀਆ ਰਚ ਦਿੱਤੀ ਹੈ, ਪਰ ਉਹ ਆਪ ਨਿਰਗੁਣ ਸਰੂਪ ਵਿਚ ਇਕੋ ਇਕ ਹਸਤੀ ਹੈ, ਤੇ, ਸਰਗੁਣ ਸਰੂਪ ਵਿਚ ਉਹ ਅਨੇਕਾਂ ਰੂਪਾਂ ਵਾਲਾ ਹੈ। ਜੇਹੜੀ ਗੱਲ ਉਸ ਨੂੰ ਚੰਗੀ ਲੱਗਦੀ ਹੈ, ਉਹੀ ਗੱਲ ਜੀਵਾਂ ਦੇ ਭਲੇ ਵਾਸਤੇ ਹੁੰਦੀ ਹੈ। ਹੋ ਸਕਦਾ ਹੈ ਆਮ ਲੋਕਾਂ ਨੂੰ ਅਕਾਲ ਪੁਰਖ ਦੇ ਨਿਰਗੁਣ ਸਰੂਪ ਤੇ ਸਰਗੁਣ ਸਰੂਪ ਬਾਰੇ ਕੁਝ ਕਿੰਤੂ ਹੋਵੇ ਜਾਂ ਸ਼ੰਕਾ ਹੋਵੇ। ਪਰੰਤੂ ਸਾਇੰਸ ਅਨੁਸਾਰ ਰੌਸ਼ਨੀ (Light) ਦੇ ਦੋ ਰੂਪ ਹਨ, ਇਕ ਤਰੰਗ (ਵੇਵ) (Wave) ਤੇ ਦੂਸਰਾ ਪਦਾਰਥ (ਫੋਟੋਨ) (Photon)। ਜੇ ਅਸੀਂ ਰੌਸ਼ਨੀ ਦੇ ਦੋ ਰੂਪ ਮੰਨ ਸਕਦੇ ਹਾਂ, ਤਾਂ ਅਕਾਲ ਪੁਰਖ ਦੇ ਨਿਰਗੁਣ ਸਰੂਪ ਤੇ ਸਰਗੁਣ ਸਰੂਪ ਬਾਰੇ ਸ਼ੰਕਾ ਕਿਉਂ?

*ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ ॥ ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ ॥੨੨॥੨॥ (੭੨੬)*

ਆਈਨ ਸਟਾਈਨ ਦੀ ਥਿਉਰੀ ($E=mC^2$) ਅਨੁਸਾਰ ਊਰਜਾ ਪਦਾਰਥ ਵਿਚ ਬਦਲ ਸਕਦੀ ਹੈ, ਤੇ ਪਦਾਰਥ ਊਰਜਾ ਵਿਚ ਬਦਲ ਸਕਦਾ ਹੈ। ਨਿਊਕਲੀਅਰ ਰਿਐਕਸ਼ਨ (Nuclear Reaction) ਨਾਲ ਪਦਾਰਥ ਊਰਜਾ ਵਿਚ ਬਦਲ ਸਕਦਾ ਹੈ, ਜਿਸ ਨਾਲ ਬਹੁਤ ਸਾਰੀ ਊਰਜਾ ਪੈਦਾ ਹੁੰਦੀ ਹੈ। ਇਸ ਲਈ ਕਹਿ ਸਕਦੇ ਹਾਂ ਕਿ ਅਕਾਲ ਪੁਰਖ ਵੀ ਊਰਜਾ ਦੀ ਤਰ੍ਹਾਂ ਜਾਂ ਕੋਈ ਹੋਰ ਅਜੇਹੀ ਕਿਸਮ ਦਾ ਹੋ ਸਕਦਾ ਹੈ, ਜਿਸ ਬਾਰੇ ਅਜੇ ਕੋਈ ਪਤਾ ਨਹੀਂ ਹੈ। ਉਸ ਦੇ ਨਾ ਦਿਖਾਈ ਦੇਣ ਵਾਲੇ ਰੂਪ ਨੂੰ ਗੁਰੂ ਸਾਹਿਬਾਂ ਨੇ ਨਿਰਗੁਣ ਸਰੂਪ ਕਿਹਾ ਹੈ ਤੇ ਦਿਖਾਈ ਦੇਣ ਵਾਲੇ ਰੂਪ ਨੂੰ ਗੁਰੂ ਸਾਹਿਬਾਂ ਨੇ ਸਰਗੁਣ ਸਰੂਪ ਕਿਹਾ ਹੈ। ਇਹ ਅਕਾਲ ਪੁਰਖ ਦੀ ਰਜ਼ਾ ਹੈ ਕਿ ਉਹ ਜਿਸ ਤਰ੍ਹਾਂ ਚਾਹੇ ਨਿਰਗੁਣ ਸਰੂਪ ਵਿਚ ਜਾਂ ਸਰਗੁਣ ਸਰੂਪ ਬਦਲ ਸਕਦਾ ਹੈ। ਇਸ ਲਈ ਅਕਾਲ ਪੁਰਖ ਦਾ ਸਰੂਪ ਬਿਆਨ ਕਰਨਾ ਬਹੁਤ ਮੁਸ਼ਕਲ ਹੈ ਤੇ ਮਨੁੱਖ ਦੀ ਪਹੁੰਚ ਤੋਂ ਬਾਹਰ ਹੈ।

ਸਰਬ-ਵਿਆਪਕ ਅਕਾਲ ਪੁਰਖ ਨੇ ਜਗਤ ਦੀ ਉਤਪੱਤੀ ਕੀਤੀ ਹੈ, ਦਿਨ ਤੇ ਰਾਤ ਵੀ ਉਸੇ ਨੇ ਹੀ ਬਣਾਏ ਹਨ। ਜੰਗਲ, ਜੰਗਲ ਦਾ ਘਾਹ, ਤਿੰਨੇ ਭਵਨ, ਪਾਣੀ ਤੇ ਹੋਰ ਸਾਰੇ ਤੱਤ, ਚਾਰ ਵੇਦ, ਚਾਰ ਖਾਣੀਆਂ, ਸ੍ਰਿਸ਼ਟੀ ਦੇ ਵਖ ਵਖ ਹਿੱਸੇ, ਟਾਪੂ, ਸਾਰੇ ਲੋਕ, ਆਦਿ ਸਭ ਅਕਾਲ ਪੁਰਖ ਦੇ ਹੁਕਮੁ ਨਾਲ ਹੀ ਬਣੇ ਹਨ। ਇਸ ਲਈ ਸਿਰਜਣਹਾਰ ਅਕਾਲ ਪੁਰਖ ਨਾਲ ਡੂੰਘੀ ਸਾਂਝ ਪਾ। ਪਰ, ਇਹ ਸੂਝ ਉਦੋਂ ਮਿਲਦੀ ਹੈ, ਜਦੋਂ ਗੁਰੂ ਮਿਲ ਪਏ। ਅਸੀਂ ਗੁਰੂ ਨੂੰ ਮਿਲ ਕੇ ਆਤਮਕ ਜੀਵਨ ਦੇ ਹਨੇਰੇ ਵਿਚੋਂ ਬਾਹਰ ਨਿਕਲ ਸਕਦੇ ਹਾਂ। ਅਕਾਲ ਪੁਰਖ ਆਪਣੇ ਹੁਕਮੁ ਅਨੁਸਾਰ ਜੋ ਕੁਝ ਜੀਵ ਪਾਸੋਂ ਕਰਵਾਉਂਦਾ ਹੈ, ਉਸ ਦੇ ਅਨੁਸਾਰ ਉਸ ਦਾ ਨਾਂ ਮੂਰਖ ਜਾਂ ਗਿਆਨੀ ਪੈ ਜਾਂਦਾ ਹੈ। ਇਹ ਮਨੁੱਖਾ ਜਨਮ ਜੀਵਨ ਸਫਲ ਕਰਨ ਲਈ ਮਿਲਿਆ ਹੈ, ਤੇ ਇਹ ਸਾਡੇ ਤੇ ਨਿਰਭਰ ਕਰਦਾ ਹੈ, ਕਿ ਅਸੀਂ ਕੀ ਚੁਣਦੇ ਹਾਂ।

***ਓਅੰਕਾਰਿ ਉਤਪਾਤੀ ॥ ਕੀਆ ਦਿਨਸੁ ਸਭ ਰਾਤੀ ॥ ਵਣੁ ਤ੍ਰਿਣੁ ਤ੍ਰਿਭਵਣ ਪਾਣੀ ॥ ਚਾਰਿ ਬੇਦ ਚਾਰੇ ਖਾਣੀ ॥ ਖੰਡ ਦੀਪ ਸਭਿ ਲੋਆ ॥ ਏਕ ਕਵਾਵੈ ਤੇ ਸਭਿ ਹੋਆ ॥੧॥ ਕਰਣੈਹਾਰਾ ਬੂਝਹੁ ਰੇ ॥ ਸਤਿਗੁਰੁ ਮਿਲੈ ਤ ਸੂਝੈ ਰੇ ॥੧॥ ਰਹਾਉ ॥***

*(੧੦੦੩,੧੦੦੪)*

ਅਕਾਲ ਪੁਰਖ ਦੇ ਗੁਣ ਗਾਇਨ ਕਰਨ ਨਾਲ ਹੌਲੀ ਹੌਲੀ ਸਾਡੀ ਸੋਚ ਤੇ ਵਿਚਾਰਧਾਰਾ ਬਦਲਣ ਲਗਦੀ ਹੈ, ਜਿਹੜੀ ਸਾਡੇ ਅੰਦਰ ਉਸ ਵਰਗੇ ਗੁਣ ਪੈਦਾ ਕਰਨ ਵਿਚ ਸਹਾਈ ਹੁੰਦੀ ਹੈ, ਜਿਸ ਨਾਲ ਮਨ ਵਿਚ ਖ਼ੁਸ਼ੀਆਂ ਪੈਦਾ ਹੁੰਦੀਆਂ ਹਨ ਤੇ ਆਨੰਦ ਦੀ ਅਵਸਥਾ ਬਣਦੀ ਹੈ, ਪਰੰਤੂ ਉਨ੍ਹਾਂ ਸੁਖਾਂ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਇਹ ਬਿਲਕੁਲ ਉਸੇ ਤਰ੍ਹਾਂ ਹੈ, ਜਿਵੇਂ ਕੋਈ ਗੁੰਗਾ ਮਨੁੱਖ ਗੁੜ ਖਾ ਕੇ ਸਿਰਫ਼ ਮੁਸਕਰਾਂਦਾ ਹੈ, ਪਰੰਤੂ ਸੁਆਦ ਨਹੀਂ ਦੱਸ ਸਕਦਾ। ਜਿਸ ਮਨੁੱਖ ਦੇ ਹਿਰਦੇ ਵਿਚ ਅਕਾਲ ਪੁਰਖ ਦਾ ਪਰਕਾਸ਼ ਹੋ ਜਾਂਦਾ ਹੈ, ਉਸ ਦੀ ਆਤਮਕ ਅਵਸਥਾ ਬਿਆਨ ਨਹੀਂ ਕੀਤੀ ਜਾ ਸਕਦੀ। ਅਕਾਲ ਪੁਰਖ ਮਾਇਆ ਦੇ ਤਿੰਨ ਗੁਣਾਂ (ਸਤ ਰਜ ਤਮ) ਦੀ ਪਹੁੰਚ ਤੋਂ ਪਰੇ ਹੈ, ਅਕਾਲ ਪੁਰਖ ਦਾ ਕੋਈ ਖ਼ਾਸ ਸਰੂਪ ਦੱਸਿਆ ਨਹੀਂ ਜਾ ਸਕਦਾ, ਅਕਾਲ ਪੁਰਖ ਨਾਸ ਰਹਿਤ ਹੈ, ਉਹ ਅਤੋਲ ਹੈ, ਉਸ ਨੂੰ ਤੋਲਿਆ ਨਹੀਂ ਜਾ ਸਕਦਾ। ਜਿਸ ਮਨੁੱਖ ਨੇ ਸਦਾ ਜਵਾਨ ਰਹਿਣ ਵਾਲੇ ਅਕਾਲ ਪੁਰਖ ਨੂੰ ਆਪਣੇ ਮਨ ਵਿਚ ਵਸਾ ਲਿਆ, ਉਸ ਦੀ ਆਤਮਕ ਦਸ਼ਾ ਉਹ ਆਪ ਹੀ ਜਾਣਦਾ ਹੈ, ਤੇ ਦੂਸਰਿਆਂ ਨੂੰ ਬਿਆਨ ਨਹੀਂ ਕੀਤੀ ਜਾ ਸਕਦੀ।

*ਨਿਰਗੁਣ ਨਿਰੰਕਾਰ ਅਬਿਨਾਸੀ ਅਤੁਲੋ ਤੁਲਿਓ ਨ ਜਾਵਤ ॥ ਕਹੁ ਨਾਨਕ ਅਜਰੁ ਜਿਨਿ ਜਰਿਆ ਤਿਸੁ ਹੀ ਕਉ ਬਨਿ ਆਵਤ ॥੪॥੯॥ (੧੨੦੫)*

ਉਹ ਅਕਾਲ ਪੁਰਖ ਆਪ ਉਸ ਸਰੂਪ ਵਾਲਾ ਹੈ, ਜਿਸ ਵਿਚ ਮਾਇਆ ਦੇ ਤਿੰਨ ਗੁਣ ਨਹੀਂ ਹਨ (ਨਿਰਗੁਣੁ), ਆਪ ਹੀ ਉਸ ਸਰੂਪ ਵਾਲਾ ਹੈ ਜਿਸ ਵਿਚ ਮਾਇਆ ਦੇ ਤਿੰਨ ਗੁਣ ਮੌਜੂਦ ਹਨ (ਸਰਗੁਣੁ)। ਅਕਾਲ ਪੁਰਖ ਆਕਾਰ ਤੋਂ ਰਹਿਤ ਵੀ ਆਪ ਹੀ ਹੈ, ਤੇ ਇਹ ਦਿਸਦਾ ਆਕਾਰ ਰੂਪ ਵੀ ਆਪ ਹੀ ਹੈ। ਜੇਹੜਾ ਮਨੁੱਖ ਉਸ ਅਸਲੇ ਨੂੰ ਪਛਾਣਦਾ ਹੈ, ਉਸ ਅਸਲੇ ਨਾਲ ਸਾਂਝ ਪਾ

ਲੈਂਦਾ ਹੈ, ਉਹ ਪੰਡਿਤ ਬਣ ਜਾਂਦਾ ਹੈ। ਉਹ ਮਨੁੱਖ ਆਪ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ, ਆਪਣੀਆਂ ਸਾਰੀਆਂ ਕੁਲਾਂ ਨੂੰ ਵੀ ਪਾਰ ਲੰਘਾ ਲੈਂਦਾ ਹੈ, ਉਹ ਸਦਾ ਅਕਾਲ ਪੁਰਖ ਦੇ ਨਾਮੁ ਨੂੰ ਆਪਣੇ ਮਨ ਵਿਚ ਵਸਾਈ ਰਖਦਾ ਹੈ। ਜੇਹੜੇ ਮਨੁੱਖ ਅਕਾਲ ਪੁਰਖ ਦੇ ਨਾਮੁ ਦਾ ਰਸ ਚੱਖ ਕੇ ਆਤਮਕ ਆਨੰਦ ਮਾਣਦੇ ਹਨ, ਉਹ ਪਵਿਤਰ ਆਤਮਾ ਵਾਲੇ ਹੋ ਜਾਂਦੇ ਹਨ, ਤੇ ਉਹ ਪਵਿਤਰ ਅਕਾਲ ਪੁਰਖ ਦਾ ਨਾਮੁ ਸਦਾ ਯਾਦ ਕਰਦੇ ਰਹਿੰਦੇ ਹਨ। ਜੇਹੜਾ ਮਨੁੱਖ ਗੁਰੂ ਦੇ ਸ਼ਬਦ ਨੂੰ ਆਪਣੇ ਮਨ ਵਿਚ ਵਸਾਂਦਾ ਹੈ, ਉਹ ਦੁਨੀਆ ਵਿਚ ਆਪਣੇ ਕਾਰ ਵਿਹਾਰ ਵਾਸਨਾ ਰਹਿਤ ਹੋ ਕੇ ਕਰਦਾ ਹੈ, ਉਸ ਦੇ ਅੰਦਰ ਜਗਤ ਦਾ ਮੂਲ ਅਕਾਲ ਪੁਰਖ ਪਰਗਟ ਹੋ ਜਾਂਦਾ ਹੈ, ਉਹ ਗੁਰੂ ਦੇ ਬਖ਼ਸ਼ੇ ਗਿਆਨ ਦੀ ਸਹਾਇਤਾ ਨਾਲ ਆਪਣੇ ਅੰਦਰੋਂ ਹਉਮੈ ਦੂਰ ਕਰ ਲੈਂਦਾ ਹੈ। ਉਹ ਮਾਇਆ ਦੇ ਤਿੰਨ ਗੁਣਾਂ ਦਾ ਪ੍ਰਭਾਵ ਮਿਟਾ ਕੇ ਅਕਾਲ ਪੁਰਖ ਚਰਨਾਂ ਵਿਚ ਲੀਨ ਰਹਿੰਦਾ ਹੈ। ਅਕਾਲ ਪੁਰਖ ਆਪ ਸਭ ਜੀਵਾਂ ਨੂੰ ਪੈਦਾ ਕਰਦਾ ਹੈ, ਤੇ ਆਪ ਹੀ ਸਭ ਦੀ ਸੰਭਾਲ ਕਰਦਾ ਹੈ। ਜੇਹੜਾ ਮਨੁੱਖ ਗੁਰੂ ਦਾ ਆਸਰਾ ਲੈਂਦਾ, ਉਹ ਅਕਾਲ ਪੁਰਖ ਦੀ ਦਰਗਾਹ ਵਿਚ ਕਬੂਲ ਹੋ ਜਾਂਦਾ ਹੈ। ਉਸ ਦੇ ਹਿਰਦੇ ਵਿਚ ਅਕਾਲ ਪੁਰਖ ਦਾ ਨਾਮੁ ਵੱਸ ਜਾਂਦਾ ਹੈ, ਤੇ ਗੁਰੂ ਦੀ ਕਿਰਪਾ ਨਾਲ ਉਹ ਅਕਾਲ ਪੁਰਖ ਦਾ ਮਿਲਾਪ ਹਾਸਲ ਕਰ ਲੈਂਦਾ ਹੈ।

***ਮਾਝ ਮਹਲਾ ੩ ॥ ਨਿਰਗੁਣੁ ਸਰਗੁਣੁ ਆਪੇ ਸੋਈ ॥ ਤਤੁ ਪਛਾਣੈ ਸੋ ਪੰਡਿਤੁ ਹੋਈ ॥ ਆਪਿ ਤਰੈ ਸਗਲੇ ਕੁਲ ਤਾਰੈ ਹਰਿ ਨਾਮੁ ਮੰਨਿ ਵਸਾਵਣਿਆ ॥੧॥ (੧੨੮)***

ਸਰਬ ਵਿਆਪਕ ਅਕਾਲ ਪੁਰਖ ਆਕਾਰ ਰਹਿਤ ਵੀ ਹੈ ਤੇ ਤਿੰਨਾਂ ਗੁਣਾਂ ਵਾਲੀ ਮਾਇਆ ਦੇ ਰੂਪ (ਭਾਵ, ਜਗਤ ਰੂਪ) ਵਿਚ ਵੀ ਆਪ ਹੀ ਹੈ। ਅਕਾਲ ਪੁਰਖ ਮਾਇਆ ਦੇ ਤਿੰਨਾਂ ਗੁਣਾਂ ਤੋਂ ਪਰੇ ਵੀ ਆਪ ਹੀ ਹੈ, ਤੇ *ਸੁੰਨ* ਅਵਸਥਾ ਵਿਚ ਟਿਕਿਆ ਹੋਇਆ ਵੀ ਆਪ ਹੀ ਹੈ। ਇਹ ਸਾਰਾ ਜਗਤ ਅਕਾਲ ਪੁਰਖ ਨੇ ਆਪ ਹੀ ਰਚਿਆ ਹੈ ਤੇ ਜਗਤ ਦੇ ਜੀਵਾਂ ਵਿਚ ਬੈਠ ਕੇ ਉਹ ਆਪ ਹੀ ਆਪਣੇ ਆਪ ਨੂੰ ਯਾਦ ਕਰ ਰਿਹਾ ਹੈ।

***ਸਲੋਕੁ ॥ ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥ ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥੧॥ (੨੯੦)***

ਅਕਾਲ ਪੁਰਖ ਆਪ ਖੁਦ ਆਕਾਰ ਰਹਿਤ ਹੈ, ਤੇ ਅਕਾਲ ਪੁਰਖ ਆਪ ਹੀ ਇਸ ਜਗਤ ਦੇ ਸਾਰੇ ਆਕਾਰ ਬਣਾਂਦਾ ਹੈ। ਅਕਾਲ ਪੁਰਖ ਆਪ ਹੀ ਨਿਰੰਕਾਰ ਰੂਪ ਵਿਚ ਮਾਇਆ ਦੇ ਤਿੰਨ ਸੁਭਾਵਾਂ ਤੋਂ ਪਰੇ ਰਹਿੰਦਾ ਹੈ, ਤੇ ਜਗਤ ਰਚਨਾ ਰਚ ਕੇ ਮਾਇਆ ਦੇ ਤਿੰਨ ਗੁਣਾਂ ਵਾਲਾ ਹੋ ਜਾਂਦਾ ਹੈ, ਜਿਨ੍ਹਾਂ ਕਰਕੇ ਮੋਹ ਹੰਕਾਰ (ਰਜੋ), ਅਗਿਆਨਤਾ ਕ੍ਰੋਧ, ਤੇ ਸ਼ਾਤੀ (ਤਮੋ), ਦਯਾ ਦਾਨ ਖਿਮਾ ਪ੍ਰਸੰਨਤਾ (ਸਤੋ) ਆਦਿ ਹੁੰਦੇ ਹਨ। ਅਕਾਲ ਪੁਰਖ ਆਪਣੇ ਇਕ ਸਰੂਪ ਤੋਂ ਅਨੇਕਾਂ ਰੂਪ ਬਣਾ ਲੈਂਦਾ ਹੈ, ਪਰ ਇਹ ਅਨੇਕ ਰੂਪ ਉਸ ਤੋਂ ਵੱਖਰੇ ਨਹੀਂ ਹਨ, ਇਹ ਕਿਹਾ ਜਾ ਸਕਦਾ ਹੈ ਕਿ ਅਕਾਲ ਪੁਰਖ ਇਕ ਆਪ ਹੀ ਆਪ ਹੈ। ਅਕਾਲ ਪੁਰਖ ਸਾਰੇ ਜੀਵ ਜੰਤੂਆਂ ਨੂੰ ਆਪਣੇ ਇਕੋ ਹੁਕਮੁ ਦੇ ਧਾਗੇ ਵਿਚ ਪਰੋ ਕੇ ਰੱਖਣ ਦੀ ਸਮਰੱਥਾ ਰੱਖਦਾ ਹੈ। ਇਹ ਸਾਰਾ ਜਗਤ ਜੋ ਸਾਨੂੰ ਦਿੱਸਦਾ ਹੈ, ਉਹ ਸਭ ਅਕਾਲ ਪੁਰਖ ਨੇ ਆਪਣੇ ਅਦ੍ਰਿਸ਼ਟ ਰੂਪ ਤੋਂ ਰਚਿਆ ਹੈ, ਤੇ ਨਾਲ ਹੀ ਮਾਇਆ ਦੇ ਤਿੰਨ ਗੁਣਾਂ ਦਾ ਵੱਖ ਵੱਖ ਖਿਲਾਰਾ ਕਰ ਦਿੱਤਾ ਹੈ। ਅਕਾਲ ਪੁਰਖ ਨੇ ਅਨੇਕਾਂ ਕਿਸਮਾਂ ਦੇ ਜੀਵ ਬਣਾ ਕੇ ਇਸ ਜਗਤ ਦੀ ਉਤਪੱਤੀ ਕੀਤੀ ਹੈ, ਜਨਮ ਮਰਨ ਦਾ ਚਕਰ, ਜੀਵਾਂ ਦੇ ਮਨ ਦਾ ਮੋਹ, ਆਦਿ ਵੀ ਉਸ ਨੇ ਹੀ ਪੈਦਾ ਕੀਤਾ ਹੈ, ਪਰ ਉਹ ਆਪ ਖੁਦ ਜਨਮ ਮਰਨ ਦੇ ਚਕਰ ਤੋਂ ਪਰੇ ਹੈ।

***ਸਲੋਕੁ ॥ ਨਿਰੰਕਾਰ ਆਕਾਰ ਆਪਿ ਨਿਰਗੁਨ ਸਰਗੁਨ ਏਕ ॥ ਏਕਹਿ ਏਕ ਬਖਾਨਨੋ ਨਾਨਕ ਏਕ ਅਨੇਕ ॥੧॥ (੨੫੦)***

ਅਕਾਲ ਪੁਰਖ ਭੂਤ ਕਾਲ, ਵਰਤਮਾਨ, ਤੇ ਭਵਿੱਖ ਵਿਚ ਸਦਾ ਥਿਰ ਰਹਿਣ ਵਾਲਾ ਹੈ, ਉਹ ਸਭ ਜੀਵਾਂ ਨੂੰ ਨਾਸ ਕਰਨ ਵਾਲਾ ਹੈ, ਸਭਨਾ ਦੀ ਪਾਲਣਾ ਕਰਨ ਵਾਲਾ ਹੈ, ਤੇ ਸਭ ਵਿਚ ਵਿਆਪਕ ਹੈ। ਇਸ ਲਈ ਨਿਸ਼ਚੇ ਕਰ ਕੇ ਸਮਝ ਲਉ ਕਿ ਸਾਧ ਸੰਗਤਿ, ਭਾਵ ਸਬਦ ਗੁਰੂ ਦੀ ਸੰਗਤ ਕਰਨ ਨਾਲ ਹੀ ਉਸ ਨਾਲ ਪਿਆਰ ਪਾਇਆ ਜਾ ਸਕਦਾ ਹੈ।

***ਹੋਯੋ ਹੈ ਹੋਵੰਤੋ ਹਰਣ ਭਰਣ ਸੰਪੂਰਣਃ ॥ ਸਾਧੂ ਸਤਮ ਜਾਣੋ ਨਾਨਕ ਪ੍ਰੀਤਿ ਕਾਰਣੰ ॥੨੩॥ (੧੩੬੧)***

ਇਹ ਜਗਤ, ਮਾਨੋ ਇਕ ਬਹੁਤ ਵੱਡੇ ਰੁੱਖ ਵਰਗਾ ਖਿਲਾਰਾ ਹੈ, ਅਕਾਲ ਪੁਰਖ ਆਪ ਹੀ ਇਸ ਜਗਤ ਰੂਪੀ ਰੁੱਖ ਨੂੰ ਸਹਾਰਾ ਦੇਣ ਵਾਲਾ ਇਕ ਬਹੁਤ ਵੱਡਾ ਤਨਾ ਹੈ, ਸਾਰੇ ਜਗਤ ਦਾ ਪਸਾਰਾ ਉਸ ਰੁੱਖ ਦੀਆਂ ਸ਼ਾਖ਼ਾਂ ਦਾ ਖਿਲਾਰਾ ਹੈ। ਇਹ ਸਾਰਾ ਜਗਤ ਅਕਾਲ ਪੁਰਖ ਦੀ ਆਪਣੀ ਬੀਜੀ ਹੋਈ ਫ਼ਸਲ ਹੈ, ਤੇ ਉਹ ਆਪ ਹੀ ਇਸ ਫ਼ਸਲ ਦਾ ਰਾਖਾ ਹੈ ਤੇ ਆਪ ਹੀ ਇਸ ਨੂੰ ਵੱਢਦਾ ਹੈ। ਅਕਾਲ ਪੁਰਖ ਆਪ ਹੀ ਇਕ ਤਰ੍ਹਾਂ ਦਾ ਸੂਰਜ ਹੈ, ਤੇ ਇਹ ਸਾਰਾ ਜਗਤ, ਮਾਨੋ, ਉਸ ਦੀਆਂ ਕਿਰਨਾਂ ਦਾ ਖਿਲਾਰਾ ਹੈ। ਅਕਾਲ ਪੁਰਖ ਆਪ ਹੀ ਅਦ੍ਰਿਸ਼ਟ ਰੂਪ ਵਿਚ ਹੈ ਤੇ ਆਪ ਹੀ ਇਹ ਦਿੱਸਦਾ ਹੋਇਆ ਜਗਤ ਦਾ ਪਸਾਰਾ ਹੈ। ਆਪਣੇ ਨਿਰਗੁਣ ਤੇ ਸਰਗੁਣ ਰੂਪ ਭਾਵ ਅਦ੍ਰਿਸ਼ਟ ਤੇ ਦ੍ਰਿਸ਼ਟਮਾਨ ਰੂਪ, ਉਹ ਅਕਾਲ ਪੁਰਖ ਆਪ ਹੀ ਥਾਪਦਾ ਹੈ। ਕਹਿਣ ਨੂੰ ਅਸੀਂ ਕਹਿ ਸਕਦੇ ਹਾਂ ਕਿ ਇਨ੍ਹਾਂ ਦੋਹਾਂ ਰੂਪਾਂ ਵਿਚ ਫ਼ਰਕ ਹੈ, ਪਰੰਤੂ ਅਸਲ ਵਿਚ ਕੋਈ ਫ਼ਰਕ ਨਹੀਂ, ਇਨ੍ਹਾਂ ਦੋਹਾਂ ਰੂਪਾਂ ਨੇ ਮਿਲ ਕੇ ਇਕ ਅਕਾਲ ਪੁਰਖ ਵਿਚ ਟਿਕਾਣਾ ਬਣਾਇਆ ਹੋਇਆ ਹੈ, ਤੇ ਇਨ੍ਹਾਂ ਦੋਹਾਂ ਦਾ ਟਿਕਾਣਾ ਅਕਾਲ ਪੁਰਖ ਆਪ ਹੀ ਹੈ। ਜਿਹੜਾ ਮਨੁੱਖ ਗੁਰੂ ਦੀ ਸਹਾਇਤਾ ਨਾਲ ਆਪਣੇ ਅੰਦਰੋਂ ਮਾਇਆ ਲਈ ਭਟਕਣਾ ਤੇ ਡਰ ਦੂਰ ਕਰ ਲੈਂਦਾ ਹੈ, ਉਹ ਅਕਾਲ ਪੁਰਖ ਨੂੰ ਹਰ ਥਾਂ ਆਪਣੀਆਂ ਅੱਖਾਂ ਨਾਲ ਵੇਖ ਲੈਂਦਾ ਹੈ ਤੇ ਸਦਾ ਆਨੰਦ ਦੀ ਅਵਸਥਾ ਵਿਚ ਰਹਿੰਦਾ ਹੈ।

*ਸਰਗੁਣ ਨਿਰਗੁਣ ਥਾਪੈ ਨਾਉ ॥ ਦੁਹ ਮਿਲਿ ਏਕੈ ਕੀਨੋ ਠਾਉ ॥੩॥ (੩੮੭)*

ਦੁਨੀਆ ਦੀਆਂ ਪ੍ਰੀਤਾਂ ਵਿਚੋਂ ਸਭ ਤੋਂ ਵੱਡੀ ਪ੍ਰੀਤ ਮਨ ਨੂੰ ਮੋਹਣ ਵਾਲੇ ਅਕਾਲ ਪੁਰਖ ਦੀ ਹੈ। ਇਸ ਲਈ ਸਿਰਫ਼ ਉਸ ਅਕਾਲ ਪੁਰਖ ਦਾ ਨਾਮੁ ਜਪਿਆ ਕਰੋ, ਕਿਉਂਕਿ ਹੋਰ ਕੋਈ ਕਾਰਜ ਉਸ ਦੀ ਦਰਗਾਹ ਵਿਚ ਪਰਵਾਨ ਨਹੀਂ ਹੁੰਦਾ। ਸਬਦ ਗੁਰੂ ਦੇ ਚਰਨਾ ਵਿਚ ਜੁੜੇ ਰਹਿਣਾ ਚਾਹੀਦਾ ਹੈ, ਤਾਂ ਜੋ ਅਸੀਂ ਆਪਣੇ ਮਨ ਵਿਚੋਂ ਦਵੈਤ ਭਾਵਨਾ ਬਾਹਰ ਕੱਢ ਸਕੀਏ। ਨਿਰਲੇਪ ਅਕਾਲ ਪੁਰਖ ਨੇ ਇਹ ਸਾਰਾ ਸੰਸਾਰ ਬਣਾਇਆ ਹੈ, ਤੇ ਇਸ ਵਿਚ ਵੱਖ ਵੱਖ ਕਿਸਮ ਦੇ ਅਨੇਕਾਂ ਸਰੀਰ ਬਣਾ ਦਿੱਤੇ ਹਨ। ਹਰੇਕ ਸਰੀਰ ਕੋਠੜੀ ਵਿਚ ਮਨ ਨੂੰ ਕੋਤਵਾਲ ਬਣਾ ਦਿੱਤਾ ਹੈ, ਜਿਸ ਅਨੁਸਾਰ ਸਰੀਰ ਚਲਦਾ ਹੈ। ਪਿਆਰਾ ਅਕਾਲ ਪੁਰਖ ਹਰੇਕ ਸਰੀਰ ਰੂਪੀ ਕੋਠੜੀ ਵਿਚ ਆਪਣੇ ਮੰਦਰ ਵਿਚ ਰਹਿੰਦਾ ਹੈ, ਅਤੇ ਉੱਥੇ ਆਨੰਦ ਮਾਣਦਾ ਹੈ। ਉਸ ਅਕਾਲ ਪੁਰਖ ਨੂੰ ਨਾ ਮੌਤ ਆਉਂਦੀ ਹੈ, ਤੇ ਨਾ ਹੀ ਬੁਢਾਪਾ ਉਸ ਦੇ ਨੇੜੇ ਢੁੱਕਦਾ ਹੈ। ਜੀਵ ਅਕਾਲ ਪੁਰਖ ਦੀ ਰਚੀ ਹੋਈ ਰਚਨਾ ਵਿਚ ਹੀ ਜੁੜਿਆ ਰਹਿੰਦਾ ਹੈ, ਕਈ ਤਰੀਕਿਆਂ ਨਾਲ ਭਟਕਦਾ ਫਿਰਦਾ ਰਹਿੰਦਾ ਹੈ, ਪਰਾਏ ਧਨ ਨੂੰ, ਪਰਾਏ ਰੂਪ ਨੂੰ ਤੱਕਦਾ ਫਿਰਦਾ ਹੈ, ਤੇ ਵਿਸ਼ੇ ਵਿਕਾਰਾਂ ਵਿਚ ਘਿਰਿਆ ਰਹਿੰਦਾ ਹੈ। ਜਦੋਂ ਜੀਵ ਸਬਦ ਗੁਰੂ ਦੀ ਸੰਗਤ ਵਿਚ ਆਉਂਦਾ ਹੈ, ਤਾਂ ਅਕਾਲ ਪੁਰਖ ਦੇ ਦਰਸਨ ਕਰਦਾ ਹੈ, ਤੇ ਫਿਰ ਗੁਰੂ ਨੂੰ ਮਿਲਣ ਸਦਕਾ ਉਸ ਨੂੰ ਜਨਮ ਮਰਣ ਦੇ ਗੇੜ ਵਿਚ ਨਹੀਂ ਭਟਕਣਾ ਪੈਂਦਾ ਹੈ।

*ਨਿਰਗੁਨ ਹਰੀਆ ਸਰਗੁਨ ਧਰੀਆ ਅਨਿਕ ਕੋਠਰੀਆ ਭਿੰਨ ਭਿੰਨ ਭਿੰਨ ਭਿਨ ਕਰੀਆ ॥ ਵਿਚਿ ਮਨ ਕੋਟਵਰੀਆ ॥ ਨਿਜ ਮੰਦਰਿ ਪਿਰੀਆ ॥ ਤਹਾ ਆਨਦ ਕਰੀਆ ॥ ਨਹ ਮਰੀਆ ਨਹ ਜਰੀਆ ॥੧॥ (੭੪੬)*

ਅਕਾਲ ਪੁਰਖ ਹੀ ਹਰੇਕ ਚੀਜ਼ ਪੈਦਾ ਕਰਨ ਵਾਲਾ ਹੈ, ਤੇ ਸਭ ਵਿਚ ਵਿਆਪਕ ਹੋ ਕੇ ਉਹ ਹਰੇਕ ਚੀਜ਼ ਨੂੰ ਭੋਗਣ ਵਾਲਾ ਵੀ ਹੈ। ਅਕਾਲ ਪੁਰਖ ਹਰੇਕ ਸਰੀਰ ਵਿਚ ਵਿਆਪਕ ਹੋ ਕੇ ਖੁਦ ਆਪ ਹੀ ਸੁਣਨ ਵਾਲਾ ਹੈ, ਤੇ ਆਪ ਹੀ ਵੇਖਣ ਵਾਲਾ ਹੈ। ਜੋ ਕੁਝ ਸਾਨੂੰ ਦਿੱਸ ਰਿਹਾ ਹੈ, ਉਹ ਸਭ ਅਕਾਲ ਪੁਰਖ ਦਾ ਹੀ ਰੂਪ ਹੈ, ਤੇ ਜੋ ਜਗਤ ਸਾਨੂੰ ਨਹੀਂ ਦਿੱਸ ਰਿਹਾ ਹੈ, ਉਹ ਵੀ ਅਕਾਲ ਪੁਰਖ ਦਾ ਹੀ ਰੂਪ ਹੈ। ਸਾਰੇ ਜਗਤ ਨੂੰ ਪੈਦਾ ਕਰਨ ਵਾਲਾ ਵੀ ਅਕਾਲ ਪੁਰਖ ਆਪ ਹੀ ਹੈ, ਤੇ ਸਭ ਨੂੰ ਨਾਸ ਕਰਨ ਵਾਲਾ ਵੀ ਅਕਾਲ ਪੁਰਖ ਆਪ ਹੀ ਹੈ। ਅਕਾਲ ਪੁਰਖ ਸਭਨਾਂ ਵਿਚ ਆਪ ਹੀ ਵਿਆਪਕ ਹੈ, ਤੇ ਵਿਆਪਕ ਹੁੰਦਿਆਂ ਹੋਇਆ ਨਿਰਲੇਪ ਵੀ ਅਕਾਲ ਪੁਰਖ ਆਪ ਹੀ ਹੈ। ਅਕਾਲ ਪੁਰਖ ਆਪ ਹਰੇਕ ਵਿਚ ਬੋਲਣ ਵਾਲਾ ਹੈ, ਤੇ ਆਪ ਹੀ ਸਮਝਣ ਵਾਲਾ ਹੈ। ਅਕਾਲ ਪੁਰਖ ਆਪ ਹੀ ਜਗਤ ਵਿਚ ਆਉਂਦਾ ਹੈ, ਤੇ ਇਥੋਂ ਜਾਣ ਵਾਲਾ ਵੀ ਉਹ ਅਕਾਲ ਪੁਰਖ ਆਪ ਹੀ ਹੈ। ਅਕਾਲ ਪੁਰਖ ਮਾਇਆ ਦੇ ਤਿੰਨ ਗੁਣਾਂ ਤੋਂ ਪਰੇ ਵੀ ਹੈ, ਤੇ ਤਿੰਨ ਗੁਣਾਂ ਸਮੇਤ ਵੀ ਹੈ, ਪਰੰਤੂ ਅਕਾਲ ਪੁਰਖ ਨੂੰ ਸਭਨਾਂ ਵਿਚ ਵੇਖਣ ਦੀ ਸੂਝ ਸਬਦ ਗੁਰੂ ਦੀ ਕਿਰਪਾ ਨਾਲ ਹੀ ਪ੍ਰਾਪਤ ਹੁੰਦੀ ਹੈ।

ਰਾਗੁ ਗੋਂਡ ਮਹਲਾ ੫ ਚਉਪਦੇ ਘਰੁ ੧ ॥ ੴ ਸਤਿਗੁਰ ਪ੍ਰਸਾਦਿ **॥ ਸਭੁ ਕਰਤਾ ਸਭੁ ਭੁਗਤਾ ॥੧॥ ਰਹਾਉ** ॥ ਸੁਨਤੋ ਕਰਤਾ ਪੇਖਤ ਕਰਤਾ ॥ ਅਦ੍ਰਿਸਟੋ ਕਰਤਾ ਦ੍ਰਿਸਟੋ ਕਰਤਾ ॥ ਓਪਤਿ ਕਰਤਾ ਪਰਲਉ ਕਰਤਾ ॥ ਬਿਆਪਤ ਕਰਤਾ ਅਲਿਪਤੋ ਕਰਤਾ ॥੧॥ ਬਕਤੋ ਕਰਤਾ ਬੂਝਤ ਕਰਤਾ ॥ ਆਵਤੁ ਕਰਤਾ ਜਾਤੁ ਭੀ ਕਰਤਾ ॥ **ਨਿਰਗੁਨ ਕਰਤਾ ਸਰਗੁਨ ਕਰਤਾ ॥ ਗੁਰ ਪ੍ਰਸਾਦਿ ਨਾਨਕ ਸਮਦ੍ਰਿਸਟਾ** ॥੨॥੧॥ (੮੬੨)

ਜੇ ਕਰ ਉਪਰ ਲਿਖੀਆਂ, ਗੁਰਬਾਣੀ ਦੀਆਂ ਸਿਖਿਆਵਾਂ, ਨੂੰ ਇਕੱਠਾ ਕਰੀਏ ਤਾਂ ਅਸੀਂ ਨਿਸਚੇ ਨਾਲ ਸਮਝ ਸਕਦੇ ਹਾਂ, ਕਿ ਅਕਾਲ ਪੁਰਖ ਦਾ **ਨਿਰਗੁਨ** ਰੂਪ ਸਾਨੂੰ ਵਿਖਾਈ ਨਹੀਂ ਦਿੰਦਾ ਹੈ, ਤੇ **ਸਰਗੁਨ** ਰੂਪ ਨੂੰ ਅਸੀਂ ਵੇਖ ਸਕਦੇ ਹਾਂ। ਅਕਾਲ ਪੁਰਖ ਹਰੇਕ ਚੀਜ਼ ਪੈਦਾ ਕਰਨ ਵਾਲਾ ਹੈ, ਸਭ ਵਿਚ ਵਿਆਪਕ ਹੈ, ਤੇ ਵਿਆਪਕ ਹੁੰਦਿਆਂ ਹੋਇਆ ਨਿਰਲੇਪ ਵੀ ਆਪ ਹੀ ਹੈ।

- ਅਕਾਲ ਪੁਰਖ ਕਿਸ ਤਰ੍ਹਾਂ ਦਾ ਹੈ, ਤੇ ਉਸ ਨੂੰ ਕਿਸ ਤਰ੍ਹਾਂ ਪਾਉਣਾਂ ਹੈ, ਉਹ ਗੁਰੂ ਗਰੰਥ ਸਾਹਿਬ ਦੇ ਆਰੰਭ ਵਿਚ ਸਪੱਸ਼ਟ ਤੌਰ ਤੇ ਜਪੁ ਜੀ ਸਾਹਿਬ ਦੀ ਬਾਣੀ ਵਿਚ ਸਮਝਾ ਦਿਤਾ ਗਿਆ ਹੈ।
- **ਕਾਰੁ ਦੀ ਲਾਈਨ ਅਕਾਲ ਪੁਰਖੁ ਦੀ ਇਕ ਰਸ ਵਿਆਪਕਤਾ ਦੀ ਪ੍ਰਤੀਕ ਹੈ। ਇਹ ਸਿੱਖੀ ਦੀ ਬਾਕੀ ਧਰਮਾਂ ਨਾਲੋਂ ਵਿਲੱਖਣਤਾ ਦੀ ਪਹਿਲੀ ਨਿਸ਼ਾਨੀ ਹੈ।**
- ਅਕਾਲ ਪੁਰਖ ਕਿਸੇ ਦੇ ਅਧੀਨ ਨਹੀਂ ਹੈ, ਤੇ ਨਾ ਹੀ ਉਸ ਨੂੰ ਕੋਈ ਹੋਰ ਪੈਦਾ ਕਰਨ ਵਾਲਾ ਹੈ, ਇਸ ਲਈ ਉਹ ਆਪ ਹੀ ਆਪਣੇ ਆਪ ਨੂੰ ਪੈਦਾ ਕਰਨ ਵਾਲਾ ਹੈ।
- ਅਕਾਲ ਪੁਰਖ ਨੇ ਭਾਵੇਂ ਕਈ ਰੰਗਾਂ ਤੇ ਕਿਸਮਾਂ ਦੀ ਦੁਨੀਆ ਰਚ ਦਿੱਤੀ ਹੈ, ਪਰ ਉਹ ਆਪ ਨਿਰਗੁਣ ਸਰੂਪ ਵਿਚ ਇਕੋ ਇਕ ਹਸਤੀ ਹੈ, ਤੇ, ਆਪ ਹੀ ਸਰਗੁਣ ਸਰੂਪ ਵਿਚ ਉਹ ਅਨੇਕਾਂ ਰੂਪਾਂ ਵਾਲਾ ਹੈ।
- ਇਹ ਅਕਾਲ ਪੁਰਖ ਦੀ ਰਜ਼ਾ ਹੈ ਕਿ ਉਹ ਜਿਸ ਤਰ੍ਹਾਂ ਚਾਹੇ ਨਿਰਗੁਣ ਸਰੂਪ ਵਿਚ ਜਾਂ ਸਰਗੁਣ ਸਰੂਪ ਬਦਲ ਸਕਦਾ ਹੈ। ਇਸ ਲਈ ਅਕਾਲ ਪੁਰਖ ਦਾ ਸਰੂਪ ਬਿਆਨ ਕਰਨਾ ਬਹੁਤ ਮੁਸ਼ਕਲ ਹੈ ਤੇ ਮਨੁੱਖ ਦੀ ਪਹੁੰਚ ਤੋਂ ਬਾਹਰ ਹੈ।

- ਅਕਾਲ ਪੁਰਖ ਮਾਇਆ ਦੇ ਤਿੰਨ ਗੁਣਾਂ ਦੀ ਪਹੁੰਚ ਤੋਂ ਪਰੇ ਹੈ, ਅਕਾਲ ਪੁਰਖ ਦਾ ਕੋਈ ਖ਼ਾਸ ਸਰੂਪ ਦੱਸਿਆ ਨਹੀਂ ਜਾ ਸਕਦਾ, ਅਕਾਲ ਪੁਰਖ ਨਾਸ ਰਹਿਤ ਹੈ, ਉਹ ਅਤੋਲ ਹੈ, ਉਸ ਨੂੰ ਤੋਲਿਆ ਨਹੀਂ ਜਾ ਸਕਦਾ।
- ਜੇਹੜੇ ਮਨੁੱਖ ਅਕਾਲ ਪੁਰਖ ਦੇ ਨਾਮੁ ਦਾ ਰਸ ਚੱਖ ਕੇ ਆਤਮਕ ਆਨੰਦ ਮਾਣਦੇ ਹਨ, ਉਹ ਪਵਿਤਰ ਆਤਮਾ ਵਾਲੇ ਹੋ ਜਾਂਦੇ ਹਨ, ਤੇ ਉਹ ਪਵਿਤਰ ਅਕਾਲ ਪੁਰਖ ਦਾ ਨਾਮੁ ਸਦਾ ਯਾਦ ਕਰਦੇ ਰਹਿੰਦੇ ਹਨ।
- ਅਕਾਲ ਪੁਰਖ ਮਾਇਆ ਦੇ ਤਿੰਨਾਂ ਗੁਣਾਂ ਤੋਂ ਪਰੇ ਵੀ ਆਪ ਹੀ ਹੈ, ਤੇ ਸੁੰਨ ਅਵਸਥਾ ਵਿਚ ਟਿਕਿਆ ਹੋਇਆ ਵੀ ਆਪ ਹੀ ਹੈ।
- ਅਕਾਲ ਪੁਰਖ ਆਪਣੇ ਇਕ ਸਰੂਪ ਤੋਂ ਅਨੇਕਾਂ ਰੂਪ ਬਣਾ ਲੈਂਦਾ ਹੈ, ਪਰ ਇਹ ਅਨੇਕ ਰੂਪ ਉਸ ਤੋਂ ਵੱਖਰੇ ਨਹੀਂ ਹਨ।
- ਜਿਹੜਾ ਮਨੁੱਖ ਗੁਰੂ ਦੀ ਸਹਾਇਤਾ ਨਾਲ ਆਪਣੇ ਅੰਦਰੋਂ ਮਾਇਆ ਲਈ ਭਟਕਣਾ ਤੇ ਡਰ ਦੂਰ ਕਰ ਲੈਂਦਾ ਹੈ, ਉਹ ਅਕਾਲ ਪੁਰਖ ਨੂੰ ਹਰ ਥਾਂ ਆਪਣੀਆਂ ਅੱਖਾਂ ਨਾਲ ਵੇਖ ਲੈਂਦਾ ਹੈ ਤੇ ਸਦਾ ਆਨੰਦ ਦੀ ਅਵਸਥਾ ਵਿਚ ਰਹਿੰਦਾ ਹੈ।
- ਜਦੋਂ ਜੀਵ ਸਬਦ ਗੁਰੂ ਦੀ ਸੰਗਤਿ ਵਿਚ ਆਉਂਦਾ ਹੈ, ਤਾਂ ਗੁਰੂ ਨੂੰ ਮਿਲਣ ਸਦਕਾ ਉਸ ਨੂੰ ਜਨਮ ਮਰਣ ਦੇ ਗੇੜ ਵਿਚ ਭਟਕਣਾ ਨਹੀਂ ਪੈਂਦਾ ਹੈ।
- ਅਕਾਲ ਪੁਰਖ ਮਾਇਆ ਦੇ ਤਿੰਨ ਗੁਣਾਂ ਤੋਂ ਪਰੇ ਵੀ ਹੈ, ਤੇ ਤਿੰਨ ਗੁਣਾਂ ਸਮੇਤ ਵੀ ਹੈ, ਪਰੰਤੂ ਅਕਾਲ ਪੁਰਖ ਨੂੰ ਸਭਨਾਂ ਵਿਚ ਵੇਖਣ ਦੀ ਸੂਝ ਸਬਦ ਗੁਰੂ ਦੀ ਕਿਰਪਾ ਨਾਲ ਹੀ ਪ੍ਰਾਪਤ ਹੁੰਦੀ ਹੈ।

ਇਸ ਲਈ ਆਓ ਸਾਰੇ ਜਾਣੇ ਗੁਰਬਾਣੀ ਦੁਆਰਾ ਸੂਝ ਪ੍ਰਾਪਤ ਕਰਕੇ ਅਕਾਲ ਪੁਰਖ ਦੇ ਨਿਰਗੁਨ ਤੇ ਸਰਗੁਨ ਰੂਪ ਨੂੰ ਸਮਝੀਏ ਤੇ ਅਕਾਲ ਪੁਰਖ ਨੂੰ ਸਭਨਾਂ ਵਿਚ ਵਿਆਪਕ ਵੇਖੀਏ ਤਾਂ ਜੋ ਪੂਰੀ ਦੁਨੀਆ ਵਿਚ ਸ਼ਾਂਤੀ ਤੇ ਆਪਸੀ ਪ੍ਰੇਮ ਪੈਦਾ ਹੋ ਸਕੇ।

**"ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ"**

ਤਤਕਰਾ

# ਸਿੱਖ ਧਰਮ ਵਿਚ ਕੇਸਾਂ ਦੀ ਮਹੱਤਤਾ (ਭਾਗ–੨੪)

# Importance of hair in Sikhism (Part-24)

ਮੋਰ ਦੇ ਖੰਭ ਉਤਾਰ ਦਿਉ, ਸ਼ੇਰ ਦੇ ਵਾਲ ਉਤਾਰ ਦਿਉ, ਭੇਡ ਦੀ ਉੱਨ ਉਤਾਰ ਦਿਉ, ਤਾਂ ਇਹ ਕਿਸ ਤਰ੍ਹਾਂ ਦੇ ਲਗਦੇ ਹਨ, ਇਹ ਆਪ ਹੀ ਸਮਝ ਸਕਦੇ ਹੋ। ਇਸੇ ਤਰ੍ਹਾਂ ਜੇ ਕਰ ਮਨੁੱਖ ਦੇ ਵਾਲ ਉਤਾਰ ਦਿਤੇ ਜਾਣ ਤਾਂ ਉਹ ਮਨੁੱਖ ਵੀ ਅਕਾਲ ਪੁਰਖੁ ਦੀ ਨਜ਼ਰ ਵਿਚ ਕਿਸ ਤਰ੍ਹਾ ਦਾ ਲੱਗੇਗਾ, ਇਸ ਨਿਯਮ ਅਨੁਸਾਰ ਅਸੀਂ ਆਸਾਨੀ ਨਾਲ ਸਮਝ ਸਕਦੇ ਹਾਂ। ਅਕਾਲ ਪੁਰਖੁ ਦੀ ਬਣਾਈ ਹੋਈ ਕੁਦਰਤ ਤੇ ਇਹ ਸਾਰੀ ਰਚਨਾ ਬਹੁਤ ਸੁੰਦਰ ਹੈ, ਜਿਸ ਦਾ ਕੋਈ ਵੀ ਜੀਵ ਮੁਕਾਬਲਾ ਨਹੀਂ ਕਰ ਸਕਦਾ। ਜਿਹੜੀ ਚੀਜ ਅਕਾਲ ਪੁਰਖੁ ਦੀ ਬਣਾਈ ਹੋਈ ਬਣਤਰ ਅਨੁਸਾਰ ਨਹੀਂ ਹੈ, ਉਸ ਵਿਚ ਕੋਈ ਨਾ ਕੋਈ ਖਾਮੀ ਜਰੂਰ ਰਹਿ ਜਾਂਦੀ ਹੈ। ਅੱਜਕਲ ਬਹੁਤ ਤਰ੍ਹਾਂ ਦੇ ਨਕਲੀ ਦਿਲ, ਗੁਰਦੇ (Kidney), ਲੱਤਾਂ, ਤੇ ਹੋਰ ਕਈ ਤਰ੍ਹਾਂ ਦੇ ਅੰਗ ਬਣ ਰਹੇ ਹਨ, ਪਰੰਤੂ ਉਹ ਅਕਾਲ ਪੁਰਖੁ ਦੇ ਬਣਾਇਆ ਹੋਇਆਂ ਅੰਗਾਂ ਦੇ ਮੁਕਾਬਲੇ ਕੁਝ ਵੀ ਨਹੀਂ। ਕਈ ਮੁਸ਼ਕਲਾਂ ਤੇ ਖਾਮੀਆਂ ਨਾਲ ਉਸ ਅਨੁਸਾਰ ਮਨੁੱਖ ਨੂੰ ਢਾਲਣਾ ਪੈਂਦਾ ਹੈ, ਪਰੰਤੂ ਅਕਾਲ ਪੁਰਖੁ ਦੇ ਬਣਾਏ ਗਏ ਅੰਗਾਂ ਵਰਗੀ ਪੂਰਨਤਾ ਕਦੇ ਵੀ ਨਹੀਂ ਮਿਲਦੀ। ਦੰਦ ਮਨੁੱਖ ਦੇ ਚੇਹਰੇ ਦਾ ਸ਼ਿੰਗਾਰ ਹਨ, ਜੇ ਕਰ ਦੰਦ ਨਿਕਲ ਜਾਣ ਤਾਂ ਚਿਹਰਾ ਹੋਰ ਤਰ੍ਹਾਂ ਦਾ ਲਗਦਾ ਹੈ, ਮਨੁੱਖ ਨੂੰ ਆਪਣੇ ਆਪ ਨਾਲ ਘਿਰਣਾਂ ਮਹਿਸੂਸ ਹੁੰਦੀ ਹੋਵੇਗੀ। ਦੰਦ ਆਪਣੀ ਜਗਾਹ ਤੇ ਹੀ ਸ਼ੋਭਾ ਦੇ ਯੋਗ ਹੁੰਦੇ ਹਨ। ਇਸੇ ਤਰ੍ਹਾਂ ਕੇਸ ਵੀ ਮਨੁੱਖ ਦੀ ਸੁੰਦਰਤਾ ਦਾ ਨਿਸ਼ਾਨ ਹਨ। ਕੇਸਾਂ ਦੀ ਸ਼ੋਭਾ ਵੀ ਉਤਨੀ ਦੇਰ ਤਕ ਹੈ, ਜਿਤਨੀ ਦੇਰ ਤਕ ਆਪਣੀ ਜਗਾਹ ਤੇ ਹਨ। ਜਿਸ ਤਰ੍ਹਾਂ ਇਕ ਕੱਟੇ ਵਾਲਾਂ ਵਾਲੇ ਸ਼ੇਰ, ਕੁੱਤਾ, ਭੇਡ, ਆਦਿ ਭੱਦੇ ਲਗਦੇ ਹਨ, ਠੀਕ ਉਸੇ ਤਰ੍ਹਾਂ ਇਕ ਕੱਟੇ ਵਾਲਾਂ ਵਾਲੇ ਮਨੁੱਖ ਵੀ ਅਕਾਲ ਪੁਰਖੁ ਦੇ ਬਣਾਏ ਗਏ ਅਸੂਲ ਅਨੁਸਾਰ ਅਜੀਬ ਲਗਦੇ ਹਨ। ਅਸੀਂ ਹੁਣ ਦੇ ਫੈਸ਼ਨ ਮੁਤਾਬਿਕ ਆਪਣੇ ਆਪ ਨੂੰ ਕਿਸੇ ਤਰ੍ਹਾਂ ਵੀ ਠੀਕ ਕਹਿਣ ਦੀ ਕੋਸ਼ਿਸ਼ ਕਰੀਏ। ਪਰੰਤੂ ਹਕੀਕਤ ਤਾਂ ਇਹ ਹੈ ਕਿ ਹਰ ਧਰਮ ਜਾਂ ਮਜਹਬ ਦੇ ਪੈਗੰਬਰ ਕੇਸਾਧਾਰੀ ਸਨ। ਪੁਰਾਤਨ ਸਮਿਆਂ ਵਿਚ ਜੇਕਰ ਕਿਸੇ ਨੂੰ ਸਜ਼ਾ ਦੇਣੀ ਹੁੰਦੀ ਸੀ ਤਾਂ ਉਸ ਦੇ ਕੇਸ ਕਤਲ ਕਰ ਦਿਤੇ ਜਾਂਦੇ ਸਨ। ਅੱਜ ਕੱਲ ਤਾਂ ਲੋਕ ਫੈਸ਼ਨ ਦੀ ਆੜ ਵਿਚ ਆ ਕੇ ਆਪਣੇ ਆਪ ਨੂੰ ਖੁਦ ਹੀ ਸਜ਼ਾ ਦੇ ਰਹੇ ਹਨ। ਨਾਈ ਦੀ ਬਣਾਈ ਹੋਈ ਸੂਰਤ, ਅਕਾਲ ਪੁਰਖੁ ਦੀ ਬਣਾਈ ਹੋਈ ਸੂਰਤ ਨਾਲੋਂ ਕਦੇ ਵੀ ਬੇਹਤਰ ਨਹੀਂ ਹੋ ਸਕਦੀ।

ਜਿਸ ਚੀਜ ਦਾ ਪਰਚਾਰ ਬਹੁਤ ਜਿਆਦਾ ਹੋਵੇ, ਉਹ ਭਾਂਵੇਂ ਘਟੀਆ ਜਾਂ ਨੁਕਸਾਨ ਕਰਨ ਵਾਲੀ ਹੋਵੇ ਤਾਂ ਵੀ ਬਹੁਤ ਵਿਕ ਜਾਂਦੀ ਹੈ, ਜਿਸ ਤਰ੍ਹਾਂ ਕਿ ਕੋਲਡ ਡਰਿੰਕ (Cold drink) ਬਿਨਾਂ ਕਿਸੇ ਲਾਭ ਦੇ ਭਾਰੀ ਗਿਣਤੀ ਵਿਚ ਵਿਕਦੀ ਹੈ। ਦੁਧ ਬਹੁਤ ਲਾਭਦਾਇਕ ਹੈ, ਪਰ ਪਰਚਾਰ ਨਹੀਂ, ਇਸ ਲਈ ਅੱਜਕਲ ਕੋਈ ਵਿਰਲਾ ਹੀ ਪੀਂਦਾ ਹੈ। ਇਹੀ ਹਾਲ ਕੇਸਾਂ ਬਾਰੇ ਹੈ। ਕੋਈ ਸਮਾਂ ਸੀ ਜਦੋਂ ਕੇਸ ਕੱਟਣਾ ਸਜਾਏ ਮੌਤ ਤੋਂ ਵੱਧ ਗਿਣਿਆ ਜਾਂਦਾ ਸੀ। ਪੁਰਾਤਨ ਸਮੇਂ ਵਿਚ ਜਿਆਦਾ ਤਰ ਲੋਕ ਕੇਸ ਰੱਖਦੇ ਸਨ, ਪਰੰਤੂ ਅੱਜਕਲ ਕੇਸ ਕੱਟਣਾ ਫੈਸ਼ਨ ਹੋ ਗਿਆ ਹੈ। ਅੱਜ ਦੀ ਦੁਨੀਆ ਵਿਚ ਕੇਸ ਕੱਟਣ ਵਾਲਿਆਂ ਦੀ ਗਿਣਤੀ ਬਹੁਤ ਜਿਆਦਾ ਹੈ, ਇਸੇ ਲਈ ਅੱਜਕਲ ਕੇਸ ਕੱਟਣਾ ਸਵੀਕਾਰਿਆ ਜਾਂਦਾ ਹੈ। ਗੁਰੂ ਸਾਹਿਬਾਂ ਨੇ ਸਿੱਖ ਨੂੰ ਦੁਨੀਆ ਅਨੁਸਾਰ ਤੇ ਵੱਧ ਗਿਣਤੀ ਦੀਆਂ ਵੋਟਾਂ ਅਨੁਸਾਰ ਚਲਣ ਲਈ ਨਹੀਂ ਕਿਹਾ ਹੈ, ਬਲਕਿ ਸੱਚ ਦੇ ਮਾਰਗ ਅਤੇ ਅਕਾਲ ਪੁਰਖੁ ਦੇ ਹੁਕਮੁ[{ਹ੨੫}{E05}] ਤੇ ਰਜਾ ਅਨੁਸਾਰ ਚਲਣਾ ਸਿਖਾਇਆ ਹੈ।

*ਕਬੀਰ ਦੀਨੁ ਗਵਾਇਆ ਦੁਨੀ ਸਿਉ ਦੁਨੀ ਨ ਚਾਲੀ ਸਾਥਿ ॥ ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥਿ ॥੧੩॥ (੧੩੬੫)*

ਕੇਸ ਮਨੁੱਖ ਨੂੰ ਕੁਦਰਤ ਦੀ ਦਿਤੀ ਹੋਈ ਦਾਤ ਹਨ, ਸੁੰਦਰਤਾ ਦੀ ਨਿਸ਼ਾਨੀ ਹਨ। ਕੇਸ ਗੁਰੂ ਦੀ ਮੋਹਰ ਹਨ, ਅਕਾਲ ਪੁਰਖੁ ਦੇ ਹੁਕਮੁ ਤੇ ਰਜਾ ਅਨੁਸਾਰ ਚਲਣਾ ਸਿਖਣ ਲਈ ਗੁਰੂ ਸਾਹਿਬਾਂ ਦੀ ਦਿਤੀ ਹੋਈ ਬਖਸ਼ਸ਼ ਹਨ। ਜੇ ਕਾਗਜ਼ ਤੇ ਮੋਹਰ ਲੱਗੀ ਹੈ ਤਾਂ ਉਹ ਪਰਵਾਨ ਹੈ, ਨਹੀਂ ਤਾਂ ਉਸ ਦੀ ਕੋਈ ਕੀਮਤ ਨਹੀਂ। ਇਸੇ ਤਰ੍ਹਾਂ ਜੇ ਕਰ ਸਿੱਖ ਤੇ ਗੁਰੂ ਦੀ ਮੋਹਰ (ਕੇਸ) ਹਨ, ਤਾਂ ਹੀ ਉਹ ਗੁਰੂ ਦੇ ਦਰ ਤੇ ਸੁੰਦਰ ਲਗਦਾ ਹੈ। ਕੇਸ ਸਾਨੂੰ ਸਰੀਰਕ ਤਲ ਤੇ ਅਕਾਲ ਪੁਰਖੁ ਦੀ ਰਜ਼ਾ ਵਿਚ ਰਹਿਣਾ ਸਿਖਾਉਂਦੇ ਹਨ। ਜਿਹੜਾ ਮਨੁੱਖ ਸਰੀਰਕ ਤਲ ਤੇ ਹੁਕਮੁ ਅਤੇ ਰਜਾ ਅਨੁਸਾਰ ਨਹੀਂ ਚਲ ਸਕਦਾ, ਉਹ ਆਤਮਿਕ ਤਲ ਤੇ ਹੁਕਮੁ ਅਤੇ ਰਜਾ ਅਨੁਸਾਰ ਕਿਸ ਤਰ੍ਹਾਂ ਚਲ ਸਕੇਗਾ।

ਗੁਰੂ ਨਾਨਕ ਸਾਹਿਬ ਨੇ ਤਾਂ ਜਪੁਜੀ ਸਾਹਿਬ ਦੀ ਪਹਿਲੀ ਪੌੜੀ ਵਿੱਚ ਹੀ ਸਮਝਾ ਦਿੱਤਾ ਹੈ ਕਿ ਜੇ ਕਰ ਅਕਾਲ ਪੁਰਖੁ ਨੂੰ ਪਾਉਣਾਂ ਹੈ ਤਾਂ ਅਕਾਲ ਪੁਰਖੁ ਦੇ ਹੁਕਮੁ ਤੇ ਉਸ ਦੀ ਰਜ਼ਾ ਅਨੁਸਾਰ ਚਲਣਾ ਪਵੇਗਾ, ਜੋ ਕਿ ਧੁਰ ਤੋਂ ਹੀ ਜੀਵ ਦੇ ਨਾਲ ਲਿਖਿਆ ਹੋਇਆ ਹੈ।

*ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥ ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥ (੧)*

ਹੁਕਮੁ ਕੀ ਹੈ, ਇਸ ਦਾ ਵਿਸਥਾਰ ਜਪੁਜੀ ਸਾਹਿਬ ਦੀ ਦੂਸਰੀ ਪੌੜੀ ਵਿੱਚ ਮਿਲ ਜਾਂਦਾ ਹੈ। ਅਕਾਲ ਪੁਰਖੁ ਦੇ ਹੁਕਮੁ ਅਨੁਸਾਰ ਸਾਰੇ ਆਕਾਰ ਭਾਵ ਸਾਰੇ ਖੰਡ, ਬ੍ਰਹਿਮੰਡ, ਮਿੱਟੀ, ਪਾਣੀ, ਹਵਾ, ਖਣਿਜ, ਪਦਾਰਥ, ਆਦਿ ਸਭ ਕੁਝ ਬਣਦੇ ਹਨ, ਪਰ ਇਹ ਹੁਕਮੁ ਦੱਸਿਆ ਨਹੀਂ ਜਾ ਸਕਦਾ ਕਿ ਕਿਹੋ ਜਿਹਾ ਹੈ ਜਿਸ ਨਾਲ ਸਭ ਕੁਝ ਬਣਦੇ ਹਨ। "*ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥*" (੧) ਗੁਰੂ ਸਾਹਿਬ ਨੇ ਕਈ ਸਾਲ ਪਹਿਲਾਂ ਹੀ ਬਹੁਤ ਕੁਝ ਸਪੱਸ਼ਟ ਕਰ ਦਿਤਾ, ਜੋ ਕਿ ਸਾਇੰਸ ਨਾਲ ਕੁਝ ਹੱਦ ਤੱਕ, ਹੁਣ ਸਮਝ ਆਉਣਾ ਆਰੰਭ ਹੋਇਆ ਹੈ। ਸਾਇੰਸ ਅਨੁਸਾਰ ਅਸੀਂ ਕਹਿ ਸਕਦੇ ਹਾਂ ਕਿ ਹਰੇਕ ਚੀਜ਼ ਕੁਝ ਤੱਤਾਂ ਦੇ ਜੋੜ ਨਾਲ ਬਣੀ ਹੈ। ਇਹ ਤੱਤ ਇਲੈਕਟਰਾਨ, ਪਰੋਟਾਨ ਜਾਂ ਨਿਊਟਰਾਨ ਦੇ ਬਣੇ ਹਨ ਜਾਂ ਇਹ ਅੱਗੋਂ ਕੁਝ ਹੋਰ ਮੁੱਢਲੇ ਪਾਰਟੀਕਲਜ਼ ਦੇ ਬਣੇ ਹਨ। ਪਰ ਇਹ ਮੁੱਢਲੇ ਪਾਰਟੀਕਲਜ਼ ਅੱਗੇ ਕਿਸ ਦੇ ਬਣੇ ਹਨ ਅਤੇ ਕਿਸ ਤਰ੍ਹਾਂ ਬਣੇ ਹਨ, ਉਹ ਸਾਇੰਸ ਵੀ ਨਹੀਂ ਦੱਸ ਸਕਦੀ ਹੈ। ਸਾਇੰਸ ਦੀ ਹਰੇਕ ਥਿਊਰੀ ਸਾਡੀਆਂ ਗਿਆਨ ਇੰਦਰੀਆਂ ਤੇ ਉਨ੍ਹਾਂ ਦੀ ਸਹਾਇਤਾ ਨਾਲ ਬਣਾਏ ਗਏ ਯੰਤਰਾਂ ਤੇ ਨਿਰਭਰ ਕਰਦੀ ਹੈ, ਪਰ ਇਨ੍ਹਾਂ ਦੀ ਪਹੁੰਚ ਬਹੁਤ ਸੀਮਿਤ ਹੈ। ਗੁਰੂ ਸਾਹਿਬ ਸਾਇੰਸ ਤੋਂ ਵੀ ਅੱਗੇ ਦੀ ਗੱਲ ਕਰ ਰਹੇ ਹਨ, ਕਿ ਇਸ ਬਣਤਰ ਦਾ ਕਾਰਨ ਅਕਾਲ ਪੁਰਖੁ ਦਾ ਹੁਕਮੁ ਭਾਵ ਨਿਯਮ ਜਾਂ ਅਸੂਲ ਹੈ, ਜਿਸ ਵਿੱਚ ਬਹੁਤ ਡੂੰਘਿਆਈ ਛਿਪੀ ਹੋਈ ਹੈ।

ਗੁਰੂ ਸਾਹਿਬਾਂ ਨੇ ਤਾਂ ਸਪੱਸ਼ਟ ਤੌਰ ਤੇ ਸਮਝਾਇਆ ਹੈ ਕਿ ਧਰਤੀ, ਪਾਤਾਲ, ਆਕਾਸ਼, ਹਰੇਕ ਅਕਾਲ ਪੁਰਖੁ ਦਾ ਨਾਮੁ ਸਿਮਰ ਰਿਹਾ ਹੈ। ਹਵਾ ਪਾਣੀ, ਅੱਗ, ਹਰੇਕ ਤੱਤ ਵੀ ਅਕਾਲ ਪੁਰਖੁ ਦੀ ਸਿਫ਼ਤਿ-ਸਾਲਾਹ ਦੇ ਗੀਤ ਗਾ ਰਹੇ ਹਨ। ਜੰਗਲ, ਘਾਹ, ਇਹ ਸਾਰਾ ਦਿੱਸਦਾ ਸੰਸਾਰ ਆਪਣੇ ਮੂੰਹ ਨਾਲ ਹਰੇਕ ਅਕਾਲ ਪੁਰਖੁ ਦਾ ਨਾਮੁ ਜਪ ਰਿਹਾ ਹੈ। ਜੇਹੜਾ ਜੇਹੜਾ ਮਨੁੱਖ ਗੁਰੂ ਦੀ ਸ਼ਰਨ ਪੈ ਕੇ ਅਕਾਲ ਪੁਰਖੁ ਦੀ ਭਗਤੀ ਵਿਚ ਆਪਣਾ ਮਨ ਜੋੜਦਾ ਹੈ, ਉਹ ਅਕਾਲ ਪੁਰਖੁ ਦੇ ਦਰ ਤੇ ਸਤਿਕਾਰਿਆ ਜਾਂਦਾ ਹੈ। ਹੁਣ ਸਾਡੇ ਤੇ ਨਿਰਭਰ ਕਰਦਾ ਹੈ ਕਿ ਅਸੀਂ ਹੁਕਮੁ ਅਨੁਸਾਰ ਚਲ ਕੇ ਸਤਿਕਾਰ ਲੈਣਾਂ ਚਾਹੁੰਦੇ ਹਾਂ ਕਿ ਨਹੀਂ।

***ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ ਸਭ ਹਰਿ ਹਰਿ ਨਾਮੁ ਧਿਆਵੈ ਰਾਮ ॥ ਪਉਣੁ ਪਾਣੀ ਬੈਸੰਤਰੋ ਮੇਰੀ ਜਿੰਦੁੜੀਏ ਨਿਤ ਹਰਿ ਹਰਿ ਹਰਿ ਜਸੁ ਗਾਵੈ ਰਾਮ ॥ ਵਣੁ ਤ੍ਰਿਣੁ ਸਭੁ ਆਕਾਰੁ ਹੈ ਮੇਰੀ ਜਿੰਦੁੜੀਏ ਮੁਖਿ ਹਰਿ ਹਰਿ ਨਾਮੁ ਧਿਆਵੈ ਰਾਮ ॥ ਨਾਨਕ ਤੇ ਹਰਿ ਦਰਿ ਪੈਨ੍ਹਾਇਆ ਮੇਰੀ ਜਿੰਦੁੜੀਏ ਜੋ ਗੁਰਮੁਖਿ ਭਗਤਿ ਮਨੁ ਲਾਵੈ ਰਾਮ ॥੪॥੪॥ (੫੩੯, ੫੪੦)***

ਸਰੀਰ ਦੇ ਵਾਧੂ ਪਦਾਰਥ, ਮਲ ਮੂਤਰ ਰਾਹੀਂ ਬਾਹਰ ਨਿਕਲਦੇ ਰਹਿੰਦੇ ਹਨ। ਪਸੀਨਾਂ ਚਮੜੀ ਰਾਹੀਂ ਬਾਹਰ ਨਿਕਲਦਾ ਹੈ। ਜਿਸ ਨਾਲ ਕਈ ਵਾਧੂ ਪਦਾਰਥ (Salt) ਬਾਹਰ ਨਿਕਲਦੇ ਹਨ। ਪਸੀਨੇ ਨਾਲ ਜੋ ਪਾਣੀ ਨਿਕਲਦਾ ਹੈ, ਉਸ ਨਾਲ ਸਰੀਰ ਨੂੰ ਠੰਡਕ ਮਹਿਸੂਸ ਹੁੰਦੀ ਹੈ। ਕੁਦਰਤ ਨੇ ਸਰੀਰ ਦੇ ਹਰੇਕ ਭਾਗ ਨੂੰ ਖਾਸ ਕੰਮ ਦਿਤੇ ਹਨ। ਇਸੇ ਤਰ੍ਹਾਂ ਕੇਸਾਂ ਦਾ ਵੀ ਖਾਸ ਯੋਗਦਾਨ ਹੈ। ਕਿਉਕਿ ਕੇਸਾਂ ਵਿਚ ਦਰਦ ਮਹਿਸੂਸ ਨਹੀਂ ਹੁੰਦੀ ਹੈ। ਇਸ ਲਈ ਕਈਆਂ ਨੇ ਇਨ੍ਹਾਂ ਨੂੰ ਵੀ ਬੂਟਿਆਂ ਦੀ ਤਰ੍ਹਾਂ ਬੇਜਾਨ ਸਮਝਣਾ ਸ਼ੁਰੂ ਕਰ ਦਿਤਾ ਹੈ ਤੇ ਕੱਟਣ ਲੱਗ ਪਏ ਹਨ। ਅੱਜ ਦੀ ਸਾਇੰਸ ਅਨੁਸਾਰ ਕੇਸ ਵੀ ਜਾਨਦਾਰ ਹਨ, ਕਿਉਂਕਿ ਉਹ ਵਧਦੇ ਹਨ ਤੇ ਇਕ ਦਿਨ ਖਤਮ ਜੋ ਜਾਂਦੇ ਹਨ। ਬੇਜਾਨਦਾਰ ਕੇਸ ਆਪਣੇ ਆਪ ਝੜ ਜਾਂਦੇ ਹਨ। ਫਰਕ ਸਿਰਫ ਇਤਨਾਂ ਹੈ, ਕਿ ਕੇਸਾਂ ਵਿਚ ਸੰਵੇਦਨਸ਼ੀਲਤਾ ਨਹੀਂ ਹੁੰਦੀ ਹੈ, ਜਿਸ ਕਰਕੇ ਕੱਟਣ ਸਮੇਂ ਦਰਦ ਮਹਿਸੂਸ ਨਹੀਂ ਹੁੰਦੀ। ਨਵੇਂ ਵਾਲ ਆਂਉਂਦੇ ਰਹਿੰਦੇ ਹਨ ਤੇ ਪੁਰਾਨੇ ਵਾਲ ਆਪਣੇ ਆਪ ਝੜਦੇ ਰਹਿੰਦੇ ਹਨ, ਤੇ ਕੁਦਰਤ ਦਾ ਇਹ ਨਿਯਮ ਚਲਦਾ ਰਹਿੰਦਾਂ ਹੈ। ਕੇਸ ਬਹੁਤ ਬਰੀਕ ਹੁੰਦੇ ਹਨ, ਪਰੰਤੂ ਇਨ੍ਹਾਂ ਵਿਚ ਤਾਕਤ (Tensile Strength) ਬਹੁਤ ਹੁੰਦੀ ਹੈ, ਜੋ ਕਿ ਕਈ ਆਮ ਧਾਤਾਂ ਤੋਂ ਵੀ ਜਿਆਦਾ ਹੈ। ਅੱਜ ਦੀਆਂ ਖੋਜ਼ਾਂ ਨਾਲ ਪਤਾ ਲੱਗਾ ਹੈ ਕਿ ਕਈ ਜ਼ਹਰੀਲੀਆਂ ਧਾਤਾਂ ਕੇਸਾਂ ਰਾਹੀਂ ਬਾਹਰ ਨਿਕਲਦੀਆਂ ਹਨ। ਆਰਸੈਨਿਕ (Arsenic) ਵਾਲਾ ਰਾਹੀਂ ਬਾਹਰ ਨਿਕਲਦੀ ਹੈ। ਜੇਕਰ ਕਿਸੇ ਨੂੰ ਆਰਸੈਨਿਕ ਜ਼ਹਿਰ ਦੇ ਤੌਰ ਤੇ ਦਿਤਾ ਗਿਆ ਹੋਵੇ ਤਾਂ ਕੇਸਾਂ ਨੂੰ ਪਰਖਿਆ ਜਾਂਦਾ ਹੈ। ਕੁਝ ਹੱਦ ਤਕ ਇਹ ਵੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਕਿਤਨਾ ਸਮਾਂ ਪਹਿਲਾਂ ਜ਼ਹਿਰ ਦਿਤਾ ਗਿਆ ਸੀ। ਇਸੇ ਤਰ੍ਹਾਂ ਕਈ ਹੋਰ ਪਦਾਰਥ, ਜਿਨ੍ਹਾਂ ਦੀ ਸਰੀਰ ਨੂੰ ਜਰੂਰਤ ਨਹੀਂ ਹੁੰਦੀ ਹੈ, ਉਹ ਵੀ ਇਸ ਰਸਤੇ ਰਾਹੀ ਬਾਹਰ ਨਿਕਲਦੇ ਹਨ। ਜੇ ਕਰ ਅਸੀਂ ਇਸ ਵਿਚ ਵਿਘਨ ਪਾਉਂਦੇ ਹਾਂ ਤਾਂ ਸਾਡਾ ਹੀ ਸਰੀਰਕ ਸੰਤੁਲਨ ਵਿਗੜਦਾ ਹੈ ਤੇ ਭਵਿੱਖ ਵਿਚ ਸਾਡਾ ਨੁਕਸਾਨ ਹੋ ਸਕਦਾ ਹੈ। ਗੁਰੂ ਮਹਾਰਾਜ ਜੀ ਨੇ "ਹੁਕਮਿ ਰਜਾਈ ਚਲਣਾ" ਦੇ ਮਾਰਗ ਤੇ ਚਲਣ ਦੀ ਸਿਖਿਆ ਦਿਤੀ ਹੈ।

***ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥ ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥ (੧))***

ਗੁਰਸਿੱਖ ਨੂੰ ਕੇਸਾਂ ਸਬੰਧੀ ਖਾਸ ਹਦਾਇਤਾ ਦਿਤੀਆਂ ਗਈਆਂ ਹਨ, ਕਿ ਕੇਸ ਬਿਲਕੁਲ ਨਹੀਂ ਕੱਟਣੇ ਹਨ। ਕੇਸਾਂ ਦੀ ਸੰਭਾਲ ਤੇ ਸਫਾਈ ਲਈ ਪੰਜ ਕਕਾਰਾਂ ਵਿਚੋਂ ਇਕ ਕਕਾਰਾਂ ਕੰਘਾ ਵੀ ਦਿਤਾ ਗਿਆ ਹੈ। ਕੇਸਾਂ ਦੀ ਸੰਭਾਲ ਅਤੇ ਸਤਿਕਾਰ ਲਈ ਦਸਤਾਰ ਸਜਾਉਣੀ ਵੀ ਬਹੁਤ ਜਰੂਰੀ ਹੈ। ਕੇਸਾਂ ਨੂੰ ਤੇਲ ਲਗਾਉਣਾਂ ਚਾਹੀਦਾ ਹੈ, ਕਿਉਂਕਿ ਤੇਲ ਬਿਨਾਂ ਜੂੜਾ ਟਿਕਦਾ ਨਹੀਂ। ਭਾਈ ਗੁਰਦਾਸ ਜੀ ਨੇ ਵੀ ਆਪਣੀ ਰਚਨਾ ਵਿਚ ਕੇਸਾਂ ਨੂੰ ਤੇਲ ਲਗਾ ਕੇ ਸੰਭਾਲਣ ਲਈ ਸਮਝਾਇਆ ਹੈ।

***ਜੈਸੇ ਜਲ ਧੋਏ ਬਿਨੁ ਅੰਬਰ ਮਲੀਨ ਹੋਤ। ਬਿਨੁ ਤੇਲ ਮੇਲੇ ਜੈਸੇ ਕੇਸ ਹੂੰ ਭਇਆਨ ਹੈ। ॥੫੩੭॥***

ਗੁਰਬਾਣੀ ਵਿਚ ਅਕਾਲ ਪੁਰਖ ਦੇ ਹੁਕਮੁ ਤੇ ਗੁਰੂ ਸਾਹਿਬ ਦੀ ਸਿਖਿਆ ਅਨੁਸਾਰ ਚਲਣ ਦਾ ਬਹੁਤ ਮਹੱਤਵ ਹੈ। ਇਸੇ ਲਈ ਗੁਰਬਾਣੀ ਵਿਚ ਇਥੋਂ ਤਕ ਕਿਹਾ ਗਿਆ ਹੈ, ਕਿ ਮੈਂ ਅਕਾਲ ਪੁਰਖ ਦੇ ਸੇਵਕਾਂ ਤੋਂ ਸਦਕੇ ਜਾਂਦਾ ਹਾਂ, ਤੇ ਉਨ੍ਹਾਂ ਉਪਰ ਆਪਣਾ ਸਭ ਕੁਝ ਵਾਰ ਦੇਵਾਂ, ਤਾਂ ਜੋ ਮੈਨੂੰ ਆਪਣਾ ਜੀਵਨ ਸਫਲ ਕਰਨ ਦੀ ਜਾਚ ਆ ਜਾਵੇ। ਮੈਂ ਆਪਣੇ ਕੇਸਾਂ ਦਾ ਚੌਰ ਬਣਾ ਕੇ ਉਨ੍ਹਾਂ ਦੇ ਸਿਰਾਂ ਉਪਰ ਝੁਲਾਵਾਂ (ਸੇਵਾ ਸਤਿਕਾਰ ਵਿਚ ਜੁਟ ਜਾਵਾਂ), ਤੇ ਉਨ੍ਹਾਂ ਦੇ ਚਰਨਾਂ ਦੀ ਧੂੜ ਲੈ ਕੇ ਆਪਣੇ ਮੱਥੇ ਉਤੇ ਲਾਵਾਂ। ਹੁਣ ਸਵਾਲ ਪੈਦਾ ਹੁੰਦਾ ਹੈ, ਕਿ ਜੇ ਕਿਸੇ ਦੇ ਕੇਸ ਹੀ ਨਹੀਂ ਹਨ ਉਹ ਕੇਸਾਂ ਦਾ ਚੌਰ ਕਿਸ ਤਰ੍ਹਾਂ ਬਣਾ ਸਕੇਗਾ। ਇਥੇ ਚਰਨ ਧੂੜ ਦਾ ਭਾਵ ਪੈਰਾਂ ਨੂੰ ਲੱਗੀ ਹੋਈ ਮਿੱਟੀ ਨਹੀਂ ਹੈ, ਬਲਕਿ ਗੁਰੂ ਦੇ ਮਾਰਗ ਤੇ ਚਲਣ ਲਈ ਆਪਣਾ ਆਪ ਸਭ ਕੁਝ ਅਰਪਨ ਕਰਨਾ ਹੈ, ਆਪਣੀ ਮੱਤ ਤਿਆਗ ਕੇ ਗੁਰੂ ਦੀ ਮੱਤ ਅਪਨਾਉਂਣੀ ਹੈ। ਜਿਹੜਾ ਮਨੁੱਖ ਆਪਣੇ ਸਰੀਰ ਨੂੰ ਸੇਵਾ ਵਿਚ ਨਹੀਂ ਜੋੜ ਸਕਦਾ, ਉਹ ਆਪਣੇ ਮਨ ਨੂੰ ਸੇਵਾ ਵਿਚ ਕਿਸ ਤਰ੍ਹਾਂ ਜੋੜ ਸਕੇਗਾ।

*ਮੇਰੇ ਰਾਮ ਹਰਿ ਜਨ ਕੈ ਹਉ ਬਲਿ ਜਾਈ ॥ ਕੇਸ ਕਾ ਕਰਿ ਚਵਰੁ ਢੁਲਾਵਾ ਚਰਣ ਧੂੜਿ ਮੁਖਿ ਲਾਈ ॥੧॥ ਰਹਾਉ ॥ (੭੪੮, ੭੪੯)*

***ਕੇਸ ਸੰਗਿ ਦਾਸ ਪਗ ਝਾਰਉ ਇਹੈ ਮਨੋਰਥ ਮੋਰ*** *॥੧॥ (੫੦੦)*

***ਬੰਕੇ ਬਾਲ ਪਾਗ ਸਿਰਿ ਡੇਰੀ ॥ ਇਹੁ ਤਨੁ ਹੋਇਗੋ ਭਸਮ ਕੀ ਢੇਰੀ ॥੩॥*** *(੬੫੯)*

ਆਪਣੇ ਇਸ ਸਰੀਰ ਰੂਪੀ ਸ਼ਹਿਰ ਦੀ ਰਾਖੀ ਕਰਨ ਲਈ ਮਨੁੱਖ ਦਾ ਫ਼ਰਜ਼ ਬਣਦਾ ਹੈ ਕਿ, ਚੰਗੇ ਗੁਣਾਂ ਨੂੰ ਅਪਨਾਇਆ ਜਾਵੇ ਤੇ ਵਿਕਾਰਾਂ ਨੂੰ ਆਪਣੇ ਅੰਦਰੋਂ ਬਾਹਰ ਕੱਢਿਆ ਜਾਵੇ। ਮਨ ਵਿਚ ਚਾਹਤ ਹੋਣੀ ਚਾਹੀਦੀ ਹੈ, ਕਿ ਅਕਾਲ ਪੁਰਖੁ ਦੇ ਚਰਨਾਂ ਨੂੰ ਦਿਨ ਰਾਤ, ਪਰਸਈਏ ਤੇ ਆਪਣੇ ਕੇਸਾਂ ਦਾ ਚੌਰ ਝੁਲਾਈਏ। ਆਪਣੇ ਆਪ ਨੂੰ ਅਕਾਲ ਪੁਰਖੁ ਦੇ ਦਰ ਤੇ ਬੈਠੇ ਹੋਏ ਇਕ ਕੁੱਤੇ ਦੀ ਤਰ੍ਹਾਂ ਮੂੰਹ ਕਰਕੇ ਭੌਂਕਣਾ ਹੈ, ਭਾਵ, ਅਕਾਲ ਪੁਰਖੁ ਦੀ ਸਿਫ਼ਤਿ-ਸਾਲਾਹ ਕਰਨੀ ਹੈ। ਇਹ ਸਭ ਕੁਝ ਰਵਾਇਤਾਂ ਪੂਰੀਆਂ ਕਰਨ ਲਈ ਨਹੀਂ ਕਰਨਾ ਹੈ, ਬਲਕਿ ਆਪਣੇ ਸਰੀਰ ਨੂੰ ਵਿਕਾਰਾ (ਕੁੱਤਿਆਂ) ਤੋਂ ਬਚਾਉਣ ਲਈ ਕਰਨਾ ਹੈ। ਜਿਸ ਤਰ੍ਹਾਂ ਕਿ ਕੋਈ ਓਪਰਾ ਕੁੱਤਾ ਕਿਸੇ ਦੂਸਰੀ ਗਲੀ ਵਿਚ ਚਲਾ ਜਾਏ, ਤਾਂ ਉਥੋਂ ਦੇ ਸਾਰੇ ਕੁੱਤੇ ਰਲ ਕੇ ਉਸ ਨੂੰ ਵੱਢਣ ਪੈਂਦੇ ਹਨ। ਉਹ ਵਿਚਾਰਾ ਆਪਣੇ ਆਪ ਨੂੰ ਉਨ੍ਹਾਂ ਤੋਂ ਬਚਾਣ ਲਈ ਮਾੜਾ ਮਾੜਾ ਭੌਂਕਦਾ ਹੈ। ਇਹੀ ਉਦਾਹਰਣ ਦੇ ਕੇ ਗੁਰੂ ਸਾਹਿਬ ਸਮਝਾਉਂਦੇ ਹਨ, ਕਿ ਇਸ ਓਪਰੇ ਜਗਤ ਵਿਚ ਮੈਂ ਇਕੱਲਾ ਹਾਂ ਤੇ ਅਨੇਕਾਂ ਵਿਕਾਰ (ਕੁੱਤੇ) ਮੈਨੂੰ ਵੱਢਣ ਪੈਂਦੇ ਹਨ। ਇਨ੍ਹਾਂ ਤੋਂ ਬਚਣ ਲਈ ਮੈਂ ਤੇਰੇ ਦਰ ਤੇ ਤਰਲੇ ਲੈ ਰਿਹਾ ਹਾਂ, ਜਿਵੇਂ ਕੋਈ ਓਪਰਾ ਕੁੱਤਾ ਦੂਜੇ ਕੁੱਤਿਆਂ ਤੋਂ ਬਚਣ ਲਈ ਭੌਂਕਦਾ ਹੈ।

***ਏਤੇ ਕੂਕਰ ਹਉ ਬੇਗਾਨਾ ਭਉਕਾ ਇਸੁ ਤਨ ਤਾਈ ॥*** *(੭੯੫)*

ਹਰੇਕ ਫੌਜ ਦਾ ਆਪਣਾ ਆਪਣਾ ਲਿਬਾਸ ਤੇ ਨਿਸ਼ਾਨ ਚਿੰਨ ਹੁੰਦਾ ਹੈ, ਜਿਸ ਨਾਲ ਉਹ ਪਛਾਣੇ ਜਾਂਦੇ ਹਨ। ਜਿਨ੍ਹਾਂ ਦੇ ਮੱਥੇ ਉੱਤੇ ਮਾਲਕ ਦਾ ਨਿਸ਼ਾਨ ਚਿੰਨ ਹੁੰਦਾ ਹੈ, ਉਹ ਰਣ-ਭੂਮੀ ਵਿਚ ਆਪਣੇ ਮਾਲਕ ਲਈ ਵਫਾਦਾਰ ਰਹਿੰਦੇ ਹਨ ਤੇ ਉਸ ਦੀ ਖਾਤਰ ਲੜ ਮਰਦੇ ਹਨ। ਜਿਹੜੇ ਇਸ ਨਿਸ਼ਾਨ ਚਿੰਨ ਤੋਂ ਸੱਖਣੇ ਹੁੰਦੇ ਹਨ, ਉਹ ਟਾਕਰਾ ਪੈਣ ਤੇ ਭੱਜ ਜਾਂਦੇ ਹਨ, ਭਾਵ, ਜੋ ਮਨੁੱਖ ਅਕਾਲ ਪੁਰਖੁ ਦਾ ਭਗਤ ਬਣਦਾ ਹੈ, ਉਹ ਆਪਣੀ ਭਗਤੀ ਦੁਆਰਾ ਅਕਾਲ ਪੁਰਖੁ ਨਾਲ ਸਾਂਝ ਪਾ ਲੈਂਦਾ ਹੈ ਤੇ ਅਕਾਲ ਪੁਰਖੁ ਉਸ ਨੂੰ ਆਪਣੇ ਦਰ ਤੇ ਪ੍ਰਵਾਨ ਕਰ ਲੈਂਦਾ ਹੈ। ਅਕਾਲ ਪੁਰਖੁ ਦੀ ਸਿਫ਼ਤਿ-ਸਾਲਾਹ ਕਰਨ ਨਾਲ ਦੁਨੀਆ ਦੇ ਵਿਕਾਰ ਮਨੁੱਖ ਦੇ ਨੇੜੇ ਨਹੀਂ ਢੁੱਕਦੇ, ਪਰੰਤੂ ਇਹ ਦਾਤ ਕਿਸੇ ਭਾਗਾਂ ਵਾਲੇ ਨੂੰ ਗੁਰੂ ਪਾਸੋਂ ਮਿਲਦੀ ਹੈ।

***ਦਾਗੇ ਹੋਹਿ ਸੁ ਰਨ ਮਹਿ ਜੂਝਹਿ ਬਿਨੁ ਦਾਗੇ ਭਗਿ ਜਾਈ ॥ ਸਾਧੂ ਹੋਇ ਸੁ ਭਗਤਿ ਪਛਾਨੈ ਹਰਿ ਲਏ ਖਜਾਨੈ ਪਾਈ ॥ ੩ ॥*** *(੯੭੦)*

ਚਲਾਕੀ ਜਾਂ ਧੱਕੇ ਨਾਲ ਅਕਾਲ ਪੁਰਖੁ ਦਾ ਸਿਮਰਨ ਨਹੀਂ ਕੀਤਾ ਜਾ ਸਕਦਾ। ਜੇਕਰ ਅਕਾਲ ਪੁਰਖੁ ਨੂੰ ਭੁਲਾ ਦੇਈਏ, ਤਾਂ ਵੀ ਜੀਵਨ ਚੰਗਾ ਨਹੀਂ ਬਣ ਸਕਦਾ, ਮਨੁੱਖ ਅੰਦਰੋਂ ਸੜਦਾ ਤੇ ਦੁਖੀ ਰਹਿੰਦਾ ਹੈ। ਅਸਲ ਗੱਲ ਇਹ ਹੈ ਕਿ ਅਕਾਲ ਪੁਰਖੁ ਜੀਵਾਂ ਨੂੰ ਪੈਦਾ ਕਰ ਕੇ ਆਪ ਹੀ ਸਿਮਰਨ ਦੀ ਦਾਤਿ ਦੇ ਕੇ ਚੰਗੇ ਜੀਵਨ ਵਾਲਾ ਬਣਾਂਦਾ ਹੈ। ਕਿਸੇ ਚਲਾਕੀ, ਹੱਠ, ਜਾਂ ਹੱਕ ਜਤਾਣ ਨਾਲ ਅਕਾਲ ਪੁਰਖੁ ਨੂੰ ਨਹੀਂ ਪਾਇਆ ਜਾ ਸਕਦਾ। ਜੇਕਰ ਅਕਾਲ ਪੁਰਖੁ ਦੀ ਮੇਹਰ ਨ ਹੋਵੇ ਤਾਂ ਇਸ ਨਾਮੁ ਨੂੰ ਨਾ ਕੋਈ ਪਰਖਣ ਵਾਸਤੇ ਜਾਂਦਾ ਹੈ, ਤੇ ਨਾ ਕੋਈ ਇਸ ਦਾ ਸਵਾਦ ਚਖਦਾ ਹੈ। ਚਲਾਕੀਆਂ ਵਰਤ ਕੇ ਜਗਤ ਦੀ ਤਸੱਲੀ ਤਾਂ ਕਰਾਈ ਜਾ ਸਕਦੀ ਹੈ, ਪਰੰਤੂ ਅਸਲੀ ਨਾਮੁ ਤੋਂ ਵਾਂਝੇ ਹੀ ਰਹਿ ਜਾਂਦੇ ਹਾਂ। ਇਹ ਵੀ ਧਿਆਨ ਰਖਣਾ ਹੈ ਕਿ, ਨਿਰਾ ਜਗਤ ਦੀ ਤਸੱਲੀ ਕਰਾਇਆਂ ਅਕਾਲ ਪੁਰਖੁ ਦੀ ਹਜ਼ੂਰੀ ਵਿਚ ਆਦਰ ਨਹੀਂ ਮਿਲਦਾ ਹੈ, ਕਿਉਂਕਿ ਲੋਕ ਵਿਖਾਵੇ ਵਾਲੀ ਭਗਤੀ ਅਕਾਲ ਪੁਰਖੁ ਦੇ ਦਰ ਤੇ ਪਰਵਾਨ ਨਹੀਂ ਹੁੰਦੀ। ਇੱਜ਼ਤ ਤਾਂ ਹੀ ਮਿਲਦੀ ਹੈ, ਜੇਕਰ ਅਕਾਲ ਪੁਰਖੁ ਆਪਣੀ ਮੇਹਰ ਸਦਕਾ ਨਾਮੁ ਦੀ ਦਾਤ ਤੇ ਇੱਜ਼ਤ ਬਖਸ਼ੇ।

*ਹਿਕਮਤਿ ਹੁਕਮਿ ਨ ਪਾਇਆ ਜਾਇ ॥ ਕਿਉ ਕਰਿ ਸਾਚਿ ਮਿਲਉ ਮੇਰੀ ਮਾਇ ॥ ੧ ॥ ਰਹਾਉ ॥ ਵਖਰੁ ਨਾਮੁ ਦੇਖਣ ਕੋਈ ਜਾਇ ॥ ਨਾ ਕੋ ਚਾਖੈ ਨਾ ਕੋ ਖਾਇ ॥* ***ਲੋਕਿ ਪਤੀਣੈ ਨ ਪਤਿ ਹੋਇ ॥ ਤਾ ਪਤਿ ਰਹੈ ਰਾਖੈ ਜਾ ਸੋਇ ॥ ੨ ॥*** *(੬੬੧)*

ਅਕਾਲ ਪੁਰਖੁ ਨੇ ਸਾਰੇ ਜਗਤ ਦੀ ਸੁੰਦਰਤਾ ਆਪਣੇ ਸਰੂਪ ਤੋਂ ਹੀ ਰਚੀ ਹੈ। ਉਸ ਨੇ ਇਸਤ੍ਰੀ ਮਰਦ ਪੈਦਾ ਕੀਤੇ ਹਨ, ਜਿਨ੍ਹਾਂ ਦੀਆਂ ਅੱਖਾਂ, ਦੰਦ, ਨੱਕ, ਲੰਮੇ ਕੇਸ ਆਦਿ ਸਾਰੇ ਹੀ ਅੰਗ ਬਹੁਤ ਮਹਾਨ ਤੇ ਸੁੰਦਰ ਹਨ। ਉਨ੍ਹਾਂ ਸਭ ਵਿਚ, ਅਕਾਲ ਪੁਰਖੁ ਆਪ ਆਪਣੀ ਜੋਤਿ ਜਗਾ ਕੇ ਬੈਠਾ ਹੈ। ਇਸ ਲਈ ਸਪੱਸ਼ਟ ਹੈ ਕਿ ਅਕਾਲ ਪੁਰਖੁ ਦੇ ਨੈਣ ਬਾਂਕੇ ਹਨ, ਦੰਦ ਸੋਹਣੇ ਹਨ, ਨੱਕ ਸੋਹਣਾ ਹੈ, ਸੋਹਣੇ ਲੰਮੇ ਕੇਸ ਹਨ। ਇਸ ਲਈ ਜਿਨ੍ਹਾਂ ਮਨੁੱਖਾਂ ਦੇ ਸੋਹਣੇ ਨੱਕ ਹਨ, ਸੋਹਣੇ ਲੰਮੇ ਕੇਸ ਹਨ, ਉਹ ਅਕਾਲ ਪੁਰਖੁ ਦੇ ਹੀ ਨੱਕ ਤੇ ਕੇਸ ਹੀ ਹਨ। ਅਕਾਲ ਪੁਰਖੁ ਦਾ ਸਰੀਰ ਸੋਨੇ ਵਰਗਾ ਸੁੱਧ ਅਰੋਗ ਹੈ ਤੇ ਸੁਡੌਲ ਹੈ, ਮਾਨੋ, ਸੋਨੇ ਵਿਚ ਹੀ ਢਲਿਆ ਹੋਇਆ ਹੈ। ਇਸ ਲਈ ਉਸ ਅਕਾਲ ਪੁਰਖੁ ਨੂੰ ਹਮੇਸ਼ਾਂ ਯਾਦ ਕਰਦੇ ਰਹੋ। ਜੇਹੜੇ ਬੰਦੇ ਉਸ ਅਕਾਲ ਪੁਰਖੁ ਦਾ ਨਾਮੁ ਜਪਦੇ ਹਨ ਉਨ੍ਹਾਂ ਦੇ ਮਨ ਤੋਂ ਵਿਕਾਰਾਂ ਦੀ ਮੈਲ ਉਤਰ ਜਾਂਦੀ ਹੈ।

*ਤੇਰੇ ਬੰਕੇ ਲੋਇਣ ਦੰਤ ਰੀਸਾਲਾ ॥ ਸੋਹਣੇ ਨਕ ਜਿਨ ਲੰਮੜੇ ਵਾਲਾ ॥ ਕੰਚਨ ਕਾਇਆ ਸੁਇਨੇ ਕੀ ਢਾਲਾ ॥ (੫੬੭)*

ਜਿਨ੍ਹਾਂ ਨੇ ਬਹੁਤ ਸਾਰੇ ਚੇਲੇ ਤਾਂ ਬਣਾ ਲਏ, ਪਰੰਤੂ ਅਕਾਲ ਪੁਰਖੁ ਨੂੰ ਆਪਣਾ ਮਿੱਤਰ ਨਹੀਂ ਬਣਾਇਆ, ਅਕਾਲ ਪੁਰਖੁ ਨਾਲ ਆਪਣੀ ਸਾਂਝ ਕਾਇਮ ਨਹੀਂ ਕੀਤੀ। ਉਨ੍ਹਾਂ ਨੇ ਪਹਿਲਾਂ ਤਾਂ ਭਾਵੇਂ ਅਕਾਲ ਪੁਰਖੁ ਨੂੰ ਮਿਲਣ ਲਈ ਉੱਦਮ ਕੀਤਾ ਹੋਵੇ, ਪਰ ਉਨ੍ਹਾਂ ਦਾ ਮਨ ਰਾਹ ਵਿਚ ਹੀ ਅਟਕ ਗਿਆ, ਉਹ ਆਪਣੇ ਚੇਲਿਆਂ ਕੋਲੋਂ ਸੇਵਾ ਤੇ ਪੂਜਾ ਕਰਾਣ ਵਿਚ ਹੀ ਰੁਝ ਗਏ, ਅਕਾਲ ਪੁਰਖੁ ਦੀ ਯਾਦ ਆਪਣੇ ਮਨ ਵਿਚੋਂ ਭੁਲਾ ਬੈਠੇ, ਜਿਸ ਕਰਕੇ ਮਨ ਦੀ ਸ਼ਾਂਤੀ ਨਸੀਬ ਨਹੀਂ ਹੋਈ। ਲੋਕਾਂ ਨੂੰ ਭੁਲੇਖਿਆਂ ਵਿਚੋਂ ਕੱਢਣ ਲਈ ਕਬੀਰ ਜੀ ਸਮਝਾਂਉਂਦੇ ਹਨ ਕਿ ਅਸਲੀ 'ਸਾਧ' ਸਿਰਫ਼ ਉਹੀ ਹਨ ਜੋ ਸਰਬ-ਵਿਆਪਕ ਅਕਾਲ ਪੁਰਖੁ ਨੂੰ ਯਾਦ ਕਰਦੇ ਹਨ। ਇਥੇ ਕੇਸਾਂ ਵਾਲੇ ਅਕਾਲ ਪੁਰਖ ਦੀ ਗਲ ਕੀਤੀ ਗਈ ਹੈ। ਜੋ ਕਿ ਇਹੀ ਇਸ਼ਾਰਾ ਕਰਦੇ ਹਨ ਕਿ ਕੇਸਾਂ ਦਾ ਮਨੁੱਖ ਦੇ ਸਰੀਰ ਨਾਲ ਖਾਸ ਸਬੰਧ ਹੈ।

*ਕਬੀਰ ਸਿਖ ਸਾਖਾ ਬਹੁਤੇ ਕੀਏ ਕੇਸੋ ਕੀਓ ਨ ਮੀਤੁ ॥ ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ ॥੯੬॥ (੧੩੬੯)*

ਕਬੀਰ ਜੀ ਭੇਖਾਂ ਦਾ ਪੋਲ ਖੋਲਦੇ ਹੋਏ ਸਮਝਾਂਉਂਦੇ ਹਨ, ਕਿ ਜੋ ਮਨੁੱਖ ਸਿਰ ਮੁਨਾ ਕੇ ਆਪਣੇ ਆਪ ਨੂੰ 'ਸਾਧ' ਸਮਝਦਾ ਫਿਰਦਾ ਹੈ, ਉਸ ਨੇ ਆਪਣਾ ਮਨ ਨਹੀਂ ਮੁੰਨਿਆ, ਆਪਣੇ ਮਨ ਵਿਚੋਂ ਵਿਕਾਰਾਂ ਦੀ ਮੈਲ ਨਹੀਂ ਕਢੀ, ਉਹ ਸਿਰ ਦੇ ਕੇਸ ਮੁਨਾਣ ਨਾਲ 'ਸਾਧੂ' ਨਹੀਂ ਬਣ ਸਕਦਾ। ਜਿਸ ਵੀ ਮੰਦੇ ਕਰਮ ਦੀ ਪ੍ਰੇਰਨਾ ਕਰਦਾ ਹੈ, ਉਹ ਮਨ ਹੀ ਕਰਦਾ ਹੈ, ਜੇ 'ਸਾਧੂ' ਬਣਨ ਦੀ ਖ਼ਾਤਰ ਹੀ ਸਿਰ ਮੁਨਾਇਆ ਹੈ, ਤਾਂ ਸਿਰ ਮੁਨਾਉਣਾ ਵਿਅਰਥ ਹੈ।

*ਕਬੀਰ ਮਨੁ ਮੂੰਡਿਆ ਨਹੀ ਕੇਸ ਮੁੰਡਾਏ ਕਾਂਇ ॥ ਜੋ ਕਿਛੁ ਕੀਆ ਸੋ ਮਨ ਕੀਆ ਮੂੰਡਾ ਮੂੰਡੁ ਅਜਾਂਇ ॥੧੦੧॥ (੧੩੬੯)*

ਕਬੀਰ ਜੀ ਉਦਾਹਰਣਾਂ ਦੇ ਕੇ ਸਮਝਾਉਂਦੇ ਹਨ, ਕਿ ਜੇਕਰ ਨੰਗੇ ਫਿਰਨ ਨਾਲ ਅਕਾਲ ਪੁਰਖੁ ਦਾ ਮਿਲਾਪ ਹੋ ਸਕਦਾ ਹੈ ਤਾਂ ਜੰਗਲ ਦਾ ਹਰੇਕ ਪਸ਼ੂ ਮੁਕਤ ਹੋ ਜਾਣਾ ਚਾਹੀਦਾ ਹੈ, ਕਿਉਂਕਿ ਮਨੁੱਖ ਤੋਂ ਇਲਾਵਾ ਕੋਈ ਵੀ ਜਾਨਵਰ ਕਪੜੇ ਨਹੀਂ ਪਾਉਂਦਾ ਹੈ। ਜਦੋਂ ਤਕ ਮਨੁੱਖ ਅਕਾਲ ਪੁਰਖੁ ਨੂੰ ਨਹੀਂ ਪਛਾਣਦਾ, ਆਪਣੇ ਅੰਦਰੋਂ ਨਹੀਂ ਖੋਜਦਾ, ਤਦ ਤਕ ਨੰਗੇ ਰਿਹਾਂ ਕੁਝ ਨਹੀਂ ਹੋਣਾ ਹੈ ਤੇ ਪਿੰਡੇ ਤੇ ਚੰਮ ਲਪੇਟਣ ਨਾਲ ਵੀ ਕੁਝ ਨਹੀਂ ਮਿਲਣਾ। ਜੇਕਰ ਸਿਰ ਮੁਨਣ ਨਾਲ ਸਿੱਧੀ ਮਿਲ ਸਕਦੀ ਹੈ, ਤਾਂ ਹੁਣ ਤਕ ਸਾਰੀਆਂ ਭੇਡਾਂ ਮੁਕਤ ਹੋ ਜਾਣੀਆਂ ਚਾਹੀਦੀਆਂ ਸੀ, ਕਿਉਂਕਿ ਭੇਡਾਂ ਦੀ ਉੱਨ ਤਾਂ ਕਈ ਵਾਰੀ ਉਤਾਰੀ ਜਾਂਦੀ ਹੈ। ਜੇਕਰ ਵੀਰਜ ਸਾਂਭਿਆਂ ਸੰਸਾਰ ਸਾਗਰ ਤੋਂ ਪਾਰ ਹੋ ਸਕਦੇ ਹਾਂ, ਤਾਂ ਖੁਸਰਿਆਂ ਨੂੰ ਪਹਿਲਾਂ ਮੁਕਤੀ ਮਿਲਣੀ ਚਾਹੀਦੀ ਹੈ। ਕਬੀਰ ਜੀ ਨੇ ਇਹੀ ਸਮਝਾਇਆ ਹੈ, ਕਿ ਅਕਾਲ ਪੁਰਖੁ ਦਾ ਨਾਮੁ ਚਿਤ ਵਿਚ ਰੱਖਣ ਤੋਂ ਬਿਨਾ ਕਿਸੇ ਨੂੰ ਮੁਕਤੀ ਨਹੀਂ ਮਿਲ ਸਕਦੀ। ਹੇਠ ਲਿਖਿਆ ਸਬਦ ਸਪੱਸ਼ਟ ਕਰ ਦਿੰਦਾ ਹੈ ਕਿ, ਨੰਗੇ ਰਹਿ ਕੇ ਜੰਗਲਾਂ ਵਿਚ ਫਿਰਨਾ, ਸਿਰ ਮੁਨਾ ਕੇ ਫ਼ਕੀਰ ਬਣ ਜਾਣਾ, ਸਾਰੀ ਉਮਰ ਗ੍ਰਹਿਸਤ ਆਸ਼ਰਮ ਵਿਚ ਪ੍ਰਵੇਸ਼ ਨਹੀਂ ਕਰਨਾ, ਇਹੋ ਜਿਹਾ ਕੋਈ ਸਾਧਨ ਮਨੁੱਖ ਨੂੰ ਸੰਸਾਰ ਸਮੁੰਦਰ ਤੋਂ ਪਾਰ ਨਹੀਂ ਕਰਾ ਸਕਦਾ। ਕੇਵਲ ਅਕਾਲ ਪੁਰਖੁ ਦਾ ਨਾਮੁ ਰੂਪੀ ਬੇੜਾ ਹੀ ਪਾਰ ਕਰਾ ਸਕਦਾ ਹੈ।

***ਗਉੜੀ ਕਬੀਰ ਜੀ ॥ ਨਗਨ ਫਿਰਤ ਜੌ ਪਾਈਐ ਜੋਗੁ ॥ ਬਨ ਕਾ ਮਿਰਗੁ ਮੁਕਤਿ ਸਭੁ ਹੋਗੁ ॥੧॥ ਕਿਆ ਨਾਗੇ ਕਿਆ ਬਾਧੇ ਚਾਮ ॥ ਜਬ ਨਹੀ ਚੀਨਸਿ ਆਤਮ ਰਾਮ ॥੧॥ ਰਹਾਉ ॥ ਮੂਡ ਮੁੰਡਾਏ ਜੌ ਸਿਧਿ ਪਾਈ ॥ ਮੁਕਤੀ ਭੇਡ ਨ ਗਈਆ ਕਾਈ ॥੨॥ ਬਿੰਦੁ ਰਾਖਿ ਜੌ ਤਰੀਐ ਭਾਈ ॥ ਖੁਸਰੈ ਕਿਉ ਨ ਪਰਮ ਗਤਿ ਪਾਈ ॥੩॥ ਕਹੁ ਕਬੀਰ ਸੁਨਹੁ ਨਰ ਭਾਈ ॥ ਰਾਮ ਨਾਮ ਬਿਨੁ ਕਿਨਿ ਗਤਿ ਪਾਈ ॥੪॥੪॥ (੩੨੪)***

ਅਕਾਲ ਪੁਰਖੁ ਦੇ ਅਨੇਕਾਂ ਨਾਂ ਹਨ, ਬੇਅੰਤ ਰੂਪ ਹਨ, ਬੇਅੰਤ ਗੁਣ ਹਨ, ਜੋ ਕਿਸੇ ਤਰ੍ਹਾਂ ਵੀ ਬਿਆਨ ਨਹੀਂ ਕੀਤੇ ਜਾ ਸਕਦੇ। ਅਕਾਲ ਪੁਰਖੁ ਦੇ ਦਰਸ਼ਨ ਕਰਨ ਲਈ ਕਈ ਰਾਜੇ ਆਪਣੀਆਂ ਮਹਲ ਮਾੜੀਆਂ, ਘਰ, ਹਾਥੀ ਘੋੜੇ, ਆਪਣੇ ਦੇਸ ਨੂੰ ਛੱਡ ਕੇ ਜੰਗਲਾ ਵਿਚ ਚਲੇ ਗਏ। ਅਨੇਕਾਂ ਪੀਰਾਂ ਪੈਗੰਬਰਾਂ ਗਿਆਨਵਾਨਾਂ ਤੇ ਸਿਦਕੀਆਂ ਨੇ ਤੇਰੇ ਦਰ ਤੇ ਕਬੂਲ ਹੋਣ ਵਾਸਤੇ ਦੁਨੀਆ ਛੱਡੀ। ਅਨੇਕਾਂ ਬੰਦਿਆਂ ਨੇ ਦੁਨੀਆ ਦੇ ਸੁਆਦ ਸੁਖ ਆਰਾਮ ਤੇ ਪਦਾਰਥ ਤਿਆਗੇ, ਕੱਪੜੇ ਛੱਡ ਕੇ ਚਮੜਾ ਪਹਿਨਿਆ। ਅਨੇਕਾਂ ਬੰਦੇ ਦੁਖੀਆਂ ਦਰਦਵੰਦਾਂ ਵਾਂਗ ਤੇਰੇ ਦਰ ਤੇ ਫ਼ਰਿਆਦ ਕਰਨ ਲਈ ਤੇਰੇ ਨਾਮੁ ਵਿਚ ਰੰਗੇ ਰਹਿਣ ਲਈ ਗ੍ਰਿਹਸਤ ਜੀਵਨ ਛੱਡ ਕੇ ਫ਼ਕੀਰ ਬਣ ਗਏ। ਕਿਸੇ ਨੇ ਭੰਗ ਆਦਿਕ ਪਾਣ ਲਈ ਚੰਮ ਦੀ ਝੋਲੀ ਲੈ ਲਈ, ਕਿਸੇ ਨੇ ਘਰ ਘਰ ਵਿਚ ਮੰਗਣ ਲਈ ਖੱਪਰ ਹੱਥ

ਵਿਚ ਫੜ ਲਿਆ, ਕੋਈ ਸੰਨਿਆਸੀ ਬਣ ਗਿਆ, ਕਿਸੇ ਨੇ ਮ੍ਰਿਗਛਾਲਾ ਲੈ ਲਈ, ਕੋਈ ਬੋਦੀ ਜਨੇਊ ਤੇ ਧੋਤੀ ਦਾ ਧਾਰਨੀ ਹੋ ਗਿਆ। ਪਰ ਗੁਰੂ ਸਾਹਿਬ ਬੇਨਤੀ ਕਰਦੇ ਹਨ ਕਿ ਹੇ ਅਕਾਲ ਪੁਰਖੁ! ਤੂੰ ਮੇਰਾ ਮਾਲਿਕ ਹੈ, ਮੈਂ ਸਿਰਫ਼ ਤੇਰਾ ਸਾਂਗੀ ਹਾਂ, ਭਾਵ, ਮੈਂ ਸਿਰਫ਼ ਤੇਰਾ ਅਖਵਾਂਦਾ ਹਾਂ, ਜਿਵੇਂ ਤੂੰ ਮੈਨੂੰ ਰੱਖਦਾ ਹੈ ਤਿਵੇਂ ਹੀ ਰਹਿੰਦਾ ਹਾਂ, ਕਿਸੇ ਖ਼ਾਸ ਸ਼੍ਰੇਣੀ ਵਿਚ ਹੋਣ ਦਾ ਮੈਨੂੰ ਕੋਈ ਮਾਣ ਨਹੀਂ। "**ਤੂੰ ਸਾਹਿਬੁ ਹਉ ਸਾਂਗੀ ਤੇਰਾ**" ਸਬਦ ਸਪੱਸ਼ਟ ਕਰਦਾ ਹੈ ਕਿ ਜੋ ਮੈਨੂੰ ਅਕਾਲ ਪੁਰਖੁ ਨੇ ਸਰੂਪ ਦਿੱਤਾ ਹੈ, ਉਹ ਮੈਨੂੰ ਪ੍ਰਵਾਨ ਹੈ।

***ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨ੍ਹੀ ॥ ਤੂੰ ਸਾਹਿਬੁ ਹਉ ਸਾਂਗੀ ਤੇਰਾ ਪ੍ਰਣਵੈ ਨਾਨਕੁ ਜਾਤਿ ਕੈਸੀ ॥੪॥੧॥੩੩॥***
*(੩੫੮)*

ਗੁਰਬਾਣੀ ਦੁਆਰਾ ਮਨੁੱਖ ਨੂੰ ਸਮਝਾਇਆ ਜਾਂਦਾ ਹੈ ਕਿ ਆਪਣੇ ਇਸ ਸਰੀਰ ਨੂੰ, ਜਿਸ ਦੁਆਰਾ ਸਦਾ ਚੰਗੇ ਮੰਦੇ ਕਰਮ ਕੀਤੇ ਜਾਂਦੇ ਹਨ, ਉਸ ਨੂੰ ਆਪਣੀ ਵਫ਼ਾਦਾਰ ਇਸਤ੍ਰੀ ਬਣਾ, ਤੇ, ਵਿਕਾਰਾਂ ਦੇ ਰੰਗ-ਤਮਾਸ਼ੇ ਮਾਣਨ ਦੀ ਬਜਾਏ, ਇਸ ਵਫ਼ਾਦਾਰ ਇਸਤ੍ਰੀ ਰਾਹੀਂ ਅਕਾਲ ਪੁਰਖੁ ਦੇ ਮਿਲਾਪ ਦਾ ਰੰਗ ਮਾਣਿਆ ਕਰ। ਵਿਕਾਰਾਂ ਵਿਚ ਮਲੀਨ ਹੋ ਰਹੇ ਮਨ ਨੂੰ ਪਵਿਤਰ ਕਰਨ ਦਾ ਜਤਨ ਕਰ, ਇਹੀ ਹੈ ਅਕਾਲ ਪੁਰਖੁ ਦੇ ਮਿਲਾਪ ਪੈਦਾ ਕਰਨ ਵਾਲੀ ਸ਼ਰਹ ਦੀ ਕਿਤਾਬ। ਸੁੰਨਤ, ਲਬਾਂ ਕਟਾਣ ਆਦਿਕ ਸ਼ਰਹ ਨੂੰ ਛੱਡ ਕੇ ਆਪਣੀ ਸ਼ਕਲ ਨੂੰ ਜਿਉਂ ਕਾ ਤਿਉਂ ਰੱਖ, ਇਹ ਲੋਕ ਪਰਲੋਕ ਵਿਚ ਇੱਜ਼ਤ-ਆਦਰ ਪ੍ਰਾਪਤ ਕਰਨ ਦਾ ਵਸੀਲਾ ਬਣ ਜਾਂਦਾ ਹੈ।

***ਕਾਇਆ ਕਿਰਦਾਰ ਅਉਰਤ ਯਕੀਨਾ ॥ ਰੰਗ ਤਮਾਸੇ ਮਾਣਿ ਹਕੀਨਾ ॥ ਨਾਪਾਕ ਪਾਕੁ ਕਰਿ ਹਦੂਰਿ ਹਦੀਸਾ ਸਾਬਤ ਸੂਰਤਿ ਦਸਤਾਰ ਸਿਰਾ ॥੧੨॥ (੧੦੮੪)***

ਸੇਵਕ ਅਖਵਾਣ ਵਾਲੇ ਤੇ ਸਿੱਖ ਅਖਵਾਣ ਵਾਲੇ, ਸਾਰੇ ਗੁਰੂ ਦੇ ਦਰ ਤੇ ਅਕਾਲ ਪੁਰਖੁ ਦੀ ਪੂਜਾ ਕਰਨ ਲਈ ਆਉਂਦੇ ਹਨ, ਤੇ ਅਕਾਲ ਪੁਰਖੁ ਦੀ ਸਿਫ਼ਤਿ-ਸਾਲਾਹ ਨਾਲ ਭਰਪੂਰ ਸ੍ਰੇਸ਼ਟ ਗੁਰਬਾਣੀ ਗਾਇਨ ਕਰਦੇ ਹਨ। ਪਰ ਅਕਾਲ ਪੁਰਖੁ ਉਨ੍ਹਾਂ ਮਨੁੱਖਾਂ ਦਾ ਬਾਣੀ ਗਾਉਣਾ ਅਤੇ ਸੁਣਨਾ ਕਬੂਲ ਕਰਦਾ ਹੈ, ਜਿਨ੍ਹਾਂ ਨੇ ਗੁਰੂ ਦੇ ਹੁਕਮ ਨੂੰ ਬਿਲਕੁਲ ਸਹੀ ਜਾਣ ਕੇ ਉਸ ਉਤੇ ਅਮਲ ਕੀਤਾ ਹੈ। ਇਸ ਲਈ ਸੰਸਾਰ ਰੂਪੀ ਸਮੁੰਦਰ ਤੋਂ ਪਾਰ ਲੰਘਾਣ ਵਾਲੇ ਸਬਦ ਗੁਰੂ ਦੀ ਸਰਨ ਵਿਚ ਆ ਕੇ ਅਕਾਲ ਪੁਰਖੁ ਦੀ ਸਿਫ਼ਤਿ-ਸਾਲਾਹ ਕਰਿਆ ਕਰੋ। ਅਕਾਲ ਪੁਰਖੁ ਦੇ ਦਰ ਤੇ ਉਨ੍ਹਾਂ ਮਨੁੱਖਾਂ ਦੀ ਚੰਗੀ ਸੋਭਾ ਹੁੰਦੀ ਹੈ, ਜਿਹੜੇ ਮਨੁੱਖ ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਨਾਲ ਡੂੰਘੀ ਸਾਂਝ ਪਾ ਲੈਂਦੇ ਹਨ। ਇਹ ਹਮੇਸ਼ਾਂ ਧਿਆਨ ਵਿਚ ਰੱਖੋ ਕਿ ਅਕਾਲ ਪੁਰਖੁ ਆਪ ਹੀ ਗੁਰੂ ਹੈ, ਆਪ ਹੀ ਸਿੱਖ ਹੈ, ਤੇ ਅਕਾਲ ਪੁਰਖੁ ਆਪ ਹੀ ਇਹ ਸਭ ਅਚਰਜ ਤਮਾਸ਼ੇ ਕਰਨ ਵਾਲਾ ਹੈ। ਉਹੀ ਮਨੁੱਖ ਅਕਾਲ ਪੁਰਖੁ ਨੂੰ ਮਿਲ ਸਕਦੇ ਹਨ, ਜਿਨ੍ਹਾਂ ਨੂੰ ਅਕਾਲ ਪੁਰਖੁ ਆਪ ਮਿਲਾਂਦਾ ਹੈ। ਇਸ ਲਈ ਹੋਰ ਸਾਰੇ ਆਸਰੇ ਛੱਡ ਕੇ ਗੁਰੂ ਦੀ ਆਗਿਆ ਅਨੁਸਾਰ ਚਲਿਆ ਕਰੋ ਤੇ ਅਕਾਲ ਪੁਰਖੁ ਦੀ ਸਿਫ਼ਤਿ-ਸਾਲਾਹ ਕਰਿਆ ਕਰੋ, ਕਿਉਂਕਿ ਅਕਾਲ ਪੁਰਖੁ ਨੂੰ ਉਹੀ ਸਿਫ਼ਤਿ-ਸਾਲਾਹ ਪਿਆਰੀ ਲੱਗਦੀ ਹੈ, ਜਿਹੜੀ ਉਸ ਦੇ ਹੁਕਮੁ ਤੇ ਰਜ਼ਾ ਅਨੁਸਾਰ ਹੈ।

***ਧਨਾਸਰੀ ਮਹਲਾ ੪ ॥ ਸੇਵਕ ਸਿਖ ਪੂਜਣ ਸਭਿ ਆਵਹਿ ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥ ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥੧॥ ਬੋਲਹੁ ਭਾਈ ਹਰਿ ਕੀਰਤਿ ਹਰਿ ਭਵਜਲ ਤੀਰਥਿ ॥ ਹਰਿ ਦਰਿ ਤਿਨ ਕੀ ਊਤਮ ਬਾਤ ਹੈ ਸੰਤਹੁ ਹਰਿ ਕਥਾ ਜਿਨ ਜਨਹੁ ਜਾਨੀ ॥ ਰਹਾਉ ॥ ਆਪੇ ਗੁਰੁ ਚੇਲਾ ਹੈ ਆਪੇ ਆਪੇ ਹਰਿ ਪ੍ਰਭੁ ਚੋਜ ਵਿਡਾਨੀ ॥ ਜਨ ਨਾਨਕ ਆਪਿ ਮਿਲਾਏ ਸੋਈ ਹਰਿ ਮਿਲਸੀ ਅਵਰ ਸਭ ਤਿਆਗਿ ਓਹਾ ਹਰਿ ਭਾਨੀ ॥੨॥੫॥੧੧॥***
*(੬੬੯)*

ਇਸ ਸੰਸਾਰ ਵਿਚ ਅਨੇਕਾਂ ਤਰ੍ਹਾਂ ਦੇ ਜਾਨਵਰ ਜਾਂ ਜੀਵ ਜੰਤੂ ਹਨ, ਪਰੰਤੂ ਮਨੁੱਖ ਇਨ੍ਹਾਂ ਸਾਰਿਆਂ ਤੋਂ ਭਿੰਨ ਹੈ। ਸਿਰਫ ਮਨੁੱਖ ਦੇ ਹੀ ਸਿਰ ਦੇ ਕੇਸ ਲੰਮੇ ਹੁੰਦੇ ਹਨ, ਹੋਰ ਕਿਸੇ ਜਾਨਵਰ ਦੇ ਨਹੀਂ, ਸਿਰਫ ਮਨੁੱਖ ਦੇ ਕੋਲ ਹੀ ਬੁਧੀ ਹੈ, ਹੋਰ ਕਿਸੇ ਜਾਨਵਰ ਦੇ ਕੋਲ ਨਹੀਂ, ਸਿਰਫ ਮਨੁੱਖ ਦੇ ਕੋਲ ਹੀ ਪੰਜ ਵਿਕਾਰ ਹਨ, ਹੋਰ ਕਿਸੇ ਜਾਨਵਰ ਦੇ ਕੋਲ ਨਹੀਂ, ਬਾਕੀ ਸਭ ਦੇ ਇਕ ਇਕ ਹਨ। ਇਸ ਲਈ ਬੁਧੀ ਦੀ ਸੰਭਾਲ ਬਹੁਤ ਜਰੂਰੀ ਹੈ, ਨਹੀਂ ਤਾਂ ਉਹ ਮਨੁੱਖ ਨੂੰ ਵਿਕਾਰਾਂ ਵਲ ਲੈ ਜਾਵੇਗੀ। ਇਸੇ ਤਰ੍ਹਾਂ ਕੇਸਾਂ ਦੀ ਸੰਭਾਲ ਬਹੁਤ ਜਰੂਰੀ ਹੈ ਨਹੀਂ ਤਾਂ ਮਨੁੱਖ "***ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥***" ਨਹੀਂ ਸਿਖ ਸਕੇਗਾ।

ਹਰੇਕ ਦੇਸ਼ ਦੀ ਫੌਜ਼, ਪੁਲੀਸ, ਜਾਂ ਸਕੂਲ ਦਾ ਅਨੁਸ਼ਾਸਨ ਕਾਇਮ ਰੱਖਣ ਲਈ ਆਪਣਾ ਆਪਣਾ ਡਰੈਸ ਕੋਡ ਹੁੰਦਾਂ ਹੈ। ਗੁਰੂ ਦੇ ਸਿੱਖ ਨੇ ਵੀ ਆਪਣੇ ਮਨ ਤੇ ਸਰੀਰ ਦਾ ਅਨੁਸ਼ਾਸਨ ਕਾਇਮ ਰੱਖਣਾ ਹੈ। ਸਰੀਰ ਦਾ ਅਨੁਸ਼ਾਸਨ ਕਾਇਮ ਰੱਖਣ ਲਈ ਸਿੱਖ ਨੂੰ ਪੰਜ ਕਕਾਰ ਦਾ ਲਿਬਾਸ ਦਿਤਾ ਗਿਆ ਹੈ।

***ਖ਼ਾਲਸਾ ਅਕਾਲ ਪੁਰਖ ਕੀ ਫੌਜ ॥ ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ ॥ ਜਬ ਲਗ ਖ਼ਾਲਸਾ ਰਹੇ ਨਿਆਰਾ ॥ ਤਬ ਲਗ ਤੇਜ ਦੀਉ ਮੈ ਸਾਰਾ ॥ ਜਬ ਇਹ ਗਹੈ ਬਿਪਰਨ ਕੀ ਰੀਤ ॥ ਮੈ ਨ ਕਰੋਂ ਇਨ ਕੀ ਪ੍ਰਤੀਤ ॥***

ਖੰਡੇ ਕੀ ਪਾਹੁਲ ਤੇ ਪੰਜ ਕਕਾਰ, ਸਿੱਖ ਦੇ ਗੁਰੂ ਘਰ ਵਿਚ ਦਾਖਲੇ ਲਈ ਹਨ ਤੇ ਸਿੱਖ ਦਾ ਗੁਰੂ ਨਾਲ ਇਕਰਾਰ ਹੈ ਕਿ ਉਹ ਜੁਗੋ ਜੁਗ ਅਟੱਲ ਗੁਰੂ ਗਰੰਥ ਵਿਚ ਅੰਕਿਤ ਗੁਰਬਾਣੀ ਅਨੁਸਾਰ ਜੀਵਨ ਬਤੀਤ ਕਰੇਗਾ। ਸਿੱਖ ਨੂੰ ਮਾਣ ਹੁੰਦਾਂ ਹੈ ਕਿ ਮੇਰਾ ਗੁਰੂ ਇਹ ਹੈ, ਤੇ ਗੁਰੂ ਨੂੰ ਆਪਣੇ ਸਿੱਖ ਤੇ ਮਾਣ ਹੁੰਦਾਂ ਹੈ। ਲੜਕੀ ਚੂੜਾ ਬੜੇ ਮਾਣ ਨਾਲ ਪਾਉਂਦੀ ਹੈ, ਤਾਂ ਜੋ ਦੂਸਰਿਆ ਨੂੰ ਅਤੇ ਆਪਣੇ ਆਪ ਨੂੰ ਦੱਸ ਸਕੇ ਕਿ ਮੈਂ ਕਿਸੇ ਦੀ ਹਾਂ। ਸਿੱਖ ਕਕਾਰ ਬੜੇ ਮਾਣ ਨਾਲ ਪਾਉਂਦਾ ਹੈ, ਤਾਂ ਜੋ ਦੂਸਰਿਆ ਨੂੰ ਅਤੇ ਆਪਣੇ ਆਪ ਨੂੰ ਦੱਸ ਸਕੇ ਕਿ ਮੈਂ ਗੁਰੂ ਦਾ ਸਿੱਖ ਹਾਂ। ਇਸੇ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਬਾਰੇ ਕਿਹਾ ਸੀ:

*ਖ਼ਾਲਸਾ ਮੇਰੋ ਰੂਪ ਹੈ ਖ਼ਾਸ ॥ ਖ਼ਾਲਸੇ ਮੈਂ ਹੌਂ ਕਰੌਂ ਨਿਵਾਸ ॥ ਖ਼ਾਲਸਾ ਮੇਰੋ ਮੁਖ ਹੈ ਅੰਗਾ ॥ ਖ਼ਾਲਸੇ ਕੇ ਹੌਂ ਸਦ ਸਦ ਸੰਗਾ ॥*

**ਕੇਸ** = ਸਿੱਖ ਨੂੰ ਸਿੱਖ ਧਰਮ ਦੇ ਮੁਢਲੇ ਸਿਧਾਂਤ, "**ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ**" ਅਨੁਸਾਰ ਚਲਣ ਲਈ ਸਿਖਿਆ ਦਿੰਦੇ ਹਨ। ਇਸ ਤਰ੍ਹਾਂ ਕਰਨ ਨਾਲ, ਗੁਰੂ ਦਾ ਸਿੱਖ ਆਪਣੇ ਮਨ ਦੀ ਮਤ ਤਿਆਗ ਦਿੰਦਾਂ ਹੈ, ਤੇ ਗੁਰਬਾਣੀ ਦੁਆਰਾ ਸਮਝਾਈ ਗਈ ਗੁਰੂ ਦੀ ਮਤ ਅਪਨਾ ਲੈਂਦਾ ਹੈ।

**ਕੰਘਾ** = ਕੇਸ ਸਰੀਰ ਦਾ ਜਿਉਂਦਾ ਹਿਸਾ ਹੈ, ਇਸੇ ਲਈ ਝੜ ਗਏ ਕੇਸਾਂ ਦੀ ਕੰਗੇ ਨਾਲ ਸਫਾਈ ਕੀਤੀ ਜਾਂਦੀ ਹੈ। ਕੰਘਾ ਸਿੱਖ ਨੂੰ ਆਲਸ ਦੂਰ ਕਰਨੀ ਤੇ ਉੱਦਮੀ ਬਣਨ ਲਈ ਸਿਖਿਆ ਦਿੰਦਾ ਹੈ। ਉੱਦਮ ਨਾਲ ਮਨ ਤੇ ਆਸਾਨੀ ਨਾਲ ਕਾਬੂ ਪਾਇਆ ਜਾ ਸਕਦਾ ਹੈ। ਕੰਘਾ ਮਰੇ ਵਾਲਾ ਨੂੰ ਬਾਹਰ ਕੱਢ ਦਿੰਦਾਂ ਹੈ, ਗੁਰੂ (ਸਬਦ) ਮਨ ਦੇ ਵਿਕਾਰਾ ਨੂੰ ਬਾਹਰ ਕੱਢ ਦਿੰਦਾਂ ਹੈ। ਜਿਸ ਤਰ੍ਹਾਂ ਮੁਰਦੇ ਨੂੰ ਕੋਈ ਵੀ ਆਪਣੇ ਘਰ ਵਿਚ ਨਹੀਂ ਰੱਖਦਾ ਹੈ, ਇਸੇ ਤਰ੍ਹਾਂ ਮੁਰਦਾ ਕੇਸਾਂ ਨੂੰ ਕੱਢਣ ਲਈ ਗੁਰੂ ਸਾਹਿਬ ਨੇ ਕੰਘਾ ਦਿਤਾ ਤਾਂ ਜੋ ਸਿੱਖ ਉਦਮੀ ਬਨਿਆ ਰਹੇ। ਕੰਘਾ ਤਿਆਰ ਕਰਨ ਲਈ ਆਰੀ ਨਾਲ ਦੰਦੇ ਕੱਡਣੇ ਪੈਦੇ ਹਨ। ਗੁਰੂ ਦੇ ਸਿੱਖ ਨੇ ਵੀ ਕੰਗੇ ਦੀ ਤਰ੍ਹਾਂ ਆਪਣੇ ਵਿਕਾਰਾਂ ਨੂੰ ਸਬਦ ਦੇ ਬਾਣ ਨਾਲ ਕਟਵਾਉਂਣਾ ਹੈ।

**ਕੜਾ** = ਜੀਵਨ ਵਿਚ ਹਰੇਕ ਤਰ੍ਹਾਂ ਦੇ ਕਾਰਜ ਕਰਦੇ ਸਮੇਂ, ਹੱਥ ਵਿਚ ਪਾਇਆ ਕੜਾ, ਗੁਰੂ ਦੀ ਯਾਦ ਦਿਵਾਂਉਂਦਾ ਰਹਿੰਦਾ ਹੈ, ਤੇ ਇਸ ਤਰ੍ਹਾਂ ਗੁਰਬਾਣੀ ਦੁਆਰਾ ਮਨ ਤੇ ਦਬਾਵ ਬਨਿਆ ਰਹਿੰਦਾਂ ਹੈ, ਜਿਸ ਸਦਕਾ ਜੀਵਨ ਵਿਚ ਸਹੀ ਰਸਤੇ ਤੇ ਚਲਣ ਲਈ ਮਾਰਗ ਦਰਸ਼ਨ ਹੁੰਦਾ ਰਹਿੰਦਾ ਹੈ।

**ਕ੍ਰਿਪਾਨ** = (ਕ੍ਰਿਪਾ+ਆਨ) = ਕ੍ਰਿਪਾਨ ਨੂੰ ਮਜ਼ਲੂਮ ਤੇ ਕਿਰਪਾ ਅਤੇ ਆਪਣੀ ਆਨ ਦੀ ਰੱਖਿਆ ਲਈ ਵਰਤਣਾ ਹੈ। ਕ੍ਰਿਪਾਨ ਦੂਸਰਿਆ ਦੇ ਭਲੇ ਅਤੇ ਸਵੈਰੱਖਿਆ ਲਈ ਦਿੱਤੀ ਗਈ ਹੈ। ਗੁਰੂ ਦੇ ਸਿੱਖ ਨੇ ਆਨ ਤੇ ਸ਼ਾਨ ਨਾਲ ਜੀਵਨ ਬਤੀਤ ਕਰਨਾ ਹੈ, ਗੁਲਾਮ ਦੀ ਤਰ੍ਹਾਂ ਨਹੀਂ ਰਹਿੰਣਾ ਹੈ, ਤੇ ਆਪਣਾ ਮਨ ਹਮੇਸ਼ਾ ਸੁਚੇਤ (Alert) ਰੱਖਣਾ ਹੈ।

**ਕਛਿਹਰਾ** = ਆਪਣੇ ਕਾਮ ਤੇ ਕਾਬੂ ਰੱਖਣਾ ਹੈ, ਮਨ ਨੂੰ ਪਾਪ ਵੱਲ ਜਾਣ ਤੋਂ ਰੋਕਣਾ ਹੈ। "***ਏਕਾ ਨਾਰੀ ਜਤੀ ਹੋਇ ਪਰ ਨਾਰੀ ਧੀ ਭੈਣ ਵਖਾਣੈ***" ਅਨੁਸਾਰ ਜੀਵਨ ਵਿਚ ਵਿਚਰਨਾ ਹੈ।

ਇਤਿਹਾਸ ਇਸ ਗੱਲ ਦਾ ਗਵਾਹ ਹੈ, ਕਿ ਸਿੱਖਾਂ ਨੇ ਸਿਰ ਤਾਂ ਕਟਵਾਏ ਪਰ ਕੇਸ ਨਹੀਂ। ਸਿੱਖ ਸੀਸ ਸਿਰਫ ਗੁਰੂ ਅੱਗੇ ਝੁਕਾਉਂਦਾਂ ਹੈ। ਹੁਣ ਇਸ ਵਿਚ ਕੁਝ ਮਤ ਗੁਰੂ ਦੀ ਹੈ ਅਤੇ ਕੁਝ ਆਪਣੀ ਹੈ। ਜਦੋਂ ਗੁਰੂ ਦੀ ਮਤ ਅੰਦਰ ਆ ਗਈ ਤਾਂ ਉਸ ਦੀ ਸੰਭਾਲ ਵੀ ਹੋਣੀ ਚਾਹੀਦੀ ਹੈ। ਇਸੇ ਲਈ ਸਿੱਖ ਆਪਣੇ ਸਿਰ ਉਪਰ ਦਸਤਾਰ ਸਜਾਉਦੇ ਹਨ ਤੇ ਬੀਬੀਆਂ ਸਿਰ ਤੇ ਚੁਨੀ ਲੈਦੀਆਂ ਹਨ। ਦਸਤਾਰ ਗਰਮੀ ਤੇ ਸਰਦੀ ਦੋਹਾਂ ਤਰ੍ਹਾਂ ਦੇ ਮੌਸਮਾਂ ਵਿਚ ਸਿਰ ਨੂੰ ਬਚਾਉਂਦੀ ਹੈ।

ਕਕਾਰ ਰਵਾਇਤਾਂ ਪੂਰੀਆਂ ਕਰਨ ਲਈ ਨਹੀਂ ਹਨ। ਇਹ ਸਿੱਖ ਨੂੰ ਹਮੇਸ਼ਾਂ ਸੁਚੇਤ ਕਰਦੇ ਹਨ ਤੇ ਮਾਰਗ ਦਰਸ਼ਨ ਕਰਦੇ ਰਹਿੰਦੇ ਹਨ। ਸਰੀਰ ਸੋਧਣਾਂ ਸੌਖਾ ਹੈ, ਪਰੰਤੂ ਮਨ ਨੂੰ ਸੋਧਣਾਂ ਬਹੁਤ ਔਖਾ ਹੈ, ਇਸ ਲਈ ਲਗਾਤਾਰ ਉਪਰਾਲੇ ਦੀ ਲੋੜ ਹੈ। ਇਹ ਪੰਜ ਕਕਾਰ ਸਿੱਖ ਨੂੰ ਹਮੇਸ਼ਾਂ ਸੁਚੇਤ ਕਰਦੇ ਰਹਿੰਦੇ ਹਨ ਕਿ ਗੁਰਬਾਣੀ ਨੂੰ ਹਮੇਸ਼ਾਂ ਆਪਣੇ ਚਿਤ ਵਿਚ ਰੱਖਿਆ ਕਰ।

ਕੇਸ ਗੁਰੂ ਕੀ ਮੋਹਰ ਹਨ। ਮੋਹਰ ਹੈ ਤਾਂ ਨੋਟ ਜਾ ਚਿੱਠੀ ਪ੍ਰਵਾਨ ਹੈ, ਨਹੀਂ ਤਾਂ ਕੋਈ ਕੀਮਤ ਨਹੀ। ਗੁਰਬਾਣੀ ਅਨੁਸਾਰ ਚਲਣ ਦੇ ਅਸੂਲ ਤਾਂ ਪਹਿਲਾਂ ਹੀ ਸਨ, ਜਿਨ੍ਹਾਂ ਉਪਰ ਗੁਰੂ ਨਾਨਕ ਸਹਿਬ ਨੇ ਦਸਖਤ ਕਰ ਦਿੱਤੇ ਸਨ। ਮੋਹਰ ਗੁਰੂ ਗੋਬਿੰਦ ਸਿੰਘ ਜੀ ਨੇ ਲਾਈ, ਕਿਉਂਕਿ ਗੁਰਗੱਦੀ ਜੁਗੋ ਜੁਗ ਅਟੱਲ ਗੁਰੂ ਗਰੰਥ ਸਾਹਿਬ ਨੂੰ ਦੇਣੀ ਸੀ, ਇਸ ਲਈ ਸਿੱਖੀ ਵਿਚ ਦਾਖਲੇ ਲਈ ਖੰਡੇ ਕੀ ਪਾਹੁਲ[ਹ੩੦),{E07] ਆਰੰਭ ਕੀਤੀ ਗਈ।

ਕੇਸ ਸਿੱਖੀ ਤੇ ਚਲਣ ਲਈ ਇਕ ਤਰ੍ਹਾਂ ਦਾ ਜੀਵਨ ਦਾਨ ਹੈ। ਇਸੇ ਲਈ ਅਰਦਾਸ ਵਿਚ ਬਾਕੀ ਮੰਗਾਂ ਦੇ ਨਾਲ ਇਸ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ "***ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ***", ਕੇਸਾਂ ਬਿਨਾ ਬਾਕੀ ਸਾਰੇ ਕਕਾਰ ਵਿਅਰਥ ਹਨ।

ਕੇਸਾਂ ਦੀ ਕਦਰ ਦੀ ਉਦਾਹਰਣ ਤਾਂ ਪੀਰ ਬੁਧੂ ਸ਼ਾਹ ਨੇ ਸਾਨੂੰ ਦਿਤੀ ਹੈ। ਆਪਣੇ ਪੁਤਰਾਂ ਤੇ ਮੁਰੀਦਾ ਦੀ ਸ਼ਹੀਦੀ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਤੋਂ ਮੰਗਿਆ ਤਾਂ ਇਹੀ ਮੰਗਿਆ ਕਿ ਮੈਨੂੰ ਆਪਣੇ ਕੰਘੇ ਵਿਚ ਪਏ ਕੇਸ ਦੇ ਦਿਉ। ਲੋਕ ਪੁੱਤਰ ਅਤੇ ਧੰਨ ਦੌਲਤ ਮੰਗਦੇ ਹਨ, ਪਰੰਤੂ ਪੀਰ ਬੁਧੂ ਸ਼ਾਹ ਨੇ ਕੇਸਾਂ ਨੂੰ ਸਭ ਤੋਂ ਵੱਡੀ ਚੀਜ਼ ਸਮਝਿਆ। ਪੀਰ ਬੁਧੂ ਸ਼ਾਹ ਗੁਰੂ ਸਾਹਿਬ ਕੋਲ

ਪੁੱਤਰ ਦੇ ਆਇਆ ਅਤੇ ਕੇਸਾਂ ਦੀ ਨਿਸ਼ਾਨੀ ਲੈ ਆਇਆ। ਪੀਰ ਬੁਧੂ ਸ਼ਾਹ ਨੇ ਗੁਰੂ ਸਾਹਿਬ ਕੋਲੋ ਸਦਾ ਕਾਇਮ ਰਹਿੰਣ ਵਾਲੀ ਨਿਸ਼ਾਨੀ ਲੈ ਲਈ।

ਅਕਸਰ ਕਈ ਲੋਕ ਸਵਾਲ ਕਰਦੇ ਹਨ ਕਿ ਜੇ ਕਰ ਸਿੱਖ ਕੇਸ ਨਹੀਂ ਕੱਟਦੇ ਹਨ, ਤਾਂ ਫਿਰ ਨੌਹ ਕਿਉਂ ਕੱਟਦੇ ਹਨ। ਜਿਸ ਤਰ੍ਹਾਂ ਜਿੰਦਾ ਕੇਸ ਸਰੀਰ ਦਾ ਹਿਸਾ ਹੁੰਦੇ ਹਨ ਤੇ ਸਮਾਂ ਪੈ ਕੇ ਮੁਰਦਾ ਬਣ ਕੇ ਝੜ ਜਾਂਦੇ ਹਨ। ਇਸੇ ਤਰ੍ਹਾਂ ਨੌਹਾਂ ਦਾ ਵੀ ਜਿੰਦਾ ਹਿਸਾ ਵੀ ਹੁੰਦਾ ਹੈ ਜੋ ਕਿ ਅਕਸਰ ਗੁਲਾਬੀ ਰੰਗ ਦਾ ਹੁੰਦਾ ਹੈ ਤੇ ਮੁਰਦਾ ਹਿਸਾ ਵੀ ਹੁੰਦਾ ਹੈ ਜੋ ਕਿ ਅਕਸਰ ਚਿਟਾ ਜਾਂ ਕਾਲੇ ਰੰਗ ਦਾ ਹੁੰਦਾ ਹੈ। ਕਿਉਂਕਿ ਜਿੰਦਾ ਨੌਹਾਂ ਵਿਚ ਸੰਵੇਦਨਾ ਹੁੰਦੀ ਹੈ, ਇਸ ਲਈ ਕੋਈ ਉਨ੍ਹਾਂ ਨੂੰ ਕੱਟਣ ਦੀ ਹਿੰਮਤ ਨਹੀਂ ਕਰਦਾ। ਪਹਿਲੇ ਸਮਿਆਂ ਵਿਚ ਨੇਲ ਕਟਰ ਨਹੀਂ ਹੁੰਦੇ ਸਨ ਤੇ ਅਕਸਰ ਲੋਕ ਹੱਥਾਂ ਨਾਲ ਕਿਰਤ ਕਰਦੇ ਸਨ, ਜਿਸ ਕਰਕੇ ਮੁਰਦਾ ਨੌਹ ਆਪਣੇ ਆਪ ਘਸ ਜਾਂਦੇ ਸਨ। ਅੱਜ ਦੇ ਸਮੇਂ ਵਿਚ ਹੱਥਾਂ ਨਾਲ ਕਿਰਤ ਬਹੁਤ ਘਟ ਗਈ ਹੈ, ਇਸੇ ਲਈ ਨੌਹਾਂ ਦੀ ਸਫਾਈ ਲਈ ਨੇਲ ਕਟਰ ਦੀ ਵਰਤੋਂ ਆਰੰਭ ਹੋ ਗਈ ਹੈ।

ਜੇ ਕਰ ਉਪਰ ਲਿਖੀਆਂ, ਗੁਰਬਾਣੀ ਦੀਆਂ ਸਿਖਿਆਵਾਂ, ਨੂੰ ਇਕੱਠਾ ਕਰੀਏ ਤਾਂ ਅਸੀਂ ਨਿਸਚੇ ਨਾਲ ਸਮਝ ਸਕਦੇ ਹਾਂ, ਕਿ ਸਿੱਖ ਧਰਮ ਦੇ ਮੁਢਲੇ ਸਿਧਾਤ, "***ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ***" ਅਨੁਸਾਰ ਚਲਣ ਲਈ ਕੇਸਾਂ ਦਾ ਰੱਖਣਾ ਤੇ ਕੇਸਾਂ ਦੀ ਸੰਭਾਲ ਬਹੁਤ ਜਰੂਰੀ ਹੈ।

- ਹਰ ਧਰਮ ਜਾਂ ਮਜਹਬ ਦੇ ਪੈਗੰਬਰ ਕੇਸਾਧਾਰੀ ਸਨ, ਪੁਰਾਤਨ ਸਮਿਆਂ ਵਿਚ ਜੇਕਰ ਕਿਸੇ ਨੂੰ ਸਜ਼ਾ ਦੇਣੀ ਹੁੰਦੀ ਸੀ ਤਾਂ ਉਸ ਦੇ ਕੇਸ ਕਤਲ ਕਰ ਦਿਤੇ ਜਾਂਦੇ ਸਨ।
- ਗੁਰੂ ਸਾਹਿਬਾਂ ਨੇ ਸਿੱਖ ਨੂੰ ਦੁਨੀਆ ਅਨੁਸਾਰ ਤੇ ਵੱਧ ਗਿਣਤੀ ਦੀਆਂ ਵੋਟਾਂ ਅਨੁਸਾਰ ਚਲਣ ਲਈ ਨਹੀਂ ਕਿਹਾ ਹੈ, ਬਲਕਿ ਸੱਚ ਦੇ ਮਾਰਗ ਅਤੇ ਅਕਾਲ ਪੁਰਖੁ ਦੇ ਹੁਕਮੁ ਤੇ ਰਜਾ ਅਨੁਸਾਰ ਚਲਣਾ ਸਿਖਾਇਆ ਹੈ।
- ਜਿਹੜਾ ਮਨੁੱਖ ਸਰੀਰਕ ਤਲ ਤੇ ਹੁਕਮੁ ਅਤੇ ਰਜਾ ਅਨੁਸਾਰ ਨਹੀਂ ਚਲ ਸਕਦਾ, ਉਹ ਆਤਮਿਕ ਤਲ ਤੇ ਹੁਕਮੁ ਅਤੇ ਰਜਾ ਅਨੁਸਾਰ ਕਿਸ ਤਰ੍ਹਾਂ ਚਲ ਸਕੇਗਾ।
- ਜੇ ਕਰ ਅਕਾਲ ਪੁਰਖੁ ਨੂੰ ਪਾਉਣਾਂ ਹੈ ਤਾਂ ਅਕਾਲ ਪੁਰਖੁ ਦੇ ਹੁਕਮੁ ਤੇ ਉਸ ਦੀ ਰਜ਼ਾ ਅਨੁਸਾਰ ਚਲਣਾ ਪਵੇਗਾ, ਜੋ ਕਿ ਧੁਰ ਤੋਂ ਹੀ ਜੀਵ ਦੇ ਨਾਲ ਲਿਖਿਆ ਹੋਇਆ ਹੈ।
- ਅੱਜ ਦੀ ਸਾਇੰਸ ਅਨੁਸਾਰ ਕੇਸ ਵੀ ਜਾਨਦਾਰ ਹਨ, ਕਿਉਂਕਿ ਉਹ ਵਧਦੇ ਹਨ ਤੇ ਇਕ ਦਿਨ ਖਤਮ ਜੋ ਜਾਂਦੇ ਹਨ। ਬੇਜਾਨਦਾਰ ਕੇਸ ਆਪਣੇ ਆਪ ਝੜ ਜਾਂਦੇ ਹਨ।
- ਅੱਜ ਦੀਆਂ ਖੋਜ਼ਾਂ ਨਾਲ ਪਤਾ ਲੱਗਾ ਹੈ ਕਿ ਕਈ ਜਹਰੀਲੀਆਂ ਧਾਤਾਂ ਕੇਸਾਂ ਰਾਹੀਂ ਬਾਹਰ ਨਿਕਲਦੀਆਂ ਹਨ।
- ਕੇਸਾਂ ਦੀ ਸੰਭਾਲ ਅਤੇ ਸਤਿਕਾਰ ਲਈ ਦਸਤਾਰ ਸਜਾਉਣੀ ਵੀ ਬਹੁਤ ਜਰੂਰੀ ਹੈ।
- ਜਿਨ੍ਹਾਂ ਮਨੁੱਖਾਂ ਦੇ ਸੋਹਣੇ ਨੱਕ ਹਨ, ਸੋਹਣੇ ਲੰਮੇ ਕੇਸ ਹਨ, ਉਹ ਅਕਾਲ ਪੁਰਖੁ ਦੇ ਹੀ ਨੱਕ ਤੇ ਕੇਸ ਹਨ।
- "***ਤੂੰ ਸਾਹਿਬੁ ਹਉ ਸਾਂਗੀ ਤੇਰਾ***" ਸਬਦ ਸਪੱਸ਼ਟ ਕਰਦਾ ਹੈ ਕਿ ਜੋ ਮੈਨੂੰ ਅਕਾਲ ਪੁਰਖੁ ਨੇ ਸਰੂਪ ਦਿੱਤਾ ਹੈ, ਉਹ ਮੈਨੂੰ ਪ੍ਰਵਾਨ ਹੈ।
- ਅਕਾਲ ਪੁਰਖੁ ਉਨ੍ਹਾਂ ਮਨੁੱਖਾਂ ਦਾ ਬਾਣੀ ਗਾਉਣਾ ਅਤੇ ਸੁਣਨਾ ਕਬੂਲ ਕਰਦਾ ਹੈ, ਜਿਨ੍ਹਾਂ ਨੇ ਗੁਰੂ ਦੇ ਹੁਕਮ ਨੂੰ ਬਿਲਕੁਲ ਸਹੀ ਜਾਣ ਕੇ ਉਸ ਉਤੇ ਅਮਲ ਕੀਤਾ ਹੈ।
- ਹਰੇਕ ਦੇਸ਼ ਦੀ ਫੌਜ਼, ਪੁਲੀਸ, ਜਾਂ ਸਕੂਲ ਦਾ ਅਨੁਸ਼ਾਸਨ ਕਾਇਮ ਰੱਖਣ ਲਈ ਆਪਣਾ ਆਪਣਾ ਡਰੈਸ ਕੋਡ ਹੁੰਦਾਂ ਹੈ। ਗੁਰੂ ਦੇ ਸਿੱਖ ਨੇ ਵੀ ਆਪਣੇ ਮਨ ਤੇ ਸਰੀਰ ਦਾ ਅਨੁਸ਼ਾਸਨ ਕਾਇਮ ਰੱਖਣਾ ਹੈ।
- **ਕੇਸ** ਸਿੱਖ ਨੂੰ ਸਿੱਖ ਧਰਮ ਦੇ ਮੁਢਲੇ ਸਿਧਾਤ, "***ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ***" ਅਨੁਸਾਰ ਚਲਣ ਲਈ ਸਿਖਿਆ ਦਿੰਦੇ ਹਨ। ਇਸ ਤਰ੍ਹਾਂ ਕਰਨ ਨਾਲ, ਗੁਰੂ ਦਾ ਸਿੱਖ ਆਪਣੇ ਮਨ ਦੀ ਮਤ ਤਿਆਗ ਦਿੰਦਾਂ ਹੈ, ਤੇ ਗੁਰਬਾਣੀ ਦੁਆਰਾ ਸਮਝਾਈ ਗਈ ਗੁਰੂ ਦੀ ਮਤ ਅਪਨਾ ਲੈਂਦਾ ਹੈ।
- ਇਤਿਹਾਸ ਇਸ ਗੱਲ ਦਾ ਗਵਾਹ ਹੈ, ਕਿ ਸਿੱਖਾਂ ਨੇ ਸਿਰ ਤਾਂ ਕਟਵਾਏ ਪਰ ਕੇਸ ਨਹੀਂ।
- ਕਕਾਰ ਰਵਾਇਤਾਂ ਪੂਰੀਆਂ ਕਰਨ ਲਈ ਨਹੀਂ ਹਨ। ਇਹ ਸਿੱਖ ਨੂੰ ਹਮੇਸ਼ਾਂ ਸੁਚੇਤ ਕਰਦੇ ਹਨ ਤੇ ਮਾਰਗ ਦਰਸ਼ਨ ਕਰਦੇ ਰਹਿੰਦੇ ਹਨ।
- ਕੇਸ ਗੁਰੂ ਕੀ ਮੋਹਰ ਹਨ, ਮੋਹਰ ਹੈ ਤਾਂ ਨੋਟ ਜਾ ਚਿੱਠੀ ਪ੍ਰਵਾਨ ਹੈ, ਨਹੀਂ ਤਾਂ ਕੋਈ ਕੀਮਤ ਨਹੀ।

ਉਨ੍ਹਾਂ ਮਨੁੱਖਾਂ ਦੀਆਂ ਦਾੜ੍ਹੀਆਂ ਸੱਚੀਆਂ ਤੇ ਸਤਕਾਰਯੋਗ ਹੋ ਜਾਂਦੀਆਂ ਹਨ, ਜਿਹੜੇ ਮਨੁੱਖ ਸਬਦ ਗੁਰੂ ਦੇ ਚਰਨਾਂ ਵਿਚ ਟਿਕੇ ਰਹਿੰਦੇ ਹਨ। ਅਜੇਹੇ ਮਨੁੱਖ ਹਰ ਵੇਲੇ ਆਪਣੇ ਗੁਰੂ ਦੀ ਸੇਵਾ ਵਿਚ ਲੱਗੇ ਰਹਿੰਦੇ ਹਨ, ਤੇ ਹਰ ਵੇਲੇ ਆਤਮਕ ਆਨੰਦ ਮਾਣਦੇ ਰਹਿੰਦੇ ਹਨ। ਅਜੇਹੇ ਮਨੁੱਖਾਂ ਦੇ ਇਹ ਮੂੰਹ ਸਦਾ ਥਿਰ ਰਹਿੰਣ ਵਾਲੇ ਅਕਾਲ ਪੁਰਖੁ ਦੇ ਦਰ ਤੇ ਸੋਹਣੇ ਲੱਗਦੇ ਹਨ।

***ਸੇ ਦਾੜੀਆਂ ਸਚੀਆ ਜਿ ਗੁਰ ਚਰਨੀ ਲਗੰਨ੍ਹਿ ॥ ਅਨਦਿਨੁ ਸੇਵਨਿ ਗੁਰੁ ਆਪਣਾ ਅਨਦਿਨੁ ਅਨਦਿ ਰਹੰਨ੍ਹਿ ॥ ਨਾਨਕ ਸੇ ਮੁਹ ਸੋਹਣੇ ਸਚੈ ਦਰਿ ਦਿਸੰਨ੍ਹਿ ॥੫੨॥ (੧੪੧੯)***

ਇਸ ਲਈ ਆਓ ਸਾਰੇ ਜਾਣੇ ਜੁਗੋ ਜੁਗ ਅਟੱਲ ਗੁਰੂ ਗਰੰਥ ਸਾਹਿਬ ਵਿਚ ਅੰਕਤ ਗੁਰਬਾਣੀ ਦੀ ਸਹਾਇਤਾ ਨਾਲ ਅਕਾਲ ਪੁਰਖੁ ਦੇ ਹੁਕਮੁ ਤੇ ਰਜਾ ਅਨੁਸਾਰ ਆਪਣੇ ਸਰੀਰ ਤੇ ਮਨ ਨੂੰ ਚਲਾ ਕੇ ਗੁਰੂ ਦੇ ਸੱਚੇ ਸਿੱਖ ਬਣੀਏ ਤੇ ਆਪਣਾ ਮਨੁੱਖਾ ਜਨਮ ਸਫਲ ਕਰੀਏ।

**"ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ"**

ਤਤਕਰਾ

## ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ (ਭਾਗ-੨੫)

## Sanjog and Vijog have been created by Akal Purkh right from the beginning of the universe (Part-25)

ਅਸੀਂ ਜਿਆਦਾਤਰ ਆਪਣੇ ਰੋਜ਼ਾਨਾ ਜੀਵਨ ਵਿਚ ਸੰਜੋਗੁ ਆਪਸ ਵਿਚ ਸਬੰਧ ਜਾਂ ਮਿਲਣ ਲਈ ਵਰਤਦੇ ਹਾਂ ਤੇ ਵਿਜੋਗੁ ਆਪਸ ਵਿਚ ਵਿਛੜਨ ਲਈ ਵਰਤਦੇ ਹਾਂ। ਪਰੰਤੂ ਗੁਰਬਾਣੀ ਵਿਚ ਸੰਜੋਗੁ ਤਾਂ ਜਿੰਦ ਤੇ ਸਰੀਰ ਦੇ ਮਿਲਾਪ ਲਈ ਹੈ ਤੇ ਵਿਜੋਗੁ ਜਿੰਦ ਦਾ ਸਰੀਰ ਤੋਂ ਵੱਖਰੇ ਹੋਣ ਲਈ ਹੈ। ਇਸ ਤੋਂ ਇਲਾਵਾ ਸੰਜੋਗੁ ਯਤਨ ਜਾਂ ਮਿਲਾਪ ਲਈ ਵੀ ਗੁਰਬਾਣੀ ਵਿਚ ਵਰਤਿਆ ਗਿਆ ਹੈ ਤੇ ਵਿਜੋਗੁ ਵਿਛੋੜੇ ਲਈ ਵੀ ਵਰਤਿਆ ਗਿਆ ਹੈ।

ਇਹ ਕੁਦਰਤ ਦੀ ਇਕ ਹੈਰਾਨੀ ਕਰਨ ਵਾਲੀ ਰਚਨਾ ਹੈ, ਕਿ ਕਿਸ ਤਰ੍ਹਾਂ ਇਕ ਛੋਟੇ ਜਿਹੇ ਬੀਜ ਤੋਂ ਬਹੁਤ ਵੱਡਾ ਦਰਖਤ ਬਣ ਜਾਂਦਾ ਹੈ ਤੇ ਉਸ ਦਰਖਤ ਨੂੰ ਫੁਲ ਤੇ ਫਲ ਲੱਗਦੇ ਹਨ, ਜਿਨ੍ਹਾਂ ਤੋਂ ਹੋਰ ਅਨੇਕਾਂ ਬੀਜ ਪੈਦਾ ਹੁੰਦੇ ਹਨ। ਇਕ ਦਿਨ ਉਹੀ ਦਰਖਤ ਮਰ ਸੜ ਕੇ ਡਿੱਗ ਜਾਂਦਾ ਹੈ ਤੇ ਜਮੀਨ ਵਿਚ ਅਲੋਪ ਹੋ ਜਾਂਦਾ ਹੈ। ਇਸੇ ਤਰ੍ਹਾਂ ਹੋਰ ਅਨੇਕਾਂ ਜੀਵ ਜੰਤੂ ਹਨ, ਜੋ ਕਿ ਅੰਡੇ ਜਾਂ ਜੇਰਜ ਨਾਲ ਪੈਦਾ ਹੁੰਦੇ ਹਨ, ਸਮਾਂ ਪੈਣ ਤੇ ਇਕ ਦਿਨ ਮਰ ਜਾਂਦੇ ਹਨ। ਅਸੀਂ ਕਹਿ ਸਕਦੇ ਹਾਂ ਕਿ ਹਵਾ ਨਾਲ ਬੀਜ ਦੂਰ ਦੂਰ ਤਕ ਫੈਲ ਜਾਂਦੇ ਹਨ ਤੇ ਹੋਰ ਨਵੀਆਂ ਥਾਂਵਾਂ ਤੇ ਪੇਡ ਪੌਦੇ ਉਗ ਜਾਂਦੇ ਹਨ। ਸਵਾਲ ਇਹ ਵੀ ਪੈਦਾ ਹੁੰਦਾ ਹੈ ਕਿ ਜਦੋਂ ਧਰਤੀ ਬਣੀ ਸੀ, ਉਹ ਇਕ ਅੱਗ ਦੇ ਗੋਲੇ ਦੀ ਤਰ੍ਹਾਂ ਸੀ, ਜੋ ਕਿ ਸਮੇਂ ਨਾਲ ਹੌਲੀ ਹੌਲੀ ਬਾਹਰੋ ਠੰਡੀ ਹੁੰਦੀ ਗਈ, ਪਾਣੀ ਇਕੱਠਾ ਹੋਇਆ, ਸਮੁੰਦਰ ਬਣਿਆ। ਪਹਿਲਾਂ ਪਹਿਲ ਪੰਜ ਤੱਤ (ਅੱਗ, ਹਵਾ, ਪਾਣੀ, ਧਰਤੀ, ਆਕਾਸ਼) ਸਮਝੇ ਜਾਂਦੇ ਸਨ, ਜੋ ਕਿ ਜੀਵਨ ਦਾ ਆਧਾਰ ਹਨ। ਸਮਾਂ ਬੀਤਦਾ ਗਿਆ ਤੇ ਪੇੜ, ਪੌਦੇ ਤੇ ਜੀਵ ਜੰਤੂ ਬਣਨੇ ਤੇ ਮਰਨੇ ਸ਼ੁਰੂ ਹੋ ਗਏ। ਅਸੀਂ ਅਕਸਰ ਵੇਖਦੇ ਹਾਂ ਕਿ ਬਾਰਸ਼ਾਂ ਦੇ ਦਿਨਾਂ ਵਿਚ ਜਮੀਨ ਵਿਚੋਂ ਨਵੇਂ ਨਵੇਂ ਜੀਵ ਨਿਕਲਣੇ ਸ਼ੁਰੂ ਹੋ ਜਾਂਦੇ ਹਨ। ਜਦੋਂ ਜਮੀਨ ਸੁਕ ਜਾਂਦੀ ਹੈ ਤਾਂ ਇਹ ਖਤਮ ਹੋ ਜਾਂਦੇ ਹਨ। ਸਵਾਲ ਪੈਦਾ ਹੁੰਦਾ ਹੈ ਕਿ ਇਹ ਕਿਸ ਤਰ੍ਹਾਂ ਪੈਦਾ ਹੁੰਦੇ ਹਨ ਤੇ ਕਿਸ ਤਰ੍ਹਾਂ ਮਰ ਜਾਂਦੇ ਹਨ। ਅੱਜ ਦੀ ਸਾਇੰਸ ਨਾਲ ਕੁਝ ਹੱਦ ਤਕ ਅਸੀਂ ਸਮਝ ਸਕਦੇ ਹਾਂ, ਕਿਉਂਕਿ ਅਸੀਂ ਅਕਸਰ ਇਹ ਹਰ ਸਾਲ ਵਾਪਰਦਾ ਵੇਖਦੇ ਹਾਂ। ਪਰੰਤੂ ਸਵਾਲ ਪੈਦਾ ਹੁੰਦਾ ਹੈ ਕਿ ਪਹਿਲੀ ਵਾਰ ਮਨੁੱਖ ਕਿਸ ਤਰ੍ਹਾਂ ਪੈਦਾ ਹੋਇਆ, ਹੋਰ ਜਾਨਵਰ ਕਿਸ ਤਰ੍ਹਾਂ ਪੈਦਾ ਹੋਏ ਸਨ। ਕਈ ਵੱਡੇ ਵੱਡੇ ਡਾਇਨਾਸੌਰ ਵਰਗਿਆ ਦੇ ਧਰਤੀ ਤੇ ਪੈਦਾ ਹੋਣ ਬਾਰੇ ਤੇ ਅੱਜ ਦੇ ਸਮੇਂ ਵਿਚ ਅਲੋਪ ਹੋਣ ਬਾਰੇ ਸੁਣਦੇ ਹਾਂ। ਸਾਇੰਸ ਅੰਦਾਜੇ ਲਗਾ ਸਕਦੀ ਹੈ, ਪਰੰਤੂ ਕੋਈ ਠੋਸ ਉੱਤਰ ਨਹੀਂ ਦੇ ਸਕਦੀ ਹੈ, ਕਿ ਇਹ ਸਭ ਕੁਝ ਕਿਸ ਤਰ੍ਹਾਂ ਆਰੰਭ ਹੋਇਆ ਤੇ ਹੁਣ ਕਿਸ ਤਰ੍ਹਾਂ ਸਦੀਆਂ ਤੋਂ ਚਲਿਆ ਆ ਰਿਹਾ ਹੈ।

ਅਨੇਕਾਂ ਹੀ ਜੁਗ ਘੁੱਪ ਹਨੇਰੇ ਵਿਚ ਲੰਘ ਗਏ, ਭਾਵ, ਸ੍ਰਿਸ਼ਟੀ-ਰਚਨਾ ਤੋਂ ਪਹਿਲਾਂ ਬੇਅੰਤ ਸਮਾਂ ਅਜੇਹੀ ਹਾਲਤ ਸੀ, ਜਿਸ ਬਾਰੇ ਅਸੀਂ ਕੁਝ ਵੀ ਨਹੀਂ ਸਮਝ ਸਕਦੇ, ਉਸ ਵੇਲੇ ਅਪਰ ਅਪਾਰ ਅਕਾਲ ਪੁਰਖ ਨੇ ਆਪਣੇ ਆਪ ਵਿਚ ਸਮਾਧੀ ਲਾਈ ਹੋਈ ਸੀ। ਉਸ ਘੁੱਪ ਹਨੇਰੇ ਵਿਚ ਅਕਾਲ ਪੁਰਖ ਆਪ ਹੀ ਨਿਰਲੇਪ ਬੈਠਾ ਹੋਇਆ ਸੀ, ਉਸ ਸਮੇਂ ਨਾ ਜਗਤ ਦਾ ਖਿਲਾਰਾ ਸੀ ਤੇ ਨਾ ਮਾਇਆ ਵਾਲੀ ਦੌੜ-ਭੱਜ ਸੀ। ਘੁੱਪ ਹਨੇਰੇ ਦੇ ਛੱਤੀ ਜੁਗ (ਅਣਗਿਣਤ ਸਮਾਂ) ਉਸ ਅਕਾਲ ਪੁਰਖ ਨੇ ਹੀ ਵਰਤਾਈ ਰੱਖੇ, ਜਿਵੇਂ ਉਸ ਨੂੰ ਚੰਗਾ ਲੱਗਾ ਉਸੇ ਤਰ੍ਹਾਂ ਉਹ ਘੁੱਪ ਹਨੇਰੇ ਵਾਲੀ ਕਾਰ ਚਲਾਉਂਦਾ ਰਿਹਾ। ਉਹ ਅਕਾਲ ਪੁਰਖ ਆਪ ਹੀ ਆਪ ਹੈ, ਉਸ ਤੋਂ ਪਰੇ ਹੋਰ ਕੋਈ ਹਸਤੀ ਨਹੀਂ, ਕੋਈ ਵੀ ਉਸ ਦਾ ਉਰਲਾ ਜਾਂ ਪਰਲਾ ਬੰਨਾ ਨਹੀਂ ਲੱਭ ਸਕਦਾ, ਕੋਈ ਵੀ ਉਸ ਦੇ ਬਰਾਬਰ ਦਾ ਨਹੀਂ ਦਿਸਦਾ। ਹੁਣ ਜਦੋਂ ਉਸ ਨੇ ਜਗਤ-ਰਚਨਾ ਰਚ ਲਈ ਹੈ, ਤਾਂ ਵੀ, ਉਸੇ ਨੂੰ ਚੌਹਾਂ ਜੁਗਾਂ ਵਿਚ ਜਗਤ ਦੇ ਅੰਦਰ ਗੁਪਤ ਰੂਪ ਵਿਚ ਵਿਆਪਕ ਜਾਣੋ। ਉਹ ਹਰੇਕ ਸਰੀਰ ਦੇ ਅੰਦਰ, ਹਰੇਕ ਦੇ ਹਿਰਦੇ ਵਿਚ ਮੌਜੂਦ ਹੈ। ਉਹ ਇਕੱਲਾ ਆਪ ਹੀ ਹਰੇਕ ਜੁਗ ਵਿਚ ਸਾਰੀ ਸ੍ਰਿਸ਼ਟੀ ਦੇ ਅੰਦਰ ਰਮਿਆ ਹੋਇਆ ਹੈ। ਇਸ ਭੇਤ ਨੂੰ ਕੋਈ ਵਿਰਲਾ ਬੰਦਾ ਹੀ ਸਮਝਦਾ ਹੈ, ਜੋ ਕਿ ਗੁਰੂ ਦੀ ਬਾਣੀ ਦੀ ਵਿਚਾਰ ਕਰਦਾ ਹੈ। ਅਕਾਲ ਪੁਰਖ ਦੇ ਹੁਕਮੁ ਵਿਚ ਹੀ ਪਿਤਾ ਦੇ ਵੀਰਜ ਦੀ ਬੂੰਦ ਤੇ ਮਾਂ ਦੇ ਪੇਟ ਦੇ ਲਹੂ ਨੇ ਮਿਲ ਕੇ ਮਨੁੱਖਾ ਸਰੀਰ ਬਣਾ ਦਿੱਤਾ। ਹਵਾ ਪਾਣੀ ਅੱਗ ਆਦਿਕ ਤੱਤਾਂ ਨੇ ਮਿਲ ਕੇ ਜੀਵ ਰਚ ਦਿੱਤੇ। ਹਰੇਕ ਸਰੀਰ ਵਿਚ ਬੈਠਾ ਅਕਾਲ ਪੁਰਖ ਆਪ ਹੀ ਸਭ ਚੋਜ ਤਮਾਸ਼ੇ ਕਰ ਰਿਹਾ ਹੈ, ਉਸ ਨੇ ਆਪ ਹੀ ਮਾਇਆ ਦੇ ਮੋਹ ਦਾ ਖਿਲਾਰਾ ਖਿਲਾਰਿਆ ਹੈ।

*ਬਿੰਦੁ ਰਕਤੁ ਮਿਲਿ ਪਿੰਡੁ ਸਰੀਆ ॥ ਪਉਣੁ ਪਾਣੀ ਅਗਨੀ ਮਿਲਿ ਜੀਆ ॥ ਆਪੇ ਚੋਜ ਕਰੇ ਰੰਗ ਮਹਲੀ ਹੋਰ ਮਾਇਆ ਮੋਹ ਪਸਾਰਾ ਹੇ ॥੪॥ (੧੦੨੬)*

ਜਿੰਦ ਤੇ ਸਰੀਰ ਦਾ ਮਿਲਾਪ ਅਤੇ ਵਿਛੋੜਾ ਅਕਾਲ ਪੁਰਖੁ ਦੇ ਹੁਕਮੁ ਤੇ ਉਸ ਦੀ ਰਜ਼ਾ ਅਨੁਸਾਰ ਹੀ ਹੁੰਦਾ ਹੈ। ਅਕਾਲ ਪੁਰਖੁ ਦੇ ਹੁਕਮੁ ਅੰਦਰ ਪੰਜ ਤੱਤ ਇਕੱਠੇ ਕਰ ਕੇ ਸਰੀਰ ਬਣਾਇਆ ਜਾਂਦਾ ਹੈ। ਅਕਾਲ ਪੁਰਖੁ ਦੇ ਹੁਕਮੁ ਅਨੁਸਾਰ ਹੀ ਜੀਵ ਆਤਮਾ ਸਰੀਰ ਵਿਚ ਪਾਈ ਜਾਂਦੀ ਹੈ ਤੇ ਸਰੀਰ ਅੰਦਰ ਨਿਵਾਸ ਕਰਦੀ ਹੈ। ਜੀਵ ਮਾਂ ਦੇ ਪੇਟ ਵਿਚ ਉਲਟੇ ਮੂੰਹ ਲਟਕਿਆ

ਰਹਿੰਦਾ ਹੈ, ਜਿੱਥੇ ਭਿਆਨਕ ਹਨੇਰਾ ਹੈ ਤੇ ਪੇਟ ਦੀ ਅੱਗ ਭਖਦੀ ਹੈ। ਮਾਂ ਦੇ ਪੇਟ ਅੰਦਰ ਜੀਵ ਆਪਣੇ ਹਰੇਕ ਸਾਹ ਦੇ ਨਾਲ ਅਕਾਲ ਪੁਰਖੁ ਨੂੰ ਯਾਦ ਕਰਦਾ ਰਹਿੰਦਾ ਹੈ ਤੇ ਅਕਾਲ ਪੁਰਖੁ ਦੇ ਹੁਕਮੁ ਤੇ ਉਸ ਦੀ ਰਜ਼ਾ ਅਨੁਸਾਰ ਰਹਿੰਦਾ ਹੈ, ਉਸ ਥਾਂ ਤੇ ਅਕਾਲ ਪੁਰਖੁ ਨੇ ਹੀ ਜੀਵ ਨੂੰ ਬਚਾਇਆ ਹੁੰਦਾ ਹੈ। ਜਦੋਂ ਜੀਵ ਮਾਂ ਦੇ ਪੇਟ ਵਿਚੋਂ ਬਾਹਰ ਨਿਕਲ ਆਉਂਦਾ ਹੈ, ਤਾਂ ਅਕਾਲ ਪੁਰਖੁ ਨੂੰ ਭੁਲਾ ਕੇ ਦੁਨੀਆ ਦੇ ਪਦਾਰਥਾਂ ਵਿਚ ਆਪਣਾ ਚਿੱਤ ਜੋੜ ਲੈਂਦਾ ਹੈ। ਅਕਾਲ ਪੁਰਖੁ ਨੂੰ ਵਿਸਾਰਨ ਕਰਕੇ ਜੀਵ ਜੰਮਣ ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ, ਜੂਨਾਂ ਵਿਚ ਪਾਇਆ ਜਾਂਦਾ ਹੈ, ਤੇ ਕਿਸੇ ਇੱਕ ਥਾਂ ਇਸ ਨੂੰ ਟਿਕਾਣਾ ਨਹੀਂ ਮਿਲਦਾ। ਸਾਰੇ ਜੀਵ ਉਸ ਅਕਾਲ ਪੁਰਖੁ ਦੇ ਹੀ ਪੈਦਾ ਕੀਤੇ ਹੋਏ ਹਨ, ਉਸ ਮਿਹਰਵਾਨ ਅਕਾਲ ਪੁਰਖੁ ਨੇ ਆਪ ਹੀ ਕਈ ਜੀਵ ਜਨਮ ਮਰਨ ਦੇ ਗੇੜ ਤੋਂ ਬਚਾਏ ਹਨ। ਇਸ ਜਗਤ ਵਿਚ ਆਇਆ ਹੋਇਆ ਜਿਹੜਾ ਜੀਵ, ਅਕਾਲ ਪੁਰਖੁ ਦੇ ਨਾਮੁ ਦੁਆਰਾ ਇਸ ਕੀਮਤੀ ਜਨਮ ਦੀ ਬਾਜੀ ਨੂੰ ਇਥੋਂ ਜਿੱਤ ਕੇ ਜਾਂਦਾ ਹੈ, ਉਹ ਅਕਾਲ ਪੁਰਖੁ ਦੀ ਹਜ਼ੂਰੀ ਵਿਚ ਕਬੂਲ ਹੋ ਜਾਂਦਾ ਹੈ।

*ਸੰਜੋਗੁ ਵਿਜੋਗੁ ਧੁਰਹੁ ਹੀ ਹੂਆ ॥ ਪੰਚ ਧਾਤੁ ਕਰਿ ਪੁਤਲਾ ਕੀਆ ॥ ਸਾਹੈ ਕੈ ਫੁਰਮਾਇਅੜੈ ਜੀ ਦੇਹੀ ਵਿਚਿ ਜੀਉ ਆਇ ਪਇਆ ॥੧॥ (੧੦੦੭, ੧੦੦੮)*

ਮਨੁੱਖ ਦਾ ਜੰਮ ਕੇ ਪਰਵਾਰ ਨਾਲ ਮਿਲਣਾ ਤੇ ਮਰਨ ਤੋਂ ਬਾਅਦ ਪਰਵਾਰ ਨਾਲੋਂ ਵਿਛੁੜਨਾ, ਇਹ ਖੇਡ ਅਕਾਲ ਪੁਰਖੁ ਨੇ ਆਪ ਬਣਾਈ ਹੋਈ ਹੈ। ਅਕਾਲ ਪੁਰਖੁ ਨੇ ਜਗਤ ਦੇ ਜੀਵ ਪੈਦਾ ਕੀਤੇ ਹਨ ਤੇ ਉਨ੍ਹਾਂ ਨੂੰ ਦੁਖ ਸੁਖ ਵੀ ਉਸ ਨੇ ਆਪ ਹੀ ਦਿੱਤੇ ਹਨ। ਜੇਹੜੇ ਗੁਰਮੁਖ ਬੰਦੇ ਗੁਰੂ ਦੀ ਸਰਨ ਵਿਚ ਆ ਕੇ ਮਿੱਠੇ ਸੁਭਾਵ ਵਾਲੇ ਰਹਿੰਦੇ ਹਨ, ਤੇ ਆਪਣੇ ਆਪ ਨੂੰ ਵਿਕਾਰਾਂ ਤੋਂ ਬਚਾਣ ਲਈ ਗੁਰਬਾਣੀ ਦਾ ਸੰਜੋਆ (ਜੰਗ ਵਿਚ ਸਰੀਰਕ ਨੂੰ ਵਾਰ ਤੋਂ ਬਚਾਉਣ ਲਈ ਪਹਿਨੇ ਜਾਣ ਵਾਲੇ ਲੋਹੇ ਦੀ ਜਾਲੀ ਦਾ ਕੱਪੜਾ) ਪਹਿਨਦੇ ਹਨ, ਉਹ ਦੁਖ ਸੁਖ ਤੋਂ ਨਿਰਲੇਪ ਰਹਿੰਦੇ ਹਨ।

*ਸੰਜੋਗੁ ਵਿਜੋਗੁ ਮੇਰੈ ਪ੍ਰਭਿ ਕੀਏ ॥ ਸ੍ਰਿਸਟਿ ਉਪਾਇ ਦੁਖਾ ਸੁਖ ਦੀਏ ॥ ਦੁਖ ਸੁਖ ਹੀ ਤੇ ਭਏ ਨਿਰਾਲੇ ਗੁਰਮੁਖਿ ਸੀਲੁ ਸਨਾਹਾ ਹੇ ॥੮॥ (੧੦੩੨)*

ਗੁਰੂ ਸਾਹਿਬ ਜੋਗੀਆਂ ਨੂੰ ਸਮਝਾਂਉਂਦੇ ਹਨ, ਕਿ ਜੇ ਅਕਾਲ ਪੁਰਖ ਦੀ ਸਰਬ ਵਿਆਪਕਤਾ ਦਾ ਗਿਆਨ ਤੇਰੇ ਲਈ ਭੰਡਾਰਾ ਹੋਵੇ। ਦਇਆ ਇਸ ਗਿਆਨ ਰੂਪੀ ਭੰਡਾਰੇ ਦੀ ਵਰਤਾਈ ਹੋਵੇ। ਹਰੇਕ ਜੀਵ ਦੇ ਅੰਦਰ ਜਿਹੜੀ ਜੀਵਨ ਦੀ ਰੌ ਚੱਲ ਰਹੀ ਹੈ, ਭੰਡਾਰਾ ਛਕਣ ਵੇਲੇ ਜੇ ਤੇਰੇ ਅੰਦਰ ਅਜੇਹੀ ਨਾਦੀ ਵੱਜ ਰਹੀ ਹੋਵੇ। ਤੇਰਾ ਨਾਥ ਆਪ ਅਕਾਲ ਪੁਰਖ ਹੋਵੇ, ਜਿਸ ਦੇ ਹੁਕਮੁ ਵਿਚ ਸਾਰੀ ਸ੍ਰਿਸ਼ਟੀ ਚਲ ਰਹੀ ਹੈ, ਅਜੇਹਾ ਕਰਨ ਨਾਲ ਤੇਰੇ ਅੰਦਰੋਂ ਕੂੜ ਦੀ ਪਾਲ ਟੁੱਟ ਸਕਦੀ ਹੈ, ਤੇ ਅਕਾਲ ਪੁਰਖੁ ਨਾਲੋਂ ਤੇਰੀ ਦੂਰੀ ਮਿਟ ਸਕਦੀ ਹੈ। ਜੋਗ ਸਾਧਨਾਂ ਰਾਹੀਂ ਪ੍ਰਾਪਤ ਹੋਈਆਂ ਰਿੱਧੀਆਂ ਸਿੱਧੀਆਂ ਵਿਅਰਥ ਹਨ, ਅਜੇਹੀਆਂ ਰਿੱਧੀਆਂ ਸਿੱਧੀਆਂ ਤਾਂ ਕਿਸੇ ਹੋਰ ਪਾਸੇ ਖੜਨ ਵਾਲੇ ਸੁਆਦ ਹਨ। ਅਕਾਲ ਪੁਰਖ ਦਾ "ਸੰਜੋਗ" ਦਾ ਹੁਕਮੁ ਤੇ "ਵਿਜੋਗ" ਦਾ ਹੁਕਮੁ, ਇਹ ਦੋਵੇਂ ਮਿਲ ਕੇ ਇਸ ਸੰਸਾਰ ਦੀ ਕਾਰ ਨੂੰ ਚਲਾ ਰਹੇ ਹਨ। ਪਿਛਲੇ ਸੰਜੋਗਾਂ ਕਰ ਕੇ ਪਰਿਵਾਰ ਦੇ ਜੀਵ ਇੱਥੇ ਆ ਕੇ ਇਕੱਠੇ ਹੁੰਦੇ ਹਨ ਤੇ ਉਸ ਦੀ ਰਜ਼ਾ ਵਿਚ ਫਿਰ ਵਿਛੜ ਕੇ ਆਪੋ ਆਪਣੀ ਵਾਰੀ ਅਨੁਸਾਰ ਇੱਥੋਂ ਚਲੇ ਜਾਂਦੇ ਹਨ। ਸਭ ਜੀਵਾਂ ਦੇ ਕੀਤੇ ਹੋਏ ਕਰਮਾਂ ਅਨੁਸਾਰ ਲੇਖੇ ਲਿਖੇ ਜਾਂਦੇ ਹਨ, ਤੇ ਉਸ ਅਨੁਸਾਰ ਉਨ੍ਹਾਂ ਨੂੰ ਸੁਖ ਦੁਖ ਮਿਲਦੇ ਰਹਿੰਦੇ ਹਨ। ਜੇਕਰ ਮਨੁੱਖ ਦਾ ਅਕਾਲ ਪੁਰਖ ਤੇ ਯਕੀਨ ਬਣ ਜਾਏ ਤਾਂ ਉਸ ਦੇ ਅੰਦਰੋਂ ਕੂੜ ਦੀ ਪਾਲ ਟੁੱਟ ਸਕਦੀ ਹੈ।

*ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ ॥ (੬, ੭)*

ਅਕਾਲ ਪੁਰਖੁ ਨੇ ਜੀਵ ਜੰਤੂਆਂ ਲਈ ਸੰਜੋਗ ਤੇ ਵਿਜੋਗ ਰੂਪੀ ਨਿਯਮ ਬਣਾਇਆ ਤੇ ਜਗਤ ਦੀ ਰਚਨਾ ਦਾ ਮੁੱਢ ਬੰਨਿਆ ਹੈ। ਅਕਾਲ ਪੁਰਖੁ ਨੇ ਆਪਣੇ ਹੁਕਮੁ ਵਿਚ ਸ੍ਰਿਸ਼ਟੀ ਸਾਜੀ ਤੇ ਜੀਵਾਂ ਦੀ ਆਤਮਾ ਵਿਚ ਆਪਣੀ ਜੋਤਿ ਰਲਾਈ। ਸਤਿਗੁਰੂ ਦੇ ਸਬਦ ਰਾਹੀਂ ਇਹ ਬਚਨ ਸੁਣਾਇਆ ਹੈ, ਕਿ ਇਹ ਸਾਰਾ ਪ੍ਰਕਾਸ਼ ਅਕਾਲ ਪੁਰਖੁ ਦੀ ਜੋਤਿ ਤੋਂ ਹੀ ਬਣਿਆ ਹੈ। ਬ੍ਰਹਮਾ, ਵਿਸ਼ਨੂ ਤੇ ਸ਼ਿਵ ਪੈਦਾ ਕਰ ਕੇ ਉਨ੍ਹਾਂ ਨੂੰ ਤਿੰਨਾਂ ਗੁਣਾਂ ਦੇ ਧੰਧੇ ਵਿਚ ਪਾ ਦਿੱਤਾ। ਅਕਾਲ ਪੁਰਖੁ ਨੇ ਸੰਜੋਗ ਵਿਜੋਗ ਰੂਪੀ ਮਾਇਆ ਦਾ ਮੁੱਢ ਰਚ ਦਿੱਤਾ, ਤੇ ਇਸ ਮਾਇਆ ਵਿਚ ਰਹਿ ਕੇ ਸੁਖ ਉਸ ਮਨੁੱਖ ਨੇ ਹੀ ਲੱਭਿਆ, ਜੋ ਗੁਰਮੁਖ ਦੀ ਅਵਸਥਾ ਤਕ ਪਹੁੰਚ ਸਕਿਆ।

*ਪਉੜੀ ॥ ਸੰਜੋਗੁ ਵਿਜੋਗੁ ਉਪਾਇਓਨੁ ਸ੍ਰਿਸਟੀ ਕਾ ਮੂਲੁ ਰਚਾਇਆ ॥ ਹੁਕਮੀ ਸ੍ਰਿਸਟਿ ਸਾਜੀਅਨੁ ਜੋਤੀ ਜੋਤਿ ਮਿਲਾਇਆ ॥ ਜੋਤੀ ਹੂੰ ਸਭੁ ਚਾਨਣਾ ਸਤਿਗੁਰਿ ਸਬਦੁ ਸੁਣਾਇਆ ॥ ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਸਿਰਿ ਧੰਧੈ ਲਾਇਆ ॥ ਮਾਇਆ ਕਾ ਮੂਲੁ ਰਚਾਇਓਨੁ ਤੁਰੀਆ ਸੁਖੁ ਪਾਇਆ ॥੨॥ (੫੦੯)*

ਵਿਕਾਰਾਂ ਤੋਂ ਬਚਣ ਦਾ ਪੱਕਾ ਪ੍ਰਬੰਧ ਗੁਰੂ ਦੇ ਦਰ ਤੇ ਪ੍ਰਾਪਤ ਹੁੰਦਾ ਹੈ, ਜਿਹੜਾ ਮਨੁੱਖ ਗੁਰੂ ਦੇ ਸਨਮੁਖ ਰਹਿੰਦਾ ਹੈ, ਉਹ ਗੁਰੂ ਦੇ ਸ਼ਬਦ ਦੁਆਰਾ ਆਪਣੇ ਅੰਦਰੋਂ ਹਉਮੈ ਤੇ ਕ੍ਰੋਧ ਦੂਰ ਕਰ ਲੈਂਦਾ ਹੈ। ਗੁਰੂ ਦੀ ਸਰਨ ਪਿਆਂ ਸਦਾ ਆਤਮਕ ਆਨੰਦ ਮਾਣਦਾ ਰਹਿੰਦਾ ਹੈ। ਚੰਗਾ ਆਚਰਨ, ਸੰਤੋਖ ਆਦਿ ਸਭ ਕੁਝ ਗੁਰੂ ਦੇ ਦਰ ਤੇ ਹੀ ਹਨ। ਸੰਸਾਰ ਵਿਚ ਖਚਿਤ ਰਿਹਾਂ ਮਨੁੱਖ ਦੇ ਅੰਦਰ ਹਉਮੈ ਪੈਦਾ ਹੋ ਜਾਂਦੀ ਹੈ, ਮਾਇਆ ਦਾ ਮੋਹ ਪੈਦਾ ਹੋ ਜਾਂਦਾ ਹੈ, ਤੇ ਇਨ੍ਹਾਂ ਦੇ ਕਾਰਨ ਅਕਾਲ ਪੁਰਖੁ ਦਾ ਨਾਮੁ ਭੁਲਾ ਕੇ ਸਾਰਾ ਜਗਤ ਆਤਮਕ ਮੌਤ ਸਹੇੜ ਲੈਂਦਾ ਹੈ। ਗੁਰੂ ਦੀ ਸਰਨ ਪੈਣ ਤੋਂ ਬਿਨਾ ਅਕਾਲ ਪੁਰਖੁ ਦਾ ਨਾਮੁ ਨਹੀਂ ਮਿਲਦਾ। ਅਕਾਲ ਪੁਰਖੁ ਦਾ

ਨਾਮੁ ਹੀ ਜਗਤ ਵਿਚ ਸਦਾ ਕਾਇਮ ਰਹਿਣ ਵਾਲੀ ਕਮਾਈ ਹੈ। ਗੁਰੂ ਦੇ ਸ਼ਬਦ ਦੁਆਰਾ ਜਿਸ ਮਨੁੱਖ ਨੂੰ ਅਕਾਲ ਪੁਰਖੁ ਦਾ ਅਟੱਲ ਹੁਕਮੁ ਮਿੱਠਾ ਲੱਗਣ ਲੱਗ ਪੈਂਦਾ ਹੈ, ਉਸ ਦੇ ਅੰਦਰ ਆਤਮਕ ਆਨੰਦ ਬਣਿਆ ਰਹਿੰਦਾ ਹੈ। ਗੁਰੂ ਦੇ ਸ਼ਬਦ ਤੋਂ ਬਿਨਾ ਮਨੁੱਖਾ ਜਨਮ ਦਾ ਮਨੋਰਥ ਪੂਰਾ ਨਹੀਂ ਹੁੰਦਾ ਤੇ ਜੀਵਨ ਅਸਫਲ ਰਹਿ ਜਾਂਦਾ ਹੈ। ਅਕਾਲ ਪੁਰਖੁ ਦੇ ਨਾਮੁ ਤੋਂ ਖੁੰਝਿਆਂ ਮਨੁੱਖ ਘੜੀ ਵਿਚ ਹੱਸ ਪੈਂਦਾ ਹੈ, ਘੜੀ ਵਿਚ ਰੋ ਪੈਂਦਾ ਹੈ ਤੇ ਹਰਖ ਸੋਗ ਦੇ ਚੱਕਰ ਵਿਚ ਫਸਿਆ ਰਹਿੰਦਾ ਹੈ। ਮਾਇਆ ਦੇ ਮੋਹ ਵਿਚ ਫਸਾ ਕੇ ਰੱਖਣ ਵਾਲੀ ਖੋਟੀ ਮਤਿ ਕਰਕੇ ਮਨੁੱਖ ਦੇ ਜੀਵਨ ਦਾ ਮਨੋਰਥ ਸਫਲ ਨਹੀਂ ਹੁੰਦਾ। ਅਕਾਲ ਪੁਰਖੁ ਦੇ ਨਾਮੁ ਵਿਚ ਜੁੜਨਾ ਤੇ ਅਕਾਲ ਪੁਰਖੁ ਦੇ ਨਾਮੁ ਤੋਂ ਵਿਛੁੜਨਾ, ਪਿਛਲੇ ਕੀਤੇ ਕਰਮਾਂ ਅਨੁਸਾਰ ਕਰਤਾਰ ਆਪ ਜੀਵਾਂ ਦੇ ਮੱਥੇ ਉਤੇ ਲਿਖਦਾ ਹੈ, ਇਹ ਪੂਰਬਲੇ ਕਰਮ ਤੇ ਕੀਤੀ ਹੋਈ ਕਮਾਈ ਜੀਵ ਪਾਸੋਂ ਮਿਟਾਈ ਨਹੀਂ ਜਾ ਸਕਦੀ।

***ਖਿਨ ਮਹਿ ਹਸੈ ਖਿਨ ਮਹਿ ਰੋਵੈ ॥ ਦੂਜੀ ਦੁਰਮਤਿ ਕਾਰਜੁ ਨ ਹੋਵੈ ॥ ਸੰਜੋਗੁ ਵਿਜੋਗੁ ਕਰਤੈ ਲਿਖਿ ਪਾਏ ਕਿਰਤੁ ਨ ਚਲੈ ਚਲਾਹਾ ਹੇ ॥੮॥ (੧੦੫੮)***

ਜਗਤ ਵਿਚ ਹਰ ਥਾਂ ਮਾਇਆ ਦਾ ਮੋਹ ਪ੍ਰਬਲ ਹੈ, ਤੇ ਹਉਮੈ ਦਾ ਖਿਲਾਰਾ ਖਿਲਰਿਆ ਹੋਇਆ ਹੈ। ਜਗਤ ਹਰ ਵੇਲੇ ਦਿਨ ਰਾਤ ਤ੍ਰਿਸ਼ਨਾ ਦੀ ਅੱਗ ਵਿਚ ਸੜਦਾ ਰਹਿੰਦਾ ਹੈ ਤੇ ਗੁਰੂ ਦੀ ਸਰਨ ਵਿਚ ਆਂਣ ਤੋਂ ਬਿਨਾ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ। ਅਕਾਲ ਪੁਰਖੁ ਆਪ ਜੀਵਾਂ ਨੂੰ ਜੋੜ ਕੇ ਇਥੇ ਪਰਵਾਰਾਂ ਵਿਚ ਇਕੱਠੇ ਕਰਦਾ ਹੈ ਤੇ ਆਪ ਹੀ ਇਨ੍ਹਾਂ ਨੂੰ ਆਪਣਿਆ ਨਾਲੋਂ ਵਿਛੋੜ ਦੇਂਦਾ ਹੈ। ਅਕਾਲ ਪੁਰਖੁ ਆਪ ਹੀ ਜੀਵਾਂ ਨੂੰ ਪੈਦਾ ਕਰਦਾ ਹੈ ਤੇ ਆਪ ਹੀ ਨਾਸ ਕਰਦਾ ਹੈ। ਅਕਾਲ ਪੁਰਖੁ ਦਾ ਹੁਕਮੁ ਸਦਾ ਲਈ ਅਟੱਲ ਹੈ, ਤੇ ਉਸ ਦੇ ਹੁਕਮੁ ਵਿਚ ਪੈਦਾ ਹੋਇਆ ਇਹ ਜਗਤ ਦਾ ਪਸਾਰਾ ਵੀ ਸਦਾ ਕਾਇਮ ਰਹਿੰਣ ਵਾਲਾ ਹੈ। ਅਕਾਲ ਪੁਰਖੁ ਤੋਂ ਇਲਾਵਾ ਕੋਈ ਹੋਰ ਅਜੇਹਾ ਨਹੀਂ ਹੈ, ਜਿਸ ਦਾ ਹੁਕਮੁ ਚਲ ਸਕਦਾ ਹੋਵੇ।

***ਆਪੇ ਜੋੜਿ ਵਿਛੋੜੇ ਆਪੇ ॥ ਆਪੇ ਥਾਪਿ ਉਥਾਪੇ ਆਪੇ ॥ ਸਚਾ ਹੁਕਮੁ ਸਚਾ ਪਾਸਾਰਾ ਹੋਰਨਿ ਹੁਕਮੁ ਨ ਹੋਈ ਹੇ ॥੪॥ (੧੦੮੫)***

ਆਤਮਾ ਤੇ ਸਰੀਰ ਇਕੱਠੇ ਹੋ ਕੇ ਵਿੱਛੁੜ ਜਾਂਦੇ ਹਨ, ਤੇ ਵਿੱਛੁੜ ਕੇ ਫਿਰ ਮਿਲ ਜਾਂਦੇ ਹਨ, ਭਾਵ, ਜੀਵ ਜੰਮਦੇ ਹਨ ਤੇ ਫਿਰ ਮਰਦੇ ਰਹਿੰਦੇ ਹਨ। ਇਹ ਜੰਮਣ ਮਰਨ ਦਾ ਸਿਲਸਿਲਾ ਇਤਨਾ ਲੰਮਾ ਹੁੰਦਾ ਹੈ ਕਿ ਜੀਵ ਇਸ ਗੇੜ ਵਿਚ ਕਈਆਂ ਦੇ ਪਿਉ ਤੇ ਕਈਆਂ ਦੇ ਪੁੱਤਰ ਬਣਦੇ ਹਨ, ਕਈ ਵਾਰੀ ਗੁਰੂ ਤੇ ਚੇਲੇ ਬਣਦੇ ਹਨ। ਇਹ ਲੇਖਾ ਗਿਣਿਆ ਨਹੀਂ ਜਾ ਸਕਦਾ, ਕਿ ਜੋ ਕੁਝ ਅਸੀਂ ਹੁਣ ਇਸ ਵੇਲੇ ਹਾਂ, ਇਸ ਤੋਂ ਪਹਿਲਾਂ ਸਾਡਾ ਕੀ ਜਨਮ ਸੀ, ਤੇ ਅੱਗੇ ਕੀ ਹੋਵੇਗਾ। ਪਰ ਇਹ ਸਾਰੇ ਜਗਤ ਦੀ ਰਚਨਾ ਦਾ ਰੂਪ ਤੇ ਜੋ ਲੇਖਾ ਲਿਖਿਆ ਜਾ ਰਿਹਾ ਹੈ, ਇਹ ਜੀਵਾਂ ਦੇ ਕੀਤੇ ਕਰਮਾਂ ਅਨੁਸਾਰ ਲਿਖਿਆ ਜਾਂਦਾ ਹੈ। ਅਕਾਲ ਪੁਰਖੁ ਆਪਣੇ ਹੁਕਮੁ ਤੇ ਰਜਾ ਅਨੁਸਾਰ ਇਹ ਖੇਡ ਖੇਡੀ ਜਾ ਰਿਹਾ ਹੈ। ਮਨਮੁਖ ਇਸ ਜਨਮ ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ ਤੇ ਗੁਰਮੁਖ ਇਸ ਵਿਚੋਂ ਪਾਰ ਲੰਘ ਜਾਂਦਾ ਹੈ, ਕਿਉਂਕਿ, ਅਕਾਲ ਪੁਰਖੁ ਗੁਰਮੁਖ ਉੱਪਰ ਆਪਣੀ ਮਿਹਰ ਦੀ ਨਜ਼ਰ ਕਰਦਾ ਹੈ।

***ਮਹਲਾ ੧ ॥ ਜੁੜਿ ਜੁੜਿ ਵਿਛੁੜੇ ਵਿਛੁੜਿ ਜੁੜੇ ॥ ਜੀਵਿ ਜੀਵਿ ਮੁਏ ਮੁਏ ਜੀਵੇ ॥ ਕੇਤਿਆ ਕੇ ਬਾਪ ਕੇਤਿਆ ਕੇ ਬੇਟੇ ਕੇਤੇ ਗੁਰ ਚੇਲੇ ਹੂਏ ॥ ਆਗੈ ਪਾਛੈ ਗਣਤ ਨ ਆਵੈ ਕਿਆ ਜਾਤੀ ਕਿਆ ਹੁਣਿ ਹੂਏ ॥ ਸਭੁ ਕਰਣਾ ਕਿਰਤੁ ਕਰਿ ਲਿਖੀਐ ਕਰਿ ਕਰਿ ਕਰਤਾ ਕਰੇ ਕਰੇ ॥ ਮਨਮੁਖਿ ਮਰੀਐ ਗੁਰਮੁਖਿ ਤਰੀਐ ਨਾਨਕ ਨਦਰੀ ਨਦਰਿ ਕਰੇ ॥੨॥ (੧੨੩੮)***

ਜਿਵੇਂ ਸੂਰਜ ਦੀ ਕਿਰਣ ਨਾਲ ਮਿਲ ਕੇ ਬਰਫ਼ ਤੋਂ ਪਾਣੀ ਬਣ ਜਾਂਦਾ ਹੈ। ਬਰਫ਼ ਭਾਵੇਂ ਪਾਣੀ ਤੋਂ ਹੀ ਬਣੀ ਹੁੰਦੀ ਹੈ, ਪਰੰਤੂ ਸੂਰਜ ਦਾ ਨਿੱਘ ਮਿਲਣ ਨਾਲ ਉਹ ਤਰਲ ਪਦਾਰਥ ਵਿਚ ਬਦਲ ਜਾਂਦੀ ਹੈ ਤੇ ਉਸ ਦੇ ਅੰਦਰੋਂ ਕਠੋਰਤਾ ਖ਼ਤਮ ਹੋ ਜਾਂਦੀ ਹੈ ਤੇ ਇਕ ਦਿਨ ਵਾਪਿਸ ਸਮੁੰਦਰ ਨਾਲ ਮਿਲ ਜਾਂਦੀ ਹੈ। ਇਸੇ ਤਰ੍ਹਾਂ ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਕਰਨ ਨਾਲ ਜੀਵ ਦੇ ਅੰਦਰੋਂ ਰੁੱਖਾ ਪਨ ਦੂਰ ਹੋ ਜਾਂਦਾ ਹੈ ਤੇ ਜੀਵ ਦੀ ਜਿੰਦ ਅਕਾਲ ਪੁਰਖੁ ਦੀ ਜੋਤਿ ਨਾਲ ਇਕ ਮਿਕ ਹੋ ਜਾਂਦੀ ਹੈ, ਜੀਵ ਸਾਰੇ ਗੁਣਾਂ ਦੇ ਮਾਲਕ ਅਕਾਲ ਪੁਰਖੁ ਦਾ ਰੂਪ ਹੋ ਜਾਂਦਾ ਹੈ। ਫਿਰ ਉਸ ਨੂੰ ਅਕਾਲ ਪੁਰਖੁ ਹਰ ਥਾਂ ਵੱਸਦਾ ਦਿਖਾਈ ਦਿੰਦਾ ਹੈ, ਉਸ ਨੂੰ ਹਰੇਕ ਵਿਚ ਅਕਾਲ ਪੁਰਖੁ ਹੀ ਬੋਲਦਾ ਸੁਣਾਈ ਦਿੰਦਾ ਹੈ। ਉਸ ਨੂੰ ਇਸ ਤਰ੍ਹਾਂ ਲਗਦਾ ਹੈ ਕਿ ਹਰ ਥਾਂ ਇਕ ਅਕਾਲ ਪੁਰਖੁ ਦਾ ਹੀ ਜ਼ਿਕਰ ਹੋ ਰਿਹਾ ਹੈ। ਉਸ ਨੂੰ ਹਰ ਥਾਂ ਸਿਰਜਣਹਾਰ ਦੀ ਆਤਮਾ ਦਾ ਖਿਲਾਰਾ ਦਿਖਾਈ ਦਿੰਦਾ ਹੈ, ਅਕਾਲ ਪੁਰਖੁ ਤੋਂ ਬਿਨਾ ਉਹ ਕਿਸੇ ਹੋਰ ਨੂੰ ਨਹੀਂ ਪਛਾਣਦਾ, ਉਸ ਨੂੰ ਨਿਸ਼ਚਾ ਹੋ ਜਾਂਦਾ ਹੈ ਕਿ ਅਕਾਲ ਪੁਰਖੁ ਆਪ ਹੀ ਸਭ ਨੂੰ ਪੈਦਾ ਕਰਨ ਵਾਲਾ ਹੈ, ਜੀਵਾਂ ਵਿਚ ਵਿਆਪਕ ਹੋ ਕੇ ਆਪ ਹੀ ਸਾਰੇ ਰੰਗ ਮਾਣ ਰਿਹਾ ਹੈ, ਉਹ ਆਪ ਹੀ ਹਰੇਕ ਕੰਮ ਦੀ ਪ੍ਰੇਰਨਾ ਕਰ ਰਿਹਾ ਹੈ। ਪਰੰਤੂ ਇਸ ਅਵਸਥਾ ਨੂੰ ਉਹੀ ਮਨੁੱਖ ਸਮਝਦੇ ਹਨ, ਜਿਨ੍ਹਾਂ ਨੇ ਅਕਾਲ ਪੁਰਖੁ ਦੇ ਨਾਮੁ ਦਾ ਸੁਆਦ ਚੱਖਿਆ ਹੈ।

***ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥ ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥ ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥ ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥ ਆਪਿ ਕਰਤਾ ਆਪਿ ਭੁਗਤਾ ਆਪਿ ਕਾਰਣੁ ਕੀਆ ॥ ਬਿਨਵੰਤਿ ਨਾਨਕ ਸੇਈ ਜਾਣਹਿ ਜਿਨ੍ਹੀ ਹਰਿ ਰਸੁ ਪੀਆ ॥੪॥੨॥ (੮੪੬)***

ਆਮ ਤੌਰ ਤੇ ਵੇਖਣ ਵਿਚ ਆਇਆ ਹੈ, ਕਿ ਉੱਪਰ ਲਿਖਿਆ ਸਬਦ ਅਕਸਰ ਗੁਰਦੁਆਰਾ ਸਾਹਿਬਾਂ ਵਿਚ ਕਿਸੇ ਮਨੁੱਖ ਦੇ ਅਕਾਲ ਚਲਾਣਾ ਸਮੇਂ ਪੜ੍ਹਿਆ ਜਾਂਦਾ ਹੈ। ਪਰੰਤੂ ਸਬਦ ਨੂੰ ਧਿਆਨ ਨਾਲ ਵਿਚਾਰੋ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਇਸ ਸਬਦ

ਦਾ ਸਬੰਧ ਮਰਨ ਤੋਂ ਬਾਅਦ ਦਾ ਕੋਈ ਨਹੀਂ ਹੈ, ਬਲਕਿ ਇਹ ਸਬਦ ਤਾਂ ਜਿਉਂਦੇ ਜੀ ਉਸ ਅਕਾਲ ਪੁਰਖੁ ਦੇ ਮਿਲਾਪ ਲਈ ਹੈ। ਸੇਵਕ ਨੇ ਗੁਰਬਾਣੀ ਦੁਆਰਾ ਅਕਾਲ ਪੁਰਖੁ ਦੇ ਨਾਲ ਇਕ ਮਿਕ ਹੋਣਾ ਹੈ। ਵੈਸੇ ਵੀ ਗੁਰਬਾਣੀ ਨੂੰ ਧਿਆਨ ਨਾਲ ਪੜ੍ਹੋ ਤੇ ਵਿਚਾਰੋ ਤਾਂ ਪਤਾ ਲਗਦਾ ਹੈ ਕਿ ਗੁਰੂ ਗਰੰਥ ਸਾਹਿਬ ਵਿਚ ਕਿਤੇ ਵੀ ਨਹੀਂ ਲਿਖਿਆ ਹੈ, ਕਿ ਗਰੰਥੀ ਜੀ ਦੀ ਅਰਦਾਸ ਕਰਨ ਨਾਲ ਜਾਂ ਮਨੁੱਖ ਦੇ ਮਰਨ ਸਬੰਧੀ ਪ੍ਰੋਗਰਾਮਾਂ ਵਿਚ ਗੁਰਬਾਣੀ ਦਾ ਪਰਚੱਲਤ ਕੀਰਤਨ ਕਰਨ ਨਾਲ, ਕਿਸੇ ਮਰੇ ਹੋਏ ਮਨੁੱਖ ਦਾ ਭਲਾ ਹੋ ਸਕਦਾ ਹੈ। ਬਲਕਿ ਗੁਰੂ ਗਰੰਥ ਸਾਹਿਬ ਵਿਚ ਤਾਂ ਕਈ ਥਾਂਵਾਂ ਤੇ ਲਿਖਿਆ ਮਿਲ ਜਾਵੇਗਾ ਕਿ ਨਿਬੇੜਾ ਕੀਤੇ ਹੋਏ ਕਰਮਾਂ ਅਨੁਸਾਰ ਹੋਣਾ ਹੈ। ਇਸ ਲਈ ਜੀਵ ਨੇ ਇਸ ਮਿਲੇ ਹੋਏ ਮਨੁੱਖਾ ਜਨਮ ਵਿਚ ਗੁਰਬਾਣੀ ਅਨੁਸਾਰ ਜੀਵਨ ਵਿਚ ਵਿਚਰਨਾ ਹੈ, ਤੇ ਚੰਗੇ ਕਰਮ ਕਰਨੇ ਹਨ, ਤਾਂ ਜੋ ਉਨ੍ਹਾਂ ਅਨੁਸਾਰ ਨਿਬੇੜਾ ਹੋ ਸਕੇ।

ਕੱਤਕ ਦੀ ਸੁਹਾਵਣੀ ਰੁੱਤ ਵਿਚ ਵੀ ਜੇਕਰ ਅਕਾਲ ਪੁਰਖੁ (ਪਤੀ) ਨਾਲੋਂ ਵਿਛੋੜਾ ਰਿਹਾ, ਤਾਂ ਇਹ ਮਨੁੱਖ ਦੇ ਆਪਣੇ ਕੀਤੇ ਹੋਏ ਕਰਮਾਂ ਦਾ ਨਤੀਜਾ ਹੈ, ਕਿਸੇ ਹੋਰ ਦੇ ਮੱਥੇ ਤੇ ਕੋਈ ਦੋਸ ਨਹੀਂ ਲਾਇਆ ਜਾ ਸਕਦਾ। ਪਰਮੇਸਰ ਦੀ ਯਾਦ ਭੁਲਣ ਨਾਲ ਦੁਨੀਆ ਦੇ ਸਾਰੇ ਦੁਖ-ਕਲੇਸ਼ ਆ ਚੰਮੜਦੇ ਹਨ। ਜਿਨ੍ਹਾਂ ਨੇ ਇਸ ਜਨਮ ਵਿਚ ਅਕਾਲ ਪੁਰਖੁ ਦੀ ਯਾਦ ਵੱਲੋਂ ਮੂੰਹ ਮੋੜੀ ਰੱਖਿਆ, ਉਨ੍ਹਾਂ ਨੂੰ ਫਿਰ ਲੰਮੇ ਵਿਛੋੜੇ ਪੈ ਜਾਂਦੇ ਹਨ। ਜੇਹੜੀਆਂ ਮਾਇਆ ਦੀਆਂ ਮੌਜਾਂ ਲਈ ਅਕਾਲ ਪੁਰਖੁ ਨੂੰ ਭੁਲਾ ਦਿੱਤਾ ਸੀ, ਉਹ ਵੀ ਇਕ ਪਲ ਵਿਚ ਦੁਖਦਾਈ ਹੋ ਜਾਂਦੀਆਂ ਹਨ, ਅਜੇਹੀ ਦੁਖੀ ਹਾਲਤ ਵਿਚ ਕਿਸੇ ਕੋਲ ਵੀ ਰੋਜਾਨਾਂ ਰੋਣੇ ਰੋਣ ਨਾਲ ਕੋਈ ਲਾਭ ਨਹੀਂ ਹੁੰਦਾ, ਕਿਉਂਕਿ ਦੁਖ ਤਾਂ ਅਕਾਲ ਪੁਰਖੁ ਦੇ ਵਿਛੋੜੇ ਕਾਰਨ ਹੈ, ਤੇ ਵਿਛੋੜੇ ਨੂੰ ਦੂਰ ਕਰਨ ਲਈ ਕੋਈ ਹੋਰ ਵਿਚੋਲਾਪਨ ਨਹੀਂ ਕਰ ਸਕਦਾ ਹੈ। ਦੁਖੀ ਜੀਵ ਦੀ ਵੀ ਆਪਣੀ ਕੋਈ ਪੇਸ਼ ਨਹੀਂ ਚਲਦੀ, ਕਿਉਂਕਿ ਪਿਛਲੇ ਕੀਤੇ ਕਰਮਾਂ ਅਨੁਸਾਰ ਹੀ ਧੁਰੋਂ ਇਹ ਸੰਜੋਗ ਬਣਦੇ ਹਨ। ਪਰੰਤੂ ਜੇਕਰ ਚੰਗੇ ਭਾਗਾਂ ਨਾਲ ਅਕਾਲ ਪੁਰਖੁ ਆਪ ਮਿਲ ਪਵੇ, ਤਾਂ ਵਿਛੋੜੇ ਨਾਲ ਪੈਦਾ ਹੋਏ ਸਾਰੇ ਦੁਖ ਮਿਟ ਸਕਦੇ ਹਨ। ਗੁਰੂ ਸਾਹਿਬ ਤਾਂ ਇਹੀ ਸਮਝਾਂਉਂਦੇ ਹਨ ਕਿ ਮਾਇਆ ਦੇ ਬੰਧਨਾਂ ਤੋਂ ਛੁਡਾਵਣ ਵਾਲੇ ਅਕਾਲ ਪੁਰਖੁ ਅੱਗੇ ਇਹੀ ਬੇਨਤੀ ਕਰਿਆ ਕਰ ਕਿ ਮੈਨੂੰ ਮਾਇਆ ਦੇ ਮੋਹ ਤੋਂ ਬਚਾ ਲੈ। ਕੱਤਕ ਦੀ ਸੁਆਦਲੀ ਰੁੱਤ ਵਿਚ ਜਿਨ੍ਹਾਂ ਨੂੰ ਸਾਧ ਸੰਗਤਿ ਮਿਲ ਜਾਂਦੀ ਹੈ, ਉਨ੍ਹਾਂ ਦੀਆਂ ਵਿਛੋੜੇ ਕਰਕੇ ਪੈਦਾ ਹੋਈਆਂ ਸਾਰੀਆਂ ਚਿੰਤਾਵਾਂ ਦੂਰ ਹੋ ਜਾਂਦੀਆਂ ਹਨ।

***ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥ ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥ ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥ (੧੩੫)***

ਅਕਸਰ ਲੋਕ ਆਪਣੇ ਕਾਰਜ ਸਫਲ ਕਰਾਉਂਣ ਲਈ ਕੋਈ ਨਾ ਕੋਈ ਮਹੂਰਤ ਲੱਭਦੇ ਰਹਿੰਦੇ ਹਨ, ਗੁਰੂ ਸਾਹਿਬ ਵੀ ਸਮਝਾਂਉਂਣ ਲਈ ਪਹਿਲਾ ਇਹੀ ਪ੍ਰਸ਼ਨ ਕਰਦੇ ਹਨ ਕਿ ਉਹ ਕਿਹੜੇ ਮਹੂਰਤ ਹਨ, ਜਿਨ੍ਹਾਂ ਨਾਲ ਮੈ ਆਪਣੇ ਅਕਾਲ ਪੁਰਖੁ ਨੂੰ ਮਿਲ ਸਕਦਾ ਹਾਂ? ਨਾਲ ਹੀ ਗੁਰੂ ਸਾਹਿਬ ਸਮਝਾਉਂਣ ਲਈ ਉਤਰ ਦਿੰਦੇ ਹਨ, ਕਿ ਉਹ ਲਗਨ ਮਹੂਰਤ ਤਾਂ ਹਰ ਵੇਲੇ ਹੈ, ਉਸ ਵਾਸਤੇ ਕੋਈ ਖਾਸ ਦਿਨ ਜਾਂ ਸਮਾਂ ਲੱਭਣ ਦੀ ਲੋੜ ਨਹੀਂ। ਇਸ ਲਈ ਇਨ੍ਹਾਂ ਕਰਮ ਕਾਂਡਾ ਲਈ ਜੀਵਨ ਦਾ ਇਕ ਪਲ ਜਾਂ ਅੱਖ ਝਮਕਣ ਜਿਤਨਾ ਸਮਾਂ ਵੀ ਵਿਅਰਥ ਨਹੀਂ ਗਵਾਉਂਣਾਂ ਹੈ ਤੇ ਸਦਾ ਅਕਾਲ ਪੁਰਖੁ ਦੇ ਨਾਮੁ ਨੂੰ ਯਾਦ ਕਰਨਾ ਹੈ ਤਾਂ ਜੋ ਸਦਾ ਕਾਇਮ ਰਹਿੰਣ ਵਾਲੇ ਅਕਾਲ ਪੁਰਖੁ ਨਾਲ ਮਿਲਾਪ ਹੋ ਸਕੇ। ਇਸ ਲਈ ਅਕਾਲ ਪੁਰਖੁ ਦੇ ਦਰ ਤੇ ਸਦਾ ਇਹੀ ਅਰਦਾਸ ਕਰਨੀ ਹੈ, ਕਿ ਹੇ ਅਕਾਲ ਪੁਰਖੁ! ਮੇਰੇ ਉਤੇ ਇਹੋ ਜਿਹੀ ਕਿਰਪਾ ਕਰੋ, ਕਿ ਮੈਨੂੰ ਤੁਹਾਡਾ ਨਾਮੁ ਕਦੇ ਵੀ ਨਾ ਭੁੱਲੇ।

***ਕਵਨ ਸੰਜੋਗ ਮਿਲਉ ਪ੍ਰਭ ਅਪਨੇ ॥ ਪਲੁ ਪਲੁ ਨਿਮਖ ਸਦਾ ਹਰਿ ਜਪਨੇ ॥੧॥ (੮੦੬)***

ਨਦੀਆਂ ਤੋਂ ਵਿਛੁੜੇ ਹੋਏ ਵਹਣਾਂ ਦਾ, ਨਦੀਆਂ ਨਾਲ ਮੁੜ ਮੇਲ, ਭਾਗਾਂ ਨਾਲ ਹੀ ਹੁੰਦਾ ਹੈ। ਇਸੇ ਤਰ੍ਹਾਂ ਮਾਇਆ ਦੇ ਮੋਹ ਵਿਚ ਫਸ ਕੇ ਅਕਾਲ ਪੁਰਖੁ ਨਾਲੋਂ ਵਿਛੁੜੇ ਜੀਵ ਮੁੜ ਭਾਗਾਂ ਨਾਲ ਹੀ ਮਿਲਦੇ ਹਨ। ਜੇਹੜਾ ਕੋਈ ਵਿਰਲਾ ਮਨੁੱਖ ਅਕਾਲ ਪੁਰਖੁ ਦੇ ਚਰਨਾਂ ਵਿਚ ਜੁੜਦਾ ਹੈ, ਉਹ ਸਮਝ ਲੈਂਦਾ ਹੈ ਕਿ ਮਾਇਆ ਦਾ ਮੋਹ ਮਿੱਠਾ ਤਾਂ ਹੈ, ਪਰੰਤੂ ਸਦਾ ਜਹਰ ਨਾਲ ਭਰਿਆ ਰਹਿੰਦਾ ਹੈ ਤੇ ਜੀਵ ਨੂੰ ਆਤਮਕ ਮੌਤੇ ਮਾਰਦਾ ਰਹਿੰਦਾ ਹੈ। ਕੋਈ ਵਿਰਲਾ ਬੰਦਾ ਹੀ ਹੁੰਦਾ ਹੈ, ਜਿਹੜਾ ਆਤਮਕ ਅਡੋਲਤਾ ਵਿਚ ਟਿਕ ਕੇ ਇਸ ਅਸਲੀਅਤ ਨੂੰ ਸਮਝਦਾ ਹੈ, ਤੇ ਅਕਾਲ ਪੁਰਖੁ ਨਾਲ ਸਾਂਝ ਪਾਂਦਾ ਹੈ। ਇਹ ਉਨ੍ਹਾਂ ਲਈ ਸੰਭਵ ਹੈ ਜਿਨ੍ਹਾਂ ਨੇ ਆਪਣੇ ਗੁਰੂ ਨੂੰ ਚੇਤੇ ਰੱਖਿਆ। ਅਕਾਲ ਪੁਰਖੁ ਦੇ ਨਾਮੁ ਤੋਂ ਬਿਨਾ ਮਾਇਆ ਦੇ ਮੋਹ ਵਿਚ ਭਟਕਣ ਵਾਲੇ, ਤੇ ਕੁਰਾਹੇ ਪੈਣ ਵਾਲੇ ਅਨੇਕਾਂ ਮੂਰਖ ਜੀਵ ਹਨ, ਜੋ ਖ਼ੁਆਰ ਹੁੰਦੇ ਰਹਿੰਦੇ ਹਨ। ਜੇਹੜੇ ਮਨੁੱਖ ਅਕਾਲ ਪੁਰਖੁ ਦਾ ਨਾਮੁ ਨਹੀਂ ਯਾਦ ਕਰਦੇ, ਅਕਾਲ ਪੁਰਖੁ ਦੀ ਭਗਤੀ ਨਹੀਂ ਕਰਦੇ, ਆਪਣੇ ਹਿਰਦੇ ਵਿਚ ਸਦਾ ਕਾਇਮ ਰਹਿੰਣ ਵਾਲੇ ਅਕਾਲ ਪੁਰਖੁ ਨੂੰ ਨਹੀਂ ਵਸਾਂਦੇ, ਉਹ ਅਖ਼ੀਰ ਢਾਹਾਂ ਮਾਰ ਮਾਰ ਕੇ ਰੋਂਦੇ ਹਨ। ਗੁਰੂ ਸਾਹਿਬ ਸਮਝਾਉਂਦੇ ਹਨ ਕਿ ਅਕਾਲ ਪੁਰਖੁ ਦੀ ਸ਼ਬਦ ਦੁਆਰਾ ਸਿਫ਼ਤਿ ਸਾਲਾਹ ਕਰ, ਉਸ ਨਾਲ ਆਪਣਾ ਸਬੰਧ ਜੋੜ, ਤਾਂ ਜੋ ਚਿਰਾਂ ਤੋਂ ਵਿਛੁੜੇ ਜੀਵ ਨੂੰ ਉਹ ਆਪਣੇ ਚਰਨਾਂ ਵਿਚ ਮਿਲਾ ਲਏ।

***ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ ॥ ਜੁਗੁ ਜੁਗੁ ਮੀਠਾ ਵਿਸੁ ਭਰੇ ਕੋ ਜਾਣੈ ਜੋਗੀ ਰਾਮ ॥ ਕੋਈ ਸਹਜਿ ਜਾਣੈ ਹਰਿ ਪਛਾਣੈ ਸਤਿਗੁਰੂ ਜਿਨਿ ਚੇਤਿਆ ॥ (੪੩੯)***

ਜਿਸ ਕਰਤਾਰ ਦੀ ਰਜ਼ਾ ਅਨੁਸਾਰ ਤੇਰੇ ਮਾਂ ਪਿਉ ਨੇ ਮਿਲ ਕੇ ਤੇਰਾ ਸਰੀਰ ਬਣਾਇਆ, ਉਸੇ ਕਰਤਾਰ ਨੇ ਤੇਰੇ ਮੱਥੇ ਉਤੇ ਇਹ ਲੇਖ ਵੀ ਲਿਖ ਦਿੱਤਾ ਕਿ ਤੂੰ ਜਗਤ ਵਿਚ ਜਾ ਕੇ ਜੋਤਿ ਰੂਪ ਅਕਾਲ ਪੁਰਖੁ ਦੀਆਂ ਬਖ਼ਸ਼ਸ਼ਾਂ ਚੇਤੇ ਰੱਖੀ ਤੇ ਉਸ ਦੀ ਸਿਫ਼ਤਿ ਸਾਲਾਹ ਦੇ ਲੇਖ ਆਪਣੇ ਅੰਦਰ ਲਿਖਦਾ ਰਹੀਂ। ਪਰ ਤੂੰ ਮਾਇਆ ਦੇ ਮੋਹ ਵਿਚ ਫਸ ਕੇ ਇਹ ਚੇਤਾ ਹੀ ਭੁਲਾ ਦਿੱਤਾ। ਹੇ ਮੇਰੇ ਮੂਰਖ ਮਨ! ਤੂੰ ਇਨ੍ਹਾਂ ਦੁਨੀਆਵੀ ਮਲਕੀਅਤਾਂ ਦਾ ਕਿਉਂ ਮਾਣ ਕਰਦਾ ਹੈ? ਜਦੋਂ ਖਸਮ ਅਕਾਲ ਪੁਰਖੁ ਦਾ ਹੁਕਮੁ ਹੋਵੇਗਾ ਤਾਂ ਇਨ੍ਹਾਂ ਸਭ ਨੂੰ ਛੱਡ ਕੇ ਇਸ ਜਗਤ ਤੋਂ ਚਲੇ ਜਾਣਾ ਪਏਗਾ। ਮਨੁੱਖ ਘਰਾਂ ਦੀਆਂ ਮਲਕੀਅਤਾਂ ਵਿਚੋਂ ਸੁਖ ਸ਼ਾਂਤੀ ਲੱਭਦਾ ਹੈ, ਪਰੰਤੂ ਮਾਇਆ ਦੇ ਸੁਆਦ ਛੱਡ ਕੇ ਹੀ ਆਤਮਕ ਅਡੋਲਤਾ ਦਾ ਆਨੰਦ ਪੈਦਾ ਹੋ ਸਕਦਾ ਹੈ। ਜਿਨ੍ਹਾਂ ਘਰਾਂ ਦੀਆਂ ਮਲਕੀਅਤਾਂ ਨੂੰ ਤੂੰ ਸੁਖ ਦਾ ਮੂਲ ਸਮਝ ਰਿਹਾ ਹੈ, ਇਹ ਘਰ ਤਾਂ ਇਥੇ ਹੀ ਰਹਿ ਜਾਣੇ ਹਨ, ਕੋਈ ਵੀ ਜੀਵ ਇਥੇ ਸਦਾ ਲਈ ਟਿਕਿਆ ਨਹੀਂ ਰਹਿ ਸਕਦਾ ਹੈ। ਮੂਰਖ ਮਨ ਸਦਾ ਇਹੀ ਸੋਚਦਾ ਹੈ ਕਿ ਕੁਝ ਧਨ ਪਦਾਰਥ ਖਾ ਹੰਢਾ ਲਈਏ ਤੇ ਕੁਝ ਸਾਂਭ ਕੇ ਰੱਖੀ ਜਾਈਏ। ਪਰੰਤੂ ਸਾਂਭ ਕੇ ਰੱਖ ਜਾਣ ਦਾ ਲਾਭ ਤਾਂ ਹੀ ਹੋ ਸਕਦਾ ਹੈ, ਜੇਕਰ ਮੁੜ ਇਸ ਧਨ ਨੂੰ ਵਰਤਣ ਵਾਸਤੇ ਜਗਤ ਵਿਚ ਆ ਸਕਣਾ ਹੋਵੇ। ਮਨੁੱਖ ਆਪਣੇ ਸਰੀਰ ਉਤੇ ਹਾਰ ਸ਼ਿੰਗਾਰ ਕਰਦਾ ਹੈ ਤੇ ਕੀਮਤੀ ਰੇਸ਼ਮੀ ਕਪੜੇ ਪਹਿਨਦਾ ਹੈ, ਆਪਣਾ ਹੁਕਮ ਵੀ ਬਹੁਤ ਚਲਾਂਦਾ ਹੈ, ਸੁਖਾਲੀ ਸੇਜ ਦਾ ਸੁਖ ਵੀ ਮਾਣਦਾ ਹੈ। ਪਰੰਤੂ ਜਿਸ ਕਰਤਾਰ ਨੇ ਇਹ ਸਭ ਕੁਝ ਦਿੱਤਾ, ਉਸ ਨੂੰ ਵਿਸਾਰੀ ਰੱਖਦਾ ਹੈ, ਆਖ਼ਿਰ ਜਦੋਂ ਜਮਾਂ ਦੇ ਹੱਥ ਪੈਂਦੇ ਹਨ, ਤਾਂ ਫਿਰ ਰੋਣ ਪਛੁਤਾਣ ਦਾ ਕੋਈ ਲਾਭ ਨਹੀਂ ਹੋ ਸਕਦਾ। ਘਰਾਂ ਦੇ ਮੋਹ ਦਰਿਆ ਦੀਆਂ ਘੁੰਮਣ ਘੇਰੀਆਂ ਵਾਂਗ ਹਨ, ਪਾਪਾਂ ਦੇ ਪੱਥਰ ਲੱਦ ਕੇ ਜ਼ਿੰਦਗੀ ਦੀ ਬੇੜੀ ਇਨ੍ਹਾਂ ਘੁੰਮਣ ਘੇਰੀਆਂ ਵਿਚੋਂ ਪਾਰ ਨਹੀਂ ਲੰਘ ਸਕਦੀ। ਜੇ ਅਕਾਲ ਪੁਰਖੁ ਦੇ ਡਰ-ਅਦਬ ਦੀ ਬੇੜੀ ਤਿਆਰ ਕੀਤੀ ਜਾਏ, ਤੇ ਉਸ ਬੇੜੀ ਵਿਚ ਜੀਵ ਸਵਾਰ ਹੋ ਜਾਵੇ, ਤਾਂ ਸੰਸਾਰ ਰੂਪੀ ਸਮੁੰਦਰ ਦੇ ਵਿਕਾਰਾਂ ਦੀਆਂ ਘੁੰਮਣ ਘੇਰੀਆਂ ਵਿਚੋਂ ਬਾਹਰ ਨਿਕਲਿਆ ਜਾ ਸਕਦਾ ਹੈ। ਪਰੰਤੂ ਅਜੇਹੀ ਬੇੜੀ ਕਿਸੇ ਵਿਰਲੇ ਨੂੰ ਹੀ ਅਕਾਲ ਪੁਰਖੁ ਦੀ ਮਿਹਰ ਨਾਲ ਮਿਲਦੀ ਹੈ।

*ਮਾਰੂ ਮਹਲਾ ੧ ॥ **ਮਿਲਿ ਮਾਤ ਪਿਤਾ ਪਿੰਡੁ ਕਮਾਇਆ ॥ ਤਿਨਿ ਕਰਤੈ ਲੇਖੁ ਲਿਖਾਇਆ ॥ ਲਿਖੁ ਦਾਤਿ ਜੋਤਿ ਵਡਿਆਈ ॥ ਮਿਲਿ ਮਾਇਆ ਸੁਰਤਿ ਗਵਾਈ ॥੧॥ ਮੂਰਖ ਮਨ ਕਾਹੇ ਕਰਸਹਿ ਮਾਣਾ ॥ ਉਠਿ ਚਲਣਾ ਖਸਮੈ ਭਾਣਾ ॥੧॥ ਰਹਾਉ** ॥ (੯੮੯, ੯੯੦)*

ਜੇਕਰ ਇਹ ਸਰੀਰ ਸਾਥ ਨਾ ਦੇਵੇ ਤਾਂ ਮਨੁੱਖਾ ਜੀਵਨ ਨਹੀਂ ਚਲ ਸਕਦਾ ਹੈ। ਪਰੰਤੂ ਸਰੀਰ ਦਾ ਸਾਥ ਇਸ ਲੋਕ ਤਕ ਹੀ ਹੈ, ਇਸ ਲਈ ਮਨੁੱਖ ਨੂੰ ਅੰਤ ਦੇ ਸਾਥ ਵੱਲ ਵੀ ਧਿਆਨ ਦੇਣਾਂ ਚਾਹੀਦਾ ਹੈ। ਗੁਰੂ ਦੇ ਸ਼ਬਦ ਦਾ ਸਾਥ ਇਕ ਅਜੇਹਾ ਸਾਥ ਹੈ, ਜੋ ਕਿ ਇਸ ਲੋਕ ਤੇ ਪਰਲੋਕ ਦੋਹਾਂ ਵਿਚ ਸਹਾਈ ਹੁੰਦਾਂ ਹੈ। ਇਹ ਸਾਡੇ ਵਡੇ ਭਾਗ ਹਨ, ਜਿਸ ਸਦਕਾ ਸਾਨੂੰ ਇਹ ਸੋਹਣਾ ਮਨੁੱਖਾ ਸਰੀਰ ਮਿਲਿਆ ਹੈ। ਮਨੁੱਖ ਲਈ ਅਕਾਲ ਪੁਰਖੁ ਨੂੰ ਮਿਲਣ ਦਾ ਇਹੀ ਮੌਕਾ ਹੈ। ਜੇ ਅਕਾਲ ਪੁਰਖੁ ਨੂੰ ਮਿਲਣ ਲਈ ਕੋਈ ਉੱਦਮ ਨਾ ਕੀਤਾ, ਤਾਂ ਹੋਰ ਸਾਰੇ ਕੰਮ ਕਿਸੇ ਵੀ ਅਰਥ ਨਹੀਂ ਆਉਣੇ, ਜਿੰਦ ਨੂੰ ਕੋਈ ਲਾਭ ਨਹੀਂ ਦੇ ਸਕਣਗੇ। ਗੁਰੂ ਸਾਹਿਬ ਸਮਝਾਉਂਦੇ ਹਨ ਕਿ ਸਾਧਸੰਗਤਿ ਵਿਚ ਮਿਲ ਬੈਠਿਆ ਕਰ ਤੇ ਸਿਰਫ਼ ਅਕਾਲ ਪੁਰਖੁ ਦਾ ਨਾਮੁ ਯਾਦ ਕਰਿਆ ਕਰ। ਸਾਧ ਸੰਗਤਿ ਵਿਚ ਬੈਠਣ ਦਾ ਲਾਭ ਤਾਂ ਹੀ ਹੈ, ਜੇ ਉਥੇ ਤੂੰ ਅਕਾਲ ਪੁਰਖੁ ਦੀ ਸਿਫ਼ਤਿ-ਸਾਲਹ ਵਿਚ ਜੁੜੇਂ। ਇਸ ਲਈ ਸੰਸਾਰ ਰੂਪੀ ਸਮੁੰਦਰ ਤੋਂ ਪਾਰ ਲੰਘਣ ਦੇ ਉਪਰਾਲੇ ਲਈ ਲੱਗ ਜਾ। ਨਿਰੇ ਮਾਇਆ ਦੇ ਪਿਆਰ ਵਿਚ ਇਹ ਮਨੁੱਖਾ ਜਨਮ ਵਿਅਰਥ ਜਾ ਰਿਹਾ ਹੈ।

***ਆਸਾ ਮਹਲਾ ੫ ॥ ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥੧॥ ਸਰੰਜਾਮਿ ਲਾਗੁ ਭਵਜਲ ਤਰਨ ਕੈ ॥ ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥੧॥ ਰਹਾਉ ॥ (੧੨)***

ਜੇ ਕਰ ਉਪਰ ਲਿਖੀਆਂ, ਗੁਰਬਾਣੀ ਦੀਆਂ ਸਿਖਿਆਵਾਂ, ਨੂੰ ਇਕੱਠਾ ਕਰੀਏ ਤਾਂ ਅਸੀਂ ਨਿਸਚੇ ਨਾਲ ਸਮਝ ਸਕਦੇ ਹਾਂ, ਕਿ ਗੁਰਬਾਣੀ ਅਨੁਸਾਰ ਸੰਜੋਗੁ ਤੇ ਵਿਜੋਗੁ, ਇਹ ਸਭ ਅਕਾਲ ਪੁਰਖ ਦੇ ਹੁਕਮੁ ਤੇ ਉਸ ਦੀ ਰਜ਼ਾ ਅਨੁਸਾਰ ਹੀ ਹੁੰਦੇ ਹਨ।

- ਗੁਰਬਾਣੀ ਵਿਚ ਸੰਜੋਗੁ ਤਾਂ ਜਿੰਦ ਤੇ ਸਰੀਰ ਦੇ ਮਿਲਾਪ ਲਈ ਹੈ ਤੇ ਵਿਜੋਗੁ ਜਿੰਦ ਦਾ ਸਰੀਰ ਤੋਂ ਵੱਖਰੇ ਹੋਣ ਲਈ ਹੈ। ਇਸ ਤੋਂ ਇਲਾਵਾ ਸੰਜੋਗੁ ਯਤਨ ਜਾਂ ਮਿਲਾਪ ਲਈ ਵੀ ਗੁਰਬਾਣੀ ਵਿਚ ਵਰਤਿਆ ਗਿਆ ਹੈ ਤੇ ਵਿਜੋਗੁ ਵਿਛੋੜੇ ਲਈ।
- ਇਹ ਬਹੁਤ ਮੁਸ਼ਕਲ ਸਵਾਲ ਹੈ ਕਿ ਪਹਿਲੀ ਵਾਰ ਮਨੁੱਖ ਕਿਸ ਤਰ੍ਹਾਂ ਪੈਦਾ ਹੋਇਆ, ਹੋਰ ਜਾਨਵਰ ਕਿਸ ਤਰ੍ਹਾਂ ਪੈਦਾ ਹੋਏ। ਸਾਇੰਸ ਅੰਦਾਜੇ ਲਗਾ ਸਕਦੀ ਹੈ, ਪਰੰਤੂ ਕੋਈ ਠੋਸ ਉੱਤਰ ਨਹੀਂ ਦੇ ਸਕਦੀ।
- ਹਰੇਕ ਸਰੀਰ ਵਿਚ ਬੈਠਾ ਅਕਾਲ ਪੁਰਖ ਆਪ ਸਭ ਚੋਜ ਤਮਾਸ਼ੇ ਕਰ ਰਿਹਾ ਹੈ, ਤੇ ਆਪ ਹੀ ਮਾਇਆ ਦੇ ਮੋਹ ਦਾ ਖਿਲਾਰਾ ਖਿਲਾਰਿਆ ਹੈ।
- ਜਿੰਦ ਤੇ ਸਰੀਰ ਦਾ ਮਿਲਾਪ ਅਤੇ ਵਿਛੋੜਾ ਅਕਾਲ ਪੁਰਖੁ ਦੇ ਹੁਕਮੁ ਤੇ ਉਸ ਦੀ ਰਜ਼ਾ ਅਨੁਸਾਰ ਹੀ ਹੁੰਦਾ ਹੈ।

- ਮਨੁੱਖ ਦਾ ਜੰਮ ਕੇ ਪਰਵਾਰ ਨਾਲ ਮਿਲਣਾ ਤੇ ਮਰਨ ਤੋਂ ਬਾਅਦ ਪਰਵਾਰ ਨਾਲੋਂ ਵਿਛੁੜਨਾ, ਇਹ ਖੇਡ ਅਕਾਲ ਪੁਰਖੁ ਨੇ ਆਪ ਬਣਾਈ ਹੋਈ ਹੈ।
- ਗੁਰਮੁਖ ਬੰਦੇ ਆਪਣੇ ਆਪ ਨੂੰ ਵਿਕਾਰਾਂ ਤੋਂ ਬਚਾਣ ਲਈ ਗੁਰਬਾਣੀ ਦਾ ਸੰਜੋਆ ਪਹਿਨਦੇ ਹਨ, ਉਹ ਦੁਖ ਸੁਖ ਤੋਂ ਨਿਰਲੇਪ ਰਹਿੰਦੇ ਹਨ।
- ਅਕਾਲ ਪੁਰਖ ਦਾ "ਸੰਜੋਗ" ਦਾ ਹੁਕਮੁ ਤੇ "ਵਿਜੋਗ" ਦਾ ਹੁਕਮੁ, ਇਹ ਦੋਵੇਂ ਮਿਲ ਕੇ ਇਸ ਸੰਸਾਰ ਦੀ ਕਾਰ ਨੂੰ ਚਲਾ ਰਹੇ ਹਨ।
- ਅਕਾਲ ਪੁਰਖੁ ਦੇ ਨਾਮੁ ਵਿਚ ਜੁੜਨਾ ਤੇ ਅਕਾਲ ਪੁਰਖੁ ਦੇ ਨਾਮੁ ਤੋਂ ਵਿਛੁੜਨਾ, ਪਿਛਲੇ ਕੀਤੇ ਕਰਮਾਂ ਅਨੁਸਾਰ ਕਰਤਾਰ ਨੇ ਆਪ ਜੀਵਾਂ ਦੇ ਮੱਥੇ ਉਤੇ ਲਿਖੇ ਹਨ, ਇਹ ਪੂਰਬਲੇ ਕਰਮ ਤੇ ਕੀਤੀ ਹੋਈ ਕਮਾਈ ਜੀਵ ਪਾਸੋਂ ਮਿਟਾਈ ਨਹੀਂ ਜਾ ਸਕਦੀ।
- ਅਕਾਲ ਪੁਰਖੁ ਆਪ ਜੀਵਾਂ ਨੂੰ ਜੋੜ ਕੇ ਇਥੇ ਪਰਵਾਰਾਂ ਵਿਚ ਇਕੱਠੇ ਕਰਦਾ ਹੈ ਤੇ ਆਪ ਹੀ ਇਨ੍ਹਾਂ ਨੂੰ ਆਪਣਿਆ ਨਾਲੋਂ ਵਿਛੋੜ ਦੇਂਦਾ ਹੈ।
- ਮਨਮੁਖ ਇਸ ਜਨਮ ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ ਤੇ ਗੁਰਮੁਖ ਇਸ ਵਿਚੋਂ ਪਾਰ ਲੰਘ ਜਾਂਦਾ ਹੈ, ਕਿਉਂਕਿ, ਅਕਾਲ ਪੁਰਖੁ ਗੁਰਮੁਖ ਉੱਪਰ ਆਪਣੀ ਮਿਹਰ ਦੀ ਨਜ਼ਰ ਕਰਦਾ ਹੈ।
- ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਕਰਨ ਨਾਲ ਜੀਵ ਦੇ ਅੰਦਰੋਂ ਰੁੱਖਾ ਪਨ ਦੂਰ ਹੋ ਜਾਂਦਾ ਹੈ ਤੇ ਜੀਵ ਦੀ ਜਿੰਦ ਅਕਾਲ ਪੁਰਖੁ ਦੀ ਜੋਤਿ ਨਾਲ ਇਕ ਮਿਕ ਹੋ ਜਾਂਦੀ ਹੈ, ਜੀਵ ਸਾਰੇ ਗੁਣਾਂ ਦੇ ਮਾਲਕ ਅਕਾਲ ਪੁਰਖੁ ਦਾ ਰੂਪ ਹੋ ਜਾਂਦਾ ਹੈ।
- ਗੁਰਬਾਣੀ ਨੂੰ ਧਿਆਨ ਨਾਲ ਪੜ੍ਹੋ ਤੇ ਵਿਚਾਰੋ ਤਾਂ ਪਤਾ ਲਗਦਾ ਹੈ ਕਿ ਗੁਰੂ ਗਰੰਥ ਸਾਹਿਬ ਵਿਚ ਕਿਤੇ ਵੀ ਨਹੀਂ ਲਿਖਿਆ ਹੈ, ਕਿ ਗਰੰਥੀ ਜੀ ਦੀ ਅਰਦਾਸ ਕਰਨ ਨਾਲ ਜਾਂ ਮਨੁੱਖ ਦੇ ਮਰਨ ਸਬੰਧੀ ਪ੍ਰੋਗਰਾਮਾਂ ਵਿਚ ਗੁਰਬਾਣੀ ਦਾ ਪਰਚੱਲਤ ਕੀਰਤਨ ਕਰਨ ਨਾਲ, ਕਿਸੇ ਮਰੇ ਹੋਏ ਮਨੁੱਖ ਦਾ ਭਲਾ ਹੋ ਸਕਦਾ ਹੈ।
- ਦੁਖ ਤਾਂ ਅਕਾਲ ਪੁਰਖੁ ਦੇ ਵਿਛੋੜੇ ਕਾਰਨ ਹੈ, ਤੇ ਵਿਛੋੜੇ ਨੂੰ ਦੂਰ ਕਰਨ ਲਈ ਕੋਈ ਹੋਰ ਵਿਚੋਲਾਪਨ ਨਹੀਂ ਕਰ ਸਕਦਾ ਹੈ।
- ਲਗਨ ਮਹੂਰਤ ਤਾਂ ਹਰ ਵੇਲੇ ਹੈ, ਉਸ ਵਾਸਤੇ ਕੋਈ ਖਾਸ ਦਿਨ ਜਾਂ ਸਮਾਂ ਲੱਭਣ ਦੀ ਲੋੜ ਨਹੀਂ। ਇਸ ਲਈ ਇਨ੍ਹਾਂ ਕਰਮ ਕਾਂਡਾ ਲਈ ਜੀਵਨ ਦਾ ਇਕ ਪਲ ਵੀ ਵਿਅਰਥ ਨਹੀਂ ਗਵਾਉਂਣਾਂ ਹੈ।
- ਗੁਰੂ ਸਾਹਿਬ ਸਮਝਾਉਂਦੇ ਹਨ ਕਿ ਅਕਾਲ ਪੁਰਖੁ ਦੀ ਸ਼ਬਦ ਦੁਆਰਾ ਸਿਫ਼ਤਿ ਸਾਲਾਹ ਕਰ, ਉਸ ਨਾਲ ਆਪਣਾ ਸਬੰਧ ਜੋੜ, ਤਾਂ ਜੋ ਚਿਰਾਂ ਤੋਂ ਵਿਛੁੜੇ ਜੀਵ ਨੂੰ ਉਹ ਆਪਣੇ ਚਰਨਾਂ ਵਿਚ ਮਿਲਾ ਲਏ।
- ਘਰਾਂ ਦੇ ਮੋਹ ਦਰਿਆ ਦੀਆਂ ਘੁੰਮਣ ਘੇਰੀਆਂ ਵਾਂਗ ਹਨ, ਪਾਪਾਂ ਦੇ ਪੱਥਰ ਲੱਦ ਕੇ ਜ਼ਿੰਦਗੀ ਦੀ ਬੇੜੀ ਇਨ੍ਹਾਂ ਘੁੰਮਣ ਘੇਰੀਆਂ ਵਿਚੋਂ ਪਾਰ ਨਹੀਂ ਲੰਘ ਸਕਦੀ।
- ਗੁਰੂ ਦੇ ਸ਼ਬਦ ਦਾ ਸਾਥ ਇਕ ਅਜੇਹਾ ਸਾਥ ਹੈ, ਜੋ ਕਿ ਇਸ ਲੋਕ ਤੇ ਪਰਲੋਕ ਦੋਹਾਂ ਵਿਚ ਸਹਾਈ ਹੁੰਦਾਂ ਹੈ।

ਇਹ ਮਨੁੱਖਾ ਜਨਮ ਜੋ ਸਾਨੂੰ ਮਿਲਿਆ ਹੈ, ਪਤਾ ਨਹੀਂ ਦੁਬਾਰਾ ਮਿਲਣਾ ਹੈ ਕਿ ਨਹੀਂ, ਫਿਰ ਕਿਉਂ ਨਾ ਅਸੀਂ ਗੁਰੂ ਦੇ ਸਬਦ ਦੁਆਰਾ ਇਹ ਮਨੁੱਖਾ ਜਨਮ ਸਫਲ ਕਰੀਏ ਤਾਂ ਜੋ ਜਨਮ ਮਰਨ ਦੇ ਗੇੜ ਤੋਂ ਬਚ ਸਕੀਏ।

**"ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ"**

ਤਤਕਰਾ

## ਚੰਦਰਮਾ ਸੂਰਜ ਕੋਲੋ ਚਾਨਣ ਲੈਂਦਾ ਹੈ (ਭਾਗ-੨੬)

## Sun lights up the Moon (Part-26)

ਗੁਰਬਾਣੀ ਨੂੰ ਧਿਆਨ ਨਾਲ ਵਿਚਾਰੀਏ ਤਾਂ ਪਤਾ ਲਗਦਾ ਹੈ ਕਿ ਭਾਵੇਂ ਗੁਰੂ ਸਾਹਿਬਾਂ ਦਾ ਮੰਤਵ ਸਾਇੰਸ ਪੜ੍ਹਾਣਾ ਨਹੀਂ ਸੀ, ਪਰੰਤੂ ਉਦਾਹਰਣਾ ਦੇ ਕੇ ਸਮਝਾਉਂਣ ਲਈ ਬਹੁਤ ਸਾਰੀਆਂ ਸਚਾਈਆਂ ਵੀ ਦਸ ਦਿਤੀਆਂ, ਜਿਹੜੀਆਂ ਕਿ ਅੱਜ ਦੀ ਸਾਇੰਸ ਨਾਲ ਹੁਣ ਸਮਝ ਆ ਰਹੀਆਂ ਹਨ।

ਹੇਠ ਲਿਖੇ ਸਬਦ ਵਿਚ ਗੁਰੂ ਸਾਹਿਬ ਬੜੀ ਸੁੰਦਰ ਸੱਚਾਈ ਤੇ ਉਸ ਦੀ ਉਦਾਰਹਣ ਦੇ ਕੇ ਸਮਝਾਉਂਦੇ ਹਨ। ਰਾਤ ਵੇਲੇ ਅਸੀਂ ਚੰਦਰਮੇ ਦੀ ਰੌਸ਼ਨੀ ਨਾਲ ਵੇਖ ਸਕਦੇ ਹਾਂ, ਪਰੰਤੂ ਇਹ ਰੌਸ਼ਨੀ ਚੰਦਰਮੇ ਦੀ ਆਪਣੀ ਨਹੀਂ ਹੁੰਦੀ, ਕਿਉਂਕਿ ਚੰਦਰਮੇ ਦੇ ਅੰਦਰ ਰੌਸ਼ਨੀ ਸੂਰਜ ਦੀ ਹੁੰਦੀ ਹੈ। ਸਾਨੂੰ ਰਾਤ ਵੇਲੇ ਚਾਨਣ ਲਈ ਚੰਦਰਮੇ ਦੀ ਰੌਸ਼ਨੀ ਸਹਾਈ ਹੁੰਦੀ ਹੈ, ਇਸੇ ਤਰ੍ਹਾਂ ਮਨੁੱਖਾ ਜੀਵਨ ਵਿਚ ਅਗਿਆਨਤਾ ਦੂਰ ਕਰਨ ਲਈ ਸਬਦ ਗੁਰੂ ਦਾ ਗਿਆਨ ਸਹਾਈ ਹੁੰਦਾ ਹੈ, ਜਿਸ ਦਾ ਸੰਬੰਧ ਗਿਆਨ ਦੇ ਸੋਮੇ ਅਕਾਲ ਪੁਰਖ ਨਾਲ ਹੈ। ਜੇਹੜਾ ਮਨੁੱਖ ਸ਼ਬਦ ਗੁਰੂ ਅਨੁਸਾਰ ਜੀਵਨ ਵਿਚ ਵਿਚਰਦਾ ਹੈ, ਉਹ ਸਬਦ ਗੁਰੂ ਦੁਆਰਾ ਆਤਮਕ ਜੀਵਨ ਦੇਣ ਵਾਲਾ ਨਾਮੁ ਪ੍ਰਾਪਤ ਕਰਦਾ ਹੈ, ਤੇ ਉਸ ਦਾ ਹਉਮੈ ਘਟਨਾ ਸ਼ੁਰੂ ਹੋ ਜਾਂਦਾ ਹੈ, ਅੰਦਰ ਦੀ ਤ੍ਰਿਸ਼ਨਾ ਮੁੱਕ ਜਾਂਦੀ ਹੈ, ਤੇ ਦੁਨਿਆਵੀ ਡਰ ਦੂਰ ਹੋ ਜਾਂਦਾ ਹੈ। ਅਜੇਹੇ ਮਨੁੱਖ ਨੂੰ ਉਹ ਆਤਮਕ ਅਵਸਥਾ ਮਿਲ ਜਾਂਦੀ ਹੈ, ਜਿਥੇ ਗਿਆਨ ਦਾ ਪ੍ਰਕਾਸ਼ ਹੁੰਦਾ ਹੈ, ਤੇ ਉਹ ਉੱਚੇ ਤੋਂ ਉੱਚਾ ਆਤਮਕ ਦਰਜਾ ਹਾਸਲ ਕਰ ਲੈਂਦਾ ਹੈ।

***ਸਤਿਗੁਰ ਮਿਲਹੁ ਆਪੇ ਪ੍ਰਭੁ ਤਾਰੇ ॥ ਸਸਿ ਘਰਿ ਸੂਰੁ ਦੀਪਕੁ ਗੈਣਾਰੇ ॥ ਦੇਖਿ ਅਦਿਸਟੁ ਰਹਹੁ ਲਿਵ ਲਾਗੀ ਸਭੁ ਤ੍ਰਿਭਵਣਿ ਬ੍ਰਹਮੁ ਸਬਾਇਆ ॥੩॥ (੧੦੪੧)***

ਜਿਸ ਤਰ੍ਹਾਂ ਧਰਤੀ ਆਪਣੇ ਧੁਰੇ ਦੁਆਲੇ (੨੪ ਘੰਟੇ) ਘੁੰਮਦੀ ਹੈ ਤੇ ਸੂਰਜ ਦੇ ਗਿਰਦ (੩੬੫.੨੪ ਦਿਨ) ਵੀ ਚੱਕਰ ਲਗਾਉਂਦੀ ਹੈ। ਠੀਕ ਉਸੇ ਤਰ੍ਹਾਂ ਚੰਦਰਮਾ ਵੀ ਆਪਣੇ ਧੁਰੇ ਦੁਆਲੇ (੨੭.੩ ਦਿਨ) ਵੀ ਘੁੰਮਦਾ ਹੈ ਤੇ ਧਰਤੀ ਦੇ ਗਿਰਦ (੨੭.੩ ਦਿਨ) ਵੀ ਚੱਕਰ ਲਗਾਉਂਦਾ ਹੈ। ਸੂਰਜ ਤੋਂ ਬਾਅਦ ਦੂਸਰਾ ਚੰਦਰਮਾ ਹੀ ਹੈ, ਜਿਸ ਦੀ ਰੌਸ਼ਨੀ ਧਰਤੀ ਤੇ ਪਹੁੰਚਦੀ ਹੈ। ਸੂਰਜ ਕੋਲ ਆਪਣੀ ਰੌਸ਼ਨੀ ਹੈ, ਪਰੰਤੂ ਚੰਦਰਮੇ ਕੋਲ ਆਪਣੀ ਰੌਸ਼ਨੀ ਨਹੀਂ ਹੈ। ਚੰਦਰਮਾ ਸੂਰਜ ਦੀ ਰੌਸ਼ਨੀ ਮੋੜ ਕੇ ਧਰਤੀ ਤੇ ਭੇਜਦਾ ਹੈ। ਜਿਸ ਤਰ੍ਹਾਂ ਚੰਦਰਮੇ ਦੀ ਧਰਤੀ ਤੋਂ ਦੂਰੀ ਤੇ ਦਿਸ਼ਾ ਬਦਲਦੀ ਰਹਿੰਦੀ ਹੈ, ਉਸ ਅਨੁਸਾਰ ਚੰਦਰਮੇ ਦਾ ਆਕਾਰ (phases) ਤੇ ਰੌਸ਼ਨੀ ਬਦਲਦੀ ਰਹਿੰਦੀ ਹੈ।

ਗਰੀਕ ਦੇ ਦਾਰਸ਼ਨਿਕ ਐਨਾਕਸਾਗੋਰਸ (Anaxagoras) ਨੇ 428 BC ਵਿਚ ਕਿਹਾ ਸੀ, ਕਿ ਚੰਦਰਮਾ ਸੂਰਜ ਦੀ ਰੌਸ਼ਨੀ ਮੋੜ ਕੇ ਧਰਤੀ ਤੇ ਭੇਜਦਾ ਹੈ। 499 AD ਵਿਚ ਭਾਰਤੀ ਆਸਟਰੌਨਮਰ ਆਰਿਆ ਭੱਟ (Aryabhata) ਨੇ ਵੀ ਕਿਹਾ ਸੀ, ਕਿ ਚੰਦਰਮਾ ਸੂਰਜ ਦੀ ਰੌਸ਼ਨੀ ਮੋੜ ਕੇ ਧਰਤੀ ਤੇ ਭੇਜਦਾ ਹੈ। ਅੱਲਹਜ਼ਨ (Alhazen (965–1039)) ਨੇ ਦੱਸਿਆ ਸੀ, ਕਿ ਚੰਦਰਮਾ ਸੂਰਜ ਦੀ ਰੌਸ਼ਨੀ ਨੂੰ ਇਕ ਸ਼ੀਸ਼ੇ ਦੀ ਤਰ੍ਹਾਂ ਨਹੀਂ ਮੋੜਦਾ ਹੈ, ਬਲਕਿ ਚੰਦਰਮੇ ਦੇ ਹਰੇਕ ਭਾਗ ਤੋਂ ਰੌਸ਼ਨੀ ਮੋੜੀ ਜਾਂਦੀ ਹੈ। ਸੈਲਿਊਕਸ (2nd century BC, Seleucus) ਨੇ ਦੱਸਿਆ ਕਿ ਸਮੁੰਦਰ ਵਿਚ ਜਵਾਰ ਭਾਟਾ ਚੰਦਰਮੇ ਦੀ ਖਿਚ ਕਰਕੇ ਹੁੰਦਾ ਹੈ, ਤੇ ਇਸ ਦੀ ਉਚਾਈ ਚੰਦਰਮੇ ਦੀ ਸਥਿਤੀ ਤੇ ਨਿਰਭਰ ਕਰਦੀ ਹੈ।

ਚੰਦਰਮੇ, ਗ੍ਰਹਿ ਤੇ ਤਾਰਿਆਂ ਸਬੰਧੀ ਬਹੁਤ ਸਾਰੀਆਂ ਖੋਜਾਂ ਗੈਲੀਲੀਓ ਦੀ ਦੂਰਬੀਨ (Galileo, 1609) ਦੀ ਕਾਢ ਨਾਲ ਸਾਬਤ ਹੋਈਆਂ। ਸ਼ੁਕਰ (Venus) ਗ੍ਰਹਿ ਸੂਰਜ ਤੋਂ ਦੂਰੀ ਅਨੁਸਾਰ ਦੂਸਰਾ ਗ੍ਰਹਿ ਹੈ, ਤੇ ਚੰਦਰਮੇ ਤੋਂ ਬਾਅਦ ਇਸ ਦੀ ਰੌਸ਼ਨੀ ਹੀ ਹੈ, ਜੋ ਕਿ ਆਕਾਸ਼ ਵਿਚ ਦਿਖਾਈ ਦਿੰਦੀ ਹੈ। ਗੈਲੀਲੀਓ ਨੇ ਚੰਦਰਮੇ ਦੀ ਤਰ੍ਹਾਂ ਸ਼ੁਕਰ ਗ੍ਰਹਿ ਦੀਆਂ ਫੇਜ਼ਿਜ਼ (phases of Venus) ਵੀ ਆਪਣੀ ਦੂਰਬੀਨ ਰਾਹੀ ਰਿਕਾਰਡ ਕੀਤੀਆਂ। ਗੈਲੀਲੀਓ ਨੇ ਦੂਰਬੀਨ ਰਾਹੀ ਯੂਪੀਟਰ ਗ੍ਰਹਿ (Jupiter) ਦੇ ਚਾਰ ਚੰਦਰਮਿਆਂ ਬਾਰੇ ਖੋਜ ਕੀਤੀ। ਉਸ ਸਮੇਂ ਆਮ ਇਹੀ ਕਿਹਾ ਜਾਂਦਾ ਸੀ, ਕਿ ਸੂਰਜ ਤੇ ਸਾਰੇ ਤਾਰੇ ਧਰਤੀ ਦੇ ਦੁਆਲੇ ਘੁੰਮਦੇ ਹਨ, ਪਰੰਤੂ ਗੈਲੀਲੀਓ ਨੇ ਇਸ ਦੇ ਉਲਟ ਕਿਹਾ ਸੀ, ਕਿ ਧਰਤੀ ਸਮੇਤ ਸਾਰੇ ਗ੍ਰਹਿ ਸੂਰਜ ਦੇ ਦੁਆਲੇ ਘੁੰਮਦੇ ਹਨ। ਸਮੇਂ ਦੇ ਹਾਕਮਾਂ ਨੇ ਅਜੇਹਾ ਕਹਿਣ ਤੇ ਗੈਲੀਲੀਓ ਨੂੰ ਉਸ ਦੇ ਘਰ ਵਿਚ ਕੈਦ ਕਰ ਦਿਤਾ ਸੀ।

ਗੁਰੂ ਨਾਨਕ ਸਾਹਿਬ (1469-1539) ਕੋਲ ਕੋਈ ਦੂਰਬੀਨ (Telescope) ਨਹੀਂ ਸੀ, ਪਰੰਤੂ ਉਨ੍ਹਾਂ ਨੇ ਆਪਣੀ ਬਾਣੀ ਵਿਚ ਸਪੱਸ਼ਟ ਕਹਿ ਦਿਤਾ ਸੀ, ਕਿ ਜੋ ਅਸੀਂ ਚੰਦਰਮੇ ਦੀ ਰੌਸ਼ਨੀ ਨਾਲ ਰਾਤ ਵੇਲੇ ਵੇਖਦੇ ਹਾਂ, ਉਹ ਰੌਸ਼ਨੀ ਚੰਦਰਮੇ ਦੀ ਆਪਣੀ ਨਹੀਂ ਹੁੰਦੀ ਹੈ, ਬਲਕਿ ਚੰਦਰਮੇ ਦੇ ਅੰਦਰ ਸੂਰਜ ਦੀ ਰੌਸ਼ਨੀ ਸਮਾਈ ਹੁੰਦੀ ਹੈ।

ਜਦੋਂ ਮਨੁੱਖ ਗੁਰੂ ਦੀ ਕਿਰਪਾ ਨਾਲ ਤੁਰੀਆ ਅਵਸਥਾ ਨੂੰ ਲੱਭ ਲੈਂਦਾ ਹੈ, ਉਸ ਸਮੇਂ ਰਜੋ ਗੁਣ ਤਮੋ ਗੁਣ ਸਤੋ ਗੁਣ, ਮਾਇਆ ਦਾ ਇਹ ਹਰੇਕ ਗੁਣ, ਉਸ ਚੌਥੇ ਪਦ (ਗੁਰਮੁਖਿ ਅਵਸਥਾ) ਵਿਚ ਲੀਨ ਹੋ ਜਾਂਦਾ ਹੈ। ਹੇਠ ਲਿਖਿਆ ਸਬਦ ਇਹੀ

ਸਮਝਾਂਉਂਦਾ ਹੈ ਕਿ ਚੰਦਰਮੇ ਦੇ ਅੰਦਰ ਸੂਰਜ ਦੀ ਗਰਮੀ ਸਮਾ ਜਾਂਦੀ ਹੈ। ਭਾਵ ਸ਼ਾਂਤੀ ਦੇ ਘਰ (ਅਕਾਲ ਪੁਰਖ) ਵਿਚ ਮਨੁੱਖ ਦੇ ਮਨ ਦੀ ਤਪਸ਼ ਸਮਾ ਜਾਂਦੀ ਹੈ, ਉਸ ਵੇਲੇ ਮਨੁੱਖ ਅਕਾਲ ਪੁਰਖ ਨਾਲ ਮਿਲਾਪ ਕਰਵਾਉਂਣ ਵਾਲੀ ਜੁਗਤੀ ਦੀ ਕਦਰ ਸਮਝਦਾ ਹੈ। ਫਿਰ ਮਨੁੱਖ ਉਸ ਅਕਾਲ ਪੁਰਖ ਵਿਚ ਆਪਣੀ ਸੁਰਤਿ ਜੋੜੀ ਰੱਖਦਾ ਹੈ, ਜਿਹੜਾ ਸਾਰੀ ਸ੍ਰਿਸ਼ਟੀ ਵਿਚ ਅਤੇ ਹਰੇਕ ਥਾਂ ਸਮਾਇਆ ਹੋਇਆ ਹੈ।

***ਚਉਦਸਿ ਚਉਥੇ ਥਾਵਹਿ ਲਹਿ ਪਾਵੈ ॥ ਰਾਜਸ ਤਾਮਸ ਸਤ ਕਾਲ ਸਮਾਵੈ ॥ ਸਸੀਅਰ ਕੈ ਘਰਿ ਸੂਰੁ ਸਮਾਵੈ ॥ (੮੪੦)***

ਸਤਿਗੁਰੂ ਦਾ ਸ਼ਬਦ ਉੱਚਾਰਨ ਨਾਲ ਮਨੁੱਖ ਦੇ ਹਿਰਦੇ ਵਿਚ ਚੰਦਰਮੇ ਦੀ ਅਪਾਰ ਜੋਤਿ ਪਰਗਟ ਹੋ ਜਾਂਦੀ ਹੈ, ਭਾਵ, ਮਨੁੱਖ ਦੇ ਹਿਰਦੇ ਵਿਚ ਸ਼ਾਂਤੀ ਪੈਦਾ ਹੋ ਜਾਂਦੀ ਹੈ। ਜਦੋਂ ਮਨੁੱਖ ਦੇ ਹਿਰਦੇ ਵਿਚ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ, ਤਾਂ ਫਿਰ ਅਗਿਆਨਤਾ ਦਾ ਹਨੇਰਾ ਮਿਟ ਜਾਂਦਾ ਹੈ। ਚੰਦਰਮਾ ਦੇ ਘਰ ਵਿਚ ਸੂਰਜ ਆ ਵੱਸਦਾ ਹੈ ਭਾਵ, ਸ਼ਾਂਤ ਹਿਰਦੇ ਵਿਚ ਗਿਆਨ ਦਾ ਸੂਰਜ ਚੜ੍ਹ ਪੈਂਦਾ ਹੈ। ਸ਼ਬਦ ਗੁਰੂ ਦੀ ਬਰਕਤਿ ਨਾਲ ਜਦੋਂ ਗੁਰਮੁਖ ਸੁਖ ਤੇ ਦੁਖ ਨੂੰ ਇਕੋ ਜਿਹਾ ਜਾਣ ਕੇ ਅਕਾਲ ਪੁਰਖ ਦੇ ਨਾਮੁ ਨੂੰ ਆਪਣੇ ਜੀਵਨ ਦਾ ਆਧਾਰ ਬਣਾਂਦਾ ਹੈ, ਫਿਰ ਭਾਂਵੇ ਸੁਖ ਹੋਵੇ ਜਾਂ ਦੁਖ ਉਹ ਹਰ ਵੇਲੇ ਅਕਾਲ ਪੁਰਖ ਨੂੰ ਯਾਦ ਰੱਖਦਾ ਹੈ, ਤੇ ਅਕਾਲ ਪੁਰਖ ਆਪ ਹੀ ਮਨੁੱਖ ਨੂੰ ਇਸ ਸੰਸਾਰ ਰੁਪੀ ਸਮੁੰਦਰ ਤੋਂ ਪਾਰ ਲੰਘਾ ਲੈਂਦਾ ਹੈ।

***ਸਬਦੁ ਭਾਖਤ ਸਸਿ ਜੋਤਿ ਅਪਾਰਾ ॥ ਸਸਿ ਘਰਿ ਸੂਰੁ ਵਸੈ ਮਿਟੈ ਅੰਧਿਆਰਾ ॥ (੯੪੩)***

ਗੁਰੂ ਨਾਨਕ ਸਾਹਿਬ ਆਪਣੀ ਬਾਣੀ ਵਿਚ ਉਦਾਸੀ ਲੋਕਾਂ ਬਾਰੇ ਸਮਝਾਂਉਂਦੇ ਹਨ, ਕਿ ਅਸਲ ਉਦਾਸੀ ਉਹ ਹੈ, ਜੋ ਮਾਇਆ ਤੋਂ ਨਿਰਲੇਪ ਰਹਿੰਦਾ ਹੈ ਤੇ ਆਪਣੀ ਉਪਰਾਮਤਾ ਨੂੰ ਸਦਾ ਕਾਇਮ ਰੱਖਦਾ ਹੈ। ਉਹ ਹਰ ਥਾਂ ਤੇ ਮਾਇਆ ਰਹਿਤ ਅਕਾਲ ਪੁਰਖ ਦਾ ਨਿਵਾਸ ਜਾਣਦਾ ਹੈ। ਆਪਣੇ ਹਿਰਦੇ ਵਿਚ ਸ਼ਾਂਤੀ (ਚੰਦਰਮਾ) ਤੇ ਗਿਆਨ (ਸੂਰਜ) ਦੋਹਾਂ ਨੂੰ ਇਕੱਠਾ ਕਰਦਾ ਹੈ, ਫਿਰ ਅਜੇਹੇ ਮਨੁੱਖ ਦਾ ਸਰੀਰ ਵਿਕਾਰਾਂ ਵਿਚ ਨਹੀਂ ਡੁਬਦਾ।

***ਮਃ ੧ ॥ ਸੋ ਉਦਾਸੀ ਜਿ ਪਾਲੇ ਉਦਾਸੁ ॥ ਅਰਧ ਉਰਧ ਕਰੇ ਨਿਰੰਜਨ ਵਾਸੁ ॥ ਚੰਦ ਸੂਰਜ ਕੀ ਪਾਏ ਗੰਢਿ ॥ ਤਿਸੁ ਉਦਾਸੀ ਕਾ ਪੜੈ ਨ ਕੰਧੁ ॥ (੯੫੨)***

ਅਕਾਲ ਪੁਰਖ ਸ੍ਰਿਸ਼ਟੀ ਦੇ ਸ਼ੁਰੂ ਤੋਂ ਅਖ਼ੀਰ ਤਕ ਤੇ ਵਿਚਕਾਰਲੇ ਸਮੇਂ ਵਿਚ, ਭਾਵ, ਸਦਾ ਹੀ ਮੌਜੂਦ ਹੈ। ਜੇ ਕਰ ਉਸ ਸੁਖਾਂ ਦੇ ਸਮੁੰਦਰ ਅਕਾਲ ਪੁਰਖ ਦੀ ਯਾਦ ਨੂੰ ਆਪਣੀ ਮਨ ਵਿਚ ਵਸਾ ਲਏਗਾ, ਤਾਂ ਜਿਸ ਤਰ੍ਹਾਂ ਪੂਰਨਮਾਸ਼ੀ ਦੇ ਦਿਨ ਅਕਾਸ਼ ਵਿਚ ਪੂਰਾ ਚੰਦ ਚੜ੍ਹਦਾ ਹੈ ਤੇ ਚੰਦ ਦੀਆਂ ਸਾਰੀਆਂ ਹੀ ਕਲਾਂ ਪਰਗਟ ਹੁੰਦੀਆਂ ਹਨ, ਠੀਕ ਉਸੇ ਤਰ੍ਹਾਂ ਮਨੁੱਖ ਦੇ ਹਿਰਦੇ ਅੰਦਰ ਵੀ ਗਿਆਨ ਦੇ ਪਰਕਾਸ਼ ਨਾਲ ਅਡੋਲ ਅਵਸਥਾ ਕਾਇਮ ਹੋ ਸਕਦੀ ਹੈ।

***ਪੂਨਿਉ ਪੂਰਾ ਚੰਦ ਅਕਾਸ ॥ ਪਸਰਹਿ ਕਲਾ ਸਹਜ ਪਰਗਾਸ ॥ ਆਦਿ ਅੰਤਿ ਮਧਿ ਹੋਇ ਰਹਿਆ ਥੀਰ ॥ ਸੁਖ ਸਾਗਰ ਮਹਿ ਰਮਹਿ ਕਬੀਰ ॥੧੬॥ (੩੪੪)***

ਸਿਰਫ਼ ਅਕਾਲ ਪੁਰਖ ਹੀ ਸਾਰੇ ਗੁਣਾਂ ਨਾਲ ਭਰਪੂਰ ਹੈ, ਸਾਰੇ ਜਗਤ ਦਾ ਮੂਲ ਹੈ ਤੇ ਸਾਰੀਆਂ ਤਾਕਤਾਂ ਦਾ ਮਾਲਕ ਹੈ। ਉਹ ਸਰਬ ਵਿਆਪਕ ਅਕਾਲ ਪੁਰਖ ਸਭ ਜੀਵਾਂ ਉਤੇ ਦਇਆਵਾਨ ਰਹਿੰਦਾ ਹੈ, ਸਭ ਜੀਵਾਂ ਉਤੇ ਉਸ ਦੀ ਮਿਹਰ ਦਾ ਹੱਥ ਹੈ। ਉਹ ਅਕਾਲ ਪੁਰਖ ਸਾਰੇ ਗੁਣਾਂ ਦਾ ਖ਼ਜ਼ਾਨਾ ਹੈ, ਸਾਰੀ ਸ੍ਰਿਸ਼ਟੀ ਦਾ ਪਾਲਕ ਹੈ, ਸਭ ਤੋਂ ਵੱਡਾ ਹੈ, ਸਭ ਕੁਝ ਉਸੇ ਦਾ ਕੀਤਾ ਹੀ ਵਾਪਰ ਰਿਹਾ ਹੈ। ਅਕਾਲ ਪੁਰਖ ਸਭ ਦੇ ਦਿਲਾਂ ਦੀ ਜਾਣਨ ਵਾਲਾ ਹੈ, ਸਿਆਣਾ ਹੈ, ਉਸ ਦਾ ਮੁਕੰਮਲ ਸਰੂਪ ਬਿਆਨ ਨਹੀਂ ਕੀਤਾ ਜਾ ਸਕਦਾ, ਤੇ ਉਹ ਮਾਇਆ ਦੇ ਪ੍ਰਭਾਵ ਤੋਂ ਪਰੇ ਹੈ। ਉਹ ਅਕਾਲ ਪੁਰਖ ਸਭ ਤੋਂ ਵੱਡਾ ਮਾਲਕ ਹੈ, ਜੀਵਾਂ ਦੇ ਭਲੇ ਦਾ ਹਰੇਕ ਢੰਗ ਜਾਣਨ ਵਾਲਾ ਹੈ, ਸੰਤਾਂ ਦਾ ਰਾਖਾ ਹੈ, ਸਰਨ ਆਏ ਦੀ ਸਹਾਇਤਾ ਕਰਨ ਦੇ ਸਮਰਥ ਹੈ, ਇਸ ਲਈ ਉਸ ਅਕਾਲ ਪੁਰਖ ਨੂੰ ਸਦਾ ਨਮਸਕਾਰ ਕਰਨਾ ਚਾਹੀਦਾ ਹੈ। ਅਕਾਲ ਪੁਰਖ ਦੇ ਸਾਰੇ ਗੁਣ ਬਿਆਨ ਨਹੀਂ ਕੀਤੇ ਜਾ ਸਕਦੇ, ਉਸ ਦਾ ਸਹੀ ਸਰੂਪ ਸਮਝਿਆ ਨਹੀਂ ਜਾ ਸਕਦਾ, ਇਸ ਲਈ ਹਮੇਸ਼ਾਂ ਉਸ ਅਕਾਲ ਪੁਰਖ ਦਾ ਆਪਣੇ ਮਨ ਵਿਚ ਧਿਆਨ ਰੱਖੋ। ਉਹ ਅਕਾਲ ਪੁਰਖ ਵਿਕਾਰਾਂ ਵਿਚ ਡਿੱਗੇ ਹੋਏ ਮਨੁੱਖਾਂ ਨੂੰ ਵਿਕਾਰਾਂ ਤੋਂ ਬਚਾਣ ਵਾਲਾ ਹੈ, ਉਹ ਨਿਖਸਮਿਆਂ ਦਾ ਖਸਮ ਹੈ, ਇਸ ਲਈ ਹਮੇਸ਼ਾਂ ਉਸ ਅਕਾਲ ਪੁਰਖ ਦਾ ਓਟ ਆਸਰਾ ਲੈ ਕੇ, ਉਸ ਦੇ ਹੁਕਮੁ ਤੇ ਰਜ਼ਾ ਅਨੁਸਾਰ ਆਪਣਾ ਜੀਵਨ ਬਤੀਤ ਕਰੋ।

***ਪੂਰਨਮਾ ਪੂਰਨ ਪ੍ਰਭ ਏਕੁ ਕਰਣ ਕਾਰਣ ਸਮਰਥੁ ॥ ਜੀਅ ਜੰਤ ਦਇਆਲ ਪੁਰਖੁ ਸਭ ਊਪਰਿ ਜਾ ਕਾ ਹਥੁ ॥ ਗੁਣ ਨਿਧਾਨ ਗੋਬਿੰਦ ਗੁਰ ਕੀਆ ਜਾ ਕਾ ਹੋਇ ॥ (੩੦੦)***

ਪੁਰਾਤਨ ਸਮਿਆਂ ਵਿਚ ਇਕ ਭਾਰ ਦਾ ਵਜ਼ਨ ਲਗਭਗ ਪੰਜ ਮਣ ਦਾ ਗਿਣਿਆ ਜਾਂਦਾ ਸੀ, "***ਅਠਾਰਹ ਭਾਰ ਮੇਵਾ***" ਦਾ ਭਾਵ ਹੈ, ਕਿ ਜੇਕਰ ਸਾਰੀ ਬਨਸਪਤੀ ਮੇਵਾ ਬਣ ਜਾਏ, ਜਿਸ ਦਾ ਸੁਆਦ ਬਹੁਤ ਮਿਠਾ ਤੇ ਰਸ ਵਾਲਾ ਹੋਵੇ। ਜੇ ਮੇਰੀ ਰਹਿਣ ਦੀ ਥਾਂ ਵੀ ਸਦਾ ਕਾਇਮ ਰਹਿਣ ਵਾਲੀ ਬਣ ਜਾਏ ਤੇ ਚੰਦਰਮਾ ਅਤੇ ਸੂਰਜ ਦੋਵੇਂ, ਮੇਰੀ ਰਿਹਾਇਸ਼ ਤੇ ਸੇਵਾ ਕਰਨ ਲਈ ਲਾਏ ਜਾਣ। ਹੇ ਅਕਾਲ ਪੁਰਖ ਮੈਂ ਤਾਂ ਵੀ ਇਨ੍ਹਾਂ ਦਾਤਾਂ ਵਿਚ ਨਾ ਫਸਾਂ ਤੇ ਹਮੇਸ਼ਾਂ ਤੇਰੀ ਸਿਫ਼ਤਿ ਸਾਲਾਹ ਕਰਦਾ ਰਹਾਂ, ਅਤੇ ਮੇਰੇ ਮਨ ਅੰਦਰ ਅਕਾਲ ਪੁਰਖ ਦੀ ਵਡਿਆਈ ਕਰਨ ਦਾ ਚਾਅ ਕਦੇ ਵੀ ਨਾ ਖਤਮ ਹੋਵੇ।

*ਮਃ ੧ ॥ ਭਾਰ ਅਠਾਰਹ ਮੇਵਾ ਹੋਵੈ ਗਰੁੜਾ ਹੋਇ ਸੁਆਉ ॥ ਚੰਦੁ ਸੂਰਜੁ ਦੁਇ ਫਿਰਦੇ ਰਖੀਅਹਿ ਨਿਹਚਲੁ ਹੋਵੈ ਥਾਉ ॥ ਭੀ ਤੂੰਹੈ ਸਾਲਾਹਣਾ ਆਖਣ ਲਹੈ ਨ ਚਾਉ ॥੨॥ (੧੪੨)*

ਉਪਰ ਲਿਖੇ ਸਬਦ ਦਾ ਭਾਵ ਇਹ ਹੈ, ਕਿ ਭਾਵੇਂ ਅਣਗਿਣਤ ਦਾਤਾਂ ਮਿਲ ਜਾਣ, ਪਰੰਤੂ ਉਸ ਦਾਤਾ ਦੇਣ ਵਾਲੇ ਦਾਤਾਰ ਅਕਾਲ ਪੁਰਖ ਨੂੰ ਕਦੇ ਵੀ ਭੁਲਣਾ ਨਹੀਂ ਚਾਹੀਦਾ। ਮਨੁੱਖ ਨੂੰ ਕਦੇ ਵੀ ਅਕਿਰਤਘਣ ਨਹੀਂ ਬਣਨਾ ਚਾਹੀਦਾ ਹੈ, ਤੇ ਸਦਾ ਉਸ ਦਾਤਾਰ ਦਾ ਸ਼ੁਕਰਾਨਾ ਕਰਦੇ ਰਹਿਣਾ ਚਾਹੀਦਾ ਹੈ।

ਇਸ ਲਈ ਇਕ ਅਕਾਲ ਪੁਰਖ ਨੂੰ ਹੀ ਜਪ, ਤੇ ਇਕ ਅਕਾਲ ਪੁਰਖ ਦੀ ਹੀ ਸਿਫ਼ਤ ਸਾਲਾਹ ਕਰਿਆ ਕਰ, ਇਕ ਨੂੰ ਹੀ ਹਮੇਸ਼ਾਂ ਯਾਦ ਰੱਖ, ਤੇ, ਇਕ ਅਕਾਲ ਪੁਰਖ ਦੇ ਮਿਲਣ ਦੀ ਤਾਂਘ ਆਪਣੇ ਚਿਤ ਵਿਚ ਹਮੇਸ਼ਾਂ ਰੱਖਿਆ ਕਰ। ਇਕ ਅਕਾਲ ਪੁਰਖ ਦੇ ਹੀ ਗੁਣ ਗਾਇਨ ਕਰਿਆ ਕਰ ਤਾਂ ਜੋ ਤੇਰੇ ਅੰਦਰ ਵੀ ਅਜੇਹੇ ਗੁਣ ਪੈਦਾ ਹੋ ਜਾਣ। ਜੀਵਨ ਦਾ ਹਰੇਕ ਕਾਰਜ ਕਰਦੇ ਸਮੇਂ ਆਪਣੇ ਮਨ ਵਿਚ ਤੇ ਸਰੀਰਕ ਇੰਦ੍ਰਿਆਂ ਦੁਆਰਾ ਸਦਾ ਇਕ ਅਕਾਲ ਪੁਰਖ ਨੂੰ ਹੀ ਆਪਣੇ ਧਿਆਨ ਵਿਚ ਰੱਖਿਆ ਕਰ। ਕਿਉਂਕਿ, ਸਭ ਜੀਵਾਂ ਵਿਚ ਅਕਾਲ ਪੁਰਖ ਆਪ ਹੀ ਵਸ ਰਿਹਾ ਹੈ ਤੇ ਸਭ ਥਾਵਾਂ ਤੇ ਵੀ ਅਕਾਲ ਪੁਰਖ ਆਪ ਹੀ ਵਸ ਰਿਹਾ ਹੈ। ਜਗਤ ਦੇ ਅਨੇਕਾਂ ਖਿਲਾਰੇ ਇਕ ਅਕਾਲ ਪੁਰਖ ਤੋਂ ਹੀ ਹੋਏ ਹਨ। ਇਕ ਅਕਾਲ ਪੁਰਖ ਨੂੰ ਆਪਣੇ ਚਿਤ ਵਿਚ ਵਸਾਣ ਨਾਲ ਸਾਰੇ ਪਾਪ ਨਾਸ ਹੋ ਜਾਂਦੇ ਹਨ। ਜਿਹੜਾ ਮਨੁੱਖ ਆਪਣੇ ਮਨ ਤੇ ਸਰੀਰ ਵਿਚ ਇਕ ਅਕਾਲ ਪੁਰਖ ਨੂੰ ਵਸਾ ਲੈਂਦਾ ਹੈ, ਉਹ ਗੁਰੂ ਦੀ ਕਿਰਪਾ ਨਾਲ ਇਕ ਅਕਾਲ ਪੁਰਖ ਨੂੰ ਪਛਾਣ ਲੈਂਦਾ ਹੈ।

*ਏਕੋ ਜਪਿ ਏਕੋ ਸਾਲਾਹਿ ॥ ਏਕੁ ਸਿਮਰਿ ਏਕੋ ਮਨ ਆਹਿ ॥ ਏਕਸ ਕੇ ਗੁਨ ਗਾਉ ਅਨੰਤ ॥ ਮਨਿ ਤਨਿ ਜਾਪਿ ਏਕ ਭਗਵੰਤ ॥ ਏਕੋ ਏਕੁ ਏਕੁ ਹਰਿ ਆਪਿ ॥ ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ ॥ ਅਨਿਕ ਬਿਸਥਾਰ ਏਕ ਤੇ ਭਏ ॥ ਏਕੁ ਅਰਾਧਿ ਪਰਾਛਤ ਗਏ ॥ ਮਨ ਤਨ ਅੰਤਰਿ ਏਕੁ ਪ੍ਰਭੁ ਰਾਤਾ ॥ ਗੁਰ ਪ੍ਰਸਾਦਿ ਨਾਨਕ ਇਕੁ ਜਾਤਾ ॥੮॥੧੯॥ (੨੮੯)*

ਜਗਤ ਨੂੰ ਪੈਦਾ ਕਰਨ ਵਾਲਾ ਅਕਾਲ ਪੁਰਖ ਆਪ ਸਦਾ ਥਿਰ ਰਹਿਣ ਵਾਲਾ ਹੈ, ਤੇ ਜੀਵਾਂ ਦੀ ਪਾਲਣਾ ਕਰਨ ਵਾਲਾ ਵੀ ਅਕਾਲ ਪੁਰਖ ਆਪ ਹੀ ਹੈ। ਜਿਸ ਅਕਾਲ ਪੁਰਖ ਨੇ ਆਪ ਹੀ ਆਪਣੇ ਆਪ ਨੂੰ ਜਗਤ ਦੇ ਰੂਪ ਵਿਚ ਪਰਗਟ ਕੀਤਾ ਹੋਇਆ ਹੈ, ਉਹ ਅਦ੍ਰਿਸ਼ਟ ਤੇ ਬੇਅੰਤ ਹੈ। ਧਰਤੀ ਤੇ ਆਕਾਸ਼ ਜਗਤ ਦੇ ਦੋਵੇਂ ਪੁੜ ਜੋੜ ਕੇ ਭਾਵ, ਜਗਤ ਦੀ ਰਚਨਾ ਕਰ ਕੇ ਅਕਾਲ ਪੁਰਖ ਨੇ ਜੀਵਾਂ ਨੂੰ ਮਾਇਆ ਦੇ ਮੋਹ ਵਿਚ ਫਸਾ ਕੇ ਆਪਣੇ ਨਾਲੋਂ ਵਿਛੋੜ ਦਿੱਤਾ ਹੈ ਭਾਵ, ਇਹ ਅਕਾਲ ਪੁਰਖ ਦੀ ਰਜ਼ਾ ਹੈ ਕਿ ਜੀਵ ਮੋਹ ਵਿਚ ਫਸ ਕੇ ਅਕਾਲ ਪੁਰਖ ਨੂੰ ਭੁਲਾ ਬੈਠੇ ਹਨ। ਗੁਰੂ ਤੋਂ ਬਿਨਾ ਜਗਤ ਵਿਚ ਮਾਇਆ ਦੇ ਮੋਹ ਕਰਕੇ ਘੁੱਪ ਹਨੇਰਾ ਹੈ। ਉਸ ਅਕਾਲ ਪੁਰਖ ਨੇ ਹੀ ਸੂਰਜ ਤੇ ਚੰਦਰਮਾ ਬਣਾਏ ਹਨ, ਸੂਰਜ ਦਿਨ ਵੇਲੇ, ਤੇ ਚੰਦਰਮਾ ਰਾਤ ਵੇਲੇ ਚਾਨਣ ਦੇਂਦਾ ਹੈ। ਸੂਰਜ ਤੇ ਚੰਦਰਮਾ ਦੋਵੇਂ ਬਾਹਰੀ ਚਾਨਣ ਤਾਂ ਦੇ ਸਕਦੇ ਹਨ, ਪਰੰਤੂ ਮਨ ਵਿਚ ਚਾਨਣ ਪੈਦਾ ਕਰਨ ਲਈ ਸਬਦ ਗੁਰੂ ਕੋਲ ਜਾਣਾ ਪਵੇਗਾ। ਇਹ ਹਮੇਸ਼ਾਂ ਚੇਤੇ ਰੱਖਣਾਂ ਚਾਹੀਦਾ ਹੈ, ਕਿ ਇਹ ਜਗਤ ਇਕ ਤਮਾਸ਼ਾ ਹੈ, ਜਿਸ ਨੂੰ ਅਕਾਲ ਪੁਰਖ ਨੇ ਆਪ ਬਣਾਇਆ ਹੈ ਤੇ ਸਦਾ ਲਈ ਥਿਰ ਰਹਿਣ ਵਾਲਾ ਮਾਲਕ ਸਿਰਫ ਉਹ ਅਕਾਲ ਪੁਰਖ ਆਪ ਹੀ ਹੈ। ਅਕਾਲ ਪੁਰਖ ਆਪ ਹੀ ਸਭ ਜੀਵਾਂ ਨੂੰ ਸਦਾ ਥਿਰ ਰਹਿਣ ਵਾਲੇ ਪਿਆਰ ਦੀ ਦਾਤ ਦੇਂਦਾ ਹੈ। ਅਕਾਲ ਪੁਰਖ ਨੇ ਆਪ ਸ੍ਰਿਸ਼ਟੀ ਪੈਦਾ ਕੀਤੀ ਹੈ, ਤੇ ਜੀਵਾਂ ਨੂੰ ਦੁਖ ਤੇ ਸੁਖ ਦੇਣ ਵਾਲਾ ਵੀ ਉਹ ਆਪ ਹੀ ਹੈ। ਜਗਤ ਵਿਚ ਇਸਤ੍ਰੀਆਂ ਤੇ ਮਰਦ ਵੀ ਅਕਾਲ ਪੁਰਖ ਨੇ ਹੀ ਪੈਦਾ ਕੀਤੇ ਹਨ, ਮਾਇਆ ਲਈ ਮੋਹ ਤੇ ਪਿਆਰ ਵੀ ਉਸ ਨੇ ਹੀ ਬਣਾਇਆ ਹੈ। ਜੀਵ ਉਤਪਤੀ ਦੀਆਂ ਖਾਣੀਆਂ ਤੇ ਜੀਵਾਂ ਦੀਆਂ ਬੋਲੀਆਂ ਵੀ ਅਕਾਲ ਪੁਰਖ ਨੇ ਆਪ ਹੀ ਰਚੀਆਂ ਹਨ। ਸਭ ਜੀਵਾਂ ਨੂੰ ਅਕਾਲ ਪੁਰਖ ਆਪ ਹੀ ਆਸਰਾ ਦੇਣ ਵਾਲਾ ਹੈ। ਇਹ ਸਾਰੀ ਰਚਨਾ ਤੇ ਤਖ਼ਤ ਅਕਾਲ ਪੁਰਖ ਨੇ ਆਪਣੇ ਬੈਠਣ ਵਾਸਤੇ ਬਣਾਇਆ ਹੈ, ਆਪਣੇ ਸਦਾ ਥਿਰ ਨਾਮੁ ਨਾਲ ਜੋੜ ਕੇ ਜੀਵਾਂ ਦੇ ਕਰਮਾਂ ਦੇ ਲੇਖ ਵੀ ਅਕਾਲ ਪੁਰਖ ਆਪ ਹੀ ਮੁਕਾਣ ਵਾਲਾ ਹੈ।

*ਵਡਹੰਸੁ ਮਹਲਾ ੧ ਦਖਣੀ ॥ ਸਚੁ ਸਿਰੰਦਾ ਸਚਾ ਜਾਣੀਐ ਸਚੜਾ ਪਰਵਦਗਾਰੋ ॥ ਜਿਨਿ ਆਪੀਨੈ ਆਪੁ ਸਾਜਿਆ ਸਚੜਾ ਅਲਖ ਅਪਾਰੋ ॥ ਦੁਇ ਪੁੜ ਜੋੜਿ ਵਿਛੋੜਿਅਨੁ ਗੁਰ ਬਿਨੁ ਘੋਰੁ ਅੰਧਾਰੋ ॥ ਸੂਰਜ ਚੰਦੁ ਸਿਰਜਿਅਨੁ ਅਹਿਨਿਸਿ ਚਲਤੁ ਵੀਚਾਰੋ ॥੧॥ ਸਚੜਾ ਸਾਹਿਬੁ ਸਚੁ ਤੂ ਸਚੜਾ ਦੇਹਿ ਪਿਆਰੋ ॥ ਰਹਾਉ ॥ (੫੮੦)*

ਇਸ ਜਗਤ ਵਿਚ ਹਰੇਕ ਚੀਜ਼ ਉਸ ਅਕਾਲ ਪੁਰਖ ਦਾ ਆਪਣਾ ਹੀ ਸਰੂਪ ਹੈ। ਇਹ ਸਾਰੀ ਕੁਦਰਤ ਉਸ ਅਕਾਲ ਪੁਰਖ ਨੇ ਆਪ ਹੀ ਪੈਦਾ ਕੀਤੀ ਹੈ, ਕੁਦਰਤ ਦੇ ਸਾਰੇ ਰੁੱਖ ਬਿਰਖ, ਤੇ ਰਹਿਣ ਲਈ ਮਹਲ ਮਾੜੀਆਂ ਆਦਿ ਸਭ ਅਕਾਲ ਪੁਰਖ ਨੇ ਆਪ ਬਣਾਏ ਹਨ। ਇਨ੍ਹਾਂ ਸਾਰੇ ਮਹਲ ਮਾੜੀਆਂ ਵਿਚ ਚਾਨਣ ਕਰਨ ਲਈ, ਉਸ ਅਕਾਲ ਪੁਰਖ ਨੇ ਚੰਦ ਤੇ ਸੂਰਜ ਦੋ ਦੀਵੇ ਜਗਾਏ ਹੋਏ ਹਨ। ਅਕਾਲ ਪੁਰਖ ਨੇ ਕੁਦਰਤ ਦੀ ਸਾਰੀ ਬਣਤਰ ਮੁਕੰਮਲ ਬਣਾਈ ਹੋਈ ਹੈ, ਤੇ ਇਸ ਵਿਚ ਬੈਠ ਕੇ ਆਪ ਹੀ ਵੇਖ ਰਿਹਾ ਹੈ, ਆਪ ਹੀ ਸੁਣ ਰਿਹਾ ਹੈ, ਪਰੰਤੂ ਉਸ ਅਕਾਲ ਪੁਰਖ ਨੂੰ ਸਤਿਗੁਰੂ ਦੇ ਸ਼ਬਦ ਰਾਹੀਂ ਹੀ ਸਮਝਿਆ ਤੇ ਧਿਆਇਆ ਜਾ ਸਕਦਾ ਹੈ।

*ਚੰਦੁ ਸੂਰਜੁ ਦੁਇ ਚਾਨਣੇ ਪੂਰੀ ਬਣਤ ਬਣਾਈ ॥ ਆਪੇ ਵੇਖੈ ਸੁਣੇ ਆਪਿ ਗੁਰ ਸਬਦਿ ਧਿਆਈ ॥੧॥ (੯੪੭)*

ਆਮ ਮਨੁੱਖ ਤਾਂ ਚੰਦਰਮਾ ਤੇ ਸੂਰਜ ਵਰਗੀਆਂ ਨੂਰੀ ਚੀਜ਼ਾਂ ਨੂੰ ਵੇਖ ਕੇ, ਸਿਰਫ ਇਨ੍ਹਾਂ ਨੂੰ ਹੀ ਸਲਾਹੀ ਜਾ ਰਿਹਾ ਹੈ, ਪਰੰਤੂ ਗੁਰੂ ਸਾਹਿਬ ਸਮਝਾਂਉਂਦੇ ਹਨ, ਕਿ ਹੇ ਜੀਵ ਤੂੰ ਇਨ੍ਹਾਂ ਸਭ ਨੂੰ ਨੂਰ ਦੇਣ ਵਾਲੇ ਅਕਾਲ ਪੁਰਖ ਦੀ ਵਡਿਆਈ ਕਰ ਤੇ ਉਸ ਬਾਰੇ ਵਿਚਾਰ ਕਰ, ਕਿਉਂਕਿ ਉਸ ਅਕਾਲ ਪੁਰਖ ਨੇ ਇਹ ਸਾਰਾ ਸੰਸਾਰ ਤੇ ਸਾਨੂੰ ਦਿਸ ਰਿਹਾ ਨੂਰ ਆਪਣੇ ਵਿਚੋਂ ਹੀ ਪੈਦਾ ਕੀਤਾ ਹੈ। ਇਹ ਚੰਦ ਤੇ ਸੂਰਜ ਦੋਵੇਂ ਉਸ ਅਕਾਲ ਪੁਰਖ ਦੀ ਜੋਤ ਦਾ ਬਾਹਰਲਾ ਦਿਸਦਾ ਸਰੂਪ ਹਨ, ਹਰੇਕ ਪ੍ਰਕਾਸ਼ ਵਿਚ ਸੁੰਦਰ ਅਕਾਲ ਪੁਰਖ ਆਪ ਵੱਸ ਰਿਹਾ ਹੈ। ਆਮ ਮਨੁੱਖ ਹੀਰੇ ਆਦਿਕ ਸੁਹਣੇ ਕੀਮਤੀ ਚਮਕਦੇ ਪਦਾਰਥ ਨੂੰ ਵੇਖ ਕੇ ਬਹੁਤ ਖੁਸ਼ ਹੁੰਦਾ ਹੈ ਤੇ ਉਸ ਹੀਰੇ ਨੂੰ ਸਿਰ ਨਿਵਾਉਂਦਾ ਹੈ। ਪਰੰਤੂ ਗੁਰੂ ਸਾਹਿਬ ਨੇ ਚੰਦਰਮਾ, ਸੂਰਜ ਜਾਂ ਹੀਰੇ ਨੂੰ ਮੱਥੇ ਟੇਕਣ ਲਈ ਨਹੀਂ ਕਿਹਾ ਹੈ, ਬਲਕਿ ਉਸ ਅਕਾਲ ਪੁਰਖ ਨੂੰ ਆਪਣੇ ਅੰਦਰ ਵਸਾਣ ਲਈ ਕਿਹਾ ਹੈ, ਜਿਸ ਨੇ ਇਨ੍ਹਾਂ ਸਭ ਨੂੰ ਇਹ ਗੁਣ ਬਖ਼ਸ਼ੇ ਹਨ, ਤੇ ਜੋ ਇਨ੍ਹਾਂ ਵਿਚ ਸਭ ਵਿਚ ਵੱਸਦਾ ਹੋਇਆ ਵੀ ਮਾਇਆ ਦੇ ਪ੍ਰਭਾਵ ਤੋਂ ਨਿਰਲੇਪ ਹੈ, ਤੇ ਉਸ ਦੇ ਬੇਅੰਤ ਗੁਣ ਬਿਆਨ ਨਹੀਂ ਕੀਤੇ ਜਾ ਸਕਦੇ।

***ਚੰਦੁ ਸੂਰਜੁ ਦੁਇ ਜੋਤਿ ਸਰੂਪੁ ॥ ਜੋਤੀ ਅੰਤਰਿ ਬ੍ਰਹਮੁ ਅਨੂਪੁ ॥੧॥ ਕਰੁ ਰੇ ਗਿਆਨੀ ਬ੍ਰਹਮ ਬੀਚਾਰੁ ॥ ਜੋਤੀ ਅੰਤਰਿ ਧਰਿਆ ਪਸਾਰੁ ॥੧॥ ਰਹਾਉ ॥*** *ਹੀਰਾ ਦੇਖਿ ਹੀਰੇ ਕਰਉ ਆਦੇਸੁ ॥ ਕਹੈ ਕਬੀਰੁ ਨਿਰੰਜਨ ਅਲੇਖੁ ॥੨॥੨॥੧੧॥ (੯੭੨)*

ਸਵਾਲ ਪੈਦਾ ਹੁੰਦਾ ਹੈ ਕਿ ਇਹ ਸਾਰੇ ਤਾਰੇ ਜੋ ਅਕਾਸ਼ ਵਿਚ ਦਿਸ ਰਹੇ ਹਨ, ਕਿਸ ਚਿੱਤ੍ਰਕਾਰ ਨੇ ਬਣਾਏ ਹਨ? ਇਹ ਸਾਰਾ ਅਕਾਸ਼ ਕਿਸ ਦੇ ਸਹਾਰੇ ਨਾਲ ਟਿਕਿਆ ਹੋਇਆ ਹੈ? ਕੋਈ ਭਾਗਾਂ ਵਾਲਾ ਸਿਆਣਾ ਬੰਦਾ ਹੀ ਕੁਦਰਤ ਦੀ ਇਸ ਰਮਜ਼ ਨੂੰ ਸਮਝ ਸਕਦਾ ਹੈ। ਇਹ ਜੋ ਸੂਰਜ ਤੇ ਚੰਦ੍ਰਮਾ ਜਗਤ ਵਿਚ ਚਾਨਣ ਕਰ ਰਹੇ ਹਨ, ਇਨ੍ਹਾਂ ਸਭ ਵਿਚ ਅਕਾਲ ਪੁਰਖ ਦੀ ਜੋਤਿ ਦਾ ਹੀ ਪ੍ਰਕਾਸ਼ ਹੈ। ਇਸ ਭੇਤ ਨੂੰ ਓਹੀ ਮਨੁੱਖ ਸਮਝ ਸਕਦਾ ਹੈ, ਜਿਸ ਦੇ ਹਿਰਦੇ ਵਿਚ ਅਕਾਲ ਪੁਰਖ ਵੱਸ ਰਿਹਾ ਹੈ, ਤੇ ਮੂੰਹ ਵਿਚ ਵੀ ਕੇਵਲ ਅਕਾਲ ਪੁਰਖ ਹੀ ਹੈ, ਭਾਵ, ਜੋ ਮੂੰਹੋਂ ਵੀ ਅਕਾਲ ਪੁਰਖ ਦੇ ਗੁਣ ਉਚਾਰ ਰਿਹਾ ਹੈ ਤੇ ਅਕਾਲ ਪੁਰਖ ਦੇ ਨਾਮੁ ਵਿਚ ਰੰਗਿਆ ਹੋਇਆ ਹੈ।

***ਕਹੁ ਰੇ ਪੰਡਿਤ ਅੰਬਰੁ ਕਾ ਸਿਉ ਲਾਗਾ ॥ ਬੂਝੈ ਬੂਝਨਹਾਰੁ ਸਭਾਗਾ ॥੧॥ ਰਹਾਉ ॥ ਸੂਰਜ ਚੰਦੁ ਕਰਹਿ ਉਜੀਆਰਾ ॥ ਸਭ ਮਹਿ ਪਸਰਿਆ ਬ੍ਰਹਮ ਪਸਾਰਾ ॥੨॥ (੩੨੯)***

ਕਬੀਰ ਜੀ ਸਮਝਾਂਉਂਦੇ ਹਨ ਕਿ ਹੇ ਪੰਡਿਤ ਜੀ! ਤੁਸੀ ਸਾਰੇ ਮੈਨੂੰ 'ਜੁਲਾਹਾ ਜੁਲਾਹਾ' ਆਖ ਕੇ ਨੀਵਾਂ ਵਖਾਣ ਦਾ ਜਤਨ ਕਰਦੇ ਹੋ, ਪਰ ਤੁਹਾਨੂੰ ਪਤਾ ਨਹੀਂ ਕਿ ਅਕਾਲ ਪੁਰਖ ਵੀ ਜੁਲਾਹਾ ਹੀ ਹੈ। ਤੁਸੀਂ ਕਿਸੇ ਨੇ ਉਸ ਮਹਾਨ ਜੁਲਾਹੇ ਦਾ ਭੇਤ ਨਹੀਂ ਜਾਣਿਆ, ਜਿਸ ਨੇ ਇਹ ਸਾਰਾ ਜਗਤ ਪੈਦਾ ਕਰ ਕੇ ਮਾਨੋ ਤਾਣਾ ਤਣ ਦਿੱਤਾ ਹੈ। ਜਿਤਨਾ ਚਿਰ ਤੁਸੀਂ ਵੇਦ ਪੁਰਾਣ ਸੁਣਦੇ ਰਹੇ, ਮੈਂ ਉਤਨਾ ਚਿਰ ਥੋੜ੍ਹਾ ਜਿਹਾ ਤਾਣਾ ਤਣਦਾ ਰਿਹਾ, ਭਾਵ, ਤੁਸੀਂ ਵੇਦ ਪੁਰਾਨਾਂ ਦੇ ਪਾਠ ਕਰਨ ਦਾ ਮਾਣ ਕਰਦੇ ਰਹੇ। ਪਰੰਤੂ ਤੁਸਾਂ ਇਸ ਵਿੱਦਿਆ ਨੂੰ ਉਸੇ ਤਰ੍ਹਾਂ ਰੋਜ਼ੀ ਲਈ ਵਰਤਿਆ ਹੈ, ਜਿਸ ਤਰ੍ਹਾਂ ਮੈਂ ਤਾਣਾ ਤਾਣ ਕੇ ਕਪੜਾ ਬਣਾਨ ਦੇ ਕੰਮ ਲਈ ਵਰਤਦਾ ਹਾਂ। ਦੋਹਾਂ ਵਿਚ ਕੋਈ ਫ਼ਰਕ ਨਹੀਂ, ਕਿਉਂਕਿ ਦੋਵੇ ਰੋਜੀ ਰੋਟੀ ਲਈ ਕੰਮ ਕਰ ਰਹੇ ਹਾਂ, ਪਰੰਤੂ ਤੁਹਾਡਾ ਵਿਦਵਾਨ ਹੋਣ ਦਾ ਹੰਕਾਰ ਤੇ ਬਰਾਹਮਣ ਹੋਣ ਦਾ ਮਾਣ ਕੂੜ ਹੈ। ਧਿਆਨ ਨਾਲ ਵੇਖੋ ਤੇ ਵੀਚਾਰੋ ਤਾਂ ਸਮਝ ਆਉਂਦੀ ਹੈ ਕਿ ਉਸ ਅਕਾਲ ਪੁਰਖ ਜੁਲਾਹੇ ਨੇ ਧਰਤੀ ਤੇ ਅਕਾਸ਼ ਦੀ ਇਕ ਤਰ੍ਹਾਂ ਦੀ ਕੰਘੀ ਬਣਾ ਦਿੱਤੀ ਹੈ, ਚੰਦਰਮਾ ਤੇ ਸੂਰਜ ਨੂੰ ਉਹ ਅਕਾਲ ਪੁਰਖ ਉਸ ਕੰਘੀ ਦੇ ਨਾਲ ਨਾਲਾਂ ਬਣਾ ਕੇ ਵਰਤ ਰਿਹਾ ਹੈ। ਜੁਲਾਹੇ ਦੇ ਪਊਇਆਂ ਦੀ ਜੋੜੀ ਦੀ ਤਰ੍ਹਾਂ ਉਸ ਅਕਾਲ ਪੁਰਖ ਨੇ ਜਗਤ ਵਿਚ ਜਨਮ ਮਰਨ ਦੀ ਖੇਡ ਰਚ ਦਿੱਤੀ ਹੈ। ਹੁਣ ਮੇਰੇ ਵਰਗੇ ਨਿਮਾਣੇ ਜੁਲਾਹੇ ਦਾ ਮਨ, ਉਸ ਅਕਾਲ ਪੁਰਖ ਵਿਚ ਟਿਕ ਗਿਆ ਹੈ, ਜਿਸ ਮਹਾਨ ਜੁਲਾਹੇ ਨੇ ਇਹ ਸਾਰੀ ਖੇਡ ਰਚੀ ਹੈ। ਮੈਂ ਹੁਣ ਉਸ ਮਹਾਨ ਜੁਲਾਹੇ (ਅਕਾਲ ਪੁਰਖ) ਦੇ ਚਰਨਾਂ ਵਿਚ ਜੁੜ ਕੇ ਆਪਣਾ ਟਿਕਾਣਾ ਲੱਭ ਲਿਆ ਹੈ, ਤੇ ਮੈਂ ਆਪਣੇ ਹਿਰਦੇ ਵਿਚ ਹੀ ਉਸ ਅਕਾਲ ਪੁਰਖ ਨੂੰ ਵਸਿਆ ਹੋਇਆ ਪਛਾਣ ਲਿਆ ਹੈ। ਕਬੀਰ ਜੀ ਸਮਝਾਂਉਂਦੇ ਹਨ, ਕਿ ਜਦੋਂ ਉਹ ਮਹਾਨ ਜੁਲਾਹਾ, ਇਸ ਜਗਤ ਰੂਪੀ ਕੰਘੀ ਨੂੰ ਤੋੜ ਦੇਂਦਾ ਹੈ, ਤਾਂ ਸੂਤਰ ਵਿਚ ਸੂਤਰ ਰਲਾ ਦੇਂਦਾ ਹੈ, ਭਾਵ, ਸਾਰੇ ਜਗਤ ਨੂੰ ਆਪਣੇ ਵਿਚ ਮਿਲਾ ਲੈਂਦਾ ਹੈ।

***ਆਸਾ ॥ ਕੋਰੀ ਕੋ ਕਾਹੂ ਮਰਮੁ ਨ ਜਾਨਾਂ ॥ ਸਭੁ ਜਗੁ ਆਨਿ ਤਨਾਇਓ ਤਾਨਾਂ ॥੧॥ ਰਹਾਉ ॥ ਜਬ ਤੁਮ ਸੁਨਿ ਲੇ ਬੇਦ ਪੁਰਾਨਾਂ ॥ ਤਬ ਹਮ ਇਤਨਕੁ ਪਸਰਿਓ ਤਾਨਾਂ ॥੧॥ ਧਰਨਿ ਅਕਾਸ ਕੀ ਕਰਗਹ ਬਨਾਈ ॥ ਚੰਦੁ ਸੂਰਜੁ ਦੁਇ ਸਾਥ ਚਲਾਈ ॥੨॥ (੪੮੪)***

ਗੁਰੂ ਸਾਹਿਬ ਗੁਰਬਾਣੀ ਵਿਚ ਸਮਝਾਂਦੇ ਹਨ ਕਿ ਜੇ ਕਰ ਆਪਣੇ ਅੰਦਰੋਂ ਕਾਮ, ਕ੍ਰੋਧ, ਪਰਾਈ ਨਿੰਦਿਆ, ਲੱਬ ਅਤੇ ਲੋਭ ਦੂਰ ਕਰ ਲਈਏ, ਤਾਂ ਮਨ ਹਰ ਵੇਲੇ ਸ਼ਾਂਤ ਹੋ ਸਕਦਾ ਹੈ। ਜੇਹੜਾ ਮਨੁੱਖ ਇਨ੍ਹਾਂ ਵਿਕਾਰਾਂ ਦੀ ਜ਼ੰਜੀਰ ਤੋੜ ਕੇ ਨਿਰਲੇਪ ਹੋ ਜਾਂਦਾ ਹੈ, ਉਹ ਅਕਾਲ ਪੁਰਖ ਨੂੰ ਆਪਣੇ ਅੰਦਰੋਂ ਹੀ ਲੱਭ ਲੈਂਦਾ ਹੈ, ਉਹ ਮਨੁੱਖ ਸਬਦ ਗੁਰੂ ਦੇ ਗਿਆਨ ਦੁਆਰਾ ਅਕਾਲ ਪੁਰਖ ਦੇ ਨਾਮੁ ਦਾ ਰਸ ਪ੍ਰਾਪਤ ਕਰਦਾ ਹੈ। ਜਿਵੇਂ ਰਾਤ ਵੇਲੇ ਬਿਜਲੀ ਦੀ ਚਮਕ ਨਾਲ ਮਨੁੱਖ ਹਨੇਰੇ ਵਿਚ ਚਾਨਣ ਵੇਖ ਲੈਂਦਾ ਹੈ, ਇਸੇ ਤਰ੍ਹਾਂ ਗੁਰੂ ਦੀ ਸਰਨ ਵਿਚ ਆ ਕੇ ਹਰ ਵੇਲੇ ਅਕਾਲ ਪੁਰਖ ਦੀ ਜੋਤਿ ਨੂੰ ਹਰ ਥਾਂ ਵਿਆਪਕ ਵੇਖਿਆ ਜਾ ਸਕਦਾ ਹੈ। ਉਸ ਸੁੰਦਰ ਤੇ ਆਨੰਦ ਰੂਪੀ ਅਕਾਲ ਪੁਰਖ ਨੂੰ ਜਿਸ ਨੇ ਵੀ ਵੇਖਿਆ ਹੈ, ਉਸ ਨੂੰ ਪੂਰੇ ਗੁਰੂ ਨੇ ਹੀ ਵਿਖਾਇਆ ਹੈ। ਇਸ ਲਈ ਸਤਿਗੁਰੂ ਦੀ ਸਰਨ ਵਿਚ ਆ ਜਾਓ, ਕਿਉਂਕਿ ਜੇਹੜਾ ਮਨੁੱਖ ਗੁਰੂ ਨੂੰ ਮਿਲਦਾ ਹੈ, ਉਸ ਨੂੰ ਅਕਾਲ ਪੁਰਖ ਆਪ ਸੰਸਾਰ ਰੂਪੀ ਸਮੁੰਦਰ ਤੋਂ ਪਾਰ

ਲੰਘਾ ਲੈਂਦਾ ਹੈ, ਤੇ ਉਸ ਦੇ ਸ਼ਾਂਤ ਹਿਰਦੇ ਵਿਚ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ। ਜੇਹੜਾ ਮਨੁੱਖ ਅਜੇਹਾ ਉੱਦਮ ਕਰਦਾ ਹੈ, ਉਸ ਨੂੰ ਹਰ ਥਾਂ ਸਾਰੇ ਜਗਤ ਵਿਚ ਅਕਾਲ ਪੁਰਖ ਹੀ ਵਿਖਾਈ ਦਿੰਦਾ ਹੈ।

*ਮਾਰੂ ਮਹਲਾ ੧ ॥ ਕਾਮੁ ਕ੍ਰੋਧੁ ਪਰਹਰੁ ਪਰ ਨਿੰਦਾ ॥ ਲਬੁ ਲੋਭੁ ਤਜਿ ਹੋਹੁ ਨਿਚਿੰਦਾ ॥ **ਭ੍ਰਮ ਕਾ ਸੰਗਲੁ ਤੋੜਿ ਨਿਰਾਲਾ ਹਰਿ ਅੰਤਰਿ ਹਰਿ ਰਸੁ ਪਾਇਆ** ॥੧॥ ਨਿਸਿ ਦਾਮਨਿ ਜਿਉ ਚਮਕਿ ਚੰਦਾਇਣੁ ਦੇਖੈ ॥ ਅਹਿਨਿਸਿ ਜੋਤਿ ਨਿਰੰਤਰਿ ਪੇਖੈ ॥ ਆਨੰਦ ਰੂਪੁ ਅਨੂਪੁ ਸਰੂਪਾ ਗੁਰਿ ਪੂਰੈ ਦੇਖਾਇਆ ॥੨॥ (੧੦੪੧)*

ਜੇ ਕਰ ਉਪਰ ਲਿਖੀਆਂ, ਗੁਰਬਾਣੀ ਦੀਆਂ ਸਿਖਿਆਵਾਂ, ਨੂੰ ਇਕੱਠਾ ਕਰੀਏ ਤਾਂ ਅਸੀਂ ਨਿਸਚੇ ਨਾਲ ਸਮਝ ਸਕਦੇ ਹਾਂ, ਕਿ ਗੁਰੂ ਸਾਹਿਬਾਂ ਨੇ ਗੁਰਬਾਣੀ ਵਿਚ ਜਿਥੇ ਮਨੁੱਖਾ ਜੀਵਨ ਨੂੰ ਸਫਲ ਕਰਨ ਲਈ ਸਿਖਿਆ ਦਿੱਤੀ ਹੈ, ਉਥੇ ਨਾਲ ਨਾਲ ਸਾਇੰਸ ਦੀ ਇਹ ਸਚਾਈ ਵੀ ਸਮਝਾਂ ਦਿਤੀ ਹੈ ਕਿ ਚੰਦਰਮਾ ਸੂਰਜ ਕੋਲੋ ਚਾਨਣ ਲੈਂਦਾ ਹੈ, ਤੇ ਧਰਤੀ ਤੇ ਭੇਜਦਾ ਹੈ।

- ਜੇਹੜਾ ਮਨੁੱਖ ਸ਼ਬਦ ਗੁਰੂ ਅਨੁਸਾਰ ਜੀਵਨ ਵਿਚ ਵਿਚਰਦਾ ਹੈ, ਉਹ ਸਬਦ ਗੁਰੂ ਦੁਆਰਾ ਆਤਮਕ ਜੀਵਨ ਦੇਣ ਵਾਲਾ ਨਾਮੁ ਪ੍ਰਾਪਤ ਕਰਦਾ ਹੈ, ਤੇ ਉਸ ਦਾ ਹਉਮੈ ਘਟਨਾ ਸ਼ੁਰੂ ਹੋ ਜਾਂਦਾ ਹੈ, ਅੰਦਰ ਦੀ ਤ੍ਰਿਸ਼ਨਾ ਮੁੱਕ ਜਾਂਦੀ ਹੈ, ਤੇ ਦੁਨਿਆਵੀ ਡਰ ਦੂਰ ਹੋ ਜਾਂਦਾ ਹੈ।
- ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿਚ ਸਪੱਸ਼ਟ ਕਹਿ ਦਿਤਾ ਸੀ, ਕਿ ਜੋ ਅਸੀਂ ਚੰਦਰਮੇ ਦੀ ਰੌਸ਼ਨੀ ਨਾਲ ਰਾਤ ਵੇਲੇ ਵੇਖਦੇ ਹਾਂ, ਉਹ ਰੌਸ਼ਨੀ ਚੰਦਰਮੇ ਦੀ ਆਪਣੀ ਨਹੀਂ ਹੁੰਦੀ ਹੈ, ਬਲਕਿ ਚੰਦਰਮੇ ਦੇ ਅੰਦਰ ਸੂਰਜ ਦੀ ਰੌਸ਼ਨੀ ਸਮਾਈ ਹੁੰਦੀ ਹੈ।
- ਜਿਸ ਤਰ੍ਹਾਂ ਚੰਦਰਮੇ ਦੇ ਅੰਦਰ ਸੂਰਜ ਦੀ ਗਰਮੀ ਸਮਾ ਜਾਂਦੀ ਹੈ, ਉਸੇ ਤਰ੍ਹਾਂ ਸ਼ਾਂਤੀ ਦੇ ਘਰ ਅਕਾਲ ਪੁਰਖ ਵਿਚ ਮਨੁੱਖ ਦੇ ਮਨ ਦੀ ਤਪਸ਼ ਸਮਾ ਜਾਂਦੀ ਹੈ।
- ਸਤਿਗੁਰੂ ਦਾ ਸ਼ਬਦ ਉੱਚਾਰਨ ਨਾਲ ਮਨੁੱਖ ਦੇ ਹਿਰਦੇ ਵਿਚ ਸ਼ਾਂਤੀ ਪੈਦਾ ਹੋ ਜਾਂਦੀ ਹੈ।
- ਸ਼ਬਦ ਗੁਰੂ ਦੀ ਬਰਕਤਿ ਨਾਲ ਗੁਰਮੁਖ ਸੁਖ ਤੇ ਦੁਖ ਨੂੰ ਇਕੋ ਜਿਹਾ ਜਾਣ ਕੇ ਅਕਾਲ ਪੁਰਖ ਦੇ ਨਾਮੁ ਨੂੰ ਆਪਣੇ ਜੀਵਨ ਦਾ ਆਧਾਰ ਬਣਾਂਦਾ ਹੈ।
- ਅਸਲ ਉਦਾਸੀ ਉਹ ਹੈ, ਜੋ ਮਾਇਆ ਤੋਂ ਨਿਰਲੇਪ ਰਹਿੰਦਾ ਹੈ ਤੇ ਆਪਣੀ ਉਪਰਾਮਤਾ ਨੂੰ ਸਦਾ ਕਾਇਮ ਰੱਖਦਾ ਹੈ।
- ਅਕਾਲ ਪੁਰਖ ਵਿਕਾਰਾਂ ਵਿਚ ਡਿੱਗੇ ਹੋਏ ਮਨੁੱਖਾਂ ਨੂੰ ਵਿਕਾਰਾਂ ਤੋਂ ਬਚਾਣ ਵਾਲਾ ਹੈ, ਨਿਖਸਮਿਆਂ ਦਾ ਖਸਮ ਹੈ, ਇਸ ਲਈ ਹਮੇਸ਼ਾਂ ਉਸ ਅਕਾਲ ਪੁਰਖ ਦਾ ਓਟ ਆਸਰਾ ਲੈ ਕੇ ਉਸ ਦੇ ਹੁਕਮੁ ਤੇ ਰਜਾ ਅਨੁਸਾਰ ਆਪਣਾ ਜੀਵਨ ਬਤੀਤ ਕਰੋ।
- ਮਨੁੱਖ ਨੂੰ ਕਦੇ ਵੀ ਅਕਿਰਤਘਣ ਨਹੀਂ ਬਣਨਾ ਚਾਹੀਦਾ ਹੈ, ਤੇ ਸਦਾ ਉਸ ਦਾਤਾਰ ਦਾ ਸ਼ੁਕਰਾਨਾ ਕਰਦੇ ਰਹਿੰਣਾ ਚਾਹੀਦਾ ਹੈ।
- ਜਿਹੜਾ ਮਨੁੱਖ ਆਪਣੇ ਮਨ ਤੇ ਸਰੀਰ ਵਿਚ ਇਕ ਅਕਾਲ ਪੁਰਖ ਨੂੰ ਵਸਾ ਲੈਂਦਾ ਹੈ, ਉਹ ਗੁਰੂ ਦੀ ਕਿਰਪਾ ਨਾਲ ਇਕ ਅਕਾਲ ਪੁਰਖ ਨੂੰ ਪਛਾਣ ਲੈਂਦਾ ਹੈ।
- ਸੂਰਜ ਤੇ ਚੰਦਰਮਾ ਦੋਵੇਂ ਬਾਹਰੀ ਚਾਨਣ ਤਾਂ ਦੇ ਸਕਦੇ ਹਨ, ਪਰੰਤੂ ਮਨ ਵਿਚ ਚਾਨਣ ਪੈਦਾ ਕਰਨ ਲਈ ਸਬਦ ਗੁਰੂ ਕੋਲ ਜਾਣਾ ਪਵੇਗਾ।
- ਅਕਾਲ ਪੁਰਖ ਨੇ ਕੁਦਰਤ ਦੀ ਸਾਰੀ ਬਣਤਰ ਮੁਕੰਮਲ ਬਣਾਈ ਹੋਈ ਹੈ, ਤੇ ਇਸ ਵਿਚ ਬੈਠ ਕੇ ਆਪ ਹੀ ਵੇਖ ਤੇ ਸੁਣ ਰਿਹਾ ਹੈ, ਪਰੰਤੂ ਉਸ ਅਕਾਲ ਪੁਰਖ ਨੂੰ ਸਤਿਗੁਰੂ ਦੇ ਸ਼ਬਦ ਰਾਹੀਂ ਹੀ ਸਮਝਿਆ ਤੇ ਧਿਆਇਆ ਜਾ ਸਕਦਾ ਹੈ।
- ਗੁਰੂ ਸਾਹਿਬ ਨੇ ਚੰਦਰਮਾ, ਸੂਰਜ ਜਾਂ ਹੀਰੇ ਨੂੰ ਮੱਥੇ ਟੇਕਣ ਲਈ ਨਹੀਂ ਕਿਹਾ, ਬਲਕਿ ਉਸ ਅਕਾਲ ਪੁਰਖ ਨੂੰ ਆਪਣੇ ਅੰਦਰ ਵਸਾਣ ਲਈ ਕਿਹਾ ਹੈ, ਜਿਸ ਨੇ ਇਨ੍ਹਾਂ ਸਭ ਨੂੰ ਇਹ ਗੁਣ ਬਖ਼ਸ਼ੇ ਹਨ।
- ਇਹ ਜੋ ਸੂਰਜ ਤੇ ਚੰਦ੍ਰਮਾ ਜਗਤ ਵਿਚ ਚਾਨਣ ਕਰ ਰਹੇ ਹਨ, ਇਨ੍ਹਾਂ ਸਭ ਵਿਚ ਅਕਾਲ ਪੁਰਖ ਦੀ ਜੋਤਿ ਦਾ ਹੀ ਪ੍ਰਕਾਸ਼ ਹੈ। ਇਸ ਭੇਤ ਨੂੰ ਓਹੀ ਮਨੁੱਖ ਸਮਝ ਸਕਦਾ ਹੈ, ਜਿਸ ਦੇ ਹਿਰਦੇ ਵਿਚ ਅਕਾਲ ਪੁਰਖ ਵੱਸ ਰਿਹਾ ਹੈ।
- ਗੁਰੂ ਸਾਹਿਬ ਗੁਰਬਾਣੀ ਵਿਚ ਸਮਝਾਂਦੇ ਹਨ ਕਿ ਜੇ ਕਰ ਆਪਣੇ ਅੰਦਰੋਂ ਕਾਮ, ਕ੍ਰੋਧ, ਪਰਾਈ ਨਿੰਦਿਆ, ਲੱਬ ਅਤੇ ਲੋਭ ਦੂਰ ਕਰ ਲਈਏ, ਤਾਂ ਮਨ ਹਰ ਵੇਲੇ ਸ਼ਾਂਤ ਹੋ ਸਕਦਾ ਹੈ।
- ਜੇਹੜਾ ਮਨੁੱਖ ਗੁਰੂ ਨੂੰ ਮਿਲਦਾ ਹੈ, ਉਸ ਨੂੰ ਅਕਾਲ ਪੁਰਖ ਆਪ ਸੰਸਾਰ ਰੁਪੀ ਸਮੁੰਦਰ ਤੋਂ ਪਾਰ ਲੰਘਾ ਲੈਂਦਾ ਹੈ, ਤੇ ਉਸ ਦੇ ਸ਼ਾਂਤ ਹਿਰਦੇ ਵਿਚ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ।

ਇਸ ਲਈ ਆਓ ਸਾਰੇ ਜਾਣੇ ਗੁਰਬਾਣੀ ਦੁਆਰਾ ਆਪਣੇ ਅੰਦਰੋਂ ਭਰਮ ਤੇ ਵਿਕਾਰ ਦੂਰ ਕਰਕੇ ਅਕਾਲ ਪੁਰਖੁ ਦੇ ਗੁਣਾਂ ਵਰਗਾ ਚਾਨਣ ਪੈਦਾ ਕਰਈਏ ਤੇ ਅਪਾਣਾ ਮਨੁੱਖਾ ਜਨਮ ਸਫਲ ਕਰੀਏ।

**"ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ"**

ਤਤਕਰਾ

# ਗੁਰਮਤਿ ਅਤੇ ਸਾਇੰਸ ਦੀ ਤੁਲਨਾ

## Comparison of Gurmat and Science

ਸਾਇੰਸ ਵੀ ਖੋਜ ਦੀ ਹੀ ਗੱਲ ਕਰਦੀ ਹੈ, ਤੇ ਗੁਰੂ ਮਹਾਰਾਜ ਨੇ ਵੀ ਅਕਾਲ ਪੁਰਖੁ ਨੂੰ ਸ਼ਬਦ ਗੁਰੂ, ਗੁਰੂ ਗਰੰਥ ਸਾਹਿਬ ਵਿਚੋਂ ਖੋਜਣ ਲਈ ਹੁਕਮ ਕੀਤਾ ਹੈ। ਗੁਰਮਤਿ ਦਾ ਆਧਾਰ, ਫੋਕਟ ਵਹਿਮ ਅਤੇ ਝੂਠੀਆਂ ਜਾਂ ਕਲਪਿਤ ਕਹਾਣੀਆਂ ਅਨੁਸਾਰ ਨਹੀਂ ਹੈ, ਬਲਕਿ ਗੁਰਮਤਿ ਦਾ ਆਧਾਰ ਸੱਚ ਤੇ ਅਸਲੀਅਤ ਅਨੁਸਾਰ ਹੈ। ਸਾਇੰਸ ਨਵੀਆਂ ਨਵੀਆਂ ਖੋਜਾਂ ਕਰਨ ਵਿਚ ਸਹਾਇਤਾ ਕਰ ਸਕਦੀ ਹੈ, ਪਰੰਤੂ ਮੱਤ ਦੇਣ ਲਈ ਨਹੀਂ।

### ਅਕਾਲ ਪੁਰਖੁ ਦੇ ਨਿਯਮ:

ਗੁਰੂ ਨਾਨਕ ਸਾਹਿਬ ਅਨੁਸਾਰ ਪੂਰੀ ਸ੍ਰਿਸ਼ਟੀ ਦਾ ਹਰ ਕਾਰਜ ਅਕਾਲ ਪੁਰਖੁ ਦੇ ਬਣਾਏ ਗਏ ਨਿਯਮਾਂ ਅਨੁਸਾਰ ਚਲ ਰਿਹਾ ਹੈ। ਅੱਜ ਦੀ ਸਾਇੰਸ ਤਾਂ ਗਰੈਵੀਟੇਸ਼ਨ (Gravitation), ਇਲੈਕਟਰੋਮੈਗਨੈਟਿਕ (Electromagnetic) ਜਾਂ ਨਿਉਕਲੀਅਰ ਫੋਰਸ (Nuclear force) ਤਕ ਹੀ ਸੀਮਿਤ ਹੈ। ਇਸ ਤੋਂ ਅੱਗੇ ਸਾਇੰਸ ਅਜੇ ਤਕ ਨਹੀਂ ਜਾ ਸਕੀ ਹੈ। ਜਿਸ ਤਰ੍ਹਾਂ ਖੋਜ਼ ਹੁੰਦੀ ਰਹਿੰਦੀ ਹੈ, ਸਾਇੰਸ ਦੀਆਂ ਥਿਊਰੀਆਂ ਬਦਲਦੀਆਂ ਰਹਿੰਦੀਆਂ ਹਨ।

ਕੁਦਰਤ ਇਸ ਤੋਂ ਵੀ ਬਹੁਤ ਅੱਗੇ ਹੋ ਸਕਦੀ ਹੈ। ਸਾਇੰਸ ਦੀ ਪਹੁੰਚ ਪਦਾਰਥ ਤਕ ਹੈ, ਆਤਮਿਕ ਆਧਾਰ ਤੇ ਕਿਹੜੇ ਨਿਯਮ ਲਾਗੂ ਹੁੰਦੇ ਹਨ, ਅੱਜ ਦੀ ਸਾਇੰਸ ਦੀ ਪਹੁੰਚ ਤੋਂ ਦੂਰ ਹਨ। ਹਰੇਕ ਚੀਜ਼ ਜਾਂ ਕਿਰਿਆ ਅਕਾਲ ਪੁਰਖੁ ਦੇ ਹੁਕਮੁ{ਹ੨੫}{E05} ਭਾਵ ਅਕਾਲ ਪੁਰਖੁ ਦੇ ਬਣਾਏ ਗਏ ਨਿਯਮਾਂ, ਅਸੂਲਾਂ, ਧਰਮ ਅਨੁਸਾਰ ਹੁੰਦੀ ਹੈ। ਅਕਾਲ ਪੁਰਖੁ ਦੇ ਹੁਕਮੁ ਦੇ ਬਾਹਰ ਕੁਝ ਵੀ ਨਹੀਂ ਹੈ।

### ਗੁਰਤਾ ਖਿੱਚ (Gravitational force):

ਨਿਊਟਨ ਨੇ ਗੁਰਤਾ ਖਿੱਚ (Gravitational force) ਦੀ ਕਾਢ ੧੬੮੬ ਦੇ ਕਰੀਬ ਕੀਤੀ ਸੀ। ਪਰੰਤੂ ਗੁਰੂ ਨਾਨਕ ਸਾਹਿਬ ਨੇ ਇਸ ਬਾਰੇ ਜਪੁਜੀ ਸਾਹਿਬ ਵਿਚ ੫੦੦ ਸਾਲ ਪਹਿਲਾਂ ਕਹਿ ਦਿਤਾ ਸੀ। ਗੈਲੀਲੀਓ ਨੇ ਪਹਿਲੀ ਦੂਰਬੀਨ ੧੬੦੯ ਵਿਚ ਬਣਾਈ। ਗੁਰੂ ਸਾਹਿਬ ਨੇ ਬਿਨਾ ਦੂਰਬੀਨ ਦੇ ਕਈ ਸਾਲ ਪਹਿਲਾਂ ਲਿੱਖ ਦਿਤਾ ਸੀ ਕਿ ਧਰਤੀਆਂ ਅਣਗਿਣਤ ਹਨ। ਅੱਜ ਦੀ ਸਾਇੰਸ ਕੁਝ ਦਹਾਕੇ ਪਹਿਲਾਂ ਤੋਂ ਹੀ ਅਨੇਕਾਂ ਗੈਲੈਕਸੀਆਂ ਬਾਰੇ ਗੱਲ ਕਰ ਰਹੀ ਹੈ।

***ਧੌਲੁ ਧਰਮੁ ਦਇਆ ਕਾ ਪੂਤੁ ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥ ਜੇ ਕੋ ਬੁਝੈ ਹੋਵੈ ਸਚਿਆਰੁ ॥ ਧਵਲੈ ਉਪਰਿ ਕੇਤਾ ਭਾਰੁ ॥ ਧਰਤੀ ਹੋਰੁ ਪਰੈ ਹੋਰੁ ਹੋਰੁ ॥ ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥ (੩)***

ਧਰਤੀ ਨੂੰ ਆਸਰਾ ਦੇਣ ਵਾਲਾ ਕੋਈ ਬਲਦ ਨਹੀਂ ਬਲਕਿ ਇਹ ਧਰਮ ਹੈ, ਨਿਯਮ ਹੈ, ਅਸੂਲ ਹੈ। ਜਿਸ ਨੇ ਸਾਰੇ ਬ੍ਰਹਿਮੰਡ ਵਿਚ ਸੰਤੋਖੁ (ਸਥਿਰਤਾ) ਕਾਇਮ ਰੱਖਿਆ ਹੈ। ਅੱਜ ਅਸੀਂ ਇਸ ਅਸੂਲ ਨੂੰ ਗੁਰੂਤਾ ਸ਼ਕਤੀ (Gravitational force) ਕਰਕੇ ਜਾਣਦੇ ਹਾਂ, ਨਿਊਟਨ ਲਾ ਆਫ ਗਰੈਵੀਟੇਸ਼ਨ (Newton's law of Gravitation)। ਗੁਰੂ ਸਾਹਿਬ ਨੇ ਕੁਦਰਤ ਦੀ ਸਚਾਈ ਨੂੰ ਬਿਲਕੁਲ ਸਰਲ ਤੇ ਸਪੱਸ਼ਟ (Logical) ਤਰੀਕੇ ਨਾਲ ਸਮਝਾਇਆ ਹੈ।

### ਅਨੇਕਾਂ ਹੀ ਤਾਰੇ ਤੇ ਗਲੈਕਸੀਆਂ:

ਅੱਜਕਲ ਦੀਆਂ ਵੱਡੀਆਂ ਵੱਡੀਆਂ ਦੂਰਬੀਨਾਂ ਸਾਬਤ ਕਰ ਰਹੀਆਂ ਹਨ, ਕਿ ਅਨੇਕਾਂ ਹੀ ਤਾਰੇ ਤੇ ਗਲੈਕਸੀਆਂ ਹਨ। ਗੁਰੂ ਸਾਹਿਬ ਨੇ ਬਿਨਾ ਦੂਰਬੀਨ ਦੇ ੫੦੦ ਸਾਲ ਪਹਿਲਾਂ ਇਹ ਸਭ ਕੁਝ ਸਮਝਾ ਦਿੱਤਾ ਸੀ, ਕਿ ਚੰਦ, ਸੂਰਜ, ਤਾਰੇ, ਧਰਤੀਆਂ ਅਣਗਿਣਤ ਹਨ। ਅੱਜ ਦੀ ਸਾਇੰਸ ਕੁਝ ਦਹਾਕੇ ਪਹਿਲਾਂ ਤੋਂ ਹੀ ਅਨੇਕਾਂ ਗੈਲੈਕਸੀਆਂ ਬਾਰੇ ਗੱਲ ਕਰ ਰਹੀ ਹੈ। ਗੁਰਬਾਣੀ ਵਿਚ ਅਨੇਕਾਂ ਹੀ ਸ਼ਬਦ ਪ੍ਰਮਾਣ ਦੇ ਤੌਰ ਤੇ ਮਿਲਦੇ ਹਨ, ਜਿਨ੍ਹਾਂ ਵਿਚ ਸਮਝਾਇਆ ਗਿਆ ਹੈ ਕਿ ਕੁਦਰਤ ਦਾ ਕੋਈ ਅੰਤ ਨਹੀਂ।

***ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥ ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥ ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥ ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥ ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥੨੨॥ (੫)***

## ਪੰਜ ਤੱਤ:

ਜੀਵਨ ਦੇ ਆਧਾਰ ਨੂੰ ਧਿਆਨ ਵਿਚ ਰੱਖਦੇ ਹੋਏ ਪਹਿਲਾਂ ਪਹਿਲ ਪੰਜ (ਅੱਗ, ਹਵਾ, ਪਾਣੀ, ਧਰਤੀ, ਆਕਾਸ਼) ਸਮਝੇ ਜਾਂਦੇ ਸਨ। ਪੁਰਾਤਨ ਸਮੇਂ ਅਨੁਸਾਰ ਪੰਜ ਤੱਤਾਂ ਦੀ ਪ੍ਰੀਭਾਸ਼ਾਂ ਕੁਝ ਹੋਰ ਸੀ, ਉਹ ਜੀਵਨ ਦੇ ਆਧਾਰ ਅਨੁਸਾਰ ਸਨ। ਇਸ ਪਰਿਭਾਸ਼ਾ ਅਨੁਸਾਰ ਕੁਦਰਤ ਦੇ ਪਹਿਲਾਂ ਵੀ ੫ ਤੱਤ ਸਨ ਤੇ ਅੱਜ ਵੀ ੫ ਹੀ ਹਨ।

ਲੇਕਿਨ ਸਾਇੰਸ ਦੇ ਤੱਤ (Element) ਦੀ ਪ੍ਰੀਭਾਸ਼ਾਂ ਕੁਝ ਹੋਰ ਹੈ, ਉਸ ਦਾ ਭਾਵ ਹੈ ਉਹ ਚੀਜ਼ ਜਿਹੜੀ ਹੋਰ ਹਿਸਿਆਂ ਵਿਚ ਨਾ ਵੰਡੀ ਜਾ ਸਕੇ। ਸਾਇੰਸ ਦੀ ਖੋਜ ਨਾਲ ਹੁਣ ਤਕ ੯੨ ਤੱਤ ਧਰਤੀ ਵਿਚ ਮਿਲਦੇ ਹਨ। ਮਨੁੱਖੀ ਕਾਢਾਂ ਨਾਲ ਇਹ ਗਿਣਤੀ ੧੧੮ ਤਕ ਪਹੁੰਚ ਗਈ ਹੈ। ਸਮੇਂ ਨਾਲ ਇਸ ਵਿਚ ਹੋਰ ਵਾਧਾ ਹੋ ਸਕਦਾ ਹੈ। ਸਾਇੰਸ ਦੀ ਇਹ ਖੋਜ਼ ਸਾਬਤ ਕਰਦੀ ਹੈ, ਕਿ ਅਕਾਲ ਪੁਰਖੁ ਦੀ ਪੈਦਾ ਕੀਤੀ ਹੋਈ ਕੁਦਰਤ ਦਾ ਕੋਈ ਅੰਤ ਨਹੀਂ।

## ਸ੍ਰਿਸ਼ਟੀ ਕਿਸ ਤਰ੍ਹਾਂ ਪੈਦਾ ਹੋਈ?:

ਸਾਇੰਸ ਕਈ ਤਰ੍ਹਾਂ ਦੇ ਅੰਦਾਜ਼ੇ ਆਦਿ ਦੀਆਂ ਗੱਲਾਂ ਕਰ ਰਹੀ ਹੈ, ਕਿ ਇਹ ਸਾਰੀ ਸ੍ਰਿਸ਼ਟੀ ਕਿਸ ਤਰ੍ਹਾਂ ਪੈਦਾ ਹੋਈ? ਜਿਸ ਤਰ੍ਹਾਂ ਕਿ ਬਿਗ ਬੈਂਗ ਥਿਊਰੀ (Big Bang Theory), ਬਲੈਕ ਹੋਲ ਤੋਂ ਬਣਨਾਂ ਆਦਿ। ਪਰੰਤੂ ਇਸ ਦੇ ਪਿਛੇ ਜੇ ਕਰ ਕੋਈ ਕਾਰਨ ਪੁਛਿਆ ਜਾਵੇ ਤਾਂ ਸਾਇੰਸ ਵੀ ਇਸ ਦਾ ਠੋਸ ਉੱਤਰ ਨਹੀਂ ਦੇ ਸਕਦੀ। ਇਹ ਬਲੈਕ ਹੋਲ ਕਿਸ ਤਰ੍ਹਾਂ ਤੇ ਕਿਉਂ ਬਣਿਆ, ਉਸ ਤੋਂ ਸਾਰੀ ਸ੍ਰਿਸ਼ਟੀ ਕਿਸ ਤਰ੍ਹਾਂ ਬਣ ਗਈ?

ਨਿਸਚਤ ਤੌਰ ਤੇ ਅਕਾਲ ਪੁਰਖੁ ਦਾ ਕੋਈ ਨਿਯਮ ਸੀ, ਜਿਸ ਨੇ ਅਨੇਕਾਂ ਖੰਡ ਬ੍ਰਹਿਮੰਡ ਪੈਦਾ ਕਰ ਦਿਤੇ। ਗੁਰੂ ਨਾਨਕ ਸਾਹਿਬ ਨੇ ਜਪੁਜੀ ਸਾਹਿਬ ਵਿਚ ਇਸ ਸ੍ਰਿਸ਼ਟੀ ਦੇ ਪੈਦਾ ਹੋਣ ਬਾਰੇ ਇਹੀ ਕਿਹਾ ਹੈ ਕਿ ਅਕਾਲ ਪੁਰਖ ਨੇ ਆਪਣੇ ਇਕੋ ਹੁਕਮੁ ਨਾਲ ਸਾਰਾ ਸੰਸਾਰ ਬਣਾ ਦਿੱਤਾ, ਉਸ ਦੇ ਹੁਕਮੁ ਨਾਲ ਹੀ ਜ਼ਿੰਦਗੀ ਦੇ ਲੱਖਾਂ ਦਰਿਆ ਬਣ ਗਏ। "***ਕੀਤਾ ਪਸਾਉ ਏਕੋ ਕਵਾਉ ॥ ਤਿਸ ਤੇ ਹੋਏ ਲਖ ਦਰੀਆਉ*** ॥" ਗੁਰਬਾਣੀ ਦੀ ਇਹ ਪੰਗਤੀ ਸਮਝਾਉਂਦੀ ਹੈ, ਕਿ "***ਏਕੋ ਕਵਾਉ***", ਕੋਈ ਆਮ ਬਚਨ ਜਾਂ ਬੋਲ ਨਹੀਂ ਹੈ, ਬਲਕਿ ਕੋਈ ਸਿਸਟਮ, ਨਿਯਮ, ਜਾਂ ਕੋਈ ਅਸੂਲ ਹੈ।

## ਧੁੰਦੂਕਾਰਾ, ਸੁਪਰਨੋਵਾ (Supernova):

ਗੁਰਬਾਣੀ ਦੁਆਰਾ ਦਰਸਾਇਆ ਗਿਆ, ਇਹ ਕੁਦਰਤ ਦਾ ਖੇਲ, (***ਅਰਬਦ ਨਰਬਦ ਧੁੰਧੂਕਾਰਾ ॥ ਧਰਣਿ ਨ ਗਗਨਾ ਹੁਕਮੁ ਅਪਾਰਾ ॥ ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ*** *॥),* ਅੱਜ ਸਾਇੰਸ ਅਨੁਸਾਰ ਪੇਸ਼ ਕੀਤੀ ਜਾ ਰਹੀ ਬਿੱਗ ਬੈਂਗ ਥਿਊਰੀ ਨਾਲ ਮੇਲ ਖਾਂਦਾ ਹੈ। ਧੁੰਦੂਕਾਰਾ ਨੂੰ ਸਇੰਸ ਦੁਆਰਾ ਸੁਪਰਨੋਵਾ (Supernova) ਕਿਹਾ ਜਾਂਦਾ ਹੈ, ਜਿਸ ਤੋਂ ਹਵਾ ਤੇ ਪਾਣੀ ਦੀ ਉਤਪਤੀ ਹੋਈ। ਸਾਇੰਸ ਵੀ ਸ੍ਰਿਸ਼ਟੀ ਦੀ ਰਚਨਾ ਸਬੰਧੀ ਘੱਟਾ, ਧਮਾਕਾ, ਸੁਕੜਨਾ, ਫੈਲਣਾ (Dust, Explosion, Contaction, Expansion) ਆਦਿ ਬਾਰੇ ਸੋਚਦੀ ਤੇ ਵਿਚਾਰਦੀ ਹੈ। ਸਾਇੰਸ ਆਪਣੇ ਤਰੀਕੇ ਨਾਲ ਜਗਤ ਦੀ ਰਚਨਾ ਬਾਰੇ ਅੰਦਾਜ਼ੇ ਲਗਾ ਕੇ ਬਿਆਨ ਕਰਦੀ ਹੈ, ਪਰੰਤੂ ਕੁਦਰਤ ਦਾ ਅੰਤ ਪਾਉਂਣ ਤੋਂ ਅਸਮਰਥ ਹੈ।

ਗੁਰਬਾਣੀ ਅਨੁਸਾਰ ਜਗਤ-ਰਚਨਾ ਤੋਂ ਪਹਿਲਾਂ ਸਿਰਜਣਹਾਰ ਨੇ ਅਨੇਕਾਂ ਹੀ ਜੁਗ ਉਸ ਅਵਸਥਾ ਵਿਚ ਸਮਾਧੀ ਲਾਈ, ਜਿਸ ਦੀ ਬਾਬਤ ਕੁਝ ਪਤਾ ਨਹੀਂ ਲੱਗ ਸਕਦਾ। ਸਿਰਫ ਧੁੰਦ ਹੀ ਧੁੰਦ ਸੀ (Science talks about dust or fog)। ਇਹ ਅਜੇਹੀ ਧੁੰਦ ਨਹੀਂ ਸੀ, ਜੋ ਕਿ ਅਸੀਂ ਸਰਦੀਆਂ ਵਿਚ ਵੇਖਦੇ ਹਾਂ। ਉਸ ਅਵਸਥਾ ਵਾਲੀ ਧੁੰਦ ਬਿਆਨ ਨਹੀਂ ਕੀਤੀ ਜਾ ਸਕਦੀ, ਮਨੁੱਖ ਦੀ ਪਹੁੰਚ ਤੋਂ ਬਾਹਰ ਹੈ, ਸਾਇੰਸ ਸਿਰਫ ਅੰਦਾਜੇ ਲਗਾ ਸਕਦੀ ਹੈ, ਕਿ ਕਿਸ ਤਰ੍ਹਾਂ ਦੀ ਸਥਿਤੀ ਹੋਵੇਗੀ। ਕਿਉਂਕਿ ਉਸ ਸਿਰਜਣਹਾਰ ਦਾ ਨਾਮੁ ਸਦਾ-ਥਿਰ ਰਹਿਣ ਵਾਲਾ ਹੈ, ਉਸ ਦੀ ਵਡਿਆਈ ਸਦਾ ਕਾਇਮ ਰਹਿਣ ਵਾਲੀ ਹੈ, ਉਹ ਵਡਿਆਈ ਦਾ ਮਾਲਕ ਅਕਾਲ ਪੁਰਖੁ ਸਦਾ ਟਿਕੇ ਰਹਿਣ ਵਾਲੇ ਤਖ਼ਤ ਉਤੇ ਸਦਾ ਬੈਠਾ ਹੋਇਆ ਹੈ।

***ਕੇਤੜਿਆ ਜੁਗ ਧੁੰਧੂਕਾਰੈ ॥ ਤਾੜੀ ਲਾਈ ਸਿਰਜਣਹਾਰੈ ॥ ਸਚੁ ਨਾਮੁ ਸਚੀ ਵਡਿਆਈ ਸਾਚੈ ਤਖਤਿ ਵਡਾਈ ਹੇ ॥੨॥*** *(੧੦੨੩-੧੦੨੪)*

## ਜੀਵਨ ਪਾਣੀ ਤੋਂ ਆਰੰਭ ਹੋਇਆ:

ਇਸ ਧਰਤੀ ਤੇ ਪੈਦਾ ਹੋਣ ਵਾਲੇ ਅਨੇਕਾਂ ਜੀਵਾਂ ਬਾਰੇ ਅੱਜਕਲ ਸਾਇੰਸ ਦੇ ਆਧਾਰ ਤੇ ਕਈ ਤਰ੍ਹਾਂ ਦੀਆਂ ਥਿਊਰੀਆਂ ਦਿਤੀਆਂ ਜਾ ਰਹੀਆਂ ਹਨ। ਬਿਗ ਬੈਂਗ ਥਿਊਰੀ (Big Bang Theory) ਦੇ ਮੁਤਾਬਕ ਬਹੁਤ ਸਾਰੀ ਹਾਈਡਰੋਜ਼ਨ ਨਿਕਲੀ ਜਿਸ ਤੋਂ ਹੋਰ ਪਦਾਰਥ ਬਣੇ। ਗੁਰੂ ਨਾਨਕ ਸਾਹਿਬ ਦੀ ੫੦੦ ਸਾਲ ਪਹਿਲਾਂ ਦਿਤੀ ਗਈ ਸੇਧ ਨੂੰ ਕਿਸੇ ਵਿਰਲੇ ਨੇ ਹੀ ਵਿਚਾਰਿਆ ਹੈ।

*ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ ॥ ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ ॥ ਨਿਰਮਲੁ ਮੈਲਾ ਨਾ ਥੀਐ ਸਬਦਿ ਰਤੇ ਪਤਿ ਹੋਇ ॥*

ਉਨ੍ਹਾਂ ਸਪੱਸ਼ਟ ਕਿਹਾ ਹੈ ਕਿ ਇਸ ਪਵਨ ਨੂੰ ਪੈਦਾ ਕਰਨ ਵਾਲਾ, ਉਹ ਅਕਾਲ ਪੁਰਖੁ ਤੇ ਉਸ ਦਾ ਧਰਮ ਜਾਂ ਅਸੂਲ ਹੀ ਹੈ। ਇਸ ਪਵਨ (ਹਾਈਡਰੋਜ਼ਨ + ਔਕਸੀਜ਼ਨ) ਤੋਂ ਹੀ ਪਾਣੀ ਬਣਿਆ ਹੈ। ਇਸ ਜਲ ਤੋਂ ਸਾਰੇ ਜੀਵ ਜੰਤੂ ਪੈਦਾ ਹੋਏ ਹਨ। ਇਸ ਰਚੇ ਸੰਸਾਰ ਦੇ ਹਰੇਕ ਹਿਰਦੇ ਵਿਚ ਅਕਾਲ ਪੁਰਖੁ ਦੀ ਜੋਤਿ ਸਮਾਈ ਹੋਈ ਹੈ। ਪਰੰਤੂ ਅਕਾਲ ਪੁਰਖੁ ਅਤੇ ਉਸ ਦੇ ਹੁਕਮੁ ਬਾਰੇ ਸੋਝੀ ਸਬਦ ਗੁਰੂ ਤੋਂ ਹੀ ਮਿਲ ਸਕਦੀ ਹੈ। ਅੱਜ ਦੀ ਸਾਇੰਸ ਵੀ ਇਹੀ ਕਹਿੰਦੀ ਹੈ ਕਿ ਜੀਵਨ ਪਾਣੀ ਤੋਂ ਆਰੰਭ ਹੋਇਆ। ਇਸੇ ਕਰਕੇ ਮੰਗਲ ਅਤੇ ਚੰਦਰਮਾਂ ਉੱਪਰ ਪਾਣੀ ਦੀ ਸੰਭਾਵਨਾਂ ਬਾਰੇ ਖੋਜ਼ਾਂ ਹੋ ਰਹੀਆਂ ਹਨ।

## ਵਿਰੋਧੀ ਤੱਤ ਇਕੱਠੇ ਕਰ ਕੇ ਜਗਤ ਦੀ ਰਚਨਾ ਕੀਤੀ:

ਅਕਾਲ ਪੁਰਖੁ ਨੇ ਹਵਾ ਬਣਾਈ, ਸਾਰੀ ਧਰਤੀ ਸਾਜੀ, ਪਾਣੀ ਅੱਗ ਦਾ ਮੇਲ ਕੀਤਾ, ਭਾਵ, ਇਹ ਸਾਰੇ ਵਿਰੋਧੀ ਤੱਤ ਇਕੱਠੇ ਕਰ ਕੇ ਜਗਤ ਦੀ ਰਚਨਾ ਕੀਤੀ,

*ਪਉਣੁ ਉਪਾਇ ਧਰੀ ਸਭ ਧਰਤੀ ਜਲ ਅਗਨੀ ਕਾ ਬੰਧੁ ਕੀਆ ॥*

ਹਾਈਡਰੋਜਨ ਧਮਾਕੇ ਨਾਲ ਬਲਦੀ ਹੈ, ਔਕਸੀਜ਼ਨ ਬਲਣ ਵਿਚ ਸਹਾਇਤਾ ਕਰਦੀ ਹੈ, ਪਰ ਦੋਹਾਂ ਦੇ ਮੇਲ ਨਾਲ ਬਣਿਆ ਪਾਣੀ ਅੱਗ ਨੂੰ ਬੁਝਾਉਂਦਾ ਹੈ। ਪਾਣੀ, ਮਿਟੀ ਤੇ ਟਾਪੂ ਇਕ ਦੂਜੇ ਦੇ ਨਾਲ ਨਾਲ ਬਣੇ ਹੋਏ ਹਨ, ਪਰ ਪਾਣੀ ਮਿਟੀ ਤੇ ਟਾਪੂ ਨੂੰ ਰੋੜ ਵੀ ਦਿੰਦਾ ਹੈ। ਰਚਨਹਾਰ ਅਕਾਲ ਪੁਰਖੁ ਦੀ ਇਹ ਇਕ ਅਸਚਰਜ ਲੀਲਾ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਉਹ ਬੇਅੰਤ ਵੱਡੀਆਂ ਤਾਕਤਾਂ ਵਾਲਾ ਹੈ, ਉਸ ਦੀਆਂ ਵਡਿਆਈਆਂ ਤਾਂ ਉਸ ਦੀ ਰਚੀ ਕੁਦਰਤ ਵਿਚੋਂ ਹਰੇਕ ਥਾਂ ਤੇ ਦਿੱਸ ਰਹੀ ਹੈ। ਅਕਾਲ ਪੁਰਖ ਨੇ ਸ੍ਰਿਸ਼ਟੀ ਦੇ ਸਾਰੇ ਜੀਵ ਪੈਦਾ ਕਰ ਕੇ ਸਭਨਾਂ ਨੂੰ ਆਪਣੇ ਹੁਕਮੁ ਵਿਚ ਰੱਖਿਆ ਹੋਇਆ ਹੈ।

## ਜਿਤਨੇ ਵੀ ਅੰਨ ਦੇ ਦਾਣੇ ਹਨ, ਉਨ੍ਹਾਂ ਅੰਦਰ ਜੀਵ ਜੰਤੂ ਰਹਿੰਦੇ ਹਨ:

ਗੁਰੂ ਸਾਹਿਬ ਨੇ ਜਿਥੇ ਸੂਤਕੁ ਦਾ ਭਰਮ ਦੂਰ ਕੀਤਾ, ਉਥੇ ਇਹ ਵੀ ਸਮਝਾ ਦਿਤਾ ਹੈ ਕਿ ਸੂਤਕੁ ਸਭ ਥਾਈਂ ਹੁੰਦਾ ਹੈ। ਭਾਵ ਹਰੇਕ ਗੋਹੇ ਤੇ ਲਕੜੀ ਦੇ ਅੰਦਰ ਵੀ ਕੀੜੇ ਹੁੰਦੇ ਹਨ, ਜਿਹੜੇ ਜੰਮਦੇ ਤੇ ਮਰਦੇ ਰਹਿੰਦੇ ਹਨ। ਜਿਤਨੇ ਵੀ ਅੰਨ ਦੇ ਦਾਣੇ ਹਨ, ਉਨ੍ਹਾਂ ਅੰਦਰ ਜੀਵ ਜੰਤੂ ਰਹਿੰਦੇ ਹਨ। ਜੀਵਨ ਦਾ ਆਧਾਰ ਪਾਣੀ ਹੈ, ਜਿਸ ਸਦਕਾ ਸਾਰੇ ਜੀਵ ਜੰਤੂ ਤੇ ਹਰਿਆਵਲ ਕਾਇਮ ਹੈ।

*ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥ ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥*

ਇਸ ਸਬਦ ਵਿਚ ਗੁਰੂ ਸਾਹਿਬ ਨੇ ਸਾਇੰਸ ਦੀ ਇਹ ਅਸਲੀਅਤ ਵੀ ਸਮਝਾ ਦਿਤੀ ਕਿ ਪਾਣੀ, ਲੱਕੜੀ ਤੇ ਅੰਨ ਦੇ ਹਰੇਕ ਦਾਣੇ ਵਿਚ ਅੰਦਰ ਜੀਵ ਜੰਤੂ ਰਹਿੰਦੇ ਹਨ। ਜੀਵ ਦੀ ਪੈਦਾਇਸ਼ ਮਨੁੱਖ ਜਾਂ ਸਾਡੀ ਸਾਇੰਸ ਨਹੀਂ ਕਰ ਸਕਦੀ ਹੈ। ਜੀਵ, ਆਤਮਾ ਅਤੇ ਮਨ ਦੇ ਤਲ ਤੇ ਕਿਹੜੇ ਨਿਯਮ ਲਾਗੂ ਹੁੰਦੇ ਹਨ, ਉਹ ਵਰਤਮਾਨ ਸਾਇੰਸ ਦੀ ਸਮਰੱਥਾ ਤੋਂ ਬਾਹਰ ਹਨ। ਇਸ ਸ਼ਬਦ ਵਿਚ ਗੁਰੂ ਸਾਹਿਬ ਨੇ ਇਹੀ ਸਪੱਸ਼ਟ ਕੀਤਾ ਹੈ, ਕਿ ਜੀਵਨ ਲਈ ਜਲ ਜਰੂਰੀ ਹੈ। ਅਸਲ ਵਿਚ ਇਹ ਜਗਤ ਅਕਾਲ ਪੁਰਖੁ ਦਾ ਰੂਪ ਹੈ, ਕਿਉਂਕਿ ਹਰੇਕ ਜੀਵ ਅਕਾਲ ਪੁਰਖੁ ਤੋਂ ਹੀ ਪੈਦਾ ਹੁੰਦਾ ਹੈ, ਪਰ ਕੋਈ ਵਿਰਲਾ ਬੰਦਾ ਇਹ ਗੱਲ ਗੁਰੂ ਦੀ ਮਿਹਰ ਨਾਲ ਸਮਝਦਾ ਹੈ, ਤੇ ਜੋ ਸਮਝ ਲੈਂਦਾ ਹੈ ਉਸ ਮਨੁੱਖ ਦੇ ਅੰਦਰੋਂ ਹਉਮੈਂ ਦੂਰ ਹੋ ਜਾਂਦਾ ਹੈ ਤੇ ਉਸ ਦਾ ਜੀਵਨ ਵਿਕਾਰ ਰਹਿਤ ਹੋ ਜਾਂਦਾ ਹੈ।

## ਅਕਾਲ ਪੁਰਖੁ ਨੇ ਆਪ ਹੀ ਆਪਣੇ ਆਪ ਨੂੰ ਸਾਜਿਆ ਹੈ:

ਸਾਇੰਸ ਇਹ ਨਹੀਂ ਦੱਸ ਸਕਦੀ ਕਿ ਅੰਡਾ ਕਿਦਾਂ ਬਣਿਆ ਤੇ ਮੁਰਗੀ ਕਿੰਦਾਂ। ਕੌਣ ਸਾਹ ਲੈਂਣ ਦੀ ਸ਼ਕਤੀ ਦਿੰਦਾਂ ਹੈ, ਜੀਵ ਕਿਸ ਤਰ੍ਹਾਂ ਪੈਦਾ ਹੁੰਦਾ ਹੈ, ਕਿਸ ਤਰ੍ਹਾਂ ਤੇ ਕਿਉਂ ਖਾਂਦਾ ਹੈ ਤੇ ਵੱਡਾ ਹੁੰਦਾ ਹੈ। ਗੁਰਮਤਿ ਅਨੁਸਾਰ ਸਭ ਕੁਝ ਅਕਾਲ ਪੁਰਖੁ ਤੋਂ ਆਰੰਭ ਹੁੰਦਾ ਹੈ, ਤੇ ਉਸ ਦੇ ਬਣਾਏ ਹੋਏ ਹੁਕਮੁ ਅਨੁਸਾਰ ਹੁੰਦਾ ਹੈ।

ਅਕਾਲ ਪੁਰਖੁ ਨੇ ਆਪ ਹੀ ਆਪਣੇ ਆਪ ਨੂੰ ਸਾਜਿਆ, ਕੁਦਰਤ ਰਚੀ ਅਤੇ ਉਸ ਵਿਚ ਵਿਆਪਕ ਹੋ ਕੇ, ਇਸ ਜਗਤ ਦਾ ਤਮਾਸ਼ਾ ਵੇਖ ਰਿਹਾ ਹੈ। ਅਕਾਲ ਪੁਰਖ ਆਪ ਹੀ ਜੀਵਾਂ ਨੂੰ ਦਾਤਾਂ ਦੇਣ ਵਾਲਾ ਹੈ, ਬਖ਼ਸ਼ਸ ਕਰਦਾ ਹੈ, ਜੀਆਂ ਦਾ ਜਾਣਨਹਾਰ ਹੈ, ਆਪ ਹੀ ਜਿੰਦ ਤੇ ਸਰੀਰ ਦਿੰਦਾ ਹੈ, ਆਪ ਹੀ ਮੁੜ ਵਾਪਸ ਲੈ ਲੈਂਦਾ ਹੈ। ਅਕਾਲ ਪੁਰਖੁ ਆਪ ਹੀ ਆਪਣੇ ਆਪ ਨੂੰ ਜਗਤ ਦੇ ਰੂਪ ਵਿਚ ਪੈਦਾ ਕਰ ਕੇ, ਮਾਇਆ ਦੇ ਮੋਹ ਤੋਂ ਨਿਰਲੇਪ ਵੀ ਰਹਿੰਦਾ ਹੈ। ਅਕਾਲ ਪੁਰਖੁ ਦਾ ਅੰਤ ਨਹੀਂ ਪਾਇਆ ਜਾ ਸਕਦਾ, ਉਸ ਦੀ ਇਹ ਸੰਸਾਰ ਦੀ ਖੇਡ ਸਮਝੀ ਨਹੀਂ ਜਾ ਸਕਦੀ, ਗੁਰੂ ਦੇ ਸਬਦ ਰਾਹੀਂ ਅਕਾਲ ਪੁਰਖੁ ਸਮਝ ਦੀ ਬਖ਼ਸ਼ਸ ਆਪ ਹੀ

ਕਰਦਾ ਹੈ। ਉਸ ਅਕਾਲ ਪੁਰਖੁ ਨੂੰ ਜੋ ਕੁਝ ਭਾਉਂਦਾ ਹੈ, ਉਹੀ ਹੁੰਦਾ ਹੈ, ਤੇ ਇਹ ਸਾਰੀ ਸ੍ਰਿਸ਼ਟੀ, ਉਸ ਦੀ ਰਜ਼ਾ ਵਿਚ ਚਲ ਰਹੀ ਹੈ। ਅਕਾਲ ਪੁਰਖੁ ਨੂੰ ਸਲਾਹ ਮਸ਼ਵਰਾ ਦੇਣ ਵਾਲਾ ਕੋਈ ਹੋਰ ਨਹੀਂ ਸੀ, ਉਹ ਆਪ ਹੀ ਸਭ ਕੁਝ ਕਰਦਾ ਸੀ, ਤੇ ਜੋ ਉਹ ਕਰਦਾ ਸੀ, ਉਹੀ ਕੁਝ ਹੁੰਦਾ ਸੀ। ਅਕਾਲ ਪੁਰਖ ਸਭ ਥਾਈਂ ਵਿਆਪਕ ਹੈ, ਤੇ ਉਸ ਦਾ ਹੁਕਮੁ ਕਥਨ ਨਹੀਂ ਕੀਤਾ ਜਾ ਸਕਦਾ। ਕੋਈ ਦੂਸਰਾ ਅਕਾਲ ਪੁਰਖੁ ਨੂੰ ਪੈਦਾ ਨਹੀਂ ਕਰ ਸਕਦਾ ਹੈ, ਤੇ ਨਾ ਹੀ ਉਹ ਕਿਤੇ ਟਿਕਾਇਆ ਜਾ ਸਕਦਾ ਹੈ।

*ਪਉੜੀ ॥ ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥ ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥ ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥ ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥ ਕਰਿ ਆਸਣੁ ਡਿਠੋ ਚਾਉ ॥੧॥ (੪੬੩)*

## ਗੁਰੂ ਸਾਹਿਬਾਂ ਨੇ ਸਮੁੱਚੀ ਮਨੁੱਖਤਾ ਲਈ ਇਕੋ ਧਰਮ ਹੀ ਮੰਨਿਆ ਹੈ, ਉਹ ਹੈ ‘ਸਬਦ”:

ਸਬਦ ਰੋਸ਼ਨੀ ਦੇਣ ਵਾਲਾ ਹੈ, ਜਿਸ ਦੁਆਰਾ ਜੀਵਨ ਵਿਚ ਚਲਣ ਲਈ ਸੋਝੀ ਪ੍ਰਾਪਤ ਹੁੰਦੀ ਹੈ। ਸਬਦ ਸੁਣ ਸਕਦੇ ਹਾਂ, ਪਰ ਵੇਖ ਨਹੀਂ ਸਕਦੇ, ਇਸੇ ਲਈ ਸਿੱਖ ਧਰਮ ਵਿਚ ਮੂਰਤੀ ਪੂਜਾ ਦਾ ਕੋਈ ਮਹੱਤਵ ਨਹੀਂ ਹੈ। ਗੁਰੂ ਸਾਹਿਬ ਨੇ ਸਾਰਿਆਂ ਦਾ ਮੁੱਖ ਧਰਮ, ਉਸ ਅਕਾਲ ਪੁਰਖੁ ਨੂੰ ਹਰੇਕ ਜੀਵ ਵਿਚ ਵਸਦਾ ਵੇਖਣਾ, ਉਸ ਨੂੰ ਆਪਣੇ ਹਿਰਦੇ ਵਿਚ ਵਸਾਉਂਣਾਂ ਤੇ ਗੁਰਬਾਣੀ ਦੁਆਰਾ ਉਸ ਦੇ ਗੁਣ ਗਾਇਨ ਕਰਨਾ ਦੱਸਿਆ ਹੈ। ਜੋ ਮਨੁੱਖ ਇਸ ਭੇਦ ਨੂੰ ਜਾਣਦਾ ਹੈ, ਨਾਨਕ ਉਸ ਦਾ ਦਾਸ ਹੈ, ਉਹ ਮਨੁੱਖ ਅਕਾਲ ਪੁਰਖੁ ਦਾ ਰੂਪ ਹੈ। ਗੁਰੂ ਸਾਹਿਬਾਂ ਨੇ ਸਮੁੱਚੀ ਮਨੁੱਖਤਾ ਲਈ ਇਕੋ ਧਰਮ ਹੀ ਮੰਨਿਆ ਹੈ, ਉਹ ਹੈ ‘ਸਬਦ”। ਪੂਰੇ ਗੁਰੂ ਗਰੰਥ ਸਾਹਿਬ ਵਿਚ ਸਬਦ ਦਾ ਭੇਦ ਹੀ ਸਾਂਝਾ ਕੀਤਾ ਗਿਆ ਹੈ, ਤਾਂ ਜੋ ਅਸੀਂ ਅਕਾਲ ਪੁਰਖੁ ਦਾ ਹੁਕਮੁ ਤੇ ਉਸ ਦੀ ਅਸਲੀਅਤ ਨੂੰ ਸਮਝ ਸਕੀਏ।

*ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ ॥ ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥ (੪੬੯)*

*ਮঃ ੨ ॥ ਏਕ ਕ੍ਰਿਸਨੰ ਸਰਬ ਦੇਵਾ ਦੇਵ ਦੇਵਾ ਤ ਆਤਮਾ ॥ ਆਤਮਾ ਬਾਸੁਦੇਵਸਿ੍ ਜੇ ਕੋ ਜਾਣੈ ਭੇਉ ॥ ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥੪॥ (੪੬੯)*

## ਸ੍ਰਿਸ਼ਟੀ ਕਿਸ ਨੇ ਪੈਦਾ ਕੀਤੀ ਤੇ ਇਸ ਦੀ ਸੰਭਾਲ ਕੌਣ ਕਰ ਰਿਹਾ ਹੈ:

ਇਹ ਸਾਰੀ ਸ੍ਰਿਸ਼ਟੀ ਕਿਸ ਨੇ ਪੈਦਾ ਕੀਤੀ ਤੇ ਇਸ ਦੀ ਸੰਭਾਲ ਕੌਣ ਕਰ ਰਿਹਾ ਹੈ, ਇਸ ਦਾ ਉੱਤਰ ਅੱਜ ਦੀ ਸਾਇੰਸ ਨਹੀਂ ਦੇ ਸਕਦੀ। ਸਾਇੰਸ ਸਿਰਫ ਬਿਗ ਬੈਂਗ ਥਿਉਰੀ (Big Bang Theory), ਬਲੈਕ ਹੋਲ (Black hole) ਤੋਂ ਬਣਨਾਂ ਆਦਿ ਦੇ ਅੰਦਾਜੇ ਲਗਾ ਰਹੀ ਹੈ, ਪਰ ਨਿਸਚਿਤ ਤੌਰ ਤੇ ਉੱਤਰ ਕੋਈ ਨਹੀਂ। ਇਹ ਬਲੈਕ ਹੋਲ ਕਿਸ ਤਰ੍ਹਾਂ ਤੇ ਕਿਉਂ ਬਣਿਆ, ਉਸ ਤੋਂ ਸਾਰੀ ਸ੍ਰਿਸ਼ਟੀ ਕਿਸ ਤਰ੍ਹਾਂ ਬਣ ਗਈ? ਕੀ ਅਸੀਂ ਇਸ ਦਾ ਕਾਰਨ ਜਾਣ ਸਕਦੇ ਹਾਂ? ਇਹ ਇਕ ਬਹੁਤ ਮੁਸ਼ਕਲ ਸਵਾਲ ਹੈ, ਅਸੀਂ ਇਸ ਵਾਸਤੇ ਸਿਰਫ ਅੰਦਾਜ਼ੇ ਲਗਾ ਸਕਦੇ ਹਾਂ, ਤੇ ਸਾਇੰਸ ਵੀ ਕਈ ਤਰ੍ਹਾਂ ਦੇ ਅੰਦਾਜ਼ੇ ਆਦਿ ਦੀਆਂ ਗੱਲਾਂ ਕਰ ਰਹੀ ਹੈ।

ਸਿੱਖ ਧਰਮ ਅਨੁਸਾਰ ਪੂਰੀ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਵੀ ਅਕਾਲ ਪੁਰਖੁ ਆਪ ਹੀ ਹੈ। ਇਸ ਜਗਤ ਦੀ ਰਚਨਾ ਤੋਂ ਪਹਿਲਾਂ ਬੇਅੰਤ ਸਮਾਂ ਅਕਾਲ ਪੁਰਖੁ ਨੇ ਸ੍ਰਿਸ਼ਟੀ ਦੀ ਅਜਿਹੀ ਹਾਲਤ ਬਣਾਈ ਰੱਖੀ ਸੀ, ਜੋ ਕਿ ਮਨੁੱਖ ਦੀ ਸਮਝ ਤੋਂ ਬਹੁਤ ਪਰੇ ਹੈ। ਉਹ ਹਾਲਤ ਕਿਸ ਤਰ੍ਹਾਂ ਦੀ ਸੀ, ਉਸ ਗੁਬਾਰ ਬਾਰੇ ਕੋਈ ਜੀਵ ਕੁਝ ਵੀ ਨਹੀਂ ਕਹਿ ਸਕਦਾ, ਤੇ ਨਾ ਹੀ ਕੋਈ ਜੀਵ ਬਿਆਨ ਕਰ ਸਕਦਾ ਹੈ। ਸਿਰਫ ਅਕਾਲ ਪੁਰਖੁ ਆਪ ਹੀ ਜਾਣਦਾ ਕਿ ਅਸਲੀਅਤ ਕੀ ਸੀ। ਅਕਾਲ ਪੁਰਖੁ ਨੇ ਆਪ ਸਾਰੀ ਸ੍ਰਿਸ਼ਟੀ ਪੈਦਾ ਕੀਤੀ, ਤੇ ਇਹ ਜਗਤ ਦਾ ਸਾਰਾ ਖੇਲ ਤਮਾਸ਼ਾ ਆਪ ਹੀ ਰਚਿਆ ਹੈ, ਇਹ ਸਭ ਉਸ ਦੀ ਹੀ ਵਡਿਆਈ ਹੈ। ਵੱਖ ਵੱਖ ਕਿਸਮ ਦੇ ਇਹ ਸਾਰੇ ਜੀਵਾਂ ਨੂੰ ਅਕਾਲ ਪੁਰਖੁ ਆਪ ਹੀ ਬਣਾਉਂਦਾ ਹੈ, ਤੇ ਆਪ ਹੀ ਨਾਸ ਕਰ ਕੇ, ਫਿਰ ਹੋਰ ਆਪ ਹੀ ਪੈਦਾ ਕਰਦਾ ਹੈ। ਹਰੇਕ ਸਰੀਰ ਵਿਚ ਅਕਾਲ ਪੁਰਖੁ ਦਾ ਬਣਾਇਆ ਹੋਇਆ ਸੁਆਸ, ਪਉਣ (ਹਵਾ, ਆਕਸੀਜਨ) ਦੀ ਸਹਾਇਤਾ ਨਾਲ ਚੱਲ ਰਿਹਾ ਹੈ।

*ਮਾਰੂ ਮਹਲਾ ੩ ॥ ਜੁਗ ਛਤੀਹ ਕੀਓ ਗੁਬਾਰਾ ॥ ਤੂ ਆਪੇ ਜਾਣਹਿ ਸਿਰਜਣਹਾਰਾ ॥ ਹੋਰ ਕਿਆ ਕੋ ਕਹੈ ਕਿ ਆਖਿ ਵਖਾਣੈ ਤੂ ਆਪੇ ਕੀਮਤਿ ਪਾਇਦਾ ॥੧॥ ਓਅੰਕਾਰਿ ਸਭ ਸ੍ਰਿਸਟਿ ਉਪਾਈ ॥ ਸਭੁ ਖੇਲੁ ਤਮਾਸਾ ਤੇਰੀ ਵਡਿਆਈ ॥ ਆਪੇ ਵੇਕ ਕਰੇ ਸਭਿ ਸਾਚਾ ਆਪੇ ਭੰਨਿ ਘੜਾਇਦਾ ॥੨॥ (੧੦੬੧)*

ਗੁਰਬਾਣੀ ਅਨੁਸਾਰ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਅਕਾਲ ਪੁਰਖ ਆਪ ਹੀ ਹੈ, ਤੇ ਉਸ ਨੇ ਬਿਨਾ ਕਿਸੇ ਉਚੇਚੇ ਜਤਨ ਦੇ, ਆਪਣੇ ਹੁਕਮੁ ਰਾਹੀਂ ਇਹ ਸਾਰੀ ਸ੍ਰਿਸ਼ਟੀ ਪੈਦਾ ਕਰ ਦਿੱਤੀ ਹੈ। ਇਸ ਜਗਤ ਨੂੰ ਪੈਦਾ ਕਰਕੇ, ਉਹ ਆਪਣੀ ਵਡਿਆਈ ਆਪ

ਹੀ ਵੇਖ ਰਿਹਾ ਹੈ। ਅਕਾਲ ਪੁਰਖੁ ਆਪ ਹੀ ਸਭ ਕੁਝ ਕਰ ਰਿਹਾ ਹੈ, ਤੇ ਜੀਵਾਂ ਪਾਸੋਂ ਆਪ ਹੀ ਆਪਣੇ ਹੁਕਮੁ ਅਨੁਸਾਰ ਕਰਵਾ ਰਿਹਾ ਹੈ, ਤੇ ਉਹ ਆਪਣੀ ਰਜ਼ਾ ਅਨੁਸਾਰ ਸਾਰੀ ਸ੍ਰਿਸ਼ਟੀ ਵਿਚ ਆਪ ਹੀ ਵਿਆਪਕ ਹੈ।

*ਹੁਕਮੀ ਸਹਜੇ ਸ੍ਰਿਸਟਿ ਉਪਾਈ ॥ ਕਰਿ ਕਰਿ ਵੇਖੈ ਅਪਣੀ ਵਡਿਆਈ ॥ ਆਪੇ ਕਰੇ ਕਰਾਏ ਆਪੇ ਹੁਕਮੇ ਰਹਿਆ ਸਮਾਈ ਹੇ ॥੧॥ (੧੦੪੩, ੧੦੪੪)*

## ਮਨੁੱਖਾ ਸਰੀਰ ਕਿਸ ਤਰ੍ਹਾਂ ਤਿਆਰ ਹੋਇਆ:

ਜਦੋਂ ਅਜੇ ਇਹ ਸੰਸਾਰ ਨਹੀਂ ਸੀ, ਇਹ ਜੀਵ ਵੀ ਨਹੀਂ ਸਨ, ਉਸ ਸਮੇਂ ਇਹ ਜੀਵ ਕੀ ਕਰਦਾ ਸੀ ? ਤੇ, ਕਿਹੜੇ ਕਰਮ ਕਰ ਕੇ ਇਹ ਹੋਂਦ ਵਿਚ ਆਇਆ? ਅਸਲੀਅਤ ਇਹ ਹੈ ਕਿ ਅਕਾਲ ਪੁਰਖੁ ਨੇ ਆਪ ਹੀ ਜਗਤ ਦੀ ਰਚਨਾ ਕੀਤੀ ਹੈ, ਤੇ ਆਪ ਹੀ, ਆਪਣਾ ਇਹ ਖੇਲ ਜਗਤ ਰਚ ਕੇ, ਇਸ ਨੂੰ ਵੇਖ ਰਿਹਾ ਹੈ। ਇਸ ਜਗਤ ਨੂੰ ਬਣਾਉਂਣ ਲਈ ਪੰਜ ਤੱਤ ਪਾ ਦਿੱਤੇ, ਇਨ੍ਹਾਂ ਪੰਜ ਤੱਤਾਂ ਸਦਕਾ ਮਨੁੱਖਾ ਸਰੀਰ ਤਿਆਰ ਹੋਇਆ, ਉਸ ਸਰੀਰ ਦੇ ਅੰਦਰ ਮੋਹ, ਝੂਠ ਤੇ ਗੁਮਾਨ ਆਦਿਕ ਵਿਕਾਰ ਵੀ ਹਨ, ਜੋ ਕਿ ਮਨੁੱਖ ਨੂੰ ਖੁਆਰ ਕਰਦੇ ਹਨ। ਅਗਿਆਨੀ ਤੇ ਮਨਮੁੱਖ ਇਨ੍ਹਾਂ ਵਿਕਾਰਾਂ ਵਿਚ ਫਸ ਕੇ ਭਟਕਦੇ ਤੇ ਜੰਮਦੇ ਮਰਦੇ ਰਹਿੰਦੇ ਹਨ। ਕਈ ਅਜੇਹੇ ਮਨੁੱਖ ਵੀ ਹਨ, ਜਿਨ੍ਹਾਂ ਨੂੰ ਅਕਾਲ ਪੁਰਖੁ ਨੇ ਗੁਰੂ ਦੇ ਸਨਮੁਖ ਕਰ ਕੇ, ਆਪਣਾ ਗਿਆਨ ਆਪ ਸਮਝਾਇਆ ਹੈ, ਤੇ ਅਜੇਹੇ ਗੁਰਮੁਖਾਂ ਨੂੰ ਆਪਣੀ ਭਗਤੀ ਤੇ ਗੁਰਬਾਣੀ ਦਾ ਨਾਮੁ ਰੂਪੀ ਖ਼ਜ਼ਾਨਾ ਆਪ ਬਖਸ਼ਿਆ ਹੈ।

***ਪਉੜੀ ॥*** *ਇਹੁ ਜਗੁ ਆਪਿ ਉਪਾਇਓਨੁ ਕਰਿ ਚੋਜ ਵਿਡਾਨੁ ॥ ਪੰਚ ਧਾਤੁ ਵਿਚਿ ਪਾਈਅਨੁ ਮੋਹੁ ਝੂਠੁ ਗੁਮਾਨੁ ॥ ਆਵੈ ਜਾਇ ਭਵਾਈਐ ਮਨਮੁਖੁ ਅਗਿਆਨੁ ॥ ਇਕਨਾ ਆਪਿ ਬੁਝਾਇਓਨੁ ਗੁਰਮੁਖਿ ਹਰਿ ਗਿਆਨੁ ॥ ਭਗਤਿ ਖਜਾਨਾ ਬਖਸਿਓਨੁ ਹਰਿ ਨਾਮੁ ਨਿਧਾਨੁ ॥੪॥ (੭੮੬)*

## ਹੁਕਮੁ ਤੇ ਸੱਚਾਈ ਨੂੰ ਸਮਝਾਉਣਾਂ ਤੇ ਭਵਿੱਖ ਬਾਰੇ ਸੁਚੇਤ ਕਰਨਾ:

ਗੁਰੂ ਸਾਹਿਬ ਦਾ ਮੰਤਵ ਕਿਸੇ ਤਰ੍ਹਾਂ ਦੀ ਭਵਿੱਖ ਬਾਣੀ ਕਰਨ ਦਾ ਨਹੀਂ ਸੀ, ਬਲਕਿ ਲੋਕਾਂ ਨੂੰ ਅਕਾਲ ਪੁਰਖੁ ਦਾ ਹੁਕਮੁ ਤੇ ਸੱਚਾਈ ਨੂੰ ਸਮਝਾਉਣਾਂ ਸੀ, ਤੇ ਉਸ ਅਨੁਸਾਰ ਚਲਣ ਦਾ ਮਾਰਗ ਦੱਸਣਾ ਸੀ। ਆਪਣੀ ਬਾਣੀ ਵਿਚ ਬਾਬਰ ਦਾ ਕਾਬਲ ਤੋਂ ਫ਼ੌਜ ਲੈ ਕੇ ਸ਼ਹਿਰ ਸ਼ੈਦਪੁਰ ਵਿਚ ਹੋਏ ਅੱਤਿਆਚਾਰਾ ਦਾ ਜਿਕਰ ਕਰਦੇ ਸਮਝਾਂਇਆ, ਕਿ ਇਸ ਸਭ ਕੁਝ ਉਸ ਦੇ ਹੁਕਮੁ ਅਨੁਸਾਰ ਹੀ ਹੋਇਆ। ਜਿਸ ਅਕਾਲ ਪੁਰਖੁ ਨੇ ਇਹ ਸ੍ਰਿਸ਼ਟੀ ਪੈਦਾ ਕੀਤੀ ਹੈ, ਉਸੇ ਨੇ ਇਸ ਨੂੰ ਮਾਇਆ ਦੇ ਮੋਹ ਵਿਚ ਫਸਾਇਆ ਹੋਇਆ ਹੈ, ਪਰ ਉਹ ਆਪ ਨਿਰਲੇਪ ਰਹਿ ਕੇ ਉਨ੍ਹਾਂ ਦੁਰਘਟਨਾਵਾਂ ਨੂੰ ਵੇਖ ਰਿਹਾ ਹੈ। ਅਕਾਲ ਪੁਰਖੁ ਅਟੱਲ ਨਿਯਮਾਂ ਵਾਲਾ ਹੈ, ਉਸ ਦਾ ਨਿਆਉਂ ਹੁਣ ਤਕ ਅਟੱਲ ਹੈ, ਉਹ ਅਗਾਂਹ ਨੂੰ ਵੀ ਅਟੱਲ ਨਿਯਮ ਵਰਤਾਇਗਾ, ਤੇ ਉਹੀ ਨਿਆਉਂ ਕਰੇਗਾ ਜੋ ਅਟੱਲ ਹੈ। ਉਸ ਅਟੱਲ ਨਿਯਮ ਅਨੁਸਾਰ ਹੀ, ਇਸ ਵੇਲੇ ਸੈਦਪੁਰ ਵਿਚ ਹਰ ਪਾਸੇ ਮਨੁੱਖਾ ਸਰੀਰ ਰੂਪੀ ਕੱਪੜੇ ਟੋਟੇ ਟੋਟੇ ਹੋ ਰਹੇ ਹਨ, ਭਾਵ ਬਾਬਰ ਦੀ ਫੌਜ਼ ਅਨੇਕਾਂ ਹਿੰਦੋਸਤਾਨੀਆਂ ਦਾ ਕਤਲ ਕਰ ਰਹੀ ਹੈ। ਮੁਗ਼ਲ ਅੱਜ ਸੰਮਤ ਅਠੱਤਰ ਵਿਚ ਆਏ ਹਨ (ਬਾਬਰ), ਇਹ ਸੰਮਤ ਸਤਾਨਵੇ ਵਿਚ ਚਲੇ ਜਾਣਗੇ, ਕੋਈ ਹੋਰ ਸੂਰਮਾ (ਸ਼ੇਰ ਸ਼ਾਹ ਸੂਰੀ) ਵੀ ਉੱਠ ਖੜਾ ਹੋਵੇਗਾ।

*ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ ॥ ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ ॥ ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ ॥ ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ ॥ ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ ॥੨॥੩॥੫॥ (੭੨੨-੭੨੩)*

ਇਹ ਸਬਦ ਸਾਨੂੰ ਸੁਚੇਤ ਕਰਨ ਲਈ ਹੈ ਕਿ ਜੇ ਕਰ ਹੇਰਾ ਫੇਰੀ, ਧੋਖੇ ਬਾਜੀ, ਜ਼ੁਲਮ, ਅਸਮਾਨਤਾ, ਆਪਸੀ ਵੰਡ, ਰਿਸ਼ਵਤਖੋਰੀ ਤੇ ਵਿਕਾਰੀਆਂ ਵਾਲਾ ਜੀਵਨ ਬਤੀਤ ਕਰਾਂਗੇ ਤਾਂ ਇਹੀ ਹਾਲ ਹੋ ਸਕਦਾ ਹੈ। ਜਿਥੇ ਅਕਾਲ ਪੁਰਖੁ ਇਤਨੀਆਂ ਦਾਤਾਂ ਦਿੰਦਾ ਹੈ, ਉਥੇ ਸਿਧੇ ਰਸਤੇ ਪਾਉਂਣਾ ਵੀ ਜਾਣਦਾ ਹੈ।

## ਅਕਾਲ ਪੁਰਖੁ ਨੇ ਇਹ ਕੁਦਰਤ ਸੁੰਨ ਤੋਂ ਪੈਦਾ ਕੀਤੀ:

ਬਿਗ ਬੈਂਗ ਸਿਧਾਂਤ ਅਨੁਸਾਰ ਅੱਜਕਲ ਦੀ ਸਾਇੰਸ ਦੀਆਂ ਖੋਜਾਂ ਇਹੀ ਦਰਸਾਉਂਦੀਆਂ ਹਨ ਕਿ ਸ੍ਰਿਸ਼ਟੀ ਦਾ ਕੋਈ ਆਰੰਭ ਜਰੂਰ ਸੀ। ਸਟੈਂਡਰਡ ਥਿਊਰੀ (Standard theory) ਅਨੁਸਾਰ ਕੁਦਰਤ ਇਕ ਇਕਾਈ (Singularity) ਤੋਂ ਲਗਭਗ ੧੩.੭ ਅਰਬ (13.7 billion) ਸਾਲ ਪਹਿਲਾਂ ਆਰੰਭ ਹੋਈ। ਇਹ ਇਕਾਈ (Singularity ) ਕੀ ਹੈ, ਕਿਸ ਤਰ੍ਹਾਂ ਪੈਦਾ ਹੋਈ, ਇਹ ਕੋਈ ਨਹੀਂ ਦੱਸ ਸਕਦਾ, ਇਥੇ ਭੌਤਿਕ ਵਿਗਿਆਨ (Physics) ਦੇ ਆਮ ਨਿਯਮ ਲਾਗੂ ਨਹੀਂ ਹੁੰਦੇ ਹਨ। ਇਹ ਬਲੈਕ ਹੋਲ ਦੇ ਕੇਂਦਰ ਵਿਚ ਸਥਿਤ ਕਹੀ ਜਾਂਦੀ ਹੈ। ਜਿਸ ਦੀ ਘਨਤਾ (Density) ਅਮਿਤ ਹੈ, ਬਹੁਤ ਜਿਆਦਾ ਹੈ ਜਿਸ ਦਾ ਅਨੁਮਾਨ ਨਹੀਂ

ਲਗਾਇਆ ਜਾ ਸਕਦਾ ਹੈ। ਇਹ ਬਿਗ ਬੈਂਗ ਨਾਲ ਆਰੰਭ ਹੋਈ ਤੇ ਫੈਲਦੀ ਗਈ ਤੇ ਨਾਲੋ ਨਾਲ ਠੰਡੀ ਹੁੰਦੀ ਗਈ। ਇਹ ਅੱਜ ਵੀ ਹੋਰ ਫੈਲ ਰਹੀ ਹੈ ਤੇ ਨਾਲੋ ਨਾਲ ਠੰਡੀ ਹੋ ਰਹੀ ਹੈ। ਇਸ ਇਕਾਈ ਤੋਂ ਪਹਿਲਾਂ ਕੋਈ ਪੁਲਾੜ, ਸਮਾਂ, ਪਦਾਰਥ ਜਾਂ ਊਰਜਾ ਕੁਝ ਵੀ ਨਹੀਂ ਸੀ (Prior to the singularity, nothing existed, not space, time, matter, or energy)। ਹੁਬਲ ਨਿਯਮ (Hubble's Law) ਅਨੁਸਾਰ ਗਲੈਕਸੀਆਂ ਸਾਡੇ ਤੋਂ ਦੂਰ ਜਾ ਰਹੀਆਂ ਹਨ। ਗਲੈਕਸੀਆਂ ਦੇ ਫੈਲਣ ਦੀ ਇਹ ਖੋਜ਼ ਇਹੀ ਦੱਸਦੀ ਹੈ, ਕਿ ਕੁਦਰਤ ਪਹਿਲਾ ਇਕ ਇਕਾਈ ਦੀ ਤਰ੍ਹਾਂ ਸੀ।

ਅੱਜ ਕੱਲ ਦੀ ਸਾਇੰਸ ਤਾਂ ਵੈਕੀਉਂਮ, ਬਲੈਕ ਹੋਲ ਜਾਂ ਇਕਾਈ (Vacuum, Black hole, Singularity) ਦੀਆਂ ਗੱਲਾਂ ਕਰਦੀ ਹੈ। ਪਰੰਤੂ ਗੁਰਬਾਣੀ ਅਨੁਸਾਰ ਅਕਾਲ ਪੁਰਖੁ ਨੇ ਇਹ ਕੁਦਰਤ ਸੁੰਨ ਤੋਂ ਪੈਦਾ ਕੀਤੀ। ਅਕਾਲ ਪੁਰਖੁ ਤੋਂ ਪਰੇ ਹੋਰ ਕੁਝ ਵੀ ਨਹੀਂ ਤੇ ਉਹ ਨਿਰੋਲ ਆਪ ਹੀ ਆਪ ਹੈ, ਤੇ ਆਪਣੀ ਤਾਕਤ ਆਪ ਹੀ ਬਣਾਈ ਹੋਈ ਹੈ। ਉਸ ਅਕਾਲ ਪੁਰਖੁ ਨੂੰ ਕਿਸੇ ਹੋਰ ਆਸਰੇ ਦੀ ਲੋੜ ਨਹੀਂ, ਉਹ ਅਪਰ ਅਪਾਰ ਅਕਾਲ ਪੁਰਖੁ ਆਪਣੇ ਸਹਾਰੇ ਆਪ ਹੀ ਹੈ, ਅਕਾਲ ਪੁਰਖੁ ਦੇ ਆਪਣੇ ਆਪ ਤੋਂ ਬਿਨਾ ਹੋਰ ਕੁਝ ਵੀ ਨਹੀਂ। ਅਕਾਲ ਪੁਰਖੁ ਸੁੰਨ ਅਵਸਥਾ ਵੀ ਆਪ ਹੀ ਪੈਦਾ ਕਰਦਾ ਹੈ, ਤੇ ਆਪ ਹੀ ਆਪਣੀ ਕੁਦਰਤ ਰਚ ਕੇ ਵੇਖਦਾ ਹੈ। ਅਕਾਲ ਪੁਰਖੁ ਆਪ ਹੀ ਸੁੰਨ ਅਵਸਥਾ ਤੋਂ ਹਵਾ, ਪਾਣੀ ਆਦਿਕ ਤੱਤ ਪੈਦਾ ਕਰਦਾ ਹੈ। ਆਪ ਹੀ ਸੁੰਨ ਅਵਸਥਾ ਤੋਂ ਸ੍ਰਿਸ਼ਟੀ ਪੈਦਾ ਕਰ ਕੇ, ਆਪਣੇ ਆਪ ਤੋਂ ਆਪ ਹੀ ਅਨੇਕਾਂ ਸਰੀਰ ਤੇ ਸਰੀਰਕ ਕਿਲ੍ਹਿਆਂ ਦੇ ਰਾਜੇ, ਭਾਵ ਜੀਵ ਪੈਦਾ ਕਰਦਾ ਹੈ। ਅੱਗ, ਪਾਣੀ ਆਦਿਕ ਤੱਤਾਂ ਨਾਲ ਬਣੇ ਹੋਏ ਅਨੇਕਾਂ ਸਰੀਰ ਤੇ ਉਨ੍ਹਾਂ ਸਰੀਰਾਂ ਵਿਚਲੀ ਜੀਵ ਆਤਮਾ ਵੀ ਅਕਾਲ ਪੁਰਖੁ ਦੀ ਹੀ ਜੋਤਿ ਹੈ। ਅਕਾਲ ਪੁਰਖੁ ਆਪਣੇ ਆਪ ਵਿਚ ਆਪਣੀ ਸ਼ਕਤੀ ਟਿਕਾਈ ਰੱਖਦਾ ਹੈ। ਜੀਵਾਂ ਦੇ ਪੰਜ ਗਿਆਨ ਇੰਦ੍ਰੇ, ਮਨ ਤੇ ਬੁਧੀ, ਵੀ ਅਕਾਲ ਪੁਰਖੁ ਨੇ ਆਪਣੇ ਆਪੇ ਤੋਂ ਹੀ ਬਣਾਏ ਹਨ। ਜਿਸ ਅਕਾਲ ਪੁਰਖੁ ਨੇ ਜੀਵ ਪੈਦਾ ਕੀਤੇ ਹਨ, ਉਹ ਆਪ ਹੀ ਉਨ੍ਹਾਂ ਨੂੰ ਸੰਭਾਲਦਾ ਹੈ ਤੇ ਆਪਣੇ ਵੀਚਾਰ ਮੰਡਲ ਵਿਚ ਰੱਖਦਾ ਹੈ।

*ਮਾਰੂ ਮਹਲਾ ੧ ॥ ਸੁੰਨ ਕਲਾ ਅਪਰੰਪਰਿ ਧਾਰੀ ॥ ਆਪਿ ਨਿਰਾਲਮੁ ਅਪਰ ਅਪਾਰੀ ॥ ਆਪੇ ਕੁਦਰਤਿ ਕਰਿ ਕਰਿ ਦੇਖੈ ਸੁੰਨਹੁ ਸੁੰਨੁ ਉਪਾਇਦਾ ॥੧॥ ਪਉਣੁ ਪਾਣੀ ਸੁੰਨੈ ਤੇ ਸਾਜੇ ॥ ਸ੍ਰਿਸਟਿ ਉਪਾਇ ਕਾਇਆ ਗੜ ਰਾਜੇ ॥ ਅਗਨਿ ਪਾਣੀ ਜੀਉ ਜੋਤਿ ਤੁਮਾਰੀ ਸੁੰਨੇ ਕਲਾ ਰਹਾਇਦਾ ॥੨॥*

*ਸੁੰਨਹੁ ਚੰਦੁ ਸੂਰਜੁ ਗੈਣਾਰੇ ॥ ਤਿਸ ਕੀ ਜੋਤਿ ਤ੍ਰਿਭਵਣ ਸਾਰੇ ॥ ਸੁੰਨੇ ਅਲਖ ਅਪਾਰ ਨਿਰਾਲਮੁ ਸੁੰਨੇ ਤਾੜੀ ਲਾਇਦਾ ॥੫॥ ਸੁੰਨਹੁ ਧਰਤਿ ਅਕਾਸੁ ਉਪਾਏ ॥ ਬਿਨੁ ਥੰਮਾ ਰਾਖੇ ਸਚੁ ਕਲ ਪਾਏ ॥ ਤ੍ਰਿਭਵਣ ਸਾਜਿ ਮੇਖੁਲੀ ਮਾਇਆ ਆਪਿ ਉਪਾਇ ਖਪਾਇਦਾ ॥੬॥ ਸੁੰਨਹੁ ਖਾਣੀ ਸੁੰਨਹੁ ਬਾਣੀ ॥ ਸੁੰਨਹੁ ਉਪਜੀ ਸੁੰਨਿ ਸਮਾਣੀ ॥ ਉਤਭੁਜੁ ਚਲਤੁ ਕੀਆ ਸਿਰਿ ਕਰਤੈ ਬਿਸਮਾਦੁ ਸਬਦਿ ਦੇਖਾਇਦਾ ॥੭॥ (੧੦੩੭, ੧੦੩੮)*

ਅਕਾਲ ਪੁਰਖੁ ਬੇਅੰਤ ਸਮਾਂ ਗੁਪਤ ਅਵਸਥਾ ਵਿਚ ਹੀ ਰਿਹਾ, ਬੇਅੰਤ ਸਮਾਂ ਉਹ ਸੁੰਨ ਅਵਸਥਾ ਵਿਚ ਟਿਕਿਆ ਰਿਹਾ, ਬੇਅੰਤ ਸਮਾਂ ਇਕ ਐਸੀ ਅਵਸਥਾ ਬਣੀ ਰਹੀ ਜੋ ਜੀਵਾਂ ਦੀ ਸਮਝ ਤੋਂ ਪਰੇ ਹੈ। ਜਿਸ ਤਰ੍ਹਾਂ ਧੁੰਦ ਵਿਚ ਕੁਝ ਦਿਖਾਈ ਨਹੀਂ ਦਿੰਦਾ ਹੈ, ਇਸੇ ਤਰ੍ਹਾਂ ਉਹ ਅਜੇਹੀ ਅਵਸਥਾ ਸੀ ਜੋ ਕਿ ਨਾ ਤਾਂ ਮਨੁੱਖ ਬਿਆਨ ਕਰ ਸਕਦਾ ਹੈ ਤੇ ਨਾ ਹੀ ਸਮਝ ਸਕਦਾ ਹੈ। ਫਿਰ ਅਕਾਲ ਪੁਰਖੁ ਨੇ ਆਪ ਹੀ ਆਪਣੇ ਆਪ ਨੂੰ ਜਗਤ-ਰੂਪ ਵਿਚ ਪਰਗਟ ਕਰ ਲਿਆ।

*ਕੇਤੜਿਆ ਦਿਨ ਗੁਪਤੁ ਕਹਾਇਆ ॥ ਕੇਤੜਿਆ ਦਿਨ ਸੁੰਨਿ ਸਮਾਇਆ ॥ ਕੇਤੜਿਆ ਦਿਨ ਧੁੰਧੂਕਾਰਾ ਆਪੇ ਕਰਤਾ ਪਰਗਟੜਾ ॥੧੨॥ (੧੦੮੧, ੧੦੮੨)*

ਗੁਰੂ ਨਾਨਕ ਸਾਹਿਬ ਨੇ ਕਈ ਸਾਲ ਪਹਿਲਾਂ ਹੀ ਸਮਝਾ ਦਿਤਾ ਸੀ, ਕਿ ਅਕਾਲ ਪੁਰਖ ਨੇ ਇਹ ਕੁਦਰਤ ਸੁੰਨ{ਸ੦੮} ਤੋਂ ਪੈਦਾ ਕੀਤੀ। ਅੱਜ ਦੀ ਸਾਇੰਸ ਵੀ ਹੁਣ ਸ੍ਰਿਸ਼ਟੀ ਦੇ ਪੈਦਾ ਹੋਣ ਬਾਰੇ ਇਹੀ ਕਹਿ ਰਹੀ ਹੈ, ਕਿ ਇਹ ਇਕ ਇਕਾਈ (Singularity) ਤੋਂ ਬਣੀ ਹੈ। ਅਕਾਲ ਪੁਰਖ ਤੋਂ ਪਰੇ ਹੋਰ ਕੁਝ ਵੀ ਨਹੀਂ ਤੇ ਉਹ ਨਿਰੋਲ ਆਪ ਹੀ ਆਪ ਹੈ, ਤੇ ਆਪਣੀ ਤਾਕਤ ਆਪ ਹੀ ਬਣਾਈ ਹੋਈ ਹੈ। ਅਕਾਲ ਪੁਰਖ ਆਪ ਹੀ ਸੁੰਨ ਅਵਸਥਾ ਤੋਂ ਹਵਾ, ਪਾਣੀ ਆਦਿਕ ਤੱਤ ਪੈਦਾ ਕਰਦਾ ਹੈ। ਆਪ ਹੀ ਸੁੰਨ ਅਵਸਥਾ ਤੋਂ ਸ੍ਰਿਸ਼ਟੀ, ਅਨੇਕਾਂ ਸਰੀਰ ਤੇ ਜੀਵ ਪੈਦਾ ਕਰਦਾ ਹੈ।

*ਮਾਰੂ ਮਹਲਾ ੧ ॥ ਸੁੰਨ ਕਲਾ ਅਪਰੰਪਰਿ ਧਾਰੀ ॥ ਆਪਿ ਨਿਰਾਲਮੁ ਅਪਰ ਅਪਾਰੀ ॥ ਆਪੇ ਕੁਦਰਤਿ ਕਰਿ ਕਰਿ ਦੇਖੈ ਸੁੰਨਹੁ ਸੁੰਨੁ ਉਪਾਇਦਾ ॥੧॥ ਪਉਣੁ ਪਾਣੀ ਸੁੰਨੈ ਤੇ ਸਾਜੇ ॥ ਸ੍ਰਿਸਟਿ ਉਪਾਇ ਕਾਇਆ ਗੜ ਰਾਜੇ ॥ ਅਗਨਿ ਪਾਣੀ ਜੀਉ ਜੋਤਿ ਤੁਮਾਰੀ ਸੁੰਨੇ ਕਲਾ ਰਹਾਇਦਾ ॥੨॥*

## ਪਦਾਰਥ ਤੋਂ ਜੀਵ ਕਿਸ ਤਰ੍ਹਾਂ ਬਣੇ, ਚੇਤਨਾਂ ਕਿਸ ਤਰ੍ਹਾਂ ਪੈਦਾ ਹੋਈ:

ਸਾਇੰਸ ਜੀਵਾਂ ਅਤੇ ਪਦਾਰਥਾਂ ਦੀ ਜਾਣਕਾਰੀ ਤਾਂ ਦੱਸਦੀ ਹੈ। ਪਰੰਤੂ ਇਹ ਨਹੀਂ ਦੱਸ ਸਕਦੀ ਕਿ ਪਦਾਰਥ ਤੋਂ ਜੀਵ ਕਿਸ ਤਰ੍ਹਾਂ ਬਣੇ, ਚੇਤਨਾਂ ਕਿਸ ਤਰ੍ਹਾਂ ਪੈਦਾ ਹੋਈ, ਜੀਵਾਂ ਦੀ ਉਤਪਤੀ ਕਿਸ ਤਰ੍ਹਾਂ ਹੁੰਦੀ ਹੈ। ਪੰਛੀ ਕਿਸ ਤਰ੍ਹਾਂ ਉਡਦੇ ਹਨ। ਇਨ੍ਹਾਂ

ਸਭ ਦੀ ਸੰਭਾਲ ਕੌਣ ਤੇ ਕਿਸ ਤਰ੍ਹਾਂ ਕਰਦਾ ਹੈ। ਗੁਰਬਾਣੀ ਅਨੁਸਾਰ ਅਕਾਲ ਪੁਰਖੁ ਜਿਸ ਤਰ੍ਹਾਂ ਚਾਹੁੰਦਾ ਹੈ, ਉਹ ਪੈਦਾ ਕਰਦਾ ਹੈ, ਤੇ ਜੀਵਾਂ ਪਾਸੋਂ ਆਪਣੇ ਹੁਕਮੁ ਅਨੁਸਾਰ ਕਰਵਾਉਂਦਾ ਹੈ। ਜਿਵੇਂ ਉਸ ਅਕਾਲ ਪੁਰਖ ਨੂੰ ਭਾਉਂਦਾ ਹੈ, ਜਿਵੇਂ ਉਸ ਦਾ ਹੁਕਮੁ ਹੁੰਦਾ ਹੈ, ਤਿਵੇਂ ਹੀ ਉਹ ਆਪ ਸੰਸਾਰ ਦੀ ਕਾਰ ਚਲਾ ਰਿਹਾ ਹੈ। ਜੀਵ ਅਕਾਲ ਪੁਰਖੁ ਦੇ ਹੁਕਮੁ ਵਿਚ ਇਥੇ ਆਉਂਦਾ ਹੈ, ਹੁਕਮੁ ਵਿਚ ਹੀ ਇਥੋਂ ਤੁਰ ਜਾਂਦਾ ਹੈ, ਤੇ ਜੀਵ ਨੂੰ ਹੁਕਮੁ ਵਿਚ ਹੀ ਜੀਵਨ ਬਿਤੀਤ ਕਰਨਾ ਪੈਂਦਾ ਹੈ।

*ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥ (੭)*

ਇਹ ਸਭ ਕੁਝ ਅਕਾਲ ਪੁਰਖੁ ਦੀ ਗੁਪਤ ਰਚਨਾ ਹੈ, ਜਿਸ ਬਾਰੇ ਉਹ ਆਪ ਹੀ ਜਾਣਦਾ ਹੈ। ਜਦੋਂ ਉਸ ਅਕਾਲ ਪੁਰਖੁ ਨੂੰ ਚੰਗਾ ਲੱਗਾ ਤਾਂ ਉਸ ਨੇ ਇਹ ਜਗਤ ਪੈਦਾ ਕਰ ਦਿੱਤਾ। ਇਸ ਸਾਰੇ ਜਗਤ-ਖਿਲਾਰੇ ਨੂੰ ਉਸ ਨੇ ਨਾ ਦਿੱਸਣ ਵਾਲੇ ਸਹਾਰੇ (Gravitation) ਨਾਲ ਆਪੋ ਆਪਣੇ ਥਾਂ ਤੇ ਟਿਕਾ ਦਿੱਤਾ।

ਅਕਾਲ ਪੁਰਖੁ ਨੇ ਬਿਨਾ ਕਿਸੇ ਉਚੇਚੇ ਜਤਨ ਦੇ ਆਪਣੇ ਹੁਕਮੁ ਦੁਆਰਾ ਇਹ ਸ੍ਰਿਸ਼ਟੀ ਪੈਦਾ ਕਰ ਦਿੱਤੀ ਹੈ। ਜਗਤ ਉਤਪਤੀ ਦੇ ਕੰਮ ਕਰ ਕਰ ਕੇ ਉਹ ਆਪਣੀ ਵਡਿਆਈ ਆਪ ਹੀ ਵੇਖ ਰਿਹਾ ਹੈ। ਅਕਾਲ ਪੁਰਖੁ ਆਪ ਹੀ ਸਭ ਕੁਝ ਕਰ ਰਿਹਾ ਹੈ, ਆਪ ਹੀ ਜੀਵਾਂ ਪਾਸੋਂ ਕਰਵਾ ਰਿਹਾ ਹੈ, ਤੇ ਆਪਣੀ ਰਜ਼ਾ ਅਨੁਸਾਰ ਸਾਰੀ ਸ੍ਰਿਸ਼ਟੀ ਵਿਚ ਵਿਆਪਕ ਹੋ ਕੇ ਵਿਚਰ ਰਿਹਾ ਹੈ।

***ਹੁਕਮੀ ਸਹਜੇ ਸ੍ਰਿਸਟਿ ਉਪਾਈ ॥ ਕਰਿ ਕਰਿ ਵੇਖੈ ਅਪਣੀ ਵਡਿਆਈ ॥ ਆਪੇ ਕਰੇ ਕਰਾਏ ਆਪੇ ਹੁਕਮੇ ਰਹਿਆ ਸਮਾਈ ਹੇ ॥੧॥ (੧੦੪੩, ੧੦੪੪)***

## ਅਕਾਲ ਪੁਰਖੁ ਨੂੰ ਉਸ ਦੀ ਰਚਨਾ ਵਿਚੋਂ ਅਨੁਭਵ ਕੀਤਾ ਜਾ ਸਕਦਾ ਹੈ:

ਅਕਾਲ ਪੁਰਖ ਨੇ ਸਾਰੀ ਰਚਨਾ ਆਪਣੇ ਹੁਕਮੁ ਰੂਪੀ ਧਾਗੇ ਵਿਚ ਪਰੋ ਰੱਖੀ ਹੈ। ਜਿਸ ਤਰ੍ਹਾ ਪੁੱਤਰ ਇਹ ਨਹੀਂ ਜਾਣ ਸਕਦਾ ਹੈ ਕਿ ਪਿਉ ਕਿਸ ਤਰ੍ਹਾਂ ਪੈਦਾ ਹੋਇਆ ਸੀ। ਇਸੇ ਤਰ੍ਹਾਂ ਅਕਾਲ ਪੁਰਖੁ ਦੇ ਰਚੇ ਹੋਏ ਜੀਵ, ਇਹ ਨਹੀਂ ਜਾਣ ਸਕਦੇ ਹਨ ਕਿ ਅਕਾਲ ਪੁਰਖੁ ਕਿਸ ਤਰ੍ਹਾਂ ਪੈਦਾ ਹੋਇਆ ਸੀ।

***ਜਾ ਕੀ ਲੀਲਾ ਕੀ ਮਿਤਿ ਨਾਹਿ ॥ ਸਗਲ ਦੇਵ ਹਾਰੇ ਅਵਗਾਹਿ ॥ ਪਿਤਾ ਕਾ ਜਨਮੁ ਕਿ ਜਾਨੈ ਪੂਤੁ ॥ ਸਗਲ ਪਰੋਈ ਅਪੁਨੈ ਸੂਤਿ***

ਅਕਾਲ ਪੁਰਖ ਆਪ ਹੀ ਆਪਣੇ ਆਪ ਨੂੰ ਪੈਦਾ ਕਰ ਕੇ ਪਰਗਟ ਹੋਇਆ, ਅਕਾਲ ਪੁਰਖ ਆਪ ਹੀ ਸਭ ਅੰਦਰ ਗੁਪਤ ਰੂਪ ਵਿਚ ਵਿਆਪਕ ਹੈ, ਅਤੇ ਉਹ ਜਗਤ ਦਾ ਸਹਾਰਾ ਹੈ, ਤੇ ਸਭ ਜੀਵਾਂ ਦੀ ਸੰਭਾਲ ਕਰਦਾ ਹੈ।

***ਮਾਰੂ ਮਹਲਾ ੩ ॥ ਆਪੇ ਆਪੁ ਉਪਾਇ ਉਪੰਨਾ ॥ ਸਭ ਮਹਿ ਵਰਤੈ ਏਕੁ ਪਰਛੰਨਾ ॥ ਸਭਨਾ ਸਾਰ ਕਰੇ ਜਗਜੀਵਨੁ ਜਿਨਿ ਅਪਣਾ ਆਪੁ ਪਛਾਤਾ ਹੇ ॥੧॥ (੧੦੫੧)***

## ਅਕਾਲ ਪੁਰਖੁ ਆਪ ਹੀ ਇਸ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਹੈ ਤੇ ਸਮੇਟਣ ਵਾਲਾ ਹੈ:

ਸ੍ਰਿਸ਼ਟੀ ਦੀ ਰਚਨਾ ਹੋਣ ਤੋਂ ਪਹਿਲਾਂ, ਅਕਾਲ ਪੁਰਖੁ ਸਿਰਫ ਇਕੱਲਾ ਆਪ ਹੀ ਸੀ, ਤੇ ਉਸ ਨੇ ਹੀ ਇਹ ਸਾਰੀ ਸ੍ਰਿਸ਼ਟੀ ਪੈਦਾ ਕੀਤੀ ਹੈ ਅਤੇ ਆਪਣੀ ਪੈਦਾ ਕੀਤੀ ਹੋਈ ਸ੍ਰਿਸ਼ਟੀ ਵਿਚ ਆਪ ਹੀ ਵਿਆਪਕ ਹੈ। ਜੇ ਉਸ ਦੀ ਰਜ਼ਾ ਹੋਵੇ ਤਾਂ ਜਗਤ ਦਾ ਪਸਾਰਾ ਕਰ ਦਿੰਦਾ ਹੈ, ਜੇ ਭਾਵੇ ਤਾਂ ਫਿਰ ਸਾਰੀ ਸ੍ਰਿਸ਼ਟੀ ਨੂੰ ਸਮੇਟ ਕੇ ਇਕ ਆਪ ਹੀ ਆਪ ਹੋ ਜਾਂਦਾ ਹੈ।

***ਅਸਟਪਦੀ ॥ ਆਪਿ ਕਥੈ ਆਪਿ ਸੁਨਨੈਹਾਰੁ ॥ ਆਪਹਿ ਏਕੁ ਆਪਿ ਬਿਸਥਾਰੁ ॥ ਜਾ ਤਿਸੁ ਭਾਵੈ ਤਾ ਸ੍ਰਿਸਟਿ ਉਪਾਏ ॥ ਆਪਨੈ ਭਾਣੈ ਲਏ ਸਮਾਏ ॥ (੨੯੨)***

ਧਰਤੀ ਦੇ ਨੌ ਖੰਡ ਤੇ ਚਾਰ ਖਾਣੀਆਂ ਕਹੀਆਂ ਜਾਂਦੀਆਂ ਹਨ, ਪਰ ਕੁਦਰਤ ਵਿਚ ਕਰੋੜਾਂ ਹੀ ਖੰਡ ਤੇ ਖਾਣੀਆਂ ਹਨ, ਜਿਨ੍ਹਾਂ ਰਾਹੀਂ ਕਰੋੜਾਂ ਹੀ ਜੀਵ ਪੈਦਾ ਹੋਏ ਹਨ। ਕਰੋੜਾਂ ਹੀ ਆਕਾਸ਼ ਤੇ ਬ੍ਰਹਮੰਡ ਹਨ, ਜਿਨ੍ਹਾਂ ਵਿਚ ਕਰੋੜਾਂ ਹੀ ਜੀਵ ਹਨ ਤੇ ਕਰੋੜਾਂ ਹੀ ਪ੍ਰਾਣੀ ਪੈਦਾ ਹੋ ਰਹੇ ਹਨ। ਅਕਾਲ ਪੁਰਖੁ ਨੇ ਕਈ ਤਰੀਕਿਆਂ ਨਾਲ ਜਗਤ ਦੀ ਰਚਨਾ ਕੀਤੀ ਹੈ ਤੇ ਕਈ ਵਾਰੀ ਜਗਤ ਦੀ ਰਚਨਾ ਕੀਤੀ ਹੈ। ਫਿਰ ਇਸ ਨੂੰ ਸਮੇਟ ਕੇ ਇਕ ਆਪ ਹੀ ਆਪ ਹੋ ਜਾਂਦਾ ਹੈ। ਅਕਾਲ ਪੁਰਖੁ ਨੇ ਕਈ ਕਿਸਮਾਂ ਦੇ ਕਰੋੜਾਂ ਹੀ ਜੀਵ ਪੈਦਾ ਕੀਤੇ ਹੋਏ ਹਨ, ਜੋ ਅਕਾਲ ਪੁਰਖੁ ਤੋਂ ਪੈਦਾ ਹੋ ਕੇ ਫਿਰ ਉਸ ਵਿਚ ਲੀਨ ਹੋ ਜਾਂਦੇ ਹਨ। ਉਸ ਅਕਾਲ ਪੁਰਖੁ ਦਾ ਅੰਤ ਕੋਈ ਮਨੁੱਖ ਨਹੀਂ ਜਾਣਦਾ ਹੈ, ਕਿਉਂਕਿ ਉਸ ਅਕਾਲ ਪੁਰਖੁ ਵਰਗਾ ਉਹ ਆਪ ਹੀ ਆਪ ਹੈ।

***ਕਈ ਕੋਟਿ ਖਾਣੀ ਅਰੁ ਖੰਡ ॥ ਕਈ ਕੋਟਿ ਅਕਾਸ ਬ੍ਰਹਮੰਡ ॥ ਕਈ ਕੋਟਿ ਹੋਏ ਅਵਤਾਰ ॥ ਕਈ ਜੁਗਤਿ ਕੀਨੋ ਬਿਸਥਾਰ ॥ ਕਈ ਬਾਰ ਪਸਰਿਓ ਪਾਸਾਰ ॥ ਸਦਾ ਸਦਾ ਇਕੁ ਏਕੰਕਾਰ ॥ ਕਈ ਕੋਟਿ ਕੀਨੇ ਬਹੁ ਭਾਤਿ ॥ ਪ੍ਰਭ ਤੇ ਹੋਏ ਪ੍ਰਭ ਮਾਹਿ ਸਮਾਤਿ ॥ ਤਾ ਕਾ ਅੰਤੁ ਨ ਜਾਨੈ ਕੋਇ ॥ ਆਪੇ ਆਪਿ ਨਾਨਕ ਪ੍ਰਭੁ ਸੋਇ ॥੭॥ (੨੭੫,੨੭੬)***

## ਅਕਾਲ ਪੁਰਖੁ ਦੇ ਹੁਕਮੁ ਵਿਚ ਹੀ ਜੀਵ ਇਥੇ ਆਉਂਦੇ ਹਨ ਤੇ ਇਥੋਂ ਚਲੇ ਜਾਂਦੇ ਹਨ:

ਜਦੋਂ ਕੋਈ ਪ੍ਰਾਣੀ ਮਰ ਜਾਂਦਾ ਹੈ, ਤਾਂ ਉਸ ਦੇ ਪੰਜ ਤਤੀ ਸਰੀਰ ਵਿਚੋਂ ਸੁਆਸ ਨਿਕਲ ਕੇ ਹਵਾ ਵਿਚ ਮਿਲ ਜਾਂਦੇ ਹਨ, ਭਾਵ ਅਲੋਪ ਹੋ ਜਾਂਦੇ ਹਨ। ਜਿਸ ਤਰ੍ਹਾਂ ਸਾਨੂੰ ਹਵਾ ਦਿਖਾਈ ਨਹੀਂ ਦਿੰਦੀ ਹੈ, ਇਸੇ ਤਰ੍ਹਾਂ ਸਵਾਸ ਵੀ ਦਿਖਾਈ ਨਹੀਂ ਦਿੰਦੇ ਹਨ, ਕਿ ਕਿਥੇ ਚਲੇ ਗਏ। ਸਾਇੰਸ ਦੇ ਕਿਸੇ ਜੰਤਰ ਨਾਲ ਅਸੀਂ ਹਵਾ ਦਾ ਦਬਾਅ ਜਾਂ ਦਿਸ਼ਾ ਤਾਂ ਜਾਣ ਸਕਦੇ ਹਾਂ, ਪਰੰਤੂ ਇਹ ਬਿਲਕੁਲ ਨਹੀਂ ਜਾਣ ਸਕਦੇ ਕਿ ਸਰੀਰ ਵਿਚੋਂ ਸੁਆਸ ਕਿਥੇ ਗਏ ਹਨ। ਮਨੁੱਖਾ ਸਰੀਰ ਜੋ ਕਿ ਪਾਣੀ, ਹਵਾ, ਤੇ ਧਰਤੀ ਦੀ ਮਿੱਟੀ ਵਿਚ ਪੈਦਾ ਹੋਇਆ, ਤੇ ਪਦਾਰਥਾਂ ਨਾਲ ਵਧਿਆ ਫੁਲਿਆ ਸੀ, ਇਕ ਦਿਨ ਇਸ ਧਰਤੀ ਦੀ ਮਿੱਟੀ ਵਿਚ ਮਿਲ ਜਾਂਦਾ ਹੈ। ਜੀਵਾਤਮਾ ਅਕਾਲ ਪੁਰਖੁ ਦੀ ਸਰਬ ਵਿਆਪਕ ਜੋਤਿ ਨਾਲ ਜਾ ਰਲਦਾ ਹੈ।

ਅਕਾਲ ਪੁਰਖੁ ਦਾ ਨਾਮੁ ਹਰੇਕ ਜੀਵ ਦੇ ਸਰੀਰ ਅੰਦਰ ਨਿਵਾਸ ਰੱਖਦਾ ਹੈ, ਅਬਿਨਾਸ਼ੀ ਅਕਾਲ ਪੁਰਖੁ ਆਪ ਹੀ ਹਰੇਕ ਦੇ ਅੰਦਰ ਮੌਜੂਦ ਹੈ। ਜੀਵ ਉਸ ਅਕਾਲ ਪੁਰਖੁ ਦਾ ਅੰਸ ਹੈ, ਇਸ ਵਾਸਤੇ ਜੀਵਾਤਮਾ ਨਾ ਮਰਦਾ ਹੈ, ਤੇ ਨਾ ਹੀ ਕੋਈ ਇਸ ਨੂੰ ਮਾਰ ਸਕਦਾ ਹੈ। ਰਜ਼ਾ ਦਾ ਮਾਲਕ ਅਕਾਲ ਪੁਰਖੁ ਜੀਵ ਪੈਦਾ ਕਰ ਕੇ ਆਪਣੇ ਹੁਕਮੁ ਵਿਚ ਸਭ ਦੀ ਸੰਭਾਲ ਕਰਦਾ ਹੈ। ਉਸ ਅਕਾਲ ਪੁਰਖੁ ਦੇ ਕਦੇ ਖ਼ਤਮ ਨਾ ਹੋਣ ਵਾਲੇ ਹੁਕਮੁ ਵਿਚ ਹੀ ਜੀਵ ਇਥੇ ਆਉਂਦੇ ਰਹਿੰਦੇ ਹਨ ਤੇ ਇਥੋਂ ਚਲੇ ਜਾਂਦੇ ਹਨ।

*ਦੇਹੀ ਅੰਦਰਿ ਨਾਮੁ ਨਿਵਾਸੀ ॥ ਆਪੇ ਕਰਤਾ ਹੈ ਅਬਿਨਾਸੀ ॥ ਨਾ ਜੀਉ ਮਰੈ ਨ ਮਾਰਿਆ ਜਾਈ ਕਰਿ ਦੇਖੈ ਸਬਦਿ ਰਜਾਈ ਹੇ ॥੧੩॥ (੧੦੨੬)*

## ਜੀਵਾਂ ਦੀ ਉਤਪਤੀ ਕਿਸ ਤਰ੍ਹਾਂ ਹੁੰਦੀ ਹੈ ਤੇ ਪਦਾਰਥ ਕਿਵੇ ਬਣਦੇ ਹਨ:

ਅਕਾਲ ਪੁਰਖੁ ਨੇ ਇਹ ਜਗਤ ਇਕ ਤਮਾਸ਼ਾ ਰਚਿਆ ਹੋਇਆ ਹੈ, ਤੇ ਇਸ ਜਗਤ ਵਿਚ ਉਸ ਨੇ ਕੋਈ ਜੀਵ ਕਿਸੇ ਦੂਜੇ ਵਰਗਾ ਨਹੀਂ ਬਣਾਇਆ। ਕੋਈ ਵੀ ਦੋ ਜਾਣੇ ਇਕੋ ਜਿਹੇ ਨਹੀਂ ਹਨ। ਇਹ ਇਕ ਵੱਡਾ ਭੇਦ ਹੈ ਕਿ ਕੋਈ ਵੀ ਦੋ ਜੀਵਾਂ ਦੇ ਡੀ.ਐੈਨ.ਏ. ਇਕੋ ਜਿਹੇ ਨਹੀਂ ਹਨ। ਇਕ ਬਾਂਦਰ ਜਿਨਾ ਮਰਜੀ ਚਤੁਰ ਜਾਂ ਸਿਆਣਾ ਬਣ ਜਾਵੇ, ਪਰ ਉਹ ਬਾਂਦਰ ਹੀ ਰਹਿੰਦਾ ਹੈ। ਸਾਇੰਸ ਨੂੰ ਹੁਣ ਤਕ ਸਿਰਫ ਡੀ.ਐੈਨ.ਏ. (D.N.A.) ਤਕ ਹੀ ਪਤਾ ਲੱਗਾ ਹੈ, ਕਿ ਹਰੇਕ ਜੀਵ ਦੇ ਡੀ.ਐੈਨ.ਏ. ਇਕ ਦੂਸਰੇ ਤੋਂ ਵੱਖਰੇ ਹਨ। ਇਸ ਤੋਂ ਕੁਝ ਹੋਰ ਵੀ ਡੂੰਘਾ ਹੋ ਸਕਦਾ ਹੈ, ਜਿਨ੍ਹਾਂ ਕਰਕੇ ਹਰੇਕ ਜੀਵ ਦੂਸਰੇ ਤੋਂ ਭਿੰਨ ਹੈ। ਅਕਾਲ ਪੁਰਖੁ ਆਪ ਹੀ ਜੀਵਾਂ ਵਿਚ ਫ਼ਰਕ ਪੈਦਾ ਕਰਦਾ ਹੈ, ਤੇ ਇਹ ਫ਼ਰਕ ਵੇਖ ਕੇ ਖ਼ੁਸ਼ ਹੁੰਦਾ ਹੈ।

*ਮਾਰੂ ਮਹਲਾ ੩ ॥ ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ ॥ ਕੋਇ ਨ ਕਿਸ ਹੀ ਜੇਹਾ ਉਪਾਇਆ ॥ ਆਪੇ ਫਰਕੁ ਕਰੇ ਵੇਖਿ ਵਿਗਸੈ ਸਭਿ ਰਸ ਦੇਹੀ ਮਾਹਾ ਹੇ ॥੧॥ (੧੦੫੬)*

## ਮਨੁੱਖ ਕੋਲ ਬੁਧੀ ਹੈ ਪਰ ਆਮ ਜੀਵਾਂ ਕੋਲ ਨਹੀਂ:

ਸਦੀਆਂ ਤੋਂ ਪੱਛੀ ਆਪਣੇ ਆਲ੍ਹਣੇ ਉਸੇ ਤਰ੍ਹਾਂ ਬਣਾਈ ਜਾ ਰਹੇ ਹਨ, ਉਨ੍ਹਾਂ ਨੇ ਕੋਈ ਨਵੀਂ ਈਜਾਦ ਨਹੀਂ ਕੀਤੀ, ਕੋਈ ਨਵਾਂ ਤਰੀਕਾ ਨਹੀਂ ਅਪਨਾਇਆ ਹੈ। ਜਾਨਵਰਾਂ ਤੇ ਪੱਛੀਆਂ ਦੀ ਦੁਨੀਆ ਵਿਚ ਸਭ ਕੁਝ ਉਸੇ ਤਰ੍ਹਾਂ ਹੀ ਚਲ ਰਿਹਾ ਹੈ। ਇਸ ਦੇ ਉਲਟ, ਮਨੁੱਖ ਪਹਿਲਾਂ ਜੰਗਲਾਂ ਵਿਚ ਰਹਿੰਦਾ ਸੀ, ਫਿਰ ਗੁਫਾਵਾਂ ਵਿਚ, ਤੇ ਹੁਣ ਵੱਡੀਆਂ ਵੱਡੀਆਂ ਬਿਲਡਿੰਗਾਂ ਵਿਚ ਰਹਿ ਰਿਹਾ ਹੈ। ਪਹਿਲਾਂ ਲਕੜੀ ਦੇ ਹਥਿਆਰ ਵਰਤਦਾ ਸੀ, ਤੇ ਹੁਣ ਕਈ ਗੁਣਾਂ ਤਰੱਕੀ ਕਰ ਲਈ ਹੈ, ਤੇ ਉਹ ਚੀਜ਼ਾ ਈਜ਼ਾਦ ਕੀਤੀਆਂ ਹਨ, ਜਿਨ੍ਹਾਂ ਦੇ ਉਹ ਪਹਿਲਾ ਸਿਰਫ ਸੁਪਨੇ ਲੈਂਦਾ ਸੀ। ਕੰਮਪਿਊਟਰ, ਕਾਰਾਂ, ਗੱਡੀਆਂ, ਹਵਾਈ ਜਹਾਜ਼, ਰਾਕਟ, ਆਦਿ ਕਈ ਤਰ੍ਹਾਂ ਦੀਆਂ ਨਵੀਆਂ ਕਾਢਾਂ ਕਢੀਆਂ ਹਨ, ਤੇ ਹੋਰ ਤਰੱਕੀ ਕਰੀ ਜਾ ਰਿਹਾ ਹੈ। ਮਨੁੱਖ ਦੇ ਅੰਦਰ ਬੁਧੀ ਹੈ, ਉਹ ਕੁਦਰਤ ਵਿਚ ਹੋ ਰਹੀਆਂ ਕਿਰਿਆਵਾਂ ਨੂੰ ਵੇਖਦਾ ਹੈ, ਉਸ ਦੇ ਕਾਰਨ ਬਾਰੇ ਸੋਚਦਾ ਹੈ, ਵਿਚਾਰਦਾ ਹੈ, ਤੇ ਕੁਝ ਨਵਾਂ ਲੱਭਣ ਦੀ ਤਰਕੀਬ ਸੋਚਦਾ ਹੈ। ਇਹ ਬੁਧੀ ਹੀ ਹੈ ਜਿਸ ਕਰਕੇ ਮਨੁੱਖ ਇਹ ਸਭ ਕੁਝ ਕਰ ਸਕਦਾ ਹੈ, ਜੋ ਕਿ ਦੂਸਰੇ ਜਾਨਵਰਾਂ ਕੋਲ ਨਹੀਂ ਹੈ।

*ਲਖ ਚਉਰਾਸੀਹ ਜੋਨਿ ਸਬਾਈ ॥ ਮਾਣਸ ਕਉ ਪ੍ਰਭਿ ਦੀਈ ਵਡਿਆਈ ॥ ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ ॥੨॥ (੧੦੭੫)*

ਅਕਾਲ ਪੁਰਖੁ ਨੇ ਸਾਨੂੰ ਇਹ ਸਰੀਰ, ਜੋਤਿ ਤੇ ਬੁਧੀ ਦਿਤੀ ਹੈ। ਇਸ ਲਈ ਆਓ ਅਸੀਂ ਗੁਰੂ ਦੀ ਮਤ ਦੁਆਰਾ ਇਸ ਨੂੰ ਬਿਬੇਕ ਬੁਧੀ ਵਿਚ ਤਪਦੀਲ ਕਰਕੇ ਆਪਣਾ ਮਨੁੱਖਾ ਜਨਮ ਸਫਲ ਕਰਈਏ। ਗੁਰੂ ਦੀ ਸਰਨ ਵਿਚ ਆਏ ਮਨੁੱਖ ਚੰਗੇ ਮੰਦੇ ਕੰਮ ਦੀ ਪਰਖ ਕਰ ਸਕਣ ਵਾਲੀ ਅਕਲ ਪ੍ਰਾਪਤ ਕਰ ਕੇ ਆਪਣੀ ਜੀਵਨ ਦੀ ਰਾਤ ਆਨੰਦ ਵਿਚ ਬਤੀਤ ਕਰਦੇ ਹਨ। ਗੁਰੂ ਦੀ ਮਤਿ ਸਦਕਾ ਅਕਾਲ ਪੁਰਖੁ ਦੇ ਨਾਮੁ ਦੁਆਰਾ ਉਨ੍ਹਾਂ ਦੇ ਅੰਦਰ ਆਤਮਕ ਜੀਵਨ ਦਾ ਚਾਨਣ ਹੋ ਜਾਂਦਾ ਹੈ। ਜਿਹੜੇ ਮਨੁੱਖ ਗੁਰੂ ਦੀ ਸਰਨ

ਵਿਚ ਰਹਿੰਦੇ ਹਨ, ਉਨ੍ਹਾਂ ਨੂੰ ਅਕਾਲ ਪੁਰਖੁ ਦਾ ਨਾਮੁ ਪਿਆਰਾ ਲੱਗਣ ਲੱਗ ਪੈਂਦਾ ਹੈ, ਦਿਨ ਰਾਤ ਉਨ੍ਹਾਂ ਦੇ ਅੰਦਰ ਆਤਮਕ ਆਨੰਦ ਬਣਿਆ ਰਹਿੰਦਾ ਹੈ, ਉਹ ਮਨੁੱਖ ਅਕਾਲ ਪੁਰਖੁ ਦੇ ਨਾਮੁ ਵਿਚ ਲੀਨ ਰਹਿੰਦੇ ਹਨ।

*ਬਿਬੇਕ ਬੁਧੀ ਸੁਖਿ ਰੈਣਿ ਵਿਹਾਣੀ ਗੁਰਮਤਿ ਨਾਮਿ ਪ੍ਰਗਾਸਾ ॥ (੭੭੨)*

## ਗੁਰੂ ਗਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਅਨੁਸਾਰ ਬੇਅੰਤ ਖਾਣੀਆਂ ਹਨ:

ਸਾਇੰਸ ਅਨੁਸਾਰ ਮੁਢਲੇ ਤੌਰ ਤੇ ੨ ਤਰੀਕਿਆਂ ਨਾਲ ਉਤਪਤੀ ਹੁੰਦੀ ਹੈ, ਸੈਕਸੂਅਲ (Sexual) ਤੇ ਏਸੈਕਸੂਅਲ (Asexual)। ਸੈਕਸੂਅਲ ਉਤਪਤੀ ਲਈ ਨਰ ਤੇ ਮਾਦਾ ਦੋਵਾਂ ਦੀ ਜਰੂਰਤ ਹੈ। ਏਸੈਕਸੂਅਲ ਉਤਪਤੀ ਲਈ ਦੋ ਜਾਣਿਆਂ ਦੀ ਜਰੂਰਤ ਨਹੀਂ ਹੈ। ਕਈ ਕੀੜੀਆਂ (Mycocepurus Smithii) ਵੀ ਏਸੈਕਸੂਅਲ ਤਰੀਕੇ ਨਾਲ ਪੈਦਾ ਹੁੰਦੀਆਂ ਹਨ ਅਤੇ ਕਈ ਪੌਦੇ ਵੀ ਹਨ ਜੋ ਕਿ ਸੈਕਸੂਅਲ ਤਰੀਕੇ ਨਾਲ ਪੈਦਾ ਹੁੰਦੇ ਹਨ। ਉਤਪਤੀ ਦੇ ਇਨ੍ਹਾਂ ਦੋਵੇ ਤਰੀਕਿਆਂ ਦੀਆਂ ਕਈ ਹੋਰ ਕਿਸਮਾਂ ਹਨ। ਇਸ ਲਈ ਸਾਇੰਸ ਅਨੁਸਾਰ ਵੀ ਉਤਪਤੀ ਦੀਆਂ ਅਨੇਕ ਪ੍ਰਕਾਰ ਦੀਆਂ ਕਿਸਮਾਂ ਹਨ।

ਸਾਇੰਸ ਦੀਆਂ ਖੋਜਾਂ ਪਦਾਰਥਾਂ ਤੇ ਆਧਾਰਤ ਹਨ। ਸਾਇੰਸਦਾਨ ਕੋਸ਼ਿਸ ਕਰ ਰਹੇ ਹਨ ਕਿ ਪ੍ਰਯੋਗਸ਼ਾਲਾ ਵਿਚ ਪਦਾਰਥ ਤੋਂ ਜੀਵਨ ਪੈਦਾ ਕੀਤਾ ਜਾ ਸਕੇ, ਪਰ ਅਜੇ ਤਕ ਕੋਈ ਸਫਲਤਾ ਨਹੀਂ ਮਿਲੀ ਹੈ। ਸਾਇੰਸਦਾਨ ਪਦਾਰਥ ਤੋਂ ਵਾਇਰਸ ਤਾਂ ਬਣਾ ਸਕੇ ਹਨ, ਜਿਹੜਾ ਕਿ ਕਈ ਵਾਰੀ ਜੀਵ ਨਹੀਂ ਗਿਣਿਆ ਜਾਂਦਾ ਹੈ। ਬੈਕਟੀਰੀਅਮ ਨਾਲ ਮਿਲਾ ਕੇ ਕੁਝ ਨਵਾਂ ਔਰਗੇਨਿਯਮ ਭਾਵੇ ਬਣਾ ਸਕੀਏ, ਪਰ ਪੂਰਨ ਤੌਰ ਤੇ ਪਦਾਰਥ ਤੋਂ ਨਵਾਂ ਜੀਵ ਬਣਾਉਣਾ ਬਹੁਤ ਦੂਰ ਹੈ।

ਆਮ ਰਵਾਇਤਾ ਅਨੁਸਾਰ ਭਾਂਵੇਂ ੪ ਖਾਣੀਆਂ ਹਨ, ਪਰ ਗੁਰਬਾਣੀ ਅਨੁਸਾਰ ਬੇਅੰਤ ਖਾਣੀਆਂ ਹਨ, ਜੀਵਾਂ ਦੀਆਂ ਬੇਅੰਤ ਬੋਲੀਆਂ ਹਨ, ਬੇਅੰਤ ਪਾਤਸ਼ਾਹ ਤੇ ਰਾਜੇ ਹਨ, ਬੇਅੰਤ ਪਰਕਾਰ ਦੇ ਧਿਆਨ ਹਨ, ਜੋ ਜੀਵ ਆਪਣੇ ਮਨ ਦੁਆਰਾ ਲਾਉਂਦੇ ਹਨ, ਬੇਅੰਤ ਸੇਵਕ ਹਨ। ਅਕਾਲ ਪੁਰਖ ਦੀ ਇਸ ਕੁਦਰਤ ਦੀ ਰਚਨਾ ਦਾ ਕੋਈ ਅੰਤ ਨਹੀਂ ਹੈ।

*ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ॥ ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥੩੫॥ (੭)*

ਜੇ ਕਰ ਅਕਾਲ ਪੁਰਖੁ ਦੀ ਬਣਾਈ ਹੋਈ ਕੁਦਰਤ ਬੇਅੰਤ ਹੈ ਤਾਂ ਸਮਝ ਲੈਣਾਂ ਚਾਹੀਦਾ ਹੈ ਕਿ ਖਾਣੀਆਂ ਵੀ ਬੇਅੰਤ ਹੋਣਗੀਆਂ। ਜਿਸ ਤਰ੍ਹਾਂ ਗੁਰਬਾਣੀ ਅਨੁਸਾਰ ਕੁਦਰਤ ਵਿਚ ਕਰੋੜਾਂ ਹੀ ਖਾਣੀਆਂ ਹਨ, ਇਸੇ ਤਰ੍ਹਾਂ ਸਾਇੰਸ ਅਨੁਸਾਰ ਵੀ ਕਈ ਪ੍ਰਕਾਰ ਦੀਆਂ ਖਾਣੀਆਂ ਮੰਨੀਆਂ ਜਾਂਦੀਆਂ ਹਨ।

## ਗੁਰਬਾਣੀ ਅਨੁਸਾਰ ਬੇਅੰਤ ਜੂਨਾਂ ਹੋ ਸਕਦੀਆਂ ਹਨ:

ਪੁਰਾਤਨ ਲਿਖਤਾ ਵਿਚ ਆਮ ਤੌਰ ਤੇ ੪ ਖਾਣੀਆਂ ਤੇ ੮੪ ਲੱਖ ਜੂਨਾਂ ਮੰਨੀਆਂ ਜਾਂਦੀਆਂ ਹਨ। ਪਰੰਤੂ ਗੁਰੂ ਸਾਹਿਬਾਂ ਨੇ ਆਪਣੇ ਆਪ ਨੂੰ ੪ ਖਾਣੀਆਂ ਤੇ ੮੪ ਲੱਖ ਜੂਨਾਂ ਤਕ ਸੀਮਿਤ ਨਹੀਂ ਰੱਖਿਆ, ਬਲਕਿ ਕਈ ਪ੍ਰਕਾਰ ਦੀਆਂ ਖਾਣੀਆਂ, ਕਈ ਕ੍ਰੋੜ ਜੂਨਾਂ ਬਾਰੇ ਕਿਹਾ ਹੈ, ਜਿਨ੍ਹਾਂ ਦੀ ਗਿਣਤੀ ਨਹੀਂ ਹੋ ਸਕਦੀ ਹੈ।

ਅਕਾਲ ਪੁਰਖੁ ਦੀ ਪੈਦਾ ਕੀਤੀ ਹੋਈ ਸ੍ਰਿਸ਼ਟੀ ਵਿਚ ਕਰੋੜਾਂ ਜੀਵ ਜੰਤੂ, ਕੀੜੇ ਮਕੌੜੇ, ਜਾਨਵਰ ਤੇ ਮਨੁੱਖ ਆਦਿ ਹਨ। ਸਮੁੰਦਰ ਵਿਚ ਕਰੋੜਾਂ ਰਤਨ ਪੈਦਾ ਕਰ ਦਿੱਤੇ ਹਨ ਅਤੇ ਕਈ ਕਿਸਮਾਂ ਦੇ ਸਮੁੰਦਰੀ ਜੀਵ ਜੰਤੂ ਬਣਾ ਦਿੱਤੇ ਹਨ, ਕਰੋੜਾਂ ਜੀਵ ਲੰਮੀਆਂ ਉਮਰਾਂ ਵਾਲੇ ਪੈਦਾ ਕੀਤੇ ਹਨ, ਕਰੋੜਾਂ ਹੀ ਪਰਬਤ ਬਣ ਗਏ ਹਨ। ਜੀਵ ਜੰਤੂਆਂ ਬਾਰੇ ਸਾਡਾ ਗਿਆਨ ਇਸ ਧਰਤੀ ਤਕ ਹੀ ਸੀਮਿੰਤ ਹੈ, ਪਰੰਤੂ ਬ੍ਰਹਿਮੰਡ ਵਿਚ ਅਜੇਹੀਆਂ ਅਨੇਕਾਂ ਹੀ ਧਰਤੀਆਂ ਹੋ ਸਕਦੀਆਂ ਜਿਨ੍ਹਾਂ ਵਿਚ ਹੋਰ ਅਨੇਕਾਂ ਤਰ੍ਹਾਂ ਦੇ ਜੀਵ ਜੰਤੂ ਹੋ ਸਕਦੇ ਹਨ। ਹਰੇਕ ਜੀਵ ਜਾਂ ਪਦਾਰਥ ਨਾਲ ਵਾਪਰਨ ਵਾਲੀ ਕਿਰਿਆ ਅਕਾਲ ਪੁਰਖੁ ਦੇ ਆਪਣੇ ਹੁਕਮੁ ਅਨੁਸਾਰ ਹੈ ਤੇ ਸਭ ਕੁਝ ਉਸ ਦੇ ਹੱਥ ਵਿਚ ਹੈ।

*ਕਈ ਕੋਟਿ ਕੀਏ ਰਤਨ ਸਮੁਦ ॥ ਕਈ ਕੋਟਿ ਨਾਨਾ ਪ੍ਰਕਾਰ ਜੰਤ ॥ (੨੭੬)*

## ਅਕਾਲ ਪੁਰਖੁ ਜੀਵ ਨੂੰ ਬਿਨਾ ਸੁਆਸ ਦੇ ਵੀ ਰੱਖ ਸਕਦਾ ਹੈ:

ਅੱਜਕਲ ਆਮ ਵੇਖਣ ਵਿਚ ਆਉਂਦਾ ਹੈ ਕਿ ਕਈ ਮਨੁੱਖ ਕਿਸੇ ਦੁਰਘਟਨਾ ਜਾਂ ਬੀਮਾਰੀ ਕਰਕੇ ਕੋਮਾਂ ਵਿਚ ਚਲੇ ਜਾਂਦੇ ਹਨ। ਕਈ ਕਈ ਘੰਟੇ ਜਾਂ ਦਿਨ ਉਸ ਨੂੰ ਕੋਈ ਹੋਸ਼ ਨਹੀਂ ਹੁੰਦੀ ਹੈ। ਉਸ ਨੂੰ ਨਾ ਤਾਂ ਜਗਾਇਆ ਜਾ ਸਕਦਾ ਹੈ ਤੇ ਨਾ ਹੀ ਉਹ ਦਰਦ, ਰੌਸ਼ਨੀ ਜਾਂ ਆਵਾਜ਼ ਦਾ ਪ੍ਰਭਾਵ ਦੱਸ ਸਕਦਾ ਹੈ, ਅਤੇ ਨਾ ਹੀ ਇਨ੍ਹਾਂ ਦਾ ਉਸ ਤੇ ਕੋਈ ਅਸਰ ਹੁੰਦਾ ਹੈ। ਅਕਸਰ ਅਸੀਂ ਵੇਖਦੇ ਹਾਂ ਕਿ ਕੋਮਾਂ ਵਿਚ ਗਿਆ ਹੋਇਆ ਮਰੀਜ਼ ਕਈ ਵਾਰੀ ਫਿਰ ਠੀਕ ਵੀ ਹੋ ਜਾਂਦਾ ਹੈ। ਇਹ ਅਕਾਲ ਪੁਰਖੁ ਦੀ ਰਜ਼ਾ ਹੈ ਕਿ ਉਹ ਚਾਹੇ ਤਾਂ ਦੁਬਾਰਾ ਠੀਕ ਕਰ ਸਕਦਾ ਹੈ, ਜੇ ਚਾਹੇ ਤਾਂ ਉਸ ਦੇ ਸੁਆਸ ਖਤਮ ਕਰ ਸਕਦਾ ਹੈ।

ਤੰਬਾਕੂ ਦਾ ਵਾਇਰਸ ਵੀ ਇਕ ਨਿਰਜੀਵ ਦੀ ਤਰ੍ਹਾਂ ਹੁੰਦਾ ਹੈ। ਪਰ ਜਦੋਂ ਇਹ ਪਾਣੀ ਵਿਚ ਘੋਲ ਕੇ ਤੰਬਾਕੂ ਦੇ ਪੱਤੇ ਤੇ ਪਾਇਆ ਜਾਂਦਾ ਹੈ ਤਾਂ ਇਹ ਜੀਵ ਦੀ ਤਰ੍ਹਾਂ ਬਣ ਜਾਂਦਾ ਹੈ ਤੇ ਵਧਣਾ ਸ਼ੁਰੂ ਹੋ ਜਾਂਦਾ ਹੈ। ਤੰਬਾਕੂ ਦਾ ਵਾਇਰਸ ਇਕ ਕ੍ਰਿਸਟਲ (Crystal) ਦੀ ਤਰ੍ਹਾਂ ਹੁੰਦਾ ਹੈ, ਜਿਸ ਦੀ ਬਣਤਰ ਵੇਖੀ ਜਾ ਸਕਦੀ ਹੈ। ਆਮ ਬੀਮਾਰੀਆਂ ਜਿਸ ਤਰ੍ਹਾਂ ਕਿ ਸਰਦੀ, ਜ਼ੁਕਾਮ, ਫਲੂ (Influenza), ਛੋਟੀ ਮਾਤਾ (ਚੇਚਕ) (Chicken pox), ਆਦਿ, ਵਾਇਰਸ ਕਰਕੇ ਹੀ ਹੁੰਦੀਆਂ ਹਨ। ਏਡਜ਼ ਵਰਗੀ ਖਤਰਨਾਕ ਬੀਮਾਰੀ ਵੀ ਵਾਇਰਸ ਕਰਕੇ ਹੁੰਦੀ ਹੈ।

ਦੁਨੀਆ ਦਾ ਹਰੇਕ ਕਾਰਜ ਅਕਾਲ ਪੁਰਖੁ ਦੇ ਹੁਕਮੁ ਅਨੁਸਾਰ ਹੋ ਰਿਹਾ ਹੈ। ਜੇ ਅਕਾਲ ਪੁਰਖੁ ਨੂੰ ਚੰਗਾ ਲੱਗੇ ਤਾਂ ਮਨੁੱਖ ਨੂੰ ਉੱਚੀ ਆਤਮਕ ਅਵਸਥਾ ਦਿੰਦਾ ਹੈ ਅਤੇ ਪੱਥਰ ਦਿਲ ਵਰਗੇ ਮਨੁੱਖਾਂ ਨੂੰ ਵੀ ਤਾਰ ਦਿੰਦਾ ਹੈ। ਜੇ ਅਕਾਲ ਪੁਰਖੁ ਚਾਹੇ ਤਾਂ ਸੁਆਸਾਂ ਤੋਂ ਬਿਨਾ ਵੀ ਪ੍ਰਾਣੀ ਨੂੰ ਜਿਉਂਦਾ ਰੱਖ ਸਕਦਾ ਹੈ। ਅਕਾਲ ਪੁਰਖੁ ਜੋ ਕੁਝ ਵੀ ਕਰਦਾ ਹੈ, ਆਪਣੇ ਹੁਕਮੁ ਤੇ ਰਜ਼ਾ ਅਨੁਸਾਰ ਕਰਦਾ ਹੈ।

*ਪ੍ਰਭ ਭਾਵੈ ਮਾਨੁਖ ਗਤਿ ਪਾਵੈ ॥ ਪ੍ਰਭ ਭਾਵੈ ਤਾ ਪਾਥਰ ਤਰਾਵੈ ॥ ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ ॥ (੨੭੭)*

ਆਮ ਲੋਕਾਂ ਨੂੰ ਇਹ ਬੜੀ ਅਨਹੋਣੀ ਗੱਲ ਲਗਦੀ ਹੈ, ਕਿ ਜੀਵ ਸੁਆਸਾਂ ਤੋਂ ਬਿਨਾ ਕਿਸ ਤਰ੍ਹਾਂ ਜਿਉਂਦਾ ਰਹਿ ਸਕਦਾ ਹੈ। ਪਰੰਤੂ ਗੁਰੂ ਅਰਜਨ ਸਾਹਿਬ ਨੇ ਇਹ ਗੁਰਬਾਣੀ ਵਿਚ ਕਈ ਸਾਲ ਪਹਿਲਾਂ ਅੰਕਿਤ ਕੀਤਾ ਹੈ। ਅੱਜ ਦੀ ਸਇੰਸ ਅਨੁਸਾਰ ਇਹ ਲਿਖਤ ਹੁਣ ਅਨਹੋਣੀ ਨਹੀਂ ਲਗਦੀ। ਹੋ ਸਕਦਾ ਹੈ ਕਿ ਗੁਰੂ ਸਾਹਿਬ ਨੇ ਵਾਇਰਸ ਜਾਂ ਕਿਸੇ ਹੋਰ ਤਰ੍ਹਾਂ ਦੇ ਜੀਵਾਂ ਬਾਰੇ ਕਿਹਾ ਹੋਵੇ ਜੋ ਕਿ ਬਿਨਾਂ ਸਵਾਸ ਦੇ ਜੀਵਤ ਰਹਿ ਸਕਦੇ ਹਨ।

ਕੁਦਰਤ ਨੇ ਚਟਾਨਾਂ ਵਿਚ ਜੀਵ ਪੈਦਾ ਕੀਤੇ ਹਨ, ਸਮੁੰਦਰ ਦੇ ਤਲ ਤੇ ਵੀ ਕੋਰਲ, ਐਲਗੀ, ਮੱਛੀਆਂ, ਕੇਕੜੇ, ਪੌਦੇ ਤੇ ਅਨੇਕਾਂ ਪ੍ਰਕਾਰ ਦੀ ਬਨਸਪਤੀ ਪੈਦਾ ਕੀਤੀ ਹੈ। ਡੂੰਘੇ ਸਮੁੰਦਰ ਵਿਚ ਵੀ ਜੀਵ ਪਾਏ ਗਏ ਹਨ। ਅਕਾਲ ਪੁਰਖੁ ਜੀਵਾਂ ਨੂੰ ਪੈਦਾ ਕਰਨ ਵਾਲਾ ਹੈ ਤੇ ਆਪ ਹੀ ਉਨ੍ਹਾਂ ਸਭ ਦੀ ਸੰਭਾਲ ਕਰਦਾ ਹੈ।

ਅੱਜਕਲ ਦੀਆਂ ਖੋਜ਼ਾ ਮੁਤਾਬਕ ਡੂੰਘੇ ਸਮੁੰਦਰ ਵਿਚ ਜਵਾਲਾਮੁੱਖੀ ਨਾਲ ਪੈਦਾ ਹੋਈਆਂ ਚਟਾਨਾਂ ਦੀਆਂ ਤਰੇੜਾਂ ਵਿਚ ਵੀ ਜੀਵ (ਮਾਈਕਰੋਬ) ਪਾਏ ਗਏ ਹਨ। ਅਜੇਹੇ ਸਥਾਨ ਬਹੁਤ ਗਰਮ ਹਨ ਤੇ ਇਨ੍ਹਾਂ ਦਾ ਤਾਪਮਾਨ 350°C ਤਕ ਹੋ ਸਕਦਾ ਹੈ। ਅਜੇਹੇ ਮਾਈਕਰੋਬ ਹਾਈਡਰੋਜ਼ਨ ਅਤੇ ਕਾਰਬਨ ਡਾਈਔਕਸਾਈਡ ਲੈ ਕੇ ਮੀਥੇਂਨ ਗੈਸ ਪੈਦਾ ਕਰਦੇ ਹਨ।

ਪੱਥਰ ਕੀ ਹੈ ਤੇ ਜੀਵ ਕੀ ਹੈ। ਜੀਵਨ ਕਿਉਂ ਹੈ ਤੇ ਮੌਤ ਕਿਉਂ ਹੈ। ਇਹ ਸਾਇੰਸ ਨਹੀਂ ਦੱਸ ਸਕਦੀ ਹੈ। ਹੋ ਸਕਦਾ ਹੈ ਕਿ ਇਹ ਭੇਦ ਕਈ ਸਦੀਆਂ ਬਾਅਦ ਪਤਾ ਲੱਗੇ ਕਿ ਸਭ ਵਿਚ ਅਕਾਲ ਪੁਰਖੁ ਹੀ ਹੈ। ਗੁਰੂ ਸਾਹਿਬਾਂ ਨੇ ਸਪੱਸ਼ਟ ਕਰਕੇ ਸਮਝਾ ਦਿੱਤਾ ਹੈ ਕਿ ਜੀਵਨ ਅਕਾਲ ਪੁਰਖੁ ਦੇ ਹੱਥ ਵਿਚ ਉਹ ਚਾਹੇ ਤਾ ਜੀਵ ਨੂੰ ਬਿਨਾ ਸੁਆਸ ਦੇ ਵੀ ਰੱਖ ਸਕਦਾ ਹੈ, ਤੇ ਜਦੋਂ ਚਾਹੇ ਤਾਂ ਆਪਣੇ ਹੁਕਮੁ ਤੇ ਰਜ਼ਾ ਅਨੁਸਾਰ ਜੀਵਨ ਵਿਚ ਵੀ ਬਦਲ ਸਕਦਾ ਹੈ।

## ਪੌਦੇ ਵੀ ਜੀਵ ਹਨ ਤੇ ਸਭ ਦੇ ਜੀਵਨ ਦਾ ਆਧਾਰ ਪਾਣੀ ਹੈ:

ਆਮ ਲੋਕ ਇਹੀ ਸਮਝਦੇ ਹਨ ਕਿ ਪੌਦੇ ਨਿਰਜੀਵ ਹਨ ਤੇ ਉਨ੍ਹਾਂ ਦੀ ਸੋਚ ਜਾਂ ਵਤੀਰਾ ਵੀ ਜੀਵਾਂ ਤੇ ਪੌਦਿਆਂ ਸਬੰਧੀ ਅਕਸਰ ਵੱਖਰਾ ਹੁੰਦਾ ਹੈ। ਸਾਇੰਸ ਦੇ ਅਨੁਸਾਰ ਜਿਹੜੀ ਚੀਜ਼ ਵਧਦੀ ਹੈ ਉਸ ਨੂੰ ਜਿਉਂਦਾ ਗਿਣਿਆ ਜਾਂਦਾ ਹੈ। ਜਿਉਦੀਆਂ ਚੀਜਾਂ ਚਲ ਜਾਂ ਵਧ ਸਕਦੀਆਂ ਹਨ, ਤੇ ਨਿਰਜੀਵ ਚੀਜਾਂ ਉਥੇ ਹੀ ਟਿਕੀਆਂ ਰਹਿੰਦੀਆਂ ਹਨ। ਜਿਉਦੀਆਂ ਚੀਜਾਂ ਨੂੰ ਵਧਣ ਲਈ ਊਰਜਾ ਦੀ ਲੋੜ ਹੈ, ਜਦੋਂ ਕਿ ਨਿਰਜੀਵਾਂ ਨੂੰ ਨਹੀਂ। ਜਿਉਦੀਆਂ ਚੀਜਾਂ ਅਕਸਰ ਸਾਹ ਲੈਂਦੀਆਂ ਹਨ, ਜਦ ਕਿ ਨਿਰਜੀਵ ਨਹੀਂ।

ਪਰੌਸਪੈਰੋ ਅਲਪੀਨੀ (Prospero Alpini) ਨੇ 1580 ਵਿਚ ਦੱਸਿਆ ਕਿ ਪੌਦਿਆਂ ਦੇ ਵੀ ਨਰ ਤੇ ਮਾਦਾ ਹੁੰਦੇ ਹਨ, ਜਿਸ ਤਰ੍ਹਾਂ ਕਿ ਖਜੂਰ (Date Palm), ਇਨ੍ਹਾਂ ਨੂੰ ਨਰ ਅਤੇ ਮਾਦਾ ਦੇ ਮੇਲ ਨਾਲ ਹੀ ਫਲ ਲਗਦੇ ਹਨ। ਸਰ ਜਗਦੀਸ਼ ਚੰਦਰ ਬੋਸ (1858 - 1937) ਨੇ ਆਪਣੇ ਬਣਾਏ ਹੋਏ ਜੰਤਰ (Crescograph) ਨਾਲ ਵਿਖਾਇਆ ਕਿ ਪੌਦਿਆਂ ਦੇ ਵਾਧੇ ਉਪਰ ਤਾਪਮਾਨ, ਰਸਾਇਣ, ਬਿਜਲੀ ਤੇ ਗੈਸਾਂ ਦਾ ਅਸਰ ਪੈਂਦਾ ਹੈ। ਆਮ ਜਾਨਵਰਾਂ ਦੀ ਤਰ੍ਹਾਂ ਪੌਦਿਆਂ ਦੇ ਵੀ ਟਿਸ਼ੂ ਹੁੰਦੇ ਹਨ ਤੇ ਉਹ ਮਹਿਸੂਸ ਕਰ ਸਕਦੇ ਹਨ।

**ਵਿਗਿਆਨ ਨੂੰ ਤਾਂ 100 ਸਾਲ ਪਹਿਲਾਂ ਹੀ ਪਤਾ ਲੱਗਾ ਕਿ ਪੌਦੇ ਵੀ ਜੀਵ ਹਨ, ਪਰੰਤੂ ਗੁਰੂ ਸਾਹਿਬਾਂ ਨੇ ਗੁਰਬਾਣੀ ਵਿਚ ਇਹ ਕਈ ਸਾਲ ਪਹਿਲਾਂ ਅੰਕਿਤ ਕਰ ਦਿਤਾ ਸੀ, ਕਿ ਸਾਰੇ ਦਾਣਿਆਂ ਵਿਚ ਜੀਵ ਹਨ।** ਗੁਰੂ ਨਾਨਕ ਸਾਹਿਬਾਂ ਨੇ ਲੋਕਾਂ ਨੂੰ ਸੂਤਕ ਦੇ ਭਰਮਾਂ ਤੇ ਵਹਿਮਾਂ ਵਿਚੋਂ ਕੱਢਣ ਲਈ ਕਈ ਨਿਵੇਕਲੀਆਂ ਵਿਗਿਆਨਕ ਖੋਜ਼ਾਂ ਵੀ ਸਮਝਾ ਦਿਤੀਆਂ। ਗੁਰੂ ਸਾਹਿਬਾਂ ਨੇ ਸਮਝਾਇਆ ਕਿ ਜੇਕਰ ਮੰਨ ਲਈਏ ਕਿ ਸੂਤਕ ਦਾ ਭਰਮ ਰੱਖਣਾ ਚਾਹੀਦਾ ਹੈ, ਤਾਂ ਇਹ ਵੀ ਧਿਆਨ ਵਿਚ ਰੱਖਣਾਂ ਪਵੇਗਾ ਕਿ ਇਸ ਤਰ੍ਹਾਂ ਦਾ ਸੂਤਕ ਫਿਰ ਸਭ ਥਾਈਂ ਹੁੰਦਾ ਹੈ। ਗੋਹੇ ਤੇ ਲਕੜੀ ਦੇ ਅੰਦਰ ਵੀ ਜੀਵ ਹਨ, ਜਿਹੜੇ ਕਿ ਕਈ ਵਾਰੀ ਕੀੜਿਆਂ ਦੀ

ਸ਼ਕਲ ਵਿਚ ਬਾਹਰ ਵੀ ਦਿਖਾਈ ਦਿੰਦੇ ਹਨ। ਅਜੇਹੇ ਜੀਵ ਗੋਹੇ ਤੇ ਲਕੜੀਆਂ ਦੇ ਅੰਦਰ ਜੰਮਦੇ ਮਰਦੇ ਰਹਿੰਦੇ ਹਨ। ਅੰਨ ਦੇ ਜਿਤਨੇ ਵੀ ਦਾਣੇ ਹਨ, ਇਨ੍ਹਾਂ ਵਿਚੋਂ ਕੋਈ ਦਾਣਾ ਵੀ ਜੀਵ ਤੋਂ ਬਿਨਾ ਨਹੀਂ ਹੈ। ਅੰਨ ਦੇ ਅੰਦਰਲੇ ਜੀਵ ਅਸੀਂ ਹੁਣ ਖ਼ੁਰਦਬੀਨ ਦੀ ਸਹਾਇਤਾ ਨਾਲ ਵੇਖ ਸਕਦੇ ਹਾਂ। ਪਰ ਇਹ ਸਚਾਈ ਗੁਰੂ ਸਾਹਿਬ ਨੇ ੫੦੦ ਸਾਲ ਪਹਿਲਾ ਸਪੱਸ਼ਟ ਕਰ ਦਿਤੀ ਸੀ। ਗੁਰੂ ਸਾਹਿਬ ਨੇ ਪਾਣੀ ਨੂੰ ਵੀ ਜੀਵ ਦਰਸਾਇਆ ਹੈ, ਕਿਉਂਕਿ ਇਹ ਜੀਵਨ ਦਾ ਆਧਾਰ ਹੈ। ਕੋਈ ਵੀ ਜੀਵ ਜੰਤੂ ਜਾਂ ਪੌਦਾ ਪਾਣੀ ਤੋਂ ਬਿਨਾ ਜਿੰਦਾ ਨਹੀਂ ਰਹਿ ਸਕਦਾ ਹੈ। ਇਹ ਪਾਣੀ ਹੀ ਹੈ ਜਿਸ ਕਰਕੇ ਹਰੇਕ ਜੀਵ ਹਰਾ ਭਰਾ ਤੇ ਜਿੰਦਾ ਰਹਿੰਦਾ ਹੈ। ਇਸ ਲਈ ਸੂਤਕ ਕਿਵੇਂ ਰੱਖਿਆ ਜਾ ਸਕਦਾ ਹੈ? ਕਿਉਂਕਿ ਸੂਤਕ ਤਾਂ ਹਰ ਵੇਲੇ ਰਸੋਈ ਵਿਚ ਹੀ ਪਿਆ ਰਹਿੰਦਾ ਹੈ। ਰਸੋਈ ਵਿਚ ਪਏ ਹੋਏ ਅੰਨ ਤੇ ਪਾਣੀ ਵਿਚ ਜੀਵ ਜੰਮਦੇ ਮਰਦੇ ਰਹਿੰਦੇ ਹਨ। ਸੂਤਕ ਦਾ ਭਰਮ ਪੂਰੇ ਤੌਰ ਤੇ ਮੰਨਣਾ ਬੜਾ ਕਠਨ ਹੈ। ਗੁਰੂ ਸਾਹਿਬ ਸਮਝਾਂਉਂਦੇ ਹਨ ਕਿ ਇਸ ਤਰ੍ਹਾਂ ਦੇ ਭਰਮਾਂ ਵਿਚ ਪਿਆਂ ਸੂਤਕ ਮਨ ਤੋਂ ਨਹੀਂ ਉਤਰਦਾ, ਇਸ ਨੂੰ ਗੁਰਬਾਣੀ ਦੇ ਗਿਆਨ ਨਾਲ ਹੀ ਧੋ ਕੇ ਉਤਾਰਿਆ ਜਾ ਸਕਦਾ ਹੈ।

*ਸਲੋਕੁ ਮਃ ੧ ॥ ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ ॥ ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ ॥ ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥ ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥ ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ ॥ ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ ॥੧॥ (੪੭੨-੪੭੩)*

ਜਿਸ ਤਰ੍ਹਾਂ ਗੁਰੂ ਨਾਨਕ ਸਾਹਿਬ ਨੇ ਪੂਰੀ ਤਰਾਂ ਸਪੱਸ਼ਟ ਕਰ ਦਿਤਾ ਹੈ ਕਿ ਮਾਸ[ਹ੧੯] ਅਤੇ ਸਬਜੀਆਂ ਵਿਚ ਫਰਕ ਕਰਨਾ ਮੁਸ਼ਕਲ ਹੈ। ਠੀਕ ਉਸੇ ਤਰ੍ਹਾਂ ਸਾਇੰਸ ਨੇ ਵੀ ਇਉਗਲੀਨਾ (Euglena) ਵਰਗੀ ਉਦਾਹਰਣ ਲੱਭੀ ਹੈ, ਜੋ ਕਿ ਜੀਵ ਤੇ ਪੌਦੇ ਦੋਹਾਂ ਦੀ ਤਰ੍ਹਾਂ ਵਿਵਿਹਾਰ ਕਰਦੀ ਹੈ। ਬਹੁਤ ਸਾਰੀਆਂ ਕਿਸਮਾਂ ਦੀਆਂ ਇਉਗਲੀਨਾ ਦੇ ਸੈਲਾਂ ਵਿਚ ਕਲੋਰੋਪਲਾਸਟ (Chloroplast) ਹੁੰਦਾ ਹੈ, ਜਿਸ ਨਾਲ ਉਹ ਪੋਦਿਆਂ ਦੀ ਤਰ੍ਹਾਂ ਫੋਟੋਸਿੰਨਥਸਿਜ਼ (Photosynthesis) ਰਾਹੀ ਖੁਰਾਕ ਲੈਂਦੇ ਹਨ। ਇਹ ਮਿਠੇ ਤੇ ਲੂਣ ਵਾਲੇ ਪਾਣੀਆਂ ਵਿਚ ਪਾਈਆਂ ਜਾਂਦੀਆਂ ਹਨ। ਤਲਾਵਾਂ ਤੇ ਖੱਡਿਆਂ ਥੱਲੇ ਨੂੰ ਵਧ ਕੇ ਹਰਾ ਕਰ ਦਿੰਦੀਆਂ ਹਨ। ਇਹ ਜਾਨਵਰਾਂ ਦੀ ਤਰ੍ਹਾਂ ਹੈਟਰੋਪਰੋਫੀਕਲੀ (heterotrophically) ਖ਼ੁਰਾਕ ਵੀ ਲੈ ਸਕਦੀਆਂ ਹਨ। ਇਨ੍ਹਾਂ ਵਿਚ ਜਾਨਵਰਾਂ ਤੇ ਪੋਦਿਆਂ ਦੋਹਾਂ ਦੇ ਗੁਣ ਹਨ।

ਜਾਨਵਰਾਂ ਦੀ ਤਰ੍ਹਾਂ ਖਾਣ ਸਮੇਂ ਇਉਗਲੀਨਾ ਖੁਰਾਕ ਦੇ ਦਾਨਿਆਂ ਨੂੰ ਘੇਰ ਕੇ ਆਪਣੇ ਅੰਦਰ ਸਮੇਟ ਲੈਂਦੀ ਹੈ। ਜਦੋਂ ਸੂਰਜ ਦੀ ਰੌਸ਼ਨੀ ਹੁੰਦੀ ਹੈ, ਤਾਂ ਇਹ ਕਲੋਰੋਪਲਾਸਟ (Chloroplast) ਦੀ ਸਹਾਇਤਾ ਨਾਲ ਪੋਦਿਆਂ ਦੀ ਤਰ੍ਹਾਂ ਫੋਟੋਸਿੰਨਥਸਿਜ਼ (Photosynthesis) ਰਾਹੀ ਸ਼ੂਗਰ ਬਣਾ ਲੈਂਦੀ ਹੈ। ਇਉਗਲੀਨਾ ਦੇ ਕਲੋਰੋਪਲਾਸਟ (Chloroplast) ਦੀਆਂ 3 ਪਰਤਾਂ ਹੁੰਦੀਆਂ ਹਨ ਜਦੋਂ ਕਿ ਪੋਦਿਆਂ ਤੇ ਹਰੀ ਕਾਈ (green algae) ਦੇ ਕਲੋਰੋਪਲਾਸਟ (Chloroplast) ਦੀਆਂ 2 ਪਰਤਾਂ ਹੁੰਦੀਆਂ ਹਨ। ਇਹੀ ਕਾਰਨ ਹੈ ਕਿ ਇਉਗਲੀਨਾ ਘਟ ਰੌਸ਼ਨੀ ਵਿਚ ਵੀ ਜੀਵਤ ਰਹਿ ਸਕਦੀ ਹੈ। ਇਉਗਲੀਨਾ ਦੇ ਸਰੀਰ ਤੇ ਲਾਲ ਅੱਖ ਦੀ ਤਰ੍ਹਾਂ (eyespot) ਬਣਿਆ ਹੁੰਦਾ ਹੈ, ਜਿਸ ਦੀ ਸਹਾਇਤਾ ਨਾਲ ਇਨ੍ਹਾਂ ਨੂੰ ਰੌਸ਼ਨੀ ਬਾਰੇ ਪਤਾ ਲਗ ਜਾਂਦਾ ਹੈ ਤੇ ਉਸ ਤਰਫ ਜਾ ਸਕਦੀ ਹੈ।

ਗੁਰੂ ਸਾਹਿਬਾਂ ਨੇ ਸਪੱਸ਼ਟ ਕਰਕੇ ਸਮਝਾ ਦਿੱਤਾ ਸੀ, ਕਿ ਜਿਸ ਤਰ੍ਹਾਂ ਆਮ ਜੀਵਾਂ ਵਿਚ ਜੀਵਨ ਹੈ, ਉਸੇ ਤਰ੍ਹਾਂ ਪੌਦੇ ਵੀ ਜੀਵ ਹਨ ਤੇ ਸਭ ਦੇ ਜੀਵਨ ਦਾ ਆਧਾਰ ਪਾਣੀ ਹੈ।

## ਅਕਾਲ ਪੁਰਖ ਅਤੇ ਉਸ ਦੀ ਰਚਨਾ ਦਾ ਅੰਤ ਨਹੀਂ ਪਾਇਆ ਜਾ ਸਕਦਾ:

ਕੁਦਰਤ (universe) ਦੀ ਰਚਨਾ ਵਿਚ ਗ੍ਰਹਿ, ਤਾਰੇ, ਗਲੈਕਸੀਆਂ, ਵਿਚਲੀ ਖਾਲੀ ਥਾਂ, ਜੀਵ ਜੰਤੂ, ਪਦਾਰਥ ਤੇ ਉਨ੍ਹਾਂ ਦੇ ਛੋਟੇ ਤੋਂ ਛੋਟੇ ਅੰਸ਼, ਆਦਿ ਸਭ ਕੁਝ ਆ ਜਾਂਦੇ ਹਨ। ਅੱਜ ਦੀ ਸਾਇੰਸ ਅਜੇ ਗਲੈਕਸੀਆਂ ਤਕ ਹੀ ਸਮਝ ਸਕੀ ਹੈ, ਜਿਥੋ ਕਿ ਰੌਸ਼ਨੀ ਹੁਣ ਤਕ ਪਹੁੰਚ ਸਕੀ ਹੈ। ਜਿਸ ਤਰ੍ਹਾਂ ਸਾਇੰਸ ਤਰੱਕੀ ਕਰਦੀ ਗਈ ਨਵੀਆਂ ਥਿਊਰੀਆਂ ਬਣਦੀਆਂ ਗਈਆਂ। ਅੱਜ ਦੀ ਸਾਇੰਸ ਦੇ ਮੁਤਾਬਕ ਕੁਦਰਤ ਦਾ ਰੇਡੀਅਸ ੪੬ ਬਿਲਿਅਨ ਪ੍ਰਕਾਸ਼ ਸਾਲ ਹੈ। ਬਿਗ ਬੈਂਗ ਸਿਧਾਤ ਮੁਤਾਬਕ ਕੁਦਰਤ ੧੩.੮ ਬਿਲਿਅਨ ਸਾਲ ਪਹਿਲਾਂ ਬਣੀ ਸੀ ਤੇ ਇਹ ਫੈਲਦੀ ਜਾ ਰਹੀ ਹੈ। ਹੁਣ ਸਵਾਲ ਪੈਦਾ ਹੁੰਦਾਂ ਹੈ ਕਿ ਇਸ ਬਿਗ ਬੈਂਗ ਤੋਂ ਪਹਿਲਾਂ ਕੀ ਸੀ ਤੇ ਕਿਉਂ ਸੀ। ਇਹ ਅੱਜ ਦੀ ਸਾਇੰਸ ਦੀ ਪਹੁੰਚ ਤੋਂ ਬਾਹਰ ਹੈ।

ਅੱਜ ਦੀ ਸਾਇੰਸ ਅਨੁਸਾਰ ਕੁਦਰਤ ਆਮ ਪਦਾਰਥ (Ordinary matter = 5%), ਨਾ ਦਿਖਾਈ ਦੇਣ ਵਾਲਾ ਪਦਾਰਥ (Dark matter = 25%) ), ਨਾ ਦਿਖਾਈ ਦੇਣ ਵਾਲੀ ਊਰਜਾ (Dark energy = 70%) ਜਿਹੜੀ ਕਿ ਸੁਨ (Vaccum) ਵਿਚ ਵੀ ਹੋ ਸਕਦੀ ਹੈ, ਦੀ ਬਣੀ ਹੈ। ਅੱਜ ਦੀ ਸਾਇੰਸ ਨੂੰ 95% ਕੁਦਰਤ ਬਾਰੇ ਕੁਝ ਪਤਾ ਨਹੀਂ। ਜਨਰਲ ਰੈਲੇਟਿਵਟੀ

(General relativity) ਦੇ ਅਨੁਸਾਰ, ਕੁਦਰਤ ਪ੍ਰਕਾਸ਼ ਦੀ ਗਤੀ ਤੋਂ ਵੀ ਤੇਜੀ ਨਾਲ ਫੈਲ ਸਕਦੀ ਹੈ, ਇਸ ਲਈ ਕੁਦਰਤ ਦਾ ਅੰਤ ਪਾਣਾਂ ਆਸਾਨ ਨਹੀਂ, ਕਿਉਂਕਿ ਸਾਇੰਸ ਕੋਲ ਅਜੇ ਤਕ ਪ੍ਰਕਾਸ਼ ਦੀ ਗਤੀ ਤੋਂ ਤੇਜ ਮਾਪਣ ਦਾ ਹੋਰ ਕੋਈ ਸਾਧਨ ਨਹੀਂ ਹੈ।

ਗੁਰਬਾਣੀ ਅਨੁਸਾਰ ਅਕਾਲ ਪੁਰਖ ਸਦਾ ਕਾਇਮ ਰਹਿਣ ਵਾਲਾ ਮਾਲਕ ਹੈ, ਤੇ ਉਸ ਨੇ ਆਪਣਾ ਸਦਾ ਅਟੱਲ ਰਹਿਣ ਵਾਲਾ ਨਿਯਮ ਹਰ ਥਾਂ ਕਾਇਮ ਕੀਤਾ ਹੋਇਆ ਹੈ। ਅਕਾਲ ਪੁਰਖ ਨੇ ਇਹ ਨੌਂ ਹਿੱਸਿਆਂ ਵਾਲੀ ਧਰਤੀ ਸਾਜ ਕੇ ਇਸ ਵਿਚ ਅਨੇਕਾਂ ਤਰ੍ਹਾਂ ਦੇ ਜੀਵ ਤੇ ਪਦਾਰਥ ਕਾਇਮ ਕੀਤੇ ਹਨ। ਅਕਾਲ ਪੁਰਖ ਨੇ ਵੱਖ ਵੱਖ ਤਰ੍ਹਾਂ ਦੇ ਜੀਵ ਪੈਦਾ ਕਰ ਕੇ ਉਨ੍ਹਾਂ ਦੇ ਅੰਦਰ ਆਪਣੀ ਸੱਤਿਆ ਕਾਇਮ ਕੀਤੀ। ਇਸ ਸ੍ਰਿਸ਼ਟੀ ਦਾ ਸਿਰਜਣਹਾਰ ਸਦਾ ਥਿਰ ਰਹਿੰਣ ਵਾਲਾ ਹੈ ਤੇ ਕੋਈ ਵੀ ਜੀਵ ਉਸ ਦੇ ਗੁਣਾਂ ਦਾ ਅੰਤ ਨਹੀਂ ਜਾਣ ਸਕਦਾ। ਅਕਾਲ ਪੁਰਖ ਆਪ ਹੀ ਸਭ ਤਰ੍ਹਾਂ ਦੇ ਭੇਤ ਜਾਣਦਾ ਹੈ, ਤੇ ਜੀਵਾਂ ਨੂੰ ਗੁਰੂ ਦੇ ਰਸਤੇ ਉਤੇ ਤੋਰ ਕੇ ਸੰਸਾਰ ਸਮੁੰਦਰ ਤੋਂ ਪਾਰ ਲੰਘਾਉਂਣ ਵਾਲਾ ਵੀ ਉਹ ਆਪ ਹੀ ਹੈ।

***ਨਵ ਖੰਡ ਪ੍ਰਿਥਮੀ ਸਾਜਿ ਹਰਿ ਰੰਗ ਸਵਾਰਿਆ ॥ ਵੇਕੀ ਜੰਤ ਉਪਾਇ ਅੰਤਰਿ ਕਲ ਧਾਰਿਆ ॥ ਤੇਰਾ ਅੰਤੁ ਨ ਜਾਣੈ ਕੋਇ ਸਚੁ ਸਿਰਜਣਹਾਰਿਆ ॥ ਤੂ ਜਾਣਹਿ ਸਭ ਬਿਧਿ ਆਪਿ ਗੁਰਮੁਖਿ ਨਿਸਤਾਰਿਆ ॥੧॥*** *(੧੦੯੪)*

ਅਕਾਲ ਪੁਰਖ ਆਪ ਸਦਾ ਕਾਇਮ ਰਹਿਣ ਵਾਲਾ ਹੈ, ਤੇ ਇਹ ਬ੍ਰਹਮੰਡ ਉਸ ਨੇ ਆਪਣੇ ਹੁਕਮੁ ਅਨੁਸਾਰ ਆਪ ਹੀ ਪੈਦਾ ਕੀਤਾ ਹੈ। ਅਕਾਲ ਪੁਰਖ ਜਿਸ ਤਰ੍ਹਾਂ ਚਾਹੇ ਇਸ ਬ੍ਰਹਮੰਡ ਨੂੰ ਨਾਸ ਕਰ ਸਕਦਾ ਹੈ, ਫਿਰ ਪੈਦਾ ਕਰ ਸਕਦਾ ਹੈ, ਤੇ ਫਿਰ ਨਾਸ ਕਰ ਕੇ ਫਿਰ ਆਪ ਹੀ ਪੈਦਾ ਕਰ ਸਕਦਾ ਹੈ। ਇਹ ਧਰਤੀ ਅਤੇ ਆਕਾਸ਼, ਅਕਾਲ ਪੁਰਖ ਨੇ ਜੀਵਾਂ ਦੇ ਵੱਸਣ ਵਾਸਤੇ ਬਣਾਏ ਹਨ। ਉਸ ਨੇ ਆਪ ਹੀ ਦਿਨ ਤੇ ਰਾਤ ਬਣਾਏ ਹਨ, ਜੀਵਾਂ ਦੇ ਅੰਦਰ ਡਰ ਅਤੇ ਪਿਆਰ ਵੀ ਅਕਾਲ ਪੁਰਖ ਨੇ ਆਪ ਹੀ ਪੈਦਾ ਕੀਤਾ ਹੈ। ਜਿਸ ਅਕਾਲ ਪੁਰਖ ਨੇ ਸਾਰੇ ਜੀਵ ਜੰਤੂ ਪੈਦਾ ਕੀਤੇ ਹਨ, ਇਨ੍ਹਾਂ ਦੀ ਸੰਭਾਲ ਕਰਨ ਵਾਲਾ ਵੀ ਉਹ ਆਪ ਹੀ ਹੈ। ਇਕ ਅਕਾਲ ਪੁਰਖ ਤੋਂ ਬਿਨਾ ਕੋਈ ਹੋਰ ਦੂਜਾ ਇਸ ਬ੍ਰਹਮੰਡ ਨੂੰ ਪੈਦਾ ਕਰਨ ਵਾਲਾ ਨਹੀਂ ਹੈ।

***ਆਪੇ ਸਚੁ ਕੀਆ ਕਰ ਜੋੜਿ ॥ ਅੰਡਜ ਫੋੜਿ ਜੋੜਿ ਵਿਛੋੜਿ ॥ ਧਰਤਿ ਅਕਾਸੁ ਕੀਏ ਬੈਸਣ ਕਉ ਥਾਉ ॥ ਰਾਤਿ ਦਿਨੰਤੁ ਕੀਏ ਭਉ ਭਾਉ ॥ ਜਿਨਿ ਕੀਏ ਕਰਿ ਵੇਖਣਹਾਰਾ ॥ ਅਵਰੁ ਨ ਦੂਜਾ ਸਿਰਜਣਹਾਰਾ ॥੨॥*** *(੮੩੯)*

## ਜੋ ਵੀ ਪੈਦਾ ਹੋਇਆ ਹੈ ਉਸ ਨੇ ਇਕ ਦਿਨ ਮਰਨਾ ਹੈ:

ਜਦੋਂ ਵੀ ਕਿਸੇ ਜੀਵ ਦਾ ਸਾਹ ਲੈਣਾਂ, ਸਰੀਰ ਦੀ ਹਰਕਤ ਜਾਂ ਹੋਰ ਕਿਰਿਆਵਾਂ ਬੰਦ ਹੋ ਜਾਂਦੀਆਂ ਹਨ ਤਾਂ ਉਸ ਨੂੰ ਮਰਿਆ ਕਿਹਾ ਜਾਂਦਾ ਹੈ। ਜੀਵ ਦੇ ਸੈਲ, ਟਿਸ਼ੂ, ਅੰਗ ਕੰਮ ਕਰਨਾ ਬੰਦ ਕਰ ਦਿੰਦੇ ਹਨ, ਤੇ ਜੀਵ ਦਾ ਸਰੀਰਕ ਵਾਧਾ ਜਾਂ ਤਬਦੀਲੀਆਂ ਹੋਣੀਆਂ ਵੀ ਬੰਦ ਹੋ ਜਾਂਦੀਆਂ ਹਨ। ਜਿਆਦਾ ਤਰ ਮੌਤਾਂ ਬੁਢਾਪੇ (biological aging) ਕਰਕੇ ਹੁੰਦੀਆਂ ਹਨ, ਜਾਂ ਕਿਸੇ ਬੀਮਾਰੀ, ਕਤਲ, ਘਟਨਾ, ਆਤਮ ਹੱਤਿਆ, ਆਦਿ ਨਾਲ ਵੀ ਹੋ ਸਕਦੀਆਂ ਹਨ। ਜਦੋਂ ਮਨੁੱਖ ਦੇ ਦਿਲ ਦੀ ਧੜਕਣ ਜਾਂ ਦਿਮਾਗ ਕੰਮ ਕਰਨਾ ਬੰਦ ਕਰ ਦਿੰਦੇ ਹਨ ਤਾਂ ਉਸ ਨੂੰ ਮਰਿਆ ਕਿਹਾ ਜਾਂਦਾ ਹੈ। ਮਰਨ ਤੋਂ ਬਾਅਦ ਸਰੀਰ ਗਲ ਸੜ ਕੇ ਤੇ ਅਖੀਰ ਮਿੱਟੀ ਵਿਚ ਮਿਲ ਜਾਂਦਾ ਹੈ।

ਮਰਨ ਤੋਂ ਬਾਅਦ ਜੀਵ ਆਤਮਾ ਕਿਥੇ ਜਾਂਦੀ ਹੈ, ਇਸ ਬਾਰੇ ਸਾਇੰਸ ਕੁਝ ਨਹੀਂ ਕਹਿ ਸਕਦੀ। ਵੱਖ ਵੱਖ ਧਰਮਾਂ ਦੀ ਆਪਣੀ ਆਪਣੀ ਰਾਏ ਹੈ। ਮਨ ਦੀ ਸੋਚ, ਚੇਤਨਾਂ, ਸਖਸ਼ੀਅਤ, ਸਹਿਣਸ਼ੀਲਤਾ, ਮਹਿਸੂਸ ਕਰਨਾ, ਆਦਿ ਸਭ ਦਿਮਾਗ ਕਰਕੇ ਹੁੰਦੇ ਹਨ। ਦਿਮਾਗ ਦੀ ਮੌਤ ਤੋਂ ਬਾਅਦ ਇਹ ਸਭ ਤੇ ਬਾਕੀ ਅੰਗ ਹੌਲੀ ਹੌਲੀ ਕੰਮ ਕਰਨਾ ਬੰਦ ਕਰ ਦਿੰਦੇ ਹਨ। ਜੇ ਕਰ ਦਿਲ ਦੀ ਧੜਕਣ ਬੰਦ ਹੋ ਜਾਵੇ ਤਾਂ ਉਸ ਤੋਂ ਕੁਝ ਸਮੇਂ ਬਾਅਦ, ਔਕਸੀਜਨ ਨਾ ਮਿਲਣ ਕਰਕੇ ਦਿਮਾਗ ਦੀ ਮੌਤ ਵੀ ਹੋ ਜਾਂਦੀ ਹੈ।

ਅਕਾਲ ਪੁਰਖ ਦੀ ਬਣਾਈ ਹੋਈ ਇਹ ਕੁਦਰਤ ਬਹੁਤ ਅਸਚਰਜ ਹੈ, ਜੋ ਕਿ ਉਸ ਦੇ ਹੁਕਮੁ ਤੇ ਰਜ਼ਾ ਅਨੁਸਾਰ ਚਲ ਰਹੀ ਹੈ। ਜੋ ਵੀ ਜੀਵ ਇਸ ਦੁਨੀਆ ਵਿਚ ਆਇਆ ਹੈ, ਉਸ ਨੇ ਇਕ ਦਿਨ ਮਰਨਾ ਹੈ। ਗੁਰੂ ਸਾਹਿਬ ਸਮਝਾਂਉਂਦੇ ਹਨ ਕਿ ਸਾਡੀਆਂ ਅੱਖਾਂ ਦੇ ਸਾਹਮਣੇ ਅਨੇਕਾਂ ਜੀਵ ਇਥੋਂ ਤੁਰੇ ਜਾ ਰਹੇ ਹਨ, ਮੌਤ ਦੀ ਅੱਗ ਲਗਾਤਾਰ ਬਲ ਰਹੀ ਹੈ, ਸਭ ਦੇ ਸਰੀਰ ਇਕ ਦਿਨ ਭਸਮ ਹੋ ਜਾਣੇ ਹਨ, ਪਰ ਲੋਕ ਅਕਾਲ ਪੁਰਖ ਦੇ ਨਾਮੁ ਤੋਂ ਬਿਨਾ ਸਦਾ ਲਈ ਜੀਊਣਾ ਚਾਹੁੰਦੇ ਹਨ। ਇਸ ਜਗਤ ਵਿਚ ਸਦੀਵੀ ਕਾਲ ਲਈ ਨਾ ਕਿਸੇ ਦਾ ਕੋਈ ਮਿੱਤਰ ਹੈ, ਨਾ ਕਿਸੇ ਦਾ ਕੋਈ ਭਰਾ, ਨਾ ਕਿਸੇ ਦਾ ਪਿਉ ਤੇ ਨਾ ਕਿਸੇ ਦੀ ਮਾਂ ਹੈ, ਅਤੇ ਨਾ ਹੀ ਹੋਰ ਕੋਈ ਸਦੀਵੀ ਕਾਲ ਲਈ ਕਿਸੇ ਦਾ ਸਾਥ ਨਿਬਾਹ ਸਕਦਾ ਹੈ। ਗੁਰੂ ਸਾਹਿਬ ਅਕਾਲ ਪੁਰਖ ਦੇ ਦਰ ਤੇ ਨਾਮੁ ਦੀ ਦਾਤ ਲਈ ਬੇਨਤੀ ਕਰਦੇ ਹਨ, ਕਿਉਂਕਿ ਸਿਰਫ਼ ਨਾਮੁ ਹੀ ਅੰਤ ਵੇਲੇ ਸਹਾਈ ਹੋ ਸਕਦਾ ਹੈ।

***ਮਰਣੁ ਲਿਖਾਇ ਮੰਡਲ ਮਹਿ ਆਏ ਜੀਵਣੁ ਸਾਜਹਿ ਮਾਈ ॥ ਏਕਿ ਚਲੇ ਹਮ ਦੇਖਹ ਸੁਆਮੀ ਭਾਹਿ ਬਲੰਤੀ ਆਈ ॥੩॥ ਨ ਕਿਸੀ ਕਾ ਮੀਤੁ ਨ ਕਿਸੀ ਕਾ ਭਾਈ ਨਾ ਕਿਸੈ ਬਾਪੁ ਨ ਮਾਈ ॥ ਪ੍ਰਣਵਤਿ ਨਾਨਕ ਜੇ ਤੂ ਦੇਵਹਿ ਅੰਤੇ ਹੋਇ ਸਖਾਈ ॥੪॥੧॥*** *(੮੭੬)*

ਅਕਾਲ ਪੁਰਖ ਨੇ ਆਪ ਹੀ ਇਹ ਸ੍ਰਿਸ਼ਟੀ ਰਚੀ ਹੈ, ਤੇ ਇਸ ਵਿਚ ਜਿੰਦ ਰੂਪੀ ਸੱਤਿਆ ਵੀ ਆਪ ਹੀ ਪਾਈ ਹੈ। ਚੰਗੇ ਮੰਦੇ ਜੀਵਾਂ ਨੂੰ ਪੈਦਾ ਕਰ ਕੇ, ਉਨ੍ਹਾਂ ਦੀ ਸੰਭਾਲ ਵੀ ਉਹ ਆਪ ਹੀ ਕਰ ਰਿਹਾ ਹੈ। ਹਰੇਕ ਜੀਵ ਜੋ ਵੀ ਇਸ ਦੁਨੀਆ ਵਿਚ ਪੈਦਾ ਹੁੰਦਾ ਹੈ, ਉਸ ਨੇ ਇਕ ਦਿਨ ਮਰ ਜਾਣਾ ਹੈ, ਤੇ ਇਸ ਦੁਨੀਆ ਤੋਂ ਕੂਚ ਕਰਨ ਦੀ ਵਾਰੀ ਹਰੇਕ ਜੀਵ ਦੀ ਆਪਣੇ ਆਪਣੇ ਮਿਥੇ ਸਮੇਂ ਅਨੁਸਾਰ ਆਉਂਣੀ ਹੈ। ਜਿਸ ਅਕਾਲ ਪੁਰਖ ਦੇ ਦਿੱਤੇ ਹੋਏ, ਇਹ ਜਿੰਦ ਤੇ ਪ੍ਰਾਣ ਹਨ, ਉਸ ਮਾਲਕ ਨੂੰ ਆਪਣੇ ਮਨ ਤੋਂ ਕਦੇ ਭੁਲਾਣਾ ਨਹੀਂ ਚਾਹੀਦਾ। ਜਿਤਨਾ ਚਿਰ ਇਹ ਜਿੰਦ ਤੇ ਪ੍ਰਾਣ ਮਿਲੇ ਹੋਏ ਹਨ, ਉੱਦਮ ਕਰ ਕੇ ਆਪਣੇ ਹੱਥਾਂ ਨਾਲ ਆਪਣਾ ਕਾਰਜ ਆਪ ਸੁਆਰਨਾ ਚਾਹੀਦਾ ਹੈ, ਕਿਉਂਕਿ, ਇਹ ਮਨੁੱਖਾ ਜਨਮ ਅਕਾਲ ਪੁਰਖ ਦੇ ਹੁਕਮੁ ਅਨੁਸਾਰ ਚਲ ਕੇ ਸਫਲ ਕਰਨ ਲਈ ਮਿਲਿਆ ਹੈ।

***ਪਉੜੀ ॥ ਆਪੇ ਹੀ ਕਰਣਾ ਕੀਓ ਕਲ ਆਪੇ ਹੀ ਤੈ ਧਾਰੀਐ ॥ ਦੇਖਹਿ ਕੀਤਾ ਆਪਣਾ ਧਰਿ ਕਚੀ ਪਕੀ ਸਾਰੀਐ ॥ ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ ॥ ਜਿਸ ਕੇ ਜੀਅ ਪਰਾਣ ਹਹਿ ਕਿਉ ਸਾਹਿਬੁ ਮਨਹੁ ਵਿਸਾਰੀਐ ॥ ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥੨੦॥ (੪੭੪)***

## ਗੁਰਬਾਣੀ ਸੱਚ ਅਤੇ ਸੱਚੇ ਜੀਵਨ ਦੀ ਜਾਚ ਸਿਖਾਉਂਦੀ ਹੈ, ਪਰੰਤੂ ਸਾਇੰਸ ਸਿਰਫ ਵੇਖ ਸਕਣ ਵਾਲੇ ਸੱਚ ਦੀ ਗੱਲ ਕਰਦੀ ਹੈ:

ਸਾਇੰਸ ਦੇ ਸਾਰੇ ਨਿਯਮ ਪਦਾਰਥ ਨਾਲ ਹੋ ਰਹੀਆਂ ਕਿਰਿਆਵਾਂ ਦੇ ਆਧਾਰ ਤੇ ਹੁੰਦੇ ਹਨ। ਮਨ ਦੀਆਂ ਕਿਰਿਆਵਾਂ ਨੂੰ ਪਦਾਰਥੀ ਯੰਤਰਾਂ ਨਾਲ ਮਾਪਿਆ ਨਹੀਂ ਜਾ ਸਕਦਾ। ਇਹੀ ਕਾਰਣ ਹੈ ਕਿ ਸਾਇੰਸ ਦੀਆਂ ਖੋਜਾਂ ਨਾਲ ਤਕਨੀਕੀ ਤਰੱਕੀ ਤਾਂ ਬਹੁਤ ਹੋਈ ਪਰ ਮਾਨਸਿਕ ਵਿਕਾਸ ਨਹੀਂ। ਐਟਮ ਬੰਬ ਦੀ ਕਾਢ ਜਪਾਨ ਦੀ ਬਰਬਾਦੀ ਦਾ ਕਾਰਣ ਬਣੀ, ਅਧੁਨਿਕ ਹਥਿਆਰਾ ਨਾਲ ਤਬਾਹੀ ਮਚਾਈ ਜਾ ਰਹੀ ਹੈ। ਕੰਮਪਿਊਟਰ, ਮੋਬਾਈਅਲ, ਇੰਨਟਰਨੇਟ, ਟੀ.ਵੀ., ਆਦਿ ਦੇ ਫਾਇਦੇ ਵੀ ਬਹੁਤ ਹਨ ਤੇ ਦੁਰਵਰਤੋਂ ਵੀ ਬਹੁਤ ਹੋ ਰਹੀ ਹੈ। ਇਨ੍ਹਾਂ ਦੀ ਵਰਤੋਂ ਮਨੁੱਖਤਾ ਦੇ ਭਲੇ ਲਈ ਵਰਤਣੀ ਹੈ ਕਿ ਬਰਬਾਦੀ ਲਈ, ਇਸ ਦੀ ਸੇਧ ਸਾਇੰਸ ਨਹੀਂ ਦੇ ਸਕਦੀ, ਪਰੰਤੂ ਧਰਮ ਇਸ ਕਾਰਜ ਲਈ ਬਹੁਤ ਸਹਾਈ ਹੋ ਸਕਦਾ ਹੈ।

ਸਿੱਖ ਧਰਮ ਸੱਚ ਅਤੇ ਸੱਚਾ ਜੀਵਨ ਜਿਉਣ ਦੀ ਜਾਚ ਸਿਖਾਂਉਂਦਾ ਹੈ। ਸਾਇੰਸ ਸਿਰਫ ਦਿਸਣ ਵਾਲੇ ਜਾਂ ਵੇਖ ਸਕਣ ਵਾਲੇ ਸੱਚ ਦੀ ਗੱਲ ਕਰਦੀ ਹੈ। ਅਸਲੀ ਸੱਚ ਜਾਨਣ ਲਈ ਸੱਚਾ ਜੀਵਨ ਜਿਉਣਾਂ ਬਹੁਤ ਜਰੂਰੀ ਹੈ। ਅਕਾਲ ਪੁਰਖ ਦੇ ਨਿਯਮ ਪਦਾਰਥਾਂ ਲਈ ਵੀ ਹਨ ਤੇ ਮਨ ਲਈ ਵੀ ਹਨ। ਸਾਇੰਸ ਪਦਾਰਥਾਂ ਵਾਲੇ ਨਿਯਮ ਤਾਂ ਆਸਾਨੀ ਨਾਲ ਸਮਝ ਸਕਦੀ ਹੈ, ਪਰ ਮਨ ਦੇ ਨਿਯਮ ਸਾਇੰਸ ਦੀ ਪਹੁੰਚ ਤੋਂ ਬਾਹਰ ਹਨ।

**ਜਪੁਜੀ ਸਾਹਿਬ ਦੇ ਆਰੰਭ ਵਿਚ ਹੀ ਸਪੱਸ਼ਟ ਕਰ ਦਿੱਤਾ ਗਿਆ ਹੈ ਕਿ ਅਕਾਲ ਪੁਰਖ ਕੋਈ ਪਦਾਰਥ ਜਾਂ ਜੀਵ ਨਹੀਂ ਹੈ, ਜਿਸ ਨੂੰ ਅਸੀਂ ਆਮ ਅੱਖਾਂ ਨਾਲ ਵੇਖ ਸਕਦੇ ਹਾਂ। ਅਕਾਲ ਪੁਰਖ ਨੂੰ ਆਪਣੇ ਹਿਰਦੇ ਵਿਚ ਵੇਖਣ ਲਈ ਆਪਣੇ ਅੰਦਰ ਉਸ ਵਰਗੇ ਗੁਣ ਪੈਦਾ ਕਰਨੇ ਹਨ, ਉਸ ਵਰਗੇ ਉਚੇ ਬਣਨ ਦਾ ਲਗਾਤਾਰ ਉਪਰਾਲਾ ਕਰਨਾ ਹੈ।**

ਜੇਹੜਾ ਮਨੁੱਖ ਗੁਰਮੁਖਾਂ ਦੀ ਸੰਗਤਿ ਵਿਚ ਮਿਲ ਬੈਠਦਾ ਹੈ, ਅਤੇ ਗੁਰੂ ਆਸ਼ੇ ਅਨੁਸਾਰ ਚਲਦਾ ਹੈ, ਉਸ ਦੇ ਮਨ ਵਿਚ ਸੰਤੋਖ ਕਾਇਮ ਹੋ ਜਾਂਦਾ ਹੈ। ਗੁਰੂ ਦੇ ਸ਼ਬਦ ਦੁਆਰਾ ਅਕਾਲ ਪੁਰਖ ਵਰਗਾ ਸੁਭਾਉ ਬਣਾਉਂਣ ਨਾਲ ਇਹ ਯਕੀਨ ਬਣ ਜਾਂਦਾ ਹੈ ਕਿ ਅਕਾਲ ਪੁਰਖ ਹਰੇਕ ਸਰੀਰ ਵਿਚ ਵਸ ਰਿਹਾ ਹੈ। ਉਹ ਗੁਰੂ ਦੇ ਉਪਦੇਸ਼ ਨੂੰ ਕਮਾ ਕੇ, ਤੇ ਗੁਰਬਾਣੀ ਅਨੁਸਾਰ ਆਪਣਾ ਜੀਵਨ ਵਿਚਰ ਕੇ, ਆਪਣਾ ਹਉਮੈ ਦਾ ਰੋਗ ਦੂਰ ਕਰ ਲੈਂਦੇ ਹਨ।

***ਮਨਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ ॥ ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰ ॥ ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥੫॥ (੬੨)***

ਅਕਾਲ ਪੁਰਖ ਦੇ ਅੰਦਰ ਸਿਆਣਪ, ਬੁਧੀ, ਤਾਕਤ, ਸਭ ਤੋਂ ਉਤਮ ਹੈ, ਜੋ ਕਿ ਆਮ ਜੀਵਾਂ ਵਿਚ ਨਹੀਂ ਹੈ। ਜਿਤਨੇ ਵੀ ਜੀਵ ਜੰਤੂ ਹਨ, ਇਨ੍ਹਾਂ ਸਭਨਾਂ ਦੇ ਅੰਦਰ ਇਕ ਅਕਾਲ ਪੁਰਖ ਦੀ ਬਖ਼ਸ਼ੀ ਹੋਈ ਸੋਝੀ ਕੰਮ ਕਰ ਰਹੀ ਹੈ, ਅਕਾਲ ਪੁਰਖ ਨੇ ਕੋਈ ਵੀ ਐਸਾ ਜੀਵ ਪੈਦਾ ਨਹੀਂ ਕੀਤਾ, ਜਿਸ ਨੂੰ ਸੋਝੀ ਨਾ ਬਖਸ਼ੀ ਹੋਵੇ। ਜਿਸ ਤਰ੍ਹਾਂ ਦੀ ਸੋਝੀ ਅਕਾਲ ਪੁਰਖ ਜੀਵਾਂ ਨੂੰ ਦੇਂਦਾ ਹੈ, ਉਹੋ ਜਿਹੇ ਜੀਵਨ ਦਾ ਉਹ ਰਸਤਾ ਅਪਨਾ ਲੈਂਦੇ ਹਨ। ਉਸੇ ਮਿਲੀ ਸੋਝੀ ਅਨੁਸਾਰ ਜੀਵ ਜਗਤ ਵਿਚ ਆਉਂਦੇ ਹਨ ਤੇ ਇੱਥੋਂ ਚਲੇ ਜਾਂਦੇ ਹਨ। ਇਹ ਸਾਰੀ ਸ੍ਰਿਸ਼ਟੀ ਦੀ ਮਰਯਾਦਾ ਚਲਾਉਂਣ ਵਾਲਾ ਅਕਾਲ ਪੁਰਖ ਆਪ ਹੀ ਹੈ। ਪਤਾ ਨਹੀਂ ਮਨੁੱਖ ਆਪਣੀ ਚੰਗੀ ਸੋਝੀ ਜਾਂ ਅਕਲ ਵਿਖਾਣ ਲਈ ਕਿਉਂ ਚਲਾਕੀਆਂ ਕਰਦਾ ਰਹਿੰਦਾ ਹੈਂ? ਜਦੋਂ ਕਿ ਅਕਾਲ ਪੁਰਖ ਆਪ ਹੀ ਜੀਵਾਂ ਨੂੰ ਸੋਝੀ ਦੇਂਦਾ ਹੈ ਤੇ ਆਪ ਹੀ ਵਾਪਿਸ ਵੀ ਲੈ ਲੈਂਦਾ ਹੈ, ਅਤੇ ਇਸ ਦੇਣ ਜਾਂ ਵਾਪਿਸ ਲੈਣ ਵਾਸਤੇ ਰਤਾ ਭਰ ਵੀ ਢਿਲ ਨਹੀਂ ਕਰਦਾ। ਗੁਰੂ ਦੇ ਦੱਸੇ ਰਾਹ

ਉੱਤੇ ਤੁਰ ਕੇ ਮਨੁੱਖ ਦੇ ਅੰਦਰ ਉੱਚਾ ਆਚਰਨ ਬਣ ਜਾਂਦਾ ਹੈ। ਅਸਲੀ ਗਿਆਨਵਾਨ ਮਨੁੱਖ ਉਹੀ ਹੈ, ਜੋ ਆਪਣੇ ਅੰਦਰ ਦੀ ਅਸਲੀਅਤ ਨੂੰ ਪਛਾਣਦਾ ਹੈ।

*ਸਿਰੀਰਾਗੁ ਮਹਲਾ ੧ ਘਰੁ ੪ ॥ ਏਕਾ ਸੁਰਤਿ ਜੇਤੇ ਹੈ ਜੀਅ ॥ ਸੁਰਤਿ ਵਿਹੂਣਾ ਕੋਇ ਨ ਕੀਅ ॥ ਜੇਹੀ ਸੁਰਤਿ ਤੇਹਾ ਤਿਨ ਰਾਹੁ ॥ ਲੇਖਾ ਇਕੋ ਆਵਹੁ ਜਾਹੁ ॥੧॥ ਕਾਹੇ ਜੀਅ ਕਰਹਿ ਚਤੁਰਾਈ ॥ ਲੇਵੈ ਦੇਵੈ ਢਿਲ ਨ ਪਾਈ ॥੧॥ ਰਹਾਉ ॥ (੨੪, ੨੫)*

ਮਨੁੱਖ ਦਾ ਸਰੀਰ ਉਸ ਦੇ ਮਨ ਦੇ ਕਹਿੰਣ ਅਨੁਸਾਰ ਚਲਦਾ ਹੈ, ਜੋ ਕੁਝ ਵੀ ਉਸ ਦਾ ਮਨ ਚਾਹੁੰਦਾ ਹੈ, ਮਨੁੱਖ ਦਾ ਸਰੀਰ ਉਸੇ ਰਸਤੇ ਤੇ ਚਲਦਾ ਹੈ। ਇਸੇ ਲਈ ਗੁਰੂ ਸਾਹਿਬ ਮਨ ਨੂੰ ਖਾਸ ਤੌਰ ਤੇ ਸਮਝਾਂਉਂਦੇ ਹਨ ਕਿ ਹੇ ਮੇਰੇ ਮਨ ! ਤੂੰ ਉਸ ਅਕਾਲ ਪੁਰਖ ਦਾ ਅੰਸ਼ ਹੈਂ, ਜੋ ਨਿਰਾ ਨੂਰ ਹੀ ਨੂਰ ਹੈ, ਇਸ ਲਈ ਆਪਣੇ ਉਸ ਅਸਲੇ ਨੂੰ ਸਮਝ ਤੇ ਉਸ ਨਾਲ ਆਪਣੀ ਸਾਂਝ ਕਾਇਮ ਕਰ। ਉਹ ਅਕਾਲ ਪੁਰਖ ਸਦਾ ਤੇਰੇ ਨਾਲ ਰਹਿੰਦਾ ਹੈ, ਇਸ ਲਈ ਗੁਰੂ ਦੀ ਮਤਿ ਲੈ ਕੇ ਉਸ ਦਾ ਮਿਲਾਪ ਕਰ ਤੇ ਆਪਣੇ ਜੀਵਨ ਦਾ ਆਨੰਦ ਮਾਣ।

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥ ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥ (੪੪੧)*

## ਸ੍ਰਿਸ਼ਟੀ ਦੀ ਸਾਜਨਾ ਕਿਸ ਨੇ ਕੀਤੀ:

ਇਹ ਇਕ ਬਹੁਤ ਮੁਸ਼ਕਲ ਸਵਾਲ ਹੈ, ਕਿ ਇਹ ਸਾਰੀ ਸ੍ਰਿਸ਼ਟੀ ਕਿਸ ਨੇ ਪੈਦਾ ਕੀਤੀ ਤੇ ਕਿਸ ਤਰ੍ਹਾਂ ਪੈਦਾ ਕੀਤੀ? ਕੀ ਅਸੀਂ ਇਸ ਦਾ ਕਾਰਣ ਜਾਣ ਸਕਦੇ ਹਾਂ? ਅਸੀਂ ਇਸ ਵਾਸਤੇ ਸਿਰਫ ਅੰਦਾਜ਼ੇ ਲਗਾ ਸਕਦੇ ਹਾਂ। ਸਾਇੰਸ ਬਿਗ ਬੈਂਗ ਥਿਊਰੀ (Big Bang Theory), ਬਲੈਕ ਹੋਲ (Black hole) ਤੋਂ ਬਣਨਾਂ ਆਦਿ ਦੇ ਅੰਦਾਜੇ ਲਗਾ ਰਹੀ ਹੈ। ਪਰੰਤੂ ਇਸ ਦੇ ਪਿਛੇ ਜੇ ਕਰ ਕੋਈ ਕਾਰਣ ਪੁਛਿਆ ਜਾਵੇ ਤਾਂ ਸਾਇੰਸ ਵੀ ਇਸ ਦਾ ਠੋਸ ਉੱਤਰ ਨਹੀਂ ਦੇ ਸਕਦੀ। ਇਹ ਬਲੈਕ ਹੋਲ ਕਿਸ ਨੇ ਬਣਾਇਆ, ਕਿਸ ਤਰ੍ਹਾਂ ਬਣਿਆ, ਕਿਉਂ ਬਣਿਆ, ਉਸ ਤੋਂ ਸਾਰੀ ਸ੍ਰਿਸ਼ਟੀ ਕਿਸ ਤਰ੍ਹਾਂ ਬਣ ਗਈ? ਸਾਇੰਸ ਵੀ ਕਈ ਤਰ੍ਹਾਂ ਦੇ ਅੰਦਾਜ਼ੇ ਆਦਿ ਦੀਆਂ ਗੱਲਾਂ ਕਰ ਰਹੀ ਹੈ। ਜਿਸ ਤਰ੍ਹਾਂ ਸਾਇੰਸ ਦੀਆਂ ਨਵੀਆਂ ਨਵੀਆਂ ਥਿਉਰੀਆਂ ਲੱਭੀਆਂ ਜਾ ਰਹੀਆਂ ਹਨ, ਉਹ ਇਸ ਵਿਸ਼ੇ ਸਬੰਧੀ ਗਿਆਨ ਵਿਚ ਹੋਰ ਵਾਧਾ ਤਾਂ ਕਰ ਰਹੀਆਂ ਹਨ, ਪਰੰਤੂ ਕੁਦਰਤ ਦਾ ਅੰਤ ਪਾਉਣਾਂ ਅਜੇ ਬਹੁਤ ਹੀ ਦੂਰ ਹੈ।

ਨਿਸ਼ਚਤ ਤੌਰ ਤੇ ਅਕਾਲ ਪੁਰਖ ਦਾ ਕੋਈ ਨਿਯਮ ਸੀ, ਜਿਸ ਨੇ ਅਨੇਕਾਂ ਖੰਡ ਬ੍ਰਹਿਮੰਡ ਪੈਦਾ ਕਰ ਦਿਤੇ। ਗੁਰੂ ਨਾਨਕ ਸਾਹਿਬ ਨੇ ਜਪੁਜੀ ਸਾਹਿਬ ਵਿਚ ਇਸ ਸ੍ਰਿਸ਼ਟੀ ਦੇ ਪੈਦਾ ਹੋਣ ਬਾਰੇ ਇਹੀ ਕਿਹਾ ਹੈ ਕਿ ਅਕਾਲ ਪੁਰਖ ਨੇ ਆਪਣੇ ਇਕੋ ਹੁਕਮੁ ਨਾਲ ਸਾਰਾ ਸੰਸਾਰ ਬਣਾ ਦਿੱਤਾ, ਉਸ ਦੇ ਹੁਕਮੁ ਨਾਲ ਹੀ ਜ਼ਿੰਦਗੀ ਦੇ ਲੱਖਾਂ ਦਰਿਆ ਬਣ ਗਏ।

ਸਿੱਖ ਧਰਮ ਅਨੁਸਾਰ ਪੂਰੀ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਅਕਾਲ ਪੁਰਖ ਆਪ ਹੀ ਹੈ। ਇਸ ਜਗਤ ਦੀ ਰਚਨਾ ਤੋਂ ਪਹਿਲਾਂ ਬੇਅੰਤ ਸਮਾਂ ਅਕਾਲ ਪੁਰਖ ਨੇ ਸ੍ਰਿਸ਼ਟੀ ਦੀ ਅਜਿਹੀ ਹਾਲਤ ਬਣਾਈ ਰੱਖੀ ਸੀ, ਜੋ ਕਿ ਮਨੁੱਖ ਦੀ ਸਮਝ ਤੋਂ ਬਹੁਤ ਪਰੇ ਹੈ। ਉਹ ਹਾਲਤ ਕਿਸ ਤਰ੍ਹਾਂ ਦੀ ਸੀ, ਉਸ ਗੁਬਾਰ ਬਾਰੇ ਕੋਈ ਜੀਵ ਕੁਝ ਵੀ ਨਹੀਂ ਕਹਿ ਸਕਦਾ, ਤੇ ਨਾ ਹੀ ਕੋਈ ਜੀਵ ਬਿਆਨ ਕਰ ਸਕਦਾ ਹੈ। ਸਿਰਫ ਅਕਾਲ ਪੁਰਖ ਆਪ ਹੀ ਜਾਣਦਾ ਕਿ ਅਸਲੀਅਤ ਕੀ ਸੀ। ਅਕਾਲ ਪੁਰਖ ਨੇ ਆਪ ਸਾਰੀ ਸ੍ਰਿਸ਼ਟੀ ਪੈਦਾ ਕੀਤੀ, ਤੇ ਇਹ ਜਗਤ ਦਾ ਸਾਰਾ ਖੇਲ ਤਮਾਸ਼ਾ ਆਪ ਹੀ ਰਚਿਆ ਹੈ, ਇਹ ਸਭ ਉਸ ਦੀ ਹੀ ਵਡਿਆਈ ਹੈ। ਵੱਖ ਵੱਖ ਕਿਸਮ ਦੇ ਇਹ ਸਾਰੇ ਜੀਵਾਂ ਨੂੰ ਅਕਾਲ ਪੁਰਖ ਆਪ ਹੀ ਬਣਾਉਂਦਾ ਹੈ, ਤੇ ਆਪ ਹੀ ਨਾਸ ਕਰ ਕੇ, ਫਿਰ ਹੋਰ ਆਪ ਹੀ ਪੈਦਾ ਕਰਦਾ ਹੈ। ਹਰੇਕ ਸਰੀਰ ਵਿਚ ਅਕਾਲ ਪੁਰਖ ਦਾ ਬਣਾਇਆ ਹੋਇਆ ਸੁਆਸ, ਪਉਣ (ਹਵਾ, ਆਕਸੀਜਨ) ਦੀ ਸਹਾਇਤਾ ਨਾਲ ਚੱਲ ਰਿਹਾ ਹੈ।

*ਮਾਰੂ ਮਹਲਾ ੩ ॥ ਜੁਗ ਛਤੀਹ ਕੀਓ ਗੁਬਾਰਾ ॥ ਤੂ ਆਪੇ ਜਾਣਹਿ ਸਿਰਜਣਹਾਰਾ ॥ ਹੋਰ ਕਿਆ ਕੋ ਕਹੈ ਕਿ ਆਖਿ ਵਖਾਣੈ ਤੂ ਆਪੇ ਕੀਮਤਿ ਪਾਇਦਾ ॥੧॥ ਓਅੰਕਾਰਿ ਸਭ ਸ੍ਰਿਸਟਿ ਉਪਾਈ ॥ ਸਭੁ ਖੇਲੁ ਤਮਾਸਾ ਤੇਰੀ ਵਡਿਆਈ ॥ ਆਪੇ ਵੇਕ ਕਰੇ ਸਭਿ ਸਾਚਾ ਆਪੇ ਭੰਨਿ ਘੜਾਇਦਾ ॥੨॥ (੧੦੬੧)*

ਅਕਾਲ ਪੁਰਖ ਨੇ ਆਪ ਹੀ ਆਪਣੇ ਆਪ ਨੂੰ ਪਰਗਟ ਕਰ ਕੇ, ਆਪ ਹੀ ਆਪਣੇ ਆਪ ਨੂੰ ਸਮਝਿਆ ਹੈ। ਆਕਾਸ਼ ਤੇ ਧਰਤੀ ਨੂੰ ਵਖੋ ਵਖ ਕਰ ਕੇ ਬਣਾਇਆ, ਤੇ ਇਹ ਆਕਾਸ਼ ਉਸ ਨੇ ਮਾਨੋ, ਆਪਣੇ ਤਖ਼ਤ ਉਤੇ ਚੰਦੋਆ ਤਾਣਿਆ ਹੋਇਆ ਹੈ। ਸਾਰੇ ਜਗਤ ਰੂਪੀ ਦਰਬਾਰ ਉੱਤੇ ਆਕਾਸ਼ ਨੂੰ ਥੰਮ੍ਹਾਂ ਤੋਂ ਬਿਨਾ ਟਿਕਾ ਕੇ (Gravitation), ਆਪਣੇ ਸਬਦ ਰੂਪੀ ਹੁਕਮੁ ਅਨੁਸਾਰ ਬਣਾਇਆ ਹੈ। ਸੂਰਜ ਤੇ ਚੰਦਰਮਾਂ ਨੂੰ ਪੈਦਾ ਕਰਕੇ ਉਨ੍ਹਾਂ ਵਿਚ ਆਪਣੀ ਜੋਤਿ ਟਿਕਾਈ ਹੋਈ ਹੈ, ਤੇ ਜੀਵਾਂ ਦੇ ਕਾਰ ਵਿਹਾਰ ਲਈ ਰਾਤ ਤੇ ਦਿਨ ਰੂਪੀ ਅਚਰਜ ਤਮਾਸ਼ੇ ਬਣਾ ਦਿੱਤੇ ਹਨ।

*ਪਉੜੀ ॥ ਆਪੀਨੈ ਆਪੁ ਸਾਜਿ ਆਪੁ ਪਛਾਣਿਆ ॥ ਅੰਬਰੁ ਧਰਤਿ ਵਿਛੋੜਿ ਚੰਦੋਆ ਤਾਣਿਆ ॥ ਵਿਣੁ ਥੰਮ੍ਹਾ ਗਗਨੁ ਰਹਾਇ ਸਬਦੁ ਨੀਸਾਣਿਆ ॥ ਸੂਰਜੁ ਚੰਦੁ ਉਪਾਇ ਜੋਤਿ ਸਮਾਣਿਆ ॥ ਕੀਏ ਰਾਤਿ ਦਿਨੰਤੁ ਚੋਜ ਵਿਡਾਣਿਆ ॥ (੧੨੭੯)*

## ਗੁਰੂ ਸਾਹਿਬਾਂ ਨੇ ਅਕਾਲ ਪੁਰਖ ਨੂੰ ਅੰਦਰ ਖੋਜ਼ਣ ਲਈ ਕਿਹਾ ਹੈ, ਜੋ ਬਾਹਰ ਹੈ, ਉਹੀ ਅੰਦਰ ਹੈ:

ਸਾਇੰਸ ਦੀ ਖੋਜ ਪਦਾਰਥ ਤਕ ਸੀਮਿਤ ਹੈ, ਇਸੇ ਲਈ ਮਨੁੱਖ ਨੇ ਤਕਨੀਕੀ ਤਰੱਕੀ ਤਾਂ ਬਹੁਤ ਕਰ ਲਈ, ਸਰੀਰ ਦੀ ਬਣਤਰ ਬਾਰੇ ਬਹੁਤ ਖੋਜ ਕਰ ਲਈ ਤੇ ਬਹੁਤ ਸਾਰੀਆਂ ਬੀਮਾਰੀਆਂ ਤੇ ਇਲਾਜ ਵੀ ਲੱਭ ਲਏ। ਪਰੰਤੂ ਇਤਨੀ ਤਰੱਕੀ ਹੋਣ ਦੇ ਬਾਵਜੂਦ ਮਨ ਦੀਆਂ ਬੀਮਾਰੀਆਂ ਦੇ ਕਾਰਣ ਤੇ ਇਲਾਜ ਨਹੀਂ ਲੱਭ ਸਕਿਆ। ਇਸ ਨੂੰ ਦੂਸਰੇ ਲੱਫਜ਼ਾਂ ਵਿਚ ਕਹਿ ਲਉ ਕਿ ਮਨੁੱਖ ਨੇ ਅਕਾਲ ਪੁਰਖ ਨੂੰ ਬਾਹਰੋਂ ਖੋਜ਼ਣ ਲਈ ਤਾਂ ਬਹੁਤ ਉਪਰਾਲੇ ਕੀਤੇ ਪਰੰਤੂ ਅੰਦਰੋਂ ਖੋਜ਼ਣ ਲਈ ਕੁਝ ਨਹੀਂ ਕੀਤਾ। ਮਨੁੱਖ ਜਿਆਦਾ ਤਰ ਮਨ ਕਰਕੇ ਦੁਖੀ ਹੁੰਦਾ ਹੈ। ਜੀਵਨ ਤਾਂ ਹੀ ਸੁਖੀ ਤੇ ਸਫਲ ਹੈ, ਜੇ ਕਰ ਮਨ ਦੀਆਂ ਬੀਮਾਰੀਆਂ ਦੇ ਕਾਰਣ ਤੇ ਇਲਾਜ ਵੀ ਲੱਭੇ ਜਾ ਸਕਣ। ਇਹੀ ਕਾਰਣ ਹੈ ਕਿ ਗੁਰੂ ਸਾਹਿਬਾਂ ਨੇ ਅਕਾਲ ਪੁਰਖ ਨੂੰ ਅੰਦਰੋਂ ਖੋਜ਼ਣ ਲਈ ਵੀ ਕਿਹਾ ਹੈ, ਕਿਉਂਕਿ ਜਿਸ ਤਰ੍ਹਾਂ ਅਕਾਲ ਪੁਰਖ ਬਾਹਰ ਦਿਖਾਈ ਦਿੰਦਾ ਹੈ, ਉਸੇ ਤਰ੍ਹਾਂ ਉਹ ਸਭ ਦੇ ਅੰਦਰ ਵੀ ਹੈ।

ਗੁਰੂ ਸਾਹਿਬਾਂ ਨੇ ਬੜੇ ਸਰਲ ਤਰੀਕੇ ਨਾਲ ਸਮਝਾਂਇਆ ਹੈ ਕਿ ਜੇਕਰ ਧਰਮ ਦੀ ਸਿਖਿਆ ਲੈਂਣਾਂ ਚਾਹੁੰਦੇ ਹਾਂ ਤਾਂ ਸਾਨੂੰ ਕਿਤੇ ਜਾਣ ਦੀ ਲੋੜ ਨਹੀਂ, ਅਸੀਂ ਆਪਣੇ ਸਰੀਰ ਕੋਲੋ ਹੀ ਲੈ ਸਕਦੇ ਹਾਂ। ਇਹ ਮਨੁੱਖਾ ਸਰੀਰ ਧਰਮ ਕਮਾਉਣ ਦੀ ਥਾਂ ਹੈ, ਇਸ ਵਿਚ ਸੱਚੇ ਪ੍ਰਭੂ ਦੀ ਜੋਤਿ ਲੁਕੀ ਹੋਈ ਹੈ। ਇਸ ਸਰੀਰ ਵਿਚ ਦੈਵੀ ਗੁਣ, ਰੂਪ, ਤੇ ਗੁੱਝੇ ਲਾਲ ਰਤਨ ਲੁਕੇ ਹੋਏ ਹਨ। ਸਰੀਰ ਦਾ ਹਰੇਕ ਅੰਗ ਬਾਕੀ ਸਭ ਦੂਸਰੇ ਅੰਗਾਂ ਲਈ ਕੰਮ ਕਰਦਾ ਹੈ ਜਾਂ ਉਨ੍ਹਾਂ ਦੀ ਸਹਾਇਤਾ ਕਰਦਾ ਹੈ, ਪਰੰਤੂ ਬਦਲੇ ਵਿਚ ਕੁਝ ਨਹੀਂ ਮੰਗਦਾ ਹੈ। ਸਾਡੇ ਪੈਰ ਸਾਰੇ ਸਰੀਰ ਨੂੰ ਇਕ ਥਾਂ ਤੋਂ ਦੂਸਰੀ ਥਾਂ ਤੇ ਲਿਜਾਂਦੇ ਹਨ, ਲੱਤਾਂ ਸਰੀਰ ਨੂੰ ਖੜਾ ਹੋਣ ਵਿਚ ਸਹਾਇਤਾ ਕਰਦੀਆਂ ਹਨ, ਮੂੰਹ ਸਰੀਰ ਅੰਦਰ ਖਾਣਾਂ ਲਿਜਾਣ ਲਈ ਸਹਾਈ ਹੁੰਦਾ ਹੈ, ਦੰਦ ਖਾਣਾਂ ਚਬਾਉਂਦੇ ਹਨ ਤਾਂ ਜੋ ਪੇਟ ਨੂੰ ਹਜ਼ਮ ਕਰਨ ਵਿਚ ਮੁਸ਼ਕਲ ਨਾ ਹੋਵੇ, ਜੀਭ ਸੰਤਰੀ ਦਾ ਕੰਮ ਕਰਦੀ ਹੈ, ਕਿ ਕਿਤੇ ਸਰੀਰ ਅੰਦਰ ਗਲਤ ਪਦਾਰਥ ਨਾ ਚਲੇ ਜਾਣ, ਅੱਖਾਂ ਰਸਤਾ ਵੇਖਣ ਵਿਚ ਸਹਾਈ ਹੁੰਦੀਆਂ ਹਨ, ਕੰਨ ਸੁਣਨ ਤੇ ਸਬੰਧ ਕਾਇਮ ਕਰਨ ਲਈ ਸਹਾਈ ਹੁੰਦੇ ਹਨ, ਦਿਮਾਗ ਜੀਵਨ ਵਿਚ ਸੋਚ ਵੀਚਾਰ ਕੇ ਚਲਣ ਲਈ ਸਹਾਈ ਹੁੰਦਾਂ ਹੈ, ਆਦਿ। ਸਰੀਰ ਦਾ ਕੋਈ ਅੰਗ ਵੀ ਦੂਸਰੇ ਅੰਗ ਦੀ ਨਿੰਦਾ, ਚੁਗਲੀ ਜਾਂ ਵਿਰੋਧਤਾ ਨਹੀਂ ਕਰਦਾ ਹੈ, ਬਲਕਿ ਦੂਸਰੇ ਅੰਗਾਂ ਦੀ ਸਹਾਇਤਾ ਕਰਦਾ ਹੈ ਜਾਂ ਠੀਕ ਮਾਰਗ ਦਰਸ਼ਨ ਕਰਦਾ ਹੈ। ਸਰੀਰ ਦਾ ਹਰੇਕ ਅੰਗ ਦੂਸਰੇ ਅੰਗ ਲਈ ਬਿਨਾਂ ਕਾਮਨਾਂ ਦੇ ਸੇਵਾ ਕਰਦਾ ਹੈ। ਸਤਿਗੁਰੂ ਦੇ ਸਨਮੁਖ ਹੋ ਕੇ ਕੋਈ ਵਿਰਲਾ ਸੇਵਕ ਹੀ ਇਨ੍ਹਾਂ ਗੁਣਾਂ ਨੂੰ ਗੁਰਬਾਣੀ ਦੀ ਡੂੰਘੀ ਵਿਚਾਰ ਨਾਲ ਸਮਝ ਕੇ ਆਪਣੇ ਜੀਵਨ ਵਿਚ ਅਪਨਾਂਦਾ ਹੈ। ਜਦੋਂ ਉਹ ਸੇਵਕ ਇਹ ਲਾਲ ਰਤਨ ਲੱਭ ਲੈਂਦਾ ਹੈ, ਤਾਂ ਉਹ ਇਕ ਅਕਾਲ ਪੁਰਖ ਨੂੰ ਸਾਰੀ ਸ੍ਰਿਸ਼ਟੀ ਵਿਚ ਰਵਿਆ ਹੋਇਆ ਪਛਾਣ ਲੈਂਦਾ ਹੈ।

***ਪਉੜੀ ॥*** *ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥ ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥ (੩੦੯, ੩੧੦)*

## ਅਕਾਲ ਪੁਰਖ ਦੇ ਨਿਰਗੁਨ ਸਰਗੁਨ ਸਰੂਪ:

ਗੁਰਮਤਿ ਵਿਚਾਰਧਾਰਾ ਦਾ ਮੂਲ ਮਿਸ਼ਨ ਜਾਂ ਨਿਸ਼ਾਨਾਂ ਸਪੱਸ਼ਟ ਤੌਰ ਤੇ ਜਪੁ ਜੀ ਸਾਹਿਬ ਦੀ ਬਾਣੀ ਵਿਚ ਸੰਖੇਪ ਨਾਲ ਅੰਕਿਤ ਕੀਤਾ ਗਿਆ ਹੈ। ਬਾਕੀ ਦੀ ਸਾਰੀ ਵਿਸਥਾਰ ਗੁਰੂ ਗਰੰਥ ਸਾਹਿਬ ਵਿਚ ਸਮਝਾ ਦਿਤੀ ਗਈ ਹੈ। ਅਕਾਲ ਪੁਰਖ ਕਿਸ ਤਰ੍ਹਾਂ ਦਾ ਹੈ, ਤੇ ਉਸ ਨੂੰ ਕਿਸ ਤਰ੍ਹਾਂ ਪਾਉਣਾਂ ਹੈ, ਉਹ ਗੁਰੂ ਗਰੰਥ ਸਾਹਿਬ ਦੇ ਆਰੰਭ ਦੇ ਸਿਰਲੇਖ ਵਿਚ ਹੀ ਸਪੱਸ਼ਟ ਕਰ ਦਿਤਾ ਗਿਆ ਹੈ।

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ (੧)*

ਅਕਾਲ ਪੁਰਖ ਨੇ ਭਾਵੇਂ ਕਈ ਰੰਗਾਂ ਤੇ ਕਿਸਮਾਂ ਦੀ ਦੁਨੀਆ ਰਚ ਦਿੱਤੀ ਹੈ, ਪਰ ਉਹ ਆਪ ਨਿਰਗੁਣ ਸਰੂਪ ਵਿਚ ਇਕੋ ਇਕ ਹਸਤੀ ਹੈ, ਤੇ, ਸਰਗੁਣ ਸਰੂਪ ਵਿਚ ਉਹ ਅਨੇਕਾਂ ਰੂਪਾਂ ਵਾਲਾ ਹੈ। ਜੇਹੜੀ ਗੱਲ ਉਸ ਨੂੰ ਚੰਗੀ ਲੱਗਦੀ ਹੈ, ਉਹੀ ਗੱਲ ਜੀਵਾਂ ਦੇ ਭਲੇ ਵਾਸਤੇ ਹੁੰਦੀ ਹੈ। ਹੋ ਸਕਦਾ ਹੈ ਆਮ ਲੋਕਾਂ ਨੂੰ ਅਕਾਲ ਪੁਰਖ ਦੇ ਨਿਰਗੁਣ ਸਰੂਪ ਤੇ ਸਰਗੁਣ ਸਰੂਪ ਬਾਰੇ ਕੁਝ ਕਿੰਤੂ ਹੋਵੇ ਜਾਂ ਸ਼ੰਕਾ ਹੋਵੇ। ਪਰੰਤੂ ਸਾਇੰਸ ਅਨੁਸਾਰ ਰੌਸ਼ਨੀ (Light) ਦੇ ਦੋ ਰੂਪ ਹਨ, ਇਕ ਤਰੰਗ (ਵੇਵ) (Wave) ਤੇ ਦੂਸਰਾ ਪਦਾਰਥ (ਫੋਟੌਨ) (Photon)। ਜੇ ਅਸੀਂ ਰੌਸ਼ਨੀ ਦੇ ਦੋ ਰੂਪ ਮੰਨ ਸਕਦੇ ਹਾਂ, ਤਾਂ ਅਕਾਲ ਪੁਰਖ ਦੇ ਨਿਰਗੁਣ ਸਰੂਪ ਤੇ ਸਰਗੁਣ ਸਰੂਪ ਬਾਰੇ ਸ਼ੰਕਾ ਕਿਉਂ?

*ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ ॥ ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ ॥੨੨॥੨॥ (੭੨੬)*

ਆਈਨ ਸਟਾਈਨ ਦੀ ਥਿਊਰੀ ($E=mC^2$) ਅਨੁਸਾਰ ਊਰਜਾ ਪਦਾਰਥ ਵਿਚ ਬਦਲ ਸਕਦੀ ਹੈ, ਤੇ ਪਦਾਰਥ ਊਰਜਾ ਵਿਚ ਬਦਲ ਸਕਦਾ ਹੈ। ਨਿਊਕਲੀਅਰ ਰਿਐਕਸ਼ਨ (Nuclear Reaction) ਨਾਲ ਪਦਾਰਥ ਊਰਜਾ ਵਿਚ ਬਦਲ ਸਕਦਾ ਹੈ,

ਜਿਸ ਨਾਲ ਬਹੁਤ ਸਾਰੀ ਊਰਜਾ ਪੈਦਾ ਹੁੰਦੀ ਹੈ। ਇਸ ਲਈ ਕਹਿ ਸਕਦੇ ਹਾਂ ਕਿ ਅਕਾਲ ਪੁਰਖ ਵੀ ਊਰਜਾ ਦੀ ਤਰ੍ਹਾਂ ਜਾਂ ਕੋਈ ਹੋਰ ਅਜੇਹੀ ਕਿਸਮ ਦਾ ਹੋ ਸਕਦਾ ਹੈ, ਜਿਸ ਬਾਰੇ ਅਜੇ ਕੋਈ ਪਤਾ ਨਹੀਂ ਹੈ। ਉਸ ਦੇ ਨਾ ਦਿਖਾਈ ਦੇਣ ਵਾਲੇ ਰੂਪ ਨੂੰ ਗੁਰੂ ਸਾਹਿਬਾਂ ਨੇ ਨਿਰਗੁਣ ਸਰੂਪ ਕਿਹਾ ਹੈ ਤੇ ਦਿਖਾਈ ਦੇਣ ਵਾਲੇ ਰੂਪ ਨੂੰ ਗੁਰੂ ਸਾਹਿਬਾਂ ਨੇ ਸਰਗੁਣ ਸਰੂਪ ਕਿਹਾ ਹੈ। ਇਹ ਅਕਾਲ ਪੁਰਖ ਦੀ ਰਜ਼ਾ ਹੈ ਕਿ ਉਹ ਜਿਸ ਤਰ੍ਹਾਂ ਚਾਹੇ ਨਿਰਗੁਣ ਸਰੂਪ ਵਿਚ ਜਾਂ ਸਰਗੁਣ ਸਰੂਪ ਬਦਲ ਸਕਦਾ ਹੈ। ਇਸ ਲਈ ਅਕਾਲ ਪੁਰਖ ਦਾ ਸਰੂਪ ਬਿਆਨ ਕਰਨਾ ਬਹੁਤ ਮੁਸ਼ਕਲ ਹੈ ਤੇ ਮਨੁੱਖ ਦੀ ਪਹੁੰਚ ਤੋਂ ਬਾਹਰ ਹੈ।

ਸਰਬ ਵਿਆਪਕ ਅਕਾਲ ਪੁਰਖ ਆਕਾਰ ਰਹਿਤ ਵੀ ਹੈ ਤੇ ਤਿੰਨਾਂ ਗੁਣਾਂ ਵਾਲੀ ਮਾਇਆ ਦੇ ਰੂਪ (ਭਾਵ, ਜਗਤ ਰੂਪ) ਵਿਚ ਵੀ ਆਪ ਹੀ ਹੈ। ਅਕਾਲ ਪੁਰਖ ਮਾਇਆ ਦੇ ਤਿੰਨਾਂ ਗੁਣਾਂ ਤੋਂ ਪਰੇ ਵੀ ਆਪ ਹੀ ਹੈ, ਤੇ *ਸੁੰਨ* ਅਵਸਥਾ ਵਿਚ ਟਿਕਿਆ ਹੋਇਆ ਵੀ ਆਪ ਹੀ ਹੈ। ਇਹ ਸਾਰਾ ਜਗਤ ਅਕਾਲ ਪੁਰਖ ਨੇ ਆਪ ਹੀ ਰਚਿਆ ਹੈ ਤੇ ਜਗਤ ਦੇ ਜੀਵਾਂ ਵਿਚ ਬੈਠ ਕੇ ਉਹ ਆਪ ਹੀ ਆਪਣੇ ਆਪ ਨੂੰ ਯਾਦ ਕਰ ਰਿਹਾ ਹੈ।

*ਸਲੋਕੁ ॥ ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥ ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥੧॥ (੨੯੦)*

ਅਕਾਲ ਪੁਰਖ ਆਪ ਖੁਦ ਆਕਾਰ ਰਹਿਤ ਹੈ, ਤੇ ਅਕਾਲ ਪੁਰਖ ਆਪ ਹੀ ਇਸ ਜਗਤ ਦੇ ਸਾਰੇ ਆਕਾਰ ਬਣਾਂਦਾ ਹੈ। ਅਕਾਲ ਪੁਰਖ ਆਪਣੇ ਇਕ ਸਰੂਪ ਤੋਂ ਅਨੇਕਾਂ ਰੂਪ ਬਣਾ ਲੈਂਦਾ ਹੈ, ਪਰ ਇਹ ਅਨੇਕ ਰੂਪ ਉਸ ਤੋਂ ਵੱਖਰੇ ਨਹੀਂ ਹਨ, ਇਹ ਕਿਹਾ ਜਾ ਸਕਦਾ ਹੈ ਕਿ ਅਕਾਲ ਪੁਰਖ ਇਕ ਆਪ ਹੀ ਆਪ ਹੈ। ਅਕਾਲ ਪੁਰਖ ਸਾਰੇ ਜੀਵ ਜੰਤੂਆਂ ਨੂੰ ਆਪਣੇ ਇਕੋ ਹੁਕਮੁ ਦੇ ਧਾਗੇ ਵਿਚ ਪਰੋ ਕੇ ਰੱਖਣ ਦੀ ਸਮਰੱਥਾ ਰੱਖਦਾ ਹੈ। ਇਹ ਸਾਰਾ ਜਗਤ ਜੋ ਸਾਨੂੰ ਦਿੱਸਦਾ ਹੈ, ਉਹ ਸਭ ਅਕਾਲ ਪੁਰਖ ਨੇ ਆਪਣੇ ਅਦ੍ਰਿਸ਼ਟ ਰੂਪ ਤੋਂ ਰਚਿਆ ਹੈ, ਤੇ ਨਾਲ ਹੀ ਮਾਇਆ ਦੇ ਤਿੰਨ ਗੁਣਾਂ ਦਾ ਵੱਖ ਵੱਖ ਖਿਲਾਰਾ ਕਰ ਦਿੱਤਾ ਹੈ। ਅਕਾਲ ਪੁਰਖ ਨੇ ਅਨੇਕਾਂ ਕਿਸਮਾਂ ਦੇ ਜੀਵ ਬਣਾ ਕੇ ਇਸ ਜਗਤ ਦੀ ਉਤਪੱਤੀ ਕੀਤੀ ਹੈ, ਜਨਮ ਮਰਨ ਦਾ ਚਕਰ, ਜੀਵਾਂ ਦੇ ਮਨ ਦਾ ਮੋਹ, ਆਦਿ ਵੀ ਉਸ ਨੇ ਹੀ ਪੈਦਾ ਕੀਤਾ ਹੈ, ਪਰ ਉਹ ਆਪ ਖੁਦ ਜਨਮ ਮਰਨ ਦੇ ਚਕਰ ਤੋਂ ਪਰੇ ਹੈ।

*ਸਲੋਕੁ ॥ ਨਿਰੰਕਾਰ ਆਕਾਰ ਆਪਿ ਨਿਰਗੁਨ ਸਰਗੁਨ ਏਕ ॥ ਏਕਹਿ ਏਕ ਬਖਾਨਨੋ ਨਾਨਕ ਏਕ ਅਨੇਕ ॥੧॥ (੨੫੦)*

## ਸਿੱਖ ਧਰਮ ਵਿਚ ਕੇਸਾਂ ਦੀ ਮਹੱਤਤਾ:

ਅਕਾਲ ਪੁਰਖੁ ਦੀ ਬਣਾਈ ਹੋਈ ਕੁਦਰਤ ਤੇ ਇਹ ਸਾਰੀ ਰਚਨਾ ਬਹੁਤ ਸੁੰਦਰ ਹੈ, ਜਿਸ ਦਾ ਕੋਈ ਵੀ ਜੀਵ ਮੁਕਾਬਲਾ ਨਹੀਂ ਕਰ ਸਕਦਾ। ਜਿਹੜੀ ਚੀਜ ਅਕਾਲ ਪੁਰਖੁ ਦੀ ਬਣਾਈ ਹੋਈ ਬਣਤਰ ਅਨੁਸਾਰ ਨਹੀਂ ਹੈ, ਉਸ ਵਿਚ ਕੋਈ ਨਾ ਕੋਈ ਖਾਮੀ ਜਰੂਰ ਰਹਿ ਜਾਂਦੀ ਹੈ। ਅੱਜਕਲ ਬਹੁਤ ਤਰ੍ਹਾਂ ਦੇ ਨਕਲੀ ਦਿਲ, ਗੁਰਦੇ (Kidney), ਲੱਤਾਂ, ਤੇ ਹੋਰ ਕਈ ਤਰ੍ਹਾਂ ਦੇ ਅੰਗ ਬਣ ਰਹੇ ਹਨ, ਪਰੰਤੂ ਉਹ ਅਕਾਲ ਪੁਰਖੁ ਦੇ ਬਣਾਇਆ ਹੋਇਆਂ ਅੰਗਾਂ ਦੇ ਮੁਕਾਬਲੇ ਕੁਝ ਵੀ ਨਹੀਂ। ਕਈ ਮੁਸ਼ਕਲਾਂ ਤੇ ਖਾਮੀਆਂ ਨਾਲ ਉਸ ਅਨੁਸਾਰ ਮਨੁੱਖ ਨੂੰ ਢਾਲਣਾ ਪੈਂਦਾ ਹੈ, ਪਰੰਤੂ ਅਕਾਲ ਪੁਰਖੁ ਦੇ ਬਣਾਏ ਗਏ ਅੰਗਾਂ ਵਰਗੀ ਪੂਰਨਤਾ ਕਦੇ ਵੀ ਨਹੀਂ ਮਿਲਦੀ। ਦੰਦ ਮਨੁੱਖ ਦੇ ਚੇਹਰੇ ਦਾ ਸ਼ਿੰਗਾਰ ਹਨ, ਜੇ ਕਰ ਦੰਦ ਨਿਕਲ ਜਾਣ ਤਾਂ ਚਿਹਰਾ ਹੋਰ ਤਰ੍ਹਾਂ ਦਾ ਲਗਦਾ ਹੈ, ਮਨੁੱਖ ਨੂੰ ਆਪਣੇ ਆਪ ਨਾਲ ਘਿਰਣਾਂ ਮਹਿਸੂਸ ਹੁੰਦੀ ਹੋਵੇਗੀ। ਦੰਦ ਆਪਣੀ ਜਗਾਹ ਤੇ ਹੀ ਸ਼ੋਭਾ ਦੇ ਯੋਗ ਹੁੰਦੇ ਹਨ। ਇਸੇ ਤਰ੍ਹਾਂ ਕੇਸ ਵੀ ਮਨੁੱਖ ਦੀ ਸੁੰਦਰਤਾ ਦਾ ਨਿਸ਼ਾਨ ਹਨ। ਕੇਸਾਂ ਦੀ ਸ਼ੋਭਾ ਵੀ ਉਤਨੀ ਦੇਰ ਤਕ ਹੈ, ਜਿਤਨੀ ਦੇਰ ਤਕ ਆਪਣੀ ਜਗਾਹ ਤੇ ਹਨ। ਅਸੀਂ ਹੁਣ ਦੇ ਫੈਸ਼ਨ ਮੁਤਾਬਿਕ ਆਪਣੇ ਆਪ ਨੂੰ ਕਿਸੇ ਤਰ੍ਹਾਂ ਵੀ ਠੀਕ ਕਹਿਣ ਦੀ ਕੋਸ਼ਿਸ਼ ਕਰੀਏ। ਪਰੰਤੂ ਹਕੀਕਤ ਤਾਂ ਇਹ ਹੈ ਕਿ ਹਰ ਧਰਮ ਜਾਂ ਮਜਹਬ ਦੇ ਪੈਗੰਬਰ ਕੇਸਾਧਾਰੀ ਸਨ। ਪੁਰਾਤਨ ਸਮਿਆਂ ਵਿਚ ਜੇਕਰ ਕਿਸੇ ਨੂੰ ਸਜ਼ਾ ਦੇਣੀ ਹੁੰਦੀ ਸੀ ਤਾਂ ਉਸ ਦੇ ਕੇਸ ਕਤਲ ਕਰ ਦਿਤੇ ਜਾਂਦੇ ਸਨ। ਅੱਜ ਕੱਲ ਤਾਂ ਲੋਕ ਫੈਸ਼ਨ ਦੀ ਆੜ ਵਿਚ ਆ ਕੇ ਆਪਣੇ ਆਪ ਨੂੰ ਖੁਦ ਹੀ ਸਜ਼ਾ ਦੇ ਰਹੇ ਹਨ। ਨਾਈ ਦੀ ਬਣਾਈ ਹੋਈ ਸੂਰਤ, ਅਕਾਲ ਪੁਰਖੁ ਦੀ ਬਣਾਈ ਹੋਈ ਸੂਰਤ ਨਾਲੋਂ ਕਦੇ ਵੀ ਬੇਹਤਰ ਨਹੀਂ ਹੋ ਸਕਦੀ।

ਕੇਸ ਮਨੁੱਖ ਨੂੰ ਕੁਦਰਤ ਦੀ ਦਿਤੀ ਹੋਈ ਦਾਤ ਹਨ, ਸੁੰਦਰਤਾ ਦੀ ਨਿਸ਼ਾਨੀ ਹਨ। ਕੇਸ ਗੁਰੂ ਦੀ ਮੋਹਰ ਹਨ, ਅਕਾਲ ਪੁਰਖੁ ਦੇ ਹੁਕਮੁ ਤੇ ਰਜਾ ਅਨੁਸਾਰ ਚਲਣਾ ਸਿਖਣ ਲਈ ਗੁਰੂ ਸਾਹਿਬਾਂ ਦੀ ਦਿਤੀ ਹੋਈ ਬਖਸ਼ਸ਼ ਹਨ। ਜੇ ਕਾਗਜ਼ ਤੇ ਮੋਹਰ ਲੱਗੀ ਹੈ ਤਾਂ ਉਹ ਪਰਵਾਨ ਹੈ, ਨਹੀਂ ਤਾਂ ਉਸ ਦੀ ਕੋਈ ਕੀਮਤ ਨਹੀਂ। ਇਸੇ ਤਰ੍ਹਾਂ ਜੇ ਕਰ ਸਿੱਖ ਤੇ ਗੁਰੂ ਦੀ ਮੋਹਰ (ਕੇਸ) ਹਨ, ਤਾਂ ਹੀ ਉਹ ਗੁਰੂ ਦੇ ਦਰ ਤੇ ਸੁੰਦਰ ਲਗਦਾ ਹੈ। ਕੇਸ ਸਾਨੂੰ ਸਰੀਰਕ ਤਲ ਤੇ ਅਕਾਲ ਪੁਰਖੁ ਦੀ ਰਜ਼ਾ ਵਿਚ ਰਹਿਣਾ ਸਿਖਾਉਂਦੇ ਹਨ। ਜਿਹੜਾ ਮਨੁੱਖ ਸਰੀਰਕ ਤਲ ਤੇ ਹੁਕਮੁ ਅਤੇ ਰਜਾ ਅਨੁਸਾਰ ਨਹੀਂ ਚਲ ਸਕਦਾ, ਉਹ ਆਤਮਿਕ ਤਲ ਤੇ ਹੁਕਮੁ ਅਤੇ ਰਜਾ ਅਨੁਸਾਰ ਕਿਸ ਤਰ੍ਹਾਂ ਚਲ ਸਕੇਗਾ।

ਗੁਰੂ ਨਾਨਕ ਸਾਹਿਬ ਨੇ ਤਾਂ ਜਪੁਜੀ ਸਾਹਿਬ ਦੀ ਪਹਿਲੀ ਪੌੜੀ ਵਿੱਚ ਹੀ ਸਮਝਾ ਦਿੱਤਾ ਹੈ ਕਿ ਜੇ ਕਰ ਅਕਾਲ ਪੁਰਖੁ ਨੂੰ ਪਾਉਣਾਂ ਹੈ ਤਾਂ ਅਕਾਲ ਪੁਰਖੁ ਦੇ ਹੁਕਮੁ ਤੇ ਉਸ ਦੀ ਰਜ਼ਾ ਅਨੁਸਾਰ ਚਲਣਾ ਪਵੇਗਾ, ਜੋ ਕਿ ਧੁਰ ਤੋਂ ਹੀ ਜੀਵ ਦੇ ਨਾਲ ਲਿਖਿਆ ਹੋਇਆ ਹੈ।

*ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥ ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥ (੧)*

ਸਰੀਰ ਦੇ ਵਾਧੂ ਪਦਾਰਥ, ਮਲ ਮੂਤਰ ਰਾਹੀਂ ਬਾਹਰ ਨਿਕਲਦੇ ਰਹਿੰਦੇ ਹਨ। ਪਸੀਨਾਂ ਚਮੜੀ ਰਾਹੀਂ ਬਾਹਰ ਨਿਕਲਦਾ ਹੈ। ਜਿਸ ਨਾਲ ਕਈ ਵਾਧੂ ਪਦਾਰਥ (Salt) ਬਾਹਰ ਨਿਕਲਦੇ ਹਨ। ਪਸੀਨੇ ਨਾਲ ਜੋ ਪਾਣੀ ਨਿਕਲਦਾ ਹੈ, ਉਸ ਨਾਲ ਸਰੀਰ ਨੂੰ ਠੰਡਕ ਮਹਿਸੂਸ ਹੁੰਦੀ ਹੈ। ਕੁਦਰਤ ਨੇ ਸਰੀਰ ਦੇ ਹਰੇਕ ਭਾਗ ਨੂੰ ਖਾਸ ਕੰਮ ਦਿਤੇ ਹਨ। ਇਸੇ ਤਰ੍ਹਾਂ ਕੇਸਾਂ ਦਾ ਵੀ ਖਾਸ ਯੋਗਦਾਨ ਹੈ। ਕਿਉਕਿ ਕੇਸਾਂ ਵਿਚ ਦਰਦ ਮਹਿਸੂਸ ਨਹੀਂ ਹੁੰਦੀ ਹੈ, ਇਸ ਲਈ ਕਈਆਂ ਨੇ ਇਨ੍ਹਾਂ ਨੂੰ ਵੀ ਬੂਟਿਆਂ ਦੀ ਤਰ੍ਹਾਂ ਬੇਜਾਨ ਸਮਝਣਾ ਸ਼ੁਰੂ ਕਰ ਦਿਤਾ ਹੈ ਤੇ ਕੱਟਣ ਲੱਗ ਪਏ ਹਨ। ਅੱਜ ਦੀ ਸਾਇੰਸ ਅਨੁਸਾਰ ਕੇਸ ਵੀ ਜਾਨਦਾਰ ਹਨ, ਕਿਉਂਕਿ ਉਹ ਵਧਦੇ ਹਨ ਤੇ ਇਕ ਦਿਨ ਖਤਮ ਜੋ ਜਾਂਦੇ ਹਨ। ਬੇਜਾਨਦਾਰ ਕੇਸ ਆਪਣੇ ਆਪ ਝੜ ਜਾਂਦੇ ਹਨ। ਫਰਕ ਸਿਰਫ ਇਤਨਾਂ ਹੈ, ਕਿ ਕੇਸਾਂ ਵਿਚ ਸੰਵੇਦਨਸ਼ੀਲਤਾ ਨਹੀਂ ਹੁੰਦੀ ਹੈ, ਜਿਸ ਕਰਕੇ ਕੱਟਣ ਸਮੇਂ ਦਰਦ ਮਹਿਸੂਸ ਨਹੀਂ ਹੁੰਦੀ। ਨਵੇਂ ਵਾਲ ਆਂਉਂਦੇ ਰਹਿੰਦੇ ਹਨ ਤੇ ਪੁਰਾਨੇ ਵਾਲ ਆਪਣੇ ਆਪ ਝੜਦੇ ਰਹਿੰਦੇ ਹਨ, ਤੇ ਕੁਦਰਤ ਦਾ ਇਹ ਨਿਯਮ ਚਲਦਾ ਰਹਿੰਦਾਂ ਹੈ। ਕੇਸ ਬਹੁਤ ਬਰੀਕ ਹੁੰਦੇ ਹਨ, ਪਰੰਤੂ ਇਨ੍ਹਾਂ ਵਿਚ ਤਾਕਤ (Tensile Strength) ਬਹੁਤ ਹੁੰਦੀ ਹੈ, ਜੋ ਕਿ ਕਈ ਆਮ ਧਾਤਾਂ ਤੋਂ ਵੀ ਜਿਆਦਾ ਹੈ। ਅੱਜ ਦੀਆਂ ਖੋਜ਼ਾਂ ਨਾਲ ਪਤਾ ਲੱਗਾ ਹੈ ਕਿ ਕਈ ਜ਼ਹਰੀਲੀਆਂ ਧਾਤਾਂ ਕੇਸਾਂ ਰਾਹੀਂ ਬਾਹਰ ਨਿਕਲਦੀਆਂ ਹਨ। ਆਰਸੈਨਿਕ (Arsenic) ਵਾਲਾ ਰਾਹੀਂ ਬਾਹਰ ਨਿਕਲਦੀ ਹੈ। ਜੇਕਰ ਕਿਸੇ ਨੂੰ ਆਰਸੈਨਿਕ ਜ਼ਹਿਰ ਦੇ ਤੌਰ ਤੇ ਦਿਤਾ ਗਿਆ ਹੋਵੇ ਤਾਂ ਕੇਸਾਂ ਨੂੰ ਪਰਖਿਆ ਜਾਂਦਾ ਹੈ। ਕੁਝ ਹੱਦ ਤਕ ਇਹ ਵੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਕਿਤਨਾ ਸਮਾਂ ਪਹਿਲਾਂ ਜ਼ਹਿਰ ਦਿਤਾ ਗਿਆ ਸੀ। ਇਸੇ ਤਰ੍ਹਾਂ ਕਈ ਹੋਰ ਪਦਾਰਥ, ਜਿਨ੍ਹਾਂ ਦੀ ਸਰੀਰ ਨੂੰ ਜਰੂਰਤ ਨਹੀਂ ਹੁੰਦੀ ਹੈ, ਉਹ ਵੀ ਇਸ ਰਸਤੇ ਰਾਹੀ ਬਾਹਰ ਨਿਕਲਦੇ ਹਨ। ਜੇ ਕਰ ਅਸੀਂ ਇਸ ਵਿਚ ਵਿਘਨ ਪਾਉਂਦੇ ਹਾਂ ਤਾਂ ਸਾਡਾ ਹੀ ਸਰੀਰਕ ਸੰਤੁਲਨ ਵਿਗੜਦਾ ਹੈ ਤੇ ਭਵਿੱਖ ਵਿਚ ਸਾਡਾ ਨੁਕਸਾਨ ਹੋ ਸਕਦਾ ਹੈ।

ਇਸ ਸੰਸਾਰ ਵਿਚ ਅਨੇਕਾਂ ਤਰ੍ਹਾਂ ਦੇ ਜਾਨਵਰ ਜਾਂ ਜੀਵ ਜੰਤੂ ਹਨ, ਪਰੰਤੂ ਮਨੁੱਖ ਇਨ੍ਹਾਂ ਸਾਰਿਆਂ ਤੋਂ ਭਿੰਨ ਹੈ। ਸਿਰਫ ਮਨੁੱਖ ਦੇ ਹੀ ਸਿਰ ਦੇ ਕੇਸ ਲੰਮੇ ਹੁੰਦੇ ਹਨ, ਹੋਰ ਕਿਸੇ ਜਾਨਵਰ ਦੇ ਨਹੀਂ, ਸਿਰਫ ਮਨੁੱਖ ਦੇ ਕੋਲ ਹੀ ਬੁਧੀ ਹੈ, ਹੋਰ ਕਿਸੇ ਜਾਨਵਰ ਦੇ ਕੋਲ ਨਹੀਂ, ਸਿਰਫ ਮਨੁੱਖ ਦੇ ਕੋਲ ਹੀ ਪੰਜ ਵਿਕਾਰ ਹਨ, ਹੋਰ ਕਿਸੇ ਜਾਨਵਰ ਦੇ ਕੋਲ ਨਹੀਂ, ਬਾਕੀ ਸਭ ਦੇ ਇਕ ਇਕ ਹਨ। ਇਸ ਲਈ ਬੁਧੀ ਦੀ ਸੰਭਾਲ ਬਹੁਤ ਜਰੂਰੀ ਹੈ, ਨਹੀਂ ਤਾਂ ਉਹ ਮਨੁੱਖ ਨੂੰ ਵਿਕਾਰਾਂ ਵਲ ਲੈ ਜਾਵੇਗੀ। ਇਸੇ ਤਰ੍ਹਾਂ ਕੇਸਾਂ ਦੀ ਸੰਭਾਲ ਬਹੁਤ ਜਰੂਰੀ ਹੈ ਨਹੀਂ ਤਾਂ ਮਨੁੱਖ *"ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥"* ਨਹੀਂ ਸਿਖ ਸਕੇਗਾ।

ਇਸ ਲਈ ਆਓ ਸਾਰੇ ਜਾਣੇ ਜੁਗੋ ਜੁਗ ਅਟੱਲ ਗੁਰੂ ਗਰੰਥ ਸਾਹਿਬ ਵਿਚ ਅੰਕਤ ਗੁਰਬਾਣੀ ਦੀ ਸਹਾਇਤਾ ਨਾਲ ਅਕਾਲ ਪੁਰਖੁ ਦੇ ਹੁਕਮੁ ਤੇ ਰਜਾ ਅਨੁਸਾਰ ਆਪਣੇ ਸਰੀਰ ਤੇ ਮਨ ਨੂੰ ਚਲਾ ਕੇ ਗੁਰੂ ਦੇ ਸੱਚੇ ਸਿੱਖ ਬਣੀਏ ਤੇ ਆਪਣਾ ਮਨੁੱਖਾ ਜਨਮ ਸਫਲ ਕਰੀਏ।

## ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ:

ਅਸੀਂ ਅਕਸਰ ਵੇਖਦੇ ਹਾਂ ਕਿ ਬਾਰਸ਼ਾਂ ਦੇ ਦਿਨਾਂ ਵਿਚ ਜਮੀਨ ਵਿਚੋਂ ਨਵੇਂ ਨਵੇਂ ਜੀਵ ਨਿਕਲਣੇ ਸ਼ੁਰੂ ਹੋ ਜਾਂਦੇ ਹਨ। ਜਦੋਂ ਜਮੀਨ ਸੁਕ ਜਾਂਦੀ ਹੈ ਤਾਂ ਇਹ ਖਤਮ ਹੋ ਜਾਂਦੇ ਹਨ। ਸਵਾਲ ਪੈਦਾ ਹੁੰਦਾ ਹੈ ਕਿ ਇਹ ਕਿਸ ਤਰ੍ਹਾਂ ਪੈਦਾ ਹੁੰਦੇ ਹਨ ਤੇ ਕਿਸ ਤਰ੍ਹਾਂ ਮਰ ਜਾਂਦੇ ਹਨ। ਅੱਜ ਦੀ ਸਾਇੰਸ ਨਾਲ ਕੁਝ ਹੱਦ ਤਕ ਅਸੀਂ ਸਮਝ ਸਕਦੇ ਹਾਂ, ਕਿਉਂਕਿ ਅਸੀਂ ਅਕਸਰ ਇਹ ਹਰ ਸਾਲ ਵਾਪਰਦਾ ਵੇਖਦੇ ਹਾਂ। ਪਰੰਤੂ ਸਵਾਲ ਪੈਦਾ ਹੁੰਦਾ ਹੈ ਕਿ ਪਹਿਲੀ ਵਾਰ ਮਨੁੱਖ ਕਿਸ ਤਰ੍ਹਾਂ ਪੈਦਾ ਹੋਇਆ, ਹੋਰ ਜਾਨਵਰ ਕਿਸ ਤਰ੍ਹਾਂ ਪੈਦਾ ਹੋਏ ਸਨ। ਕਈ ਵੱਡੇ ਵੱਡੇ ਡਾਇਨਾਸੌਰ ਵਰਗਿਆ ਦੇ ਧਰਤੀ ਤੇ ਪੈਦਾ ਹੋਣ ਬਾਰੇ ਤੇ ਅੱਜ ਦੇ ਸਮੇਂ ਵਿਚ ਅਲੋਪ ਹੋਣ ਬਾਰੇ ਸੁਣਦੇ ਹਾਂ। ਸਾਇੰਸ ਅੰਦਾਜੇ ਲਗਾ ਸਕਦੀ ਹੈ, ਪਰੰਤੂ ਕੋਈ ਠੋਸ ਉੱਤਰ ਨਹੀਂ ਦੇ ਸਕਦੀ ਹੈ, ਕਿ ਇਹ ਸਭ ਕੁਝ ਕਿਸ ਤਰ੍ਹਾਂ ਆਰੰਭ ਹੋਇਆ ਤੇ ਹੁਣ ਕਿਸ ਤਰ੍ਹਾਂ ਸਦੀਆਂ ਤੋਂ ਚਲਿਆ ਆ ਰਿਹਾ ਹੈ।

ਜਿੰਦ ਤੇ ਸਰੀਰ ਦਾ ਮਿਲਾਪ ਅਤੇ ਵਿਛੋੜਾ ਅਕਾਲ ਪੁਰਖੁ ਦੇ ਹੁਕਮੁ ਤੇ ਉਸ ਦੀ ਰਜ਼ਾ ਅਨੁਸਾਰ ਹੀ ਹੁੰਦਾ ਹੈ। ਅਕਾਲ ਪੁਰਖੁ ਦੇ ਹੁਕਮੁ ਅੰਦਰ ਪੰਜ ਤੱਤ ਇਕੱਠੇ ਕਰ ਕੇ ਸਰੀਰ ਬਣਾਇਆ ਜਾਂਦਾ ਹੈ। ਅਕਾਲ ਪੁਰਖੁ ਦੇ ਹੁਕਮੁ ਅਨੁਸਾਰ ਹੀ ਜੀਵ ਆਤਮਾ ਸਰੀਰ ਵਿਚ ਪਾਈ ਜਾਂਦੀ ਹੈ ਤੇ ਸਰੀਰ ਅੰਦਰ ਨਿਵਾਸ ਕਰਦੀ ਹੈ। ਮਨੁੱਖ ਦਾ ਜੰਮ ਕੇ ਪਰਵਾਰ ਨਾਲ ਮਿਲਣਾ ਤੇ ਮਰਨ ਤੋਂ ਬਾਅਦ ਪਰਵਾਰ ਨਾਲੋਂ ਵਿਛੁੜਨਾ, ਇਹ ਖੇਡ ਅਕਾਲ ਪੁਰਖੁ ਨੇ ਆਪ ਬਣਾਈ ਹੋਈ ਹੈ। ਅਕਾਲ ਪੁਰਖੁ ਨੇ ਜਗਤ ਦੇ ਜੀਵ

ਪੈਦਾ ਕੀਤੇ ਹਨ ਤੇ ਉਨ੍ਹਾਂ ਨੂੰ ਦੁਖ ਸੁਖ ਵੀ ਉਸ ਨੇ ਆਪ ਹੀ ਦਿੱਤੇ ਹਨ। ਜੇਹੜੇ ਗੁਰਮੁਖ ਬੰਦੇ ਗੁਰੂ ਦੀ ਸਰਨ ਵਿਚ ਆ ਕੇ ਮਿੱਠੇ ਸੁਭਾਵ ਵਾਲੇ ਰਹਿੰਦੇ ਹਨ, ਤੇ ਆਪਣੇ ਆਪ ਨੂੰ ਵਿਕਾਰਾਂ ਤੋਂ ਬਚਾਣ ਲਈ ਗੁਰਬਾਣੀ ਦਾ ਸੰਜੋਆ ਪਹਿਨਦੇ ਹਨ, ਉਹ ਦੁਖ ਸੁਖ ਤੋਂ ਨਿਰਲੇਪ ਰਹਿੰਦੇ ਹਨ।

***ਸੰਜੋਗੁ ਵਿਜੋਗੁ ਮੇਰੈ ਪ੍ਰਭਿ ਕੀਏ ॥ ਸ੍ਰਿਸਟਿ ਉਪਾਇ ਦੁਖਾ ਸੁਖ ਦੀਏ ॥ ਦੁਖ ਸੁਖ ਹੀ ਤੇ ਭਏ ਨਿਰਾਲੇ ਗੁਰਮੁਖਿ ਸੀਲੁ ਸਨਾਹਾ ਹੇ ॥੮॥ (੧੦੩੨)***

ਜੇਕਰ ਇਹ ਸਰੀਰ ਸਾਥ ਨਾ ਦੇਵੇ ਤਾਂ ਮਨੁੱਖਾ ਜੀਵਨ ਨਹੀਂ ਚਲ ਸਕਦਾ ਹੈ। ਪਰੰਤੂ ਸਰੀਰ ਦਾ ਸਾਥ ਇਸ ਲੋਕ ਤਕ ਹੀ ਹੈ, ਇਸ ਲਈ ਮਨੁੱਖ ਨੂੰ ਅੰਤ ਦੇ ਸਾਥ ਵੱਲ ਵੀ ਧਿਆਨ ਦੇਣਾਂ ਚਾਹੀਦਾ ਹੈ। ਗੁਰੂ ਦੇ ਸ਼ਬਦ ਦਾ ਸਾਥ ਇਕ ਅਜੇਹਾ ਸਾਥ ਹੈ, ਜੋ ਕਿ ਇਸ ਲੋਕ ਤੇ ਪਰਲੋਕ ਦੋਹਾਂ ਵਿਚ ਸਹਾਈ ਹੁੰਦਾਂ ਹੈ। ਇਹ ਸਾਡੇ ਵਡੇ ਭਾਗ ਹਨ, ਜਿਸ ਸਦਕਾ ਸਾਨੂੰ ਇਹ ਸੋਹਣਾ ਮਨੁੱਖਾ ਸਰੀਰ ਮਿਲਿਆ ਹੈ। ਮਨੁੱਖ ਲਈ ਅਕਾਲ ਪੁਰਖੁ ਨੂੰ ਮਿਲਣ ਦਾ ਇਹੀ ਮੌਕਾ ਹੈ। ਜੇ ਅਕਾਲ ਪੁਰਖੁ ਨੂੰ ਮਿਲਣ ਲਈ ਕੋਈ ਉੱਦਮ ਨਾ ਕੀਤਾ, ਤਾਂ ਹੋਰ ਸਾਰੇ ਕੰਮ ਕਿਸੇ ਵੀ ਅਰਥ ਨਹੀਂ ਆਉਣੇ, ਜਿੰਦ ਨੂੰ ਕੋਈ ਲਾਭ ਨਹੀਂ ਦੇ ਸਕਣਗੇ। ਗੁਰੂ ਸਾਹਿਬ ਸਮਝਾਉਂਦੇ ਹਨ ਕਿ ਸਾਧਸੰਗਤਿ ਵਿਚ ਮਿਲ ਬੈਠਿਆ ਕਰ ਤੇ ਸਿਰਫ਼ ਅਕਾਲ ਪੁਰਖੁ ਦਾ ਨਾਮੁ ਯਾਦ ਕਰਿਆ ਕਰ। ਸਾਧ ਸੰਗਤਿ ਵਿਚ ਬੈਠਣ ਦਾ ਲਾਭ ਤਾਂ ਹੀ ਹੈ, ਜੇ ਉਥੇ ਤੂੰ ਅਕਾਲ ਪੁਰਖੁ ਦੀ ਸਿਫ਼ਤਿ-ਸਾਲਾਹ ਵਿਚ ਜੁੜੇਂ। ਇਸ ਲਈ ਸੰਸਾਰ ਰੂਪੀ ਸਮੁੰਦਰ ਤੋਂ ਪਾਰ ਲੰਘਣ ਦੇ ਉਪਰਾਲੇ ਲਈ ਲੱਗ ਜਾ। ਨਿਰੇ ਮਾਇਆ ਦੇ ਪਿਆਰ ਵਿਚ ਇਹ ਮਨੁੱਖਾ ਜਨਮ ਵਿਅਰਥ ਜਾ ਰਿਹਾ ਹੈ।

***ਆਸਾ ਮਹਲਾ ੫ ॥ ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥੧॥ ਸਰੰਜਾਮਿ ਲਾਗੁ ਭਵਜਲ ਤਰਨ ਕੈ ॥ ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥੧॥ ਰਹਾਉ ॥ (੧੨)***

## ਚੰਦਰਮਾ ਸੂਰਜ ਕੋਲੋ ਚਾਨਣ ਲੈਂਦਾ ਹੈ:

ਗਰੀਕ ਦੇ ਦਾਰਸ਼ਨਿਕ ਐਨਾਕਸਾਗੋਰਸ (Anaxagoras) ਨੇ 428 BC ਵਿਚ ਕਿਹਾ ਸੀ, ਕਿ ਚੰਦਰਮਾ ਸੂਰਜ ਦੀ ਰੌਸ਼ਨੀ ਮੋੜ ਕੇ ਧਰਤੀ ਤੇ ਭੇਜਦਾ ਹੈ। 499 AD ਵਿਚ ਭਾਰਤੀ ਆਸਟਰੌਨਮਰ ਆਰਿਆ ਭੱਟ (Aryabhata) ਨੇ ਵੀ ਕਿਹਾ ਸੀ, ਕਿ ਚੰਦਰਮਾ ਸੂਰਜ ਦੀ ਰੌਸ਼ਨੀ ਮੋੜ ਕੇ ਧਰਤੀ ਤੇ ਭੇਜਦਾ ਹੈ। ਅੱਲਹਜ਼ਨ (Alhazen (965–1039)) ਨੇ ਦੱਸਿਆ ਸੀ, ਕਿ ਚੰਦਰਮਾ ਸੂਰਜ ਦੀ ਰੌਸ਼ਨੀ ਨੂੰ ਇਕ ਸ਼ੀਸ਼ੇ ਦੀ ਤਰ੍ਹਾਂ ਨਹੀਂ ਮੋੜਦਾ ਹੈ, ਬਲਕਿ ਚੰਦਰਮੇ ਦੇ ਹਰੇਕ ਭਾਗ ਤੋਂ ਰੌਸ਼ਨੀ ਮੋੜੀ ਜਾਂਦੀ ਹੈ। ਸੈਲਿਊਕਸ (2nd century BC, Seleucus) ਨੇ ਦੱਸਿਆ ਕਿ ਸਮੁੰਦਰ ਵਿਚ ਜਵਾਰ ਭਾਟਾ ਚੰਦਰਮੇ ਦੀ ਖਿਚ ਕਰਕੇ ਹੁੰਦਾ ਹੈ, ਤੇ ਇਸ ਦੀ ਉਚਾਈ ਚੰਦਰਮੇ ਦੀ ਸਥਿਤੀ ਤੇ ਨਿਰਭਰ ਕਰਦੀ ਹੈ।

ਚੰਦਰਮੇ, ਗ੍ਰਹਿ ਤੇ ਤਾਰਿਆਂ ਸਬੰਧੀ ਬਹੁਤ ਸਾਰੀਆਂ ਖੋਜਾਂ ਗੈਲੀਲੀਓ ਦੀ ਦੂਰਬੀਨ (Galileo, 1609) ਦੀ ਕਾਢ ਨਾਲ ਸਾਬਤ ਹੋਈਆਂ। ਉਸ ਸਮੇਂ ਆਮ ਇਹੀ ਕਿਹਾ ਜਾਂਦਾ ਸੀ, ਕਿ ਸੂਰਜ ਤੇ ਸਾਰੇ ਤਾਰੇ ਧਰਤੀ ਦੇ ਦੁਆਲੇ ਘੁੰਮਦੇ ਹਨ, ਪਰੰਤੂ ਗੈਲੀਲੀਓ ਨੇ ਇਸ ਦੇ ਉਲਟ ਕਿਹਾ ਸੀ, ਕਿ ਧਰਤੀ ਸਮੇਤ ਸਾਰੇ ਗ੍ਰਹਿ ਸੂਰਜ ਦੇ ਦੁਆਲੇ ਘੁੰਮਦੇ ਹਨ। ਸਮੇਂ ਦੇ ਹਾਕਮਾਂ ਨੇ ਅਜੇਹਾ ਕਹਿਣ ਤੇ ਗੈਲੀਲੀਓ ਨੂੰ ਉਸ ਦੇ ਘਰ ਵਿਚ ਕੈਦ ਕਰ ਦਿਤਾ ਸੀ।

ਗੁਰੂ ਨਾਨਕ ਸਾਹਿਬ (1469-1539) ਕੋਲ ਕੋਈ ਦੂਰਬੀਨ (Telescope) ਨਹੀਂ ਸੀ, ਪਰੰਤੂ ਉਨ੍ਹਾਂ ਨੇ ਆਪਣੀ ਬਾਣੀ ਵਿਚ ਸਪੱਸ਼ਟ ਕਹਿ ਦਿਤਾ ਸੀ, ਕਿ ਜੋ ਅਸੀਂ ਚੰਦਰਮੇ ਦੀ ਰੌਸ਼ਨੀ ਨਾਲ ਰਾਤ ਵੇਲੇ ਵੇਖਦੇ ਹਾਂ, ਉਹ ਰੌਸ਼ਨੀ ਚੰਦਰਮੇ ਦੀ ਆਪਣੀ ਨਹੀਂ ਹੁੰਦੀ ਹੈ, ਬਲਕਿ ਚੰਦਰਮੇ ਦੇ ਅੰਦਰ ਸੂਰਜ ਦੀ ਰੌਸ਼ਨੀ ਸਮਾਈ ਹੁੰਦੀ ਹੈ। ਹੇਠ ਲਿਖਿਆ ਸਬਦ ਇਹੀ ਸਮਝਾਂਉਂਦਾ ਹੈ ਕਿ ਚੰਦਰਮੇ ਦੇ ਅੰਦਰ ਸੂਰਜ ਦੀ ਗਰਮੀ ਸਮਾ ਜਾਂਦੀ ਹੈ। ਭਾਵ ਸ਼ਾਂਤੀ ਦੇ ਘਰ (ਅਕਾਲ ਪੁਰਖ) ਵਿਚ ਮਨੁੱਖ ਦੇ ਮਨ ਦੀ ਤਪਸ਼ ਸਮਾ ਜਾਂਦੀ ਹੈ, ਉਸ ਵੇਲੇ ਮਨੁੱਖ ਅਕਾਲ ਪੁਰਖ ਨਾਲ ਮਿਲਾਪ ਕਰਵਾਉਂਣ ਵਾਲੀ ਜੁਗਤੀ ਦੀ ਕਦਰ ਸਮਝਦਾ ਹੈ। ਫਿਰ ਮਨੁੱਖ ਉਸ ਅਕਾਲ ਪੁਰਖ ਵਿਚ ਆਪਣੀ ਸੁਰਤਿ ਜੋੜੀ ਰੱਖਦਾ ਹੈ, ਜਿਹੜਾ ਸਾਰੀ ਸ੍ਰਿਸ਼ਟੀ ਵਿਚ ਅਤੇ ਹਰੇਕ ਥਾਂ ਸਮਾਇਆ ਹੋਇਆ ਹੈ।

*ਚਉਦਸਿ ਚਉਥੇ ਥਾਵਹਿ ਲਹਿ ਪਾਵੈ ॥ ਰਾਜਸ ਤਾਮਸ ਸਤ ਕਾਲ ਸਮਾਵੈ ॥* ***ਸਸੀਅਰ ਕੈ ਘਰਿ ਸੂਰੁ ਸਮਾਵੈ ॥*** *(੮੪੦)*

ਸਤਿਗੁਰੂ ਦਾ ਸ਼ਬਦ ਉੱਚਾਰਨ ਨਾਲ ਮਨੁੱਖ ਦੇ ਹਿਰਦੇ ਵਿਚ ਚੰਦਰਮੇ ਦੀ ਅਪਾਰ ਜੋਤਿ ਪਰਗਟ ਹੋ ਜਾਂਦੀ ਹੈ, ਭਾਵ, ਮਨੁੱਖ ਦੇ ਹਿਰਦੇ ਵਿਚ ਸ਼ਾਂਤੀ ਪੈਦਾ ਹੋ ਜਾਂਦੀ ਹੈ। ਜਦੋਂ ਮਨੁੱਖ ਦੇ ਹਿਰਦੇ ਵਿਚ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ, ਤਾਂ ਫਿਰ ਅਗਿਆਨਤਾ ਦਾ ਹਨੇਰਾ ਮਿਟ ਜਾਂਦਾ ਹੈ। ਚੰਦਰਮਾ ਦੇ ਘਰ ਵਿਚ ਸੂਰਜ ਆ ਵੱਸਦਾ ਹੈ ਭਾਵ, ਸ਼ਾਂਤ ਹਿਰਦੇ ਵਿਚ ਗਿਆਨ ਦਾ ਸੂਰਜ ਚੜ੍ਹ ਪੈਂਦਾ ਹੈ। ਸ਼ਬਦ ਗੁਰੂ ਦੀ ਬਰਕਤਿ ਨਾਲ ਜਦੋਂ ਗੁਰਮੁਖ ਸੁਖ ਤੇ ਦੁਖ ਨੂੰ ਇਕੋ ਜਿਹਾ ਜਾਣ ਕੇ ਅਕਾਲ ਪੁਰਖ ਦੇ ਨਾਮੁ

ਨੂੰ ਆਪਣੇ ਜੀਵਨ ਦਾ ਆਧਾਰ ਬਣਾਂਦਾ ਹੈ, ਫਿਰ ਭਾਂਵੇ ਸੁਖ ਹੋਵੇ ਜਾਂ ਦੁਖ ਉਹ ਹਰ ਵੇਲੇ ਅਕਾਲ ਪੁਰਖ ਨੂੰ ਯਾਦ ਰੱਖਦਾ ਹੈ, ਤੇ ਅਕਾਲ ਪੁਰਖ ਆਪ ਹੀ ਮਨੁੱਖ ਨੂੰ ਇਸ ਸੰਸਾਰ ਰੁਪੀ ਸਮੁੰਦਰ ਤੋਂ ਪਾਰ ਲੰਘਾ ਲੈਂਦਾ ਹੈ।

*ਸਬਦੁ ਭਾਖਤ ਸਸਿ ਜੋਤਿ ਅਪਾਰਾ ॥ ਸਸਿ ਘਰਿ ਸੂਰੁ ਵਸੈ ਮਿਟੈ ਅੰਧਿਆਰਾ ॥ (੯੪੩)*

*ਸਤਿਗੁਰ ਮਿਲਹੁ ਆਪੇ ਪ੍ਰਭੁ ਤਾਰੇ ॥ ਸਸਿ ਘਰਿ ਸੂਰੁ ਦੀਪਕੁ ਗੈਣਾਰੇ ॥ ਦੇਖਿ ਅਦਿਸਟੁ ਰਹਹੁ ਲਿਵ ਲਾਗੀ ਸਭੁ ਤ੍ਰਿਭਵਣਿ ਬ੍ਰਹਮੁ ਸਬਾਇਆ ॥੩॥ (੧੦੪੧)*

ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਅਤੇ ਸਾਇੰਸ ਦੀ ਇਹ ਸਾਰੀ ਤੁਲਨਾ ਸਾਨੂੰ ਇਹੀ ਸਿਖਿਆ ਦਿੰਦੀ ਹੈ ਕਿ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਇਕ ਅਧੁਨਿਕ ਤੇ ਵਿਗਿਆਨਕ ਸਿਖਿਆ ਦਾ ਸੋਮਾਂ ਹੈ। ਇਸ ਲਈ ਸਾਨੂੰ ਪਰਚੱਲਤ ਰਵਾਇਤਾ ਤੋਂ ਉਪਰ ਉਠ ਕੇ ਗੁਰੂ ਗਰੰਥ ਸਾਹਿਬ ਅਨੁਸਾਰ ਦਿਤੀ ਗਈ ਸਿਖਿਆ ਤੇ ਉਸ ਸਬੰਧੀ ਖੋਜ ਇਕ ਵਿਗਿਆਨਕ ਤਰੀਕੇ ਨਾਲ ਕਰਨੀ ਚਾਹੀਦੀ ਹੈ। ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਤਕ ਸਾਰੇ ਗੁਰੂ ਸਾਹਿਬਾਂ ਨੇ ਆਪਣੇ ਜੀਵਨ ਕਾਲ ਵਿਚ ਜੁਗੋ ਜੁਗ ਅਟੱਲ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਅਨੁਸਾਰ ਚਲ ਕੇ ਵਿਖਾਇਆ ਹੈ। ਇਸ ਮਨੁੱਖਾ ਜੀਵਨ ਨੂੰ ਸਫਲ ਕਰਨ ਲਈ ਜਰੂਰੀ ਹੈ ਕਿ ਗੁਰਬਾਣੀ ਨੂੰ ਇਕ ਅਧੁਨਿਕ ਤੇ ਵਿਗਿਆਨਕ ਤਰੀਕੇ ਨਾਲ ਪੜ੍ਹਿਆ, ਸਮਝਿਆ ਤੇ ਜੀਵਨ ਵਿਚ ਅਪਨਾਇਆ ਜਾਵੇ। ਰਵਾਇਤਾਂ ਤੇ ਮੰਨ ਘੜਤ ਕਹਾਣੀਆਂ ਤੋਂ ਉਪਰ ਉਠਣ ਲਈ ਸਾਇੰਸ ਤੇ ਹੋਰ ਬਹੁਤ ਸਾਰੇ ਵਿਸ਼ਿਆਂ ਦਾ ਗਿਆਨ{ਗ੦੧, E02} ਹਾਸਲ ਕੀਤਾ ਜਾਵੇ ਤਾਂ ਜੋ ਅਸੀਂ ਗੁਰਬਾਣੀ ਦੁਆਰਾ ਜੀਵਨ ਦੀ ਅਸਲੀਅਤ ਨੂੰ ਸਮਝ ਸਕਈਏ। ਇਸ ਲਈ ਆਓ ਸਾਰੇ ਜਾਣੇ ਸਿੱਖ ਧਰਮ ਦੇ ਮੁਢਲੇ ਸਿਧਾਂਤ, *'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ'* ਅਨੁਸਾਰ ਚਲ ਕੇ ਗੁਰੂ ਦੇ ਸੱਚੇ ਸਿੱਖ ਬਣੀਏ ਤੇ ਆਪਣਾ ਮਨੁੱਖਾ ਜਨਮ ਸਫਲ ਕਰੀਏ। ਗੁਰਬਾਣੀ ਨੂੰ ਆਪਣੇ ਜੀਵਨ ਦਾ ਆਧਾਰ ਬਣਾ ਕੇ ਸਬਦ ਗੁਰੂ ਦੁਆਰਾ ਆਪਣੇ ਅੰਦਰ ਚਾਨਣ ਪੈਦਾ ਕਰੀਏ ਅਤੇ ਪੂਰੀ ਦੁਨੀਆ ਵਿਚੋਂ ਅਗਿਆਨਤਾ ਦਾ ਅੰਧੇਰਾ ਦੂਰ ਕਰਨ ਲਈ ਉਪਰਾਲਾ ਕਰੀਏ।

*ਮਃ ੪ ॥ ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥ ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥ ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥ ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥ ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥ ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥ ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥ (੩੦੫-੩੦੬)*

ਇਸ ਲਈ ਹਰੇਕ ਸਿੱਖ ਦਾ ਫਰਜ਼ ਬਣ ਜਾਂਦਾ ਹੈ, ਕਿ ਉਹ ਗੁਰਬਾਣੀ ਵਿਚ ਦਰਸਾਈਆਂ ਗਈਆਂ ਸਚਾਈਆਂ ਤੇ ਵਿਸ਼ਵਾਸ ਕਰੇ, ਉਨ੍ਹਾਂ ਨੂੰ ਖੋਜੇ ਤੇ ਆਪਣਾ ਜੀਵਨ ਸਫਲ ਕਰਨ ਦੇ ਨਾਲ ਨਾਲ ਮਨੁੱਖਤਾ ਦਾ ਭਲਾ ਕਰੇ। ਜੇ ਕਰ ਸਮਾਂ ਨਾ ਸੰਭਾਲਿਆ, ਆਪਣੇ ਅੰਦਰ ਅਕਾਲ ਪੁਰਖ ਦੇ ਗੁਣ ਨਾ ਪੈਦਾ ਕੀਤੇ ਤਾਂ ਇਹ ਮਨੁੱਖਾ ਜਨਮ ਦੁਬਾਰਾ ਨਹੀਂ ਮਿਲਣਾ ਤੇ ਨਾ ਹੀ ਬੀਤ ਗਿਆ ਸਮਾਂ ਦੁਬਾਰਾ ਹੱਥ ਆਉਂਣਾਂ ਹੈ। ਸਾਇੰਸ ਦੀਆਂ ਖੋਜਾਂ ਨਾਲ ਪੂਰੀ ਸਚਾਈ ਤਕ ਪਹੁੰਚਣ ਲਈ ਅਨੇਕਾਂ ਸਾਲ ਲੱਗ ਸਕਦੇ ਹਨ, ਪਰੰਤੂ ਮਨੁੱਖਾ ਜੀਵਨ ਤਾਂ ਕੁਝ ਦਹਾਕਿਆਂ ਦਾ ਹੀ ਹੁੰਦਾ ਹੈ। ਇਸ ਲਈ ਫਾਇਦਾ ਇਸੇ ਵਿਚ ਹੈ, ਕਿ ਸਾਡੇ ਕੋਲ ਜੋ ਗੁਰਬਾਣੀ ਦਾ ਖ਼ਜ਼ਾਨਾ ਹੈ, ਉਸ ਨੂੰ ਸੰਭਾਲੀਏ ਤੇ ਵਰਤੀਏ, ਅਤੇ ਸਾਇੰਸ ਦੁਆਰਾ ਜੋ ਸਪਸ਼ਟੀਕਰਨ ਤੇ ਸਹੂਲਤਾਂ ਮਿਲ ਰਹੀਆਂ ਹਨ, ਉਨ੍ਹਾਂ ਦੀ ਸਹਾਇਤਾ ਨਾਲ ਗੁਰਬਾਣੀ ਦਾ ਸੰਦੇਸ਼ਾ ਪੂਰੀ ਦੁਨੀਆ ਤਕ ਪਹੁੰਚਾਈਏ। ਇਸ ਲਈ ਆਓ ਸਾਰੇ ਜਾਣੇ ਸਬਦ ਗੁਰੂ, ਗੁਰੂ ਗਰੰਥ ਸਾਹਿਬ ਵਿਚ ਅੰਕਿਤ ਸੱਚੀ ਬਾਣੀ ਨੂੰ ਪੜ੍ਹੀਏ, ਸੁਣੀਏ, ਸਮਝੀਏ, ਖੋਜੀਏ ਤੇ ਜੀਵਨ ਦੀ ਅਸਲੀਅਤ ਨੂੰ ਸਮਝੀਏ। ਗੁਰਬਾਣੀ ਨੂੰ ਆਪਣੇ ਜੀਵਨ ਦਾ ਆਧਾਰ ਬਣਾ ਕੇ ਸਬਦ ਗੁਰੂ ਦੁਆਰਾ ਆਪਣੇ ਅੰਦਰ ਚਾਨਣ ਪੈਦਾ ਕਰੀਏ ਅਤੇ ਪੂਰੀ ਦੁਨੀਆ ਵਿਚੋਂ ਅਗਿਆਨਤਾ ਦਾ ਅੰਧੇਰਾ ਦੂਰ ਕਰਨ ਲਈ ਉਪਰਾਲਾ ਕਰੀਏ।

*ਮੁੰਦਾਵਣੀ ਮਹਲਾ ੫ ॥ ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥ ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥ ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥ ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥ ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥੧॥ (੧੪੨੯)*

**"ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ"**